

ਭਾਈ ਨੰਦ ਲਾਲ




ਭਾਈ ਗੁਰਦਾਸ

ਗਿਆਨ ਅੰਜਨੁ ਗੁਰਿ ਦੀਆ



ਭੱਟ ਸਾਹਿਬਾਨ



ਭੱਟ ਸਾਹਿਬਾਨ

ਲੇਖਕ: ਗਿ: ਅਮਰੀਕ ਸਿੰਘ

ੴ



ਭਾਈ ਨੰਦ ਲਾਲ



ਭਾਈ ਗੁਰਦਾਸ

ਗਿਆਨ ਅੰਜਨੁ ਗੁਰਿ ਦੀਆ



ਭੱਟ ਸਾਹਿਬਾਨ



ਭੱਟ ਸਾਹਿਬਾਨ

ਲੇਖਕ: ਗਿ: ਅਮਰੀਕ ਸਿੰਘ

ਤਤਕਰਾ

ਸਮਰਪਿਤ

300 ਸਾਲਾ ਖ਼ਾਲਸਾ ਪ੍ਰਗਟ ਦਿਵਸ ਨੂੰ !

ਅਤੇ

ਪ੍ਰਿੰਸੀਪਲ ਬਲਜੀਤ ਸਿੰਘ ਜੀ ਨੂੰ !

ਜਿਨ੍ਹਾਂ ਤੋਂ ਗੁਰਮਤਿ ਦੀ ਸੋਝੀ ਪ੍ਰਾਪਤ ਹੋਈ ।



ਪ੍ਰਿੰ: ਬਲਜੀਤ ਸਿੰਘ ਜੀ

– ਗਿ : ਅਮਰੀਕ ਸਿੰਘ

ਕੁਝ ਮੇਰੇ ਵਲੋਂ

" ਗਿਆਨੀ ਅਮਰੀਕ ਸਿੰਘ ਜੀ ਨਾਲ ਮੇਰੀ ਸਾਂਝ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਵਿੱਚ ਇਕ ਕਥਾ ਵਾਚਕ ਤੇ ਸਰੋਤੇ ਵਾਂਗ ਹੋਈ । ਸਤਿਗੁਰੂ ਜੀ ਦੀ ਇਨ੍ਹਾਂ ਤੇ ਅਪਾਰ ਬਖਸ਼ਿਸ਼ ਹੋਈ। ਜਦੋਂ ਵੀ ਕਥਾ ਕਰਦੇ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਕਿ -
"ਹਰਿ ਕਰਤਾ ਆਪ ਮੁਹਹੁ ਕਢਾਏ" ਹੋ ਰਿਹਾ ਹੋਵੇ। ਜਿਸ ਸਾਂਝ ਵਿੱਚ ਮੈਂ ਹੀ ਨਹੀਂ ਸੰਗਤਾਂ ਨੇ ਵੀ ਆਨੰਦ ਮਾਣਿਆ।

ਗਿਆਨੀ ਅਮਰੀਕ ਸਿੰਘ ਜੀ ਨੇ ਵਿਦੇਸ਼ਾਂ ਦੇ ਵਿੱਚ ਵਿਚਰਦਿਆਂ ਇਹ ਜਿਹੜੀ ***"ਗਿਆਨ ਅੰਜਨ ਗੁਰਿ ਦੀਆ"*** ਕਿਤਾਬ ਲਿਖੀ ਹੈ ਮੈਨੂੰ ਇਸ ਨੂੰ ਛਪਣ ਤੋਂ ਪਹਿਲਾਂ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਪਤਾ ਨਹੀਂ ਭਾਈ ਸਾਹਿਬ ਜੀ ਨੇ ਮੈਨੂੰ ਕੁਝ ਸੁਝਾ ਦੇਣ ਵਾਸਤੇ ਕਿਵੇਂ ਯੋਗ ਸਮਝਿਆ । ਅਸਲ ਵਿੱਚ "ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥" ਪਰ ਜੇਕਰ ਮੈਂ ਕੋਈ ਸੁਝਾ ਦੇ ਸਕਿਆ ਹੋਵਾਂ ਤਾਂ ਇਹ ਮੇਰੇ ਪੂਰਬਲੇ ਜਨਮਾਂ ਦਾ ਹੀ ਫਲ ਹੋਵੇਗਾ।

ਇਹ ਕਿਤਾਬ ਇਸ ਢੰਗ ਨਾਲ ਲਿਖੀ ਗਈ ਹੈ ਕਿ ਜਿਵੇਂ ਕੋਈ ਕੋਲ ਬੈਠ ਕੇ ਸੁਣਾ ਰਿਹਾ ਹੋਵੇ, ਪੜ੍ਹਨ ਵਾਲਾ ਇਕ ਵਖਰਾ ਜਿਹਾ ਅਨੰਦ ਮਾਣੇਗਾ ਕਿਉਂਕਿ ਹਰ ਇਕ ਲੇਖ ਇਕ ਵਖਰੀ ਅੱਖ ਨਾਲ ਦੇਖਣ ਕਾਰਨ ਪਾਠਕ ਦੀ ਸੋਚ ਨਾਲ-ਨਾਲ ਚਲਦਿਆਂ ਹਰ ਲੇਖ ਪੂਰਾ ਪੜ੍ਹਕੇ ਹੀ ਛਡਦੀ ਹੈ। ਭਾਈ ਸਾਹਿਬ ਦੇ ਜਿਹੜੇ ਕਿ ਪਿੰਡ ਸਲੋਚਿਆਂ (ਰੋਪੜ) ਦੇ ਰਹਿਣ ਵਾਲੇ ਹਨ। ਪ੍ਰੀਵਾਰ ਤੇ ਵੀ ਗੁਰੂ ਸਾਹਿਬ ਜੀ ਦੀ ਰਹਿਮਤ ਹੈ। ਇਨ੍ਹਾਂ ਦੇ ਪਿਤਾ ਸ : ਉਜਾਗਰ ਸਿੰਘ ਤੇ ਮਾਤਾ ਸੁਰਜੀਤ ਕੌਰ ਆਪ ਅੰਮ੍ਰਿਤਧਾਰੀ ਤੇ ਗੁਰਮਤਿ ਦੇ ਧਾਰਨੀ ਇਨ੍ਹਾਂ ਦੀ ਸਿੰਘਣੀ ਪਰਮਜੀਤ ਕੌਰ ਦਾ ਇਨ੍ਹਾਂ ਨੂੰ ਬਹੁਤ ਸਹਿਯੋਗ ਮਿਲਿਆ ਜਿਨ੍ਹਾਂ ਦਾ ਸਦਕਾ ਦੋਵੇਂ ਬੇਟੇ ਮਨਪ੍ਰੀਤ ਸਿੰਘ ਤੇ ਗੁਰਪ੍ਰੀਤ ਸਿੰਘ ਵੀ ਗੁਰੂ ਘਰ ਦੇ ਅਥਾਹ ਸਰਧਾਲੂ ਹਨ । ਪ੍ਰਮੇਸ਼ਰ ਇਨ੍ਹਾਂ ਤੇ ਕਿਰਪਾ ਕਰਕੇ ਗੁਰੂ ਜੀ ਨਾਲ ਜੋੜੀ ਰੱਖਣ ਤੇ ਸੰਗਤਾਂ ਲਈ ਸਦਾ ਪ੍ਰਚਾਰ ਕਰਦੇ ਰਹਿਣ, ਮੇਰੀਆਂ ਦਿਲੀ ਸੁਭ-ਕਾਮਨਾਵਾਂ ਇਨ੍ਹਾਂ ਦੇ ਨਾਲ ਹਨ।

ਦਾਸ
D.Singh
Deputy Gernal Manager
State Bank of India Chandigarh

ਮੁਖਬੰਧ

ਇਕ ਰਸਤੇ ਉਤੇ ਤਿੰਨ ਪੁਰਖ ਜਾ ਰਹੇ ਸਨ। ਸਭ ਤੋਂ ਅੱਗੇ ਵਾਲਾ ਅਚਾਨਕ ਠੋਕਰ ਖਾ ਕੇ ਡਿੱਗਣ ਹੀ ਲੱਗਾ ਸੀ ਕਿ ਪਿੱਛੇ ਤੁਰੇ ਆ ਰਹੇ ਧਰਮੀ ਪੁਰਖ ਨੇ ਸੰਭਾਲ ਲਿਆ। ਤੀਸਰਾ ਜਿਹੜਾ ਸਭ ਤੋਂ ਪਿੱਛੇ ਆ ਰਿਹਾ ਸੀ ਉਹ ਵੀ ਇੰਨੇ ਸਮੇਂ ਵਿੱਚ ਨਾਲ ਰਲ ਗਿਆ, ਦੇਖ ਕੇ ਆਖਣ ਲੱਗਾ ਕਿ ਵਿਚਾਰਾ ਅੰਨਾ ਹੈ (ਅੱਖਾਂ ਨਹੀਂ) ਇਸ ਲਈ ਠੋਕਰਾਂ ਖਾ ਰਿਹਾ ਹੈ। ਪਰ ਨਾਲ ਜਾਂਦੇ ਧਰਮੀ ਪੁਰਖ ਨੇ ਆਖਿਆ ਕਿ ਹਾਂ ਭਾਈ ਅੰਨੇ ਮਨੁੱਖ ਦੇ ਜੀਵਨ ਪੰਧ ਅੰਦਰ ਠੋਕਰਾਂ ਬਹੁਤ ਹੁੰਦੀਆਂ ਹਨ। ਪਰ ਇਹ ਕੋਈ ਜ਼ਰੂਰੀ ਨਹੀ ਕਿ ਅੱਖਾਂ ਬਗੈਰ ਹੀ ਅੰਨਾ ਹੋਵੇ ਬਹੁਤੇ ਅੱਖਾਂ ਵਾਲੇ ਵੀ ਅੰਨੇ ਹੁੰਦੇ ਹਨ। ਧਰਮੀ ਪੁਰਖ ਦੀ ਇਸ ਅਜੀਬ ਗੱਲ ਨੂੰ ਸੁਣ ਕੇ ਹੱਸ ਕੇ ਕਹਿਣ ਲੱਗਾ ਕਿ ਇਹ ਕਿਵੇਂ ਹੋ ਸਕਦਾ ਹੈ ? ਧਰਮੀ ਪੁਰਖ ਸਮਝਾਉਣ ਲੱਗਾ ਕਿ ਸੁਣੋ ਭਾਈ -

"ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥"

ਅਸਲ ਵਿੱਚ ਉਹ ਵੀ ਅੰਨੇ ਹਨ ਜਿਨ੍ਹਾਂ ਨੇ ਕਦੇ ਆਪਣੇ ਆਪ ਨੂੰ ਕਦੇ ਨਹੀਂ ਵੇਖਿਆ, ਨਾ ਹੀ ਕਦੇ ਜਗਤ ਨੂੰ ਦੇਖਿਆ ਅਤੇ ਨਾ ਹੀ ਜਗਤ ਦੇ ਕਰਤੇ ਨੂੰ। ਦੋਵੇਂ ਪੁਰਖ ਗੱਲ ਬੜੀ ਪਿਆਰ ਨਾਲ ਸੁਣ ਰਹੇ ਸਨ ਧਰਮੀ ਪੁਰਖ ਨੇ ਫਿਰ ਆਖਿਆ ਕਿ ਜਿਵੇਂ ਅਗਿਆਨੀ ਪੁਰਖ ਨੂੰ ਕਹੋ ਕਿ ਭਾਈ ਬਨਾਸਪਤੀ ਵਿੱਚ ਅੱਗ ਅਤੇ ਦੁੱਧ ਵਿੱਚ ਮੱਖਣ ਹੁੰਦਾ ਹੈ ਉਹ ਕਦੇ ਨਹੀਂ ਮੰਨੇਗਾ, ਕਿਉਂਕਿ ਉਸ ਕੋਲ ਅੱਖਾਂ ਤਾਂ ਹਨ ਪਰ ਅਗਿਆਨਤਾ ਦਾ ਹਨੇਰਾ ਸਾਫ ਦਿੱਸਣ ਨਹੀਂ ਦਿੰਦਾ। ਜਦੋਂ ਉਹ ਕਿਸੇ ਕੋਲੋਂ ਇਲਾਜ ਕਰਵਾਉਂਦਾ ਹੈ ਭਾਵ ਗਿਆਨ ਜੁਗਤਿ ਸਿਖ ਲੈਂਦਾ ਹੈ ਤਦ ਉਹ ਆਪ ਵੇਖ ਲੈਂਦਾ ਹੈ ਕਿ ਬਚਨ ਸੱਚ ਸੀ।

"ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥" ਜਦੋਂ ਗਿਆਨ ਹੋ ਜਾਏ ਤਦ ਜਾਤ ਦਾ ਨਹੀਂ ਜੋਤਿ ਦਾ ਪੁਜਾਰੀ ਹੋ ਜਾਂਦਾ ਹੈ ਫਿਰ ਖਾਕ ਨਹੀਂ ਨੂਰ ਦਿਸਣ ਲੱਗ ਪੈਂਦਾ ਹੈ।

ਇਸੇ ਤਰ੍ਹਾਂ ਭਾਈ ਜਦੋਂ ਤੱਕ ਗਿਆਨ ਹੋ ਜਾਏ ਸਾਫ ਨਹੀਂ ਦਿੱਸਦਾ। ਮਨੁੱਖ ਨੂੰ ਬਹੁਤ ਭੁਲੇਖਾ ਹੈ ਕਿ ਮੇਰੀਆਂ ਅੱਖਾਂ ਦੇਖਦੀਆਂ ਹਨ ਪਰ ਇਹ ਅੱਖਾਂ ਰਾਹੀਂ ਦੇਖਦਾ ਹੈ ਅੱਖਾਂ ਨਹੀਂ ਬਲਕਿ ਦੇਖਦੀ ਤਾਂ ਇਸ ਦੀ ਮੱਤ ਹੈ। ਦੋਵੇਂ ਪੁਰਖ ਫਿਰ ਪੁੱਛਣ ਲੱਗੇ ਬਾਬਾ ਇਹ ਵੀ ਸਮਝਾਉ। ਧਰਮੀ ਪੁਰਖ ਫਿਰ ਬੋਲਿਆ ਕਿ ਜਿਵੇਂ ਕਿਸੇ ਨੇ ਸੋਨਾ ਖਰੀਦਣਾ ਹੋਵੇ ਉਹ ਬਜ਼ਾਰ ਜਾ ਕੇ ਸਿਰਫ ਸੋਨੇ ਦੀਆਂ ਹੀ ਦੁਕਾਨਾਂ ਵੇਖਦਾ ਹੈ ਬਜ਼ਾਰ ਭਾਵੇਂ ਸਾਰਾ ਭਰਿਆ ਹੋਵੇ ਪਰ ਉਹ ਸੁਨਿਆਰ ਦੀ ਹੀ ਦੁਕਾਨ ਵੇਖੇਗਾ ; ਇਸੇ ਤਰ੍ਹਾਂ ਕਪੜਾ ਲੈਣ ਵਾਲਾ ਕਪੜੇ ਦੀ ਦੁਕਾਨ ਅਤੇ ਰੋਗੀ ਡਾਕਟਰ ਦੀ ਦੁਕਾਨ ਭਾਵ ਜਿਹੋ ਜਿਹੀ ਮੱਤ ਹੋਵੇ ਉਹੋ ਜਿਹਾ ਹੀ ਅੱਖਾਂ ਦੇਖਦੀਆਂ ਹਨ। ਇਥੋਂ ਤੱਕ ਆਪਣੇ ਅੰਦਰ ਖੁਸ਼ੀ ਹੋਵੇ ਸੰਸਾਰ ਖੁਸ਼ ਨਜ਼ਰ ਆਉਂਦਾ ਹੈ ਜੇ ਦੁਖ ਹੋਵੇ ਤਦ ਦੁਖੀ ਨਜ਼ਰ ਆਉਂਦਾ ਹੈ।

ਜਿਹੜਾ ਮਨੁੱਖ ਆਪਣੀ ਹੀ ਅਕਲ ਦੀਆਂ ਅੱਖਾਂ ਨਾਲ ਵੇਖਦਾ ਹੈ ਉਸ ਨੂੰ ਆਪਣਾ ਆਪ ਵੀ

ਸੰਸਾਰ ਵੀ ਅਤੇ ਕਰਤਾ ਪੁਰਖ ਵੀ ਕਦੇ ਨਹੀਂ ਦਿਸਦਾ ਪਰ ਜੇਕਰ ਕਿਸੇ ਸਿਆਣੇ ਕੋਲੋਂ ਗਿਆਨ ਦੇ ਨੇਤਰ ਲੈ ਲਵੇ ਤਦ ਆਪਣਾ ਆਪ ਹੀਰੇ ਵਰਗਾ, ਜਗਤ ਸੱਚੇ ਦੀ ਕੋਠੜੀ ਅਤੇ ਨਿਰੰਕਾਰ ਹਰ ਥਾਂ ਤੇ ਵਸਦਾ ਨਜ਼ਰ ਆ ਜਾਂਦਾ ਹੈ। ਅਗਿਆਨਤਾ ਦਾ ਹਨੇਰਾ ਹੀ ਐਸਾ ਹੈ ਜਿਸ ਕਰਕੇ ਇਨ੍ਹਾਂ ਅੱਖਾਂ ਦੇ ਹੁੰਦਿਆਂ ਹੋਇਆਂ ਵੀ ਜੀਵ ਵਿਚਾਰਾ ਠੋਕਰਾਂ ਖਾਂਦਾ ਫਿਰਦਾ ਹੈ। ਧਰਮੀ ਪੁਰਖ ਦੀਆਂ ਪਿਆਰੀਆਂ - ਪਿਆਰੀਆਂ ਗੱਲਾਂ ਸੁਣ ਕੇ ਦੋਵੇਂ ਪੁਰਖ ਬੋਲ ਉਠੇ ਕਿ ਬਾਬਾ ਅਜਿਹੀਆਂ ਗੱਲਾਂ ਅਸੀਂ ਪਹਿਲਾਂ ਕਦੇ ਨਹੀਂ ਸੁਣੀਆਂ। ਆਪ ਜੀ ਕੌਣ ਹੋ? ਤਦ ਧਰਮੀ ਪੁਰਖ ਹੱਸ ਕੇ ਪਿਆਰ ਨਾਲ ਆਖਣ ਲੱਗਾ ਕਿ ਮੈਨੂੰ ਸੰਸਾਰੀ ਜੀਵ ਸਤਿਗੁਰੂ ਆਖਦੇ ਹਨ। ਮੇਰਾ ਤਾਂ ਕੋਈ ਨਾਂਵ ਨਹੀਂ **"ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥"** ਦੋਵੇਂ ਪੁਰਖ ਫਿਰ ਬੋਲ ਉਠੇ ਕਿ ਹੇ ਸਤਿਗੁਰੂ ਜੀ ਅਜਿਹੇ ਨੇਤਰ ਮਿਲਦੇ ਕਿਵੇਂ ਹਨ? ਭਾਵ ਅਜਿਹਾ ਗਿਆਨ ਕਿਵੇਂ ਪ੍ਰਾਪਤ ਹੁੰਦਾ ਹੈ? ਇਤਨੇ ਚਾਨਣ ਦੇ ਹੁੰਦਿਆਂ ਵੀ ਅਸੀਂ ਜੀਵ ਅਗਿਆਨਤਾ ਦੇ ਹਨੇਰੇ ਵਿੱਚ ਹੀ ਠੋਕਰਾਂ ਖਾ ਰਹੇ ਹਾਂ। ਸਤਿਗੁਰੂ ਜੀ ਨੇ ਫਿਰ ਅਲਾਹੀ ਕਲਾਮ ਸੁਣਾ ਕੇ ਬਖਸ਼ਿਸ਼ ਕੀਤੀ ਕਿ -

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥"

ਦੋਵੇਂ ਪੁਰਖ ਸਮਝ ਕੇ ਕਹਿਣ ਲੱਗੇ ਕਿ ਹਾਂ ਸਤਿਗੁਰੂ ਜੀ ਸੰਸਾਰ ਅਗਿਆਨਤਾ ਦੇ ਹਨੇਰੇ ਕਾਰਨ ਹੀ ਤਾਂ ਭਟਕ ਰਿਹਾ ਹੈ। ਸਤਿਗੁਰੂ ਜੀ ਇਸ ਸੁਆਲ ਦਾ ਜੁਆਬ ਵੀ ਦੇਂਦੇ ਹੋਏ ਫੁਰਮਾਏ ਕਿ ਅਜਿਹੇ ਨੇਤਰ ਪ੍ਰਮੇਸ਼ਰ ਦੀ ਬਖਸ਼ਿਸ਼ ਨਾਲ ਮਿਲਦੇ ਹਨ ਜਦੋਂ ਜੀਵ ਇਕਾਗ੍ਰਤਾ ਨਾਲ ਅਰਦਾਸ ਕਰਦਾ ਹੈ ਕਿ -

"ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥
ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥"

ਫਿਰ ਇਕ ਦਿਨ ਗਿਆਨ ਰੂਪ ਨੇਤਰ ਪ੍ਰਾਪਤ ਕਰ ਲੈਂਦਾ ਹੈ। ਤਦ ਇਕ ਪੁਰਖ ਕਹਿਣ ਲੱਗਾ ਕਿ ਹਾਂ ਸਤਿਗੁਰੂ ਜੀ ਮੈਨੂੰ ਪਤਾ ਲੱਗ ਗਿਆ ਕਿ ਜੀਵ ਕਿਵੇਂ ਅੱਖਾਂ ਦੇ ਹੁੰਦਿਆਂ ਹੋਇਆਂ ਵੀ ਅੰਨਾਂ ਹੈ। ਸਤਿਗੁਰੂ ਜੀ ਨੇ ਅਜਿਹੀ ਬਖਸ਼ਿਸ਼ ਕੀਤੀ ਕਿ ਇਨ੍ਹਾਂ ਦੋਨਾਂ ਪੁਰਖਾਂ ਨੂੰ ਉਹ ਗਿਆਨ ਅਤੇ ਸ਼ਰਧਾ ਭਰੀਆਂ ਵੱਖਰੀਆਂ ਅੱਖਾਂ ਬਖਸ਼ਿਸ਼ ਕੀਤੀਆਂ। ਭਾਵ -

" ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥"

ਦੋਵੇਂ ਜੀਵ ਪੁਕਾਰ ਉੱਠੇ ਕਿ -

"ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥"

ਜਾਂ ਫਿਰ

"ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥"

ਅੱਜ ਪਤਾ ਲੱਗਾ ਕਿ ਪ੍ਰੀਤਮ ਦੇ ਦੀਦਾਰ ਕਰਨ ਲਈ ਇਹ ਵਖਰੀਆਂ ਹੀ ਅੱਖਾਂ ਹਨ। ਇਨ੍ਹਾਂ ਦੇ

ਖੁਲ੍ਹਦਿਆਂ ਤਾਂ ਸਗੋਂ ਸੰਸਾਰੀ ਅੱਖਾਂ ਆਪੇ ਹੀ ਬੰਦ ਹੋ ਜਾਂਦੀਆਂ ਹਨ।

"ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥"

ਇਸੇ ਲਈ ਸਾਈਂ ਦੇ ਦੀਦਾਰ ਵਿੱਚ ਗੱਤਿਆਂ ਦੀਆਂ ਸੰਸਾਰੀ ਅੱਖਾਂ ਬੰਦ ਦੇਖਦੇ ਸਾਂ। ਇਨ੍ਹਾਂ ਦੇ ਹੁੰਦਿਆਂ ਤਾਂ ਸਗੋਂ

"ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥"

ਵਾਲੀ ਬਾਤ ਹੈ। ਅਜਿਹੀਆਂ ਹੀ ਅੱਖਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਿਆਂ ਜਨਮ ਮਰਨ ਕਟਿਆ ਜਾਂਦਾ ਹੈ। ਜੇ ਕਿਧਰੇ ਇਨ੍ਹਾਂ ਵੱਖਰੀਆਂ ਅੱਖਾਂ ਦੀ ਗੱਲ ਨਾ ਹੁੰਦੀ ਤਦ ਸੰਸਾਰੀ ਅੱਖਾਂ ਤੋਂ ਸੱਖਣੇ ਤਾਂ ਫਿਰ ਕਦੇ ਸਤਿਗੁਰੂ ਜੀ ਦੇ ਦਰਸ਼ਨ ਕਰ ਹੀ ਨਾ ਸਕਦੇ।

"ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ
ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥"

ਅਜਿਹੀਆਂ ਹੀ ਅੱਖਾਂ ਨਾਲ ਦਰਸ਼ਨ ਕੀਤੇ ਹੋਣਗੇ ਰਾਇ ਬੁਲਾਰ ਜੀ ਨੇ, ਬੇਬੇ ਨਾਨਕੀ ਜੀ ਨੇ, ਭਾਈ ਗੁਰਦਾਸ ਜੀ ਨੇ, ਭਾਈ ਨੰਦ ਲਾਲ ਜੀ ਨੇ ਅਤੇ ਹੋਰ ਸ਼ਰਧਾਲੂ ਭੱਟਾਂ ਨੇ, ਜਿਨ੍ਹਾਂ ਨੇ ਫਿਰ ਸੱਚ ਦਾ ਹੋਕਾ ਵੀ ਦਿੱਤਾ ਕਿਉਂਕਿ ਧਰਮੀ ਪੁਰਖ ਉਹ ਹੀ ਕਹਿੰਦਾ ਹੈ ਜੋ ਕੁਝ ਅੱਖ ਨਾਲ ਵੇਖਦਾ ਹੈ।

"ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥"

ਗੁਰੂ ਪਾਤਿਸ਼ਾਹ ਜੀ ਮਿਹਰ ਕਰਨ ਕਿਸੇ ਸੰਸਾਰੀ ਜੀਵ ਨੂੰ ਜੇਕਰ ਅਜਿਹੇ ਨੇਤਰ ਮਿਲ ਜਾਣ ਤਦ ਇਹ ਨਿੱਕਾ ਜਿਹਾ ਉੱਦਮ ਵੀ ਸਫਲਾ ਸਮਝਿਆ ਜਾਵੇਗਾ। ਪਹਿਲੀ ਵਾਰੀ ਲਿਖਿਆ ਹੈ, ਭੁੱਲਾਂ ਨੂੰ ਖਿਮਾਂ ਕਰਕੇ ਮਾਲਕ ਦਰ ਅਰਦਾਸ ਕਰਨਾ ਕਿ ਸਾਹਿਬ ਜੀ ਆਪਣੇ ਚਰਨਾਂ ਦੀ ਨੇੜਤਾ ਬਖਸ਼ਣ। ਅੰਤ ਵਿੱਚ ਉਨ੍ਹਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਇਨ੍ਹਾਂ ਕੁਝ ਅੱਖਰਾਂ ਨੇ ਕਿਤਾਬ ਦਾ ਜਾਮਾ ਪਹਿਨਿਆ ਹੈ। ਸਤਿਗੁਰੂ ਜੀ ਅਤੇ ਪ੍ਰਮੇਸ਼ਰ ਦਾ ਧੰਨਵਾਦ ਜਿਨ੍ਹਾਂ ਦੀ ਅਥਾਹ ਬਖਸ਼ਿਸ਼ ਹੋਈ। ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ (ਰੋਪੜ) ਭਾਈ ਜਸਬੀਰ ਸਿੰਘ ਖੰਨੇ ਵਾਲੇ, ਸ: ਡੀ ਸਿੰਘ , ਡੀ. ਜੀ. ਐਮ ਸਟੇਟ ਬੈਂਕ ਆਫ ਇੰਡੀਆ, ਸ; ਸਰਵਣ ਸਿੰਘ ਜਾਰੇਵਾਲ, ਸ; ਸੁਰਿੰਦਰ ਸਿੰਘ ਓਸਨ, ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਅੰਬ ਸਾਹਿਬ ਪਾਤਿ : ੭ ਮੁਹਾਲੀ ਅਤੇ ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਾਲਿਆਂ ਦਾ, ਇਨ੍ਹਾਂ ਸਾਰਿਆਂ ਦਾ ਸਹਿਯੋਗ ਹੀ ਇਥੋਂ ਤੱਕ ਪਹੁੰਚਾ ਸਕਿਆ।

ਗੁਰੂ ਘਰ ਦਾ ਸੇਵਕ -
ਅਮਰੀਕ ਸਿੰਘ
Kothi.No. 370, Phase 9,
Mohali (Chandigarh).
Ph. No. 0172-5097531,
Mobile : 98156-63344.

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥

ਭਾਈ ਗੁਰਦਾਸ ਜੀ ਰਿਸ਼ਤੇ ਪੱਖੋਂ ਭਾਵੇਂ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ ਪਰ ਉਨ੍ਹਾਂ ਨੇ ਕਦੇ ਵੀ ਇਹ ਰਿਸ਼ਤਾ ਸਾਹਮਣੇ ਨਾ ਰੱਖ ਕੇ ਇਕ ਸ਼ਰਧਾਲੂ ਸਿੱਖ ਵਾਂਗ ਹੀ ਆਪਣਾ ਜੀਵਨ ਗੁਜ਼ਾਰਿਆ। ਅਨੇਕਾਂ ਸਿੱਖ ਵਿਦਵਾਨਾਂ ਨੇ ਅਫ਼ਸੋਸ ਜ਼ਾਹਰ ਕੀਤਾ ਕਿਉਂਕਿ ਭਾਈ ਗੁਰਦਾਸ ਜੀ ਦੇ ਜੀਵਨ ਦੇ ਬਹੁਤੇ ਤੱਤ ਲਿਖਤ ਪ੍ਰਾਪਤ ਨਹੀਂ ਹੁੰਦੇ ਪਰ ਭਾਈ ਗੁਰਦਾਸ ਦੇ ਜੀਵਨ ਵਿਚੋਂ ਅਨੇਕਾਂ ਐਸੀਆਂ ਸ਼ਰਧਾ ਭਰਪੂਰ ਮਿਸਾਲਾਂ ਜ਼ਰੂਰ ਮਿਲਦੀਆਂ ਹਨ ਜਿਹੜੀਆਂ ਕਿ ਅਧਿਆਤਮਿਕ ਪਾਂਧੀ ਦਾ ਰਾਹ ਰੌਸ਼ਨਾਉਣ ਵਿਚ ਸਹਾਇਕ ਸਿੱਧ ਹੁੰਦੀਆਂ ਹਨ।

ਭਾਈ ਗੁਰਦਾਸ ਜੀ ਨੂੰ ਜਿਥੇ ਸਿੱਖੀ ਅੰਦਰ ਮਹਾਨ ਵਿਆਖਿਆਕਾਰ ਤੇ ਪ੍ਰਪੱਕ ਪ੍ਰਚਾਰਕ ਹੋਣ ਦਾ ਮਾਣ ਸੱਤਿਆ ਮੁਕਾਮ ਹਾਸਲ ਹੈ, ਉਥੇ ਇਸ ਮਹਾਨ ਸਤਿਕਾਰ ਨਾਲ ਵੀ ਭਾਈ ਗੁਰਦਾਸ ਜੀ ਦੀ ਝੋਲੀ ਭਰੀ ਹੋਈ ਹੈ, ਕਿ ਜਿਸ ਪਵਿੱਤਰ ਬਾਣੀ ਨੂੰ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਕਹਿ ਕੇ ਸਤਿਗੁਰੂ ਨਾਨਕ ਸਾਹਿਬ ਜੀ ਨੇ ਹੀ ਗੁਰੂ ਪ੍ਰਗਟ ਕਰ ਦਿੱਤਾ ਸੀ। ਇਸ ਸਮੁੱਚੀ ਬਾਣੀ ਦੇ ਖਜ਼ਾਨੇ ਨੂੰ ਜਦੋਂ ਸੰਪਾਦਿਤ ਕਰਨਾ ਸੀ ਤਦ ਜਿਸ ਸੱਚੇ ਹਿਰਦੇ ਵਾਲੇ ਪੁਰਖ ਦੇ ਹੱਥ ਕਲਮ ਗੁਰੂ ਅਰਜਨ ਸਾਹਿਬ ਜੀ ਨੇ ਬਖਸ਼ੀ, ਉਹ ਭਾਈ ਗੁਰਦਾਸ ਜੀ ਹੀ ਸਨ। ਇਕ ਵਾਰੀ ਸਿੱਖਾਂ ਨੇ ਪੁੱਛਿਆ ਵੀ ਸੀ ਕਿ ਜਦੋਂ ਪਾਤਿਸ਼ਾਹ ਜੀ ਬਾਣੀ ਲਿਖਵਾਉਂਦਿਆਂ ਕਦੇ ਆਪਣੇ ਕਿਸੇ ਰੁਝੇਵੇਂ ਖ਼ਾਤਰ ਆਪ ਜੀ ਨੂੰ ਇਕੱਲਾ ਛੱਡ ਜਾਂਦੇ ਸਨ ਤਦ ਤੁਸੀਂ ਕਿਵੇਂ ਅੰਦਾਜ਼ਾ ਲਾਉਂਦੇ ਸੀ ਕਿ ਇਹ ਬਾਣੀ ਸੱਚੀ ਹੈ ਜਾਂ ਕੱਚੀ ਹੈ ? ਭਾਈ ਗੁਰਦਾਸ ਜੀ ਨੇ ਬਹੁਤ ਹੀ ਸੁੰਦਰ ਜਵਾਬ ਦਿੱਤਾ ਸੀ। ਆਖਣ ਲੱਗੇ, ਅਜਿਹਾ ਹੀ ਸਮਝ ਲਵੋ ਕਿ ਜਿਵੇਂ ਬਹੁਤ ਸਾਰੇ ਪ੍ਰੇਮੀ ਰਲ ਕੇ ਕਿਧਰੇ ਵਿਚਾਰਾਂ ਕਰਦੇ ਹੋਣ, ਕਮਰਾ ਬੰਦ ਹੋਣ ਕਰਕੇ ਬਾਹਰ ਸਿਰਫ ਆਵਾਜ਼ ਹੀ ਆਉਂਦੀ ਹੋਵੇ, ਸ਼ਕਲ ਕਿਸੇ ਦੀ ਨਾ ਦਿਸੇ ਤਦ ਵੀ ਇਕ ਸੁਹਾਗਵਤੀ ਇਸਤ੍ਰੀ ਆਪਣੇ ਭਰਤਾ ਦੀ ਆਵਾਜ਼ ਪਹਿਚਾਣ ਲੈਂਦੀ ਹੈ। ਇਸੇ ਤਰ੍ਹਾਂ ਜਿਹੜੀ ਬਾਣੀ ਪੜ੍ਹ ਕੇ ਹਿਰਦੇ ਅੰਦਰ ਠੰਡ ਪੈ ਜਾਵੇ, ਪਤਾ ਲੱਗ ਜਾਂਦਾ ਹੈ ਕਿ ਇਹ ਬਾਣੀ ਮੇਰੇ ਪ੍ਰਮੇਸ਼ਵਰ ਦੇ ਘਰ ਤੋਂ "ਧੁਰ ਕੀ ਬਾਣੀ ਆਈ" ਹੈ। ਮੇਰੀ ਤਾਂ ਹਾਲਤ ਇਕ ਸੁਹਾਗਵਤੀ ਇਸਤ੍ਰੀ ਵਰਗੀ ਬਣ ਗਈ। ਅਜਿਹੀ ਸ਼ਰਧਾ, ਸਤਿਕਾਰ ਅਤੇ ਪ੍ਰੇਮ ਵਿਚ ਭਿੱਜੀ ਹੋਈ ਅੱਖ ਨੇ ਜਦੋਂ ਗੁਰੂ ਨਾਨਕ ਪਾਤਿਸ਼ਾਹ ਦੇ ਅੰਮ੍ਰਿਤ ਪਵਿੱਤਰ ਜੀਵਨ ਦੇ ਦਰਸ਼ਨ

ਕੀਤੇ, ਤਦ ਉਨ੍ਹਾਂ ਦੀ ਸੱਚੀ ਸ਼ਰਧਾ ਕਲਮ ਦੀ ਜ਼ਬਾਨ ਬਣ ਬੋਲ ਉਠੀ ਕਿ

ਜਿਥੈ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥

ਆਪਾਂ ਵੀ ਇਸ ਸੱਚੀ ਸੁੱਚੀ ਪਵਿੱਤਰ ਅੱਖ ਨਾਲ ਤੱਕਣ ਦੀ ਕੋਸ਼ਿਸ਼ ਕਰੀਏ, ਹੋ ਸਕਦਾ ਸਾਨੂੰ ਵੀ ਉਸ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦਰਸ਼ਨ ਹੋ ਜਾਣ ਜਿਸ ਬਾਰੇ ਸਰਧਾ ਨਾਲ ਪੜ੍ਹਦੇ ਹਾਂ :

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥

ਪੁਰਾਤਨ ਗ੍ਰੰਥਾਂ ਦੀ ਗਵਾਹੀ ਵੀ ਮਿਲਦੀ ਹੈ :

ਬਹੁਤ ਪੁਰਖ ਮਿਲ ਬਾਤ ਬਖਾਨੇ ॥
ਨਿਜ ਭਰਤਾ ਤ੍ਰਿਐ ਬੋਲਿ ਪਹਿਚਾਨੇ ॥

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਂ ਦਾ ਹਿਰਦਾ ਪੜ੍ਹਿਆ ਹੈ। ਇਨ੍ਹਾਂ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਰਾਮਸਰ ਸਰੋਵਰ ਕਿਨਾਰੇ ਲਿਖਿਆ ਸੀ। ਇਸ ਕਰਕੇ ਭਾਈ ਗੁਰਦਾਸ ਜੀ ਦੀ ਪਵਿੱਤਰ ਤੇ ਸ਼ਰਧਾ ਵਾਲੀ ਅੱਖ ਨੇ ਗੁਰੂ ਨਾਨਕ ਸਾਹਿਬ ਜੀ ਦੇ ਦੀਦਾਰ ਕਰ ਬਹੁਤ ਕੁਝ ਇਸ ਕਮਲੇ ਸੰਸਾਰ ਨੂੰ ਸਮਝਾਇਆ ਹੈ। ਆਪਾਂ ਵੀ ਭਾਈ ਗੁਰਦਾਸ ਜੀ ਦੀ ਸ਼ਰਧਾ ਦੀ ਅੱਖ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਦੀਦਾਰ ਕਰੀਏ। ਹੋ ਸਕਦਾ ਹੈ ਕਿ ਇਹ ਦਾਤ ਸਾਡੀ ਝੋਲੀ ਦਾ ਵੀ ਸ਼ਿੰਗਾਰ ਬਣ ਜਾਵੇ ਕਿ -

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੂ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥

ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਤਿੰਨ ਪ੍ਰਮੁੱਖ ਕੇਂਦਰ ਸਨ ਜਿਥੋਂ ਜੀਵ ਕੁਝ ਧਰਮ ਦੀ ਆਸ ਰੱਖਦਾ ਸੀ ਪਰ ਹੈਰਾਨੀ ਦੀ ਗੱਲ ਕਿ ਇਹ ਹੀ ਕੇਂਦਰਾਂ ਦੇ ਠੇਕੇਦਾਰ ਸਭ ਤੋਂ ਵੱਧ ਇਨਸਾਨੀਅਤ ਦਾ ਖਿਲਵਾੜ ਕਰਦੇ ਸਨ। ਇਹ ਤਿੰਨਾਂ ਦਾ ਹੀ ਜਿਕਰ ਗੁਰਦੇਵ ਜੀ ਨੇ ਆਪ ਵੀ ਬਾਜ਼ਮਾਲ ਕੀਤਾ ਹੈ। ਪਵਿੱਤਰ ਬਚਨ –

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ ੨ ॥

ਇਨ੍ਹਾਂ ਦੇ ਅਸਥਾਨਾਂ ਤੋਂ ਤਾਂ ਧਰਮ ਕੀ ਲੱਭਣਾ ਸੀ, ਇਹ ਤਿੰਨੇ ਖੁਦ ਆਪ ਵੀ ਧਰਮੀ ਨਹੀਂ ਸਨ। ਸਿਰਫ ਤੇ ਸਿਰਫ ਧਰਮੀ ਪੋਸ਼ਾਕ ਸੀ ਜਿਸ ਅੰਦਰ ਆਪਣਾ ਅਧਰਮੀ ਸ਼ੈਤਾਨ ਲੁਕੋ ਰੱਖਿਆ ਸੀ। ਇਥੋਂ ਤਕ ਕਿ ਧਰਮ ਮਾਨੋ ਇਸ ਦੁਨੀਆਂ ਤੋਂ ਪੰਖ ਲਾ ਕੇ ਉੱਡ ਹੀ ਗਿਆ ਸੀ। ਜਿਸ ਦੀ ਬੁਕਲ ਨੇ ਕਸਾਈ ਤੋਂ ਬਚਾਉਣਾ ਸੀ, ਉਹ ਹੀ ਕਸਾਈ ਰੂਪ ਧਾਰਨ ਕਰੀ ਬੈਠਾ ਸੀ। ਅਧਰਮੀ ਲੋਕਾਂ ਕਾਰਨ ਕੂੜਿ ਦੀ ਅਮਾਵਸ ਦੀ ਰਾਤ ਕਾਰਨ ਸੱਚ ਦਾ ਚੰਦਰਮਾ

ਮਾਨੋ ਛੁਪ ਹੀ ਗਿਆ ਸੀ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਪੂਜਾ ਦੇ ਅਸਥਾਨ ਭ੍ਰਿਸ਼ਟ ਹੋ ਚੁੱਕੇ ਸਨ "*ਥਾਨਸਟ ਜਗ ਭਰਿਸਟ ਹੋਏ* ," ਬਚਨ ਸਾਹਿਬ ਜੀ ਨੇ ਵੀ ਆਖੇ ਹਨ। ਸੰਸਾਰ ਸਤਿਆ ਹੋਇਆ ਜਦੋਂ ਇਹ ਤਿੰਨਾਂ ਦੇ ਦਰ 'ਤੇ ਜਾਂਦਾ ਸੀ ਤਾਂ ਧਰਮ ਦੀ ਬਜਾਇ ਇਨ੍ਹਾਂ ਨੂੰ ਸਿਰਫ ਨਫਰਤ, ਵਹਿਮ ਭਰਮ ਤੇ ਈਰਖਾ ਦੇ ਹੀ ਮਿਲਣ ਕਰਕੇ ਸੰਸਾਰ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਸੀ। ਦਿਨ ਦਿਹਾੜੇ ਰੱਬ ਦੇ ਘਰ ਨੂੰ ਜਾਣ ਦੇ ਰਸਤੇ ਦੱਸਣ ਵਾਲੇ ਆਪ ਹੀ ਇਨਸਾਨ ਦਾ ਘਾਣ ਕਰ ਰਹੇ ਸਨ। ਸੰਸਾਰ ਦੀ ਇਸ ਹਾਲਤ ਦਾ ਜਿਕਰ ਭਾਈ ਗੁਰਦਾਸ ਜੀ ਦੀ ਹੀ ਕਲਾ ਨੇ ਬਿਆਨਿਆ ਹੈ। ਇਕ ਮਾਲਕ ਦੀ ਲੋਕਾਈ ਨੂੰ ਹਿੱਸਿਆਂ ਵਿਚ ਵੰਡ ਦਿੱਤਾ ਸੀ।

ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ-ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ। (ਵਾਰ ੧, ਪਉੜੀ ੨੧)।

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ। (ਵਾਰ ੧, ਪਉੜੀ ੨੦)

ਇਹੋ ਜਿਹੀ ਅਵੱਸਥਾ ਵਿਚ ਧਰਮ ਰੂਪੀ ਬਲਦ ਉਦਾਸ ਤੇ ਧਾਹੀਂ ਮਾਰ ਮਾਰ ਕੇ ਸਾਈਂ ਦੇ ਦਰਬਾਰ ਰੋਇਆ। ਇਕ ਤਾਂ ਚਾਰ ਪੈਰਾਂ 'ਤੇ ਖਲੋਤੇ ਨੂੰ ਮਾਨੋ ਦਇਆ-ਹੀਣ ਲੋਕਾਂ ਨੇ

ਇਕੋ ਪੈਰ 'ਤੇ ਖੜਾ ਕਰ ਦਿੱਤਾ ਤੇ ਪਾਪਾਂ ਦਾ ਭਾਰ ਵੀ ਹੋ ਗਿਆ। ਹੁਣ ਕੋਈ ਸਾਧੂ ਹੀ ਭਾਵ ਪੂਰਨ ਪੁਰਖ ਹੀ ਸਹਾਰਾ ਬਣ ਸਕਦਾ ਸੀ ਪਰ ਅਜਿਹਾ ਪੂਰਨ ਪੁਰਸ਼ ਸਾਰੇ ਸੰਸਾਰ ਵਿਚ ਨਜ਼ਰ ਨਾ ਆਇਆ ਜਿਸ ਕਰਕੇ ਜਿਸ ਦੀ ਲੋਕਾਈ ਸੀ, ਉਸੇ ਹੀ ਅੱਗੇ ਪੁਕਾਰ ਕੀਤੀ।

ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ।
ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌਂ ਰਸਾਤਲਿ ਟੋਆ।
ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ। (ਵਾਰ ੧, ਪਉੜੀ ੨੨)

ਜਦੋਂ ਇਹ ਪੁਕਾਰ ਸੁਣੀ ਤਾਂ "*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ॥*" ਸਤਿਗੁਰੂ ਜੀ ਨੇ ਫਿਰ ਜਿੱਥੇ ਵੀ ਚਰਨ ਟਿਕਾਇਆ, ਭਾਈ ਗੁਰਦਾਸ ਜੀ ਆਖਦੇ ਹਨ, ਉਹੋ ਹੀ ਅਸਥਾਨ ਧਰਮ ਦਾ ਭਾਵ ਪੂਜਾ ਦਾ ਅਸਥਾਨ ਬਣ ਗਿਆ ਹੁਣ ਇਸੇ ਕਥਨ ਦੀ ਵੀਚਾਰ ਕਰੀਏ - "*ਜਿਥੈ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥ ਧਰਮ ਪੰਥ ਕਰਿ ਉਠਾਇਆ॥*" ਨੂੰ ਸੰਸਾਰ ਦੇ ਹਿਰਦੇ ਵਿੱਚ ਫਿਰ ਦੁਬਾਰਾ ਪ੍ਰਗਟ ਕਰ ਦੇਣ ਦੀ ਜ਼ਾਹਿਰਾ ਕਰਾਮਾਤ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਵਰਤਾਈ।

ਤਲਵੰਡੀ ਸਦਾ ਤੋਂ ਤਲਵੰਡੀ ਸੀ ਭਾਵੇਂ ਇਥੇ ਬਹੁਤ ਅਮੀਰ ਲੋਕ ਵੀ ਆਏ ਅਤੇ ਚਲੇ ਗਏ। ਪਰ ਤਲਵੰਡੀ ਤਲ-ਵੰਡੀ ਹੀ ਰਹੀ। ਜਦੋਂ ਆਪ ਨਾਰਾਇਣ ਨੇ ਕਲਾ ਧਾਰ ਕੇ ਗੁਰੂ ਨਾਨਕ ਸਾਹਿਬ ਤੋਂ ਆਪਣੇ ਆਪ ਨੂੰ ਪ੍ਰਗਟ ਕੀਤਾ ਤਾਂ ਇਹ ਤਲਵੰਡੀ ਤਲਵੰਡੀ ਨਾ ਰਹੀ ਬਲਕਿ ਪਵਿੱਤਰ ਨਨਕਾਣਾ ਸਾਹਿਬ ਬਣ ਗਈ। ਧਰਤੀ ਦਾ ਟੁੱਕੜਾ ਵੀ ਸਾਹਿਬ ਕਹਾਉਣ ਦਾ ਮਾਣ ਪ੍ਰਾਪਤ ਕਰ ਬੈਠਾ ਕਿਉਂਕਿ

"*ਜਿਥੈ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥*"

ਹਰੇਕ ਮਾਂ ਨੂੰ ਪ੍ਰਮੇਸ਼ਵਰ ਨੇ ਕੁੱਖ ਬਖਸ਼ੀ ਹੈ ਪਰ ਹਰ ਮਾਂ ਆਪਣੀ ਔਲਾਦ ਤੋਂ ਤ੍ਰਿਪਤ ਨਹੀਂ ਪਰ ਇਥੇ ਤ੍ਰਿਪਤਾ ਨੇ ਤਾਂ ਤ੍ਰਿਪਤ ਹੋਣਾ ਹੀ ਸੀ, ਇਨ੍ਹਾਂ ਦੀ ਕੁੱਖ ਤੋਂ ਅਜਿਹੀ ਪਵਿੱਤਰ ਹਸਤੀ ਨੇ ਪ੍ਰਕਾਸ਼ ਧਾਰਿਆ ਕਿ ਸਾਰਾ ਸੰਸਾਰ ਹੀ ਤ੍ਰਿਪਤ ਕਰ ਦਿੱਤਾ। ਤ੍ਰਿਪਤ ਉਸਨੂੰ ਕਹਿੰਦੇ ਹਨ ਜਿਸਦੀ ਇੱਛਾ ਸੰਪੂਰਨ ਹੋ ਜਾਏ। ਮਾਤਾ ਤ੍ਰਿਪਤਾ ਆਪ ਹੀ ਨਹੀਂ, ਸਮੁੱਚੀ ਇਨਸਾਨੀਅਤ ਨੂੰ ਹੀ ਤ੍ਰਿਪਤ ਕਰ ਗਈ। ਜਿਸ ਮਾਂ ਦੀ ਕੁੱਖੋਂ ਜਨਮ ਲਿਆ, ਉਸ ਮਾਂ ਨੂੰ ਸਾਰਾ ਸੰਸਾਰ ਧੰਨ ਮਾਤਾ ਆਖ ਵੱਡਿਆਉਂਦਾ ਹੈ। ਮਹਿਤਾ ਕਲਿਆਣ ਦਾਸ ਜੀ ਨੂੰ ਘਰ ਵਿਚ ਬਾਲੜੇ ਦੇ ਪ੍ਰਕਾਸ਼ ਦੀ ਖ਼ਬਰ ਪੁੱਜੀ। ਇਕ ਕੀਮਤੀ ਦੌਲਤ ਦਾ ਥਾਲ ਭਰ ਕੇ ਦੌਲਤਾਂ ਦਾਈ ਦੀ ਭੇਟ ਕਰਨ ਖਲੋ ਗਏ। ਅਚਾਨਕ ਦੌਲਤਾਂ ਦੇ ਨੇਤਰਾਂ ਵਿਚ ਪਾਣੀ ਅਤੇ ਸ਼ਰਧਾ ਨਾਲ ਜੁੜੇ ਹੱਥ ਤੱਕ

ਕੇ ਮਹਿਤਾ ਜੀ ਨੇ ਕੁਝ ਚਿੰਤਾ ਕਰਕੇ ਪੁੱਛਿਆ ਕਿ ਬੱਚਾ ਠੀਕ ਹੈ ? ਦੌਲਤਾਂ ਕਹਿਣ ਲੱਗੀ ਅੱਜ ਤਕ ਰੱਬ ਨਾਲ ਨਾਰਾਜ਼ਗੀ ਸੀ ਕਿ ਨਾਂ ਦੌਲਤਾਂ ਰੱਖਿਆ ਪਰ ਦੌਲਤ ਕਦੇ ਤੱਕੀ ਤਕ ਨਹੀਂ ਪਰ ਅੱਜ ਜਿਹੜੀ ਦੌਲਤ ਤੇਰੇ ਪੁੱਤਰ ਦੇ ਦੀਦਾਰ ਕਰਕੇ ਪ੍ਰਾਪਤ ਹੋਈ ਹੈ, ਉਸਨੇ ਇਹ ਸ਼ੰਕਾਂ ਦੂਰ ਕਰ ਦਿੱਤਾ। ਇਸ ਲਈ ਮਹਿਤਾ ਕਲਿਆਣ ਦਾਸ ਜੀ, ਇਹ ਦੁਨਿਆਵੀ ਦੌਲਤ ਉਸ ਦੌਲਤ ਦੇ ਮੁਕਾਬਲੇ ਕੁਝ ਵੀ ਨਹੀਂ। ਮੈਂ ਅੱਜ ਧੰਨ ਹੋ ਗਈ ਹਾਂ। ਦਾਈ ਦੌਲਤਾਂ ਪ੍ਰਮੇਸ਼ਵਰ ਦੀ ਬੰਦਗੀ ਦੀ ਤਸਵੀਰ ਬਣ ਬੈਠੀ। ਜਿਸ ਤਰ੍ਹਾਂ ਮਹਾਨ ਆਤਮਾ ਪੰਡਿਤ ਹਰਿਦਿਆਲ ਨੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਦਾ ਨਾਂ ਆਪਣੀ ਮਿਠੜੀ ਜ਼ਬਾਨ ਤੋਂ ਲਿਆ, ਅੱਜ ਸਾਰਾ ਸੰਸਾਰ ਹੀ ਪੰਡਿਤ ਹਰਿਦਿਆਲ ਜੀ ਨੂੰ ਵੀ ਸ਼ਰਧਾ ਨਾਲ ਯਾਦ ਕਰਦਾ ਹੈ ਕਿਉਂਕਿ ਦੁਨਿਆਵੀ ਨਾਂ ਕਹਿਣ ਦੇ ਬਦਲੇ ਉਸਨੂੰ ਅਸਲੀ ਨਾਮ ਦਾ ਖਜ਼ਾਨਾ ਮਿਲ ਗਿਆ ਸੀ।

ਇਕ ਦਿਨ ਮਾਤਾ ਤ੍ਰਿਪਤਾ ਜੀ ਘਰੇਗੀ ਵਿਹਾਰ ਵਿਚ ਮਸਤ ਸਨ। ਅਚਾਨਕ ਨਜ਼ਰ ਗਈ ਕਿ ਮੇਰਾ ਪੁੱਤਰ ਚਾਦਰ ਲੈ ਕੇ ਸਿਆਣਿਆਂ ਵਾਂਗ ਕਿਉਂ ਪਿਆ ਹੈ ? ਕੋਲੋਂ ਦਾਸੀ ਤੁਲਸਾਂ ਨੂੰ ਭੇਜਿਆ ,ਜਾ, ਜਾ ਕੇ ਨਾਨਕ ਨੂੰ ਜਗਾ ਆ ਤਾਂ ਕਿ ਸਾਥੀਆਂ ਨਾਲ ਬਾਹਰ ਖੇਡੇ। ਦਾਸੀ ਗਈ ਪਰ ਵੀਚਾਰ ਬਣੀ ਮੈਂ ਕਿਵੇਂ ਜਗਾਵਾਂ। ਸੋਚ ਸੋਚ ਕੇ ਸਾਹਿਬ ਜੀ ਦੇ ਮੁਬਾਰਿਕ ਚਰਨਾਂ ਦਾ ਇਕ ਅੰਗੂਠਾ ਚਾਦਰ ਤੋਂ ਬਾਹਰ ਨਜ਼ਰ ਆਇਆ। ਸੁਭਾਗੀ ਤੁਲਸਾਂ ਨੇ ਆਪਣਾ ਮੱਥਾ ਰਗੜਿਆ ਤੇ ਸਾਹਿਬ ਜੀ ਨੂੰ ਜਗਾਉਣ ਗਈ ਆਪ ਹੀ ਜਾਗ ਪਈ। ਐਸੀ ਕਿਰਪਾ ਹੋਈ ਕਿ ਆ ਕੇ ਉਚੀ-ਉਚੀ ਕਹਿਣ ਲੱਗ ਪਈ "ਮਾਂ, ਤੇਰਾ ਪੁੱਤਰ ਨਾਨਕ ਨਹੀਂ।" ਮਾਂ ਡਰ ਗਈ, ਜਾ ਕੇ ਵੇਖਿਆ, ਸਤਿਗੁਰੂ ਜੀ ਉਠ ਬੈਠੇ ਸਨ। ਮਾਂ ਨੇ ਆਖਿਆ ਕਿ ਹੇ ਕਮਲੀ ! ਕਿਹੋ ਜਿਹੇ ਅਸ਼ੁੱਭ ਬਚਨ ਬੋਲਦੀ ਹੈਂ। ਪਰ ਤੁਲਸਾਂ ਕਹਿਣ ਲੱਗੀ, ਮਾਂ ਜਿਸ ਨੂੰ ਤੂੰ ਆਪਣਾ ਪੁੱਤਰ ਨਾਨਕ ਮੰਨਦੀ ਹੈਂ, ਉਹ ਤਾਂ ਨਿਰੰਕਾਰ ਦਾ ਰੂਪ ਹਨ। ਮਾਂ ਕਹਿਣ ਲੱਗੀ ਕਿ ਝੱਲੀ ਹੈ। ਤਾਂ ਸਾਹਿਬ ਕਹਿਣ ਲੱਗੇ, "ਮਾਂ, ਹੈ ਤਾਂ ਝੱਲੀ ਪਰ ਰੱਬ ਦੇ ਦਰ ਤੋਂ ਸਵੱਲੀ ਹੈ ਕਿਉਂਕਿ ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੇ ਮੁਬਾਰਿਕ ਚਰਣ ਪਰਸ ਲਏ ਹੋਣ ਭਲਾ ਉਸਨੂੰ ਕੋਈ ਬੰਧਨ ਰਹਿ ਸਕਦਾ ਹੈ। ਉਹ ਤਾਂ ਸਵੱਲੀ ਹੋ ਗਈ ਸੀ।

ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥

ਜ਼ਿੰਦਗੀ ਦੀ ਟੋਰ ਅੱਗੇ ਟੁਰੀ ਤਾਂ ਮਹਿਤਾ ਕਲਿਆਣ ਦਾਸ ਜੀ ਨੇ ਆਪਣੇ ਪੁੱਤਰ ਨੂੰ ਬੜੀਆਂ ਸਧਰਾਂ ਨਾਲ ਪੜ੍ਹਨ ਭੇਜਿਆ। ਸਾਹਿਬ ਜੀ ਨੇ ਬੜੇ ਪਿਆਰ ਨਾਲ ਪੜ੍ਹਾਈ ਕੀਤੀ। ਪਾਂਧੇ ਦੀ ਹੋਰ ਨੇੜਤਾ ਹੋ ਗਈ। ਇਕ ਦਿਨ ਇਕ ਬਚਨ ਕਰਨ ਲੱਗ ਪਏ, ਪਾਂਧਾ ਜੀ ! ਮਨੁੱਖ ਕਿਉਂ ਪੜ੍ਹਦਾ ਹੈ ? ਪਾਂਧਾ ਜੀ ਨੇ ਪਿਆਰ ਨਾਲ ਸਮਝਾਇਆ ਕਿ ਦੁਨੀਆਂ ਵਿਚ ਰਹਿੰਦਿਆਂ ਲੇਖਾ ਜੋਖਾ ਕਰਨਾ ਪੈਂਦਾ ਹੈ ਕਿ ਮੈਂ ਕੀ ਕਮਾ ਰਿਹਾ ਹਾਂ ਤੇ ਕੀ ਗਵਾ ਰਿਹਾ

ਹਾਂ । ਸਾਹਿਬ ਜੀ ਸੁਣ ਕੇ ਹੱਸ ਪਏ । ਪਾਂਧੇ ਨੇ ਕਾਰਨ ਪੁੱਛਿਆ ਤਾਂ ਗੁਰਦੇਵ ਜੀ ਆਖਣ ਲੱਗੇ, ਪਾਂਧਾ ਜੀ, ਮਨੁੱਖ ਪੜ੍ਹ ਲਿਖ ਕੇ ਵੀ ਇਹ ਨਹੀਂ ਸਮਝ ਪਾਉਂਦਾ ਕਿ ਕੀ ਖੱਟਿਆ ਤੇ ਕੀ ਗਵਾਇਆ ? ਕਿਉਂਕਿ ਅਸਲ ਖੱਟੀ ਉਹੋ ਹੀ ਹੈ ਜਿਹੜੀ ਰੱਬੀ ਦਰਗਾਹ ਵਿੱਚ ਜਾਣੀ ਹੈ । ਅਸਲ ਤਾਂ ਪੜ੍ਹਿਆ ਲਿਖਿਆ ਉਹੋ ਹੀ ਹੈ ਜਿਸ ਨੇ ਦਰਗਾਹੀ ਲੇਖਾ ਸਮਝ ਲਿਆ । ਪਵਿੱਤਰ ਬਚਨ ਆਖੇ ਸਨ –

ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥

ਪਾਂਧਾ ਗੁਰੂ ਚਰਨਾਂ ਦਾ ਮੁਰੀਦ ਬਣ ਚੁੱਕਾ ਸੀ । ਸਤਿਗੁਰੂ ਜੀ ਵੱਲੋਂ ਮਿਲੇ ਪਾਠ ਨੂੰ ਯਾਦ ਕਰਕੇ ਕੇਵਲ ਰਾਹਤ ਹੀ ਨਹੀਂ ਸੀ ਮਾਣ ਰਿਹਾ ਸਗੋਂ ਅਗਲੇਰਾ ਪੰਧ ਵੀ ਸੁਖੈਨ ਉਸਨੂੰ ਨਜ਼ਰੀ ਆ ਗਿਆ ਸੀ । ਪਾਂਧਾ ਜੀ ਦਾ ਹਿਰਦਾ ਰੱਬੀ ਇਬਾਦਤਗਾਹ ਬਣ ਗਿਆ । ਵਿਦਿਆ ਹੁਣ ਤਕ ਸਿਰਫ ਪੜ੍ਹੀ ਤੇ ਪੜ੍ਹਾਈ ਸੀ ਪਰ ਅੱਜ ਵਿਚਾਰਨ ਦਾ ਨਵਾਂ ਸਬਕ ਮਿਲਿਆ ਸੀ ਕਿ ਪਰਉਪਕਾਰ ਉਹੋ ਹੀ ਕਰ ਸਕਦਾ ਹੈ ਜਿਹੜਾ ਵਿਦਿਆ ਦੀ ਵੀਚਾਰ ਦਾ ਧਾਰਨੀ ਹੋ ਜਾਂਦਾ ਹੈ ।

"ਵਿਦਿਆ ਵਿਚਾਰੀ ਤਾਂ ਪਰਉਪਕਾਰੀ"

ਇਕ ਨਿਰੰਕਾਰ ਦੀ ਸਾਜੀ ਮਨੁੱਖਤਾ ਨੂੰ ਆਪਣੇ ਕੋਝੇ ਗਿਆਨ ਧਿਆਨ ਦੀ ਛੁਰੀ ਨਾਲ ਟੋਟੇ-ਟੋਟੇ ਕਰ ਰਿਹਾ ਸੀ ਬ੍ਰਾਹਮਣੀ ਸਮਾਜ । ਬੱਚੇ ਦੇ ਧਰਮ ਧਾਰਨ ਕਰਨ ਲਈ ਜਨੇਊ ਪਹਿਨਾਇਆ ਜਾਂਦਾ ਸੀ । ਪਰ ਹੈਰਾਨੀ ਦੀ ਗੱਲ ਹੈ ਕਿ ਖੱਤਰੀ, ਬ੍ਰਾਹਮਣ ਅਤੇ ਵੈਸ਼ ਇਨ੍ਹਾਂ ਤਿੰਨਾਂ ਦੇ ਜਨੇਊ ਵੀ ਵੱਖਰੇ ਵੱਖਰੇ, ਪਹਿਨਣ ਦੀ ਰੁੱਤ ਵੀ ਵੱਖਰੀ ਵੱਖਰੀ ਤੇ ਸ਼ੂਦਰ ਨੂੰ ਕੋਈ ਹੱਕ ਹੀ ਨਹੀਂ ਸੀ । ਦੁਨਿਆਵੀ ਪੱਖ ਨਾਲ ਸਤਿਗੁਰਾਂ ਦਾ ਪ੍ਰਕਾਸ਼ ਵੀ ਇਕ ਹਿੰਦੂ ਘਰਾਣੇ ਨਾਲ ਸੰਬੰਧਿਤ ਪਰਿਵਾਰ ਵਿੱਚ ਹੋਇਆ ਸੀ । ਇਸ ਲਈ ਮੁਤਾਬਿਕ ਗੱਲ ਹੈ ਕਿ ਜਨੇਊ ਪਹਿਨਾਉਣ ਦੀ ਰਸਮ ਕਰਨੀ ਸੀ । ਸਾਰਾ ਇਕੱਠ ਹੋ ਗਿਆ ਅਤੇ ਸਾਹਿਬ ਦੀ ਉਡੀਕ ਵਿੱਚ ਸਨ । ਜੇ ਕਿਹਾ ਮਨ੍ਹਾ ਹੀ ਕਰਨਾ ਹੁੰਦਾ ਤਾਂ ਪਹਿਲਾਂ ਹੀ ਕਰ ਦੇਣਾ ਸੀ । ਪਰ ਸਪੱਸ਼ਟ ਤਾਂ ਇਹ ਕਰਨਾ ਸੀ ਕਿ ਲੋਕੋ ਅਜੀਬ ਤਮਾਸ਼ਾ ਵੇਖੋ, ਆਪ ਵੇਤੱਗਾ ਤੱਗ ਵੱਟ ਵੱਟ ਕੇ ਹੋਰਾਂ ਦੇ ਪਾ ਰਿਹਾ ਹੈ । ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਅੰਨ੍ਹਾ ਮਨੁੱਖ ਹੋਵੇ ਤੇ ਸੁਜਾਖਾ ਭਾਵ ਸੋਝੀਵਾਨ ਰੱਖੀ ਫਿਰਦਾ ਹੋਵੇ । ਸਤਿਗੁਰੂ ਜੀ ਨੇ ਨਿਰਮਤਾ ਸਹਿਤ ਬੇਨਤੀ ਕੀਤੀ ਕਿ ਇਹ ਜਨੇਊ ਮੇਰੀ ਭੈਣ ਨਾਨਕ ਨੂੰ ਪਹਿਲਾਂ ਪਹਿਨਾਉ । ਪਰ ਇਸਤ੍ਰੀ ਪਹਿਨ ਨਹੀਂ ਸੀ ਸਕਦੀ ਜਿਸ ਕਰਕੇ ਪੰਡਿਤ ਜੀ ਨੇ ਜਵਾਬ ਦੇ ਦਿੱਤਾ । ਸਤਿਗੁਰਾਂ ਉਪਦੇਸ਼ ਦਿੱਤਾ ਕਿ ਹੇ ਭਾਈ ! ਜਿਹੜਾ ਜਨੇਊ ਭੈਣ ਭਰਾ ਦੀ ਵੰਡ ਪਾ ਸਕਦਾ, ਸ਼ੂਦਰ, ਵੈਸ਼ ਤੇ ਖੱਤਰੀ, ਬ੍ਰਾਹਮਣਾਂ ਨੂੰ ਵੱਖੋ

ਵੱਖਰੇ ਵੰਡ ਸਕਦਾ ਹੈ ਤਾਂ ਮੈਨੂੰ ਅਜਿਹੇ ਜਨੇਊ ਦੀ ਲੋੜ ਨਹੀਂ, ਮੈਨੂੰ ਤਾਂ ਜਿਹੜਾ ਦਇਆ ਨਾਲ ਸਾਰਿਆਂ ਦੀ ਸਾਂਝ ਪਵਾ ਦੇਵੇ, ਉਹ ਜਨੇਊ ਲੋੜੀਦਾ ਹੈ। ਸਾਰਿਆਂ ਲਈ ਪਵਿੱਤਰ ਸ਼ਬਦ ਕਹਿ ਦਿੱਤਾ--

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਇਕ ਗੱਲ ਹੋਰ ਵਿਚਾਰ ਲਈਏ ਜਿਹੜੀ ਅੱਜ ਇਸਤ੍ਰੀ ਨੂੰ ਬਰਾਬਰ ਅੰਮ੍ਰਿਤ ਦੀ ਦਾਤ ਬਖਸ਼ੀ ਜਾਂਦੀ ਹੈ ਜਾਂ ਹਰ ਕਰਮ ਧਰਮ ਵਿੱਚ ਬਰਾਬਰ ਹੈ ਤਾਂ ਇਸ ਦਾ ਮੁੱਢ ਗੁਰੂ ਨਾਨਕ ਸਾਹਿਬ ਜੀ ਨੇ ਜਨੇਊ ਧਾਰਨ ਕਰਨ ਵਾਲੇ ਦਿਨ ਹੀ ਆਰੰਭ ਕੀਤਾ ਸੀ।

ਦੁਨਿਆਵੀ ਅੱਖਾਂ ਨੇ ਕਰੀਬ ਹਰ ਵਾਰੀ ਇਕ ਧੋਖਾ ਖਾਧਾ ਹੈ ਕਿ ਲੰਬਾ ਸਮਾਂ ਕਿਸੇ ਪੈਗੰਬਰੀ ਸ਼ਖਸ਼ੀਅਤ ਨੂੰ ਨਹੀਂ ਪਹਿਚਾਣ ਸਕੀਆਂ। ਇਸੇ ਹੀ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੂੰ ਪਹਿਚਾਣਨ ਵਾਲੀਆਂ ਅੱਖਾਂ ਕੇਵਲ ਤੇ ਕੇਵਲ ਬੇਬੇ ਨਾਨਕੀ ਜੀ ਕੋਲ ਹੀ ਸਨ। ਸੰਸਾਰਕ ਮਰਯਾਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਵੀ ਨਾ ਪਹਿਚਾਣਨ ਦੇ ਕਾਰਨ ਮੱਝੀਆਂ ਚਾਰਨ ਵਾਸਤੇ ਪਿਤਾ ਜੀ ਨੇ ਹੁਕਮ ਕਰ ਦਿੱਤਾ। ਇਥੇ ਵੀ ਸਤਿਗੁਰੂ ਜੀ ਨੇ ਸਮਝਾਇਆ ਕਿ ਅਸਲ ਉਜਾੜਾ ਤਾਂ ਭਾਈ ਅਸੀਂ ਕਦੇ ਸਮਝਿਆ ਹੀ ਨਹੀਂ। ਅਸਲ ਉਜਾੜਾ ਤਾਂ ਰੱਬੀ ਬਖਸ਼ਿਸ਼ ਤੋਂ ਸੱਖਣੇ ਲੋਕਾਂ ਲਈ ਹੈ। ਪ੍ਰਤੱਖ ਸਬੂਤ ਅੱਜ ਸਾਡੇ ਸਾਹਮਣੇ ਹੈ। ਪਤਾ ਨਹੀਂ ਦੁਨੀਆਂ ਵਿਚ ਕਿੰਨੇ ਕੁ ਖੇਤ ਹਨ, ਪਤਾ ਨਹੀਂ ਕਿੰਨੇ ਕੁ ਪਸ਼ੂ ਹਨ ਪਰ ਜਿੱਥੇ ਨਿਰੰਕਾਰ ਦੀ ਕ੍ਰਿਪਾ ਹੋ ਗਈ ਤੇ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਮੁਬਾਰਿਕ ਚਰਣਾਂ ਦੀ ਛੋਹ ਮਿਲ ਗਈ, ਉਹ ਅਸਥਾਨ ਕਿਆਰਾ ਸਾਹਿਬ ਬਣ ਕੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਅਡੋਲ ਥਾਂ ਬਣਾ ਬੈਠਾ ਹੈ।

ਤਲਵੰਡੀ ਤਾਂ ਗੁਰੂ ਚਰਣਾਂ ਦੀ ਛੋਹ ਮਾਣ ਕੇ ਆਨੰਦਮਈ ਹੋ ਚੁੱਕੀ ਸੀ ਪਰ ਜਿਸਦੇ ਨਾਂ 'ਤੇ ਤਲਵੰਡੀ ਸੀ, ਉਹ ਹਾਲੇ ਵੀ ਬਖ਼ਸ਼ਿਸ਼ਾਂ ਤੋਂ ਸੱਖਣਾ ਸੀ। ਇਕ ਦਿਨ ਉਸਦੀ ਵੀ ਕਿਸਮਤ ਦਾ ਬੂਹਾ ਖੁੱਲ੍ਹ ਗਿਆ ਜਦੋਂ ਉਸ ਨੇ ਧੰਨ ਗੁਰੂ ਨਾਨਕ ਸਾਹਿਬ ਜੀ ਨੂੰ ਬਾਹਰ ਇਕ ਦਰਖਤ ਦੀ ਛਾਂ ਥੱਲੇ ਸੁੱਤੇ ਪਏ ਤੱਕਿਆ। ਦਰਖਤ ਦੀ ਛਾਂ ਫਿਰ ਗਈ ਸੀ ਪਰ ਸਾਹਿਬ ਜੀ ਦੇ ਮੁਖੜੇ 'ਤੇ ਸੱਪ ਛਾਂ ਕਰੀ ਖਲੋਤਾ ਸੀ। ਕਹਿੰਦੇ ਨੇ ਸੱਪ ਦਾ ਦੁਨੀਆਂ ਵਿਚ ਕੋਈ ਘਰ ਨਹੀਂ ਕਿਉਂਕਿ ਸੱਪ ਆਪਣੀ ਬਿਲ (ਖੁੱਡ) ਨਹੀਂ ਬਣਾ ਸਕਦਾ। ਇਹ ਹਮੇਸ਼ਾ ਚੂਹੇ ਦੀ ਬਿਲ ਵਿਚ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ :

ਜੈਸੇ ਧਰ ਖੋਦਿ ਖੋਦਿ ਕਰਿ ਬਿਲ ਸਾਜੈ, ਮੂਸਾ ਪੈਸਤ ਸਰਪੁ ਧਾਇ ਖਾਇ ਤਾਹਿ ਮਾਰਿ ਕੈ ॥

ਗੁਰੂ ਨਾਨਕ ਸਾਹਿਬ ਜੀ ਦਾ ਘਰ ਨਿਮਾਣਿਆਂ ਦਾ ਮਾਣ ਹੈ। ਜਿਸ ਦਾ ਕਿਧਰੇ ਵੀ ਘਰ ਨਹੀਂ, ਉਸਦਾ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਚਰਣਾਂ ਵਿਚ ਟਿਕਾਣਾ ਹੈ। ਅੱਜ ਤਕ ਲੋਕਾਂ ਨੇ ਸੱਪ ਨੂੰ ਮਾਰਿਆ ਹੀ ਸੀ ਪਰ ਤਾਰਿਆ ਗੁਰੂ ਨਾਨਕ ਸਾਹਿਬ ਜੀ ਨੇ ਹੀ ਹੈ। ਇਹ ਅਜੀਬ ਕੌਤਕ ਤੱਕ ਕੇ ਰਾਇ ਬੁਲਾਰ ਗੁਰੂ ਚਰਣਾਂ ਦਾ ਸੇਵਕ ਬਣ ਗਿਆ ਸੀ ਜਿਹਨਾਂ ਨੇ ਸਾਰੀ ਜ਼ਿੰਦਗੀ ਸਾਹਿਬ ਜੀ ਦੀ ਰਜ਼ਾ ਕਮਾਉਣੀ ਹੀ ਆਪਣੀ ਸੱਚੀ ਇਬਾਦਤ ਜਾਣਿਆ।

'ਸੋ ਦਰੁ' ਦੇ ਬੰਦ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਆਪ ਹੀ ਖੁਦ ਬਚਨ ਕੀਤੇ ਹਨ ਕਿ ਪ੍ਰਮੇਸ਼ਵਰ ਦੇ ਘਰ ਲੋਕਾਈ ਦਾ ਜ਼ੱਰਾ-ਜ਼ੱਰਾ ਉਸਦੀ ਇਬਾਦਤ ਗੁਣ ਗਾ ਗਾ ਕੇ ਕਰ ਰਿਹਾ ਹੈ। ਇਸ ਲਈ ਸਤਿਗੁਰੂ ਜੀ ਨੇ ਵੀ ਸੰਸਾਰ ਦੀ ਖ਼ਾਤਰ ਲਈ ਤੇ ਸਾਈਂ ਦਰ ਤੋਂ ਖੁਸ਼ੀਆਂ ਲਈ ਕੀਰਤਨ ਪ੍ਰਮੁੱਖ ਚੁਣਿਆ ਸੀ। ਗੁਰੂ ਘਰ ਦਾ ਸਭ ਤੋਂ ਮਹਾਨ ਤੇ ਸਭ ਤੋਂ ਪਹਿਲਾ ਕੀਰਤਨੀਆਂ ਭਾਈ ਮਰਦਾਨਾ ਜੀ ਨੂੰ ਚੁਣਿਆ। ਇਕ ਗੱਲ ਯਾਦ ਰੱਖਣ ਯੋਗ ਹੈ ਕਿ ਭਾਈ ਮਰਦਾਨਾ ਆਪ ਨਹੀਂ ਸੀ ਆਇਆ ਬਲਕਿ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਚੁਣਿਆ ਸੀ। ਫਿਰ ਵੀ ਅਸੀਂ ਭਾਈ ਮਰਦਾਨਾ ਜੀ ਨੂੰ ਇਕ ਭੁੱਖਾ ਪਿਆਸਾ ਤੇ ਲਾਲਚੀ ਜਿਹਾ ਹੀ ਪ੍ਰਗਟ ਕੀਤਾ ਹੈ। ਕੀ ਗੁਰੂ ਨਾਨਕ ਸਾਹਿਬ ਜੀ ਦੀ ਚੋਣ ਅਜਿਹੀ ਸੀ ? ਅਸੀਂ ਭਾਈ ਮਰਦਾਨਾ ਜੀ ਨਾਲ ਹੀ ਬੇਇਨਸਾਫੀ ਨਹੀਂ ਕਰਦੇ ਬਲਕਿ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਕੀਤੀ ਚੋਣ 'ਤੇ ਪ੍ਰਸ਼ਨ ਚਿੰਨ੍ਹ ਲਗਾ ਦਿੰਦੇ ਹਾਂ। ਭਾਵੇਂ ਬਹੁਤ ਸੇਵਕਾਂ ਨੇ ਗੁਰੂ ਦਰੋਂ ਬਖਸ਼ਿਸ਼ਾਂ ਪਾਈਆਂ ਹਨ ਪਰ ਅਜਿਹਾ ਸੇਵਕ ਭਾਈ ਮਰਦਾਨਾ ਹੀ ਸੀ ਜਿਹਨਾਂ ਨੇ ਸਾਰੀ ਜ਼ਿੰਦਗੀ ਰੱਬ ਨਾਲ ਇਕ ਮਿਕ ਹੋ ਰੱਬੀ ਬਾਣੀ ਗਾਉਂਦਿਆਂ ਗੁਰੂ ਨਾਨਕ ਪਾਤਿਸਾਹ ਜੀ ਨੂੰ ਤੱਕਿਆ ਸੀ। ਭਾਈ ਮਰਦਾਨਾ ਜੀ ਨੇ ਬੜੇ ਬਿਖਮ ਤਰੀਕੇ ਨਾਲ ਸਿੱਖੀ ਦਾ ਪ੍ਰਚਾਰ ਕੀਤਾ ਸੀ। ਗੁਰੂ ਨਾਨਕ ਪਾਤਿਸ਼ਾਹ ਜੀ ਨਾਲ ਅਭੇਦਤਾ ਦਾ ਪ੍ਰਤੱਖ ਪ੍ਰਮਾਣ ਇਕ ਸਾਖੀ ਵਿਚੋਂ ਮਿਲਦਾ ਹੈ। ਜਦੋਂ ਸਾਹਿਬ ਜੀ ਦੀ ਸ਼ਾਦੀ ਹੋਈ ਤਾਂ ਅਨੇਕਾਂ ਦਾਤਾਂ ਵੰਡੀਆਂ ਗਈਆਂ। ਅਖੀਰ ਵਿੱਚ ਭਾਈ ਮਰਦਾਨਾ ਜੀ ਨੇ ਵੀ ਝੋਲੀ ਅੱਡ ਕੇ ਬਖਸ਼ਿਸ਼ਾਂ ਦੀ ਖੈਰ ਮੰਗੀ ਪਰ ਸਾਹਿਬ ਜੀ ਨੇ ਗਲਵੱਕੜੀ ਵਿੱਚ ਲੈ ਕੇ ਭਾਈ ਮਰਦਾਨਾ ਜੀ ਨੂੰ ਬਚਨ ਆਖੇ ਸਨ। ਭਾਈ ਮਰਦਾਨਿਆਂ, ਤੇਰੇ ਲਈ ਤਾਂ ਮੈਂ ਉਹ ਕੁਝ ਰੱਖਿਆ ਹੈ ਜਿਹੜਾ ਕਿਸੇ ਨੂੰ ਵੀ ਨਹੀਂ ਦਿੱਤਾ, ਉਹ ਹੈ ਰੱਬੀ ਬਾਣੀ ਦਾ ਕੀਰਤਨ ਜਿਹੜਾ ਮੈਂ ਤੇਰੀ ਝੋਲੀ ਵਿਚ ਪਾਇਆ ਹੈ। ਫਿਰ ਹਰੇਕ ਮੁਰਸ਼ਦ ਕਰੀਬ ਆਪਣੇ ਚੇਲੇ ਨੂੰ ਚੇਲੇ ਵਾਲੀ ਥਾਂ ਹੀ ਰੱਖਦਾ ਹੈ ਪਰ ਇਥੇ ਤਾਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਨੂੰ ਜ਼ਿੰਦਗੀ ਭਰ ਭਾਈ ਮਰਦਾਨਾ ਭਾਵ ਆਪਣਾ ਭਾਈ ਕਹਿ ਕੇ ਨਿਵਾਜ਼ਦੇ ਰਹੇ। ਸੰਸਾਰ ਅੰਦਰ ਅਣਗਿਣਤ ਲੋਕੀਂ ਰਬਾਬ ਵਜਾਉਂਦੇ ਸਨ ਤੇ ਵਜਾਉਂਦੇ ਰਹਿਣਗੇ ਪਰ ਜਿਸ ਹਿਰਦੇ

ਭਾਈ ! ਭਾਈ ਮਰਦਾਨਾ ਜੀ ਦੇ ਹਿਰਦੇ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਚਰਣ ਟਿਕ ਗਏ, ਉਹ ਭਾਈ ਮਰਦਾਨਾ ਸਾਰੀ ਦੁਨੀਆਂ ਲਈ ਪੂਜਣਯੋਗ ਹੋ ਗਿਆ। ਇਸੇ ਲਈ ਤਾਂ ਭਾਈ ਗੁਰਦਾਸ ਆਖ ਰਹੇ ਹਨ ਕਿ "**ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥**" ਦੁਨਿਆਵੀ ਮਨੁੱਖ ਨੂੰ ਧਰਮ ਸਿਖਾਉਣ ਆਏ ਸਤਿਗੁਰੂ ਜੀ ਨੇ ਸਾਰੇ ਕਰਮ ਆਮ ਸੰਸਾਰੀ ਕਰਕੇ, ਰੱਬ ਨਾਲ ਜੁੜਨ ਦਾ ਸੁਖਾਲਾ ਰਾਹ ਦੱਸਿਆ। ਇਸ ਲਈ ਮਾਤਾ ਪਿਤਾ ਜੀ ਨੇ ਆਪਣਾ ਫਰਜ ਸਮਝਦਿਆਂ ਸਤਿਗੁਰਾਂ ਦੀ ਸ਼ਾਦੀ ਬਟਾਲਾ ਨਿਵਾਸੀ ਭਾਈ ਮੂਲਾ ਜੀ ਦੀ ਬੱਚੀ ਸੁਲੱਖਣੀ ਜੀ ਨਾਲ ਕਰ ਦਿੱਤੀ। ਧੰਨ ਸਨ ਮਾਤਾ ਸੁਲਖਣੀ ਜੀ ਵੀ ਜਿਹਨਾਂ ਨੇ ਆਪਣੇ ਸੁਹਾਗ ਦੇ ਸੁੱਖ, ਸੰਸਾਰ ਦੀ ਝੋਲੀ ਵਿੱਚ ਪਾ ਦਿੱਤੇ। ਆਪ ਘਰੇਲੂ ਜੀਵਨ ਗੁਜ਼ਾਰਿਆ ਪਰ ਸੰਸਾਰ ਦੇ ਦਰਦੀ ਨੂੰ ਲੋਕਾਈ ਸੋਧਣ ਲਈ ਤੋਰਿਆ।

ਮਨੁੱਖੀ ਜਿੰਦਗੀ ਦੀਆਂ ਤਿੰਨ ਪ੍ਰਮੁੱਖ ਲੋੜਾਂ ਸੰਸਾਰ ਨੇ ਜਾਣੀਆਂ ਸਨ ਜਿਵੇਂ ਕਿ ਰਹਿਣ ਲਈ ਕੁੱਲੀ, ਪਹਿਨਣ ਲਈ ਜੁੱਲੀ ਤੇ ਖਾਣ ਲਈ ਗੁੱਲੀ ਅਤਿਅੰਤ ਜ਼ਰੂਰੀ ਹਨ। ਕਿਸੇ ਹੱਦ ਤਕ ਮਨੁੱਖ ਕੁੱਲੀ ਤੇ ਜੁਲੀ ਬਿਨਾਂ ਥੋੜ੍ਹਾ ਬਹੁਤ ਸਮਾਂ ਪਾਸ ਕਰ ਹੀ ਸਕਦਾ ਹੈ ਪਰ ਗੁੱਲੀ ਤੋਂ ਬਿਨਾਂ ਨਹੀਂ, ਭਾਵ ਰੋਟੀ ਹਰ ਇਕ ਲਈ ਬਹੁਤ ਜ਼ਰੂਰੀ ਹੈ। ਕਹਿੰਦੇ ਹਨ ਇਕ ਵਾਰੀ ਇਕ ਮਾਤਾ ਆਪਣੇ ਪੁੱਤਰ ਨੂੰ ਕਹਾਣੀਆਂ ਸੁਣਾ ਸੁਣਾ ਕੇ ਭੁੱਖ ਨੂੰ ਭੁਲਾਉਣ ਦਾ ਯਤਨ ਕਰ ਰਹੀ ਸੀ ਜਿਸ ਕੋਲ ਖੁਵਾਣ ਲਈ ਕੁਝ ਵੀ ਨਹੀਂ ਸੀ। ਮਾਤਾ ਨੇ ਆਖਿਆ, ਵੇਖ ਪੁੱਤਰ, ਚੰਦਰਮਾ ਕਿੰਨਾ ਸੋਹਣਾ ਲੱਗਦਾ ਹੈ ! ਚੰਦਰਮਾ ਨਾਲ ਨੇੜੇ ਦੀ ਰਿਸ਼ਤੇਦਾਰੀ ਕੱਢ ਲਈ ਕਿ ਇਹ ਤੇਰਾ ਮਾਮਾ ਲੱਗਦਾ ਹੈ ਪਰ ਸੂਰਜ ਨਾਲ ਕੋਈ ਸਾਂਝ ਨਹੀਂ, ਸਭ ਕੁਝ ਆਖ ਕੇ ਮਾਂ ਨੇ ਪੁੱਛਿਆ, ਪੁੱਤਰ ! ਚੰਦਰਮਾ ਤੈਨੂੰ ਵੀ ਸੋਹਣਾ ਲੱਗਦਾ ਹੈ, ਤਾਂ ਬੱਚਾ ਕਹਿਣ ਲੱਗਾ, ਹਾਂ ਮਾਂ, ਬਹੁਤ ਸੋਹਣਾ ਲੱਗਦਾ। ਕਿੰਨਾ ਗੋਲ ਬਿਲਕੁਲ ਰੋਟੀ ਵਰਗਾ, ਮੇਰੇ ਨੇੜੇ ਹੋਵੇ ਤਾਂ ਮੈਂ ਇਸ ਨੂੰ ਹੀ ਖਾ ਕੇ ਭੁੱਖ ਮਿਟਾ ਲਵਾਂ। ਮਾਂ ਦੀਆਂ ਆਂਦਰਾਂ ਦਾ ਮਾਨੋ ਕਿਸੇ ਨੇ ਗੁੱਛਾ ਪਕੜ ਕੱਢ ਦਿੱਤਾ ਹੋਵੇ। ਭੁੱਖਾ ਬੰਦਾ ਵੀ ਕਦੇ ਧਰਮ ਦੀ ਗੱਲ ਨਹੀਂ ਕਰ ਸਕਦਾ। ਇਸ ਲਈ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਆਪਣਾ ਮਿਸ਼ਨ ਪ੍ਰਚਾਰਨ ਲਈ ਭੁੱਖੇ ਦੇ ਪੇਟ ਵਿੱਚ ਰੋਟੀ ਪਾਉਣਾ ਹੀ ਸੱਚਾ ਸੌਦਾ ਸਮਝਿਆ। ਪਿਤਾ ਜੀ ਨੇ ਵੀਹ ਰੁਪਏ ਦਿੱਤੇ ਸਨ ਕਿ ਕੋਈ ਸੱਚਾ ਸੌਦਾ ਕਰ ਆਵੀਂ ਪਰ ਆਪ ਜੀ ਨੇ ਐਸਾ ਸੱਚਾ ਸੌਦਾ ਕੀਤਾ ਕਿ ਅੱਜ ਤਕ ਲੋਕਾਈ ਉਹਨਾਂ ਵੀਹ ਰੁਪਿਆਂ ਦਾ ਲੰਗਰ ਨਹੀਂ ਮੁਕਾ ਸਕੀ। ਫਿਰ ਕਿਸੇ ਦੇ ਪੇਟ ਵਿਚ ਰੋਟੀ ਪੁਆਉਣ ਬਦਲੇ ਪ੍ਰਮੇਸ਼ਵਰ ਦੇ ਰੂਪ ਗੁਰੂ ਨਾਨਕ ਪਾਤਿਸ਼ਾਹ ਨੇ ਪਿਤਾ ਜੀ ਕੋਲੋਂ ਚਪੇੜਾਂ ਖਾ ਕੇ ਵੀ ਧੰਨਵਾਦ ਕੀਤਾ ਸੀ। ਜਿਥੇ ਗੁਰਦੇਵ ਜੀ ਦੇ ਚਰਣ ਪੈ ਜਾਣ ਤਾਂ ਇਹ ਅਸਥਾਨ

ਪਵਿੱਤਰ ਹੋ ਜਾਂਦਾ ਹੈ।

ਸਤਿਗੁਰੂ ਜੀ ਨੇ ਕੇਵਲ ਧਰਮੀ ਖੁਰਾਕ ਖਾਣਾ ਹੀ ਨਹੀਂ ਦੱਸਿਆ, ਨਾਲ ਧਰਮ ਦੀ ਕਿਰਤ ਕਰਨੀ ਵੀ ਦੱਸੀ। ਖਾਣਾ ਬਹੁਤ ਸੌਖਾ ਪਰ ਧਰਮ ਦਾ ਕਮਾਉਣਾ ਬਹੁਤ ਔਖਾ, ਇਹ ਗੱਲ ਸੰਸਾਰ ਦੀ ਜ਼ਬਾਨ ਦਾ ਸ਼ਿੰਗਾਰ ਸੀ ਪਰ ਸਾਹਿਬ ਜੀ ਨੇ ਆਪ ਧਰਮ ਦੀ ਕਿਰਤ ਕਰਕੇ, ਕਮਾ ਕੇ ਵੀ ਦੱਸਿਆ। ਸਿਰਫ ਵੀਹ ਰੁਪਏ ਖਰਚ ਹੀ ਨਹੀਂ ਕੀਤੇ ਬਲਕਿ ਕਮਾਈ ਵੀ ਕੀਤੀ। ਤਲਵੰਡੀ ਵਿੱਚ ਹਰ ਰੋਜ਼ ਕਲੇਸ਼ ਰਹਿਣ ਲੱਗ ਪਿਆ। ਰਾਏ ਬੁਲਾਰ ਜੀ ਨੇ ਪ੍ਰਬੰਧ ਕਰਕੇ ਬੇਬੇ ਨਾਨਕੀ ਜੀ ਦੇ ਪਤੀ ਭਾਈ ਜੈ ਰਾਮ ਜੀ ਨਾਲ ਸਲਾਹ ਕਰਕੇ ਨਵਾਬ ਦੌਲਤ ਖ਼ਾਨ ਕੋਲ ਮੋਦੀ ਦੀ ਕਿਰਤ ਵਾਸਤੇ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਨੌਕਰੀ ਉਪਰ ਲਗਾ ਦਿੱਤਾ। ਕੁਝ ਸਮੇਂ ਮਗਰੋਂ ਕਾਲੂ ਜੀ ਆਏ ਤੇ ਆਪਣੇ ਪੁੱਤਰ ਨੂੰ ਕਮਾਈ ਕਰਦੇ ਤੱਕ ਕੇ ਬਹੁਤ ਖੁਸ਼ ਹੋਏ। ਵੀਚਾਰਾਂ ਹੋਈਆਂ ਕਿ ਜਿੰਨਾ ਕੁ ਧਨ ਜੋੜਿਆ ਹੈ, ਉਹ ਮੈਂ ਸੰਭਾਲ ਕੇ ਲੈ ਜਾਂਦਾ ਹਾਂ। ਪਰ ਸਤਿਗੁਰੂ ਜੀ ਨੇ ਜਵਾਬ ਦਿੱਤਾ ਕਿ ਪਿਤਾ ਜੀ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮੋਦੀ ਖਾਨੇ ਦੀ ਕਾਰ ਵਿੱਚ ਕਮਾਈ ਬਹੁਤ ਹੈ ਪਰ ਇਥੇ ਕਮਾਈ ਰੁੱਕਦੀ ਨਹੀਂ। ਇਥੇ ਤਾਂ ਜਿਹੜਾ ਧਨ ਤੁਸੀਂ ਕਹਿੰਦੇ ਹੋ, ਇਧਰ ਆਉਂਦਾ ਹੈ ਤੇ ਇਧਰੋਂ ਚਲਾ ਜਾਂਦਾ ਹੈ। ਕਵੀ ਸੰਤੋਖ ਸਿੰਘ ਜੀ ਨੇ ਬੜੀ ਸੁੰਦਰ ਵਿਚਾਰ ਆਖੀ ਹੈ।

ਬਹੁ ਕਾਲਿ ਭਇਓ ਸੁਲਤਾਨਪੁਰੇ ਕਿਰਤ ਮੋਦੀ ਤੇ ਕੀਨੀ ਹੈ ਕੇਤੀ ਕਮਾਈ ॥
ਸੁਨਿ ਪੰਕਜ ਲੋਚਨ ਬੈਨ ਭਨੇ ਬਹੁ ਕਰੀਂ ਕਮਾਈ ਆਨਿ ਇਸ ਥਾਈ ॥
ਨਾਹਿ ਹਾਥਿ ਮੈਂ ਆਧਿ ਕਰੈ ਥਿਰਤਾ ਇਤ ਆਵਤ ਹੈ ਉਤ ਕੋ ਚਲ ਜਾਈ ॥

ਅਸਲ ਵਿਚ ਸਤਿਗੁਰੂ ਜੀ ਨੇ ਇਹ ਕਮਾਈ ਕੀਤੀ ਕਿ ਕਦੇ ਕੁਝ ਭੁੱਖੇ ਲੋਕਾਂ ਨੂੰ ਭੋਜਨ ਛਕਾਇਆ ਸੀ ਪਰ ਇਥੇ ਸੁਲਤਾਨਪੁਰ ਦੇ ਹਰ ਭੁੱਖੇ ਨੂੰ ਪ੍ਰਸ਼ਾਦਾ ਮਿਲ ਜਾਂਦਾ ਸੀ। ਦੁਨੀਆਂ ਅੰਦਰ ਸਭ ਤੋਂ ਵੱਡਾ ਝਗੜਾ ਅਹੰਕਾਰ ਦਾ ਹੀ ਹੈ ਜਿਸ ਦਾ ਨਿਪਟਾਰਾ ਵੀ ਸੁਲਤਾਨਪੁਰ ਵਿਚ ਕੀਤਾ ਸੀ। ਮਨੁੱਖ ਸਾਰੀ ਜਿੰਦਗੀ 'ਮੈਂ' ਤੇ 'ਮੇਰਾ' ਇਨ੍ਹਾਂ ਦੋ ਸ਼ਬਦਾਂ ਵਿੱਚ ਗਰਕਿਆ ਰਹਿੰਦਾ ਹੈ। ਪਰ ਚੋਜੀ ਪ੍ਰੀਤਮ ਨੇ ਸੁਲਤਾਨਪੁਰ ਵਿੱਚ ਹੀ ਭਾਈ ਭਗੀਰਥ ਨਾਲ ਵੀਚਾਰ ਕਰਦਿਆਂ 'ਮੇਰੇ' ਦੀ ਥਾਂ 'ਤੇ 'ਤੇਰਾ' ਹੋਣ ਦਾ ਵਲ ਸਿਖਾਇਆ। ਭਾਈ ਭਗੀਰਥ ਜੀ ਨੇ ਆ ਕੇ ਕਿਹਾ ਕਿ ਬਾਬਾ ਜੀ ਰਸਦ ਲੈਣੀ ਹੈ। ਭਾਈ ਭਗੀਰਥ ਧਰਮੀ ਤਾਂ ਸੀ ਪਰ ਮਾਰਗ ਨਹੀਂ ਸੀ ਲੱਭਾ। ਸਾਹਿਬ ਜੀ ਉਸਦੀ ਚਾਦਰ ਵਿੱਚ ਗਿਣ ਕੇ ਪਾਉਣ ਲੱਗ ਪਏ ਰਸਦ। ਹਰ ਤੋਲ ਦੇ ਨਾਲ ਇਕ ਇਕ ਹੀ ਕਹੀ ਜਾਣ ਤਾਂ ਭਾਈ ਭਗੀਰਥ ਜੀ ਨੇ ਹੈਰਾਨ ਹੋ ਕੇ ਕਿਹਾ ਕਿ ਬਾਬਾ ਜੀ ਇਕ ਨਹੀਂ ਹੁਣ ਤਾਂ ਸੱਤ ਹੋ ਗਿਆ ਹੈ। ਫਿਰ ਸਾਹਿਬ ਸੱਤ ਸੱਤ

ਹੀ ਕਹਿੰਦੇ ਰਹੇ ਪਰ ਫਿਰ ਭਾਈ ਭੰਗੀਰਥ ਜੀ ਨੇ ਕਿਹਾ ਕਿ ਬਾਬਾ ਜੀ ਬਸ ਕਰੋ ਹੁਣ ਤੇਰਾਂ ਹੋ ਗਿਆ। ਸਤਿਗੁਰੂ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ ਕਿ ਧੰਨ ਹੈ ਜਿਹੜਾ ਤੇਰਾ ਹੋ ਗਿਆ। ਭਾਈ ਭਗੀਰਥ ਜੀ ਨੇ ਆਖਿਆ ਬਾਬਾ ਮੋਦੀ ਕਿਰਤ ਨੂੰ ਛੱਡਦੇ, ਨਹੀਂ ਤਾਂ ਸਭ ਕੁਝ ਘਰ ਘਾਟ ਵੇਚ ਕੇ ਵੀ ਕਰਜ਼ਾ ਨਹੀ ਉਤਰਨਾ, ਤੈਨੂੰ ਤਾਂ ਗਿਣਨਾ ਭੀ ਨਹੀ ਆਉਂਦਾ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ ਭਾਈ, ਸਿਖਾਉਣ ਵਾਲਾ ਕੋਈ ਨਹੀਂ ਆਇਆ, ਆ ਬੈਠ ਦੋ ਤਿੰਨ ਅੱਖਰ ਮੈਨੂੰ ਵੀ ਦੱਸ ਜਾ। ਭਾਈ ਭਗੀਰਥ ਜੀ ਕਹਿਣ ਲੱਗੇ, ਤਿੰਨ ਹੀ ਅੱਖਰ ਕਿਉਂ ਆਖੇ ਤਾਂ ਸਾਹਿਬ ਜੀ ਨੇ ਕਿਹਾ ਕਿ ਨਦਰਿ ਵਿੱਚ ਤਾਂ ਤਿੰਨੇ ਹੀ ਅੱਖਰ ਹਨ। ਪਹਿਲਾ ਭਾਈ ਪ੍ਰਮੇਸਵਰ ਇਕ ਹੈ, ਦੂਜਾ ਨਹੀਂ। ਫਿਰ ਮੈਂ ਆਖਿਆ ਕਿ ਉਹ ਹੀ ਸਤਿ ਹੈ, ਬਾਕੀ ਸਭ ਕੁਝ ਫਾਨੀ ਹੈ, ਤੀਜਾ ਆਖਿਆ ਸੀ ਕਿ ਮਨੁੱਖ ਨੂੰ ਸਭ ਤੋਂ ਪਰਮ ਸੁਖ ਮਿਲਦੇ ਜਦੋਂ ਤੇਰਾ ਹੋ ਜਾਂਦਾ ਹੈ। ਮੇਰੇ ਵਿਚ ਠੋਕਰਾਂ ਤੇ ਤੇਰੇ ਵਿੱਚ ਸੁੱਖ ਹੈ। ਇਹ ਵੀਚਾਰਾਂ ਸੁਣ ਭਾਈ ਭਗੀਰਥ ਜਿਹੜਾ ਕਾਲੀ ਮਾਈ ਦਾ ਭਗਤ ਸੀ, ਸਾਹਿਬ ਜੀ ਦੇ ਦਰ ਦਾ ਮੁਰੀਦ ਬਣ ਗਿਆ। ਇਸੇ ਹੀ ਧਰਮ ਦੇ ਚਿਰਾਗ ਤੋਂ ਭਾਈ ਮਨਮੁੱਖ ਵਰਗਾ ਚਿਰਾਗ ਜਗਿਆ। ਜਿਸ ਭਾਈ ਮਨਮੁੱਖ ਤੋਂ ਫਿਰ ਸਿਵਨਾਭ ਰਾਜਾ ਤੇ ਰਾਜੇ ਤੋਂ ਸਾਰੀ ਰਾਜੇ ਦੀ ਪਰਜਾ ਧਰਮੀ ਬਣ ਗਈ। ਸਾਹਿਬ ਜੀ ਤੋਂ ਪਹਿਲਾਂ ਸੁਲਤਾਨਪੁਰ ਕਈ ਯਾਦਾਂ ਸੰਭਾਲੀ ਬੈਠਾ ਸੀ ਪਰ ਸਤਿਗੁਰੂ ਜੀ ਦੇ ਮੁਬਾਰਿਕ ਚਰਣਾਂ ਦੀ ਛੋਹ ਦੇ ਕਾਰਨ ਇਹ ਅਸਥਾਨ ਪਵਿੱਤਰ ਹੋ ਗਿਆ। ਜਿਥੇ ਹਰ ਸ਼ਰਧਾਲੂ ਦਾ ਮਸਤੱਕ ਝੁਕ ਜਾਂਦਾ ਹੈ। ਕਿਉਂਕਿ "*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ .....*"

ਇਕ ਟੈਂਕੀ ਦਾ ਪਾਣੀ ਬਹੁਤ ਸੰਭਾਲ ਕੇ ਵਰਤਣਾ ਪੈਂਦਾ ਹੈ ਕਿਉਂਕਿ ਖ਼ਤਮ ਹੋਣ ਦਾ ਡਰ ਹਮੇਸ਼ਾਂ ਬਣਿਆ ਰਹਿੰਦਾ ਹੈ। ਇਹ ਇਕ ਮਨੁੱਖ ਦੀ ਪੈਦਾਇਸ਼ ਹੈ ਪਰ ਜਿਹੜਾ ਪਾਣੀ ਚਸ਼ਮੇ ਵਿੱਚ ਫੁੱਟਿਆ, ਉਹ ਦਿਨ ਰਾਤ ਵਗਦਾ ਰਹਿੰਦਾ ਹੈ ਕਿਉਂਕਿ ਉਹ ਤੇਰੀ ਮਰਜ਼ੀ ਨਾਲ ਫੁੱਟਿਆ। ਬਸ ਇਸੇ ਹੀ ਤਰ੍ਹਾਂ ਲੋਕ ਵੇਖਦੇ ਹਨ ਕਿ ਇਥੇ ਆਇਆ ਹਰ ਬੰਦਾ ਬੇਇਮਾਨੀ ਕਰਦਾ ਹੈ ਪਰ ਇਹ ਬਾਬਾ ਨਾਨਕ ਧਰਮੀ ਹੀ ਧਰਮ ਕਮਾਉਂਦੇ ਨੇ, ਇਕ ਦਿਨ ਜ਼ਰੂਰ ਘਾਟਾ ਖਾਣਗੇ। ਕਈਆਂ ਨੇ ਸ਼ਿਕਾਇਤਾਂ ਵੀ ਲਾਈਆਂ। ਆਖਰ ਇਕ ਦਿਨ ਹਿਸਾਬ ਕਿਤਾਬ ਕੀਤਾ ਤਾਂ ਹੈਰਾਨੀ ਹੋਈ ਕਿ ਨਿੰਦਕ ਲੋਕਾਂ ਨੂੰ ਘਾਟੇ ਦੀ ਥਾਂ 'ਤੇ ਵਾਧਾ ਹੀ ਵਾਧਾ ਹੋਇਆ, ਹੁਣ ਤਕ ਭੁੱਖੇ ਨੂੰ ਪ੍ਰਸ਼ਾਦਾ ਦੇ ਕੇ ਤੇ ਫਿਰ ਭੁੱਖੇ ਨੂੰ ਕਮਾਈ ਕਰਨ ਦਾ ਵਲ ਸਿਖਾ ਕੇ ਆਪ ਅਗਲੇਰੇ ਕਾਰਜ ਦੀ ਤਿਆਰੀ ਲਈ ਜੁੱਟ ਪਏ। ਵੇਈਂ ਨਦੀ 'ਤੇ ਨਿੱਤ ਦੀ ਕਿਰਿਆ ਵਾਂਗ ਇਸ਼ਨਾਨ ਕਰਨ ਗਏ ਪਰ ਵਾਪਸ ਨਾ ਪਰਤੇ, ਅਣਗਿਣਤ ਲੋਕਾਂ ਦੀਆਂ ਅਣਗਿਣਤ

ਹੀ ਗੱਲਾਂ ਸਨ ਪਰ ਧੰਨ ਹਨ ਬੇਬੇ ਨਾਨਕੀ ਜੀ! ਜਿਨ੍ਹਾਂ ਦੀ ਅੱਖ ਨੇ ਅਲਾਹੀ ਨੂਰ ਪਹਿਚਾਣਿਆ ਸੀ। ਬੇਬੇ ਨਾਨਕੀ ਜੀ ਨਾ ਤਾਂ ਆਪ ਹੀ ਰੋਏ ਤੇ ਨਾ ਹੀ ਕਿਸੇ ਨੂੰ ਰੋਣ ਦਿੱਤਾ। ਹਰ ਇਕ ਨੂੰ ਇਕੋ ਹੀ ਕਹਿਣ ਕਿ ਉਨ੍ਹਾਂ ਦੀ ਆਗਿਆ ਲੈ ਕੇ ਚਲਣ ਵਾਲਾ ਪਾਣੀ ਉਨ੍ਹਾਂ ਨੂੰ ਕਿਵੇਂ ਡੁਬੋ ਸਕਦਾ ਹੈ। ਸੱਚੇ ਸਿਦਕ ਨੂੰ ਸੱਚ ਦਾ ਫਲ ਲੱਗਾ ਕਿ ਸਾਰੇ ਹੈਰਾਨ ਹੋ ਗਏ ਜਿਹੜੇ ਤਿੰਨ ਦਿਨਾਂ ਤੋਂ ਅਥਾਹ ਮਿਹਨਤ ਕਰਕੇ ਭਾਲ ਕਰ ਰਹੇ ਸਨ ਪਰ ਕੁਝ ਵੀ ਨਹੀਂ ਸੀ ਮਿਲਿਆ ਪਰ ਅੱਜ ਦਰਸ਼ਨ ਕਰ ਹੈਰਾਨ ਹੋਏ ਕਿ ਕਿਥੋਂ ਪ੍ਰਗਟ ਹੋ ਗਏ।

ਭਾਈ ਗੁਰਦਾਸ ਜੀ ਦੀ ਕਲਮ ਨੇ ਨਿਪਟਾਰਾ ਕੀਤਾ ਕਿ ਤਿੰਨ ਦਿਨ ਵੇਈਂ ਨਦੀ 'ਤੇ ਸਾਹਿਬ ਜੀ ਨੇ ਕੀ ਕੀਤਾ ਸੀ।

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥
ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ॥
ਚੜ੍ਹਿਆ ਸੋਧਣਿ ਧਰਤਿ ਲੁਕਾਈ ॥ (ਵਾਰ ੧, ਪਉੜੀ ੨੪)

ਮੋਦੀਖਾਨੇ ਦੀ ਕਿਰਤ ਨਾਲ ਤਾਂ ਕੇਵਲ ਪੇਟ ਦੀ ਹੀ ਅੱਗ ਬੁਝਾਈ ਸੀ ਪਰ ਨਾਮ ਵਿਹੂਣੀ ਸੜਦੀ ਲੋਕਾਈ ਵੇਖ ਕੇ ਆਤਮਾ ਲਈ ਭੋਜਨ ਦੀ ਥਾਂ ਹੁਣ ਭਜਨ ਦੀ ਦਾਤ ਵੰਡਣ ਵਾਸਤੇ ਪ੍ਰਮੇਸ਼ਵਰ ਦੇ ਮੋਦੀਖਾਨੇ ਦੀ ਚਾਬੀ ਇਸੇ ਹੀ ਸੁਲਤਾਨਪੁਰ ਵਿੱਚ ਸੰਭਾਲੀ। ਤਿੰਨ ਦਿਨ ਮਗਰੋਂ ਪ੍ਰਗਟ ਹੋ ਕੇ ਘਰ ਨਹੀਂ ਸੀ ਪਰਤੇ ਬਲਕਿ ਸ਼ਮਸ਼ਾਨ ਭੂਮੀ 'ਚ ਚਲੇ ਗਏ। ਸਾਰਿਆਂ ਨੇ ਇਥੇ ਆਉਣ ਦਾ ਕਾਰਨ ਪੁੱਛਿਆ ਤਾਂ ਸਾਹਿਬ ਜੀ ਆਖਣ ਲੱਗੇ, ਸਭ ਤੋਂ ਵੱਡਾ ਡਰ ਮੌਤ ਦਾ ਹੀ ਹੈ ਪਰ ਇਸ ਡਰ ਤੋਂ ਮੁਕਤੀ ਪ੍ਰੇਮ ਹੀ ਦਿਵਾਉਂਦਾ ਹੈ, ਜਿਹੜਾ ਕੰਮ ਮੈਂ ਆਰੰਭ ਕਰਨ ਲੱਗਾ ਹਾਂ, ਇਹ ਕੰਮ ਉਹੋ ਹੀ ਕਰ ਸਕਣਗੇ ਜਿਨ੍ਹਾਂ ਦੇ ਅੰਦਰ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ ੧੪੧੨)

ਦਾ ਚਾਅ ਹੋਵੇਗਾ। ਇਹ ਕੰਮ ਸਿਰ 'ਤੇ ਕੱਫਣ ਬੰਨ੍ਹਣ ਵਰਗਾ ਹੈ, ਇਸੇ ਲਈ ਇਸ ਦਾ ਆਰੰਭ ਸ਼ਮਸ਼ਾਨ ਭੂਮੀ ਤੋਂ ਕਰਨਾ ਚਾਹੁੰਦਾ ਹਾਂ। ਸਤਿਗੁਰੂ ਜੀ ਨੇ ਇਥੇ ਹੀ ਹੋਕਾ ਮਾਰਿਆ ਸੀ ਕਿ ਸਭ ਤੋਂ ਉੱਤਮ ਇਨਸਾਨੀਅਤ ਹੈ। ਇਨਸਾਨੀਅਤ ਸਿਖਾਉਣ ਵਾਸਤੇ ਹੀ ਧਰਮ ਦੀ ਲੋੜ ਹੈ। ਇਸ ਲਈ ਬਚਨ ਕੀਤੇ ਕਿ "*ਨ ਕੋਈ ਹਿੰਦੂ ਤੇ ਨ ਮੁਸਲਮਾਨ ਹੈ*" ਪਰ ਇਹ ਸੱਚ ਦਾ ਹੋਕਾ ਕਈਆਂ ਨੂੰ ਚੁਭਿਆ। ਦੌਲਤ ਖ਼ਾਨ ਕੋਲ ਸ਼ਿਕਾਇਤਾਂ ਗਈਆਂ। ਪਰਖ ਲਈ ਇਕੋ ਸਾਧਨ ਵਰਤਿਆ ਕਿ ਜੇ ਤੁਹਾਡੀ ਨਜ਼ਰ ਵਿੱਚ ਇਨਸਾਨੀਅਤ ਉੱਚੀ ਹੈ ਤਾਂ ਫਿਰ ਸਾਡੇ

ਨਾਲ ਮਸਜਿਦ ਚਲੋ ਤੇ ਨਿਮਾਜ਼ ਅਦਾ ਕਰੋ। ਸਤਿਗੁਰੂ ਜੀ ਨਾਲ ਚਲੇ ਗਏ। ਨਿਮਾਜ਼ ਵਿਚ ਨਵਾਬ ਦੌਲਤ ਖਾਨ, ਕਾਜ਼ੀ ਤੇ ਹੋਰ ਨਿਮਾਜ਼ੀ ਵੀ ਸਨ। ਨਿਮਾਜ਼ ਪੜ੍ਹਦਿਆਂ ਸਾਹਿਬ ਅਡੋਲ ਖਲੋਤੇ ਰਹੇ ਤੇ ਨਾਲ ਹੀ ਹੱਸ ਪਏ। ਮਗਰੋਂ ਕਾਜ਼ੀ ਨੇ ਕ੍ਰੋਧਿਤ ਹੋ ਕੇ ਕਿਹਾ ਕਿ ਤੁਸੀਂ ਨਿਮਾਜ਼ ਦੀ ਤੌਹੀਨ ਕੀਤੀ ਹੈ ਤਾਂ ਸਾਹਿਬ ਜੀ ਨੇ ਆਖਿਆ ਕਿ ਪ੍ਰਮੇਸ਼ਵਰ ਦੇ ਬਚਨਾਂ ਦੀ ਕੋਈ ਕਿਵੇਂ ਤੌਹੀਨ ਕਰ ਸਕਦਾ ਹੈ। ਕਾਜ਼ੀ ਕਹਿਣ ਲੱਗਾ ਕਿ ਫਿਰ ਸਾਡੇ ਨਾਲ ਨਿਮਾਜ਼ ਅਦਾ ਕਿਉਂ ਨਹੀਂ ਕੀਤੀ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਕਾਜ਼ੀ ਸਾਹਿਬ ਤੁਸਾਂ ਨਿਮਾਜ਼ ਸਿਰਫ ਪੜ੍ਹੀ ਹੈ । ਤਨ ਕਰਕੇ ਮਨ ਕਰਕੇ ਅਦਾ ਨਹੀ ਕੀਤੀ। ਪੜ੍ਹਨ ਤੇ ਅਦਾ ਕਰਨ ਵਿਚ ਬਹੁਤ ਅੰਤਰ ਹੈ। ਤੁਹਾਡਾ ਮਨ ਤਾਂ ਘਰ ਵਿੱਚ ਵਛੇਰੀ ਮਗਰ ਘੁੰਮਦਾ ਰਿਹਾ। ਨਵਾਬ ਦੌਲਤ ਖ਼ਾਂ ਕਾਬਲ ਵਿਚ ਘੋੜੇ ਖਰੀਦਦਾ ਸੀ। ਤੁਸੀਂ ਦੋਵੇਂ ਹੀ ਨਿਮਾਜ਼ ਅਦਾ ਕਰਨ ਲਈ ਲੈ ਕੇ ਆਏ ਸੀ। ਮੈਂ ਕਿਸ ਨਾਲ ਨਿਮਾਜ਼ ਅਦਾ ਕਰਦਾ। ਇਹ ਸਭ ਤੋਂ ਪਹਿਲਾ ਉਪਦੇਸ਼ ਸੀ ਜਿਹੜਾ ਸੁਲਤਾਨ ਪੁਰ ਵਿਖੇ ਵੰਡਿਆ ਗਿਆ। ਇਸ ਇਕ ਸੱਚੀ ਨਿਮਾਜ਼ ਨੇ ਸਾਰਿਆਂ ਨੂੰ ਰੱਬੀ ਇਬਾਦਤ ਦੇ ਧਾਰਨੀ ਬਣਾ ਦਿੱਤਾ ਕਿਉਂਕਿ "*ਜਿਥੇ ਬਾਬਾ ਪੈਰੁ ਧਰਿ* ....."

ਭਾਈ ਮਰਦਾਨਾ ਜੀ ਤੇ ਬੇਬੇ ਨਾਨਕੀ ਜੀ ਅਤੇ ਭਾਈਆ ਜੈ ਰਾਮ ਜੀ ਆਦਿਕ ਨਾਲ ਇਕ ਸਲਾਹ ਹੋਈ ਕਿ ਅਜਿਹਾ ਹੀ ਸਾਰੇ ਸੰਸਾਰ ਵਿਚ ਹੋ ਰਿਹਾ ਹੈ। ਧਾਰਮਿਕ ਕਰਮ ਕਰਦਿਆਂ ਵੀ ਲੋਕੀਂ ਧਰਮ ਦੀ ਪਰਿਭਾਸ਼ਾ ਭੁੱਲ ਗਏ ਹਨ। ਇਸ ਲਈ ਇਹ ਸੱਦਾ ਦੇਣ ਵਾਸਤੇ ਅਸਾਂ ਲੰਮੀਆਂ ਯਾਤਰਾਵਾਂ ਕਰਨੀਆਂ ਹਨ। ਭਾਈ ਮਰਦਾਨਾ ਜੀ ਨੂੰ ਭੇਜ ਕੇ ਭਾਈ ਫਿਰੰਦਾ ਜੀ ਕੋਲੋਂ ਰਬਾਬ ਮੰਗਵਾਈ। ਇਕ ਗੱਲ ਹੋਰ ਹੈ – ਭਾਈ ਫਿਰੰਦਾ ਜੀ ਨੇ ਕਿਹਾ ਸੀ ਕਿ ਭਾਈ ਮਰਦਾਨਾ ਜੀ, ਇਸ ਰਬਾਬ ਦੀ ਕੀਮਤ ਬਹੁਤ ਭਾਰੀ ਹੈ। ਇਹ ਕੀਮਤ ਆਪ ਜੀ ਵਰਗੇ ਧਨੀ ਹੀ ਉਤਾਰ ਸਕਦੇ ਹਨ ਜਿਨ੍ਹਾਂ ਨੇ ਆਪਾ ਗੁਰੂ ਨਾਨਕ ਮਹਾਰਾਜ ਜੀ ਨੂੰ ਭੇਟ ਕੀਤਾ। ਭਾਈ ਫਿਰੰਦਾ ਜੀ ਨੇ ਕਿਹਾ ਕਿ ਇਸ ਦੀ ਕੀਮਤ ਇਹੋ ਹੀ ਹੈ ਕਿ ਇਹ ਰਬਾਬ ਸਿਰਫ ਗੁਰੂ ਨਾਨਕ ਪਾਤਿਸ਼ਾਹ ਦੇ ਹਜ਼ੂਰ ਹੀ ਵਜਾਇਓ, ਬਸ ਇਸ ਦੀ ਕੀਮਤ ਪੂਰੀ ਹੋ ਜਾਏਗੀ। ਭਾਈ ਮਰਦਾਨਾ ਜੀ ਨੇ ਇਹ ਰਬਾਬ ਕੇਵਲ ਸਾਹਿਬ ਦੇ ਹਜ਼ੂਰ ਹੀ ਵਜਾਈ। ਬੇਬੇ ਨਾਨਕੀ ਜੀ ਤੇ ਭਾਈ ਜੈ ਰਾਮ ਜੀ ਨੂੰ ਬਾਬਾ ਸ੍ਰੀ ਚੰਦ, ਲਖਮੀ ਦਾਸ ਤੇ ਸੁਲੱਖਣੀ ਜੀ ਅਤੇ ਤਲਵੰਡੀ ਵਿਖੇ ਮਾਤਾ ਪਿਤਾ ਦਾ ਖ਼ਿਆਲ ਰੱਖਣ ਦਾ ਬਚਨ ਕਹਿ ਕੇ ਸੇਵਾ ਸੌਂਪੀ ਤੇ ਆਪ ਲੋਕਾਈ ਸੋਧਣ ਤੁਰ ਪਏ।

"*ਚੜ੍ਹਿਆ ਸੋਧਣਿ ਧਰਤਿ ਲੁਕਾਈ*" ਭਾਈ ਗੁਰਦਾਸ ਜੀ ਦੇ ਬਚਨ ਪੂਰਨ ਤਿਆਰੀ ਦਾ ਸੰਕੇਤ ਹਨ। ਕਹਿੰਦੇ ਹਨ ਮਹਾਤਮਾ ਬੁੱਧ ਜਦੋਂ ਘਰੋਂ ਤੁਰੇ ਤਾਂ ਪਹਿਲੀ ਵਾਰੀ ਬੂਹੇ ਤੋਂ

ਕਦਮ ਵਾਪਸ ਆ ਗਏ। ਘਰ-ਵਾਲੀ ਦੀ ਮਮਤਾ ਨੇ ਜ਼ੰਜੀਰ ਪਾ ਲਈ ਪਰ ਫਿਰ ਮਨ ਪੱਕਾ ਕਰ ਤੁਰੇ, ਮੁੜ ਪਿਛਾਂਹ ਦੇਖਿਆ, ਨਿੱਕੜੇ ਜਿਹੇ ਆਪਣੀ ਮਾਂ ਨਾਲ ਲੱਗ ਕੇ ਸੁੱਤੇ ਆਪਣੇ ਪੁੱਤਰ ਨੂੰ ਦੇਖ ਕੇ ਮੁੜ ਆਏ ਪਰ ਤੀਜੀ ਵਾਰੀ ਮਨ ਕਰੜਾ ਕਰਕੇ ਘਰ ਦੀ ਦਹਲੀਜ਼ ਨੂੰ ਵੇਖਿਆ ਸੀ। ਪਰ ਧੰਨ ਹਨ ਗੁਰੂ ਨਾਨਕ ਸਾਹਿਬ ਜੀ ਜਿਨ੍ਹਾਂ ਨੇ ਕਿਸੇ ਦੀ ਵੀ ਮੋਹ ਮਮਤਾ ਨੂੰ ਰਾਹ ਦੀ ਰੁਕਾਵਟ ਨਹੀਂ ਬਣਨ ਦਿੱਤਾ ਤੇ ਨਾ ਹੀ ਮਹਾਤਮਾ ਬੁੱਧ ਵਾਂਗੂ ਰਾਤੀ ਚੋਰੀ ਛੱਡ ਕੇ ਚਲੇ ਗਏ ਬਲਕਿ ਦਿਨ ਦਿਹਾੜੇ ਸਭ ਨੂੰ ਮਿਲ ਕੇ ਚੱਲੇ ਸਨ ਜਦ ਕਿ ਅਨੇਕਾਂ ਤਿੱਖੇ ਬੋਲ ਬੋਲਣ ਵਾਲਿਆਂ ਵਿੱਚ ਸਾਹਿਬ ਜੀ ਦੀ ਸੱਸ ਚੰਦੋ ਰਾਣੀ ਵੀ ਸੀ। ਪਰ ਕੋਈ ਵੀ ਕਦਮ ਨਾ ਰੋਕ ਸਕਿਆ ਕਿਉਂਕਿ ਧਰਤੀ 'ਤੇ ਵਰਤ ਰਹੇ ਪਾਪਾਂ ਨੂੰ ਠੱਲ੍ਹ ਪਾਉਣ "*ਕਲਿ ਤਾਰਣਿ ਗੁਰੂ ਨਾਨਕ ਆਇਆ*" ਸੀ। ਸਭ ਤੋਂ ਪਹਿਲਾ ਵੱਡਾ ਕਾਰਨ ਤੀਰਥਾਂ 'ਤੇ ਪਾਪਾਂ ਦਾ ਬਣਿਆ ਹੋਇਆ ਸੀ। ਇਸ ਲਈ ਪਹਿਲਾ ਪ੍ਰਚਾਰ ਦੋਹਾਂ ਤੀਰਥਾਂ ਆਦਿ ਵੱਲ ਹੀ ਕੀਤਾ। ਭਾਈ ਮਰਦਾਨਾ ਜੀ ਸਮੇਤ ਪਹਿਲਾਂ ਨਿਕਲੇ ਕਦਮ ਇੱਕ ਨਗਰ ਦੀਪਾਲਪੁਰ ਦੇ ਬਾਹਰ ਇਕ ਕੋਹੜੀ ਦੀ ਬਣੀ ਹੋਈ ਝੋਂਪੜੀ ਦੇ ਬਾਹਰ ਰੁੱਕ ਗਏ। ਇਥੇ ਵੱਸਦੇ ਕੋਹੜੀ ਦਾ ਇਹ ਹਾਲ ਸੀ ਕਿ ਝੁੱਗੀ ਤੋਂ ਬਾਹਰ ਇਕ ਮਿੱਟੀ ਦਾ ਕੁੱਜਾ ਰੱਖਿਆ ਹੋਇਆ ਸੀ ਜੇਕਰ ਕੋਹੜੀ ਕੋਈ ਕੱਪੜਾ ਪਹਿਨਦਾ ਹੈ ਤਾਂ ਉਸ ਵਿਚੋਂ ਸਿਮਦਾ ਪਾਣੀ ਨਾਲ ਚਮੇੜ ਲੈਂਦਾ ਸੀ ਤੇ ਜਖ਼ਮ ਛਿੱਲੇ ਜਾਂਦੇ ਸਨ। ਇਸ ਕਰਕੇ ਕੱਪੜਾ ਨਹੀ ਪਹਿਨ ਸਕਦਾ ਸੀ ਤੇ ਨੰਗੇ ਸਰੀਰ 'ਤੇ ਮੱਖੀਆਂ ਬੈਠ ਬੈਠ ਕੇ ਦੁਖੀ ਕਰਦੀਆਂ ਸਨ। ਇਸ ਕਰਕੇ ਕੋਹੜੀ ਝੁੱਗੀ ਅੰਦਰ ਹੀ ਰਹਿੰਦਾ ਸੀ। ਦੂਸਰੀ ਗੱਲ ਉਸਦੀ ਸ਼ਕਲ ਵੀ ਬਦਸ਼ਕਲ ਹੋ ਗਈ ਸੀ। ਸਾਹਿਬਾਂ ਦੇ ਪੈਰਾਂ ਦੀ ਆਹਟ ਸੁਣ ਕੇ ਕਹਿਣ ਲੱਗਾ ਕਿ ਭਾਈ ਕੌਣ ਹੋ ? ਚਲੇ ਜਾਉ, ਇਹ ਇਕ ਕੋਹੜੀ ਦੀ ਝੁੱਗੀ ਹੈ। ਪਰ ਸਾਹਿਬ ਜੀ ਝੁੱਗੀ ਦਾ ਬੂਹਾ ਖੋਲ੍ਹ ਅੰਦਰ ਚਲੇ ਗਏ। ਕੋਹੜੀ ਨੂੰ ਵੀ ਪਤਾ ਨਹੀ ਧੀਰਜ ਕਿਵੇਂ ਬੱਝ ਗਿਆ। ਸਾਹਿਬ ਦੀ ਛਾਤੀ ਨਾਲ ਲੱਗ ਕੇ ਬਹੁਤ ਰੋਇਆ। ਮਨੁੱਖੀ ਸ਼ਕਲ ਤੱਕੀ ਨੂੰ ਵੀ ਕਾਫੀ ਸਮਾਂ ਹੋ ਗਿਆ ਸੀ। ਸਤਿਗੁਰੂ ਜੀ ਨੇ ਕੋਲ ਬਿਠਾ ਕੇ ਅੰਮ੍ਰਿਤ ਪਵਿੱਤਰ ਬਾਣੀ ਦਾ ਸ਼ਬਦ ਪੜ੍ਹਿਆ।

ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ (ਪੰਨਾ ੬੬੧)

ਸ਼ਬਦ ਦੇ ਅਰਥ ਸਮਝਾਏ, ਮਾਲਕ ਦੀ ਸਵੱਲੀ ਨਦਰਿ ਦਾ ਸਦਕਾ ਸਿਆਣੇ ਆਖਦੇ ਹਨ ਕਿ "*ਜੋ ਬਾਤ ਦੁਆ ਸੇ ਬਨ ਨ ਸਕੇ ਵੋ ਬਾਤ ਦੁਆ ਸੇ ਹੋਤੀ ਹੈ। ਜਬ ਮੁਰਸ਼ਿਦ ਕਾਮਿਲ ਮਿਲਤਾ ਹੈ ਤਬ ਬਾਤ ਖੁਦਾ ਸੇ ਹੋਤੀ ਹੈ।*" ਕੋਹੜੀ ਨੂੰ ਅਰੋਗਤਾ ਦੀ ਦਾਤ ਬਖਸ਼ੀ ਜਿਹੜਾ

ੴ

ਦੁਨੀਆਂ ਦਾ ਠੁਕਰਾਇਆ ਹੋਇਆ ਸੀ, ਗੁਰੂ ਨਾਨਕ ਸਾਹਿਬ ਦੇ ਘਰ ਸਤਿਕਾਰਿਆ ਗਿਆ। ਇਸੇ ਲਈ ਤਾਂ ਭਾਈ ਗੁਰਦਾਸ ਜੀ ਆਖਦੇ ਹਨ ਕਿ "*ਜਿਥੇ ਬਾਬਾ ਪੈਰੁ ਧਰਿ..*"

ਦੀਪਾਲਪੁਰ ਵਿੱਚ ਇਕ ਕੋਹੜੀ 'ਤੇ ਕਹਿਰ ਵਰਤਦਾ ਸੀ ਪਰ ਹੁਣ ਸਾਹਿਬ ਦੇ ਕਦਮਾਂ ਨੇ ਉਹ ਮਾਰਗ ਪਕੜਿਆ ਜਿਹੜਾ ਦਿਨ ਰਾਤ ਕਹਿਰ ਵਰਤਣ ਵਾਲੀ ਥਾਂ ਵੱਲ ਜਾਂਦਾ ਸੀ। ਹੁਣ ਉਸ ਅਸਥਾਨ ਨੂੰ ਪੂਜਾ ਆਸਣਿ ਥਾਪਨਿ ਕਰਨਾ ਸੀ। ਸਤਿਗੁਰੂ ਜੀ ਇਥੋਂ ਚੱਲ ਕੇ ਅਨੇਕਾਂ ਪਾਪੀਆਂ ਨੂੰ ਤਾਰਦੇ, ਦੁਨੀਆਂ ਨੂੰ ਰਾਹੇ ਪਾਉਂਦੇ ਹੋਏ ਅਨੇਕਾਂ ਨੂੰ ਸਵਾਰਦੇ ਲਹੌਰ ਪੁੱਜ ਗਏ। ਜਿਸ ਬਾਰੇ ਸਾਹਿਬ ਜੀ ਨੇ ਆਪ ਬਚਨ ਆਖੇ ਸਨ "*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥*" ਇਹ ਅਸਥਾਨ ਵੀ ਕਈ ਯਾਦਾਂ ਸੰਭਾਲੀ ਬੈਠਾ ਹੈ। ਇਥੇ ਹੀ ਦੁਨੀ ਚੰਦ ਆਪਣੇ ਵੱਡਿਆਂ ਦਾ ਸ਼ਰਾਧ ਕਰ ਰਿਹਾ ਸੀ। ਸਾਹਿਬ ਜੀ ਨੂੰ ਵੀ ਸੱਦਿਆ ਗਿਆ। ਸਤਿਗੁਰੂ ਜੀ ਨੇ ਜਿੱਥੇ ਸ਼ਰਾਧ ਬਾਰੇ ਉਪਦੇਸ ਕੀਤਾ, ਉਥੇ ਝੂਲਦੇ ਝੰਡਿਆਂ ਵੱਲ ਤੱਕ ਕੇ ਕਹਿਣ ਲੱਗੇ ਕਿ ਇਹ ਕੀ ਗੱਲ ਦਾ ਸੂਚਕ ਹਨ? ਪਰ ਦੁਨੀ ਚੰਦ ਹੰਕਾਰੀ ਹੋ ਕੇ ਹੱਸਣ ਲੱਗਾ ਤੇ ਕਹਿਣ ਲੱਗਾ ਕਿ ਇਹ ਤਾਂ ਮੇਰੇ ਧਨਾਢ ਹੋਣ ਦੀ ਨਿਸ਼ਾਨੀ ਹਨ। ਪਰ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਤੇ ਕਿਹਾ ਕਿ ਤੂੰ ਤਾਂ ਬਹੁਤ ਵੱਡਾ ਕੰਗਾਲ ਹੈਂ। ਫਿਰ ਦੁਨੀ ਚੰਦ ਸਮਝਾਉਣ ਲੱਗਾ, ਮੇਰੇ ਕੋਲ ਬਹੁਤ ਧਨ ਹੈ ਤਾਂ ਸਤਿਗੁਰੂ ਜੀ ਨੇ ਸਮਝਾਉਣ ਦੀ ਖਾਤਰ ਬਚਨ ਕੀਤਾ ਕਿ ਇਕ ਮੇਰੀ ਸੂਈ ਲੈ ਜਾ, ਮੈਂ ਹਰ ਰੋਜ਼ ਥਾਂ-ਥਾਂ ਵਿਚਰਦਾ ਹਾਂ, ਕਿਧਰੇ ਗਵਾਚ ਨਾ ਜਾਵੇ, ਮੈਂ ਪ੍ਰਲੋਕ ਵਿਚ ਲੈ ਲਵਾਂਗਾ। ਤੂੰ ਯਾਦ ਨਾਲ ਲੈ ਆਵੀਂ। ਸੂਈ ਲੈ ਕੇ ਘਰ ਚਲਾ ਗਿਆ। ਘਰ ਵਾਲੀ ਨਾਲ ਗੱਲ ਕੀਤੀ ਪਰ ਘਰ ਵਾਲੀ ਕਹਿਣ ਲੱਗੀ ਸੂਈ ਪ੍ਰਲੋਕ ਵਿਚ ਨਹੀਂ ਜਾਣੀ। ਕਹਿਣ ਲੱਗਾ ਕਿਸੇ ਨੌਕਰ ਹੱਥ ਭੇਜ ਦੇਣਾ ਫਿਰ ਘਰ ਵਾਲੀ ਨੇ ਕਿਹਾ ਕਿ ਮੈਂ ਵੀ ਨਹੀਂ ਜਾ ਸਕਦੀ, ਕਹਿਣ ਲੱਗਾ, ਅੱਛਾ, ਮੇਰੇ ਹੀ ਬੋਝੇ ਪਾ ਦੇਵੀਂ। ਘਰ ਵਾਲੀ ਫਿਰ ਕਹਿਣ ਲੱਗੀ ਕਿ ਇਹ ਸਰੀਰ ਵੀ, ਕੱਪੜੇ ਵੀ ਇਥੇ ਹੀ ਰਹਿ ਜਾਣੇ ਹਨ। ਨਾਲ ਕਿਸੇ ਨੇ ਵੀ ਨਹੀਂ ਜਾਣਾ। ਦੂਸਰੇ ਦਿਨ ਨਿਰਾਸ਼ਤਾ ਦੇ ਕਦਮਾਂ ਨਾਲ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਹੋਇਆ ਤੇ ਕਹਿਣ ਲੱਗਾ, ਸਾਹਿਬ ਜੀ! ਇਹ ਸੂਈ ਨਾਲ ਨਹੀ ਜਾਣੀ ਤਾਂ ਸਤਿਗੁਰੂ ਜੀ ਕਹਿਣ ਲੱਗੇ ਜਿਹੜਾ ਧਨ ਜੋੜੀ ਬੈਠਾ ਹੈਂ ਇਹ ਨਾਲ ਜਾਵੇਗਾ, ਤਦ ਸੋਝੀ ਹੋਈ ਫਿਰ ਸਾਹਿਬ ਆਖਣ ਲੱਗੇ ਜਿਸਦੇ ਕੋਲ ਪ੍ਰਲੋਕ ਲੈ ਜਾਣ ਲਈ ਕੁਝ ਨਹੀਂ ਤਾਂ ਫਿਰ ਉਹ ਕੰਗਾਲ ਹੀ ਹੈ। ਸਾਹਿਬ ਜੀ ਨੇ ਇਥੇ ਹੀ ਆਸਾ ਦੀ ਵਾਰ ਦੀਆਂ ੧੩ ਪਉੜੀਆਂ ਉਚਾਰੀਆਂ ਸਨ। ਦੁਨੀ ਚੰਦ ਸਾਹਿਬਾਂ ਜੀ ਤੋਂ ਸੱਚ ਦਾ ਉਪਦੇਸ ਲੈ ਉਸਨੂੰ ਕਮਾਉਣ ਲੱਗ ਪਿਆ। ਇਕ ਹੰਕਾਰੀ ਮਾਇਆਧਾਰੀ ਦਾ ਘਰ ਹੁਣ ਰੱਬ ਦੀ ਇਬਾਦਤਗਾਹ ਬਣ ਚੁੱਕਾ ਸੀ। "*ਜਿਥੇ ਬਾਬਾ ਪੈਰੁ ਧਰਿ..*"

'ਲਾਹੌਰ ਸਹਰੁ ਜਹਰੁ ਕਹਰੁ' ਨੂੰ ਮਾਲਕ ਦੀ ਸਿਫਤ ਸਲਾਹ ਦੀ ਲੜੀ ਵਿੱਚ ਪਰੋ ਦੇਣ ਮਗਰੋਂ ਸਤਿਗੁਰੂ ਜੀ ਮੁਬਾਰਿਕ ਕਦਮਾਂ ਨਾਲ ਧਿਆਸੀ ਧਰਤੀ ਦੀ ਧਿਆਸ ਬੁਝਾਉਂਦਿਆਂ ਐਮਨਾਬਾਦ ਪਹੁੰਚੇ। ਇਸ ਐਮਨਾਬਾਦ ਵਿੱਚ ਵੱਸਦੇ ਮਲਕ ਭਾਗੋ ਨੂੰ ਸਾਰੇ ਜਾਣਦੇ ਸਨ। ਐਮਨਾਬਾਦ ਦਾ ਹਾਕਮ ਜਾਲਮ ਖਾਂ ਜਿਸ ਦੇ ਪਾਸ ਇਹ ਮਲਕ ਭਾਗੋ ਨਾਂ ਦਾ ਇਕ ਆਦਮੀ ਰਹਿੰਦਾ ਸੀ। ਉਸ ਦੇ ਨਾਮ ਦਾ ਇਕ ਸਿੱਕਾ ਸੀ, ਨੂੰ ਵੀ ਸਲਾਮਾਂ ਸਨ। ਪਰ ਅਸਲ ਵਿੱਚ ਇੱਥੇ ਅਸਥਾਨ ਦੇ ਸਿੰਗਾਰ ਭਾਈ ਲਾਲੋ ਨੂੰ ਬਹੁਤ ਘੱਟ ਲੋਕੀਂ ਜਾਣਦੇ ਸਨ। ਇਕ ਗੁਰੂ ਤੇ ਪ੍ਰਮੇਸਵਰ ਹੀ ਹੈ ਜਿਹੜਾ ਗਰੀਬ ਦਾ ਨਹੀਂ ਭੁੱਲਦਾ ਬਾਕੀ ਸੰਸਾਰ ਸਾਰਾ ਹੀ ਭੁੱਲ ਜਾਂਦਾ ਹੈ। ਇਥੇ ਹੀ ਧਰਮ ਦੀ ਪਵਿੱਤਰ ਕਾਰ ਕਰਨ ਵਾਲੇ ਦੇ ਘਰ ਹੀ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਗਏ। ਮਲਕ ਭਾਗੋ ਸੈਦਪੁਰ ਦੇ ਲੋਕਾਂ ਦੇ ਜੀਵਨ ਨੂੰ ਰੱਜ ਕੇ ਸਤਾ ਰਿਹਾ ਸੀ। ਇਹੋ ਜਿਹੀ ਹੀ ਪੁਕਾਰ ਸੁਣ ਕੇ ਤਾਂ ਪ੍ਰਮੇਸਵਰ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਭੇਜਿਆ ਸੀ। ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ। ਦਿਖਾਵੇ ਦੇ ਕਰਮਾਂ ਦੀ ਖ਼ਾਤਰ ਬ੍ਰਾਹਮਣਾਂ ਨੂੰ ਖੁਸ਼ ਕਰਨ ਵਾਸਤੇ ਸੂਦਰ ਆਦਿਕ ਲੋਕਾਂ ਦਾ ਪ੍ਰਬੰਧ ਵੱਖਰਾ ਕੀਤਾ। ਜਦੋਂ ਮਲਕ ਭਾਗੋ ਦਾ ਨੌਕਰ ਹੋਕਾ ਦਿੰਦਾ ਫਿਰ ਰਿਹਾ ਸੀ ਕਿ ਹਰ ਕੋਈ ਮਲਕ ਜੀ ਦੇ ਘਰ ਹੀ ਭੋਜਨ ਛੱਕੇ ਤਾਂ ਇਧਰ ਗੁਰੂ ਨਾਨਕ ਸਾਹਿਬ ਜੀ ਭਾਈ ਲਾਲੋ ਨੂੰ ਪ੍ਰਸ਼ਾਦਾ ਪਕਵਾਉਣ ਲਈ ਕਹਿ ਰਹੇ ਸਨ। ਗੱਲ ਮਲਕ ਭਾਗੋ ਤਕ ਵੀ ਪਹੁੰਚੀ, ਉਹ ਫਿਰ ਬੁਲਾਉਣ ਵਾਸਤੇ ਆਏ। ਸਾਹਿਬ ਜੀ ਨੇ ਪਰਮ ਸੇਵਕ ਭਾਈ ਮਰਦਾਨਾ ਜੀ ਨੂੰ ਬਚਨ ਆਖੇ ਕਿ ਅਸਾਂ ਭੋਜਨ ਤਾਂ ਭਾਈ ਲਾਲੋ ਦਾ ਹੀ ਛਕਣਾ ਹੈ ਪਰ ਛੱਕਣਾ ਮਲਕ ਭਾਗੋ ਦੇ ਘਰ ਜਾ ਕੇ ਹੈ। ਇਸ ਲਈ ਪ੍ਰਸ਼ਾਦਾ ਲੈ ਚਲੋ। ਪ੍ਰਸ਼ਾਦਾ ਲੈ ਕੇ ਚਲੇ ਗਏ। ਸਾਹਿਬ ਜੀ ਨੇ ਜਾ ਕੇ ਮਲਕ ਭਾਗੋ ਨੂੰ ਸਪਸ਼ਟ ਕੀਤਾ ਕਿ ਲੋਕਾਂ ਨੂੰ ਸਤਾ ਕੇ ਕਮਾਏ ਧਨ ਨਾਲ ਕੀਤੇ ਬ੍ਰਹਮ ਭੋਜ ਦੀਆਂ ਪੂੜੀਆਂ ਵਿਚੋਂ ਲਹੂ ਹੀ ਨਿਕਲਦਾ ਹੈ ਪਰ ਭਾਈ ਲਾਲੋ ਵਾਂਗ ਦਸਾਂ ਨਹੁੰਆਂ ਨਾਲ ਕੀਤੀ ਪਵਿੱਤਰ ਕਮਾਈ ਨਾਲ ਦੁੱਧ ਨਿਕਲਦਾ ਹੈ। ਮਲਕ ਭਾਗੋ ਦਾ ਹੰਕਾਰ ਹੀ ਨਹੀਂ ਤੋੜਿਆ ਬਲਕਿ ਜਿਨ੍ਹਾਂ ਲੋਕਾਂ ਨੂੰ ਸਤਾ ਰਿਹਾ ਸੀ, ਉਨ੍ਹਾਂ ਦਾ ਹਮਦਰਦੀ ਬਣ ਕੇ ਜਿਥੇ ਹਰ ਰੋਜ਼ ਇਨਸਾਨੀਅਤ 'ਤੇ ਕਹਿਰ ਕਰਦਾ ਸੀ। ਉਥੇ ਉਸਨੂੰ ਇਨਸਾਨੀਅਤ ਦਾ ਪੁਜਾਰੀ ਬਣਾ ਦਿੱਤਾ। ਐਮਨਾਬਾਦ ਵਿੱਚ ਬਹੁਤ ਤਰਖਾਣ ਹੋਏ ਅਤੇ ਹੋਣਗੇ ਪਰ ਭਾਈ ਲਾਲੋ ਦਾ ਘਰ ਸੱਚੀ ਧਰਮਸ਼ਾਲਾ ਬਣ ਗਿਆ ਸੀ। ਮਲਕ ਭਾਗੋ ਦਾ ਘਰ ਸੱਚੀ ਪੂਜਾ ਦਾ ਅਸਥਾਨ ਬਣ ਗਿਆ ਸੀ ਕਿਉਂਕਿ "**ਜਿਥੈ ਬਾਬਾ ਪੈਰੁ ਧਰਿ........**" ਧੰਨ ਗੁਰੂ ਨਾਨਕ ਸਾਹਿਬ ਜੀ ਹਰਿਦੁਆਰ ਪਹੁੰਚੇ। ਅਸਥਾਨ ਦਾ ਨਾਂ ਤਾਂ ਹਰਿਦੁਆਰ ਸੀ ਪਰ ਹਰੀ ਦੇ ਦੁਆਰੇ ਦੀ ਕਿਸੇ ਨੂੰ ਵੀ ਸੋਝੀ ਨਹੀਂ ਸੀ। ਹਰਿਦੁਆਰੀਆਂ

ਨੂੰ ਹਰਿਦੁਆਰ ਪਹੁੰਚਾਉਣ ਲਈ ਸਤਿਗੁਰਾਂ ਇਕ ਨਿਆਰਾ ਜਿਹਾ ਕੌਤਕ ਇਸ ਧਰਤੀ 'ਤੇ ਵਰਤਾਇਆ। ਕੁਝ ਲੋਕ ਗੰਗਾ ਕਿਨਾਰੇ ਸੂਰਜ ਨੂੰ ਪਾਣੀ ਦੇ ਰਹੇ ਸਨ। ਕਦੇ ਇਹ ਅੱਖਾਂ ਦੀ ਇਕ ਕਸਰਤ ਸੀ ਕਿ ਸਵੇਰੇ ਸਵੇਰੇ ਪਾਣੀ ਦੀ ਧਾਰ ਬੰਨ੍ਹ ਕੇ ਉਸ ਵਿਚੋਂ ਦੀ ਸੂਰਜ ਨੂੰ ਤੱਕਣਾ। ਇਸ ਤਰ੍ਹਾਂ ਕਰਨ ਦੇ ਨਾਲ ਅੱਖਾਂ ਦੀ ਅਰੋਗਤਾ ਬਣੀ ਰਹਿੰਦੀ ਹੈ। ਪਰ ਮਗਰੋਂ ਬਦਕਿਸਮਤੀ ਨਾਲ ਬਹੁਤੀਆਂ ਗੱਲਾਂ ਧਰਮ ਦੇ ਠੇਕੇਦਾਰਾਂ ਨੇ ਧਰਮ ਦੇ ਨਾਲ ਜੋੜ ਕੇ ਲੋਕਾਈ ਨੂੰ ਖੂਬ ਲੁੱਟਿਆ। ਇਥੇ ਸਤਿਗੁਰੂ ਜੀ ਆਪ ਵੀ ਚੜ੍ਹਦੇ ਦੀ ਥਾਂ ਪੱਛਮ ਵੱਲ ਮੁਖਾਰਬਿੰਦ ਕਰਕੇ ਜਲ ਸੁਟਣ ਲੱਗ ਪਏ। ਪਹਿਲਾਂ ਕੁਝ ਮੁਖੀਏ ਸਮਝਾਉਣ ਆਏ ਪਰ ਸਤਿਗੁਰੂ ਜੀ ਅਡੋਲ ਲੱਗੇ ਰਹੇ। ਮਗਰੋਂ ਜਦੋਂ ਇਕੱਤ੍ਰਤਾ ਵੱਧ ਗਈ ਤਾਂ ਇਕ ਬੜਾ ਸਰਲ ਜਿਹਾ ਸੁਆਲ ਪੁੱਛਿਆ ਕਿ ਤੁਸੀ ਪਾਣੀ ਕਿਉਂ ਦੇ ਰਹੇ ਹੋ? ਉਹਨਾਂ ਬੜੇ ਮਾਣ ਨਾਲ ਕਿਹਾ ਕਿ ਅਸੀਂ ਸੂਰਜ ਨੂੰ ਪਾਣੀ ਦੇ ਰਹੇ ਹਾਂ ਤਾਂ ਸਾਹਿਬ ਜੀ ਆਖਣ ਲੱਗੇ ਠੀਕ ਹੈ। ਪਰ ਮੈਂ ਵੀ ਠੀਕ ਹੀ ਕਰ ਰਿਹਾ ਹਾਂ। ਪਰ ਉਨ੍ਹਾਂ ਪੁੱਛਿਆ ਕਿ ਤੁਸੀਂ ਤਾਂ ਪੱਛਮ ਨੂੰ ਪਾਣੀ ਸੁੱਟ ਰਹੇ ਹੋ। ਸਤਿਗੁਰੂ ਜੀ ਆਖਣ ਲੱਗੇ ਕਿ ਜੇ ਤੁਹਾਡਾ ਦਿੱਤਾ ਹੋਇਆ ਪਾਣੀ ਸੂਰਜ ਤਕ ਪਹੁੰਚ ਸਕਦਾ ਹੈ ਤਾਂ ਮੈਨੂੰ ਚੇਤਾ ਆ ਗਿਆ ਕਿ ਮੈਂ ਤਲਵੰਡੀ ਵਿਖੇ ਆਪਣੀ ਖੇਤੀ ਨੂੰ ਪਾਣੀ ਦੇ ਦਿਆਂ, ਮਾਪੇ ਬਜ਼ੁਰਗ ਹਨ, ਹੋ ਸਕਦਾ ਪਾਣੀ ਕਿਸੇ ਨਾ ਦਿੱਤਾ ਹੋਵੇ। ਸਾਰੇ ਹੱਸ ਪਏ ਤੇ ਕਹਿਣ ਲੱਗੇ ਕਿ ਇਹ ਤਲਵੰਡੀ ਕਿਵੇਂ ਪਹੁੰਚ ਜਾਵੇਗਾ। ਇਹ ਤਾਂ ਨਿਰੀ ਮੂਰਖਤਾਈ ਹੈ। ਸਾਹਿਬ ਜੀ ਨੇ ਮੌਕਾ ਵੇਖ ਸਮਝਾਇਆ ਕਿ ਜੇ ਮੇਰਾ ਪਾਣੀ ਇਸ ਧਰਤੀ 'ਤੇ ਹੀ ਵੱਸਦੀ ਤਲਵੰਡੀ ਨਹੀਂ ਪਹੁੰਚਦਾ ਤਾਂ ਤੁਹਾਡਾ ਇਥੋਂ ਸੁੱਟਿਆ ਪਾਣੀ ਆਕਾਸ਼ ਵਿੱਚ ਸੂਰਜ ਤਕ ਕਿਵੇਂ ਪਹੁੰਚਦਾ ਹੈ। ਮੈਂ ਤਾਂ ਸਿਰਫ ਅੱਜ ਹੀ ਅਜਿਹਾ ਕੀਤਾ ਹੈ, ਤੁਸੀਂ ਹਰ ਰੋਜ਼ ਕਰਕੇ ਅਮੋਲਕ ਸਮਾਂ ਨਸ਼ਟ ਕਰ ਰਹੇ ਹੋ। ਸਾਰਿਆਂ ਨੇ ਫਿਰ ਗੁਰਮਤਿ ਦਾ ਉਪਦੇਸ਼ ਲੈ ਕੇ ਕਮਾਇਆ ਜਿਸ ਦੀ ਯਾਦ ਸੰਭਾਲੀ ਬੈਠਾ ਪਵਿੱਤਰ ਅਸਥਾਨ ਨਾਨਕਵਾੜਾ ਗੁਰਦੁਆਰਾ ਸਾਹਿਬ ਮਾਨੋ ਅੱਜ ਵੀ ਕਹਿ ਰਿਹਾ ਹੋਵੇ "*ਜਿਥੈ ਬਾਬਾ ਪੈਰੁ ਧਰਿ ...*"

ਇਸੇ ਹਰਿਦੁਆਰ ਦੇ ਅਸਥਾਨ 'ਤੇ ਹੀ ਧੰਨ ਗੁਰੂ ਨਾਨਕ ਜੀ ਨੇ ਭਾਈ ਮਰਦਾਨਾ ਜੀ ਨੂੰ ਆਖਿਆ ਕਿ ਉਸ ਸਾਹਮਣੇ ਵਾਲੇ ਸਾਧੂ ਜੀ ਕੋਲੋਂ ਅੱਗ ਲੈ ਆਵੇ। ਭਾਈ ਸਾਹਿਬ ਜੀ ਨੇ ਅਦਬ ਨਾਲ ਬੇਨਤੀ ਕੀਤੀ। ਪਰ ਸਾਧੂ ਆਪ ਹੀ ਤਪ ਕਰਕੇ ਤਪਿਆ ਹੋਇਆ ਸੀ। ਇਕ ਬਲਦੀ ਲੱਕੜੀ ਲੈ ਕੇ ਭਾਈ ਮਰਦਾਨਾ ਜੀ ਦੇ ਮਗਰ ਪੈ ਗਿਆ। ਭਾਈ ਸਾਹਿਬ ਅੱਗੇ ਅੱਗੇ ਸਾਧੂ ਪਿੱਛੇ-ਪਿੱਛੇ ਸਤਿਗੁਰੂ ਜੀ ਕੋਲ ਪਹੁੰਚੇ ਤਾਂ ਸਾਹਿਬਾਂ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਸਾਧੂ ਜੀ ਆਪ ਜੀ ਨੇ ਕਿਉਂ ਖੇਚਲ ਕੀਤੀ। ਭਾਈ ਮਰਦਾਨਾ ਜੀ ਨੂੰ ਹੀ

ਪਕੜਾ ਦੇਣੀ ਸੀ। ਪਰ ਸਾਧੂ ਅੱਗ ਵਾਂਗੂ ਹੀ ਤਪਿਆ ਬੋਲਿਆ ਕਿ ਇਸ ਨੀਚ ਜਾਤੀ ਵਾਲੇ ਨੇ ਮੇਰਾ ਚੌਂਕਾ ਭ੍ਰਿਸ਼ਟ ਕਰ ਦਿੱਤਾ। ਇਸ ਦਾ ਪਰਛਾਵਾਂ ਪੈ ਗਿਆ। ਸਾਹਿਬ ਜੀ ਨੇ ਬੜੇ ਪਿਆਰ ਨਾਲ ਕੋਲ ਬਿਠਾ ਕੇ ਪੁੱਛਿਆ ਕਿ ਇਹ ਸਭ ਕੁਝ ਕਿਸ ਵਾਸਤੇ ਕਰਦੇ ਹੋ ਤਾਂ ਕਹਿਣ ਲੱਗਾ ਕਿ ਸੁੱਚਮ ਨਾਲ ਹਿਰਦਾ ਸੱਚਾ ਰਹਿ ਸਕਦਾ ਹੈ। ਇਸ ਲਈ ਮੈਂ ਸੁੱਚਮ ਨਾਲ ਹੀ ਪ੍ਰਸ਼ਾਦ ਪਾਣੀ ਤਿਆਰ ਕਰਦਾ ਹਾਂ। ਸਾਹਿਬ ਜੀ ਨੇ ਆਖਿਆ ਕਿ ਭਾਈ ਬਾਹਰੀ ਸੁੱਚਮ ਦਾ ਨਿਰਾ ਖ਼ਿਆਲ ਰੱਖਣ ਵਾਲਿਆ ਹੁਣ ਤਕ ਵੀ ਤੇਰੇ ਹਿਰਦੇ ਵਿੱਚ ਨਾਮ ਨਹੀਂ ਵੱਸਿਆ, ਕਦੇ ਝਾਤ ਮਾਰੀ ਹੈ। ਸਾਧੂ ਹੈਰਾਨ ਹੋਇਆ ਤੇ ਪੁੱਛਿਆ, ਬਈ ਕਿਉਂ ਨਹੀਂ ਨਾਮ ਵੱਸਿਆ ? ਉਥੇ ਹੀ ਭਾਈ ਮਰਦਾਨਾ ਜੀ ਨੂੰ ਰਬਾਬ ਪਕੜਾ ਕੇ ਸਾਹਿਬਾਂ ਸ਼ਬਦ ਗਾਇਆ ਕਿ ਭਾਈ ਹਿਰਦਾ ਇਤਨਾ ਮਲੀਨ ਹੈ, ਦੱਸ ਨਾਮ ਕਿਥੇ ਨਿਵਾਸ ਕਰੇ ? ਬਾਹਰੋਂ ਪਾਖੰਡ ਕਰਨ ਵਾਲਿਆ ਆਪਣੇ ਅੰਦਰ ਝਾਤ ਮਾਰ ਕੇ ਦੇਖ ਅੰਦਰ ਕਿੰਨੇ ਨੀਚ ਜਾਤੀਆਂ ਵਾਲੇ ਨਿਵਾਸ ਕਰਦੇ ਹਨ। ਇਹ ਤਾਂ ਪ੍ਰਮੇਸ਼ਵਰ ਦੇ ਬੰਦੇ ਨੇ ਜਿਨ੍ਹਾਂ ਨੂੰ ਤੂੰ ਨੀਚ ਕਹਿੰਦਾ ਹੈਂ ਪਰ ਅਸਲ ਨੀਚ ਤਾਂ ਤੇਰੇ ਅੰਦਰ ਹਨ। ***ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ (ਪੰਨਾ ੯੧)***

ਸਾਧੂ ਨੇ ਬਲਦੀ ਲੱਕੜ ਹੀ ਨਹੀਂ ਤਿਆਗੀ ਅੱਜ ਅੰਦਰ ਸਾਰੀ ਈਰਖਾ ਕਰੋਧ, ਪਾਖੰਡ ਆਦਿਕ ਦੀ ਅੱਗ ਤਿਆਗ ਕੇ ਸੱਚਾ ਧਰਮੀ ਬਣ ਅਸਲੀ ਹਰਿਦੁਆਰ 'ਤੇ ਸੁਰਤਿ ਜੋੜ ਬੈਠ ਗਿਆ। ਪਾਖੰਡ ਕਰਕੇ ਇਨ੍ਹਾਂ ਅੰਦਰਲੀ ਅੱਗ ਵਿੱਚ ਸੜਦੇ ਲੋਕਾਂ ਦੇ ਹਿਰਦਿਆਂ ਵਿੱਚ ਠੰਡ ਵਰਤਾਉਣ ਕਰਕੇ ਹੀ ਤਾਂ ਭਾਈ ਗੁਰਦਾਸ ਜੀ ਦੀ ਪਵਿੱਤਰ ਕਲਮ ਨੇ ਇਹ ਬਚਨ ਕਹਿ ਦਿੱਤੇ ਕਿ "***ਜਿਥੇ ਬਾਬਾ ਪੈਰੁ ਧਰਿ..***"

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਆਪ ਹੀ ਪਵਿੱਤਰ ਬਚਨ ਕੀਤੇ ਕਿ ਦੁਨੀਆਂ ਨੂੰ ਤਿੰਨ ਲੁਟੇਰੇ ਲੁੱਟ ਰਹੇ ਹਨ ਜਿਨ੍ਹਾਂ ਵਿਚ "***ਬ੍ਰਾਹਮਣੁ ਨਾਵੈ ਜੀਆ ਘਾਇ***" ਦੇ ਕਹਿਰ ਤੋਂ ਬਚਾਉਣ ਲਈ ਸਤਿਗੁਰੂ ਜੀ ਨੇ ਇਹ ਉਪਰਾਲਾ ਕੀਤਾ ਕਿ ਇਥੇ ਉਦਾਸ ਵਿਚ ਹੀ ਇਨ੍ਹਾਂ ਤੀਰਥਾਂ ਦੇ ਨਾਂ ਹੇਠ ਪਾਪਾਂ ਦੇ ਅੱਡਿਆ 'ਤੇ ਗਏ। ਦੂਜਾ ਕਾਰਨ ਵੀ ਪਹਿਲੋਂ ਸਾਂਝਾ ਕੀਤਾ ਹੈ ਕਿ "***ਗੁਰਮੁਖਿ ਖੋਜਤ ਭਏ ਉਦਾਸੀ.***" ਇਸ ਲਈ ਸਤਿਗੁਰੂ ਜੀ ਵਿਚਰਦਿਆਂ ਵਿਚਰਦਿਆਂ ਹਰਿਦੁਆਰ ਤੋਂ ਸੱਚ ਦਾ ਸਬਕ ਬਖਸ਼ ਕੇ ਅੱਗੇ ਚਲ ਪਏ ਤੇ ਜਿਸ ਪਵਿੱਤਰ ਅਸਥਾਨ ਨੇ ਸਾਹਿਬ ਜੀ ਦੇ ਚਰਨ ਚੁੰਮੇ, ਉਸਨੂੰ ਨਾਨਕ ਮਤਾ ਦੇ ਅਸਥਾਨ ਨਾਲ ਯਾਦ ਕੀਤਾ ਜਾਂਦਾ ਹੈ। ਇਥੇ ਸਤਿਗੁਰੂ ਜੀ ਨੇ ਜੋਗੀਆਂ ਨੂੰ ਨਸ਼ਿਆਂ ਦੀ ਮਾੜੀ ਆਦਤ ਛੁਡਾ ਕੇ ਨਾਮ ਨਾਲ ਜੋੜਿਆ। ਇਥੇ ਹੀ ਰੀਠੇ ਮਿਠੇ ਹੋ ਗਏ ਜਦੋਂ ਜੋਗੀਆਂ ਨੇ ਕੁਝ ਖਾਣ ਲਈ ਮੰਗਿਆ

ਸੀ। ਭਾਈ ਮਰਦਾਨਾ ਜੀ ਨੇ ਵੀ ਮਿੱਠੇ ਰੀਠੇ ਛੱਕ ਕੇ ਆਨੰਦ ਮਾਣਿਆ ਸੀ। ਹੈਰਾਨੀ ਹੁੰਦੀ ਹੈ ਕਿ ਜਿੱਥੇ ਮੇਰੇ ਪਾਤਿਸ਼ਾਹ ਜੀ ਨੇ ਚਰਣ ਟਿਕਾਏ, ਇਹ ਅਸਥਾਨ ਗੋਰਖਮਤੇ ਆਦਿਕ ਨਾਂਵਾਂ ਨਾਲ ਪ੍ਰਸਿੱਧ ਸਨ ਪਰ ਸਾਹਿਬ ਦੀ ਵਡਿਆਈ ਕਰਕੇ ਨਾਨਕ ਮਤੇ ਦੇ ਨਾਮ ਨਾਲ ਸੁਸ਼ੋਭਿਤ ਹੋਇਆ। ਭਾਈ ਗੁਰਦਾਸ ਜੀ ਆਖਦੇ ਹਨ :

ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ ॥

ਆਉ ਵੀਚਾਰ ਕੇ ਵੇਖੀਏ ਕਿ ਪ੍ਰੀਤਮ ਦੇ ਚਰਨਾਂ ਦੀ ਛੋਹ ਪਾ ਕੇ ਉਹ ਰੀਠਾ ਅੱਜ ਵੀ ਮਿੱਠਾ ਹੋ ਕੇ ਪਿਆਰੇ ਦੀ ਮਿੱਠੜੀ ਛੋਹ ਦਾ ਹੋਕਾ ਦਿੰਦਾ ਹੈ। ਉਹ ਰੀਠਾ, ਰੀਠਾ ਨਾ ਰਿਹਾ ਬਲਕਿ ਰੀਠਾ ਸਾਹਿਬ ਹੋ ਗਿਆ ਜਿਸ ਕਰਕੇ ਆਪਾਂ ਵੀ ਸੁਆਮੀ ਦੀ ਛੋਹ ਹਾਸਲ ਕਰੀਏ ਫਿਰ ਆਪਾਂ ਵੀ ਮਿੱਠ ਬੋਲੜੇ ਸੁਆਮੀ ਵਰਗੇ ਹੀ ਬਣ ਜਾਵਾਂਗੇ। ਜਿਥੇ ਬਾਬਾ ਹੋਰ ਬਹੁਤ ਮਸ਼ਹੂਰ ਹਿੰਦੂ ਧਰਮ ਨਾਲ ਸੰਬੰਧਿਤ ਅਸਥਾਨ ਪ੍ਰਯਾਗ ਅਯੁੱਧਿਆ ਹੁੰਦੇ ਹੋਏ ਦਾਤਾਰ ਜੀ ਬਨਾਰਸ ਪਹੁੰਚੇ। ਇਥੇ ਵੀ ਭਰਮ ਦੇ ਜਾਲ ਵਿੱਚ ਫਸਾ ਕੇ ਦਿਨ ਰਾਤ ਹੀ ਕਹਿਰ ਵਰਤਦਾ ਸੀ। ਇਥੇ ਇਕ ਆਰਾ ਸੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਜਿਹੜਾ ਵੀ ਸਭ ਕੁਝ ਦਾਨ ਕਰਕੇ ਇਸ ਆਰੇ ਨਾਲ ਆਪਣੇ ਆਪ ਨੂੰ ਚਿਰਵਾ ਲਵੇ, ਉਹ ਸਵੱਰਗ ਨੂੰ ਜਾਵੇਗਾ। ਇਸ ਧਰਤੀ ਨੂੰ ਵੀ ਪਵਿੱਤਰ ਕਹਿੰਦੇ ਸਨ ਕਿ ਇਹ ਸ਼ਿਵ ਦੀ ਨਗਰੀ ਹੈ।

ਇਸ ਅਸਥਾਨ 'ਤੇ ਸਤਿਗੁਰੂ ਜੀ ਨੇ ਤਿੰਨ ਪ੍ਰਮੁੱਖ ਕੰਮ ਕੀਤੇ। ਪਹਿਲਾਂ ਤਾਂ ਸਾਰੇ ਭਰਮ ਜਾਲ ਤੋੜੇ। ਸੱਚ ਦਾ ਉਪਦੇਸ਼ ਦਿੱਤਾ। ਇਥੇ ਹੀ ਪੰਡਿਤ ਚਤਰ ਦਾਸ ਨਾਲ ਵੀਚਾਰ ਕਰਕੇ ਸਮਝਾਇਆ ਸੀ ਕਿ ਸੱਚਾ ਸਿਮਰਨ ਕਿਸੇ ਤੁਲਸੀ ਦੀ ਮਾਲਾ ਸਾਲਗ੍ਰਾਮ ਆਦਿਕ ਦਾ ਮੁਥਾਜ ਨਹੀਂ। ਭਗਤ ਨੂੰ ਇਨ੍ਹਾਂ ਦੀ ਗ਼ੁਲਾਮੀ ਦੀ ਜ਼ਰੂਰਤ ਨਹੀਂ। ਦੂਜੀ ਗੱਲ ਇਥੋਂ ਦੇ ਦੋ ਮਰਦ ਦਲੇਰ ਸੂਰਮਿਆਂ ਦੇ ਪਵਿੱਤਰ ਬਚਨ ਇਕੱਤਰ ਕੀਤੇ ਕਿਉਂਕਿ ਇਸੇ ਹੀ ਧਰਤੀ 'ਤੇ ਬਾਬਾ ਕਬੀਰ ਸਾਹਿਬ ਤੇ ਭਗਤ ਰਵੀਦਾਸ ਜੀ ਹੋਏ ਹਨ ਜਿਨ੍ਹਾਂ ਨੇ ਇਨ੍ਹਾਂ ਅਖੌਤੀ ਧਰਮੀਆਂ ਨੂੰ ਬਨਾਰਸ ਦੇ ਠੱਗ ਕਹਿ ਕੇ ਵੰਗਾਰਿਆ। ਇਨ੍ਹਾਂ ਦਲੇਰਾਂ ਦੀ ਬਾਣੀ ਅੱਜ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਫਿਰ ਸਭ ਤੋਂ ਵੱਡਾ ਕਰਮ ਕਿ ਭਾਈ ਕਿਸੇ ਆਰੇ ਨਾਲ ਸਿਰ ਚਰਵਾਇਆਂ ਮੁਕਤੀ ਨਹੀਂ ਬਲਕਿ ਰੱਬ ਦੀ ਬੰਦਗੀ ਨਾਲ ਮਿਲਦੀ ਹੈ। ਇਸ ਲਈ ਕਾਸ਼ੀ ਤੇ ਮਗਹਰ ਵਿੱਚ ਅੰਤਰ ਨਹੀਂ, ਅੰਤਰ ਤਾਂ ਮਨੁੱਖ ਦੀ ਕਰਣੀ ਵਿੱਚ ਹੁੰਦਾ ਹੈ। ਅੱਜ ਵੀ ਸਤਿਗੁਰੂ ਜੀ ਦੀ ਯਾਦ ਇਨ੍ਹਾਂ ਬਚਨਾਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ "*ਜਿਥੇ ਬਾਬਾ ਪੈਰੁ .....*"

ਇਥੋਂ ਵੀ "*ਚੜ੍ਹਿਆ ਸੋਧਣਿ ਧਰਤਿ ਲੁਕਾਈ*" ਦੇ ਪਾਂਧੀ ਅਗਲੇਰੇ ਪੰਧ ਲਈ ਚੱਲ

ਪਏ। ਗਯਾ ਤੋਂ ਹੁੰਦੇ ਹੋਏ ਆਖਿਰ ਪਟਨਾ ਸਾਹਿਬ ਪਹੁੰਚੇ। ਇਥੇ ਹੀ ਕੀਮਤੀ ਜੀਵਨ ਨੂੰ ਗਵਾ ਰਹੇ ਭੁੱਲੜ ਸੰਸਾਰ ਨੂੰ ਇਕ ਸੁੰਦਰ ਦਲੀਲ ਨਾਲ ਸਮਝਾਇਆ। ਇਕ ਦਿਨ ਭਾਈ ਮਰਦਾਨਾ ਜੀ ਨੂੰ ਇਕੀ ਹੀਰਾ ਦੇ ਕੇ ਆਖਿਆ ਕਿ ਜਾਵੋ ਇਹ ਵੇਚ ਆਵੋ ਪਰ ਇਹ ਬਹੁਤ ਕੀਮਤੀ ਹੈ, ਵੇਖ ਕੇ ਵੇਚਣਾ। ਭਾਈ ਸਾਹਿਬ ਜੀ ਲੈ ਕੇ ਹਲਵਾਈ ਕੋਲ ਗਏ, ਹਲਵਾਈ ਨੇ ਦੇਖ ਕੇ ਕਿਹਾ ਕਿ ਮੈਂ ਇਸ ਨਾਲ ਮਠਿਆਈ ਤੋਲ ਲਿਆ ਕਰਾਂਗਾ, ਇਸ ਲਈ ਇਸ ਪੱਥਰ ਦੇ ਬਦਲੇ ਦੋ ਸੇਰ ਮਠਿਆਈ ਲੈ ਲਵੋ। ਫਿਰ ਲੱਕੜਹਾਰੇ ਕੋਲ ਗਏ ਜਿਸ ਨੇ ਇਕ ਭਾਰ ਲੱਕੜਾਂ ਦੀ ਕੀਮਤ ਦੇਣੀ ਮੰਨੀ। ਬਜ਼ਾਜ ਨੇ ਦੋ ਗਜ ਕੱਪੜਾ ਦੇਣਾ ਮੰਨਿਆ ਤੇ ਫਿਰ ਵਿਚਰਦਿਆਂ ਸਾਲਸ ਰਾਇ ਕੋਲ ਗਏ, ਜਿਹਨਾਂ ਨੇ ਦੀਦਾਰ ਕਰਦਿਆਂ ਹੀ ਭਾਈ ਮਰਦਾਨਾ ਜੀ ਦਾ ਬਹੁਤ ਸਤਿਕਾਰ ਕੀਤਾ ਫਿਰ ਕੀਮਤ ਤਾਂ ਕੀ ਦੇਣੀ ਸੀ ਬਲਕਿ ਦਰਸ਼ਨੀ ਭੇਟ ਹੀ ਸੌ ਦਮੜਾ ਭੇਟ ਕੀਤਾ। ਸਤਿਗੁਰੂ ਜੀ ਦੇ ਵੀ ਦਰਸ਼ਨ ਕਰਨ ਆਇਆ ਤਾਂ ਸਾਹਿਬ ਜੀ ਨੇ ਇਕ ਬਚਨ ਕੀਤਾ ਕਿ ਸਾਲਸ ਜੀ ਆਪ ਜੀ ਨੇ ਇਹ ਪੱਥਰ ਤਾਂ ਪਰਖ ਲਿਆ ਪਰ ਆਪਣੇ ਹੀ ਸੋਹਣੇ ਘਰ ਵਿੱਚ ਪਏ ਹੀਰੇ ਦੀ ਪਰਖ ਨਹੀਂ ਕੀਤੀ, ਜਦੋਂ ਪੁੱਛਿਆ ਤਾਂ ਸਾਹਿਬ ਜੀ ਨੇ ਦੱਸਿਆ ਕਿ ਤੇਰੇ ਹੀ ਘਰ ਦਾ ਨੌਕਰ ਭਾਈ ਅਧਰਕਾ ਇਕ ਮਹਾਨ ਪਵਿੱਤਰ ਆਤਮਾ ਹੈ, ਜੇ ਸੁਖ ਲੈਣਾ ਚਾਹੁੰਦਾ ਹੈਂ ਤਾਂ ਆਪਣੇ ਹੀ ਨੌਕਰ ਦੀ ਸੇਵਾ ਚਿੱਤ ਲਾ ਕੇ ਕਰਿਆ ਕਰ। ਸਾਲਸ ਰਾਇ ਆਪ ਹੀ ਧਰਮੀ ਨਹੀਂ ਬਣਿਆ ਬਲਕਿ ਇਸ ਦਾ ਘਰ ਵੀ ਪੂਜਾ ਦਾ ਅਸਥਾਨ ਬਣ ਗਿਆ। ਬਾਬੇ ਦੇ ਪੈਰਾਂ ਭਾਵ ਚਰਣਾਂ ਦੀ ਹੀ ਕਰਾਮਾਤ ਸੀ।

ਇਥੋਂ ਵੀ ਹਜ਼ੂਰ ਚਾਲੇ ਪਾ ਢਾਕਾ ਰਾਹੀਂ ਲੰਘ ਕੇ ਧਨਪੁਰ ਪੁੱਜੇ। ਇਥੇ ਵੀ ਮਨੁੱਖਤਾ ਨਾਲ ਦਿਨ ਦਿਹਾੜੇ ਮਜ਼ਾਕ ਹੁੰਦਾ ਸੀ। ਇਥੇ ਹੀ ਇਕ ਸੱਚ ਦੇ ਰਾਹ ਤੋਂ ਖੁੰਝ ਕੇ ਨੂਰ ਸ਼ਾਹ ਨਾਂ ਦੀ ਜਾਦੂਗਰਨੀ ਆਏ ਗਏ ਰਾਹੀਆਂ ਨਾਲ ਜਾਦੂ ਕਾਰਨ ਬੁਰਾ ਸਲੂਕ ਕਰਦੀ ਸੀ। "*ਕਲਿ ਤਾਰਣਿ ਗੁਰੁ ਨਾਨਕੁ ਆਇਆ*" ਇਹ ਧੰਨ ਗੁਰੂ ਨਾਨਕ ਸਾਹਿਬ ਜੀ ਕਿਵੇਂ ਬਰਦਾਸ਼ਿਤ ਕਰ ਸਕਦੇ ਸਨ। ਇਨ੍ਹਾਂ ਨੇ ਆਪਣੇ ਸਾਥੀ ਭਾਈ ਮਰਦਾਨਾ ਜੀ ਨੂੰ ਭੇਜਿਆ ਜਿਨ੍ਹਾਂ ਨੇ ਬੜੇ ਬਿਖਮ ਤਰੀਕੇ ਨਾਲ ਸਿੱਖੀ ਦਾ ਪ੍ਰਚਾਰ ਹੀ ਨਹੀਂ ਕੀਤਾ ਬਲਕਿ ਅਨੇਕਾਂ ਪਾਪੀਆਂ ਦੇ ਉਧਾਰ ਦਾ ਕਾਰਨ ਵੀ ਬਣੇ ਸਨ। ਕਹਿੰਦੇ ਨੇ ਭਾਈ ਮਰਦਾਨਾ ਜੀ ਨੂੰ ਮੇਂਢਾ ਬਣਾ ਕੇ ਰੱਖ ਲਿਆ। ਸਾਹਿਬ ਜੀ ਵੀ ਪਹੁੰਚ ਗਏ। ਭਾਈ ਮਰਦਾਨਾ ਜੀ ਸਮੇਤ ਕਈਆਂ ਨੂੰ ਛੁਡਾਇਆ ਅਤੇ ਨੂਰ ਸ਼ਾਹ ਨੂੰ ਇਹ ਵਕਤ ਅਤੇ ਤਾਕਤ ਰੱਬ ਦੇ ਮਿਲਾਪ ਵਿੱਚ ਲਾਉਣ ਦਾ ਉਪਦੇਸ਼ ਦੇ ਕੇ ਨਿਰੰਕਾਰ ਦੇ ਘਰ ਨੂੰ ਜਾਣ ਵਾਲੇ ਮਾਰਗ ਦੀ ਪਾਂਧਨ ਬਣਾ ਦਿੱਤੀ ਜਿਸ ਦੀ ਗਵਾਹੀ ਗੁਰਦੁਆਰਾ ਬਰਛਾ ਸਾਹਿਬ ਭਰ ਰਿਹਾ ਹੈ।

ੴ

ਜਿਥੇ ਦਿਨ ਰਾਤ ਪਾਂਧੀਆਂ ਨੂੰ ਤਾਰ ਰਹੇ ਸਨ ਉਥੇ ਗੁਰਮੁਖਾਂ ਦੀ ਭਾਲ ਵੀ ਜਾਰੀ ਸੀ ਜਿਸ ਕਰਕੇ ਸਾਹਿਬ ਜੀ ਕੇਂਦੂਲੀ ਨਗਰ ਪੁੱਜੇ। ਇਥੋਂ ਹੀ ਸਾਹਿਬ ਜੀ ਨੇ ਭਗਤ ਜੈ ਦੇਵ ਜੀ ਦੇ ਪਵਿੱਤਰ ਬਚਨ ਪ੍ਰਾਪਤ ਕੀਤੇ। ਇਨ੍ਹਾਂ ਨੇ ਵਕਤੀ ਹੰਕਾਰੀਆਂ ਨੂੰ ਕਰਾਰੀਆਂ ਸੁਣਾਈਆਂ ਸਨ। ਮਾਲਕ ਦੇ ਘਰ ਨਾਲ ਸੱਚੀ ਪ੍ਰੀਤ ਦੀ ਗਵਾਹੀ ਹੀ ਹੈ ਜਿਸਨੂੰ ਅੱਜ ਵੀ ਸ਼ਰਧਾ ਨਾਲ ਪੜ੍ਹਦੇ ਹਾਂ। ਇਸ ਭਗਤ ਜੈ ਦੇਵ ਜੀ ਦੇ ਬਚਨ 'ਗੂਜਰੀ ਰਾਗੁ' ਵਿਚ ਹਨ। ਇਥੋ ਚੱਲ ਕੇ ਸਤਿਗੁਰੂ ਜੀ ਕਲਕੱਤਾ ਆਦਿਕ ਲੰਘ ਕੇ ਜਗਨ ਨਾਥ ਪੁਰੀ ਪਹੁੰਚੇ। ਇਹ ਵੀ ਹਿੰਦੂ ਧਰਮ ਦਾ ਮਹਾਨ ਅਸਥਾਨ ਅਖਵਾਉਂਦਾ ਹੈ। ਜਗਨ ਨਾਥ ਪੁਰੀ ਵਿੱਚ ਦੋ ਕੌਤਕ ਬਹੁਤ ਨਿਰਾਲੇ ਵਰਤੇ। ਇਕ ਤਾਂ ਸੱਚਾ ਜਗਨ ਨਾਥ ਕੌਣ ਹੈ ? ਉਸ ਦੀ ਆਰਤੀ ਲਈ ਇਨ੍ਹਾਂ ਦੀਵਿਆਂ ਦੀ ਲੋੜ ਨਹੀਂ ਬਲਕਿ ਸੱਚੀ ਆਰਤੀ ਬਾਰੇ ਗਿਆਨ ਬਖਸ਼ਿਆ ਤੇ ਪਾਵਨ ਸ਼ਬਦ ਉਚਾਰਿਆ ਸੀ। 'ਧਨਾਸਰੀ ਰਾਗੁ' ਅੰਦਰ ਸੁਸ਼ੋਭਿਤ ਹੈ। "*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥*" ਇਵੇਂ ਹੀ ਇਕ ਸਾਧੂ ਮਜਮਾ ਲਾਈ ਬੈਠਾ ਸੀ। ਸਾਹਮਣੇ ਇਕ ਗੜਵਾ ਰੱਖਿਆ ਸੀ ਪਰ ਆਪ ਅੱਖਾਂ ਬੰਦ ਕਰਕੇ ਕਹਿ ਰਿਹਾ ਸੀ ਕਿ ਮੈਨੂੰ ਇੰਦਰ ਪੁਰੀ, ਸ਼ਿਵਪੁਰੀ, ਬ੍ਰਹਮਪੁਰੀ ਦੇ ਦਰਸ਼ਨ ਹੁੰਦੇ ਹਨ। ਲੋਕ ਆ ਆ ਕੇ ਗੜਵੇ ਵਿੱਚ ਪੈਸੇ ਪਾਈ ਜਾ ਰਹੇ ਸਨ। ਪੈਸਿਆਂ ਦੀ ਟੁਣਕਾਰ ਨਾਲ ਹੀ ਆਉਣ ਵਾਲੇ ਲੋਕਾਂ ਦਾ ਅੰਦਾਜ਼ਾ ਲਾਈ ਜਾ ਰਿਹਾ ਸੀ। ਸਤਿਗੁਰੂ ਜੀ ਨੇ ਆਪਣੇ ਪਰਮ ਪਿਆਰੇ ਸੇਵਕ ਭਾਈ ਮਰਦਾਨਾ ਜੀ ਨੂੰ ਭੇਜਿਆ ਕਿ ਜਾ ਕੇ ਇਹ ਗੜਵਾ ਇਸੇ ਦੇ ਹੀ ਪਿੱਛੇ ਰੱਖ ਆ। ਸਾਰੇ ਲੋਕ ਅੱਖਾਂ ਬੰਦ ਕਰਕੇ ਬੈਠੇ ਸਨ ਭਰਮ ਜਾਲ ਵਿੱਚ ਫਸੇ ਹੋਏ। ਭਾਈ ਮਰਦਾਨਾ ਜੀ ਨੇ ਗੜਵਾ ਸਾਧੂ ਦੇ ਹੀ ਪਿੱਛੇ ਛੁਪਾ ਦਿੱਤਾ। ਕੁਝ ਸਮੇਂ ਤਕ ਜਦੋਂ ਪੈਸਿਆਂ ਦੀ ਆਵਾਜ਼ ਨਾ ਆਈ, ਸਾਧੂ ਨੇ ਚੋਰੀ ਅੱਖ ਨਾਲ ਵੇਖਿਆ ਕਿ ਗੜਵਾ ਨਹੀਂ ਹੈ ਤਾਂ ਅੱਖਾਂ ਖੋਲ੍ਹ ਕਹਿਣ ਲੱਗਾ, ਮੇਰਾ ਗੜਵਾ ਕਿਸ ਨੇ ਚੁਰਾਇਆ ਹੈ। ਸਾਹਿਬ ਜੀ ਨੇ ਵਕਤ ਵੇਖ ਕੇ ਇਕ ਬਚਨ ਕੀਤਾ ਕਿ ਹੇ ਸਾਧੂ ਜੀ ! ਸਾਨੂੰ ਪੁੱਛਣ ਦੀ ਲੋੜ ਨਹੀਂ, ਤੁਸੀਂ ਤਾਂ ਤਿੰਨ ਪੁਰੀਆਂ ਦੀ ਖ਼ਬਰ ਰੱਖਦੇ ਹੋ। ਇਸ ਲਈ ਅੱਖਾਂ ਬੰਦ ਕਰਕੇ ਗੜਵਾ ਲੱਭ ਲਵੋ। ਪਰ ਗੜਵਾ ਕਿਵੇਂ ਲੱਭਣਾ ਸੀ ਤਾਂ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਤੈਨੂੰ ਪਤਾ ਤਾਂ ਇਸ ਪੁਰੀ ਦਾ ਵੀ ਨਹੀਂ ਕਿਉਂਕਿ ਗੜਵਾ ਤਾਂ ਤੇਰੇ ਹੀ ਪਿੱਛੇ ਇਸੇ ਹੀ ਜਗਨ ਨਾਥ ਪੁਰੀ ਵਿੱਚ ਹੈ ਪਰ ਤੂੰ ਗੱਲਾਂ ਬ੍ਰਹਮਪੁਰੀ, ਸ਼ਿਵਪੁਰੀ ਅਤੇ ਇੰਦਰਪੁਰੀ ਦੀਆਂ ਕਰਕੇ ਭੋਲੇ ਭਾਲੇ ਲੋਕਾਂ ਨੂੰ ਠੱਗ ਰਿਹਾ ਹੈਂ। ਤੇਰੇ ਵਰਗੇ ਲੋਕਾਂ ਕਾਰਨ ਹੀ ਧਰਮ ਦੇ ਅਸਥਾਨ ਵੀ ਭ੍ਰਿਸ਼ਟ ਹੋ ਗਏ ਹਨ। ਸਤਿਗੁਰਾਂ ਸ਼ਬਦ ਉਚਾਰਿਆ –

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ਰਹਾਉ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥ (ਪੰਨਾ ੬੬੨)

ਇਸ ਤਰ੍ਹਾਂ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਧਰਮ ਦੇ ਨਾਂ 'ਤੇ ਪਾਖੰਡ ਕਰਕੇ ਲੁੱਟ ਰਹੇ ਲੁਕਾਈ ਦੇ ਵੱਡੇ-ਵੱਡੇ ਠੱਗਾਂ ਦੇ ਅਸਥਾਨਾਂ 'ਤੇ ਵੀ ਮੁਬਾਰਿਕ ਚਰਣ ਪਾ ਕੇ ਧਰਮ ਅਸਥਾਨ ਬਣਾ ਦਿੱਤੇ ਤਦ ਹੀ ਤਾਂ ਭਾਈ ਸਾਹਿਬ ਜੀ ਆਖਦੇ ਹਨ "*ਜਿਥੇ ਬਾਬਾ ਪੈਰੁ ਧਰਿ....*"

ਇਥੋਂ ਦਾਤਾਰ ਜੀ ਮਥੁਰਾ, ਰਮੇਸ਼ਵਰ ਆਦਿਕ ਥਾਵਾਂ 'ਤੇ ਭੁੱਲਿਆਂ ਭਟਕਿਆਂ ਨੂੰ ਗੁਰਮਤਿ ਦੇ ਰਾਹ ਪਾਉਂਦੇ ਹੋਏ ਲੰਕਾ ਵਿਚ ਪਹੁੰਚੇ ਜਿਥੇ ਸ਼ਿਵਨਾਭ ਰਾਜੇ ਨਾਲ ਮਿਲਾਪ ਹੋਇਆ। ਭਾਈ ਭਗੀਰਥ ਨੇ ਗੁਰੂ ਚਰਣਾਂ ਦੀ ਛੋਹ ਪ੍ਰਾਪਤ ਕਰਕੇ ਧਰਮ ਦਾ ਚਿਰਾਗ ਜਗਾ ਲਿਆ ਸੀ ਫਿਰ ਭਾਈ ਭਗੀਰਥ ਜੀ ਦੀ ਛੋਹ ਸਦਕਾ ਭਾਈ ਮਨਮੁੱਖ ਗੁਰੂ ਸਾਹਿਬ ਜੀ ਦੇ ਦਰ 'ਤੇ ਆਏ ਤਾਂ ਸਾਹਿਬ ਜੀ ਨੇ ਇਕੋ ਬਚਨ ਕਿਹਾ ਸੀ ਕਿ ਨਾਮ ਤਾਂ ਮਨਮੁੱਖ ਹੈ ਪਰ ਕਦੇ ਮਨ ਦਾ ਸੁੱਖ ਮਾਣਿਆ ਭੀ ਹੈ। ਗੁਰੂ ਦੇ ਬਚਨਾਂ ਦਾ ਤੀਰ ਸਿੱਧਾ ਅੰਦਰ ਘਰ ਕਰ ਗਿਆ। ਸਾਹਿਬ ਜੀ ਦੇ ਚਰਣ ਪਕੜ ਲਏ ਤੇ ਝੋਲੀ ਅੱਡ ਸਿੱਖੀ ਦੀ ਦਾਤ ਲਈ। ਇਸੇ ਹੀ ਭਾਈ ਮਨਮੁੱਖ ਦਾ ਵਿਹਾਰ ਸੀ ਕਿਰਤਕਾਰੀ ਦਾ, ਜਿਸ ਕਰਕੇ ਬਾਹਰ ਅੰਦਰ ਵਿਚਰਦੇ ਸਨ। ਇਸੇ ਹੀ ਸਮੇਂ ਵਿਚਰਦਿਆਂ ਭਾਈ ਸਾਹਿਬ ਦੀ ਲੰਕਾ ਵਿੱਚ ਵੱਸਦੇ ਲੋਕਾਂ ਨੇ ਰਾਜੇ ਪਾਸ ਸ਼ਿਕਾਇਤ ਕੀਤੀ ਕਿ ਇਕ ਵਪਾਰੀ ਆਪਣੀ ਹੀ ਰਹੁਰੀਤ ਨਾਲ ਰਹਿੰਦਾ ਹੈ। ਸਾਡੇ ਵਾਲੇ ਕਰਮ ਧਰਮ ਨਹੀਂ ਕਰਦਾ। ਰਾਜੇ ਨੇ ਸੱਦਿਆ, ਭਾਈ ਸਾਹਿਬ ਜੀ ਨੇ ਗੁਰੂ ਪਾਤਿਸ਼ਾਹ ਦੇ ਘਰ ਦਾ ਸਿਧਾਂਤ ਦੱਸਿਆ। ਸੁਣ ਕੇ ਰਾਜਾ ਖੁਸ਼ ਹੀ ਨਹੀਂ ਹੋਇਆ ਬਲਕਿ ਗੁਰੂ ਘਰ ਦਾ ਮੁਰੀਦ ਬਣ ਗਿਆ। ਰਾਜੇ ਨੇ ਬਚਨ ਆਖੇ ਕਿ ਮੈਂ ਰਾਜ ਭਾਗ ਤਿਆਗ ਕੇ ਜਾਂਦਾ ਹਾਂ, ਮੈਨੂੰ ਵੀ ਦਰਸ਼ਨ ਕਰਵਾਉ ਤਾਂ ਭਾਈ ਮਨਮੁੱਖ ਜੀ ਨੇ ਆਖਿਆ ਕਿ ਘਰ ਹੀ ਬੈਠ ਉਡੀਕ ਤੇ ਸ਼ਰਧਾ ਭਰੀ ਇਬਾਦਤ ਕਰ, ਉਹ ਆਪ ਹੀ ਚੱਲ ਕੇ ਤੇਰੇ ਘਰ ਆ ਜਾਣਗੇ। ਸ਼ਿਵਨਾਭ ਦੀ ਇਸ ਹਾਲਤ ਦਾ ਕਈਆਂ ਹੋਰ ਨੇ ਵੀ ਲਾਭ ਉਠਾਇਆ ਅਤੇ ਉਹ ਭੇਖ ਧਾਰ ਕੇ ਆਏ ਪਰ ਰਾਜੇ ਨੇ ਹਰ ਵਾਰੀ ਰਾਜ ਕੁਮਾਰੀ ਭੇਜ ਕੇ ਉਸਨੂੰ ਪਰਖਿਆ। ਪਰ ਕੋਈ ਪੂਰਾ ਨਾ ਉਤਰਿਆ। ਉਡੀਕ ਤੇ ਸਬਰ ਨੂੰ ਫਲ ਲੱਗਾ। ਸਾਹਿਬ ਜੀ ਦਾ ਆਉਣਾ ਸੁਣ ਕੇ ਰਾਜੇ

ੴ

ਨੇ ਫਿਰ ਕੁਆਰ ਕੰਨਿਆਂ ਭੇਜੀਆਂ ਪਰ ਸਾਹਿਬ ਜੀ ਪਰਦਾ ਕੱਜ ਕੇ ਤੇ ਪ੍ਰਮੇਸ਼ਵਰ ਦੀ ਉਸਤਤਿ ਵਿੱਚ ਪੋ੍ ਕੇ ਵਾਪਸ ਭੇਜੀਆਂ। ਰਾਜੇ ਨੂੰ ਵਿਸਵਾਸ ਹੋ ਗਿਆ ਅਤੇ ਦੀਦਾਰ ਕਰਨ ਆਇਆ, ਦਰਸ਼ਨ ਕਰਕੇ ਮਨ ਠੰਡਾ ਹੋ ਗਿਆ। ਮਹਿਲਾਂ ਵਿੱਚ ਚੱਲਣ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕੁਝ ਨਾ ਕੁਝ ਭੇਟਾ ਜ਼ਰੂਰ ਕਰਨਾ ਪਵੇਗਾ। ਰਾਜੇ ਨੇ ਸੋਚਿਆ ਕਿ ਕੋਈ ਰਾਜੇ ਕੋਲੋਂ ਵੱਧ ਤੋਂ ਵੱਧ ਰਾਜ ਹੀ ਮੰਗ ਸਕਦਾ ਹੈ। ਇਸ ਲਈ ਹਾਂ ਕਰ ਦਿੱਤੀ। ਸਾਹਿਬ ਆਖਣ ਲੱਗੇ ਕੀ ਭੇਟਾ ਕਰੋਗੇ ਤਾਂ ਵਾਰੀ ਵਾਰੀ ਨਾਂ ਗਿਣੇ, ਕਦੇ ਆਖਣ ਲੱਗਾ ਕਿ ਰਾਜ ਭਾਗ ਹੀ ਭੇਟ ਕਰ ਦਿਆਂਗਾ, ਕਦੇ ਆਖੇ ਮੈਂ ਆਪਣਾ ਸਰੀਰ ਭੇਟ ਕਰ ਦਿਆਂਗਾ ਪਰ ਸਤਿਗੁਰੂ ਜੀ ਨੇ ਇਕੋ ਹੀ ਬਚਨ ਆਖਿਆ ਕਿ ਰਾਜ ਵੀ ਤੇਰਾ ਨਹੀਂ, ਸਰੀਰ ਵੀ ਤੇਰਾ ਨਹੀਂ, ਹੀਰੇ ਮੋਤੀ ਵੀ ਤੇਰੇ ਨਹੀਂ, ਅੰਦਰ ਝਾਤ ਮਾਰ ਜੋ ਤੇਰਾ ਹੈ, ਉਹ ਹੀ ਭੇਟਾ ਕਰ। ਰਾਜੇ ਨੂੰ ਐਸਾ ਅੰਦਰ ਭੇਜਿਆ ਕਿ ਉਹ ਸੱਚਾ ਧਰਮੀ ਹੋ ਬਣਿਆ।

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ (ਪੰਨਾ ੫੯੮)

ਨਾਮ ਅੰਮ੍ਰਿਤ ਦੀ ਪ੍ਰਾਪਤੀ ਕਰ ਲਈ। ਅਸਲ ਵਿੱਚ ਗੁਰੂ ਜੀਵ ਨੂੰ ਅੰਦਰ ਹੀ ਲਿਜਾਂਦਾ ਹੈ ਜਿੰਨਾ ਚਿਰ ਗੁਰੂ ਦੀ ਪ੍ਰਾਪਤੀ ਨਹੀਂ ਬਾਹਰ ਦੀ ਭਟਕਣ ਓਨਾ ਚਿਰ ਹੀ ਹੈ। ਸ਼ਿਵਨਾਭ ਦਾ ਧਰਮੀ ਜੀਵਨ ਤੱਕ ਕੇ ਸਾਰੀ ਪਰਜਾ ਹੀ ਧਰਮੀ ਬਣ ਗਈ। ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਹੀ ਕੁਝ ਐਸੀ ਸੀ ਕਿ ਜਿੱਥੇ ਵੀ ਚਰਣ ਟਿਕਾਏ ਉਥੇ ਹੀ ਭਰਮ ਭਟਕਣਾ ਦਾ ਨਾਸ ਕਰਕੇ ਪੂਜਾ ਦਾ ਅਸਥਾਨ ਬਣਾ ਦਿੱਤਾ ਸੀ "*ਜਿਥੈ ਬਾਬਾ ਪੈਰੁ ਧਰਿ..*"

ਭਾਈ ਮਰਦਾਨਾ ਜੀ ਦੀ ਰਬਾਬ ਵਿਚੋਂ ਪੈਦਾ ਹੋਏ ਮਧੁਰ ਸੰਗੀਤ ਅਤੇ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਨਦਰਿ ਅਨਾਇਤ ਨੇ ਅਨੇਕਾਂ ਠੱਗਾਂ ਨੂੰ ਭਗਤ, ਪਾਖੰਡੀਆਂ ਨੂੰ ਸੱਚ ਦੇ ਪੁਜਾਰੀ, ਪਾਪੀਆਂ ਨੂੰ ਬਖਸ਼ ਕੇ ਪੁਨੀਤ ਤੇ ਅਨੇਕਾਂ ਅਟਕਿਆਂ ਨੂੰ ਰੱਬ ਦੇ ਰਾਹ ਤੋਰਦਿਆ ਸਤਿਗੁਰੂ ਜੀ ਆਂਧਰਾ ਪ੍ਰਦੇਸ਼ ਰਾਹੀਂ ਕਜਲੀ ਨਾਂ ਦੇ ਜੰਗਲ ਵਿੱਚ ਜਾ ਵਿਚਰੇ ਕਿਉਂਕਿ ਇਥੇ ਵੀ ਇਕ ਭੁੱਲਿਆ ਭਟਕਿਆ ਨਿਵਾਸ ਕਰਦਾ ਸੀ। ਭਾਈ ਮਰਦਾਨਾ ਜੀ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਮਰਦ ਅਗੰਮੜੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਪ੍ਰਚਾਰਦੇ ਸਨ। ਸਤਿਗੁਰੂ ਜੀ ਨੇ ਭਾਈ ਸਾਹਿਬ ਜੀ ਨੂੰ ਇਕੱਲੇ ਭੇਜਿਆ ਤਾਂ ਭਾਈ ਸਾਹਿਬ ਜੀ ਨੂੰ ਭੀਲ ਪਕੜ ਕੇ ਕੌਡੇ ਰਾਕਸ਼ ਕੋਲ ਲੈ ਗਏ ਜਿਹੜਾ ਕਿ ਹਰ ਰੋਜ਼ ਤੱਪਦੇ ਕੜਾਹੇ ਵਿੱਚ ਮਨੁੱਖਾਂ ਨੂੰ ਤਲ ਤਲ ਕੇ ਖਾਂਦਾ ਸੀ। ਕੁਝ ਹੀ ਸਮੇਂ ਮਗਰੋਂ ਗੁਰੂ ਨਾਨਕ ਪਾਤਿਸ਼ਾਹ ਜੀ ਵੀ ਚਲੇ ਗਏ। ਕੌਡੇ ਰਾਕਸ਼ ਨੂੰ ਦੀਦਾਰ ਤੇ ਵੀਚਾਰ ਦੇ ਕੇ ਭਾਈ ਕੌਡਾ ਬਣਾ ਦਿੱਤਾ। ਸਾਹਿਬ ਜੀ ਨੇ ਇਕ ਬਚਨ ਆਖਿਆ

ਕਿ ਤੂੰ ਵੇਖ ਕਿੰਨੇ ਪਾਪ ਕੀਤੇ ਹਨ ਪਰ ਭਾਈ ਕੌਡਾ ਕਹਿਣ ਲੱਗਾ, ਸਤਿਗੁਰੂ ਜੀ ਮੈਂ ਕੋਈ ਪਾਪ ਨਹੀਂ ਕੀਤਾ। ਸਾਹਿਬ ਆਖਣ ਲੱਗੇ ਕਿ ਤੂੰ ਹਰ ਰੋਜ਼ ਬੰਦੇ ਤਲ-ਤਲ ਕੇ ਖਾਂਦਾ ਹੈਂ ਤੇ ਫਿਰ ਵੀ ਕਹਿੰਦਾ ਹੈਂ ਕਿ ਪਾਪ ਨਹੀਂ ਕੀਤਾ ? ਭਾਈ ਕੌਡੇ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ, ਬੰਦਾ ਤਾਂ ਪਹਿਲਾ ਹੀ ਮਿਲਿਆ ਹੈ ਜਿਸਨੇ ਮੈਨੂੰ ਵੀ ਬੰਦਾ ਬਣਾ ਦਿੱਤਾ ; ਹੁਣ ਤਕ ਤਾਂ ਕੁੱਤੇ ਬਿੱਲੇ ਹੀ ਮਿਲਦੇ ਰਹੇ ਨੇ। ਆਹ ਦੇਖੋ ਮੇਰੇ ਕੋਲ ਇਕ ਸ਼ੀਸ਼ਾ ਹੈ ਜਿਸ ਅੱਗੇ ਕਰਕੇ ਮੈਂ ਪਰਖ ਲੈਂਦਾ ਸਾਂ। ਇਸੇ ਲਈ ਹੀ ਆਪ ਜੀ ਦੀ ਵੀਚਾਰ ਸੁਣੀ ਕਿ ਜਿਸ ਦੇ ਚਰਨਾਂ ਨਾਲ ਲੱਗ ਕੇ ਇਕ ਮਰਦਾਨਾ ਕੌਡੇ ਰਾਕਸ਼ ਨੂੰ ਗੁਰੂ ਨਾਲ ਜੋੜ ਸਕਦਾ ਹੈ, ਉਸ ਗੁਰੂ ਦੇ ਚਰਨਾਂ ਦੀ ਛੋਹ ਕਿਹੋ ਜਿਹੀ ਹੋਵੇਗੀ। ਮੇਰੇ 'ਤੇ ਕਿਰਪਾ ਹੋ ਗਈ ਜਿਸ ਕੜਾਹੇ ਵਿੱਚ ਰੋਜ਼ ਜੀਵ ਤਲ ਕੇ ਖਾਂਦਾ ਸੀ, ਉਸੇ ਕੜਾਹ ਵਿੱਚ ਆਪ ਜੀ ਦੇ ਸਿਧਾਂਤ ਅਨੁਸਾਰ ਲੰਗਰ ਬਣਾ ਕੇ ਵਰਤਾਇਆ ਕਰਾਂਗਾ। ਇਹੋ ਜਿਹੇ ਸਨ ਮੇਰੇ ਬਾਬਾ ਜੀ ਦੇ ਚਰਣ ਜਿਨ੍ਹਾਂ ਦੇ ਪਰਸਣ ਨਾਲ ਰਾਕਸ਼ ਵੀ ਦੇਵਤੇ ਬਣ ਗਏ। "*ਜਿਥੈ ਬਾਬਾ ਪੈਰੁ...*"

ਸਤਿਗੁਰੂ ਜੀ ਭੁੱਖਿਆਂ ਨੂੰ ਵੇਖ ਕੇ ੨੦ ਰੁਪਏ ਦਾ ਲੰਗਰ ਲਾਉਣ ਵਾਲੇ ਪਾਤਿਸ਼ਾਹ ਹਨ। ਜੇ ਭੁੱਖੇ ਨਹੀਂ ਵੇਖੇ ਜਾਂਦੇ ਫਿਰ ਪਿਆਸੇ ਵੀ ਸਹਾਰੇ ਨਹੀਂ ਗਏ। ਅਜਿਹੀ ਹੀ ਅਵੱਸਥਾ ਬਣੀ ਹੋਈ ਸੀ ਬਿਦਰ ਦੇ ਉਸ ਅਸਥਾਨ ਦੀ ਜਿਸ ਨੂੰ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਛੋਹ ਤੋਂ ਮਗਰੋਂ ਨਾਨਕ ਝੀਰਾ ਦੇ ਨਾਮ ਨਾਲ ਯਾਦ ਕਰਦੇ ਹਾਂ। ਇਥੇ ਦੋ ਸੱਯਦ ਪੀਰਾਂ ਦਾ ਕਬਜ਼ਾ ਸੀ। ਇਨ੍ਹਾਂ ਨੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਵਗਦੇ ਚਸ਼ਮੇ ਨੂੰ ਕਿਲ੍ਹਾ ਉਸਾਰ ਕੇ ਆਪਣੀ ਹੀ ਮਲਕੀਅਤ ਬਣਾ ਲਿਆ ਸੀ। ਜਿਹੜਾ ਵੀ ਇਨ੍ਹਾਂ ਦੀ ਈਨ ਕਬੂਲਦਾ ਸੀ, ਉਸੇ ਨੂੰ ਹੀ ਪਾਣੀ ਦਿੰਦੇ ਸਨ। ਅਨੇਕਾਂ ਲੋਕੀਂ ਕੋਈ ਬੱਚਿਆਂ ਦੀ ਖਾਤਰ, ਕੋਈ ਆਪਣੀ ਖ਼ਾਤਰ, ਆਖਰ ਈਨ ਕਬੂਲ ਕਰ ਹੀ ਲੈਂਦਾ ਸੀ। ਦਰਦਨਾਕ ਅਵੱਸਥਾ ਸੀ ਇਥੋਂ ਦੇ ਲੋਕਾਂ ਦੀ ਜਿਨ੍ਹਾਂ ਨੇ ਸਤਿਗੁਰੂ ਜੀ ਦੇ ਦਰ 'ਤੇ ਪੁਕਾਰ ਕੀਤੀ ਤਾਂ ਪਾਤਿਸ਼ਾਹ ਜੀ ਨੇ ਕਿਲ੍ਹੇ ਤੋਂ ਬਾਹਰ ਬੈਠ ਕੇ ਪ੍ਰਮੇਸ਼ਵਰ ਵਲੋਂ ਬਖਸ਼ੇ ਚਸ਼ਮੇ ਦੇ ਪਾਣੀ ਲਈ ਤਰਸਦੇ ਪ੍ਰਮੇਸ਼ਵਰ ਦੇ ਲੋਕਾਂ ਦੀ ਪੁਕਾਰ ਪ੍ਰਮੇਸ਼ਵਰ ਦੇ ਹੀ ਘਰ ਭਾਈ ਮਰਦਾਨਾ ਜੀ ਨਾਲ ਰਲ ਕੇ ਇਕ ਸ਼ਬਦ ਰਾਹੀਂ ਕੀਤੀ ਜਿਸਦਾ ਸਦਕਾ ਅੰਦਰੋਂ ਪਾਣੀ ਦਾ ਖ਼ਜ਼ਾਨਾ ਖ਼ਤਮ ਹੋ ਗਿਆ ਪਰ ਜਿਥੇ ਸਾਹਿਬ ਜੀ ਨੇ ਅੰਮ੍ਰਿਤ ਬਾਣੀ ਦਾ ਚਸ਼ਮਾ ਲਾਇਆ ਸੀ, ਪਾਣੀ ਉਥੋਂ ਫੁੱਟ ਪਿਆ। ਜਦੋਂ ਸੰਗਤਾਂ ਨੇ ਗੁਰੂ ਜੀ ਦੀ ਉਸਤਤਿ ਵਿੱਚ ਕੁਝ ਆਖਣਾ ਚਾਹਿਆ ਤਾਂ ਸੱਚੇ ਸਾਈਂ ਨੇ ਰੱਬ ਦੀ ਉਸਤਤਿ ਵਿੱਚ ਲਾ ਕੇ, ਨਿਰੰਕਾਰ ਦੀ ਪੂਜਾ ਵਿੱਚ ਲਾ ਕੇ, ਜਿਥੋਂ ਦੀਨ ਤੇ ਈਨ ਬਰਬਾਦ ਕਰਦੇ ਸਨ, ਉਥੋਂ ਹੀ ਦੀਨ ਤੇ ਸੱਚੀ ਈਨ ਪ੍ਰਾਪਤ ਹੋਣ ਲੱਗ ਪਈ ਸੀ।

ਰੱਬ ਦੇ ਮੰਦਰਾਂ ਵਿੱਚ ਵੀ ਜਿਥੇ ਰੱਬ ਦੇ ਭਗਤਾਂ ਨੂੰ ਧੱਕੇ ਪੈਂਦੇ ਹੋਵਣ, ਅਜਿਹੇ ਅਖੌਤੀ ਧਾਰਮਿਕ ਅਸਥਾਨ, ਧਰਮ ਦੇ ਠੇਕੇਦਾਰਾਂ ਦੇ ਅਧੀਨ ਹੋ ਗਏ ਹੋਵਣ, ਇਸ ਤੋਂ ਵੱਧ ਹੋਰ ਕੀ ਪਾਪ ਹੋ ਸਕਦਾ ਸੀ ? ਅਜਿਹਾ ਹੀ ਭਾਣਾ ਵਰਤਿਆ ਸੀ ਕਰਨਾਟਕ ਦੇ ਇਲਾਕੇ ਦੇ ਪਿੰਡ ਨਰਸੀ ਵਿੱਚ ਜਨਮੇ ਭਗਤ ਨਾਮਦੇਵ ਜੀ ਨਾਲ। ਧੰਨ ਗੁਰੂ ਨਾਨਕ ਸਾਹਿਬ ਜੀ ਇਸ ਨਗਰ ਵਿਖੇ ਪਹੁੰਚੇ, ਇਥੋਂ ਹੀ ਭਗਤ ਨਾਮਦੇਵ ਜੀ ਦੀ ਪਵਿੱਤਰ ਰਸਨਾ ਦੁਆਰਾ ਉਚਾਰੇ ਹੋਏ ਪਵਿੱਤਰ 'ਧੁਰ ਕੀ ਬਾਣੀ' ਦੇ ਸ਼ਬਦ ਪ੍ਰਾਪਤ ਕੀਤੇ। ਇਹ ਸ਼ਬਦ ਗੁਰੂ ਘਰ ਦੇ ਸਿਧਾਂਤ ਨਾਲ ਮੇਲ ਖਾਂਦੇ ਸਨ ਕਿਉਂਕਿ ਇਕ ਤਾਂ ਭਗਤ ਨਾਮਦੇਵ ਜੀ ਘਰ-ਗ੍ਰਿਹਸਤੀ ਨੂੰ ਪਾਲਦਿਆਂ ਨਾਮ ਜਪਣ ਦਾ ਬਚਨ ਕਰਦੇ ਸਨ, ਦੂਜੀ ਗੱਲ ਦੁਨੀ ਪਿੱਛੇ ਦੀਨ ਗਵਾਉਣ ਦੀ ਬਜਾਏ ਦੀਨ ਦੀ ਪ੍ਰਪੱਕਤਾ ਦਰਸਾ ਗਏ ਸਨ। ਜਦੋਂ ਫਿਰੋਜ਼ ਤੁਗਲਕ ਨੇ ਕਹਿਰ ਕਰਨਾ ਚਾਹਿਆ ਪਰ ਮਾਲਕ ਦੇ ਘਰ ਪੂਰਨ ਨਿਸ਼ਚਾ ਰੱਖਣ ਵਾਲੇ ਭਗਤ ਨਾਮਦੇਵ ਜੀ ਨੇ ਫਿਰੋਜ਼ ਤੁਗਲਕ ਦੀ ਤਾਂ ਕੀ ਪ੍ਰਵਾਹ ਕਰਨੀ ਸੀ ਬਲਕਿ ਆਪਣੀ ਮਾਂ ਨੂੰ ਵੀ ਤਾਕੀਦ ਕੀਤੀ ਕਿ ਜਿੰਨਾ ਚਿਰ ਤੇਰੀ ਝੋਲੀ ਵਿਚੋਂ ਧਰਮ ਦਾ ਉਪਦੇਸ਼ ਮਿਲਦਾ ਰਹੇਗਾ ਓਨਾ ਚਿਰ ਮੈਂ ਤੇਰੇ ਨਾਲ ਬਣਿਆ ਰਿਸ਼ਤਾ ਪਾਲਦਾ ਰਵਾਂਗਾ। ਪਰ ਜੇ ਕਰ ਤੂੰ ਮੈਨੂੰ ਧਰਮ ਤੋਂ ਡੋਲਣ ਲਈ ਆਖੇਂਗੀ ਤਾਂ ਮੈਂ ਤੇਰਾ ਪੁੱਤਰ ਵੀ ਨਹੀਂ ! ਤੂੰ ਮੇਰੀ ਮਾਂ ਵੀ ਨਹੀਂ। ਕੈਸੀ ਕਮਾਲ ਸੀ ਕਿ ਦੁਨੀਆਂ ਜਿਨ੍ਹਾਂ ਨੂੰ ਦੁਰਕਾਰਦੀ ਸੀ ਪਰ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਗੋਦ ਉਨ੍ਹਾਂ ਪਿਆਰਿਆ ਨੂੰ ਸਤਿਕਾਰਦੀ ਸੀ। ਜਿਨ੍ਹਾਂ ਨੂੰ ਮੰਦਰ ਵਿਚੋਂ ਕੱਢਿਆ ਪਰ ਮੇਰੇ ਸਾਹਿਬ ਜੀ ਨੇ ਉਸਨੂੰ ਹਰਿ ਮੰਦਰ ਵਿਚ ਬਿਠਾ ਦਿੱਤਾ ਤਾਂ ਕਿ ਤੈਨੂੰ ਐਥੋਂ ਕੋਈ ਨਾ ਕੱਢ ਸਕੇ। ਕੀ ਹੁਣ ਵੀ ਸਾਡੀ ਰਸਨਾ ਭਾਈ ਗੁਰਦਾਸ ਜੀ ਦੇ ਇਹ ਬਚਨ ਨਹੀਂ ਗਾਏਗੀ ਕਿ "*ਜਿਥੇ ਬਾਬਾ ਪੈਰੁ ਧਰਿ.....*"

ਇਥੋਂ ਹੀ ਸਾਹਿਬ ਜੀ ਭਗਤ ਨਾਮਦੇਵ ਜੀ ਵਰਗੀ ਪਵਿੱਤਰ ਆਤਮਾ ਭਗਤ ਤ੍ਰਿਲੋਚਨ ਜੀ ਦੇ ਨਗਰ ਪਹੁੰਚੇ ਜਿਹੜਾ ਇਥੋਂ ਥੋੜ੍ਹੀ ਦੂਰ ਹੀ ਸੀ। ਭਗਤ ਤ੍ਰਿਲੋਚਨ ਜੀ ਤੇ ਭਗਤ ਨਾਮਦੇਵ ਜੀ ਦੀ ਗਹਿਰੀ ਦੋਸਤੀ ਦੀ ਗਵਾਹੀ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਮਿਲਦੀ ਹੈ। ਭਗਤ ਨਾਮਦੇਵ ਜੀ ਤੇ ਭਗਤ ਤ੍ਰਿਲੋਚਨ ਜੀ ਦਾ ਇਕ ਸੰਬਾਦ ਦਰਜ ਹੈ।

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥(ਪੰਨਾ ੧੩੭੫)

ਇਥੋਂ ਚਲ ਕੇ ਸਾਹਿਬ ਜੀ ਇਕ ਅਜਿਹੀ ਥਾਂ ਪਹੁੰਚੇ ਜਿਥੇ ਕੁਝ ਪੰਡਿਤ ਨਿਰੰਕਾਰ ਦੀ ਯਾਦ ਦੀ ਥਾਂ ਹਿਰਦੇ ਵਿੱਚ ਹੰਕਾਰ ਸੰਭਾਲੀ ਬੈਠੇ ਸਨ। ਨਰਮਦਾ ਨਦੀ ਦੇ ਕਿਨਾਰੇ ਇਕ ਮੰਦਰ ਸੀ ਜਿਸਨੂੰ ਓਅੰਕਾਰ ਦਾ ਮੰਦਰ ਕਹਿੰਦੇ ਸਨ। ਵਿਦਿਆ ਨਾਲ ਅੰਦਰ ਝਾਤ ਮਾਰ ਕੇ ਆਪਣੇ ਜੀਵਨ ਨੂੰ ਸਿਆਣਪ ਨਾਲ ਗੁਜ਼ਾਰਨਾ ਹੀ ਦਾਨਸ਼ਮੰਦੀ ਹੈ ਨਾ ਕਿ ਚਾਰ ਅੱਖਰ ਸਿੱਖ ਕੇ ਅਹੰਕਾਰੀ ਬਣਨਾ ਕਿਉਂਕਿ ਆਖਿਰ ਨੂੰ ਜਿਸਦੇ ਘਰ ਜਾਣਾ ਹੈ, ਉਸਨੂੰ ਅਹੰਕਾਰ ਚੰਗਾ ਨਹੀਂ ਲੱਗਦਾ। ਇਥੇ ਹੀ ਓਅੰਕਾਰ ਦੇ ਮੰਦਰ ਕੋਲ ਦੱਖਣੀ ਓਅੰਕਾਰ ਦੀ ਬਾਣੀ ਉਚਾਰੀ ਜਿਹੜੀ ਅੱਜ ਵੀ ਅਜਿਹੇ ਵਿਦਿਆ-ਹੰਕਾਰੀ ਨੂੰ ਮਾਰਗ-ਦਰਸ਼ਨ ਕਰਦੀ ਹੈ। ਹੈਰਾਨੀ ਹੁੰਦੀ ਹੈ ਕਿ ਜੇ ਮੰਦਰਾਂ ਵਿੱਚ ਵੀ ਪੂਜਾ ਨਹੀਂ ਸੀ ਫਿਰ ਬਾਕੀ ਦੁਨੀਆਂ ਦਾ ਕੀ ਹਾਲ ਹੋਵੇਗਾ? ਇਸੇ ਲਈ ਸਾਹਿਬ ਜੀ ਨੇ ਆਖਿਆ ਸੀ ਕਿ "**ਧਰਮੁ ਪੰਖ ਕਰਿ ਉਡਰਿਆ ॥**" ਧਰਮ ਪੰਖ ਲਾ ਕੇ ਉੱਡ ਗਿਆ ਸੀ ਪਰ ਫਿਰ ਮੇਰੇ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪਾ ਕੇ ਅਜਿਹੀ ਅਵੱਸਥਾ ਬਣ ਗਈ ਜਿਸਦਾ ਜਿਕਰ ਭਾਈ ਗੁਰਦਾਸ ਜੀ ਦੀ ਮੁਬਾਰਿਕ ਰਸਨਾ ਨੇ ਕੀਤਾ "**ਜਿਥੇ ਬਾਬਾ ਪੈਰੁ ਧਰਿ.....**"

ਬੜੌਦੇ ਤੋਂ ਪੱਛਮ ਵਾਲੇ ਪਾਸੇ ੨੭੦ ਮੀਲ ਦੀ ਵਿੱਥ 'ਤੇ ਦੁਆਰਕਾ ਵਿੱਚ ਬਣਿਆ ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਇਸ ਯਾਦ ਨੂੰ ਤਰੋ ਤਾਜ਼ਾ ਕਰਦਾ ਹੈ ਕਿ ਇਥੋਂ ਦੇ ਲੋਕ ਪ੍ਰਮੇਸ਼ਵਰ ਨੂੰ ਭੁਲਾ ਕੇ ਸ਼ਿਵਲਿੰਗ ਦੀ ਪੂਜਾ ਵਿੱਚ ਲੱਗੇ ਹੋਏ ਸਨ। ਇਨ੍ਹਾਂ ਨੂੰ ਗੁਰਮਤਿ ਦਾ ਉਪਦੇਸ਼ ਦੇ ਕੇ ਰੱਬ ਦੀ ਬੰਦਗੀ ਨਾਲ ਜੋੜਿਆ। ਇਥੇ ਹੀ ਕ੍ਰਿਸ਼ਨ ਜੀ ਤੋਂ ਜਰਾਸੰਧ ਜੋ ਕੰਸ ਦਾ ਸਹੁਰਾ ਸੀ, ਜੰਗ ਦੇ ਮੈਦਾਨ ਵਿਚੋਂ ਭੱਜ ਕੇ ਲੁਕੇ ਸਨ। ਇਸ ਕਰਕੇ ਇਸ ਦਾ ਨਾਂ ਰਣ ਛੋੜ ਪੈ ਗਿਆ। ਸਾਹਿਬ ਜੀ ਨੇ ਇਥੇ ਬੈਠ ਸੰਸਾਰਕ ਜਗਤ ਵਿੱਚ ਭੱਜ ਲੁਕਣ ਦੀ ਥਾਂ ਵਿਕਾਰਾਂ ਨਾਲ ਫਤਹਿ ਪਾ ਕੇ ਪ੍ਰਮੇਸ਼ਵਰ ਦੇ ਘਰ ਜਾਣ ਦਾ ਨਾਮ ਦਾ ਸੁਖਾਲਾ ਰਸਤਾ ਦਰਸਾਇਆ ਸੀ ਕਿਉਂਕਿ ਸਤਿਗੁਰੂ ਜੀ ਤਾਂ ਗਏ ਹੀ ਧਰਮ ਦੇ ਨਾਂ 'ਤੇ ਅਧਰਮ ਕਮਾ ਰਹੇ ਲੋਕਾਂ ਨੂੰ ਸਮਝਾਉਣ ਲਈ।

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਕ ਸੁੱਚੇ ਮੋਤੀਆਂ ਦੀ ਮਾਲਾ ਮਨੁੱਖਤਾ ਦੇ ਗਲ ਵਿੱਚ ਪਾਈ ਜਿਸਦੇ ਕੁਝ ਸੁੱਚੇ ਮੋਤੀ ਸਾਹਿਬ ਜੀ ਨੇ ਚੁਣ ਲਏ ਸਨ ਪਹਿਲੀ ਉਦਾਸੀ ਵੇਲੇ ਹੀ। ਇਨ੍ਹਾਂ ਵਿਚੋਂ ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਅਤੇ ਹੁਣ ਸਤਿਗੁਰੂ ਜੀ ਅਜਿਹੇ ਹੀ ਇਕ ਹੋਰ ਸੁੱਚੇ ਮੋਤੀ ਨੂੰ ਇਸ ਮਾਲਾ ਦਾ ਸ਼ਿੰਗਾਰ ਬਣਾਉਣ ਲਈ ਦਿਉਲੀ ਛਾਉਣੀ ਆਏ। ਇਥੇ ਭਗਤ ਧੰਨਾ ਜੀ ਦਾ ਨਿਵਾਸ ਸੀ ਜਿਨ੍ਹਾਂ ਨੇ ਪ੍ਰਮੇਸ਼ਵਰ ਦੀ ਇਬਾਦਤ ਕਰਕੇ ਪੱਥਰ ਵਿਚੋਂ ਵੀ ਰੱਬ ਦੇਖ ਲਿਆ ਸੀ। ਗੁਰੂ

ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਬਾਣੀ ਵਿੱਚ ਇਕ ਸ਼ਬਦ ਉਚਾਰਿਆ ਸੀ ਜਿਥੇ ਭਗਤ ਧੰਨਾ ਜੀ ਦੀ ਪਵਿੱਤਰ ਬਾਣੀ ਹੈ ਤਾਂ ਕਿ ਇਹ ਸਪੱਸ਼ਟ ਹੋ ਜਾਵੇ ਕਿ ਭਗਤ ਧੰਨਾ ਜੀ ਤੇ ਰੱਬ ਦੋਸਤੀ ਦਾ ਕੀ ਰਾਜ ਸੀ। ਸ਼ਾਇਦ ਅੱਜ ਭਗਤ ਧੰਨਾ ਜੀ ਨੂੰ ਕੋਈ ਨਾ ਜਾਣਦਾ ਜੇਕਰ ਗੁਰੂ ਨਾਨਕ ਸਾਹਿਬ ਜੀ ਇਨ੍ਹਾਂ ਦੇ ਪਵਿੱਤਰ ਬਚਨ ਆਪਣੇ ਨਾਲ ਨਾ ਲੈ ਕੇ ਆਉਂਦੇ। ਸਤਿਗੁਰੂ ਜੀ ਨੇ, ਜਿਥੇ ਧਰਮ ਦੇ ਨਾਂ 'ਤੇ ਪਾਖੰਡ ਹੋ ਰਹੇ ਸਨ ਉਥੇ ਵੀ ਧਰਮ ਸਿਖਾ ਦਿੱਤਾ। ਇਸੇ ਲਈ ਸਤਿਗੁਰੂ ਜੀ ਆਪ ਉਸ ਜਗ੍ਹਾ ਚੱਲ ਕੇ ਗਏ।

ਧਰਤੀ ਦੇ ਤਖ਼ਤੇ 'ਤੇ ਵਿਚਰਦਿਆਂ ਸਾਹਿਬ ਜੀ ਨੇ ਆਗਰੇ ਵਿਖੇ ਇਕ ਮਾਤਾ ਜਿਹੜੀ ਰਾਮ ਦੀ ਮੂਰਤੀ ਦੀ ਪੂਜਾ ਕਰਦੀ ਸੀ, ਉਸਨੂੰ ਮੂਰਤੀ ਦੀ ਥਾਂ ਅਸਲ ਰਾਮ ਜੋ ਸਾਰਿਆਂ ਵਿੱਚ ਰਮਿਆ ਹੋਇਆ ਹੈ, ਦੀ ਸੋਝੀ ਬਖਸ਼ੀ। ਇਥੋਂ ਚੱਲ ਕੇ ਮਥੁਰਾ ਪਹੁੰਚੇ ਜਿਥੋਂ ਦੇ ਲੋਕ ਬਹੁਤ ਹੀ ਨੀਚ ਬਿਰਤੀ ਦੇ ਮਾਲਕ ਸਨ। ਆਪਣੀ ਇਸ ਨੀਚਤਾਈ ਦਾ ਦੋਸ਼ ਕਲਿਯੁਗ ਨੂੰ ਮਾੜਾ ਕਹਿ ਕੇ ਉਸ ਦੇ ਸਿਰ ਮੜ੍ਹਦੇ ਸਨ ਤਾਂ ਮੇਰੇ ਸਤਿਗੁਰੂ ਜੀ ਦੇ ਕੰਠ ਤੋਂ ਨਿਕਲੀ ਅੰਮ੍ਰਿਤ ਬਾਣੀ ਤੇ ਭਾਈ ਮਰਦਾਨਾ ਜੀ ਦੀ ਰਬਾਬ ਨੇ ਐਸਾ ਪਵਿੱਤਰ ਸੰਦੇਸ਼ ਦਿੱਤਾ ਜਿਸ ਨਾਲ ਅੱਜ ਵੀ ਮਨੁੱਖ ਰੱਬ ਦੇ ਘਰ ਨੂੰ ਜਾਣ ਵਾਲੇ ਰਸਤੇ ਦੀ ਪਹਿਚਾਣ ਕਰ ਸਕਦਾ ਹੈ। ਇਸ ਕਰਕੇ ਹੀ "*ਜਿਥੇ ਬਾਬਾ ਪੈਰੁ ...*"

ਇਥੋਂ ਰਵਾਨਾ ਹੋ ਸਤਿਗੁਰੂ ਜੀ ਦੇ ਮੁਬਾਰਿਕ ਕਦਮਾਂ ਨੇ ਜਿਹੜਾ ਰਾਹ ਪਕੜਿਆ, ਉਹ ਦਿੱਲੀ ਪਹੁੰਚਿਆ। ਦਿੱਲੀ ਵਿਖੇ ਸਾਹਿਬ ਜੀ ਮਜਨੂੰ ਟਿੱਲਾ ਨਾਂ ਦੇ ਅਸਥਾਨ 'ਤੇ ਠਹਿਰੇ। ਇਥੋਂ ਸੋਨੀਪਤ ਪਹੁੰਚੇ। ਭਾਈ ਮਰਦਾਨਾ ਜੀ ਨੇ ਇਕ ਬਚਨ ਕੀਤਾ ਕਿ ਪਾਤਿਸ਼ਾਹ ਜੀ ਇਥੇ ਤਾਂ ਸਾਨੂੰ ਕੋਈ ਵੀ ਨਹੀਂ ਮਿਲਿਆ ਤਾਂ ਸਾਹਿਬ ਜੀ ਕਹਿਣ ਲੱਗੇ ਕਿ ਭਾਈ ਇਥੇ ਵੀ ਇਕ ਧਰਮੀ ਸਿਦਕੀ ਰਹਿੰਦਾ ਹੈ ਜਦੋਂ ਪਤਾ ਲੱਗਿਆ ਤਾਂ ਜ਼ਰੂਰ ਹੀ ਆਵੇਗਾ। ਕੁਝ ਸਮੇਂ ਮਗਰੋਂ ਆਖਰ ਇਕ ਗਰੀਬੀ ਦੀ ਪੋਸ਼ਾਕ ਪਹਿਨੀ ਸੇਵਕ ਆਇਆ ਤੇ ਨਮਸਕਾਰ ਕਰਕੇ ਸਾਮਾਨ ਚੁੱਕ ਕੇ ਸਾਹਿਬ ਜੀ ਨੂੰ ਆਪਣੀ ਝੌਂਪੜੀ ਵਿੱਚ ਲੈ ਗਿਆ। ਪ੍ਰਸ਼ਾਦਾ ਪਾਣੀ ਛਕਾਇਆ, ਸਾਰੀ ਰਾਤ ਸੇਵਾ ਕੀਤੀ। ਸਵੇਰੇ ਉਠ ਕੇ ਨਿੱਤ ਦੀ ਕਾਰ ਕਰਕੇ ਪ੍ਰਸ਼ਾਦ ਪਾਣੀ ਛੱਕ ਕੇ ਸਾਹਿਬ ਜੀ ਨੇ ਬੜੇ ਹੀ ਪ੍ਰੇਮ ਸਤਿਕਾਰ ਨਾਲ ਚੱਲਣ ਦੀ ਤਿਆਰੀ ਕੀਤੀ। ਸੇਵਕ ਕੁਝ ਦੂਰੀ ਤਕ ਛੱਡਣ ਗਿਆ। ਭਾਈ ਮਰਦਾਨਾ ਜੀ ਨੇ ਇਕ ਬਚਨ ਕਿਹਾ ਕਿ ਸਤਿਗੁਰੂ ਜੀ ਕਿਰਪਾ ਕਰੋ, ਸੇਵਕ ਨੇ ਸੇਵਾ ਤਾਂ ਬਹੁਤ ਕੀਤੀ ਹੈ ਪਰ ਗਰੀਬ ਬਹੁਤ ਹੈ, ਕਿਰਪਾ ਕਰ ਦਿਉ ; ਇਸ ਵਿਚਾਰੇ ਦਾ ਘਰ ਤੁਸਾਂ ਦੇਖ ਹੀ ਲਿਆ ਕਿ ਬਰਤਨ ਵੀ ਮਿੱਟੀ

ਦੇ ਹਨ। ਧੰਨ ਗੁਰੂ ਨਾਨਕ ਸਾਹਿਬ ਜੀ ਆਖਣ ਲੱਗੇ ਕਿ ਭਾਈ ਮਰਦਾਨਾ ਜੀ ਤੁਸੀਂ ਰੱਬ ਦੀ ਬਾਣੀ ਦਾ ਅਲਾਹੀ ਕੀਤਰਨ ਕਰਦੇ ਹੋ, ਤੁਹਾਡਾ ਬਚਨ ਮੈਂ ਕਿਵੇਂ ਟਾਲ ਸਕਦਾ ਹਾਂ। ਇਸ ਲਈ ਤੇਰਾ ਬਚਨ ਠੀਕ ਹੈ ਕਿ ਇਹ ਮਿੱਟੀ ਦੇ ਬਰਤਨਾਂ ਦੇ ਕਾਬਲ ਨਹੀਂ, ਆਹ ਮੇਰਾ ਸੋਟਾ ਲੈ ਜਾ ਤੇ ਇਸ ਨਾਲ ਘਰ ਦੇ ਸਾਰੇ ਬਰਤਨ ਭੰਨ ਦੇ। ਭਾਈ ਮਰਦਾਨਾ ਜੀ ਹੈਰਾਨ ਹੋਏ ਆਖਣ ਲੱਗੇ, ਸਾਹਿਬ ਜੀ! ਜੇ ਇਸ ਵਿਚਾਰੇ ਕੋਲੋਂ ਕੋਈ ਗਲਤੀ ਹੋ ਗਈ ਤਾਂ ਮੈਂ ਮਾਫੀ ਮੰਗ ਲੈਂਦਾ ਹਾਂ ਪਰ ਬਰਤਨ ਨਾ ਭੰਨੋ। ਸਤਿਗੁਰਾਂ ਆਖਿਆ ਕਿ ਮੈਂ ਤੇਰਾ ਬਚਨ ਮੰਨਿਆ, ਤੈਨੂੰ ਵੀ ਮੇਰਾ ਬਚਨ ਮੰਨਣਾ ਚਾਹੀਦਾ ਹੈ। ਭਾਈ ਮਰਦਾਨਾ ਜੀ ਨੇ ਸਾਰੇ ਬਰਤਨ ਭੰਨ ਦਿੱਤੇ। ਕੁਝ ਦੂਰੀ 'ਤੇ ਜਾ ਕੇ ਫਿਰ ਪਿਆਰ ਕਰਕੇ ਸਿਦਕੀ ਨੂੰ ਮੋੜਨ ਲੱਗੇ ਤਾਂ ਭਾਈ ਮਰਦਾਨਾ ਜੀ ਨੇ ਫਿਰ ਕਿਹਾ ਕਿ ਕਿਰਪਾ ਕਰੋ, ਇਸ ਦੀ ਝੁੱਗੀ ਦਾ ਹਾਲ ਆਪ ਜੀ ਨੇ ਤੱਕਿਆ ਹੈ ਤਾਂ ਸਾਹਿਬ ਜੀ ਨੇ ਫਿਰ ਆਖਿਆ ਕਿ ਇਸ ਦੀ ਝੁੱਗੀ ਸਾੜ ਦਿਉ। ਭਾਈ ਮਰਦਾਨਾ ਜੀ ਹੈਰਾਨ ਸਨ ਕਿ ਕਦੇ ਤਾਂ ਜਿਹਨਾਂ ਨਾਲ ਕੋਈ ਜਾਣ ਪਹਿਚਾਣ ਵੀ ਨਹੀਂ, ਉਹਨਾਂ ਨੂੰ ੨੦ ਰੁਪਏ ਦਾ ਲੰਗਰ ਛਕਾ ਦਿੰਦੇ ਹਨ ਪਰ ਜਿਹੜੇ ਸੇਵਾ ਕਰਦੇ ਹਨ, ਉਹਨਾਂ ਦੀਆਂ ਝੁੱਗੀਆਂ ਵੀ ਸਾੜ ਦੇਂਦੇ ਹਨ। ਭਾਈ ਸਾਹਿਬ ਜੀ ਨੇ ਝੁੱਗੀ ਵੀ ਸਾੜ ਦਿੱਤੀ। ਪਰ ਸਿਦਕੀ ਸਿਦਕ ਤੋਂ ਨਾ ਡੋਲ੍ਹਿਆ। ਸਤਿਗੁਰੂ ਜੀ ਤਾਂ ਚੱਲੇ ਗਏ ਪਰ ਸਿਦਕੀ ਗੁਰਮੁਖ ਜਾਣਦਾ ਸੀ ਕਿ ਜਿਹੜਾ ਜਲ ਰਹੀ ਸਭ ਪ੍ਰਿਥਵੀ ਤੱਕ ਕੇ ਸੋਧਣ ਤੁਰ ਪਿਆ, ਉਹ ਕਿਸੇ ਦਾ ਘਰ ਕਿਵੇਂ ਸਾੜ ਸਕਦਾ ਹੈ, ਬਖਸ਼ਿਸ਼ ਦਾ ਹੀ ਨਿਰਾਲਾ ਕੌਤਕ ਹੋਏਗਾ। ਘਰ ਆ ਗਿਆ, ਝੁੱਗੀ ਸੜ ਗਈ ਸੀ। ਨਵੀ ਬਣਾਉਣ ਵਾਸਤੇ ਕਾਲੀਆਂ ਹੋਈਆਂ ਕੰਧਾ ਵੀ ਢਾਹੁਣ ਲੱਗ ਪਿਆ। ਪਰ ਇਕ ਕੰਧ ਵਿਚੋਂ ਮੋਹਰਾਂ ਦਾ ਭਰਿਆ ਘੜਾ ਮਿਲਿਆ ਜਿਸ ਨਾਲ ਸੋਹਣਾ ਮਹੱਲ ਬਣਾਇਆ ਅਤੇ ਸ਼ਰਧਾਲੂਆਂ ਲਈ ਧਰਮਸ਼ਾਲਾ ਬਣਵਾਈ। ਫਿਰ ਚੇਤਾ ਆਇਆ ਕਿ ਮੇਰੇ ਸਤਿਗੁਰੂ ਜੀ ਕਿਉਂ ਕਹਿੰਦੇ ਸਨ ਕਿ ਮੇਰਾ ਸੇਵਕ ਮਿੱਟੀ ਦੇ ਭਾਂਡਿਆਂ ਵਿੱਚ ਕਿਉਂ ਖਾਵੇ ਤੇ ਝੁੱਗੀ ਵਿਚ ਕਿਉਂ ਰਹੇ। ਇਸ ਲਈ ਇਹ ਬਖਸ਼ਿਸ਼ਾਂ ਕੀਤੀਆਂ ਨੇ। ਇਸੇ ਲਈ ਤਾਂ ਭਾਈ ਗੁਰਦਾਸ ਜੀ ਦੇ ਹਿਰਦੇ ਦੀ ਸ਼ਰਧਾ ਨੂੰ ਕਲਮ ਨੇ ਜੁਬਾਨ ਲਾ ਦਿੱਤੀ ਜਿਹੜੀ ਕਿ ਪੁਕਾਰ ਪੁਕਾਰ ਕੇ ਕਹਿ ਉਠੀ ਕਿ "*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ....*"

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਬੰਦਗੀ ਵਿੱਚ ਰੱਤਿਆਂ ਨੂੰ ਲੋਕ ਤੇ ਪ੍ਰਲੋਕ ਦੇ ਸੁਖ ਬਖਸ਼ੇ ਅਤੇ ਅਗਲੇਰਾ ਪੰਧ ਅਖਤਿਆਰ ਕੀਤਾ ਜਿਸ ਰਾਹੀਂ ਸਾਹਿਬ ਜੀ ਪਾਨੀਪਤ ਵਿਖੇ ਦਰਵੇਸ਼ ਦੇ ਅਰਥ ਸਮਝਾ ਕੇ ਅੱਗੇ ਕੁਰਕਸ਼ੇਤਰ ਪਹੁੰਚੇ। ਪੁਰਾਤਨ ਕਾਲ ਵਿੱਚ ਅੱਜ ਵਾਂਗੂ ਕੋਈ ਸਾਧਨ ਨਹੀ ਸੀ ਜਿਸ ਨਾਲ ਸੰਗਤਾਂ ਇਕੱਠੀਆਂ ਕਰਕੇ ਸਬਕ ਦ੍ਰਿੜ੍ਹਾਇਆ

ਜਾਏ। ਇਸ ਲਈ ਸਤਿਗੁਰੂ ਜੀ ਨੇ ਕਰੀਬ ਹੁੰਦੇ ਇਕੱਠਾਂ 'ਤੇ ਆਪ ਹੀ ਪਹੁੰਚ ਕੇ ਗੁਰਮਤਿ ਸਮਾਗਮ ਕੀਤੇ ਤੇ ਸੱਚ ਦਾ ਮਾਰਗ ਪ੍ਰਦਾਨ ਕੀਤਾ। ਹੁਣ ਵੀ ਕੁਰਕੁਸ਼ੇਤਰ ਸੂਰਜ ਗ੍ਰਹਿਣ ਹੋਣ ਕਰਕੇ ਇਕ ਮੇਲਾ ਲੱਗਣਾ ਸੀ। ਇਸ ਲਈ ਸਤਿਗੁਰੂ ਜੀ ਸੂਰਜ ਗ੍ਰਹਿਣ ਵਾਲੇ ਦਿਨ ਇਸ ਅਸਥਾਨ ਨੂੰ ਵੀ "*ਪੂਜਾ ਆਸਣੁ ਥਾਪਣਿ ਸੋਆ....*" ਲਈ ਪਹੁੰਚ ਗਏ। ਇਤਨੇ ਵੱਡੇ ਇਕੱਠ ਦੀ ਵਿਕਾਰਤਾ ਲਈ ਇਕ ਕੌਤਕ ਰਚਿਆ ਕਿ ਸਾਹਿਬ ਜੀ ਨੇ ਕਿਸੇ ਸ਼ਿਕਾਰੀ ਕੋਲੋਂ ਲਿਆਂਦਾ ਸ਼ਿਕਾਰ ਅੱਗ ਬਾਲ ਕੇ ਧਰ ਦਿੱਤਾ। ਸੂਰਜ ਗ੍ਰਹਿਣ ਵਾਲੇ ਦਿਨ ਇਥੇ ਵਹਿਮ ਪਾਇਆ ਹੋਇਆ ਸੀ ਕਿ ਸੂਰਜ ਇਕ ਦੇਵਤਾ ਹੈ ਤੇ ਦੇਵਤਿਆਂ 'ਤੇ ਬਣੀ ਬਿਪਤਾ ਵੇਲੇ ਜੇ ਕਰ ਕੋਈ ਜੀਵ ਗਲਤੀ ਨਾਲ ਕੁਝ ਖਾ ਪੀ ਲਵੇ ਤਾਂ ਉਦੋਂ ਸਰਾਪ ਆਦਿਕ ਦਾ ਬਹੁਤ ਹੀ ਡਰ ਰਹਿੰਦਾ ਸੀ। ਜਿਸ ਕਰਕੇ ਲੋਕਾਂ ਨੇ ਇਸ ਦਿਨ ਸਿਰਫ ਇਸ਼ਨਾਨ ਕਰਨਾ ਪੁੰਨ ਦਾਨ ਕਰਨਾ ਹੀ ਹੁੰਦਾ ਸੀ। ਇਸ ਅਸਥਾਨ ਬਾਰੇ ਹੋਰ ਵੀ ਅਨੇਕਾਂ ਮਿੱਥਾਂ ਸਨ ਕਿ ਇਥੇ ਰਿਸ਼ੀਆਂ ਨੇ ਹਲ ਵਾਹਿਆ ਸੀ ਜਿਸ ਕਰਕੇ ਧਰਤੀ ਪਵਿੱਤਰ ਹੈ। ਕੋਈ ਕਹਿੰਦਾ ਸੀ ਕਿ ਇਥੇ ਹੀ ਮਹਾਨ ਯੁੱਧ ਹੋਏ ਹਨ। ਧਾਰਮਿਕ ਅਸਥਾਨਾਂ 'ਤੇ ਵੀ ਸਿਰਫ ਵਹਿਮ ਭਰਮ ਵਿੱਚ ਹੀ ਲੋਕਾਈ ਨੂੰ ਉਲਝਾਇਆ ਜਾਂਦਾ ਸੀ। ਸਤਿਗੁਰੂ ਜੀ ਨੇ ਅੱਗ ਬਾਲ ਕੇ ਮਾਸ ਬਣਾਇਆ ਜਿਸ ਕਰਕੇ ਅਨੇਕਾਂ ਲੋਕੀਂ ਇਕੱਠੇ ਹੋ ਗਏ। ਸਤਿਗੁਰੂ ਜੀ ਨੇ ਅਨੇਕਾਂ ਸ਼ੰਕਿਆਂ ਦਾ ਜਵਾਬ ਅੰਮ੍ਰਿਤ ਪਵਿੱਤਰ ਸ਼ਬਦ ਨਾਲ ਦਿੱਤਾ ਕਿ "*ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥*" ਸਾਰਾ ਸ਼ਬਦ ਗਾਵਿਆ, ਅਰਥ ਕਰਕੇ ਸਮਝਾਏ । ਇਨ੍ਹਾਂ ਲੋਕਾਂ ਵਲੋਂ ਮੁਖੀ ਬਣ ਕੇ ਅਨੇਕਾਂ ਸੁਆਲ ਕਰ ਰਹੇ ਨਾਨੂ ਪੰਡਿਤ ਨੂੰ ਸਤਿਗੁਰੂ ਜੀ ਨੇ ਸਮਝਾਇਆ ਕਿ ਇਹ ਦਾਅਵਾ ਵੀ ਝੂਠਾ ਹੈ ਕਿ ਨਿਰਾ ਮਾਸ ਛੱਡ ਕੇ ਬਾਕੀ ਜ਼ਿੰਦਗੀ ਦਾ ਕੋਈ ਪੱਖ ਨਾ ਸੁਧਾਰਨਾ ਤੇ ਨਾ ਹੀ ਬੰਦਗੀ ਕਰਨੀ ਪਰ ਆਪਣੇ ਆਪ ਨੂੰ ਪਰਮ ਧਰਮੀ ਕਹਿਲਾਵਣਾ। ਪਰ ਨਿਰਾ ਮਾਸ ਨੂੰ ਰਸ ਬਣਾ ਲੈਣਾ ਵਿਕਾਰੀ ਬਿਰਤੀ ਦਾ ਪ੍ਰਤੱਖ ਦ੍ਰਿਸ਼ਟਾਂਤ ਹੈ। ਨਾਨੂ ਪੰਡਿਤ ਸਮੇਤ ਅਨੇਕਾਂ ਪ੍ਰੇਮੀ ਸਾਹਿਬ ਜੀ ਦੇ ਦਰ 'ਤੇ ਝੋਲੀਆਂ ਅੱਡ ਕੇ ਗੁਰਮਤਿ ਦੀ ਦਾਤ ਲੈ ਰਹੇ ਸਨ। ਪਹਿਲਾਂ ਵੀ ਅਨੇਕਾਂ ਵਾਰੀ ਕੁਰਕੁਸ਼ੇਤਰ ਇਸ਼ਨਾਨ ਕਰਨ ਆਏ ਹੋਣਗੇ। ਪਰ ਇਸ ਵਾਰੀ ਤਾਂ ਸਾਹਿਬ ਜੀ ਦੇ ਮੁਬਾਰਿਕ ਚਰਣਾਂ ਦੀ ਛੋਹ ਕਾਰਨ ਕੇਵਲ ਸਰੀਰਕ ਮੈਲ ਹੀ ਨਹੀਂ ਬਲਕਿ ਮਨ ਦੀ ਮੈਲ ਵੀ ਉਤਾਰ ਕੇ ਪਵਿੱਤ੍ਰਤਾ ਹਾਸਿਲ ਕਰ ਲਈ ਸੀ। ਇਸੇ ਲਈ ਭਾਈ ਗੁਰਦਾਸ ਜੀ ਦੀ ਪਵਿੱਤਰ ਅੱਖ ਨੇ ਜੋ ਤੱਕਿਆ ਤੇ ਕਲਮ ਨਾਲ ਉਹੋ ਹੀ ਅੰਕਿਤ ਕਰ ਦਿੱਤਾ ਕਿ "*ਜਿਥੇ ਬਾਬਾ ਪੈਰੁ...*"

ਇਥੋਂ ਚੱਲ ਕੇ ਸਤਿਗੁਰੂ ਜੀ ਇਕ ਹੋਰ ਐਸੇ ਅਸਥਾਨ 'ਤੇ ਗਏ ਜਿੱਥੇ ਦਿਨ ਦਿਹਾੜੇ

ਮਨ ਘੜਤ ਪਾਖੰਡ ਬਣਾ ਕੇ ਇਥੋਂ ਦੇ ਲੋਕ ਧਰਮ ਦੀਆਂ ਪੋਸ਼ਾਕਾਂ ਪਾ ਕੇ ਮਨੁੱਖਤਾ ਦੀ ਸੇਵਾ ਕਰਨ ਦੀ ਥਾਂ ਲੁੱਟ-ਲੁੱਟ ਆਪਣੀ ਉਦਰ ਪੂਰਤੀ ਕਰ ਰਹੇ ਸਨ। ਇਸ ਅਸਥਾਨ ਦਾ ਨਾਂ ਪਹੋਵਾ ਕਿਹਾ ਜਾਂਦਾ ਹੈ। ਇਥੇ ਇਸ ਬਾਰੇ ਪ੍ਰਗਟ ਕੀਤਾ ਹੋਇਆ ਸੀ ਕਿ ਜਦੋਂ ਜੀਵ ਮਰਦਾ ਹੈ ਤਾਂ ਉਸਦੀ ਤਲੀ 'ਤੇ ਦੀਵਾ ਬਾਲ ਕੇ ਧਰਨਾ ਚਾਹੀਦਾ ਹੈ ਅਤੇ ਹੋਰ ੩੬੫ ਦੀਵੇ ਬਾਲਣੇ ਚਾਹੀਦੇ ਹਨ ਜਿਸ ਨਾਲ ਜੀਵ ਦੀ ਆਤਮਾ ੩੬੫ ਦਿਨਾਂ ਵਿਚ ਪ੍ਰਮੇਸ਼ਵਰ ਦੇ ਘਰ ਪਹੁੰਚਦੀ ਹੈ। ਪਰ ਅਜਿਹਾ ਹਰ ਕੋਈ ਨਹੀਂ ਕਰਦਾ ਜਿਸ ਕਰਕੇ ਮਰੇ ਪ੍ਰਾਣੀ ਦੀ ਗਤਿ ਨਹੀਂ ਹੁੰਦੀ ਪਰ ਉਸ ਦੀ ਗਤਿ ਕਰਨ ਵਾਸਤੇ ਇਥੇ ਪੰਡਿਤਾਂ ਕੋਲ ਕੁਝ ਦਾਨ ਪੁੰਨ ਕਰਕੇ ਉਸ ਅਬਿਗਤੇ ਜੀਵ ਦੀ ਗਤਿ ਹੋ ਜਾਂਦੀ ਹੈ। ਦੂਸਰਾ ਵਹਿਮ ਇਹ ਪਾਇਆ ਹੋਇਆ ਸੀ ਕਿ ਇਥੇ ਇਕ ਬੀਬੀ ਇਸ਼ਨਾਨ ਕਰਨ ਲੱਗੀ ਦਾ ਕੰਨ ਵਿਚੋਂ ਕਾਂਟਾ ਡਿੱਗ ਪਿਆ ਜਿਹੜਾ ਫਿਰ ਰੱਥ ਦੇ ਪਹੀਏ ਜਿੱਡਾ ਹੋ ਕੇ ਨਿਕਲਿਆ ਭਾਵ ਇਥੇ ਕੀਤਾ ਪੁੰਨ ਦਾਨ ਇਤਨਾ ਫੱਲਦਾ ਹੈ। ਸਤਿਗੁਰੂ ਜੀ ਧੰਨ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਹੀ ਪਾਏ ਵਹਿਮ ਭਰਮਾਂ ਵਿਚੋਂ ਮਿਸਾਲ ਲੈ ਕੇ ਸੌਖਾ ਕਰਕੇ ਸਮਝਾ ਦਿੰਦੇ ਸਨ। ਸਤਿਗੁਰੂ ਜੀ ਨੇ ਆਖਿਆ ਕਿ ਭਾਈ ਇਹ ਤਾਂ ਬਹੁਤ ਹੀ ਚੰਗਾ ਹੈ ਕਿ ਇਥੇ ਪੁੰਨ ਬਹੁਤ ਫਲਦਾ ਹੈ ਪਰ ਇਹ ਵੀ ਯਾਦ ਰੱਖਣਾ ਕਿ ਫਿਰ ਪਾਪ ਵੀ ਇਤਨਾ ਹੀ ਫਲਦਾ ਹੋਵੇਗਾ। ਇਸ ਲਈ ਪਾਪਾਂ ਦੀ ਪੂੰਜੀ ਵੱਧ ਜਾਵੇਗੀ ਕਿਉਂਕਿ ਪੁੰਨ ਤਾਂ ਕਦੇ ਕਦਾਈਂ ਹੀ ਕਰਦੇ ਹੋ ਪਰ ਪਾਪ ਰੋਜ਼ ਹੀ ਕਰਦੇ ਹੋ। ਸਾਰੇ ਪਾਖੰਡੀ ਪਾਖੰਡ ਛੱਡ ਕੇ ਗੁਰੂ ਨਾਨਕ ਸਾਹਿਬ ਜੀ ਦੇ ਚਰਣਾਂ ਦੇ ਸੇਵਕ ਬਣ ਗਏ ਸਨ। ਇਹ ਅਸਥਾਨ ਲੋਕਾਂ ਦੀਆਂ ਨਜ਼ਰਾਂ ਵਿੱਚ ਤਾਂ ਧਰਮੀ ਸੀ ਪਰ ਇਥੇ ਧਰਮ ਦੀ ਕੋਈ ਗੱਲ ਨਹੀਂ ਸੀ। ਧਰਮ ਦੀ ਵੀਚਾਰ ਤਾਂ ਸੱਚ ਦ੍ਰਿੜ੍ਹ ਕਰਵਾਉਣਾ ਹੈ। ਸੱਚ ਦ੍ਰਿੜ੍ਹ ਗੁਰੂ ਨਾਨਕ ਸਾਹਿਬ ਜੀ ਨੇ ਹੀ ਕਰਵਾਇਆ ਸੀ ਜਿਸ ਕਰਕੇ ਕਹਿਣਾ ਬਣਦਾ ਹੈ ਕਿ "***ਜਿਥੇ ਬਾਬਾ ਪੈਰੁ ਧਰਿ*** ...."

ਪਵਿੱਤਰ ਚਰਣ ਕਮਲਾਂ ਦੀ ਛੋਹ ਨਾਲ ਪਹੋਵੇ ਨੂੰ ਪਵਿੱਤਰ ਕਰਕੇ ਆਖਿਰ ਸਰਸਾ ਰਾਹੀਂ ਹੁੰਦਿਆਂ ਅੱਗੇ ਸਤਲੁਜ ਪਾਰ ਕਰਕੇ ਜਿਥੋਂ ਧਰਤੀ ਸੋਧਣ ਵਾਸਤੇ ਸਮੇਤ ਭਾਈ ਮਰਦਾਨਾ ਜੀ ਦੇ ਚਲੇ ਸਨ, ਪਹਿਲੀ ਉਦਾਸੀ ਦਾ ਪੰਧ ਵੀ ਇਥੇ ਸੁਲਤਾਨਪੁਰ ਆ ਕੇ ਸਮਾਪਤ ਕੀਤਾ। ਇਥੋਂ ਹੀ ਭੈਣ ਜੀ ਕੋਲੋਂ ਚੱਲੇ ਸਨ ਤੇ ਇਥੇ ਹੀ ਵਾਪਸੀ 'ਤੇ ਪਰਤੇ। ਗੁਰੂ ਨਾਨਕ ਸਾਹਿਬ ਜੀ ਨੂੰ ਸੰਸਾਰ ਬੇਬੇ ਨਾਨਕੀ ਦਾ ਵੀਰ ਕਹਿੰਦਾ ਹੈ ਪਰ ਬੇਬੇ ਨਾਨਕੀ ਜੀ ਨੇ ਪੀਰ ਭਾਣ ਆਪਣਾ ਪੀਰੀਬਖ਼ਰੀ ਸਤਿਗੁਰੂ ਜਾਣ ਕੇ ਅਥਾਹ ਸੇਵਾ ਕੀਤੀ। ਸਤਿਗੁਰੂ ਜੀ ਦੀ ਇਸ ਉਦਾਸੀ ਨਾਲ ਅਨੇਕਾਂ ਹੀ ਹਿੰਦੂ ਧਰਮ ਦੇ ਤੀਰਥ ਗੁਰੂ ਚਰਣ ਛੋਹ ਪਾ ਕੇ ਪਵਿੱਤਰ ਅਸਥਾਨ ਬਣ ਗਏ ਸਨ। ਸਭ ਤੋਂ ਪਹਿਲਾਂ ਇਸ ਲਈ ਤੀਰਥਾਂ 'ਤੇ ਚੱਲੇ ਸਨ ਕਿਉਂਕਿ ਕਾਜ਼ੀ ਵੀ ਆਮ

ਜ਼ਿੰਦਗੀ ਤੋਂ ਥੋੜ੍ਹਾ ਜਿਹਾ ਦੂਰ, ਹਰ ਵਾਰੀ ਵਾਸਤਾ ਨਹੀਂ ਪੈਂਦਾ। ਜੋਗੀ ਵੀ ਦੁਰੇਡੇ ਹੀ ਡੇਰੇ ਲਾਈ ਬੈਠਾ ਸੀ ਪਰ ਹਰ ਰੋਜ਼ ਪਾਪ ਪੁੰਨ ਦੀ ਵੀਚਾਰ ਦਾ ਵਹਿਮ ਪਾ ਕੇ ਨਿੱਤ ਦਿਹਾੜੇ "*ਬ੍ਰਾਹਮਣੁ ਨਾਵੈ ਜੀਆ ਘਾਇ*" ਕਰ ਰਿਹਾ ਸੀ। ਸੁਲਤਾਨਪੁਰ ਨੂੰ ਫਿਰ ਪੰਜ ਦਿਨ ਸੁਭਾਗਤਾ ਪ੍ਰਾਪਤ ਹੋਈ। ਇਥੋਂ ਫਿਰ ਮਾਤਾ ਪਿਤਾ ਦੀ ਸਾਰ ਲੈਣ ਵਾਸਤੇ ਤਲਵੰਡੀ ਦੇ ਨੂਰ ; ਤਲਵੰਡੀ ਪਹੁੰਚੇ।

ਧੰਨ ਗੁਰੂ ਨਾਨਕ ਸਾਹਿਬ ਜੀ ਨੇ "*ਬ੍ਰਾਹਮਣੁ ਨਾਵੈ ਜੀਆ ਘਾਇ*" ਦਾ ਪਾਜ ਉਘਾੜ ਕੇ ਗੁਰਮਤਿ ਦੇ ਪਾਂਧੀ ਬਣਾ ਕੇ ਫਿਰ ਸਾਹਿਬ ਜੀ "*ਜੋਗੀ ਜੁਗਤਿ ਨ ਜਾਣੈ ਅੰਧੁ*" ਨੂੰ ਇਹ ਦੱਸਣ ਲਈ ਕਿ

ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ (ਪੰਨਾ ੯੫੧)

ਨੇ ਦੂਜੀ ਉਦਾਸੀ ਦੀ ਤਿਆਰੀ ਕਰ ਲਈ। ਮਰਦ ਸੂਰਮੇ ਭਾਈ ਸਾਹਿਬ ਭਾਈ ਮਰਦਾਨਾ ਜੀ ਨਾਲ ਮਸ਼ਵਰਾ ਕਰਕੇ ਸਤਿਗੁਰੂ ਜੀ ਤਲਵੰਡੀ ਦੀ ਤਰਸਦੀ ਧਰਤੀ ਨੂੰ ਪਵਿੱਤਰ ਕਦਮਾਂ ਦੀ ਛੋਹ ਦੇ ਕੇ ਸਾਹਿਬ ਜੀ ਫਿਰ ਤੁਰ ਪਏ। ਤਲਵੰਡੀਓਂ ਗੁਰਦਾਸਪੁਰ, ਰਵਾਲਸਰ, ਮਣੀਕਰਨ ਸਾਹਿਬ ਆਦਿਕ ਥਾਵਾਂ ਤੋਂ ਵਿਚਰਦਿਆਂ, ਕੀਰਤੀ ਕਰਦਿਆਂ, ਸ਼ਿਮਲਾ, ਸਪਾਟੂ, ਕੀਰਤਪੁਰ ਸਾਹਿਬ, ਬਾਬਾ ਬੁੱਢਣ ਸ਼ਾਹ ਦੀ ਸ਼ਰਧਾ ਦੀ ਪੂਰਤੀ ਕਰਕੇ, ਆਖਿਰ ਸੁਮੇਰ ਪਰਬਤ 'ਤੇ ਪਹੁੰਚ ਗਏ। ਇਸ ਤਰ੍ਹਾਂ ਅੱਗੇ ਕਦੇ ਨਹੀਂ ਹੋਇਆ ਹੋਏਗਾ ਜਿਸ ਕਰਕੇ ਸਿੱਧ ਭਾਈ ਮਰਦਾਨਾ ਜੀ ਅਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਦੀਦਾਰ ਕਰਕੇ ਬਹੁਤ ਜ਼ਿਆਦਾ ਹੈਰਾਨ ਹੋਏ। ਇਕ ਕਾਰਨ ਤਾਂ ਇਹ ਸੀ ਕਿ ਸਿੱਧ ਬਹੁਤ ਵੱਡੀਆਂ-ਵੱਡੀਆਂ ਉਮਰਾਂ ਦੇ ਸਨ ਪਰ ਸਾਹਿਬ ਜੀ ਦੀ ਉਮਰ ਉਨ੍ਹਾਂ ਅਨੁਸਾਰ ਸਰੀਰਕ ਤੌਰ 'ਤੇ ਬਹੁਤ ਥੋੜ੍ਹੀ ਸੀ ਜਿਸ ਕਰਕੇ ਉਨ੍ਹਾਂ ਨੇ ਸਾਹਿਬ ਜੀ ਨੂੰ ਕਈ ਵਾਰੀ ਬਾਲਾ ਕਹਿ ਕੇ ਹੀ ਸੰਬੋਧਨ ਕੀਤਾ। ਦੋ ਸਵਾਲ ਜਾਂਦਿਆਂ ਹੀ ਕੀਤੇ। ਪਹਿਲਾ ਸੁਆਲ ਸੀ ਕਿ ਕਿਹੜੀ ਤਾਕਤ ਹੈ ਜਿਹੜੀ ਤੁਹਾਨੂੰ ਇਤਨੇ ਬਿਖੜੇ ਪੈਂਡੇ ਵਿਚੋਂ ਕੱਢ ਕੇ ਇਥੇ ਲਿਆਈ ਹੈ ਤਾਂ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਭਾਈ, ਮੈਂ ਤਾਂ ਪ੍ਰਮੇਸ਼ਵਰ ਨੂੰ ਹੀ ਯਾਦ ਕਰਦਾ ਹਾਂ। ਇਹੋ ਹੀ ਮੇਰੀ ਸਾਰੀ ਤਾਕਤ ਦਾ ਖਜ਼ਾਨਾ ਹੈ। ਦੂਜਾ ਸੁਆਲ ਸੀ ਕਿ ਤੁਸੀਂ ਆਪਣਾ ਨਾਮ ਦੱਸੋ ਤਾਂ ਸਤਿਗੁਰੂ ਜੀ ਨੇ ਨਿਮਰਤਾ ਪੂਰਵਕ ਜਵਾਬ ਦਿੱਤਾ ਸੀ ਕਿ ਹੇ ਸਿਧੋ ! ਮੇਰਾ ਸਰੀਰਕ ਤੌਰ 'ਤੇ ਨਾਮ ਨਾਨਕ ਹੈ ਪਰ ਇਸ ਨਾਨਕ ਦੀ ਵਡਿਆਈ ਦਾ ਕਾਰਨ ਜਾਂ ਇਸ ਨਾਨਕ ਨਾਮ ਵਿੱਚ ਵੀ ਜਿਹੜੀ ਕਿਰਪਾ ਹੈ, ਇਹ ਪ੍ਰਮੇਸ਼ਵਰ ਦੇ ਨਾਮ ਦੀ ਹੈ ਤੇ ਅਸਲ ਨਾਮ ਪ੍ਰਮੇਸ਼ਵਰ ਦਾ ਹੀ ਹੈ ਜਿਸ ਨਾਲ ਜੁੜ ਕੇ ਦੁਨਿਆਵੀ ਨੀਚ ਮਨੁੱਖ ਵੀ ਉੱਤਮ ਪਦਵੀ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਜੀ ਦੇ ਸਿੱਧਾਂ ਨਾਲ ਸੁਆਲਾਂ

ਜੁਆਬਾਂ ਨੂੰ ਭਾਈ ਗੁਰਦਾਸ ਜੀ ਨੇ ਬਾਕਮਾਲ ਅੰਕਿਤ ਕੀਤਾ ਹੈ –

ਬਾਬੇ ਡਿਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ ॥
ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ ॥
ਚਉਰਾਸੀਹ ਸਿਧਿ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ ॥
ਸਿਧਿ ਪੁਛਣਿ ਸੁਣਿ ਬਾਲਿਆ ਕਉਣੁ ਸਕਤਿ ਤੁਹਿ ਏਥੇ ਲਿਆਈ ॥
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ ॥
ਆਖਨਿ ਸਿਧਿ ਸੁਣਿ ਬਾਲਿਆ ! ਅਪਨਾ ਨਾਉ ਤੁਮ ਦੇਹੁ ਬਤਾਈ ॥
ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ ॥
ਨੀਚੁ ਕਹਾਇ ਊਚ ਘਰਿ ਆਈ ॥ (ਵਾਰ ੧,ਪਉੜੀ ੨੮)

ਸਿਧਾਂ ਨੇ ਜਪ ਤਪ ਕਰਕੇ ਰਿਧੀਆਂ ਸਿੱਧੀਆਂ ਦੀ ਤਾਕਤ ਹਾਸਿਲ ਕੀਤੀ ਹੋਈ ਸੀ। ਇਸ ਲਈ ਆਪਣਾ ਪ੍ਰਭਾਵ ਜਮਾਉਣ ਲਈ ਜੋ ਕੁਝ ਅੱਗੇ ਕਰਦੇ ਸਨ, ਉਹੋ ਕੁਝ ਕੀਤਾ ਭਾਵ ਸਿੱਧੀਆਂ ਦੀ ਤਾਕਤ ਨਾਲ ਆਪਣੀਆਂ ਤੱਪੜੀਆਂ ਉਡਾਈਆਂ, ਖੜਾਵਾਂ ਉਡਾਈਆਂ, ਹੋਰ ਬਹੁਤ ਕੁਝ ਕੀਤਾ ਪਰ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਅਡੋਲ ਭਾਈ ਮਰਦਾਨਾ ਜੀ ਸਮੇਤ ਬਿਰਾਜਮਾਨ ਰਹੇ। ਆਖਰ ਸਿਧ ਆਪਣੇ-ਆਪਣੇ ਆਸਣਾਂ 'ਤੇ ਬੈਠ ਕੇ ਵੀਚਾਰ ਕਰਨ ਲੱਗੇ ਅਤੇ ਸਾਹਿਬ ਜੀ ਨੂੰ ਕਿਹਾ ਕਿ ਜੋ ਵੀ ਇਥੇ ਆ ਜਾਂਦਾ ਹੈ, ਆਪਣਾ ਨਿਵਾਸ ਇਥੇ ਹੀ ਰਖਦਾ ਹੈ। ਇਸ ਕਰਕੇ ਪਤਾ ਨਹੀਂ ਦੁਨੀਆਂ ਵਿੱਚ ਕੀ ਵਰਤ ਰਿਹਾ ਹੈ, ਸੋ ਤੁਸੀ ਦਰਸਾਉ ਕਿ ਮਾਤ ਲੋਕ ਦਾ ਕੀ ਹਾਲ ਹੈ ? ਸਾਹਿਬ ਜੀ ਨੇ ਨਿਮਰਤਾ ਦੇ ਗਹਿਣਿਆਂ ਵਿੱਚ ਸ਼ਿੰਗਾਰ ਕਰਕੇ ਆਪਣੇ ਵਲੋਂ ਵੀਚਾਰ ਆਖੀ ਕਿ ਨਾਥ ਜੀ ਸੰਸਾਰ ਦਾ ਕੀ ਪੁੱਛਦੇ ਹੋ ? ਬਹੁਤ ਹੀ ਬੁਰਾ ਹਾਲ ਹੈ, ਚਾਰੇ ਪਾਸੇ ਕੂੜ ਦੀ ਅਮਾਵਸ ਵਰਤ ਰਹੀ ਹੈ, ਸੱਚ ਦਾ ਪ੍ਰਕਾਸ਼ਮਾਨ ਚੰਦਰਮਾ ਮਾਨੋ ਛੁਪ ਹੀ ਗਿਆ ਹੈ, ਜਿਸਨੂੰ ਤੁਸੀ ਲੋਕ ਧੌਲ ਬਲਦ ਕਹਿੰਦੇ ਹੋ, ਉਹ ਪ੍ਰਿਥਵੀ ਨੂੰ ਪਾਪਾਂ ਵਿੱਚ ਗਰੱਸੀ ਤੱਕ ਕੇ ਧਾਹਾਂ ਮਾਰ ਮਾਰ ਕੇ ਪੁਕਾਰਾਂ ਕਰਦਾ ਹੈ। ਤੁਸੀ ਸਿੱਧਾਂ ਨੇ ਕੁਝ ਆਪ ਧਰਮ ਕਮਾ ਕੇ, ਸੰਸਾਰ ਨੂੰ ਸੱਚ ਦਾ ਉਪਦੇਸ਼ ਦੇਣਾ ਸੀ ਪਰ ਤੁਸੀ ਆਪਣਾ ਪਿੱਛਾ ਛੁਡਾ ਕੇ ਕੂੜ ਅਮਾਵਸ ਤੋਂ ਭੱਜ ਕੇ ਪਰਬਤਾਂ ਵਿੱਚ ਛੁਪੇ ਬੈਠੇ ਹੋ। ਜਗਤ ਵੀਚਾਰੇ ਦੀ ਸਾਰ ਕਿਸ ਨੇ ਲੈਣੀ ਸੀ ? ਜੋਗੀ ਦਿਨ ਰਾਤ ਬਸ ਸੁਆਹ ਮਲਣਾ ਹੀ ਪਰਮ ਧਰਮ ਸਮਝਦੇ ਹਨ। ਗੁਰੂ ਤੋਂ ਬਗੈਰ ਮਾਨੋ ਸੰਸਾਰ ਡੁੱਬਦਾ ਜਾ ਰਿਹਾ ਹੈ। ਇਸ ਵੀਚਾਰ ਵਿੱਚ ਸੰਸਾਰ ਦੀ ਦਸ਼ਾ, ਆਪਣੇ ਆਉਣ ਦਾ ਮਕਸਦ ਅਤੇ ਜੋਗੀਆਂ, ਸਿੱਧਾਂ ਨੂੰ ਮਿੱਠੀ ਜਿਹੀ ਤਾੜਨਾ ਦੇ ਕੇ ਆਪਣੇ ਫਰਜ਼ਾਂ ਤੋਂ ਕੀਤੀ ਕੁਤਾਹੀ ਦਾ ਅਹਿਸਾਸ ਕਰਵਾਇਆ। ਭਾਈ ਗੁਰਦਾਸ ਜੀ ਦੀ ਪਵਿੱਤਰ ਕਲਮ ਨੇ ਇਸ ਵੀਚਾਰ ਨੂੰ ਬੜਾ ਸੁੰਦਰ ਅੰਕਿਤ ਕੀਤਾ ਹੈ।

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ ॥
ਸਭ ਸਿਧੀ ਇਹ ਬੁਝਿਆ ਕਲਿ ਤਾਰਨਿ ਨਾਨਕ ਅਵਤਾਰਾ ॥
ਬਾਬੇ ਆਖਿਆ, ਨਾਥ ਜੀ ! ਸਚੁ ਚੰਦ੍ਰਮਾ ਕੂੜੁ ਅੰਧਾਰਾ ॥
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ ॥
ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ॥
ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ ॥
ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ ॥
ਬਾਝੁ ਗੁਰੂ ਡੁਬਾ ਜਗੁ ਸਾਰਾ ॥ (ਵਾਰ ੧, ਪਉੜੀ ੨੯)

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਆਖਿਆ ਕਿ ਤੁਸੀਂ ਤਾਂ ਸੰਸਾਰ ਦੀ ਵੀਚਾਰ ਛੱਡ ਕੇ ਪਹਾੜਾਂ ਦੀਆਂ ਟੀਸੀਆਂ ਮਲ ਲਈਆ, ਤੁਹਾਡੇ ਤਕ ਦੁਖੀ ਹਿਰਦਿਆਂ ਦੀ ਪੁਕਾਰ ਕਿਵੇਂ ਪਹੁੰਚਦੀ ? ਧਰਮੀ ਪੁਰਸ਼ ਦਾ ਕੰਮ ਸੰਸਾਰ ਨੂੰ ਸੁਖ ਵੰਡਣਾ ਹੁੰਦਾ ਹੈ ਨਾ ਕਿ ਪਹਾੜਾਂ ਦੀਆਂ ਚੋਟੀਆਂ 'ਤੇ ਚੜ੍ਹ ਕੇ ਨਿੱਕੀ ਜਿਹੀ ਤਾਕਤ 'ਤੇ ਹੀ ਪਹਾੜਾਂ ਵਾਂਗ ਹੰਕਾਰ ਪਾਲ ਲੈਣਾ। ਦੁਖੀਆਂ ਤੇ ਸੰਸਾਰੀਆਂ ਦੇ ਦਰਦ ਭਰੇ ਹੋਕੇ ਸੁਣਾ ਕੇ ਸਤਿਗੁਰੂ ਜੀ ਨੇ ਆਪਣੇ ਮਾਣ ਹੰਕਾਰ ਵਿੱਚ ਬਾਵਰੇ ਹੋਏ ਜੋਗੀਆਂ ਨੂੰ ਹਲੂਣਿਆਂ ਕਿ ਜੇ ਕਰ ਜਾ ਕੇ ਤੱਕੋ, ਤੁਹਾਡਾ ਅੰਦਰਲਾ ਦੁਹਾਈਆਂ ਦੇਵੇਗਾ। ਉਥੇ ਤਾਂ ਜਿਸ ਰਾਜੇ ਨੇ ਪਰਜਾ ਦੁਆਲੇ ਵਾੜ ਬਣ ਕੇ ਰਾਖੀ ਕਰਨੀ ਸੀ, ਉਹੋ ਹੀ ਰਾਜਾ ਪਰਜਾ ਦਾ ਲਹੂ ਪੀ ਰਿਹਾ ਹੈ। ਪਰਜਾ ਨੇ ਧਰਮੀਆਂ ਪਾਸੋਂ ਗਿਆਨ ਲੈਣਾ ਸੀ ਪਰ ਉਹ ਸੰਸਾਰ ਛੱਡ ਕੇ ਪਰਬਤਾਂ ਵਿੱਚ ਛੁਪ ਗਏ ਜਿਸ ਕਰਕੇ ਵਿਚਾਰੀ ਪਰਜਾ ਗਿਆਨ ਤੋਂ ਸੱਖਣੀ ਸਵਾਏ ਕੂੜ ਕੁਸੱਤ ਤੋਂ ਹੋਰ ਕੁਝ ਨਹੀਂ ਜਾਣਦੀ। ਗੁਰੂ ਚੇਲਿਆਂ ਦੇ ਇਸ਼ਾਰਿਆਂ 'ਤੇ ਨੱਚਦੇ ਹਨ। ਧਨੀ ਲੋਕ ਸੇਵਕ ਬਣਨ ਦਾ ਢੌਂਗ ਕਰਕੇ ਆਪਣੇ ਘਰਾਂ ਵਿੱਚ ਹਨ ਪਰ ਗੁਰੂ ਮਾਇਆ ਦੀ ਖਾਤਰ ਉਨ੍ਹਾਂ ਦੇ ਹੀ ਘਰ ਜਾ ਜਾ ਕੇ ਹੋਰ ਅਹੰਕਾਰ ਨੂੰ ਪਾਲਦੇ ਹਨ। ਜਿਨ੍ਹਾਂ ਦੇ ਦਾਮਨ ਵਿਚੋਂ ਸੱਚ ਨਿਕਲਣਾ ਸੀ, ਉਨ੍ਹਾਂ ਦਾ ਮੂੰਹ ਵੀ ਮਾਇਆ ਨੇ ਆਪਣਾ ਗੁਲਾਮ ਬਣਾ ਕੇ ਮਨ ਮਰਜ਼ੀ ਦੀ ਬੋਲੀ ਬੁਲਾਉਂਦੀ ਹੈ। ਪਤੀ ਪਤਨੀ ਸਿਰਫ ਪੈਸੇ ਦੇ ਸਨਬੰਧੀ ਹਨ। ਅੰਦਰੂਨੀ ਸਾਂਝਾਂ ਦਾ ਕਾਲ ਪੈ ਗਿਆ ਹੈ। ਪੈਸੇ ਦੀ ਖਾਤਰ ਪਤੀ ਤੇ ਪਤਨੀ ਹਨ। ਕੋਈ ਕਿਸੇ ਨੂੰ ਕਿਥੋਂ ਆਏ ਵੀ ਪੁੱਛ ਨਹੀਂ ਸਕਦਾ। ਇਸ ਤਰ੍ਹਾਂ ਦੇ ਪਾਪ ਨੇ ਸਾਰੇ ਸੰਸਾਰ ਨੂੰ ਆਪਣੀ ਪਕੜ ਵਿੱਚ ਲਿਆ ਹੋਇਆ ਹੈ। ਇਹ ਬਿਰਤਾਂਤ ਵੀ ਭਾਈ ਗੁਰਦਾਸ ਜੀ ਨੇ ਅੰਕਿਤ ਕੀਤਾ ਹੈ ਆਪਣੀ ਬਾਣੀ ਵਿੱਚ।

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ॥
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ ॥
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ ॥
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ ॥
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ ॥
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ ॥
ਵਰਤਿਆ ਪਾਪੁ ਸਭਸਿ ਜਗਿ ਮਾਂਹੀ ॥ (ਵਾਰ ੧, ਪਉੜੀ ੩੦)

ਧੰਨ ਗੁਰੂ ਨਾਨਕ ਸਾਹਿਬ ਜੀ ਵਲੋਂ ਬਖਸ਼ੀ ਹੋਈ ਪਵਿੱਤਰ ਵੀਚਾਰ ਨਾਲ ਸਿੱਧ ਇੰਨੇ ਪ੍ਰਭਾਵਿਤ ਹੋਏ ਕਿ ਦੰਗ ਰਹਿ ਗਏ ਸਨ, ਵੀਚਾਰਿਆ ਕਿ ਭਾਵੇਂ ਸਾਨੂੰ ਲੰਮਾਂ ਸਮਾ ਹੋ ਗਿਆ ਧੂਣੀਆਂ ਤਾਪਦਿਆਂ ਪਰ ਫਿਰ ਵੀ ਸਾਡੇ ਨਾਲੋਂ ਗਿਆਨ ਇਨ੍ਹਾਂ ਕੋਲ ਵਧੀਕ ਹੈ। ਫਿਰ ਗਿਆਨ ਵੀ ਉਹ ਜਿਹੜਾ ਕਿਸੇ ਦੀ ਵੀ ਤਸੱਲੀ ਕਰਵਾ ਸਕੇ। ਸਿੱਧ ਅੰਦਰੋਂ-ਅੰਦਰੀ ਹਿੱਲ ਗਏ ਪਰ ਫਿਰ ਵੀ ਆਪਣਾ ਲੰਮੇ ਸਮੇਂ ਤੋਂ ਪਾਇਆ ਹੋਇਆ ਹੰਕਾਰ ਅਤੇ ਕੱਟੜਤਾਈ ਇਸ ਤਰ੍ਹਾਂ ਕਿਵੇਂ ਛੱਡ ਸਕਦੇ ਸਨ। ਸਿੱਧਾਂ ਦੇ ਮਨਾਂ ਵਿੱਚ ਵੀਚਾਰ ਉਤਪੰਨ ਹੋਈ ਕਿ ਸਾਡੀ ਇਸ ਗੱਲ ਵਿੱਚ ਹੇਠੀ ਹੋਵੇਗੀ ਕਿ ਇਹ ਸੰਸਾਰੀ ਗ੍ਰਿਹਸਤੀ ਪਰਬਤਾਂ ਵਿੱਚ ਆ ਕੇ ਆਪਣੇ ਇਕ ਸਾਥੀ ਨਾਲ ਹੀ ਸਾਰੇ ਸਿੱਧਾਂ ਨੂੰ ਆਪਣਾ ਮੁਰੀਦ ਬਣਾ ਗਿਆ। ਵੀਚਾਰਾਂ ਕੀਤੀਆਂ ਕਿ ਕਿੰਨਾ ਚੰਗਾ ਹੋਵ੍ਹੇ ਜੇ ਕਿਤੇ ਇਹ ਸੁਮੇਰ ਪਰਬਤ 'ਤੇ ਪਹੁੰਚੇ ਹੋਏ ਬਾਲਾ ਨੂੰ ਆਪਾਂ ਸਿੱਧ ਬਣਾ ਕੇ ਭਾਵ ਜੋਗੀ ਬਣਾ ਕੇ ਆਪਣੇ ਵਿੱਚ ਹੀ ਸ਼ਾਮਿਲ ਕਰ ਲਈਏ। ਇਸ ਦੇ ਸਾਡੇ ਨਾਲ ਮਿਲ ਜਾਣ 'ਤੇ ਸਾਡੇ ਧਰਮ ਤੇ ਪੰਥ ਦੀ ਉੱਪਮਾ ਸਾਰੀ ਦੁਨੀਆਂ ਵਿੱਚ ਹੋ ਜਾਵੇਗੀ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਇਕ ਸੰਸਾਰੀ ਮੰਨ ਕੇ ਇਕ ਕੌਤਕ ਖੇਡਿਆ ਕਿਉਂਕਿ ਸੰਸਾਰੀ ਬੰਦੇ ਦੀਆਂ ਦੋ ਪ੍ਰਮੁੱਖ ਕਮਜ਼ੋਰੀਆਂ ਹੁੰਦੀਆਂ ਹਨ– ਇਕ ਇਸਤ੍ਰੀ, ਦੂਜਾ ਦੁਨਿਆਵੀ ਧਨ। ਸਿੱਧਾਂ ਕੋਲ ਕਰਾਮਾਤਾਂ ਸਨ ਜਿਸ ਦੇ ਆਸਰੇ ਸਾਹਿਬ ਜੀ ਦਾ ਮਨ ਮੋਹਣ ਲਈ ਉਨ੍ਹਾਂ ਨੇ ਇਕ ਖੱਪਰ ਦਿੱਤਾ ਕਿ ਇਹ ਲੈ ਜਾਉ ਅਤੇ ਸਾਹਮਣੇ ਤਾਲਾਬ ਤੋਂ ਪਾਣੀ ਭਰ ਕੇ ਲਿਆਉ। ਸਾਹਿਬ ਜੀ ਸਭ ਕੁਝ ਜਾਣਦਿਆਂ ਹੋਇਆਂ ਅਣਜਾਣਾਂ ਵਾਂਗ ਖੱਪਰ ਚੁੱਕ ਕੇ ਚਲੇ ਗਏ। ਸਿੱਧਾਂ ਨੇ ਕਰਾਮਾਤੀ ਤਾਕਤਾਂ ਨਾਲ ਤਾਲਾਬ ਦਾ ਸਾਰਾ ਪਾਣੀ ਹੀਰੇ ਜਵਾਹਰ ਮੋਤੀ ਬਣਾ ਦਿੱਤਾ। ਸਤਿਗੁਰੂ ਜੀ ਨੇ ਪਾਣੀ ਨਾ ਦੇਖਿਆ ਤਾਂ ਖਾਲੀ ਆ ਗਏ। ਸਿੱਧਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਉਹਨਾਂ ਦੀ ਵੀਚਾਰ ਅਨੁਸਾਰ ਤਾਂ ਸੰਸਾਰੀ ਹੋਣ ਨਾਤੇ ਥੋੜੇ ਭਰ ਕੇ ਹੀਰੇ ਲਿਆਉਣੇ ਸਨ ਪਰ ਇਥੇ ਖਾਲੀ ਖੱਪਰ ਸੀ। ਸਤਿਗੁਰੂ ਪਾਤਿਸ਼ਾਹ ਨੂੰ ਸੁਆਲ ਕੀਤਾ ਕਿ ਪਾਣੀ ਨਹੀਂ ਲਿਆਏ ਤਾਂ ਸਾਹਿਬ ਜੀ ਨੇ ਆਖਿਆ ਕਿ ਉਸ ਤਾਲਾਬ ਵਿੱਚ ਪਾਣੀ ਨਹੀਂ। ਤਾਂ ਫਿਰ ਸਿੱਧਾਂ ਪੁੱਛਿਆ ਹੋਰ ਕੀ ਸੀ ? ਅਗਮ ਅਗਾਧ ਪਾਤਿਸ਼ਾਹ ਜੀ ਨੇ

ਆਖਿਆ ਕਿ ਹੋਰ ਕੁਝ ਵੀ ਹੋਵੇ, ਮੇਰਾ ਉਸ ਨਾਲ ਵਾਸਤਾ ਨਹੀਂ, ਮੇਰਾ ਮਕਸਦ ਪਾਣੀ ਲਿਆਉਣਾ ਸੀ। ਪਰ ਪਾਣੀ ਉਥੇ ਹੈ ਨਹੀਂ। ਭਾਈ ਗੁਰਦਾਸ ਜੀ ਆਖਦੇ ਹਨ ਕਿ ਸਾਹਿਬ ਜੀ ਨੇ ਪਵਿੱਤਰ ਬਚਨਾਂ ਤੇ ਸਬਦ ਦੀ ਤਾਕਤ ਨਾਲ ਸਾਰੀ ਸਿੱਧ ਮੰਡਲੀ ਜਿੱਤ ਲਈ ਅਤੇ ਆਪਣੇ ਵਲੋਂ ਆਰੰਭੇ ਪਾਵਨ ਨਿਰਮਲ ਧਰਮ ਪੰਥ ਦੀ ਵੀਚਾਰ ਸਮਝਾਈ। ਕਲਯੁਗ ਦੇ ਸਮੇਂ ਅੰਦਰ ਭਾਵ ਜਦੋਂ ਮਨੁੱਖੀ ਬ੍ਰਿਤੀਆਂ ਭਟਕ ਜਾਣ, ਹਰ ਪਾਸੇ ਪਾਪ ਹੀ ਪਾਪ ਦਾ ਪਾਸਾਰਾ ਹੋਵੇ ਤਾਂ ਇਸ ਤਰ੍ਹਾਂ ਪਰਬਤਾਂ ਵਿੱਚ ਛੁਪ ਕੇ ਤਪ ਤਾਪਣ ਦੀ ਥਾਂ ਨਾਮ ਦਾ ਸੁਖਾਲਾ ਰਾਹ ਅਪਨਾਉਣਾ ਚਾਹੀਦਾ ਹੈ। ਭਾਈ ਸਾਹਿਬ ਜੀ ਦੇ ਪਾਵਨ ਬਚਨ ਹਨ।

ਸਿਧੀ ਮਨੇ ਬੀਚਾਰਿਆ ਕਿਵੈ ਦਰਸਨੁ ਏ ਲੇਵੈ ਬਾਲਾ ॥
ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ ॥
ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ ॥
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ ॥
ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ ॥
ਫਿਰਿ ਆਇਆ ਗੁਰ, ਨਾਥ ਜੀ ਪਾਣੀ ਠਉੜ ਨਾਹੀ ਉਸਿ ਤਾਲਾ ॥
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥
ਕਲਿਜੁਗਿ ਨਾਨਕ ਨਾਮੁ ਸੁਖਾਲਾ ॥ (ਵਾਰ ੧,ਪਉੜੀ ੩੧)

ਤਲਵੰਡੀ ਤੋਂ ਚਲ ਕੇ ਸਿੱਧਾਂ ਦੇ ਅਸਲ ਟਿਕਾਣੇ 'ਤੇ ਪਹੁੰਚ ਕੇ ਸਤਿਗੁਰੂ ਜੀ ਨੇ ਇੰਨੇ ਸਿੱਧਾਂ ਨੂੰ, ਜਿਹੜੇ ਸਾਹਿਬ ਜੀ ਨੂੰ ਹਰ ਤਰ੍ਹਾਂ ਆਪਣੇ ਅਧੀਨ ਕਰਨ ਲਈ ਉਪਰਾਲੇ ਕਰਦੇ ਰਹੇ ਪਰ ਸਤਿਗੁਰੂ ਜੀ ਆਪਣੀ ਵੀਚਾਰ ਮਨਵਾਉਣ ਵਿੱਚ ਕਾਮਯਾਬ ਹੋਏ। ਸਿੱਧਾਂ ਦੇ ਹੀ ਘਰ ਜਾ ਕੇ ਭਾਵ ਆਸਣਾਂ 'ਤੇ ਜਾ ਕੇ ਉਨ੍ਹਾਂ ਦੇ ਹੰਕਾਰ ਤੇ ਪ੍ਰੇਮ ਦੇ ਸ਼ਬਦਾਂ ਦੀਆਂ ਠੋਕਰਾਂ ਮਾਰ ਮਾਰ ਕੇ ਜਗਾਉਣ ਵਾਲੇ ਸਤਿਗੁਰੂ ਦੀ ਮਹਿਮਾਂ ਭਾਈ ਗੁਰਦਾਸ ਜੀ ਦੀ ਕਲਮ ਨੇ ਗਾਈ ਹੈ ਕਿ "*ਜਿਥੇ ਬਾਬਾ ਪੈਰੁ ਧਰਿ....*"

ਪ੍ਰਮੇਸ਼ਵਰ ਸਭ ਦਾ ਸਾਂਝਾ ਹੈ ਇਸ ਲਈ ਉਸ ਵਾਹਿਗੁਰੂ ਜੀ ਦਾ ਉਪਦੇਸ਼ ਵੀ ਸਮੁੱਚੀ ਮਾਨਵਤਾ ਲਈ ਹੈ। ਇਸੇ ਕਰਕੇ ਹੀ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਇਹ ਉਪਦੇਸ ਹਰ ਇਕ ਨੂੰ ਵੰਡਿਆ। ਆਪ ਖੁਦ ਜਾ ਜਾ ਕੇ ਇਹ ਉਪਦੇਸ਼ ਵਰਤਾਉਂਦੇ ਰਹੇ ਜੋ ਕੇਵਲ ਸਿੱਖਾਂ, ਹਿੰਦੂਆਂ ਜਾਂ ਹੋਰ ਕਿਸੇ ਇਕ ਜ਼ਾਤੀ ਲਈ ਨਹੀਂ ਸੀ। ਸੋ ਸਾਹਿਬ ਜੀ ਨੇ ਕਿਰਪਾ ਕਰਕੇ ਸਿੱਧੀਆਂ ਵਿੱਚ ਪੈ ਕੇ ਅਸਲ ਜੀਵਨ ਦੇ ਰਾਹ ਤੋਂ ਭੁੱਲਿਆਂ ਜੋਗੀਆਂ ਨੂੰ ਸਿੱਧਾ ਮਾਰਗ ਪ੍ਰਦਾਨ ਕਰਕੇ ਸੱਚ ਦੇ ਪਾਂਧੀ ਭਾਈ ਮਰਦਾਨਾ ਜੀ ਸਮੇਤ ਅਗਲੇਰੇ ਪੰਧ ਲਈ ਰਵਾਨਾ ਹੋ ਗਏ। ਸਤਿਗੁਰੂ ਪਾਤਿਸ਼ਾਹ ਜੀ ਕਿਰਤ ਰਾਹੀ ਵਿਚਰਦਿਆਂ ਉਸ ਅਸਥਾਨ 'ਤੇ ਪਹੁੰਚੇ ਜਿਸ ਨੂੰ ਅੱਜ

ਕੋਲ ਸ਼ਰਧਾ ਨਾਲ ਮਟਨ ਸਾਹਿਬ ਕਿਹਾ ਜਾਂਦਾ ਹੈ। ਇਥੇ ਉਹਨਾਂ ਦਿਨਾਂ ਵਿੱਚ ਇਕ ਬ੍ਰਹਮ ਦਾਸ ਨਾਂ ਦਾ ਪੰਡਿਤ ਆਪਣੇ ਦਿਮਾਗ ਅਤੇ ਅੱਖਰਾਂ ਦਾ ਭਾਰ ਅਤੇ ਆਪਣੇ ਨਾਲ ਊਠਾਂ ਉਤੇ ਪੁਸਤਕਾਂ ਦਾ ਭਾਰ ਲੱਦੀ ਫਿਰਦਾ ਸੀ। ਇਹ ਵਿਦਵਾਨ ਪੁਰਸ਼ਾਂ ਨਾਲ ਚਰਚਾ ਕਰਦਾ ਰਹਿੰਦਾ ਸੀ। ਅਜੀਬ ਅਜੀਬ ਸੁਆਲ ਕਰਕੇ ਆਪਣੇ ਹੀ ਹੰਕਾਰ ਨੂੰ ਵਧਾਉਂਦਾ ਰਹਿੰਦਾ ਸੀ। ਇਸ ਦਾ ਮਿਲਾਪ ਗੁਰੂ ਨਾਨਕ ਪਾਤਿਸ਼ਾਹ ਜੀ ਮਹਾਰਾਜ ਨਾਲ ਹੋ ਗਿਆ। ਕਈ ਸੁਆਲ ਜਵਾਬ ਕੀਤੇ ਪਰ ਸਤਿਗੁਰੂ ਜੀ ਨੇ ਇਕ ਸਲੋਕ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਪੜ੍ਹ ਕੇ ਸੁਣਾਇਆ। ਸਾਹਿਬ ਜੀ ਦੀ ਪਵਿੱਤਰ ਦ੍ਰਿਸ਼ਟੀ ਦਾ ਸਦਕਾ ਅੱਜ ਪਹਿਲੀ ਵਾਰੀ ਹੰਕਾਰ ਦਾ ਪਰਦਾ ਲਾਹ ਕੇ ਅੰਦਰ ਝਾਤ ਮਾਰਨ ਦਾ ਮੌਕਾ ਮਿਲਿਆ। ਬ੍ਰਹਮ ਦਾਸ ਲਈ ਸ਼ਬਦ ਪੜ੍ਹਿਆ ਸੀ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਪੰਨਾ ੪੬੭)

ਕਹਿਣ ਨੂੰ ਤਾਂ ਇਹ ਬ੍ਰਹਮ ਦਾ ਦਾਸ ਸੀ ਪਰ ਅਸਲ ਵਿੱਚ ਆਪਣੇ ਹੰਕਾਰ ਦਾ ਹੀ ਦਾਸ ਸੀ। ਸਾਹਿਬ ਜੀ ਦੀ ਕਿਰਪਾ ਸਦਕਾ ਆਪ ਹੀ ਬ੍ਰਹਮ ਦਾ ਦਾਸ ਨਹੀਂ ਬਣਿਆ ਬਲਕਿ ਆਪਣੇ ਸਾਥੀ ਸਮੇਤ ਇਥੇ ਹੀ ਧਰਮਸ਼ਾਲਾ ਬਣਾ ਕੇ ਗੁਰਸਿੱਖੀ ਦਾ ਪ੍ਰਚਾਰਕ ਬਣ ਗਿਆ ਸੀ। ਇਸ ਕਰਕੇ ਹੀ ਭਾਈ ਗੁਰਦਾਸ ਜੀ ਆਖਦੇ ਹਨ ਕਿ "*ਜਿਥੇ ਬਾਬਾ ਪੈਰੁ ਧਰਿ....* "

ਸਾਹਿਬ ਜੀ ਇਥੋਂ ਚਲ ਕੇ ਭੁੱਲਿਆਂ ਨੂੰ ਰੱਬ ਚੇਤਾ ਕਰਵਾਉਂਦਿਆਂ ਜੰਮੂ ਦੇ ਇਲਾਕੇ ਰਾਹੀਂ ਸਿਆਲਕੋਟ ਦੇ ਅਸਥਾਨ 'ਤੇ ਪਹੁੰਚੇ। ਇਥੇ ਬਣਿਆ ਗੁਰਦੁਆਰਾ ਸਾਹਿਬ ਇਸ ਗੱਲ ਦੀ ਨਿਸ਼ਾਨੀ ਹੈ ਕਿ ਜਿਥੇ ਵੀ ਸਾਹਿਬ ਜੀ ਨੂੰ ਮਨੁੱਖਤਾ ਨੇ ਪੁਕਾਰਿਆ, ਉਥੇ ਹੀ ਬਹੁੜ ਕੇ ਉਨ੍ਹਾਂ ਦੀ ਸਾਰ ਲਈ। ਇਥੇ ਵੀ ਲੋਕਾਂ ਵਿੱਚ ਹਾਹਾਕਾਰ ਮੱਚੀ ਹੋਈ ਸੀ। ਦਰਦੀ ਪਾਤਿਸ਼ਾਹ ਨੇ ਆ ਕੇ ਦਰਦ ਹੀ ਨਹੀਂ ਵੰਡਾਏ ਬਲਕਿ ਲੋਕਾਂ ਨੂੰ ਤੜਫਾਉਣ ਵਾਲੇ ਨੂੰ ਵੀ ਮਾਨਵਤਾ ਦੀ ਸੇਵਾ ਵਿੱਚ ਲਾਇਆ। ਇਸ ਨਗਰ ਦੇ ਇਕ ਵਾਸੀ ਨੇ ਇਥੇ ਤਪ ਸਾਧਦੇ ਇਕ ਫਕੀਰ ਹਮਜ਼ਾ ਗੌਂਸ ਨੂੰ ਆਪਣੇ ਪੁੱਤਰ ਦੀ ਸੇਵਾ ਦੇਣੀ ਸਵੀਕਾਰੀ ਸੀ ਪਰ ਮਗਰੋਂ ਮਮਤਾ ਨੇ ਇਸ ਬਚਨ ਤੋਂ ਮੁੱਕਰਵਾ ਦਿੱਤਾ ਜਿਸ ਕਰਕੇ ਹਮਜ਼ਾ ਗੌਂਸ ਇਤਨਾ ਕਰੋਧਿਤ ਹੋਇਆ ਕਿ ਲੋਕਾਂ ਨੂੰ ਇਹ ਕਹਿ ਕੇ ਆਪਣੀ ਗੁਫਾ ਵਿੱਚ ਚਾਲੀ ਦਿਨਾਂ ਦਾ ਚਲੀਹਾ ਕੱਟਣ ਚਲਾ ਗਿਆ ਕਿ ਜਦੋਂ ਵੀ ਮੈਂ ਬਾਹਰ ਆਵਾਂਗਾ ਤਾਂ ਆ ਕੇ ਇਕ ਬਚਨ ਕਹਿ ਕੇ ਹੀ ਸਾਰੀ ਨਗਰੀ ਦੀ ਤਬਾਹੀ ਕਰ

ੴ

ਦੇਵਾਂਗਾ। ਇਕ ਪਾਸੇ ਲੋਕ ਹਮਜ਼ਾ ਗੌਂਸ ਦੀਆਂ ਮਿਨਤਾਂ ਕਰ ਹਾਰੇ ਸਨ, ਦੂਜੇ ਪਾਸੇ ਉਹ ਇਕ ਪਿਤਾ ਜੋ ਮਮਤਾ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ, ਬੱਚੇ ਨੂੰ ਫਕੀਰ ਦੇ ਹਵਾਲੇ ਨਾ ਕਰ ਸਕੇ। ਜਿਸ ਕਰਕੇ ਹਰ ਇਕ ਪ੍ਰਾਣੀ ਆਪਣੀ ਆਉਣ ਵਾਲੀ ਮੌਤ ਤੋਂ ਭੈਭੀਤ ਹੋ ਕੇ ਰੌਲਾ ਪਾ ਰਿਹਾ ਸੀ। ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਫਕੀਰੀ ਲਿਬਾਸ ਵਿੱਚ ਤੱਕ ਕੇ ਲੋਕਾਂ ਅਰਜ਼ ਕੀਤੀ। ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਿਰਪਾ ਕਰਕੇ ਪਹਿਲਾਂ ਤਾਂ ਹਮਜ਼ਾ ਗੌਂਸ ਨੂੰ ਬਾਹਰ ਕੱਢਿਆ। ਜਿਸ ਭਾਈ ਮਰਦਾਨਾ ਜੀ ਦੀ ਰਬਾਬ ਅਤੇ ਅੰਮ੍ਰਿਤ ਬਾਣੀ ਨੇ ਕੌੜੇ ਰੀਠੇ ਮਿੱਠੇ ਕਰ ਦਿੱਤੇ, ਠੱਗਾਂ ਨੂੰ ਸੱਜਣ ਬਣਾ ਦਿੱਤਾ, ਰਾਕਸ਼ ਦੇਵਤੇ ਬਣ ਗਏ ਸਨ ਤਾਂ ਫਿਰ ਗੁਰੂ ਸਾਹਿਬ ਜੀ ਨੇ ਜਦੋਂ ਕੀਰਤਨ ਕੀਤਾ ਤਾਂ ਹਮਜ਼ਾ ਗੌਂਸ ਬਾਹਰ ਆਇਆ। ਸਾਹਿਬ ਜੀ ਨੇ ਸਮਝਾਇਆ ਕਿ ਕਰੇ ਇਕ ਬੰਦਾ ਪਰ ਸਜ਼ਾ ਸਾਰਾ ਨਗਰ ਭੁਗਤੇ, ਇਹ ਕੋਈ ਇਨਸਾਫ ਨਹੀਂ, ਦੂਜੀ ਗੱਲ ਇਕ ਕਸਾਈ ਤਾਂ ਲੋਕਾਂ ਦਾ ਜੀਵਨ ਖੋਹ ਸਕਦਾ ਹੈ ਪਰ ਧਰਮੀ ਪੁਰਖ ਕਦੇ ਵੀ ਕਿਸੇ ਦੀ ਅਜਾਈਂ ਜ਼ਿੰਦਗੀ ਨਹੀਂ ਗਵਾਉਂਦਾ। ਧਰਮੀ ਪੁਰਸ਼ ਦੇ ਦਰ ਤੋਂ ਸੁਚੱਜਾ ਜੀਵਨ ਮਿਲਦਾ ਹੈ। ਵੇਖ ਤੇਰੀ ਗਲਤੀ ਦੇ ਕਾਰਨ ਤੂੰ ਧਰਮੀ ਪੁਰਸ਼ਾਂ ਕੋਲੋਂ ਉਪਦੇਸ਼ ਲੈ ਕੇ ਜੁਗਤਿ ਸਿੱਖਣ ਦੀ ਬਜਾਏ ਦੁੱਖ ਦੇਣ ਲੱਗ ਪਿਆਂ। ਮੌਤ ਤਾਂ ਪ੍ਰਮੇਸ਼ਵਰ ਵੱਸ ਹੈ। ਹਰ ਇਕ ਨੇ ਇਕ ਦਿਨ ਮਰ ਹੀ ਜਾਣਾ ਹੈ। ਇਸ ਸੱਚਾਈ ਨੂੰ ਇਥੇ ਵੀ ਜਾਣਨੇ ਵਾਲੇ ਹਨ, ਤੇਰੇ ਘਰ ਤੋਂ ਕਿਸੇ ਨੂੰ ਧਰਮ ਮਿਲਣਾ ਚਾਹੀਦਾ ਹੈ। ਸਪੱਸ਼ਟਤਾ ਲਈ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਭੇਜਿਆ ਕਿ ਇਕ ਪੈਸੇ ਦਾ ਸੱਚ ਅਤੇ ਇਕ ਪੈਸੇ ਦਾ ਝੂਠ ਖਰੀਦ ਕੇ ਲਿਆ। ਭਾਈ ਮਰਦਾਨਾ ਜੀ ਕਈ ਦੁਕਾਨਾਂ 'ਤੇ ਗਏ ਆਖਿਰ ਭਾਈ ਮੂਲਾ ਜੀ ਨੇ ਇਕ ਕਾਗਜ਼ 'ਤੇ ਇਕ ਪਾਸੇ ਲਿਖ ਦਿੱਤਾ ਕਿ ਮਰਨਾ ਸੱਚ ਹੈ ਅਤੇ ਜੀਉਣਾ ਝੂਠ ਹੈ। ਜਦੋਂ ਮਰਨਾ ਸੱਚ ਹੀ ਹੈ ਤਾਂ ਫਿਰ ਤੁਸੀਂ ਆਪਣੀ ਬੰਦਗੀ ਨੂੰ ਇਸ ਤਰ੍ਹਾਂ ਕੁਦਰਤ ਦੇ ਅਸੂਲਾਂ ਵਿਰੁੱਧ ਲੜ ਕੇ ਬਰਬਾਦ ਨਾ ਕਰੋ ਬਲਕਿ ਮਾਲਕ ਦੀ ਰਹਿਮਤ ਦੇ ਭਾਗੀ ਬਣੋ। ਹਮਜ਼ਾ ਗੌਂਸ ਤੋਂ ਹੰਕਾਰ ਦਾ ਪਰਦਾ ਲਾਹ ਦਿੱਤਾ। ਇਹੋ ਹਮਜ਼ਾ ਗੌਂਸ ਫਿਰ ਰੱਬ ਦੀ ਬੰਦਗੀ ਵਿੱਚ ਲੱਗ ਗਿਆ ਜਿਹੜਾ ਲੋਕਾਂ ਨੂੰ ਸਤਾ ਰਿਹਾ ਸੀ। ਇਹੋ ਹੀ ਰੱਬ ਅੱਗੇ ਅਰਦਾਸਾਂ ਕਰਕੇ ਲੋਕਾਂ ਦੀ ਖੁਸ਼ੀ ਤੇ ਸੁੱਖ ਸ਼ਾਂਤੀ ਮੰਗਣ ਲੱਗ ਪਿਆ। ਤੜਫਦੀ ਲੋਕਾਈ ਵੇਖਕੇ ਹੀ ਤਾਂ ਸਾਹਿਬ ਜੀ ਨੇ ਤਲਵੰਡੀ ਵਿਖੇ ਰੋਗ ਪੁੱਛਣ ਆਏ ਵੈਦ ਨੂੰ ਕਿਹਾ ਕਿ ਰੋਗ ਮੇਰੇ ਕੋਲ ਨਹੀਂ, ਰੋਗ ਦੁਨੀਆਂ ਦਾ ਹੈ ਪਰ ਕਰਕ ਮੇਰੇ ਹਿਰਦੇ ਅੰਦਰ ਹੈ। ਇਸ ਲਈ ਜਿੱਥੇ ਵੀ ਕਦੇ ਮਾਨਵਤਾ ਨੂੰ ਦੁੱਖ ਪਹੁੰਚਿਆ, ਸਾਹਿਬ ਜੀ ਉਥੇ ਹੀ ਹਾਜ਼ਰ ਹੋਏ ਅਤੇ ਪਾਪਾਂ ਦੇ ਅੱਡਿਆਂ ਨੂੰ ਧਰਮਸ਼ਾਲਾ ਵਿੱਚ ਬਦਲ ਦਿੱਤਾ "ਜਿਥੈ ਬਾਬਾ ਪੈਰੁ ਧਰਿ....."

ਇਥੋਂ ਦਾਤਾਰ ਜੀ ਤਲਵੰਡੀ ਪਹੁੰਚੇ। ਕੁਝ ਦਿਨ ਠਹਿਰ ਕੇ ਫਿਰ ਸੁਲਤਾਨਪੁਰ ਪਹੁੰਚੇ। ਇਥੇ ਸਭ ਤੋਂ ਪਹਿਲਾਂ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਪਹਿਚਾਣ ਕੇ ਘਰ ਵਿੱਚ ਬਣੀ ਸਰਧਾਲੂ ਸਿੱਖ ਬੇਬੇ ਨਾਨਕੀ ਜੀ ਸੰਸਾਰਕ ਚਲਾਣੇ ਸਮੇਂ ਆਪਣੇ ਪਿਆਰੇ ਸਤਿਗੁਰੂ ਜੀ ਦੇ ਦਰਸ਼ਨ ਦੀ ਤਾਂਘ ਰੱਖੀ ਉਡੀਕ ਰਹੇ ਸਨ। ਫਿਰ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬੇਬੇ ਨਾਨਕੀ ਚੜ੍ਹਾਈ ਕਰ ਗਏ। ਆਪਣੇ ਹੱਥੀਂ ਸਾਰੀ ਕਿਰਿਆ ਕਰਕੇ ਹਟੇ ਹੀ ਸਨ ਕਿ ਭਾਈ ਜੈ ਰਾਮ ਜੀ ਵੀ ਚੜ੍ਹਾਈ ਕਰ ਗਏ। ਇਹ ਕਿਰਿਆ ਵੀ ਕੀਤੀ। ਕੁਝ ਦਿਨ ਸੁਲਤਾਨਪੁਰ ਦੀ ਝੋਲੀ ਵਿੱਚ ਪਾ ਕੇ ਆਪ ਵਾਪਿਸ ਤਲਵੰਡੀ ਆ ਗਏ। ਇਸ ਤਰ੍ਹਾਂ ਇਸ ਦੂਜੀ ਉਦਾਸੀ ਦੌਰਾਨ ਸਤਿਗੁਰੂ ਜੀ ਅਨੇਕਾਂ ਥਾਵਾਂ ਨੂੰ ਆਪਣੇ ਸੋਹਣੇ ਜਿਹੇ ਚਰਨਾਂ ਦੀ ਛੋਹ ਦੇ ਕੇ ਪਵਿੱਤਰ ਅਸਥਾਨ ਥਾਪ ਦਿੱਤਾ।

ਮਨੁੱਖਤਾ ਦੇ ਦੋਖੀਆਂ ਵਿਚੋਂ ਹੁਣ ਇਕ ਹੀ ਗੱਲ ਬਾਕੀ ਰਹਿ ਗਈ ਸੀ। ਪਹਿਲਾਂ ਆਪਾਂ ਵੀਚਾਰ ਆਏ ਹਾਂ ਕਿ "*ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥*" ਵੱਲ ਸਭ ਤੋਂ ਪਹਿਲਾਂ ਗਏ ਜਿਹੜੇ ਤੀਰਥਾਂ 'ਤੇ ਇਹ ਕੁਕਰਮ ਹੁੰਦੇ ਸਨ ਫਿਰ ਹੁਣ ਜੋਗੀਆਂ ਨੂੰ ਇਹ ਦੱਸਣ ਲਈ ਕਿ

ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ (ਪੰਨਾ ੯੫੧)

ਦਾ ਹੋਕਾ ਲਾ ਕੇ ਆਏ ਸਨ। ਹੁਣ ਤੀਸਰੇ ਪ੍ਰਚਾਰਕ ਦੌਰੇ ਦੀ ਤਿਆਰੀ ਵਿੱਚ ਸਨ। ਧੰਨ ਗੁਰੂ ਨਾਨਕ ਸਾਹਿਬ ਜੀ ਦੀ ਇਕ ਵੱਡੀ ਵੱਡਿਆਈ ਇਹ ਵੀ ਹੈ ਕਿ ਆਪ ਜੀ ਨੇ ਸੰਸਾਰਕ ਵਿਹਾਰ ਵੀ ਪੂਰੇ ਕੀਤੇ ਹਨ। ਇਸ ਲਈ ਹੁਣ ਮਾਤਾ ਪਿਤਾ ਜੀ ਵੀ ਬਹੁਤ ਬਜ਼ੁਰਗ ਹੋ ਗਏ ਸਨ। ਕੁਝ ਦਿਨ ਤਲਵੰਡੀ ਵਿਖੇ ਟਿਕ ਕੇ ਮਾਤਾ ਤ੍ਰਿਪਤਾ ਦੀਆਂ ਆਂਦਰਾਂ ਨੂੰ ਠੰਡ ਬਖਸ਼ਣ ਲੱਗੇ। ਮਹਿਤਾ ਕਾਲੂ ਜੀ ਵੀ ਹੁਣ ਵੱਡਿਆਈ ਜਾਣ ਗਏ ਸਨ ਜਿਸ ਸਦਕਾ ਉਨ੍ਹਾਂ ਨੇ ਵੀ ਪਾਵਨ ਉਪਦੇਸ਼ ਕਮਾਉਣਾ ਸ਼ੁਰੂ ਕਰ ਦਿੱਤਾ ਪਰ ਥੋੜ੍ਹੇ ਹੀ ਦਿਨ ਗੁਜ਼ਰੇ ਸਨ ਕਿ ਦੁਨੀ-ਸੁਹਾਣੇ ਬਾਗ ਨੂੰ ਛੱਡ ਕੇ ਪ੍ਰਮੇਸ਼ਵਰ ਦੀ ਅਭੇਦਤਾ ਹਾਸਿਲ ਕਰ ਲਈ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਹੱਥੀਂ ਸਸਕਾਰ ਕਰਕੇ ਸਾਰੀ ਬਾਕੀ ਰਸਮ ਕੀਤੀ। ਹੁਣ ਫਿਰ ਪ੍ਰਮੇਸ਼ਵਰ ਦੇ ਘਰ ਤੋਂ ਲਿਆਂਦਾ ਅਲਾਹੀ ਸੁਨੇਹਾ ਪਹੁੰਚਾਉਣ ਲਈ ਦਾਤਾਰ ਪਾਤਿਸ਼ਾਹ ਜੀ ਇਸਲਾਮੀ ਦੁਨੀਆਂ ਦੇ ਪਵਿੱਤਰ ਮੁਕਾਮ ਮੱਕੇ ਵੱਲ ਤਿਆਰੀ ਕਰ ਰੁਖਸਦ ਹੋਏ।

ਮੱਕੇ ਵੱਲ ਜਾਂਦਿਆਂ ਸਭ ਤੋਂ ਪਹਿਲਾਂ ਸਤਿਗੁਰੂ ਜੀ ਮੱਕੇ ਦੇ ਸੱਚੇ ਆਸ਼ਿਕ ਭਾਵ ਅੱਲ੍ਹਾ ਨਾਲ ਇਕਮਿਕਤਾ ਹਾਸਿਲ ਕਰ ਚੁੱਕੀ ਰੂਹ ਬਾਬਾ ਸ਼ੇਖ ਫਰੀਦ ਜੀ ਦੇ ਪਵਿੱਤਰ

ਅਸਥਾਨ ਪਾਕਪਟਨ ਗਏ। ਇਥੇ ਸ਼ੇਖ ਫਰੀਦ ਜੀ ਦੀ ਗੱਦੀ 'ਤੇ ਬਿਰਾਜਮਾਨ ਇਨ੍ਹਾਂ ਦੇ ਮੁਰੀਦ ਸ਼ੇਖ ਬ੍ਰਹਮ ਨਾਲ ਕੁਝ ਰੱਬ ਦੇ ਘਰ ਦੀਆਂ ਵੀਚਾਰਾਂ ਕੀਤੀਆਂ। ਇਥੋਂ ਹੀ ਭਗਤ ਫਰੀਦ ਜੀ ਦੇ ਉਚਾਰੇ ਪਵਿੱਤਰ ਬਚਨ ੧੧੨ ਸਲੋਕ ਅਤੇ ਚਾਰ ਸ਼ਬਦ ਆਪਣੇ ਕੋਲ ਅੰਕਿਤ ਕੀਤੇ। ਇਕ ਗੱਲ ਖ਼ਾਸ ਖ਼ਿਆਲ ਕਰਨ ਵਾਲੀ ਹੈ ਕਿ ਸਾਹਿਬ ਜੀ ਨੇ ਸੁਲਤਾਨਪੁਰ ਲੋਧੀ ਵੇਈਂ ਨਦੀ ਦੇ ਚਮਤਕਾਰ ਤੋਂ ਮਗਰੋਂ ਹੋਕਾ ਲਾਇਆ ਸੀ ਕਿ 'ਨ ਕੋ ਹਿੰਦੂ ਨ ਕੋਈ ਮੁਸਲਮਾਨ', ਇਹ ਗੱਲ ਸੁਣ ਕੇ ਕਾਜ਼ੀ ਦੌਲਤ ਖ਼ਾਂ ਅਤੇ ਕੁਝ ਹੋਰ ਲੋਕਾਂ ਨੇ ਇਤਰਾਜ਼ ਕੀਤਾ ਜਿਸ ਦਾ ਜਵਾਬ ਸਾਹਿਬ ਜੀ ਬਾਕਾਮਾਨੇ ਦੇ ਕੇ ਨਿਮਾਜ਼ ਗੁਜ਼ਾਰਨੀ ਸਿਖਾਈ। ਇਥੇ ਹੀ ਬਸ ਨਹੀਂ, ਜਿਹੜੇ ਮੰਦਰ ਜਾਂਦੇ ਸਨ, ਉਹ ਮਸਜਿਦ ਨਹੀਂ ਜਾਂਦੇ ਸਨ। ਜਿਹੜੇ ਮਸਜਿਦ ਜਾਂਦੇ ਸਨ, ਉਹ ਮੰਦਰ ਨਹੀ ਜਾਂਦੇ ਸਨ। ਪਰ ਸਾਹਿਬ ਜੀ ਤਾਂ ਸੁਲਤਾਨਪੁਰ ਨਿਮਾਜ਼ ਅਦਾ ਕਰਨੀ ਦੱਸਦੇ ਹਨ ਤੇ ਜਗਨਨਾਥ ਪੁਰੀ ਆਰਤੀ। ਹਰਿਦੁਆਰ ਹਰੀ ਨਾਲ ਜੁੜਨਾ ਤੇ ਮੱਕੇ ਦੇ ਮੁਰੀਦਾਂ ਨੂੰ ਅੱਲ੍ਹਾ ਨਾਲ ਜੁੜਨਾ ਸਿਖਾਲਦੇ ਹਨ। ਇਹ ਸਾਂਝਾਂ ਕੇਵਲ ਆਪਣੇ ਤਕ ਹੀ ਨਹੀਂ ਰੱਖੀਆਂ ਬਲਕਿ ਅੰਮ੍ਰਿਤ ਬਚਨ ਅੱਜ ਤਕ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹਨ। ਇਕ ਪਾਸੇ ਤਾਂ 'ਨਾਮੁ ਤੇਰੋ ਆਰਤੀ' ਦਾ ਸ਼ਬਦ ਜਾਂ 'ਕੈਸੀ ਆਰਤੀ ਹੋਇ' ਦਾ ਸ਼ਬਦ ਪਰ ਦੂਜੇ ਪਾਸੇ "*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬ ਹੀ ਚਲਿ ਨ ਆਇਆ ਪੰਜੇ ਵਕਤ ਮਸੀਤਿ॥*" ਅੰਕਿਤ ਕਰ ਦਿੱਤਾ। ਇਹ ਹੋਕਾ ਅੱਜ ਵੀ ਮਨੁੱਖਤਾ ਦੀ ਸਾਂਝ ਦੀ ਪੁਕਾਰ ਹੀ ਨਹੀ ਕਰਦਾ ਬਲਕਿ ਅਗਵਾਈ ਕਰਦਾ ਹੈ। ਸੋ ਸਾਹਿਬ ਜੀ ਨੇ ਬਾਬਾ ਫਰੀਦ ਜੀ ਦੇ ਪਵਿੱਤਰ ਬਚਨ ਅੰਕਿਤ ਕਰਕੇ ਅਗਲੇਰੇ ਪੰਧ ਦੀ ਤਿਆਰੀ ਕਰ ਲਈ।

ਜਿਸ ਸੁਭਾਗੀ ਧਰਤ ਨੇ ਗੁਰਦੇਵ ਜੀ ਦੇ ਚਰਨ ਚੁੰਮੇ ; ਉਸ ਨੂੰ ਤੁਲੰਬਾ ਇਤਿਹਾਸ ਨੇ ਲਿਖਿਆ ਹੈ। ਇਸ ਇਲਾਕੇ ਵਿੱਚ ਸੱਜਣ ਨਾਂ ਦੇ ਬੰਦੇ ਦੀ ਬੜੀ ਚਰਚਾ ਸੀ। ਇਹ ਇਕ ਧਰਮਸ਼ਾਲਾ ਬਣਾ ਕੇ ਆਏ ਗਏ ਯਾਤਰੂਆਂ ਦੀ ਸੇਵਾ ਦੇ ਬਹਾਨੇ ਅਸਲ ਵਿੱਚ ਇਨ੍ਹਾਂ ਭੋਲੇ ਭਾਲੇ ਲੋਕਾਂ ਦਾ ਕਤਲ ਕਰ ਦਿੰਦਾ ਸੀ। ਨਾਮ ਧਰਮਸ਼ਾਲਾ ਸੀ ਪਰ ਅਸਲ ਵਿੱਚ ਕਤਲਗਾਹ ਸੀ। ਦਾਤਾਰ ਪਾਤਿਸ਼ਾਹ ਜੀ ਨੇ ਇਸ ਤੁਲੰਬੇ ਦੇ ਨੇੜੇ ਹੀ ਮਖਦੂਮਪੁਰ ਇਸ ਧਰਮਸਾਲਾ ਵਿਚ ਜਾ ਡੇਰਾ ਕੀਤਾ। ਸਾਹਿਬ ਜੀ ਦੇ ਚਿਹਰੇ 'ਤੇ ਨਾਮ ਜਪੰਦੜੀ ਲਾਲੀ ਦੇ ਕਾਰਨ ਸੱਜਣ ਬਹੁਤ ਖੁਸ਼ ਹੋਇਆ ਕਿ ਬਾਬਾ ਬਹੁਤ ਧਨੀ ਪੁਰਸ਼ ਹੈ ਕਿਉਂਕਿ ਭਾਈ ਗੁਰਦਾਸ ਜੀ ਆਖਦੇ ਹਨ ਕਿ "*ਧਨੁ ਧਰਤੀ ਵਿਚਿ ਦਬੀਐ ਮਸਤਕਿ ਪਰਵਾਣੈ॥*" ਧਨ ਬੋਝੇ ਵਿਚ ਜਾਂ ਕਿਸੀ ਗੁੱਝੀ ਥਾਂ 'ਤੇ ਹੁੰਦਾ ਹੈ ਪਰ ਮਸਤਕ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਧਨੀ ਪੁਰਸ਼ ਹੈ। ਸ਼ਾਮ ਦਾ ਵਕਤ ਹੋਇਆ ਸੀ। ਸੱਜਣ ਕੁਝ ਸਮੇਂ ਬਾਅਦ ਆਇਆ ਤੇ ਕਹਿਣ ਲੱਗਾ ਕਿ ਬਾਬਾ ਜੀ ਪਰਸ਼ਾਦਾ

ਛੱਕੇ। ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਭਾਈ ਮੈਂ ਆਪਣਾ ਕਾਰਜ ਕਰਕੇ ਹੀ ਖਾਵਾਂਗਾ। ਛੱਕਣ ਵਾਲਾ ਤਾਂ ਤਿਆਰ ਹੈ, ਛਕਾਉਣ ਵਾਲਾ ਤਿਆਰ ਨਹੀਂ, ਪਹਿਲਾਂ ਛਕਾਉਣ ਵਾਲਾ ਤਿਆਰ ਕਰ ਲਵਾਂ। ਸੱਜਣ ਕੁਝ ਨਾ ਸਮਝਿਆ। ਕੁਝ ਸਮੇਂ ਦੀ ਉਡੀਕ ਮਗਰੋਂ ਆ ਕੇ ਫਿਰ ਕਹਿਣ ਲੱਗਾ ਕਿ ਜੇ ਪਰੰਸ਼ਾਦਾ ਨਹੀਂ ਛਕਣਾ ਤਾਂ ਆਰਾਮ ਕਰ ਲਵੋ। ਸਾਹਿਬ ਜੀ ਨੇ ਫਿਰ ਆਖਿਆ ਕਿ ਭਾਈ ਜਦੋਂ ਬਾਕੀ ਸਾਰੇ ਬੇ-ਆਰਾਮ ਹੋਣ ਤਾਂ ਮੈਂ ਕਿਵੇਂ ਆਰਾਮ ਕਰ ਸਕਦਾ ਹਾਂ। ਸੱਜਣ ਦੀ ਅੱਖ ਕੇਵਲ ਤੇ ਕੇਵਲ ਗੁਰੂ ਸਾਹਿਬ ਜੀ ਵੱਲ ਲੱਗ ਗਈ, ਬਾਕੀ ਸਾਰੇ ਸੌਂ ਗਏ। ਸਾਹਿਬ ਜੀ ਨੇ ਹੁਣ ਭਾਈ ਮਰਦਾਨਾ ਜੀ ਨੂੰ ਆਖਿਆ ਕਿ ਕਿਰਪਾ ਕਰੋ, ਰਬਾਬ ਵਜਾਉ, ਖੁਦਾ ਦੀ ਸਿਫ਼ਤ ਕਰੀਏ। ਭਾਈ ਮਰਦਾਨਾ ਜੀ ਰਬਾਬ ਵਜਾਉਣ ਲੱਗੇ ਤਾਂ ਸਾਹਿਬ ਜੀ ਨੇ ਸ਼ਬਦ ਉਚਾਰਿਆ ਕਿ ਜਿਵੇਂ ਕੈਂਹ ਦਾ ਭਾਂਡਾ ਦੇਖਣ ਨੂੰ ਕੁਝ ਹੋਰ ਤੇ ਵਿਚੋਂ ਕਾਲਖ ਹੀ ਛੱਡਦਾ ਹੈ। ਬਗਲਾ ਚਿੱਟੇ ਲਿਬਾਸ ਵਿੱਚ ਪਾਣੀ ਦੇ ਕੰਢੇ ਇਕ ਲੱਤ ਦੇ ਭਾਰ ਆਪਣੇ ਸ਼ਿਕਾਰ ਦੀ ਉਡੀਕ ਵਿੱਚ ਖਲੋਂਦਾ ਹੈ। ਸਾਰੇ ਵੇਖਣ ਵਾਲੇ ਧਰਮੀ ਸਮਝਦੇ ਹਨ ਪਰ ਅਸਲ ਵਿਚ ਉਹ ਜਾਨ ਲੇਵਾ ਹੁੰਦਾ ਹੈ। ਤੀਸਰੀ ਮਿਸਾਲ ਦਿੱਤੀ ਕਿ ਜਿਵੇਂ ਸਿਮਲ ਦੇ ਰੁੱਖ ਨੂੰ ਤੱਕ ਕੇ ਤੋਤੇ ਭੁੱਲ ਜਾਂਦੇ ਹਨ ਪਰ ਇਹ ਭੁਲੇਖਾ ਪਛਤਾਵਾ ਬਣਦਾ ਹੈ। ਜਦੋਂ ਸਿਮਲ ਦੇ ਫੁੱਲ, ਫਲ ਅਤੇ ਪੱਤੇ ਕਿਸੇ ਕੰਮ ਨਹੀਂ ਆਉਂਦੇ। ਇਹ ਮਾਇਆ ਦੀ ਮੁਥਾਜਗੀ ਲਈ ਚਾਕਰੀਆਂ ਚੰਗੀਆਂ ਨਹੀਂ ਭਾਵ ਦਿਖਾਵਾ ਛੱਡ ਕੇ ਨਾਮ ਜਪ ਜਿਸ ਨਾਲ ਪਾਰ ਉਤਾਰਾ ਹੋ ਸਕਦਾ ਹੈ। ਇਹ ਸ਼ਬਦ ਸੁਣ ਕੇ ਸੱਜਣ ਚਰਣੀ ਢਹਿ ਪਿਆ। ਸਾਹਿਬ ਜੀ ਨੇ ਇਕੋ ਗੱਲ ਪੁੱਛੀ ਕਿ ਭਾਈ ਤੂੰ ਯਾਤਰੂਆਂ ਨੂੰ ਕਿਉਂ ਮਾਰਦਾ ਸੀ ਤਾਂ ਕਹਿਣ ਲੱਗਾ ਕਿ ਇਨ੍ਹਾਂ ਕੋਲ ਥੋੜ੍ਹੀ-ਥੋੜ੍ਹੀ ਮਾਇਆ ਹੁੰਦੀ ਸੀ। ਸਤਿਗੁਰਾਂ ਆਖਿਆ ਕਿ ਜੇ ਥੋੜ੍ਹੀ-ਥੋੜ੍ਹੀ ਮਾਇਆ ਵਾਲਿਆਂ ਦਾ ਇਹ ਹਾਲ ਕੀਤਾ ਫਿਰ ਤੂੰ ਕਦੇ ਵੀ ਨਾ ਸੋਚਿਆ ਕਿ ਮੈਂ ਵੀ ਜੋ ਰੋਜ਼ ਪਾਪ ਕਰਕੇ ਇਸ ਮਾਇਆ ਦੀ ਇਕੱਤ੍ਰਤਾ ਵਿੱਚ ਲੱਗਾ ਹਾਂ ਤਾਂ ਮੇਰਾ ਕੀ ਬਣੇਗਾ ? ਸੱਜਣ ਕੁਰਲਾ ਉਠਿਆ ਤੇ ਬੇਨਤੀਆਂ ਕਰਨ ਲੱਗਾ ਕਿ ਕਿਰਪਾ ਕਰਕੇ ਬਖਸ਼ ਲਵੋ। ਸਾਹਿਬ ਜੀ ਦੇ ਇਕ ਪਵਿੱਤਰ ਸ਼ਬਦ ਨੇ ਠੱਗ ਸੱਜਣ ਨੂੰ ਭਾਈ ਸੱਜਣ ਬਣਾ ਦਿੱਤਾ। ਜਿਥੋਂ ਮੌਤ ਮਿਲਦੀ ਸੀ ਉਥੋਂ ਜਿੰਦਗੀ ਮਿਲਣ ਲੱਗ ਪਈ। ਇਥੇ ਇਹ ਪਾਵਨ ਸ਼ਬਦ ਉਚਾਰਿਆ ਸੀ ਜੋ ਸੂਹੀ ਰਾਗ ਵਿੱਚ ਅੰਕਿਤ ਹੈ।

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥

ਜਿਸ ਗੁਰਦੇਵ ਜੀ ਦੇ ਪਵਿੱਤਰ ਚਰਣ ਕਮਲਾਂ ਨਾਲ ਕਤਲਗਾਹਾਂ ਵੀ ਅਸਲ ਧਰਮਸ਼ਾਲਾਂ ਬਣ ਗਈਆਂ, ਉਸ ਗੁਰਦੇਵ ਜੀ ਦੀ ਉਸਤਤਿ ਕਰਨ ਲਈ ਆਪਾਂ ਵੀ ਭਾਈ ਗੁਰਦਾਸ ਜੀ ਦੀ ਕਲਮ ਨਾਲ ਆਪਣੀ ਰਸਨਾ ਜੋੜ ਆਖੀਏ "*ਜਿਥੇ ਬਾਬਾ ਪੈਰੁ ਧਰਿ..*"

ਇਥੋਂ ਸਤਿਗੁਰੂ ਜੀ ਆਪਣੀ ਮੰਜ਼ਿਲ ਭਾਵ ਜਿਥੋਂ ਦਾ ਵਿਚਾਰ ਬਣਾ ਕੇ ਆਏ ਸਨ, ਮੱਕੇ ਪਹੁੰਚ ਗਏ। ਇਥੇ ਬਹੁਤ ਲੋਕਾਂ ਦਾ ਇਕੱਠ ਹੋਣਾ ਸੀ। ਸੋ ਸਤਿਗੁਰੂ ਜੀ ਨੇ ਮੁਸਲਮਾਨ ਧਰਮ ਦੇ ਸਾਰੇ ਮੁਖੀਆਂ ਨੂੰ ਇਥੇ ਹੀ ਮਿਲਣਾ ਠੀਕ ਸਮਝਿਆ। ਬਾਕੀ ਮੁਸਲਮਾਨਾਂ ਦੀ ਤਰ੍ਹਾਂ ਸਾਹਿਬ ਜੀ ਨੇ ਵੀ ਵੈਸਾ ਹੀ ਪਹਿਰਾਵਾ ਪਹਿਨਿਆ ਹੋਇਆ ਸੀ। ਇਹ ਸਾਰੇ ਮੁਸਲਮਾਨ ਹੱਜ ਕਰਨ ਜਾ ਰਹੇ ਸਨ। ਕਾਅਬੇ ਦੀ ਯਾਤਰਾ ਕਰਨਾ ਤੇ ਇਸ ਦੀ ਪਰਿਕਰਮਾ ਕਰਕੇ ਇਸ ਅੰਦਰ ਲੱਗੇ ਸੰਗ ਅਸਵਦ ਦਾ ਬੋਸਾ ਲੈਣਾ ਆਦਿਕ ਕਰਮ ਹਨ। ਕਾਅਬਾ ਅਰਬ ਦੇਸ਼ ਦੇ ਮੱਕੇ ਸ਼ਹਿਰ ਵਿੱਚ ਇਕ ਪਵਿੱਤਰ ਅਸਥਾਨ ਹੈ। ਇਥੇ ਸਤਿਗੁਰੂ ਜੀ ਨੇ ਤਿੰਨ ਪ੍ਰਮੁੱਖ ਸਿਧਾਂਤ ਦ੍ਰਿੜ੍ਹ ਕਰਵਾਉਣੇ ਸਨ। ਪਹਿਲਾ ਕਿ ਰੱਬ ਹਰ ਥਾਂ 'ਤੇ ਹੈ। ਦੂਜਾ ਸ਼ੁੱਭ ਅਮਲਾਂ ਤੋਂ ਬਿਨਾਂ ਜੀਵ ਪ੍ਰਮੇਸ਼ਵਰ ਦੇ ਘਰ ਰਹਿਮਤ ਦਾ ਪਾਤਰ ਨਹੀਂ ਬਣ ਸਕਦਾ। ਤੀਜੀ ਗੱਲ ਸੀ ਕਿ ਕਾਦੀ ਕੂੜਿ ਬੋਲ ਮਲ ਖਾਂਦਾ ਸੀ। ਇਨ੍ਹਾਂ ਸਿਧਾਂਤਾਂ ਦੀ ਦ੍ਰਿੜ੍ਹਤਾ ਵਾਸਤੇ ਸਭ ਤੋਂ ਪਹਿਲਾ ਕਰਮ ਕੀਤਾ ਕਿ ਸਾਹਿਬ ਜੀ ਜਦੋਂ ਮੱਕੇ ਪਹੁੰਚੇ ਤਾਂ ਸਭ ਤੋਂ ਪਹਿਲਾਂ ਕਾਅਬੇ ਵੱਲ ਰਾਤੀ ਮੁਬਾਰਕ ਚਰਣ ਕਰਕੇ ਲੇਟ ਗਏ। ਸਵੇਰ ਦੇ ਵਕਤ ਸੇਵਾ ਸੰਭਾਲ ਕਰਨ ਵਾਲਾ ਜੀਵਨ ਆਇਆ ਤਾਂ ਇਧਰ ਵਾਲੇ ਪਾਸੇ ਚਰਣ ਵੇਖ ਕੇ ਇਤਨਾ ਕਲਪਿਆ ਕਿ ਸਾਹਿਬ ਜੀ ਦੇ ਲੱਤ ਮਾਰੀ ਤੇ ਬਚਨ ਆਖਿਆ ਕਿ ਤੂੰ ਕਿਹੜਾ ਕਾਫਿਰ ਸੁੱਤਾ ਪਿਆ ਹੈਂ? ਗੁਰੂ ਨਾਨਕ ਪਾਤਿਸ਼ਾਹ ਦੇ ਘਰ ਦੀ ਮਹਾਨ ਵੱਡਿਆਈ ਤੱਕੋ, ਇਥੇ ਲੱਤਾਂ ਦਾ ਮੁਕਾਬਲਾ ਲੱਤਾਂ ਨਾਲ ਨਹੀਂ ਬਲਕਿ ਲੱਤ ਦਾ ਮੁਕਾਬਲਾ ਮਤ ਨਾਲ ਕੀਤਾ ਜਾਂਦਾ ਹੈ। ਗੁਰੂ ਅਮਰਦਾਸ ਮਹਾਰਾਜ ਦੇ ਵੀ ਬਾਬਾ ਦਾਤੂ ਜੀ ਨੇ ਲੱਤ ਮਾਰੀ ਸੀ ਤਾਂ ਉਦੋਂ ਵੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਨਿਮਰਤਾ ਨਾਲ ਬਾਬਾ ਦਾਤੂ ਜੀ ਦਾ ਮਨ ਜਿੱਤ ਲਿਆ ਸੀ। ਸੋ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਭਾਈ ਇਧਰ ਲੱਤਾਂ ਕਿਉਂ ਨਹੀਂ ਕਰਨੀਆਂ। ਜੀਵਨ ਨੇ ਆਖਿਆ ਕਿ ਕਾਫਿਰਾ! ਇਧਰ ਖੁਦਾ ਦਾ ਘਰ ਹੈ ਤਾਂ ਸਾਹਿਬ ਜੀ ਨੇ ਆਖਿਆ ਕਿ ਰਾਤ ਮੈਂ ਵੀ ਬਹੁਤ ਪ੍ਰੇਸ਼ਾਨ ਹੋਇਆ ਸੀ, ਮੈਂ ਜਿਧਰ ਵੀ ਪੈਰ ਕਰਦਾ ਸੀ, ਇਹ ਤੁਹਾਡਾ ਖੁਦਾ ਦਾ ਘਰ ਮੈਨੂੰ ਉਧਰ ਹੀ ਲੱਗਦਾ ਸੀ। ਪਰ ਦੇਰ ਮਗਰੋਂ ਮੈਂ ਚਾਦਰ ਵਲੇਟ ਕੇ ਸੌਂ ਗਿਆ। ਤੈਨੂੰ ਜਿਧਰ ਖੁਦਾ ਦਾ ਘਰ ਨਹੀਂ ਲੱਗਦਾ, ਕਿਰਪਾ ਕਰਕੇ ਮੇਰੇ ਪੈਰ ਪਕੜ ਕੇ ਉਧਰ ਹੀ ਘੁੰਮਾ ਦੇ। ਮੈਂ ਬਹੁਤ ਥੱਕਿਆਂ ਹਾਂ। ਭਾਈ ਗੁਰਦਾਸ ਜੀ ਆਖਦੇ ਹਨ ਕਿ ਜਦੋਂ ਜੀਵਨ ਨੇ ਚਰਣ ਪਰਸੇ ਤਾਂ ਹਰ

ਪਾਸੇ ਹੀ ਖ਼ੁਦਾ ਦਾ ਘਰ ਨਜ਼ਰ ਆਇਆ। ਹਰ ਪਾਸੇ ਹੀ ਕਾਅਬਾ ਦਿਸੇ। ਹੈਰਾਨ ਹੋ ਕੇ ਬਾਕੀ ਸਾਥੀਆਂ ਨੂੰ ਵੀ ਸੱਦਿਆ, ਕਾਫੀ ਵੀਚਾਰ ਚਰਚਾ ਹੋਈ ਜਿਸ ਕਰਕੇ ਸਾਹਿਬ ਜੀ ਨੇ ਇਕ ਵੀਚਾਰ ਸਮਝਾ ਦਿੱਤੀ ਸੀ ਭਾਈ ਗੁਰਦਾਸ ਜੀ ਆਖਦੇ ਹਨ :

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ। (ਵਾਰ ੧, ਪਉੜੀ ੩੨)

ਸਾਰੇ ਹਾਜੀਆਂ ਦੀ ਇਕੱਤ੍ਰਤਾ ਵਿੱਚ ਬਹੁਤ ਪੁਰਾਣਾ ਚੱਲਿਆ ਆ ਰਿਹਾ ਸੁਆਲ ਰੱਖ ਦਿੱਤਾ ਕਿ ਰੱਬ ਦੀ ਦਰਗਾਹ ਵਿੱਚ ਹਿੰਦੂ ਵੱਡਾ ਹੈ ਜਾਂ ਫਿਰ ਮੁਸਲਮਾਨ। ਇਹ ਦੋਵੇਂ ਹੀ ਕੌਮਾਂ ਸਨ। ਹਿੰਦੂ ਧਰਮ ਨੂੰ ਮੰਨਣ ਵਾਲੇ, ਹਿੰਦੂ ਨੂੰ ਚੰਗਾ ਆਖਦੇ ਪਰ ਇਸਲਾਮ ਦੇ ਪੁਜਾਰੀ ਮੁਸਲਮਾਨ ਨੂੰ ਪਾਕਿ ਕਹਿੰਦੇ ਸਨ। ਸਾਹਿਬ ਜੀ ਨੂੰ ਆਖਣ ਲੱਗੇ ਕਿ ਤੁਸੀਂ ਆਪਣੀ ਕਿਤਾਬ ਭਾਵ ਪਵਿੱਤਰ ਬਾਣੀ ਦੀ ਪੋਥੀ ਖੋਲ੍ਹ ਕੇ ਦੱਸੋ ਕਿ ਤੁਹਾਡਾ ਮਤ ਕੀ ਕਹਿੰਦਾ ਹੈ ਕਿਉਂਕਿ ਤੁਹਾਡੀ ਸਖਸ਼ੀਅਤ ਦੇ ਅਸੀਂ ਕਾਇਲ ਹਾਂ। ਸਤਿਗੁਰੂ ਜੀ ਨੇ ਬੜੀ ਨਿਰਭੈਤਾ ਨਾਲ ਸਪੱਸ਼ਟ ਕੀਤਾ ਕਿ ਹੇ ਹਾਜੀਉ ! ਨਾ ਤਾਂ ਰੱਬ ਦੀ ਦਰਗਾਹ ਵਿੱਚ ਮੁਸਲਮਾਨ ਦੀ ਕੋਈ ਗੱਲ ਹੈ ਅਤੇ ਨਾ ਹੀ ਹਿੰਦੂ ਦੀ ਕੋਈ ਗੱਲ ਹੈ, ਉਥੇ ਤਾਂ ਕਰਮਾਂ 'ਤੇ ਨਿਬੇੜਾ ਹੋਏਗਾ। ਜਿਹੋ ਜਿਹੇ ਅਮਲ ਕੀਤੇ ਹੋਣਗੇ, ਵੈਸਾ ਹੀ ਸਤਿਕਾਰ ਮਿਲੇਗਾ। ਭਾਈ ਗੁਰਦਾਸ ਜੀ ਆਖਦੇ ਹਨ :

ਪੁਛਨਿ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹਿ ਅੰਦਰਿ ਲਹਿਨ ਨ ਢੋਈ।
ਕਚਾ ਰੰਗੁ ਕੁਸੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਹਿ ਸ਼ੈਤਾਨੀ ਦੁਨੀਆ ਗੋਈ। (ਵਾਰ ੧, ਪਉੜੀ ੩੩)

ਇਹ ਸਾਰੀ ਸੱਚ ਦੀ ਵੀਚਾਰ ਸਮਝਾ ਕੇ ਸਾਰਿਆਂ ਦੇ ਹਿਰਦੇ ਘਰ ਵਿੱਚ ਸੱਚੇ ਪ੍ਰਮੇਸ਼ਵਰ

ਦੀ ਵੀਚਾਰ ਵਸਾ ਦਿੱਤੀ ਸੀ। ਹਰ ਕੋਈ ਗੁਰੂ ਨਾਨਕ ਪਾਤਿਸ਼ਾਹ ਵਲੋਂ ਮਿਲੀ ਵੀਚਾਰ ਦੀ ਰੋਸ਼ਨੀ ਵਿੱਚ ਧਰਮ ਕਰਮ ਕਰਨ ਲੱਗਾ ਸੀ। ਇਥੋਂ ਤਕ ਭਾਈ ਗੁਰਦਾਸ ਜੀ ਨੇ ਜ਼ਿਕਰ ਕੀਤਾ ਹੈ ਕਿ ਪਵਿੱਤਰ ਅਸਥਾਨ ਮੱਕੇ ਅੰਦਰ ਵੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਖੜਾਂਵ ਨਿਸ਼ਾਨੀ ਦੇ ਤੌਰ 'ਤੇ ਰੱਖ ਕੇ ਉਸਦੀ ਪੂਜਾ ਕਰਨ ਲੱਗ ਪਏ।

ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ ॥
ਜਿਥੇ ਜਾਇ ਜਗੱਤ ਵਿਚ ਬਾਬੇ ਬਾਝ ਨ ਖਾਲੀ ਜਾਈ ॥
ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਜੋਆਈ ॥

ਆਖਿਰ ਮੁਸਲਮਾਨਾਂ ਦੀ ਕਟੱੜਤਾਈ ਨੂੰ ਕੱਢ ਕੇ ਆਪਣੇ ਮੁਬਾਰਿਕ ਚਰਨਾਂ ਦੀ ਛੋਹ ਦੇ ਕੇ ਇਥੇ ਵੀ ਇਕ ਸੱਚੀ ਧਰਮਸ਼ਾਲਾ ਬਣਾ ਕੇ ਬਖਸ਼ਿਸ਼ਾਂ ਕਰ ਗਏ ਸਨ।

"ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥"

ਇਥੋਂ ਸਤਿਗੁਰੂ ਜੀ ਮਦੀਨੇ ਗਏ ਜਿਥੇ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਕਾਂਇਆਂ ਨੂੰ ਧਰਤੀ ਦੀ ਹਿੱਕ ਵਿੱਚ ਸੁਆਂ ਦਿੱਤਾ ਸੀ। ਮਦੀਨੇ ਤੋਂ ਬਗਦਾਦ ਜਾ ਪਹੁੰਚੇ। ਬਗਦਾਦ ਦੀ ਧਰਤੀ 'ਤੇ ਦੋ ਮਹਾਨ ਕੰਮ ਕੀਤੇ। ਪਹਿਲਾ ਕਰਮ ਸੀ – ਇਥੇ ਲੋਕ ਰਾਗ ਨੂੰ ਨਫਰਤ ਕਰਦੇ ਸਨ। ਦੂਜਾ ਕਰਮ ਸੀ ਕਿ ਪ੍ਰਮੇਸਵਰ ਦੀ ਕੁਦਰਤ ਦਾ ਕੋਈ ਅੰਤ ਨਹੀਂ, ਉਹ ਕੇਵਲ ਸੱਤ ਪਾਤਾਲਾਂ ਤੇ ਆਕਾਸ਼ਾਂ ਦਾ ਹੀ ਮਾਲਕ ਨਹੀਂ ਬਲਕਿ ਲੱਖਾਂ ਹੀ ਪਾਤਾਲ ਤੇ ਆਕਾਸ਼ ਹਨ।

ਆਮ ਮਨੁੱਖ ਸੰਸਾਰੀ ਧੰਦਿਆਂ ਵਿੱਚ ਇਤਨਾ ਖਚਤ ਹੁੰਦਾ ਹੈ ਕਿ ਇਸ ਕੋਲ ਰੱਬ ਦੀ ਗੱਲ ਸੁਨਨ ਦਾ ਵਕਤ ਨਹੀਂ। ਹਰ ਬੰਦੇ ਦੇ ਘਰ ਜਾ ਜਾ ਕੇ ਸਮਝਾਉਣ 'ਤੇ ਸਮਾਂ ਖਰਚ ਹੁੰਦਾ ਹੈ। ਸਾਹਿਬ ਜੀ ਨੇ ਕਿਰਪਾ ਕੀਤੀ - ਨਗਰੀ ਤੋਂ ਬਾਹਰ ਹੀ ਆਪਣਾ ਟਿਕਾਣਾ ਬਣਾ ਲਿਆ। ਉਥੇ ਸ਼ਬਦ ਪੜ੍ਹਿਆ –

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

ਇਹ ਗੱਲ ਮਾਨੋ ਇਸਲਾਮ ਦੀ ਰਾਜਧਾਨੀ ਬਗਦਾਦ ਵਿੱਚ ਜੰਗਲ ਦੀ ਅੱਗ ਵਾਂਗੂ ਫੈਲ ਗਈ। ਸਤਿਗੁਰੂ ਜੀ ਨੇ ਪ੍ਰਮੇਸਵਰ ਦੇ ਦਰ ਤੋਂ ਆਈ ਅੰਮ੍ਰਿਤ ਬਾਣੀ ਅਤੇ ਗੁਰਬਰ ਅਕਾਲ ਦਾ ਐਸਾ ਹੋਕਾ ਦਿੱਤਾ ਕਿ ਰੱਬ ਦੇ ਘਰ ਦੇ ਬਚਨ ਸੁਣ ਕੇ ਮਾਨੋ ਸਾਰੀ ਨਗਰੀ ਹੀ ਸੁੰਨ ਮੁੰਨ ਭਾਵ ਸਮਾਧੀ ਸਥਿਤ ਹੋ ਗਈ। ਇਥੋਂ ਦਾ ਪੀਰ ਦਸਤਗੀਰ ਦੇਖ ਕੇ ਹੈਰਾਨ ਹੋ ਗਿਆ ਕਿ ਅਜਿਹਾ ਕਿਹੜਾ ਫਕੀਰ ਹੈ ਜਿਸ ਦੀ ਇਕ ਬਾਂਗ ਦਾ ਅਜਿਹਾ ਅਸਰ ਹੋਇਆ ਹੈ। ਇਸ

ਹੈਰਾਨਗੀ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ। ਜਿਸ ਕਰਕੇ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਪੁੱਛਣ ਲੱਗਾ ਕਿ ਇਹ ਮਸਤ ਫਕੀਰ ਕੌਣ ਹੈ ? ਇਸ ਦਾ ਨਾਂ ਕੀ ਹੈ ? ਕਿਹੜੇ ਘਰਾਣੇ ਨਾਲ ਸੰਬੰਧ ਰੱਖਦਾ ਹੈ। ਕਿਸ ਪਾਸੋਂ ਇਹ ਸਾਰੀ ਦਾਤ ਪ੍ਰਾਪਤ ਕੀਤੀ ? ਸਤਿਗੁਰੂ ਜੀ ਦੇ ਮਹਾਨ ਸਾਥੀ ਭਾਈ ਮਰਦਾਨਾ ਜੀ ਨੇ ਸਾਰੀ ਤਸੱਲੀ ਕਰਵਾ ਕੇ ਦੱਸਿਆ ਕਿ ਇਹ ਧੰਨ ਗੁਰੂ ਨਾਨਕ ਸਾਹਿਬ ਜੀ ਹਨ। ਇਨ੍ਹਾਂ ਨੇ ਆਮ ਸੰਸਾਰੀ ਫਕੀਰਾਂ ਵਾਂਗ ਆਪਣੇ ਮੁਰੀਦ ਵਧਾ ਕੇ ਆਪਣਾ ਨਾਂ ਚਮਕਾਉਣ ਦੀ ਖ਼ਾਤਰ ਇਹ ਸਭ ਕੁਝ ਨਹੀਂ ਕੀਤਾ ਬਲਕਿ ਇਹ ਤਾਂ ਇਹਨਾਂ ਕਲਜੁੱਗੀ ਜੀਵਾਂ ਦਾ ਉਧਾਰ ਕਰਨ ਆਏ ਹਨ। ਭਾਈ ਗੁਰਦਾਸ ਜੀ ਨੇ ਇਹ ਵੀ ਸਾਰੀ ਵੀਚਾਰ ਅੰਕਿਤ ਕੀਤੀ ਹੋਈ ਹੈ।

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ ॥
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ ॥
ਦਿਤੀ ਬਾਂਗਿ ਨਿਮਾਜ਼ਿ ਕਰਿ ਸੁੰਨਿ ਮਸਾਨਿ ਹੋਆ ਜਹਾਨਾ ॥
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ ॥
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ ॥
ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਆਨਾ ॥
ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ ॥
ਧਰਤਿ ਆਕਾਸ ਚਹੂ ਦਿਸਿ ਜਾਨਾ ॥ (ਵਾਰ ੧, ਪਉੜੀ ੩੫)

ਦਸਤਗੀਰ ਦੀ ਤਸੱਲੀ ਹੋਈ ਕਿ ਇਹ ਕੋਈ ਪਹੁੰਚਿਆ ਹੋਇਆ ਫਕੀਰ ਹੈ ਜਿਸ ਕੋਲੋਂ ਸਾਡੇ ਸਾਰੇ ਸ਼ੰਕੇ ਨਿਵਿਰਤ ਹੋ ਸਕਦੇ ਹਨ। ਦਸਤਗੀਰ ਨੇ ਕਈ ਹੋਰ ਲੋਕਾਂ ਕੋਲ ਵੀ ਚਰਚਾ ਕੀਤੀ ਹੋਵੇਗੀ ਪਰ ਤਸੱਲੀ ਨਹੀਂ ਸੀ ਹੋਈ। ਦਸਤਗੀਰ ਨੇ ਪ੍ਰਮੇਸ਼ਵਰ ਦੀ ਹੋਂਦ ਬਾਰੇ ਕਈ ਸ਼ੰਕੇ ਪ੍ਰਗਟ ਕੀਤੇ ਸਨ ਪਰ ਪਾਤਿਸ਼ਾਹ ਜੀ ਨੇ ਬੜੇ ਹੀ ਧੀਰਜ ਨਾਲ ਸਾਰੇ ਜਵਾਬ ਦਿੱਤੇ, ਫਿਰ ਆਖਿਆ ਕਿ ਤੁਸੀਂ ਬਗਦਾਦ ਵਿੱਚ ਇਹ ਬਚਨ ਆਖੇ ਹਨ ਕਿ ਲੱਖਾਂ ਹੀ ਪਾਤਾਲ ਤੇ ਆਕਾਸ਼ ਹਨ। ਇਹ ਇਕ ਬਹੁਤ ਵੱਡੀ ਕਰਾਮਾਤ ਹੈ। ਕਿਰਪਾ ਕਰਕੇ ਸਾਨੂੰ ਵੀ ਇਹ ਸੁਮਤਿ ਬਖਸ਼ੋ ਜਿਸ ਨਾਲ ਸ਼ੰਕਾ ਮਿਟ ਜਾਵੇ। ਇਹ ਬਚਨ ਭਾਈ ਗੁਰਦਾਸ ਜੀ ਨੇ ਲਿਖੇ ਹਨ ਕਿ ਸਾਹਿਬ ਜੀ ਨੇ ਪੀਰ ਦਾ ਬੇਟਾ ਆਪਣੇ ਕੋਲ ਬਿਠਾ ਕੇ ਰਹਿਮਤ ਕੀਤੀ। ਸੁਰਤ ਕਰਕੇ ਸਾਰੇ ਪਾਤਾਲਾਂ ਤੇ ਆਕਾਸ਼ਾਂ ਦੀ ਸੋਝੀ ਬਖਸ਼ੀ। ਇਥੇ ਹੀ ਬਸ ਨਹੀਂ ਧੁਰ ਪਾਤਾਲ ਤੋਂ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਵੀ ਵਰਤਾਈ। ਇਹ ਰੱਬ ਦੀ ਜ਼ਾਹਿਰਾ-ਕਲਾ ਸੀ ਜਿਹੜੀ ਛੁਪਾਈ ਵੀ ਨਹੀਂ ਛੁਪਦੀ। ਬਗਦਾਦ ਦੇ ਲੋਕ ਜਾਂ ਇਸਲਾਮੀ ਦੁਨੀਆਂ ਦੇ ਬਣੇ ਹੋਏ ਪੁਰਾਣੇ ਵਿਸ਼ਵਾਸ ਦੀ ਥਾਂ ਪ੍ਰਮੇਸ਼ਵਰ ਦੀ ਅਗੰਮੀ ਸੋਝੀ ਸੀ। ਹੁਣੇ ਹੀ ਤਾਂ ਮੱਕੇ ਦੱਸ ਕੇ ਗਏ ਸਨ

ੴ

ਕਿ ਰੱਬ ਦਾ ਟਿਕਾਣਾ ਕੇਵਲ ਕਾਅਬਾ ਹੀ ਨਹੀਂ। ਇਸ ਦੇ ਨਾਲ ਹੀ ਜ਼ਿਕਰ ਕੀਤਾ ਕਿ ਉਹ ਕੇਵਲ ਸੱਤ ਪਾਤਾਲਾਂ ਤੇ ਆਕਾਸ਼ਾਂ ਦਾ ਹੀ ਮਾਲਕ ਨਹੀਂ ਉਸਦੀ ਕੁਦਰਤ ਬੇਅੰਤ ਹੈ ਜਿਸਦਾ ਅੰਤ ਪਾਉਣਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਇਹ ਤਾਂ ਸੁਰਤੀ ਉੱਚੀ ਕਰਕੇ ਆਨੰਦ ਮਾਣ ਸਕਦਾ ਹੈ।

ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ ॥
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ ॥
ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ ॥
ਫੇਰਿ ਦੁਰਾਇਨ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ ॥
ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ ॥
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ ॥
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ ॥
ਜ਼ਾਹਰ ਕਲਾ ਨ ਛਪੈ ਛਪਾਈ ॥ (ਵਾਰ ੧, ਪਉੜੀ ੩੬)

ਦਾਤਾਰ ਸਤਿਗੁਰੂ ਜੀ ਨੇ ਕਿਰਪਾ ਕੀਤੀ ਇਸ ਵਕਤ ਇਕ ਹੋਰ ਭਰਮ ਤੋੜਣ ਦੀ ਲੋੜ ਸਮਝੀ। ਭਾਈ ਮਰਦਾਨਾ ਜੀ ਸਮੇਤ ਅੰਮ੍ਰਿਤ ਬਾਣੀ ਦਾ ਕੀਰਤਨ ਕੀਤਾ ਜਿਹੜਾ ਕਿ ਰਾਗ ਦੀ ਮਹਾਨਤਾ ਦਰਸਾਉਣ ਲਈ ਸੀ। ਬਗਦਾਦ ਵਿੱਚ ਫਿਰ ਹਲਚਲ ਮਚ ਗਈ ਕਿ ਇਸਲਾਮ ਵਿੱਚ ਤਾਂ ਰਾਗ ਦੀ ਸਖਤ ਮਨਾਹੀ ਹੈ ਤਾਂ ਸਾਹਿਬ ਜੀ ਨੇ ਸਾਰਿਆਂ ਨੂੰ ਸਮਝਾਇਆ ਸੀ ਕਿ ਕੁਦਰਤ ਦਾ ਹਰ ਜ਼ਰਾ ਜ਼ਰਾ ਕਿਸੇ ਤਾਲ ਵਿੱਚ ਹੀ ਕਾਰ ਕਮਾ ਰਿਹਾ ਹੈ। ਰੱਬ ਦੇ ਦਰ 'ਤੇ ਕੇਵਲ ਕੀਰਤਨ ਹੀ ਕੀਰਤਨ ਹੋ ਰਿਹਾ ਹੈ। ਰਾਗ ਤਾਂ ਇਕ ਬਰਤਨ ਹੈ, ਇਸ ਵਿੱਚ ਅੰਮ੍ਰਿਤ ਪਾ ਕੇ ਭਾਵ ਰੱਬ ਦੀ ਸਿਫਤ ਸਲਾਹ ਦੇ ਬਚਨ ਪਾ ਕੇ ਆਨੰਦ ਪਾਇਆ ਜਾ ਸਕਦਾ ਹੈ ਤੇ ਮਾੜੇ ਸ਼ਬਦ ਪਾ ਕੇ ਰਾਗ ਜੀਵਨ ਦੀ ਤਬਾਹੀ ਵੀ ਕਰ ਸਕਦਾ ਹੈ। ਮਾੜਾ ਰਾਗ ਨਹੀਂ ਮਾੜੀ ਮਨੁੱਖ ਦੀ ਸੋਚ ਹੈ ਕਿ ਕਿਹੋ ਜਿਹੋ ਸ਼ਬਦ ਪਾਉਂਦਾ ਹੈ। ਰਾਗ ਨੂੰ ਸਿਆਣੇ ਪੁਰਸ਼ਾਂ ਨੇ ਰੂਹ ਦੀ ਖੁਰਾਕ ਜਾਣ ਕੇ ਆਪਣੀ ਲਿਵ ਮਾਲਿਕ ਵਿੱਚ ਜੋੜ ਕੇ ਇਕਮਿਕਤਾ ਹਾਸਲ ਕਰ ਲਈ। ਭਾਈ ਗੁਰਦਾਸ ਜੀ ਦੇ ਬਚਨ ਹਨ ਕਿ

ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ ॥

ਭਾਵ ਗੜ੍ਹ ਬਗਦਾਦ ਵਿਚ ਵੀ ਗੁਰੂ ਘਰ ਦੀ ਮਹਾਨਤਾ ਦਾ ਨਿਸ਼ਾਨ ਝੂੱਲ ਗਿਆ ਤਦ ਹੀ ਭਾਈ ਗੁਰਦਾਸ ਨੇ ਆਖਿਆ ਕਿ *"ਜਿਥੇ ਬਾਬਾ ਪੈਰੁ ਧਰਿ ਪੂਜਾ....."*

ਇਥੋਂ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਨਿਸ਼ਾਨਾ ਉਸ ਅਸਥਾਨ ਨੂੰ ਬਣਾਇਆ ਸੀ ਜਿਸਨੂੰ ਅੱਜ ਇਤਿਹਾਸ ਮਾਣ ਨਾਲ ਪੰਜਾ ਸਾਹਿਬ ਆਖਦਾ ਹੈ। ਇਥੇ ਇਕ ਫਕੀਰੀ

ਦੇ ਲਿਬਾਸ ਵਿੱਚ ਵਲੀ ਕੰਧਾਰੀ ਨਾਂ ਦਾ ਇਕ ਬੰਦਾ ਰਹਿੰਦਾ ਸੀ। ਜਦੋਂ ਬੰਦਗੀ ਦੇ ਨਾਲ ਹਉਮੈ ਦਾ ਜੋੜ ਹੋ ਜਾਵੇ ਤਾਂ ਇਹ ਸੰਸਾਰ ਨੂੰ ਸੁਖ ਦੇਣ ਦੀ ਥਾਂ ਦੁੱਖ ਦੇਣਾ ਸ਼ੁਰੂ ਕਰ ਦਿੰਦੀ ਹੈ। ਇਸੇ ਤਰ੍ਹਾਂ ਹੀ ਵਲੀ ਕੰਧਾਰੀ ਨੇ ਵੀ ਆਪਣੀ ਤਾਕਤ ਨਾਲ ਪਾਣੀ ਇਕ ਪਹਾੜੀ 'ਤੇ ਬੰਨ੍ਹ ਰੱਖਿਆ ਸੀ ਜਿਹੜੇ ਲੋਕ ਇਸ ਦੀ ਈਨ ਕਬੂਲਦੇ ਸਨ ਉਨ੍ਹਾਂ ਨੂੰ ਪਾਣੀ ਦਿੰਦਾ ਸੀ। ਇਸ ਦੇ ਅੰਦਰ ਮਨੁੱਖਤਾ ਪ੍ਰਤੀ ਦਰਦ ਪੈਦਾ ਕਰਨ ਲਈ ਸਾਹਿਬ ਜੀ ਨੇ ਤਿੰਨ ਵਾਰੀ ਭਾਈ ਮਰਦਾਨਾ ਜੀ ਨੂੰ ਨਿਮਰਤਾ ਨਾਲ ਮੰਗ ਕੇ ਪਾਣੀ ਪੀਣ ਲਈ ਭੇਜਿਆ ਪਰ ਇਸ ਦਾ ਹਿਰਦਾ ਇਤਨਾ ਕਠੋਰ ਸੀ ਕਿ ਉਸ ਵਿੱਚ ਦਇਆ ਨਾ ਜਾਗੀ ਸਗੋਂ ਹੋਰ ਹੰਕਾਰੀ ਹੋ ਕੇ ਕਹਿਣ ਲੱਗਾ ਕਿ ਜਿਸ ਦਾ ਮੁਰੀਦ ਬਣੀ ਫਿਰਦਾ ਹੈਂ, ਉਸ ਨੂੰ ਆਖ ਕਿ ਮੈਨੂੰ ਪਾਣੀ ਪਿਆ ਦੇ, ਮੇਰੀ ਪਿਆਸ ਬੁਝਾਵੇ। ਭਾਈ ਮਰਦਾਨਾ ਜੀ ਨੇ ਸਾਰੀ ਵੀਚਾਰ ਆਖੀ ਤਾਂ ਸਾਹਿਬ ਜੀ ਨੇ ਬੜੇ ਪਿਆਰ ਨਾਲ ਹੱਸ ਕੇ ਕਿਹਾ ਕਿ ਇਤਨੇ ਕਠੋਰ ਹਿਰਦੇ ਵਾਲੇ ਕੋਲ ਰੱਬੀ ਰਹਿਮਤ ਦਾ ਖਜ਼ਾਨਾ ਨਹੀਂ ਹੋਣਾ ਚਾਹੀਦਾ ਬਲਕਿ ਇਹ ਤਾਂ ਸੰਸਾਰ ਦੇ ਕੋਲ ਹੋਣਾ ਚਾਹੀਦਾ ਹੈ। ਸਾਹਿਬ ਜੀ ਦੀ ਕਿਰਪਾ ਸਦਕਾ ਇਕ ਪੱਥਰ ਹਟਾਇਆਂ ਨਿਰਮਲ ਜਲ ਦਾ ਚਸ਼ਮਾ ਵਹਿ ਤੁਰਿਆ। ਵਲੀ ਕੰਧਾਰੀ ਦਾ ਸਾਰਾ ਖਜ਼ਾਨਾ ਖਾਲੀ ਹੋ ਗਿਆ। ਕਲਪੇ ਹੋਏ ਨੇ ਇਕ ਵੱਡਾ ਸਾਰਾ ਪੱਥਰ ਰੇੜ ਦਿੱਤਾ ਜਿਹੜਾ ਕਿ ਸਾਹਿਬ ਜੀ ਨੇ ਹੱਥ ਨਾਲ ਰੋਕ ਦਿੱਤਾ। ਉਸ ਵਿੱਚ ਪੰਜੇ ਦਾ ਨਿਸ਼ਾਨ ਪੈ ਗਿਆ ਜਿਹੜਾ ਕਿ ਇਸ ਗੱਲ ਦੀ ਨਿਸ਼ਾਨੀ ਹੈ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪੱਥਰ ਵਰਗੇ ਕਠੋਰ ਵਲੀ ਕੰਧਾਰੀ ਦੇ ਹਿਰਦੇ ਵਿੱਚ ਵੀ ਰੱਬੀ ਬਖਸ਼ਿਸ਼ ਦਾ ਨਿਸ਼ਾਨ ਲਗਾ ਦਿੱਤਾ। ਵਲੀ ਕੰਧਾਰੀ ਨੇ ਆਪ ਆ ਕੇ ਖਿਮਾ ਮੰਗੀ। ਬਸ ਇਹੋ ਹੀ ਗੁਰੂ ਜੀ ਦਾ ਮਕਸਦ ਸੀ ਕਿ ਹੰਕਾਰ ਦੀ ਚੋਟੀ ਤੋਂ ਥੱਲੇ ਆ ਕੇ ਮਨੁੱਖਤਾ ਦਾ ਦਰਦੀ ਬਣ ਜਾਏ। ਅੱਜ ਅਣਗਿਣਤ ਲੋਕ ਗੁਰੂ ਨਾਨਕ ਪਾਤਿਸ਼ਾਹ ਜੀ ਵਲੋਂ ਬਖਸ਼ੀ ਰੱਬੀ ਰਹਿਮਤ ਦੇ ਦਰਸ਼ਨ ਕਰਕੇ ਕਹਿ ਉਠਦੇ ਹਨ ਕਿ

"ਜਿਥੇ ਬਾਬਾ ਪੈਰੁ ਧਰਿ ਪੂਜਾ....."

ਪੰਜਾ ਸਾਹਿਬ ਤੋਂ ਚਲ ਕੇ ਸਤਿਗੁਰੂ ਜੀ ਜ਼ਿਲਾ ਜੇਹਲਮ ਰਾਹੀਂ ਰੁਹਤਾਸ ਤੇ ਫਿਰ ਭੇਰੇ ਨਾਂ ਦੇ ਅਸਥਾਨ 'ਤੇ ਸ਼ਾਹ ਸ਼ਹਾਮਣ ਨਾਂ ਦੇ ਫਕੀਰ ਦਾ ਪਾਖੰਡ ਖ਼ਤਮ ਕਰਕੇ ਸੱਚ ਦਾ ਉਪਦੇਸ਼ ਦਿੰਦਿਆਂ ਸਾਹਿਬ ਜੀ ਡਿੰਗਾ ਨਾਂ ਦੇ ਅਸਥਾਨ 'ਤੇ ਜਾ ਬਹੁੜੇ। ਇਥੇ ਇਕ ਫਕੀਰ ਰਹਿੰਦਾ ਸੀ ਜਿਹੜਾ ਆਪਣੀ ਪ੍ਰਤਿਸ਼ਟਾ ਇਸ ਕਰਕੇ ਬਣਾਈ ਬੈਠਾ ਸੀ ਕਿ ਚਾਲੀ ਚਾਲੀ ਦਿਨ ਬਿਨਾਂ ਕੁਝ ਖਾਧਿਆਂ ਭੋਰੇ ਵਿਚ ਗੁਜ਼ਾਰ ਦਿੰਦਾ ਸੀ। ਜਿਸ ਦਿਨ ਚਾਲੀਹਾ ਖਤਮ ਹੁੰਦਾ, ਉਸ ਦਿਨ ਅਨੇਕਾਂ ਲੋਕਾਂ ਨੇ ਇਕੱਠੇ ਹੋ ਕੇ ਗਲ ਹਾਰ ਪਾਉਣੇ, ਉਸਤਤਿ ਕਰਨੀ, ਫਕੀਰ ਦੇ ਅੱਗੇ-ਅੱਗੇ ਢੋਲ ਵਜਦਾ ਰਹਿਣਾ ਆਦਿਕ। ਇਹਨਾਂ ਦਿਨਾਂ ਵਿੱਚ ਹੀ ਫਕੀਰ ਚਲੀਹਾ

ਕੱਟ ਰਿਹਾ ਸੀ। ਸਤਿਗੁਰੂ ਜੀ ਨੇ ਅਜਿਹੇ ਲੋਕਾਂ ਨੂੰ ਹੀ ਤਾਂ ਧਰਮ ਦੀ ਜਾਚ ਸਿਖਾਈ, ਜਿਹੜੇ ਧਰਮ ਕਮਾਉਂਦਿਆਂ ਹੋਇਆਂ ਵੀ ਧਰਮੀ ਦੀ ਥਾਂ ਹੰਕਾਰੀ ਬਣੀ ਬੈਠੇ ਸਨ। ਜਿਸ ਦਿਨ ਸਾਹਿਬ ਪਹੁੰਚੇ, ਉਸ ਦਿਨ ਫਕੀਰ ਨੇ ਬਾਹਰ ਨਿਕਲਣਾ ਸੀ। ਇਸ ਲਈ ਲੋਕਾਂ ਦਾ ਭਾਰੀ ਇਕੱਠ ਸੀ ਤੇ ਢੋਲਚੀ ਵੀ ਢੋਲ ਵਜਾ ਰਿਹਾ ਸੀ। ਸਾਹਿਬ ਗੁਰੂ ਨਾਨਕ ਸਾਹਿਬ ਨੇ ਜਾ ਕੇ ਪੁੱਛਿਆ ਕਿ ਢੋਲ ਕਿਉਂ ਵਜਾ ਰਹੇ ਹੋ ? ਤਾਂ ਲੋਕਾਂ ਦੱਸਿਆ ਕਿ ਅੱਜ ਫਕੀਰ ਨੇ ਚਲੀਹਾ ਖਤਮ ਕੀਤਾ ਹੈ ਜਿਹੜਾ ਬਿਨਾਂ ਕੁਝ ਖਾਣ ਪੀਣ ਦੇ ਕੱਟਿਆ ਹੈ। ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ ਤੁਸੀ ਭੋਲੇ ਹੋ ਜਿਹੜੇ ਸਮਝਦੇ ਨਹੀਂ, ਉਹ ਤਾਂ ਖੁਰਾਕ ਖਾਂਦਾ ਰਿਹਾ ਹੈ। ਜਿਸਨੂੰ ਖੁਰਾਕ ਨਾ ਮਿਲੇ ਉਹ ਤਾਂ ਬੇਹੋਸ਼ ਹੋ ਜਾਂਦਾ ਹੈ ਜਾਂ ਮਰ ਜਾਂਦਾ ਹੈ। ਪਰ ਲੋਕਾਂ ਆਖਿਆ ਕਿ ਇਹ ਫਕੀਰ ਪੁੱਜਿਆ ਹੋਇਆ ਹੈ ਜਿਹੜਾ ਬਿਨਾਂ ਖੁਰਾਕ ਰਹਿ ਜਾਂਦਾ ਹੈ। ਸਾਹਿਬ ਜੀ ਨੇ ਸਮਝਾਉਣ ਲਈ ਬਚਨ ਆਖੇ ਕਿ ਫਿਰ ਤੁਸੀਂ ਆਪਣੇ ਆਪਣੇ ਟਿਕਾਣੇ ਛੱਡ ਕੇ ਦੂਰ ਖੜੇ ਹੋ ਜਾਓ। ਢੋਲ ਵੀ ਵੱਜਣਾ ਬੰਦ ਕਰਵਾ ਦਿੱਤਾ। ਜਦੋਂ ਫਕੀਰ ਬਾਹਰ ਨਿਕਲਿਆ ਤਾਂ ਕਿਸੇ ਨੂੰ ਵੀ ਬਾਹਰ ਨਾ ਤੱਕ ਕੇ ਬਹੋਸ਼ ਹੋ ਕੇ ਡਿੱਗ ਪਿਆ ਤਾਂ ਸਾਹਿਬ ਜੀ ਨੇ ਸਾਰਿਆਂ ਨੂੰ ਸੱਦਿਆ ਅਤੇ ਦੱਸਿਆ ਕਿ ਭਾਈ ਇਹ ਤਾਂ ਅੰਦਰ ਵੀ ਹਉਮੈ ਦੀ ਖੁਰਾਕ ਦੇ ਨਾਲ ਪਲਦਾ ਰਹਿੰਦਾ ਹੈ। ਸਾਰਾ ਪਾਜ ਉਘੜ ਗਿਆ। ਫਕੀਰ ਸਮੇਤ ਅਨੇਕਾਂ ਹੋਰ ਲੋਕੀਂ ਵੀ ਸੱਚ ਦੇ ਪਾਂਧੀ ਬਣ ਗਏ –

"ਜਿਥੇ ਬਾਬਾ ਪੈਰੁ...."

ਪਹਿਲੀ ਉਦਾਸੀ ਸਮੇਂ ਧੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਐਮਨਾਬਾਦ ਭਾਈ ਲਾਲੋ ਜੀ ਕੋਲ ਰੁਕ ਕੇ ਮਲਕ ਭਾਗੋ ਵਰਗਿਆਂ ਦੇ ਹੰਕਾਰੀ ਮਨ ਨੂੰ ਰੱਬ ਦੀ ਬੰਦਗੀ ਵਿਚ ਜੋੜ ਸੰਸਾਰ ਦਾ ਦਰਦੀ ਬਣਾਇਆ ਸੀ ਉਦੋਂ ਸਾਹਿਬ ਜੀ ਐਮਨਾਬਾਦ ਦਾ ਸਾਰਾ ਹਾਲ ਅੱਖੀ ਵੇਖ ਗਏ ਸਨ ਕਿ ਇਹ ਲੋਕ ਜਿਹੜੇ ਧਨ ਅਤੇ ਜੋਬਨ ਦੇ ਨਸ਼ੇ ਵਿੱਚ ਅੰਨ੍ਹੇ ਹੋ ਕੇ ਅਸਲੀਅਤ ਦੇ ਮਾਰਗ ਤੋਂ ਥਿੜ੍ਹਕ ਗਏ ਹਨ, ਇਨ੍ਹਾਂ ਦਾ ਇਕ ਦਿਨ ਹਾਲ ਬਹੁਤ ਬੁਰਾ ਹੋਵੇਗਾ। ਇਹ ਧਨ ਅਤੇ ਜੋਬਨ ਹੀ ਇਨ੍ਹਾਂ ਦਾ ਵੈਰੀ ਬਣ ਜਾਏਗਾ, ਉਦੋਂ ਦਾ ਹਾਲ ਦੇਖਣ ਦੇ ਕਾਰਨ ਹੁਣ ਸਾਹਿਬ ਇਸ ਤੀਸਰੀ ਉਦਾਸੀ ਸਮੇਂ ਵੀ ਐਮਨਾਬਾਦ ਦੀ ਖ਼ਬਰ ਲੈਣ ਲਈ ਪਹੁੰਚੇ। ਧਰਮ ਦੀ ਜਿੰਦਗੀ ਬਸਰ ਕਰ ਰਹੇ ਭਾਈ ਲਾਲੋ ਦੇ ਘਰ ਹੀ ਫਿਰ ਟਿਕਾਣਾ ਕੀਤਾ। ਇਥੇ ਪਹੁੰਚ ਕੇ ਹੀ ਜਿਹੜੀ ਗੱਲ ਕਿਸੇ ਨਾਲ ਸਾਂਝੀ ਨਹੀਂ ਕੀਤੀ ਸੀ, ਉਹ ਭਾਈ ਲਾਲੋ ਨਾਲ ਕੀਤੀ ਕਿ ਭਾਈ ਲਾਲੋ ਮੈਨੂੰ ਮੇਰੇ ਪ੍ਰਮੇਸ਼ਵਰ ਨੇ ਭੇਜਿਆ ਹੈ। ਮੈਂ ਫਿਰ ਦੁਬਾਰੇ ਇਸ ਲਈ ਆਇਆ ਹਾਂ ਕਿ ਇਕ ਤਾਂ ਜ਼ਾਬਰ ਨੂੰ ਰੱਬੀ ਸੁਨੇਹਾ ਦੇਣਾ ਹੈ, ਦੂਜਾ ਇਨ੍ਹਾਂ ਲੋਕਾਂ ਨੂੰ ਸਮਝਾਉਣਾ ਹੈ ਕਿ ਪ੍ਰਮੇਸ਼ਵਰ ਦੇ ਨਾਮ ਨੂੰ ਭੁਲਾ ਕੇ ਧਨ ਜੋਬਨ ਵਿੱਚ ਖਚਤ ਹੋਇਆਂ ਕੀ ਹਾਲ ਹੁੰਦਾ ਹੈ।

ਬਾਬਰ ਕਾਬਲ ਤੋਂ ਜ਼ਬਰੀ ਆ ਰਿਹਾ ਹੈ। ਸਾਹਿਬ ਜੀ ਨੇ ਆਪ ਹੀ ਬਚਨ ਕੀਤੇ ਸਨ।

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਆਖਰ ਉਹੋ ਕੁਝ ਹੋਇਆ, ਸ਼ਹਿਜ਼ਾਦਿਆਂ ਦੀ ਲਾਸ਼ਾਂ ਰੋਲ ਦਿੱਤੀਆਂ। ਜਿਹੜੀਆਂ ਇਸਤ੍ਰੀਆਂ ਜੋਬਨ ਦੇ ਮਾਣ ਵਿੱਚ ਸਨ, ਸਾਰਾ ਸਮਾਂ ਆਪਣੇ ਸ਼ਿੰਗਾਰ ਉਪਰ ਹੀ ਲਾ ਦਿੰਦੀਆਂ ਸਨ, ਉਨ੍ਹਾਂ ਦੇ ਹੀ ਸਿਰ ਮੁੰਨ ਕੇ ਧੂੜ ਵਿੱਚ ਰੋਲ ਦਿੱਤੇ ਸਨ। ਅਨੇਕਾਂ ਨੂੰ ਬੰਦੀ ਬਣਾ ਲਿਆ ਸੀ। ਆਪਣੀ ਫੌਜ ਦੇ ਰਾਸ਼ਨ ਲਈ ਹਰ ਰੋਜ਼ ਇਹੋ ਜਿਹੇ ਬੰਦੀਆਂ ਕੋਲੋਂ ਚੱਕੀ ਪਿਸਾਈ ਜਾਂਦੀ ਸੀ। ਇਨ੍ਹਾਂ ਨੂੰ ਵੀ ਹੁਕਮ ਹੋਇਆ। ਚਾਰੇ ਪਾਸੇ ਕੁਰਲਾਹਟ ਮਚੀ ਸੀ। ਕਿਸੇ ਦਾ ਪਤੀ ਵਿੱਛੜ ਗਿਆ, ਕਿਸੇ ਦਾ ਪੁੱਤ ਵਿੱਛੜ ਗਿਆ, ਕਿਸੇ ਦੇ ਮਾਤਾ ਪਿਤਾ ਸਾਥ ਛੱਡ ਕੇ ਸਦਾ ਲਈ ਤੁਰ ਗਏ। ਇਥੇ ਹੀ ਬਸ ਨਹੀਂ, ਜਿਨ੍ਹਾਂ ਨੇ ਕਦੇ ਆਪ ਪਾਣੀ ਦਾ ਗਲਾਸ ਭਰ ਕੇ ਵੀ ਨਹੀਂ ਸੀ ਪੀਤਾ, ਉਨ੍ਹਾਂ ਨੂੰ ਚੱਕੀਆਂ ਪੀਸਣੀਆਂ ਪਈਆਂ ਸਨ। ਇਨ੍ਹਾਂ ਬੰਦੀਆਂ ਨੂੰ ਹੀ ਛੁਡਾਉਣ ਵਾਸਤੇ ਬੰਦੀ ਛੋੜ ਦੀਆਂ ਨਵੀਆਂ ਪਿਰਤਾਂ ਪਾਉਣ ਲਈ ਸਾਹਿਬ ਜੀ ਵੀ ਨਾਲ ਹੀ ਸਨ। ਅਜਿਹੇ ਮੌਕੇ ਕੇਵਲ ਪ੍ਰਮੇਸ਼ਵਰ ਦਾ ਨਾਮ ਹੀ ਧੀਰਜ ਦਿੰਦਾ ਹੈ। ਇਸ ਲਈ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਿਰਪਾ ਕਰਕੇ ਸਾਰਿਆਂ ਦਾ ਧਿਆਨ ਰੋਣ ਪਿੱਟਣ ਦੀ ਥਾਂ ਵਾਹਿਗੁਰੂ ਜੀ ਵੱਲ ਲਗਾਇਆ। ਹੁਣ ਮਾਨੋ ਚੱਕੀਆਂ ਆਪ ਹੀ ਚੱਲ ਪਈਆਂ ਸਨ। ਇਹ ਸਾਰਾ ਬ੍ਰਿਤਾਂਤ ਬਾਬਰ ਤਕ ਪਹੁੰਚਿਆ ਤਦ ਦੀਦਾਰਾਂ ਦੀ ਤਾਂਘ ਲੈ ਕੇ ਬਾਬਰ ਆਪ ਖੁਦ ਹਾਜ਼ਰ ਹੋਇਆ। ਸਤਿਗੁਰੂ ਜੀ ਨੂੰ ਬੰਦੀ-ਮੁਕਤ ਕਰਨ ਲਈ ਕਿਹਾ, ਪਰ ਸਾਹਿਬ ਜੀ ਨੇ ਉਨ੍ਹਾਂ ਚਿਰ ਆਪ ਜਾਣਾ ਪ੍ਰਵਾਨ ਨਾ ਕੀਤਾ ਜਿਨ੍ਹਾਂ ਚਿਰ ਬਾਕੀ ਬੰਦੀ ਵੀ ਆਜ਼ਾਦ ਨਾ ਕਰਵਾਏ। ਦੀਦਾਰ ਕਰਕੇ ਬਾਬਰ ਬਹੁਤ ਹੀ ਪ੍ਰਭਾਵਿਤ ਹੋਇਆ। ਗੁਰਦੇਵ ਜੀ ਨੂੰ ਅੰਦਰ ਲਿਜਾ ਕੇ ਕਹਿਣ ਲੱਗਾ ਕਿ ਬਾਬਾ ਚੁੱਕ ਪਿਆਲਾ ਤੇ ਪੀ ਸ਼ਰਾਬ। ਸਾਹਿਬ ਜੀ ਨੇ ਬੜੇ ਠਰੰਮੇ ਤੇ ਪਿਆਰ ਨਾਲ ਆਖਿਆ ਕਿ ਬਾਬਰ ਸ਼ਰਾਬ ਪੀ ਕੇ ਕੀ ਹੋਵੇਗਾ ? ਤਦ ਕਹਿਣ ਲੱਗਾ ਕਿ ਮੈਂ ਤਾਂ ਜਦੋਂ ਵੀ ਇਥੇ ਸ਼ਰਾਬ ਦੇ ਨੇੜੇ ਆਉਂਦਾ ਹਾਂ ਤਾਂ ਇਕ ਹੀ ਗੱਲ ਕਹਿੰਦਾ ਹਾਂ ਕਿ "ਬਾਬਰ ਬਾ ਐਸ਼ ਕੋਸ਼ ਕਿ ਆਲਮ ਦੁਬਾਰਾ ਨੇ ਨਸਤ" ਸਾਹਿਬ ਹੱਸ ਕੇ ਕਹਿਣ ਲੱਗੇ ਕਿ ਪਤਾ ਨਹੀਂ ਮਾਲਕ ਨੇ ਮੈਨੂੰ ਤਦ ਹੀ ਭੇਜਿਆ ਹੈ ਕਿ ਜਿਥੇ ਤੂੰ ਕਹਿੰਦਾ ਹੈਂ ਕਿ ਆਲਮ ਦੁਬਾਰਾ ਨਸਤ ਮੈਂ ਉਥੇ ਹੀ ਆ ਕੇ ਤੈਨੂੰ ਕਹਿਣ ਲੱਗਾ ਹਾਂ ਕਿ ਬਾਬਰ ਐਸ਼ ਨਾ ਕਰ ਬਲਕਿ ਹੋਸ਼ ਕਰ ਕਿਉਂਕਿ ਦੁਨੀਆਂ ਵਿੱਚ ਫਿਰ ਦੁਬਾਰਾ ਨਹੀਂ ਆਉਣਾ। "**ਬਾਬਰ ਬਾ ਹੋਸ਼ ਕੋਸ਼ ਕਿ ਆਲਮ ਦੁਬਾਰਾ ਨਸਤ**" ਬਾਬਰ ਨੇ ਸੁਣ ਕੇ ਮੰਨਿਆ ਹੀ ਨਹੀਂ ਬਲਕਿ ਹੋਸ਼

ੴ

ਸੰਭਾਲੀ। ਸਾਹਿਬ ਜੀ ਦੀ ਕਿਰਪਾ ਦਾ ਸਦਕਾ ਇਕ ਤਾਂ ਭਾਈ ਲਾਲੋ ਵਰਗੇ ਧਰਮੀਆਂ ਦਾ ਵਾਲ ਵਿੰਗਾ ਨਹੀਂ ਹੋਣ ਦਿੱਤਾ, ਦੂਜਾ ਬੰਦੀ ਮੁਕਤ ਕਰਾਏ। ਤੀਜਾ ਬਾਬਰ ਵਰਗੇ ਜ਼ਾਬਰ ਇਕ ਸਾਬਰ ਆਖੀ ਬਾਤ ਦੀ ਕਹਾਵਤ ਅਨੁਸਾਰ ਸੱਚ ਕਹਿ ਸੁਣਾਇਆ ਤੇ ਧਰਮ ਦੇ ਮਾਰਗ ਦਾ ਰਾਹੀ ਬਣਾਇਆ। ਤਦ ਹੀ ਤਾਂ ਰਸਨਾ ਆਪ ਮੁਹਾਰੇ ਕਹਿ ਆਨੰਦ ਮਾਣਦੀ ਹੈ ਕਿ "*ਜਿਥੇ ਬਾਬਾ ਪੈਰੁ ਧਰਿ...* "

ਤਰਸਦੀ ਤਲਵੰਡੀ ਨੂੰ ਫਿਰ ਮੁਬਾਰਿਕ ਚਰਨਾਂ ਦੀ ਛੋਹ ਨੇ ਮਾਨ ਬਖਸ਼ਿਆ ਪਰ ਸਾਹਿਬ ਜੀ ਕੁਝ ਦਿਨ ਠਹਿਰ ਕੇ ਅਗਲੇ ਰੁਝੇਵੇਂ ਲਈ ਰੁਖਸਦ ਹੋ ਗਏ। ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਆਪਣੇ ਪ੍ਰਚਾਰਕ ਕੇਂਦਰ ਵੀ ਨਾਲ ਦੀ ਨਾਲ ਹੀ ਤਬਦੀਲ ਕਰਦੇ ਰਹੇ। ਜਿਵੇਂ ਪਹਿਲਾਂ ਤਲਵੰਡੀ ਵਿਖੇ ਹੀ ਪ੍ਰਚਾਰ ਕੀਤਾ ਮਗਰੋਂ ਸੁਲਤਾਨਪੁਰ ਨੂੰ ਇਹ ਕੇਂਦਰ ਬਣਾਇਆ। ਹੁਣ ਸਤਿਗੁਰੂ ਜੀ "*ਜੀਤੇ ਨਵ ਖੰਡ ਮੇਦਨੀ ਸਤਿ ਨਾਮੁ ਦਾ ਚੱਕੁ ਫਿਰਾਇਆ॥*" ਤੇ ਆਖਰ ਵਿਚ ਕੇਂਦਰ ਬਣਾਇਆ, ਇਕ ਤਾਂ ਕਰਤਾਰਪੁਰ ਵਿਚ ਸਥਾਈ ਮਰਯਾਦਾ ਦਾ ਕੇਂਦਰ ਥਾਪਣਾ ਸੀ। ਦੂਜਾ ਇਥੋਂ ਹੁਣ ਕਰਤਾਰੀ ਬੰਦੇ ਵੀ ਤਿਆਰ ਕਰਨੇ ਸਨ। ਤੀਜੀ ਗੱਲ ਕਿ ਇਥੇ ਪੂਰਨ ਤੌਰ 'ਤੇ ਸਭ ਪਰੈਕਟੀਕਲ ਕਰਨੇ ਸਨ। ਇਹ ਵੀਚਾਰ ਪਾਤਿਸ਼ਾਹ ਜੀ ਨੇ ਪਹਿਲੀ ਉਦਾਸੀ ਵੇਲੇ ਹੀ ਮਨ ਬਣਾ ਲਿਆ ਸੀ। ਭਾਈ ਅਜੀਤਾ ਰੰਧਾਵਾ ਗੁਰੂ ਚਰਣਾਂ ਦਾ ਸੇਵਕ ਸੀ। ਜਿਸ ਨੇ ਆਪਣੇ ਮਨ ਦੀ ਮਰਜ਼ੀ ਜ਼ਾਹਿਰ ਕੀਤੀ ਕਿ ਇਥੇ ਇਕ ਨਗਰ ਵਸਾ ਦਿਉ ਜਿਸ ਦਾ ਨਾਮ ਵੀ ਆਪ ਜੀ ਦੇ ਨਾਂ 'ਤੇ ਰੱਖੀਏ। ਸਾਹਿਬ ਜੀ ਨੇ ਸਾਰੀ ਜ਼ਿੰਦਗੀ ਨਾਨਕ ਨੀਚ, ਨਾਨਕ ਦਾਸ, ਨਾਨਕ ਚਾਕਰ, ਨਾਨਕ ਗਰੀਬ ਆਦਿਕ ਸ਼ਬਦ ਆਪਣੇ ਲਈ ਵਰਤੇ ਸਨ। ਇਸ ਲਈ ਸਾਹਿਬ ਜੀ ਨੇ ਨਗਰ ਵਸਾ ਕੇ ਵੀ ਕਰਤਾਰਪੁਰ ਨਾਮ ਰੱਖਿਆ। ਨਾਮ ਤਾਂ ਬਾਕੀ ਵੀ ਗੁਰੂ ਸਾਹਿਬ ਜੀ ਨੇ ਕਰੀਬ ਰੱਬ ਦੇ ਨਾਂ 'ਤੇ ਹੀ ਰੱਖੇ ਹਨ। ਕੁਝ ਸਮਾਂ ਕਰੋੜੀ ਮਲ ਨੂੰ ਇਹ ਬਖਸ਼ਿਸ਼ ਨਾ ਹੋਈ ਪਰ ਮਗਰੋਂ ਗੁਰੂ ਚਰਣਾਂ ਦਾ ਦਾਸ ਬਣ ਗਿਆ ਸੀ। ਹੁਣ ਇਹ ਕਰਤਾਰਪੁਰ ਅਣਗਿਣਤ ਪ੍ਰੇਮੀਆਂ ਲਈ ਬ੍ਰਹਮ ਵਿਦਿਆ ਦਾ ਕੇਂਦਰ ਬਣ ਗਿਆ ਸੀ। ਸਭ ਤੋਂ ਵੱਡੀ ਪ੍ਰਾਪਤੀ ਇਸ ਕਰਤਾਪੁਰ ਨੇ ਦੋ ਅਜਿਹੇ ਤੋਹਫੇ ਸੰਸਾਰ ਦੀ ਝੋਲੀ ਵਿੱਚ ਪਾਏ ਜਿਸ ਦੇ ਸ਼ੁਕਰਾਨੇ ਵਜੋਂ ਮਾਨੋ ਸਾਰਾ ਸੰਸਾਰ ਹੀ ਕਰਤਾਰਪੁਰ ਦਾ ਕਰਜ਼ਦਾਰ ਹੈ। ਪਹਿਲੀ ਅਮੋਲਕ ਸੌਗਾਤ ਬਾਬਾ ਬੁੱਢਾ ਜੀ ਇਥੇ ਹੀ ਕਰਤਾਰਪੁਰ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਐਸੀ ਮਹਾਨ ਪਦਵੀ 'ਤੇ ਪਹੁੰਚੇ ਕਿ ਪੰਜ ਗੁਰੂ ਸਾਹਿਬ ਜੀ ਨੂੰ ਗੁਰਗੱਦੀ ਦੀ ਰਸਮ ਵੇਲੇ "*ਗੁਰ ਸਬਦੁ ਸਚੁ ਨਿਸਾਣੁ ਜੀਉ*" ਦਾ ਤਿਲਕ ਆਪਣੇ ਹੱਥੀ ਦਿੱਤਾ। ਇਥੇ ਹੀ ਬੱਸ ਪ੍ਰੋਖੀ ਪ੍ਰਮੇਸ਼ਵਰ ਕਾ ਥਾਨ ਦੀ ਪਵਿੱਤਰ ਗੋਦ ਵਿੱਚ ਬੈਠਨ ਵਾਲੇ ਤੇ

ਹਰਿਮੰਦਰ ਸਾਹਿਬ ਅਤੇ ਸਿੱਖ ਜਗਤ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਹੀ ਹੋਏ ਹਨ। ਇਸੇ ਤਰ੍ਹਾਂ ਬਾਬਾ ਲਹਿਣਾ ਜੀ ਵੀ ਕਰਤਾਰਪੁਰ ਹੀ ਦਰਸ਼ਨ ਕਰਕੇ ਗੁਰੂ ਜੀ ਦੇ ਹੋ ਗਏ ਤੇ ਮਗਰੋਂ ਧੰਨ ਗੁਰੂ ਅੰਗਦ ਸਾਹਿਬ ਜੀ ਅਖਵਾਏ ਸਨ। ਇਸ ਪਾਵਨ ਧਰਤੀ 'ਤੇ ਹੋਰ ਅਨੇਕਾਂ ਰੂਹਾਂ ਪ੍ਰਮੇਸ਼ਵਰ ਦੇ ਘਰ ਪ੍ਰਵਾਨ ਚੜ੍ਹੀਆਂ ਸਨ। ਅੱਜ ਜਦੋਂ ਕੋਈ ਸ਼ਰਧਾਲੂ ਕਰਤਾਰਪੁਰ ਸਾਹਿਬ ਜਾ ਕੇ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ ਤਦ ਉਹ ਪ੍ਰੇਮੀ ਸ਼ਰਧਾ ਨਾਲ ਇਹ ਵੀ ਮਨ ਮੰਦਰ ਵਿੱਚ ਕਹਿ ਜਾਂਦਾ ਹੈ ਕਿ "*ਜਿਥੈ ਬਾਬਾ ਪੈਰੁ ਧਰਿ ਪੂਜਾ... ...*"

ਇਕ ਸੰਸਾਰੀ ਦਸਤੂਰ ਹੈ ਕਿ ਜਿਨ੍ਹਾਂ ਵੱਡਾ ਰੋਗ ਹੋਵੇ ਓਨਾ ਹੀ ਸਮਾਂ ਲੱਗਦਾ ਹੈ ਇਲਾਜ ਲਈ। ਸਿੱਧ ਜੋਗੀ ਬਹੁਤ ਵੱਡੇ ਹੰਕਾਰੀ ਪੁਰਸ਼ ਸਨ। ਹਉਮੈ ਦੀਰਘ ਰੋਗ ਦਾ ਇਲਾਜ ਵੀ ਲੰਮਾ ਸਮਾਂ ਮੰਗਦਾ ਸੀ। ਇਕ ਆਮ ਸੰਸਾਰੀ ਬੰਦੇ ਦਾ ਹੰਕਾਰ ਟੁੱਟ ਜਾਣਾ ਸੌਖਾ ਹੁੰਦਾ ਹੈ ਪਰ ਧਰਮ ਦੀ ਚਾਦਰ ਪਹਿਨ ਕੇ ਆਪਣੀ ਬੁਕਲ ਵਿਚ ਛੁਪਾਏ ਹੰਕਾਰ ਨੂੰ ਤੋੜਨ ਵਾਸਤੇ ਬਹੁਤ ਮਿਹਨਤ ਦੀ ਲੋੜ ਸੀ। ਸਤਿਗੁਰੂ ਜੀ ਆਪ ਸੁਮੇਰ ਪਰਬਤ 'ਤੇ ਜਾ ਕੇ ਸਿੱਧਾਂ ਨਾਲ ਗੋਸਟਿ ਕਰਕੇ ਆਏ ਸਨ ਪਰ ਇਹ ਇਲਾਜ ਇਕ ਬੈਠਕ ਵਿਚ ਸੰਭਵ ਨਹੀਂ ਸੀ। ਇਕ ਵਾਰੀ ਭਾਈ ਮਰਦਾਨਾ ਜੀ ਨੇ ਸੁਆਲ ਵੀ ਕੀਤਾ ਸੀ ਕਿ ਸਤਿਗੁਰੂ ਜੀ ਕੁਝ ਸੇਵਕ ਇਕ ਵਾਰੀ ਆ ਕੇ ਹੀ ਜੀਵਨ ਪਦਵੀ ਪਾ ਲੈਂਦੇ ਹਨ ਪਰ ਕਈ ਅਜਿਹੇ ਵੀ ਹਨ ਜਿਨ੍ਹਾਂ ਨੂੰ ਆਪ ਕਈ ਵਾਰੀ ਉਪਦੇਸ਼ ਕਰਦੇ ਹੋ। ਤਦ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਕਿਰਪਾ ਕਰਕੇ ਭਾਈ ਸਾਹਿਬ ਜੀ ਨੂੰ ਤਿੰਨੇ ਦੀਵੇ ਦਿੱਤੇ ਅਤੇ ਆਖਿਆ ਕਿ ਇਨ੍ਹਾਂ ਨੂੰ ਜਗਾ ਕੇ ਲਿਆਉ। ਭਾਈ ਮਰਦਾਨਾ ਜੀ ਨੇ ਦੇਖ ਕੇ ਕਿਹਾ ਕਿ ਪਹਿਲਾ ਤੇ ਦੂਜਾ ਦੀਵਾ ਨਹੀਂ ਜਗ ਸਕਦਾ ਕਿਉਂਕਿ ਇਕ ਵਿੱਚ ਤਾਂ ਤੇਲ ਤੇ ਵੱਟੀ ਕੁਝ ਵੀ ਨਹੀਂ ਪਰ ਦੂਜੇ ਵਿੱਚ ਵੱਟੀ ਹੈ, ਤੇਲ ਨਹੀਂ ਤੇ ਤੀਜਾ ਜਗ ਜਾਵੇਗਾ ਕਿਉਂਕਿ ਇਸ ਵਿੱਚ ਤੇਲ ਅਤੇ ਵੱਟੀ ਹੈ। ਭਾਈ ਮਰਦਾਨਾ ਜੀ ਨੇ ਇਸ ਦੀਵੇ ਨੂੰ ਬਲਦੀ ਅੱਗ ਨਾਲ ਲਗਾ ਕੇ ਜਗਾ ਦਿੱਤਾ। ਸਾਹਿਬ ਜੀ ਨੇ ਸਮਝਾਇਆ ਕਿ ਭਾਈ ਸਾਹਿਬ ਜੀ ਜਿਵੇਂ ਪਹਿਲੇ ਦੀਵੇ ਨੂੰ ਜਗਾਉਣ ਲਈ ਤੇਲ ਤੇ ਵੱਟੀ ਚਾਹੀਦੇ ਹਨ, ਮਿਹਨਤ ਜ਼ਿਆਦਾ ਕਰਨੀ ਪਵੇਗੀ। ਦੂਜੇ ਵਿੱਚ ਕੇਵਲ ਤੇਲ ਪਾ ਕੇ ਅੱਗ ਨਾਲ ਸਪਰਸ਼ ਕਰਿਆਂ ਜਗ ਜਾਵੇਗਾ। ਪਰ ਤੀਸਰੇ ਨੂੰ ਸਿਰਫ ਨਾਲ ਲਗਾਉਣ ਦੀ ਦੇਰ ਹੈ ਉਹ ਜਗ ਜਾਵੇਗਾ। ਇਸੇ ਤਰ੍ਹਾਂ ਕੁਝ ਸੇਵਕ ਅਜਿਹੇ ਹਨ ਜਿਨ੍ਹਾਂ ਵਿੱਚ ਸਿਮਰਨ ਦਾ ਤੇਲ ਤੇ ਪ੍ਰੇਮ ਦੀ ਵੱਟੀ ਹੁੰਦੀ ਹੈ, ਉਨ੍ਹਾਂ ਵਿਚ ਕੇਵਲ ਇਕ ਵਾਰੀ ਉਪਦੇਸ਼ ਕੀਤਿਆਂ ਹੀ ਰੱਬੀ ਗਿਆਨ ਦਾ ਚਿਰਾਗ ਜਗ ਪੈਂਦਾ ਹੈ। ਸਿੱਧਾਂ ਨੂੰ ਫਿਰ ਨਿਰਹੰਕਾਰ ਕਰ, ਰੱਬ ਦੇ ਘਰ ਦੇ ਰਾਹੀ ਬਣਾਉਣ ਲਈ ਸਤਿਗੁਰੂ ਜੀ ਨੇ ਅਚੱਲ ਵਟਾਲੇ ਦਾ ਮੇਲਾ ਜਾਣ ਕੇ ਉਥੇ ਫਿਰ ਸਿੱਧਾਂ ਨੂੰ ਮਿਲਣ ਲਈ

ਅਚੱਲ ਵਟਾਲੇ ਪਹੁੰਚੇ। ਇਥੇ ਸ਼ਿਵਰਾਤਰੀ ਦਾ ਮੇਲਾ ਲੱਗਦਾ ਹੈ ਜਿਥੇ ਬਹੁਤ ਸਾਧੂ, ਸਿੱਧ, ਜੋਗੀ ਆਦਿਕ ਇਥੇ ਇਸ ਭਾਵਨਾ ਨਾਲ ਇਸ਼ਨਾਨ ਕਰਨ ਆਉਂਦੇ ਹਨ ਕਿ ਸ਼ਿਵ ਜੀ ਦੇ ਪੁੱਤਰ ਅੱਚਲ ਦਾ ਅਸਥਾਨ ਹੈ। ਲੋਕ ਵੀ ਇਸੇ ਕਰਕੇ ਇਥੇ ਆਉਂਦੇ ਹਨ। ਭਾਈ ਗੁਰਦਾਸ ਜੀ ਦੇ ਬਚਨ ਹਨ ਕਿ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ ॥
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ ॥
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ ॥
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ ॥
ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ ॥
ਭਗਤੀਆ ਗਈ ਭਗਤਿ ਭੂਲਿ ਲੋਟੇ ਅੰਦਰਿ ਸੁਰਤਿ ਭੁਲਾਈ ॥
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ ॥
ਵੇਖਿ ਚਲਿਤ੍ਰ ਜੋਗੀ ਖੁਣਿਸਾਈ ॥ (ਵਾਰ ੧, ਪਉੜੀ ੩੯)

ਸਤਿਗੁਰੂ ਜੀ ਜਦੋਂ ਅਚੱਲ ਵਟਾਲੇ ਗਏ ਤਾਂ ਇਹ ਗੱਲ ਦੁਨੀਆਂ ਵਿੱਚ ਵਿਦਤ ਸੀ ਕਿ ਇਕ ਵਾਰੀ ਗੁਰੂ ਨਾਨਕ ਸਾਹਿਬ ਜੀ ਅਤੇ ਸਿੱਧਾਂ ਦੀ ਵੀਚਾਰ ਹੋ ਚੁੱਕੀ ਹੈ। ਹੁਣ ਲੋਕਾਂ ਅੰਦਰ ਸੁਣਨ ਦੀ ਤੀਬਰ ਤਾਂਘ ਸੀ। ਜਿਸ ਕਰਕੇ ਸਾਹਿਬ ਜੀ ਦੇ ਦਰਸ਼ਨ ਕਰਨ ਵਾਸਤੇ ਸਾਰੀ ਹੀ ਲੋਕਾਈ ਆਣ ਪਹੁੰਚੀ। ਬੇਅੰਤ ਭੇਟਾਵਾਂ ਦੇ ਅੰਬਾਰ ਲੱਗ ਗਏ। ਜੋਗੀ ਇਹ ਕੁਝ ਵੇਖ ਕੇ ਸਹਾਰ ਨਾ ਸਕੇ ਕਿ ਸਾਨੂੰ ਤਿਆਗੀ ਹੋਣ ਦੇ ਬਾਵਜੂਦ ਵੀ ਗੁਰੂ ਨਾਨਕ ਸਾਹਿਬ ਜੀ ਕਰਕੇ ਕੋਈ ਵੀ ਨਹੀਂ ਪੁੱਛ ਰਿਹਾ ਜਿਸ ਕਰਕੇ ਉਨ੍ਹਾਂ ਦੇ ਮਨਾਂ ਵਿੱਚ ਰਿਸਕ ਭਰ ਗਈ। ਅਚਾਨਕ ਹੀ ਉਸ ਸਮੇਂ ਕੁਝ ਰਾਸ-ਧਾਰੀਏ ਇਸ ਭੀੜ ਵਿੱਚ ਆਣ ਪਹੁੰਚੇ। ਉਨ੍ਹਾਂ ਨੇ ਆ ਕੇ ਰਾਸ ਪਾਉਣੀ ਸ਼ੁਰੂ ਕਰ ਦਿੱਤੀ ਅਤੇ ਮਾਇਆ ਦੀ ਖਾਤਰ ਇਕ ਲੋਟਾ ਰੱਖ ਦਿੱਤਾ। ਸਿੱਧਾਂ ਨੇ ਆਪਣੀ ਤਾਕਤ ਨਾਲ ਉਹ ਲੋਟਾ ਲੁੱਕਾ ਦਿੱਤਾ ਅਤੇ ਆਪਣੇ ਮਾਣ ਵੱਡਿਆਈ ਦੀ ਪ੍ਰਾਪਤੀ ਲਈ ਇਹਨਾਂ ਰਾਸ-ਧਾਰੀਆਂ ਨੂੰ ਤੜਪਦਿਆਂ ਦੇਖ ਕੇ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਆਖੋ ਕਿ ਲੋਟਾ ਲਿਆ ਕੇ ਵਿਖਾਉਣ। ਸਾਹਿਬ ਜੀ ਜਾਣੀਜਾਣ ਸਨ, ਉਨ੍ਹਾਂ ਨੇ ਲੋਟਾ ਮੰਗਵਾ ਕੇ ਸਾਹਮਣੇ ਰਾਸ-ਧਾਰੀਆਂ ਦੇ ਹਵਾਲੇ ਕੀਤਾ। ਸਾਰੇ ਅਚੱਲ ਵਟਾਲੇ ਦੇ ਮੇਲੇ ਵਿੱਚ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਵੱਡਿਆਈ ਮਾਨੋ ਆਸਮਾਨਾਂ ਨੂੰ ਛੂਹ ਗਈ ਸੀ। ਇਹ ਗੱਲ ਦੇਖ ਕੇ ਸਿੱਧ ਹੋਰ ਕਲਪ ਉਠੇ। ਆਖਰ ਸਾਹਿਬ ਜੀ ਨਾਲ ਗੋਸਟਿ ਕਰਨ ਲਈ ਇਕੱਠੇ ਹੋ ਬੈਠੇ। ਸਭ ਤੋਂ ਪਹਿਲਾਂ ਜੋਗੀ ਭੰਗਰ ਨਾਥ ਨੇ ਸਾਹਿਬ ਜੀ ਨੂੰ ਸੰਸਾਰੀ ਕੱਪੜਿਆ ਵਿੱਚ ਵੇਖ ਕੇ ਆਖਿਆ ਕਿ ਤੁਸੀ ਤਾਂ ਜਿਹੜਾ ਧਰਮ ਦਾ ਦੁੱਧ ਤਿਆਰ

ਕੀਤਾ ਸੀ, ਉਸ ਵਿੱਚ ਮੁੜ ਸੰਸਾਰੀ ਬਣ ਕੇ ਮਾਨੋ ਕਾਂਜੀ ਪਾ ਦਿੱਤੀ। ਜਿਸ ਨਾਲ ਸਾਰਾ ਦੁੱਧ ਫੁੱਟ ਗਿਆ ਅਤੇ ਤੱਤ ਵਸਤੂ ਤੁਹਾਡੇ ਹੱਥ ਨਾ ਲੱਗੀ। ਸਾਹਿਬ ਜੀ ਨੇ ਭਰੇ ਮੇਲੇ ਵਿੱਚ ਚਲ ਰਹੀ ਗੋਸਟਿ ਦੌਰਾਨ ਸਭ ਤੋਂ ਪਹਿਲਾਂ ਭੰਗਰ ਨਾਥ ਨੂੰ ਹੀ ਜਵਾਬ ਦਿੱਤਾ ਕਿ ਹੇ ਭੰਗਰ ਨਾਥ! ਤੇਰੇ ਨਾਲ ਗੱਲ ਕਰਨ ਦਾ ਕੋਈ ਲਾਭ ਨਹੀ ਕਿਉਂਕਿ ਅਸਲ ਵਿੱਚ ਤੇਰੀ ਮਤਿ ਹੀ ਖੋਟੀ ਹੈ। ਦੁੱਧ ਦੇ ਚਾਟੇ ਦੀ ਗੱਲ ਤਾਂ ਦੂਰ ਦੀ ਹੈ, ਤੈਨੂੰ ਤਾਂ ਭਾਂਡਾ ਧੋਣਾ ਵੀ ਨਹੀਂ ਆਉਂਦਾ। ਜਿਸ ਸੰਸਾਰੀ ਲਿਬਾਸ ਨੂੰ ਤੁਸੀਂ ਨਿੰਦਦੇ ਹੋ, ਹੈਰਾਨੀ ਦੀ ਗੱਲ ਹੈ ਕਿ ਤੁਸੀਂ ਆਪਣੀ ਉਦਰ ਪੂਰਤੀ ਲਈ ਉਨ੍ਹਾਂ ਦੇ ਹੀ ਬੂਹਿਆਂ 'ਤੇ ਜਾਂਦੇ ਹੋ। ਭਾਈ ਸਾਹਿਬ ਜੀ ਲਿਖਦੇ ਹਨ:

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ ॥
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ ॥
ਫਿਟਿਆ ਚਾਟਾ ਦੁਧ ਦਾ ਰਿੜਕਿਆ ਮੱਖਣੁ ਹਥਿ ਨ ਆਈ ॥
ਭੇਖ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ ॥
ਨਾਨਕ ਆਖੇ ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ ॥
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ ॥
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ ॥
ਬਿਨੁ ਦਿਤੇ ਕਛੁ ਹਥਿ ਨ ਆਈ ॥ (ਵਾਰ ੧, ਗਉੜੀ ੪੦)

ਜੋਗੀਆਂ ਨੇ ਹੋਰ ਅਣਗਿਣਤ ਸੁਆਲ ਕੀਤੇ ਪਰ ਸਤਿਗੁਰੂ ਜੀ ਨੇ ਸਬਦ ਦੀ ਅਤੇ ਨਾਮ ਦੀ ਤਾਕਤ ਨਾਲ ਸਾਰੀ ਸਿੱਧ ਮੰਡਲੀ ਸ਼ਾਂਤ ਕਰ ਦਿੱਤੀ ਭਾਵ ਰੋਗ ਤੋੜ ਦਿੱਤਾ। ਸਾਰੇ ਸਿੱਧ ਹੁਣ ਇਕ ਜੁਬਾਨ ਹੋ ਕਹਿ ਉਠੇ, ਹੇ ਗੁਰੂ ਨਾਨਕ ਸਾਹਿਬ ਜੀਉ! ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀਆਂ ਉਮਰਾਂ ਵੱਡੀਆਂ ਹਨ ਪਰ ਤੁਹਾਡੀ ਕਮਾਈ ਵੱਡੀ ਹੈ। ਤੁਸੀਂ ਤਾਂ ਕਲਿਜੁਗੀ ਜੀਵਾਂ ਦੇ ਮਾਰਗ ਦਰਸ਼ਨ ਲਈ ਇਸ ਕੂੜ ਅਮਾਵਸ ਵਿੱਚ ਜੋਤਿ ਜਗਾ ਦਿੱਤੀ। ਭਾਈ ਸਾਹਿਬ ਜੀ ਨੇ ਸਾਰੀ ਵੀਚਾਰ ਇੰਝ ਲਿਖੀ ਹੈ :

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ ॥
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ ॥
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ ॥

ਇਥੇ ਦੀਨ ਦੁਨੀ ਦੇ ਮਾਲਕ ਨੇ ਸਾਰੇ ਮੇਲੇ ਨੂੰ ਜਿੱਤ ਲਿਆ। ਇਥੇ ਵੀ ਪੂਜਾ ਦਾ ਅਸਥਾਨ ਕਾਇਮ ਕਰ ਮੁਲਤਾਨ ਸ਼ਹਿਰ ਵੱਲ ਕੂਚ ਕਰ ਦਿੱਤਾ। ਮੁਲਤਾਨ ਦੀ ਪ੍ਰਸਿੱਧੀ ਦੇ ਦੋ ਕਾਰਨ ਸਨ –ਪਹਿਲਾ ਇਥੇ ਸ਼ਮਸ ਤਬਰੇਜ਼ ਨਾਂ ਦੇ ਫਕੀਰ ਨੂੰ ਅਨਲਹੱਕ ਦਾ ਨਾਹਰਾ

ਲਾਉਣ ਦੇ ਕਾਰਨ ਫਤਵਾ ਲਗਾ ਕੇ ਖੱਲ੍ਹ ਉਤਾਰ ਕੇ ਸ਼ਹੀਦ ਕਰ ਦਿੱਤਾ। ਇਥੇ ਹੀ ਸ਼ਰਧਾਲੂਆਂ ਨੇ ਮਗਰੋਂ ਮੁਲਤਾਨ ਵਿਖੇ ਖੂਬਸੂਰਤ ਮਕਬਰਾ ਬਣਾ ਦਿੱਤਾ ਸੀ। ਦੂਜਾ ਕਾਰਨ ਇਹ ਸੀ ਕਿ ਇਥੇ ਹੀ ਕਦੇ ਹਰਨਾਕਸ਼ ਨੇ ਭਗਤ ਪ੍ਰਹਿਲਾਦ ਨੂੰ ਸਤਾਉਣਾ ਚਾਹਿਆ ਸੀ ਪਰ ਪ੍ਰਮੇਸ਼ਵਰ ਨੇ ਭਗਤ ਪ੍ਰਹਿਲਾਦ ਦੀ ਪੈਜ ਰੱਖ ਹਰਨਾਕਸ਼ ਨੂੰ ਮਾਰ ਮੁਕਾਇਆ ਸੀ। ਇਸ ਲਈ ਇਥੇ ਪੀਰਾਂ ਫਕੀਰਾਂ ਦਾ ਮਾਨੋ ਗੜ੍ਹ ਬਣਿਆ ਸੀ। ਫਕੀਰ ਦਾ ਅਸਲ ਕੰਮ ਨਿਰੰਕਾਰ ਨਾਲ ਜੁੜਨਾ ਹੁੰਦਾ ਹੈ। ਪਰ ਇਥੇ ਵੀ ਹੈਰਾਨੀ ਦੀ ਗੱਲ ਕਿ ਪੀਰ ਫਕੀਰ ਹੰਕਾਰ ਨਾਲ ਹੀ ਜੁੜੇ ਬੈਠੇ ਸਨ। ਸਤਿਗੁਰੂ ਜੀ ਨੇ ਸ਼ਮਸ ਤਬਰੇਜ਼ ਦੇ ਮਕਬਰੇ ਲਾਗੇ ਹੀ ਬਾਗ ਵਿੱਚ ਜਾ ਭਾਈ ਮਰਦਾਨਾ ਜੀ ਸਮੇਤ ਡੇਰਾ ਕੀਤਾ। ਮੁਲਤਾਨ ਦੇ ਪੀਰਾਂ ਨੇ ਇਕ ਕਟੋਰਾ (ਬਾਟਾ) ਦੁੱਧ ਦਾ ਨੱਕੋ ਨੱਕ ਭਰ ਕੇ ਭੇਜਿਆ। ਸਾਹਿਬ ਜੀ ਨੇ ਉਥੋਂ ਹੀ ਇਕ ਚਮੇਲੀ ਦਾ ਫੁੱਲ ਤੋੜ ਕੇ ਪਿਆਰ ਨਾਲ ਉਤੇ ਰੱਖ ਦਿੱਤਾ ਤੇ ਕਟੋਰਾ ਵਾਪਿਸ ਭੇਜ ਦਿੱਤਾ। ਭਾਈ ਮਰਦਾਨਾ ਜੀ ਨੂੰ ਆਖਿਆ ਕਿ ਮੁਲਤਾਨ ਦੇ ਪੀਰ ਇਹ ਕਹਿ ਰਹੇ ਹਨ ਕਿ ਮੁਲਤਾਨ ਸ਼ਹਿਰ ਤਾਂ ਪਹਿਲਾਂ ਹੀ ਪੀਰਾਂ ਫਕੀਰਾਂ ਨਾਲ ਨੱਕੋ ਨੱਕ ਭਰਿਆ ਹੋਇਆ ਹੈ, ਕਿਸੇ ਹੋਰ ਦੇ ਸਮਾਉਣ ਦੀ ਕੋਈ ਥਾਂ ਨਹੀਂ ਪਰ ਮੈਂ ਫੁੱਲ ਰੱਖ ਕੇ ਭੇਜਿਆ ਕਿ ਅਸੀਂ ਕਿਸੇ ਨੂੰ ਬਾਹਰ ਕੱਢ ਕੇ ਆਪਣੀ ਥਾਂ ਨਹੀਂ ਬਣਾਉਣ ਆਏ ਬਲਕਿ ਫੁੱਲ ਵਾਂਗ ਹਲਕੇ ਹੀ ਆਪ ਜੀ ਵਿਚੋਂ ਵੀਚਾਰਾਂ ਦੀ ਖੁਸ਼ਬੋ ਦੀ ਸਾਂਝ ਕਰਨ ਆਏ ਹਾਂ। ਸਤਿਗੁਰੂ ਜੀ ਨੇ ਤੱਤ ਦੀ ਗੱਲ ਸਮਝਾਈ ਕਿ ਭਾਈ, ਮਾਲਕ ਦੇ ਘਰ ਪਹੁੰਚ ਕੇ ਵੀ ਦੁਰਭਾਗੇ ਹੀ ਹੋਵਾਂਗਾ ਜੇ ਸਾਡੀ ਜ਼ਬਾਨ 'ਮੈਂ ਮੈਂ' ਹੀ ਆਖਦੀ ਰਹੀ। ਆਪਾਂ ਨੇ ਤਾਂ ਸਿਮਰਨ ਕਰਕੇ 'ਮੈਂ' ਤੋਂ 'ਤੂੰ' ਵਿੱਚ ਬਦਲਣਾ ਹੈ ਫਿਰ ਮਾਲਕ ਵਿੱਚ ਅਭੇਦਤਾ ਹੋ ਜਾਵੇਗੀ, ਜਿਸ ਤਰ੍ਹਾਂ ਸਾਗਰ ਵਿੱਚ ਗੰਗਾ ਅਭੇਦਤਾ ਪਾ ਲੈਂਦੀ ਹੈ ਭਾਵ ਇਕ ਛੋਟਾ ਜਿਹਾ ਵਹਿਣ ਸਮੁੰਦਰ ਵਿੱਚ ਸਮਾ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਕਹਿਣ ਮੁਤਾਬਿਕ ਮੁਲਤਾਨ ਦੇ ਪੀਰਾਂ ਫਕੀਰਾਂ ਨੂੰ ਜੁਗਤੀ ਸਮਝਾ ਕੇ ਸਾਹਿਬ ਜੀ ਨੇ ਇਨ੍ਹਾਂ ਭੁੱਲੇ ਭਟਕਿਆਂ ਨੂੰ ਨਿਰੰਕਾਰ ਦੇ ਦਰ 'ਤੇ ਪਹੁੰਚਣ ਵਾਲੇ ਮਾਰਗ ਦਾ ਬੋਧ ਪ੍ਰਦਾਨ ਕੀਤਾ। ਸਿਧ ਗੋਸਟਿ ਇਸੇ ਵੀਚਾਰ ਦੀ ਯਾਦ ਸੰਭਾਲੀ ਬੈਠੀ ਹੈ।

ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ ॥
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ ॥
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੂਧਿ ਵਿਚਿ ਮਿਲਾਈ ॥
ਜਿਉ ਸਾਗਰਿ ਵਿਚਿ ਗੰਗ ਸਮਾਈ ॥ (ਵਾਰ ੧, ਪਉੜੀ ੪੪)

ਮੁਲਤਾਨ ਸ਼ਹਿਰ ਦੇ ਪੀਰ ਤੇ ਫਕੀਰ ਧਰਮ ਕਮਾਉਂਦਿਆਂ ਹੋਇਆਂ ਵੀ ਧਰਮੀ ਨਹੀਂ ਸਨ ਬਲਕਿ ਹੰਕਾਰ ਨਾਲ ਭਰਪੂਰ ਸਨ। ਸਿਰਫ ਚਰਚਾ ਕਰਕੇ ਆਪਣੇ ਆਪ ਨੂੰ ਹੀ ਉੱਤਮ

ਕਹਿਲਾਉਂਦੇ ਸਨ ਪਰ ਸਾਹਿਬ ਜੀ ਦੇ ਚਰਨਾਂ ਦੀ ਛੋਹ ਦਾ ਸਦਕਾ ਰੱਬ ਦੀ ਇਬਾਦਤ ਦਾ ਘਰ ਬਣ ਗਿਆ "*ਜਿਥੇ ਬਾਬਾ ਪੈਰੁ ਧਰਿ...*"

ਇਥੇ ਸਤਿਗੁਰੂ ਜੀ ਫਿਰ ਕੇਂਦਰ ਅਸਥਾਨ ਕਰਤਾਰਪੁਰ ਵਾਪਿਸ ਪਹੁੰਚੇ। ਇਥੇ ਫਿਰ ਗੁਰਮੁੱਖਾਂ ਦੀ ਘਾੜਤ ਵਿੱਚ ਲੱਗ ਗਏ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਉਸ ਨਿਹਾਲ ਪੰਥ ਦਾ ਪਾਂਧੀ ਬਣਾਇਆ ਜਿਸ 'ਤੇ ਚੱਲਦਿਆਂ ਹਰ ਮਨੁੱਖ ਸਹਿਜ ਨਾਲ ਧਰਮ ਵੀ ਕਮਾ ਸਕੇ ਅਤੇ ਸੰਸਾਰਕ ਗ੍ਰਿਹਸਤ ਦੀਆਂ ਜ਼ੁੰਮੇਵਾਰੀਆਂ ਵੀ ਨਿਭਾ ਸਕੇ। ਇਸ ਲਈ ਜ਼ਰੂਰੀ ਸੀ ਕਿ ਹੁਣ ਜਿਤਨੀ ਕੁ ਔਸਤਨ ਮਨੁੱਖ ਉਮਰ ਗੁਜ਼ਾਰਦਾ ਹੈ ਉਤਨੀ ਕੁ ਉਮਰ ਹੀ ਜੀਉ ਕੇ ਸੰਸਾਰ ਨੂੰ ਉਪਦੇਸ਼ ਦਿੱਤਾ। ਭਾਵੇਂ ਗੁਰੂ ਨਾਨਕ ਪਾਤਿਸ਼ਾਹ ਜੀ "*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*" ਸਨ ਪਰ ਫਿਰ ਵੀ ਹੁਣ ਸਰੀਰ ਵਿਚਲੀ ਜੋਤਿ ਕੱਢ ਕੇ ਕਿਸੇ ਐਸੀ ਕਾਇਆਂ ਵਿੱਚ ਟਿਕਾਉਣੀ ਸੀ ਕਿ ਜਿਹੜੀ ਇਸ ਕਾਰਜ ਨੂੰ ਅਗਾਂਹ ਤੋਰ ਸਕੇ। ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਇਸ ਦੇ ਮੁਕੰਮਲ ਸਮਰੱਥ ਸਨ ਕਿ ਸਾਰਾ ਕਾਰਜ ਭਾਵੇਂ ਪਹਿਲੇ ਜਾਮੇ ਵਿਚ ਹੀ ਲੰਮਾ ਕਰਕੇ ਸਮਾਪਤ ਕਰ ਦਿੰਦੇ ਪਰ ਮਨੁੱਖ ਨੂੰ ਮਨੁੱਖ ਵਾਂਗ ਰਹਿ ਕੇ ਹੀ ਉਪਦੇਸ਼ ਕਰਨਾ ਸੀ। ਹੁਣ ਤਕ ਇਹੋ ਵੱਡੀ ਕਮੀ ਸੀ ਕਿ ਮਨੁੱਖ ਨੂੰ ਧਰਮ ਸਿਖਾਉਣ ਆਏ ਗੁਰੂ ਪੀਰ ਮਨੁੱਖਾ ਜਿੰਦਗੀ ਤੋਂ ਕੋਹਾਂ ਦੂਰ ਸਨ।

ਇਧਰ ਪ੍ਰਮੇਸ਼ਵਰ ਦੀ ਕਿਰਪਾ ਸਦਕਾ ਮੱਤੇ ਦੀ ਸਰਾਂ ਵਿੱਚ ਬਾਬਾ ਲਹਿਣਾ ਜੀ ਦਾ ਪ੍ਰਕਾਸ਼ ਹੋ ਚੁੱਕਾ ਸੀ। ਇਹ ਵੈਸ਼ਨੂੰ ਮਤ ਦੇਵੀ ਦੇ ਉਪਾਸ਼ਕ ਸਨ। ਹਰ ਸਾਲ ਇਕ ਜਥਾ ਬਣਾ ਕੇ ਦੇਵੀ ਦੇ ਮੰਦਰਾਂ ਦੇ ਦਰਸ਼ਨ ਨੂੰ ਜਾਂਦੇ ਸਨ। ਅਜੇ ਤਕ ਆਤਮਿਕ ਭੁੱਖ ਦੀ ਤ੍ਰਿਪਤੀ ਨਹੀਂ ਹੋਈ ਸੀ। ਉਹਨਾਂ ਹੀ ਦਿਨਾਂ ਵਿੱਚ ਅਚਾਨਕ ਖਡੂਰ ਸਾਹਿਬ ਵਿੱਚ ਆਪਣੀ ਭੂਆ ਜੀ ਦੇ ਨਗਰ ਵਿਖੇ ਭਾਈ ਜੋਧ ਜੀ ਕੋਲੋਂ ਅੰਮ੍ਰਿਤਮਈ ਬਾਣੀ ਦੇ ਬਚਨ ਸੁੰਣ ਕੇ ਇਹ ਆਤਮਿਕ ਭੁੱਖ ਹੋਰ ਚਮਕ ਉਠੀ। ਫੈਸਲਾ ਕਰ ਲਿਆ ਕਿ ਇਸ ਵਾਰੀ ਦੇਵੀ ਦੇ ਦਰਸ਼ਨਾਂ ਦੇ ਨਾਲ-ਨਾਲ ਕਰਤਾਰਪੁਰ ਸਾਹਿਬ ਵਿਖੇ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਵੀ ਦਰਸ਼ਨ ਕਰਨੇ ਹਨ। ਇਸ ਸਾਲ ੧੫੩੨ ਵਿਖੇ ਦੇਵੀ ਦੇ ਦਰਸ਼ਨਾਂ ਲਈ ਜੰਮੂ ਜਾਂਦਿਆਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਗਏ। ਇਤਿਹਾਸ ਵਿੱਚ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਬਾਬਾ ਲਹਿਣਾ ਜੀ ਨੇ ਇਕ ਰਸਤਾ ਸਾਫ ਕਰ ਰਹੇ ਬਾਬਾ ਜੀ ਕੋਲੋਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਪਤਾ ਪੁੱਛਿਆ। ਇਹ ਬਾਬਾ ਜੀ ਰੰਬੇ ਨਾਲ ਘਾਹ ਖੁਰਚ ਰਹੇ ਸਨ। ਹੱਥ ਅਤੇ ਦਾੜ੍ਹਾ ਆਦਿਕ ਮਿੱਟੀ ਨਾਲ ਭਰੇ ਹੋਏ ਸਨ। ਉਸੇ ਵੇਲੇ ਹੀ ਬਾਬਾ ਜੀ ਨੇ ਹੱਥ ਝਾੜ ਕੇ ਘੋੜੇ ਦੀ ਲਗਾਮ ਪਕੜ ਲਈ ਕਿਹਾ ਕਿ ਭਾਈ ਚੰਗਾ ਹੋਇਆ ਜਿਸ ਦੀ ਉਡੀਕ ਵਿੱਚ ਰਾਹ ਸਾਫ

ੴ

ਕਰ ਰਹੇ ਸਾਂ, ਉਹ ਆ ਗਏ ਹਨ। ਸਾਰੇ ਰਸਤੇ ਨਿਰੰਕਾਰ ਦੀਆਂ ਵੀਚਾਰਾਂ ਕਰਦੇ ਗਏ, ਅੱਗੇ ਜਾ ਕੇ ਬੇਨਤੀ ਕੀਤੀ ਕਿ ਘੋੜੇ ਤੋਂ ਉਤਰ ਜਾਵੋ, ਮੈਂ ਇਧਰ ਬੰਨ੍ਹ ਦਿੰਦਾ ਹਾਂ, ਤੁਸੀਂ ਹੱਥ ਪੈਰ ਧੋ ਕੇ ਦਰਬਾਰ ਆ ਜਾਣਾ ਕਿਉਂਕਿ ਸਫਰ ਨਾਲ ਥੱਕ ਕੇ ਆਏ ਹੋ। ਜਦੋਂ ਬਾਬਾ ਲਹਿਣਾ ਜੀ ਦਰਬਾਰ ਹਾਜ਼ਰ ਹੋਏ ਤਾਂ ਹੈਰਾਨ ਰਹਿ ਗਏ ਜਿਹੜਾ ਬਾਬਾ ਘੋੜੇ ਦੀ ਲਗਾਮ ਪਕੜ ਕੇ ਆਪ ਤੁਰ ਕੇ ਆਏ ਸਨ ਤੇ ਇਹੋ ਹੀ ਤਾਂ ਗੁਰੂ ਨਾਨਕ ਪਾਤਿਸ਼ਾਹ ਜੀ ਹਨ। ਚਰਨਾਂ 'ਤੇ ਢਹਿ ਪਏ। ਅੱਖਾਂ 'ਚੋਂ ਵਗਦੇ ਚਸ਼ਮਿਆਂ ਨਾਲ ਗੁਰੂ ਜੀ ਦੇ ਚਰਣ ਕਮਲ ਧੋ ਦਿੱਤੇ। ਬਚਨ ਆਖਿਆ, ਸਾਹਿਬ ਜੀ! ਮੇਰੀ ਭੁੱਲ ਬਖਸ਼ ਦੇਣਾ ਕਿਉਂਕਿ ਮੈਂ ਘੋੜੇ 'ਤੇ ਚੜ੍ਹ ਕੇ ਆਇਆ ਹਾਂ ਪਰ ਤੁਸੀ ਪੈਦਲ ਤੁਰ ਕੇ ਆਏ ਹੋ। ਸਾਹਿਬ ਜੀ ਨੇ ਵੈਰਾਗ ਦੁਨੀਆਂ ਤੋਂ ਵਾਪਸ ਲਿਆਉਣ ਲਈ ਰਹਿਮਤ ਭਰਿਆ ਸੀਸ 'ਤੇ ਹੱਥ ਰੱਖ ਕੇ ਆਖਿਆ ਕਿ ਭਾਈ ਇਨ੍ਹਾਂ ਗੱਲਾਂ ਨੂੰ ਛੱਡ ਕੇ ਤੁਸੀਂ ਦੱਸੋ ਕਿ ਤੁਹਾਡਾ ਨਾਂ ਕੀ ਹੈ? ਭਾਈ ਲਹਿਣਾ ਜੀ ਨੇ ਆਪਣਾ ਨਾਂ ਦੱਸਿਆ ਕਿ ਮੇਰਾ ਨਾਂ ਲਹਿਣਾ ਹੈ। ਸਾਹਿਬ ਜੀ ਬਹੁਤ ਖੁਸ਼ ਹੋਏ ਅਤੇ ਆਖਣ ਲੱਗੇ ਇਹ ਤਾਂ ਬਹੁਤ ਚੰਗਾ ਹੋਇਆ ਕਿ ਤੁਸੀਂ ਲੈਣਾ ਹੈ, ਅਸੀਂ ਦੇਣਾ ਹੈ। ਦੇਣ ਵਾਲੇ ਸਦਾ ਪੈਦਲ ਹੀ ਤੁਰਦੇ ਹਨ ਪਰ ਲੈਣ ਵਾਲੇ ਤਾਂ ਸ਼ਾਹ ਹੁੰਦੇ ਹਨ ਜਿਹੜੇ ਘੋੜਿਆਂ 'ਤੇ ਚੜ੍ਹ ਕੇ ਹੀ ਆਉਂਦੇ ਹਨ। ਇਥੇ ਇਕ ਗੱਲ ਹੋਰ ਵਿਚਾਰਨ ਯੋਗ ਹੈ, ਮਿੱਥ ਚੱਲੀ ਆ ਰਹੀ ਹੈ ਕਿ ਜਦੋਂ ਰਾਵਣ ਚੜ੍ਹਾਈ ਕਰ ਗਿਆ ਤਾਂ ਰਾਮ ਚੰਦਰ ਜੀ ਨੇ ਲਛਮਣ ਨੂੰ ਭੇਜਿਆ ਕਿ ਕੋਈ ਉਪਦੇਸ਼ ਲੈ ਕੇ ਆਉ, ਲਛਮਣ ਸਿਰ ਵਾਲੇ ਪਾਸੇ ਖਲੋ ਕੇ ਪੁੱਛਦਾ ਹੈ ਪਰ ਜਦੋਂ ਨਾ ਪਤਾ ਲੱਗਾ ਤਾਂ ਕਹਿਣ ਲੱਗਦਾ ਹੈ, ਭਰਾਤਾ ਜੀ ਰਾਵਣ ਤਾਂ ਬੋਲਦਾ ਨਹੀਂ। ਰਾਮ ਚੰਦਰ ਨੇ ਆਖਿਆ ਸੀ ਕਿ ਪੈਰਾਂ ਵਾਲੇ ਪਾਸੇ ਖਲੋ ਕੇ ਉਪਦੇਸ਼ ਮੰਗ। ਲਛਮਣ ਨੇ ਉਵੇਂ ਹੀ ਕੀਤਾ ਤਾਂ ਉਪਦੇਸ਼ ਮਿਲਿਆ ਸੀ। ਪਰ ਇਥੇ ਉਪਦੇਸ਼ ਲੈਣ ਵਾਲੇ ਨੂੰ ਆਪ ਅੱਗੇ ਜਾ ਕੇ ਲੈ ਕੇ ਆਏ ਸਨ। ਬਾਬਾ ਲਹਿਣਾ ਜੀ ਘੋੜੇ ਦੀ ਲਗਾਮ ਪਕੜਾ ਕੇ ਗੁਰੂ ਘਰ ਪਹੁੰਚ ਗਏ। ਜਿਸ ਦਿਨ ਮਨ ਦੀ ਲਗਾਮ ਪਕੜਾ ਦਿੱਤੀ, ਉਸ ਦਿਨ ਪ੍ਰਮੇਸ਼ਵਰ ਘਰ ਚਲੇ ਜਾਉਗੇ। ਬਾਬਾ ਲਹਿਣਾ ਜੀ ਨੇ ਆਪਣੇ ਮਨ ਦੀ ਐਸੀ ਲਗਾਮ ਪਕੜਾਈ ਕਿ ੧੫੩੨ ਤੋਂ ਲੈ ਕੇ ੧੫੩੯ ਈ: ਤਕ ਐਸੀ ਘਾਲਣਾ ਘਾਲੀ ਜਿਸ ਨਾਲ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਰੂਪ ਹੀ ਬਣ ਗਏ। ਇਕ ਦਿਨ ਸਤਿਗੁਰੂ ਜੀ ਨੇ ਆਪਣਾ ਸਰੂਪ ਕੁਝ ਵੱਖਰਾ ਜਿਹਾ ਬਣਾ ਕੇ ਬਚਨ ਕੀਤਾ ਕਿ ਮੇਰੇ ਨਾਲ ਕੋਈ ਵੀ ਨਹੀਂ ਜਾਵੇਗਾ। ਕੁਝ ਪ੍ਰੇਮੀ ਨਾਲ ਤੁਰੇ ਪਰ ਸਾਹਿਬ ਜੀ ਦੇ ਵਿਡਾਣ ਕੌਤਕ ਨਾ ਸਮਝ ਸਕੇ ਅਤੇ ਵਾਪਸ ਆ ਗਏ ਪਰ ਅਖੀਰ ਬਾਬਾ ਲਹਿਣਾ ਜੀ ਇਕੱਲੇ ਰਹਿ ਗਏ। ਸਾਹਿਬ ਜੀ ਆਪਣੇ ਡੰਡੇ ਨਾਲ ਧਰਤੀ 'ਤੇ ਕਰੌਸ ਵਾਹਿਆ ਤੇ ਆਖਿਆ, ਲਹਿਣਾ ਜੀ, ਜਿੱਧਰ ਤੁਹਾਡਾ ਘਰ

ਹੈ, ਚੱਲੇ ਜਾਵੋ। ਬਾਬਾ ਲਹਿਣਾ ਜੀ ਨੇ ਆਖਿਆ ਕਿ ਮੇਰਾ ਘਰ ਚਾਰ ਹੀ ਦਿਸ਼ਾਵਾਂ ਵਿੱਚ ਨਹੀਂ ਬਲਕਿ ਮੇਰਾ ਘਰ ਤਾਂ ਆਪ ਜੀ ਦੇ ਚਰਨਾਂ ਵਿੱਚ ਹੈ। ਸਾਹਿਬ ਜੀ ਦੁਨੀਆਂ ਵਿੱਚ ਮੇਰਾ ਕੋਈ ਟਿਕਾਣਾ ਨਹੀਂ। ਤਾਂ ਸਤਿਗੁਰੂ ਜੀ ਨੇ ਪਹਿਲਾਂ ਹੀ ਸਾਰਾ ਪ੍ਰਬੰਧ ਕੀਤਾ ਹੋਇਆ ਸੀ ਕਿ ਬਾਬਾ ਲਹਿਣਾ ਜੀ ਨੂੰ ਕਹਿਣ ਲੱਗੇ, ਚੰਗਾ ਫਿਰ ਜੇ ਮੇਰਾ ਹੀ ਬਣ ਕੇ ਰਹਿਣਾ ਹੈ ਤਾਂ ਇਹ ਮੁਰਦਾ ਖਾਹ। ਬਾਬਾ ਲਹਿਣਾ ਜੀ ਨੇ ਬੇਨਤੀ ਕੀਤੀ ਕਿ ਪਾਤਿਸ਼ਾਹ ਜੀ ਹੁਕਮ ਕਰੋ ਕਿਧਰੋਂ ਖਾਵਾਂ। ਸਾਹਿਬ ਜੀ ਨੇ ਇਸ਼ਾਰਾ ਕੀਤਾ ਕਿ ਪੈਰਾਂ ਵਾਲੇ ਪਾਸੇ ਤੋਂ ਖਾਹ। ਜਦੋਂ ਬਸਤਰ ਚੁੱਕਿਆ ਤਾਂ ਕਈ ਤਰ੍ਹਾਂ ਦੇ ਮਿਸਟਾਨ ਸਨ। ਸਤਿਗੁਰੂ ਜੀ ਦਾ ਨਿਹਾਲ ਕੌਤਕ ਤੱਕ ਕੇ ਚਰਣ ਚੁੰਮੇ। ਹੁਣ ਸਤਿਗੁਰੂ ਜੀ ਨੇ ਵੀ ਗਲਵੱਕੜੀ ਵਿੱਚ ਲੈ ਕੇ ਬਚਨ ਕੀਤਾ ਕਿ ਲਹਿਣਾ ਜੀ ਜੇ ਤੁਹਾਡਾ ਕੋਈ ਟਿਕਾਣਾ ਨਹੀਂ ਤਾਂ ਮੇਰਾ ਵੀ ਕੋਈ ਟਿਕਾਣਾ ਨਹੀਂ, ਮੈਂ ਟਿਕਾਣਾ ਹੀ ਭਾਲਦਾ ਹਾਂ। ਆਪਾ ਕਿੱਥੇ ਟਿਕਾਵਾਂ, ਮੈਨੂੰ ਵੀ ਟਿਕਾਣਾ ਮਿਲ ਗਿਆ ਤੇ ਤੈਨੂੰ ਵੀ ਟਿਕਾਣਾ ਮਿਲ ਗਿਆ। ਐਲਾਨ ਹੋ ਗਿਆ ਕਿ ਗੁਰਗੱਦੀ ਦੀ ਦਾਤ ਬਾਬਾ ਲਹਿਣਾ ਜੀ ਨੂੰ ਬਖਸ਼ੀ ਜਾਵੇਗੀ। ਇਹ ਗੱਲ ਸੁਣ ਕੇ ਬਾਬਾ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ, ਕੁਝ ਸ਼ਰੀਕੇ ਕਬੀਲੇ ਦੇ ਲੋਕ ਇਕੱਠੇ ਕਰਕੇ ਦਰਬਾਰ ਆਏ ਕਿ ਪਿਤਾ ਦੀ ਦਾਤ 'ਤੇ ਪੁੱਤਰਾਂ ਦਾ ਹੱਕ ਬਣਦਾ ਹੈ। ਇਹ ਦਾਤ ਸਾਨੂੰ ਮਿਲਣੀ ਚਾਹੀਦੀ ਹੈ। ਸਤਿਗੁਰੂ ਜੀ ਨੇ ਸ਼ੰਕਾ ਨਿਵਰਿਤ ਕਰਨ ਵਾਸਤੇ ਬਚਨ ਆਖਿਆ ਕਿ ਭਾਈ ਦਾਤ ਉਥੇ ਹੀ ਟਿਕਾਈ ਜਾ ਸਕਦੀ ਹੈ ਜਿਥੇ ਕਿਸੇ ਕੋਲ ਬਰਤਨ ਹੋਵੇ। ਇਹ ਭਾਂਡਾ ਅਸਲ ਵਿੱਚ ਬਾਬਾ ਲਹਿਣਾ ਜੀ ਕੋਲ ਹੀ ਹੈ ਤਾਂ ਅਜਿਹੇ ਲੋਕਾਂ ਨੇ ਦੂਸਰਾ ਸ਼ੰਕਾ ਖੜਾ ਕਰ ਦਿੱਤਾ ਕਿ ਇਹ ਬਰਤਨ ਬਾਬਾ ਲਹਿਣਾ ਜੀ ਨੇ ਕਿਥੋਂ ਲਿਆ। ਸਤਿਗੁਰੂ ਜੀ ਨੇ ਫਿਰ ਜਵਾਬ ਦਿੱਤਾ ਕਿ ਇਹ ਬਰਤਨ ਮੈਂ ਹੀ ਦਿੱਤਾ ਹੈ। ਸ਼ੰਕਾ ਹਾਲੇ ਵੀ ਖਲੋਤਾ ਸੀ ਕਿ ਬਰਤਨ ਬਾਬਾ ਸ੍ਰੀ ਚੰਦ ਜਾਂ ਬਾਬਾ ਲਖਮੀ ਦਾਸ, ਆਪਣੇ ਪੁੱਤਰਾਂ ਨੂੰ ਕਿਉਂ ਨਹੀਂ ਦਿੱਤਾ। ਸਾਹਿਬ ਜੀ ਆਖਣ ਲੱਗੇ ਕਿ ਪਹਿਲਾਂ ਪੁੱਤਰਾਂ ਨੂੰ ਹੀ ਦਿੱਤਾ ਸੀ ਪਰ ਇਨ੍ਹਾਂ ਨੇ ਲਿਆ ਨਹੀਂ। ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਆਖਣ ਲੱਗੇ, ਸਾਨੂੰ ਅਜਿਹਾ ਬਰਤਨ ਕਦੇ ਵੀ ਨਹੀ ਦਿੱਤਾ। ਸਾਹਿਬ ਜੀ ਨੇ ਕਿਰਪਾ ਕਰਕੇ ਯਾਦ ਕਰਵਾਇਆ ਕਿ ਜਿਸ ਦਿਨ ਮੈਂ ਚਿੱਕੜ ਵਿੱਚ ਬਾਟਾ ਸੁੱਟ ਕੇ ਆਖਿਆ ਸੀ ਕਿ ਬਾਟਾ ਕੱਢ ਲਿਆਓ। ਤੁਸੀਂ ਆਖਿਆ ਕਿ ਅਜਿਹੇ ਬਾਟੇ ਹੋਰ ਬਹੁਤ ਹਨ। ਮੈਂ ਕਿਹਾ ਸੀ ਨਾ ਕਿ ਇਹ ਬਾਟਾ ਕੇਵਲ ਇਹੋ ਹੀ ਹੈ, ਫਿਰ ਦੂਸਰੀ ਗੱਲ ਤੁਸਾਂ ਆਖੀ ਸੀ ਕਿ ਜਦੋਂ ਆਪਣੇ ਨਾਲ ਲਹਿਣਾ ਜੀ ਵਰਗੇ ਸੇਵਕ ਹਨ ਫਿਰ ਅਸੀਂ ਕਿਉਂ ਚਿੱਕੜ ਵਿਚ ਵੜੀਏ। ਗੱਲ ਚਿੱਕੜ ਵਿਚੋਂ ਬਾਟਾ ਕੱਢਣ ਦੀ ਨਹੀਂ, ਗੱਲ ਤਾਂ ਸਿਦਕ ਦੇ ਬਾਟੇ ਦੀ ਸੀ ਜਿਹੜਾ ਤੁਹਾਡੇ ਕੋਲ ਨਹੀਂ, ਇਹ ਉਹੋ ਹੀ ਸਿਦਕ

ਦਾ ਬਾਟਾ ਹੈ ਜਿਸ ਵਿੱਚ ਇਹ ਦਾਤ ਟਿਕਾਈ ਜਾਣੀ ਹੈ। ਪੁੱਤਰਾਂ ਨੇ ਫਿਰ ਰੌਲਾ ਪਾਇਆ ਕਿ ਸਾਨੂੰ ਉਦੋਂ ਸਮਝ ਨਹੀਂ ਸੀ। ਤਦ ਬਾਬਾ ਬੁੱਢਾ ਜੀ ਨੇ ਆਪਣੇ ਬੋਝੇ ਵਿਚੋਂ ਇਕ ਦਮੜਾ ਕੱਢ ਕੇ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਤਲੀ 'ਤੇ ਰੱਖ ਦਿੱਤਾ ਅਤੇ ਬਚਨ ਕੀਤਾ ਸਤਿਗੁਰੂ ਜੀ ਦੀ ਤਲੀ 'ਤੇ ਕੀ ਪਿਆ ਹੈ ? ਦੋਨਾਂ ਭਰਾਵਾਂ ਨੇ ਆਖਿਆ ਕਿ ਸਿਰਫ ਦਮੜਾ ਪਿਆ ਹੋਇਆ ਹੈ। ਬਾਬਾ ਬੁੱਢਾ ਜੀ ਨੇ ਬਾਬਾ ਲਹਿਣਾ ਜੀ ਨੂੰ ਬੇਨਤੀ ਕੀਤੀ ਕਿ ਤੁਸੀ ਦੱਸੋ, ਤਲੀ 'ਤੇ ਕੀ ਪਿਆ ਹੈ ? ਬਾਬਾ ਲਹਿਣਾ ਜੀ ਨੇ ਹੱਥ ਜੋੜ ਕੇ ਬਚਨ ਆਖੇ ਕਿ ਮੇਰੇ ਕੋਲ ਹਾਲੇ ਐਡੀ ਵੱਡੀ ਸਮਰੱਥਾ ਨਹੀਂ ਕਿ ਮੈਂ ਦੱਸ ਸਕਾਂ ਕਿ ਗੁਰੂ ਜੀ ਦੀ ਤਲੀ 'ਤੇ ਕੀ ਪਿਆ ਹੈ ? ਬਸ ਕੌਤਕ ਤੱਕ ਕੇ ਹੀ ਕਹਿ ਸਕਦਾ ਹਾਂ ਸਾਹਿਬ ਜੀ ਦੀ ਤਲੀ 'ਤੇ ਕਿਸੇ ਠੱਗ ਨੂੰ ਸੱਜਣ ਬਣਾ, ਰਾਕਸ਼ ਨੂੰ ਦੇਵਤਾ, ਜ਼ਹਿਰ ਵਰਗੇ ਕੌੜੇ ਰੀਠਿਆਂ ਨੂੰ ਅੰਮ੍ਰਿਤ ਬਣਾ ਅਤੇ ਕਿਸੇ ਵੀ ਰੱਬ ਤੋਂ ਵਿਛੜ ਕੇ ਦੁਖੀ ਹੋ ਰਹੀ ਆਤਮਾ ਨੂੰ ਮੁੜ ਪ੍ਰਮੇਸ਼ਵਰ ਦਾ ਰੂਪ ਬਣਾ ਦੇਣ ਦੀ ਸਮਰੱਥਾ ਗੁਰੂ ਨਾਨਕ ਪਾਤਿਸਾਹ ਜੀ ਦੀ ਤਲੀ 'ਤੇ ਪਈ ਹੈ। ਆਖਰਕਾਰ ਇਸ ਸਿਦਕ ਦੀ ਸੂਰਤ ਦੇ ਹਿਰਦੇ ਵਿੱਚ ਸਾਹਿਬ ਜੀ ਨੇ ਆਪਣੇ ਮੁਬਾਰਿਕ ਚਰਣ ਟਿਕਾ ਦਿੱਤੇ ਜਿਸ ਨਾਲ ਬਾਬਾ ਲਹਿਣਾ ਜੀ, ਬਾਬਾ ਲਹਿਣਾ ਜੀ ਨਾ ਰਹੇ ਬਲਕਿ ਧੰਨ ਗੁਰੂ ਅੰਗਦ ਸਾਹਿਬ ਜੀ ਬਣ ਗਏ। ਗੁਰੂ ਨਾਨਕ ਪਾਤਿਸਾਹ ਜੀ ਜੋਤੀ ਜੋਤਿ ਸਮਾ ਗਏ ਅਤੇ ਆਪਣੇ ਚਰਣ ਬਾਬਾ ਲਹਿਣਾ ਜੀ ਦੇ ਹਿਰਦੇ ਵਿੱਚ ਰੱਖ ਕੇ ਸਦੀਵੀ ਕਾਲ ਲਈ ਪੂਜਾ ਦਾ ਅਸਥਾਨ ਥਾਪ ਗਏ "*ਜਿਥੇ ਬਾਬਾ ਪੈਰੁ ਧਰਿ....*"

ਨੀਚਾ ਅੰਦਰਿ ਨੀਚ ਜਾਤਿ ਨੀਚ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਕਰਹਿ ਜਿ ਗੁਰ ਫੁਰਮਾਇਆ

ਮਨੁੱਖ ਦੀ ਅੱਖ ਤੋਂ ਜਦੋਂ ਹੰਕਾਰ ਦੀ ਪੱਟੀ ਉਤਰ ਜਾਂਦੀ ਹੈ ਤਾਂ ਫਿਰ ਨਿਰੰਕਾਰ ਦ੍ਰਿਸ਼ਟੀ ਆਉਂਦਾ ਹੈ। ਹਿਰਦਾ ਪਾਕ ਪਵਿੱਤਰ ਹੋ ਜਾਂਦਾ ਹੈ। ਜਿਥੇ ਹੰਕਾਰ ਨਾ ਹੋਵੇ, ਉਸ ਹਿਰਦੇ ਵਿੱਚ ਨਿਰੰਕਾਰ ਦਾ ਨਿਵਾਸ ਹੁੰਦਾ ਹੈ। ਐਸੇ ਹਿਰਦੇ ਵਿਚੋਂ ਨਿਕਲੇ ਹੋਏ ਬਚਨ ਅਸਲ ਵਿਚ ਨਿਰੰਕਾਰ ਦੇ ਹੀ ਪਾਵਨ ਅੰਮ੍ਰਿਤ ਬੋਲ ਹੁੰਦੇ ਹਨ। ਇਸੇ ਤਰ੍ਹਾਂ ਦੀ ਹੀ ਅਵੱਸਥਾ ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਸੱਤਾ ਜੀ ਤੇ ਬਲਵੰਡ ਜੀ ਨਾਲ ਵਰਤੀ। ਦੁਨਿਆਵੀ ਲਾਲਸਾ ਨਾਲ ਰਲ ਕੇ ਹੰਕਾਰ ਨੇ ਗੁਰੂ ਦੇ ਘਰ ਤੋਂ ਦੂਰ ਕਰ ਦਿੱਤਾ ਸੀ। ਪਰ ਹੰਕਾਰ ਟੁੱਟਣ 'ਤੇ ਇਨ੍ਹਾਂ ਦੇ ਹਿਰਦਿਆਂ ਵਿਚੋਂ ਗੁਰੂ ਦੀ ਸਿਫਤ ਸਲਾਹ ਦਾ ਰੱਬੀ ਬਾਣੀ ਰਾਹੀਂ ਚਸ਼ਮਾ ਵਹਿ ਤੁਰਿਆ। ਇਨ੍ਹਾਂ ਅੰਮ੍ਰਿਤ ਬਚਨਾਂ ਨੂੰ 'ਰਾਮਕਲੀ ਰਾਗ' ਵਿਚ ਗੁਰੂ ਅਰਜਨ ਸਾਹਿਬ ਜੀ ਨੇ ਅੰਕਿਤ ਕਰ ਦਿੱਤਾ। ਇਨ੍ਹਾਂ ਦੇ ਨਿਰਮਲ ਹਿਰਦੇ ਵਿਚੋਂ ਗੁਰੂ ਅੰਗਦ ਸਾਹਿਬ ਜੀ ਦੀ ਪਾਵਨ ਵੱਡਿਆਈ ਲਈ ਜੋ ਬਚਨ ਨਿਕਲੇ, ਉਹਨਾਂ ਵਿਚੋਂ ਸਿਰਫ ਇਕ ਪੰਗਤੀ ਦੁਆਰਾ ਦਰਸ਼ਨ ਕਰੀਏ। ਗੁਰੂ ਅੰਗਦ ਸਾਹਿਬ ਜੀ ਦੀ ਸਖਸ਼ੀਅਤ ਦੇ ਦੀਦਾਰ ਕਰਨ ਵਾਸਤੇ ਮਹਾਨ ਕੀਰਤਨੀਏ ਸੱਤਾ ਤੇ ਬਲਵੰਡ ਜੀ ਦੀ ਅੱਖ ਤੋਂ ਰੌਸ਼ਨੀ ਮੰਗੀਏ। ਹੋ ਸਕਦਾ ਹੈ ਸਾਨੂੰ ਵੀ ਦੀਦਾਰਾਂ ਦੀ ਭੀਖ ਮਿਲ ਜਾਏ। ਜਿਨ੍ਹਾਂ ਨੇ ਵੀ ਗੁਰੂ ਅੰਗਦ ਸਾਹਿਬ ਨੂੰ ਇਸ ਸ਼ਰਧਾ ਦੀ ਅੱਖ ਨਾਲ ਤੱਕਿਆ ਹੈ ਉਨ੍ਹਾਂ ਦੀ ਜਨਮ-ਜਨਮਾਂਤਰ ਦੀ ਮੈਲ ਉਤਰ ਗਈ। "*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਕੀ ਕਟੀਐ ॥*" ਭਾਈ ਸੱਤਾ ਤੇ ਬਲਵੰਡ ਜੀ ਦੀ ਪਵਿੱਤਰ ਰਚਨਾ ਵਿਚੋਂ ਪੰਕਤੀ ਹੈ "*ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥*"

ਇਤਿਹਾਸ ਦੇ ਪੰਨੇ 'ਤੇ ਮੱਤੇ ਦੀ ਸਰਾਂ ਦਾ ਨਾਂ ਇਸ ਕਰਕੇ ਹੈ ਕਿ ਇਥੇ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪਵਿੱਤਰ ਘਰ ਦੇ ਵਾਰਿਸ ਬਾਬਾ ਲਹਿਣਾ ਜੀ ਦਾ ਪ੍ਰਕਾਸ਼ ਹੋਇਆ ਸੀ। ਪਿਤਾ ਜੀ ਦਾ ਨਾਮ ਬਾਬਾ ਫੇਰੂ ਮਲ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਭਾਗੋ ਜੀ ਕਰਕੇ ਪ੍ਰਸਿੱਧ ਹਨ। ਬਾਬਾ ਫੇਰੂ ਜੀ ਵਪਾਰ ਦਾ ਵਿਹਾਰ ਕਰਦੇ ਸਨ ਜਿਹੜਾ ਕਈ ਥਾਵਾਂ ਬਦਲਾ ਕੇ ਵੀ ਕੀਤਾ। ਬਾਬਾ ਜੀ ਵੈਸ਼ਨੂੰ ਦੇਵੀ ਦੇ ਉਪਾਸ਼ਕ ਸਨ ਜਿਹੜੇ ਹਰ ਸਾਲ ਜਥਾ ਬਣਾ ਕੇ ਇਕ ਸੰਗ ਲੈ ਕੇ ਜਾਂਦੇ ਸਨ। ਬਾਬਾ ਫੇਰੂ ਮਲ ਜੀ ਚੜ੍ਹਾਈ ਕਰ ਗਏ ਸਨ। ਘਰ ਦੀ ਸਾਰੀ ਜ਼ਿੰਮੇਵਾਰੀ ਬਾਬਾ ਲਹਿਣਾ ਜੀ 'ਤੇ ਆਣ ਬਣੀ। ਜਥੇ ਦੇ ਫਰਜ਼ਾਂ ਨੂੰ ਨਿਭਾਉਣ ਲਈ ਤਿਆਰ ਹੋ ਗਏ। ਪਿਤਾ ਜੀ ਵਾਂਗ ਹੀ ਹਰ ਸਾਲ ਜਥਾ ਲੈ ਕੇ ਜਾਣ ਲੱਗ ਪਏ।

ਦੇਵੀ ਦੇ ਦਰਸ਼ਨ ਤਾਂ ਭਾਵੇਂ ਹਰ ਸਾਲ ਕਰ ਹੀ ਲੈਂਦੇ ਸਨ ਪਰ ਅੰਦਰ ਖਲਾ ਹਰ ਵਕਤ ਬੇਚੈਨੀ ਜਿਹੀ ਬਣਾਈ ਰੱਖਦਾ। ਇਨ੍ਹਾਂ ਹੀ ਦਿਨਾਂ ਵਿੱਚ ਅਚਾਨਕ ਗੁਰੂ ਨਾਨਕ ਸਾਹਿਬ ਜੀ ਦੇ ਦਰ ਤੋਂ ਵਰੋਸਾਏ ਗੁਰੂ ਦੇ ਸੇਵਕ ਭਾਈ ਜੋਧ ਜੀ ਕੋਲੋਂ 'ਆਸਾ ਦੀ ਵਾਰ' ਦਾ ਉਚਾਰਿਆ ਬਚਨ ਸੁਣ ਕੇ ਮਨ ਨੂੰ ਕੁਝ ਚੈਨ ਆਇਆ। *'ਜਿਤੁ ਸੇਵਿਐ ਸੁਖੁ ਪਾਈਐ'* (ਸਾਰ ਬਚਨ) ਹੱਥ ਜੋੜ ਬੇਨਤੀ ਕੀਤੀ ਕਿ ਜਿਥੋਂ ਇਹ ਬਚਨ ਆਏ ਹਨ, ਮੈਨੂੰ ਇਨ੍ਹਾਂ ਬਚਨਾਂ ਦੇ ਦਾਤੇ ਦੀ ਦੱਸ ਪਾਉ। ਭਾਈ ਜੋਧ ਜੀ ਨੇ ਦਿਲ ਦੀ ਤੜਪ ਜਾਣ ਕੇ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਦੱਸ ਪਾਈ। ਬਾਬਾ ਲਹਿਣਾ ਜੀ ਨੇ ਪੱਕਾ ਮਨ ਬਣਾ ਲਿਆ ਕਿ ਇਸ ਵਾਰੀ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦਰਸ਼ਨ ਕਰਨੇ ਹਨ। ਅਖੀਰ ਉਹ ਸੁਭਾਗਾ ਦਿਨ ਹੀ ਆ ਗਿਆ ਜਿਸ ਦਿਨ ਮਨ ਦੀ ਸ਼ਰਧਾ ਨੂੰ ਦਰਸ਼ਨਾਂ ਦਾ ਫਲ ਲੱਗ ਗਿਆ। ਦਰਿਆ ਪਾਰ ਕਰਕੇ ਮਨ ਦੇ ਵੀਚਾਰ ਨੂੰ ਜ਼ੁਬਾਨ 'ਤੇ ਲਿਆ ਕੇ ਸੰਗ ਨੂੰ ਆਖਿਆ ਕਿ ਤੁਸੀਂ ਚਲੋ ਪਰ ਮੈਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ। ਇਧਰ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਸਾਰੀ ਜਿੰਦਗੀ ਜਗਿਆਸੂਆਂ ਦੇ ਘਰ ਜਾ ਜਾ ਕੇ ਉਪਦੇਸ਼ ਦਿੰਦੇ ਰਹੇ। ਫਿਰ ਇਹ ਕਿਵੇਂ ਹੋ ਸਕਦਾ ਸੀ ਕਿ ਜਿਸ ਨੇ ਵਾਰਿਸ ਬਣਨਾ ਹੈ, ਉਸਨੂੰ ਲੈਣ ਨਾ ਜਾਂਦੇ। ਸਤਿਗੁਰੂ ਜੀ ਨੇ ਰਸਤਾ ਸਾਫ ਕਰਨਾ ਆਰੰਭ ਕਰ ਦਿੱਤਾ। ਬਾਬਾ ਲਹਿਣਾ ਜੀ ਨੇ ਧੰਨ ਗੁਰੂ ਨਾਨਕ ਸਾਹਿਬ ਜੀ ਪਾਸੋਂ ਹੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਰਸਤਾ ਪੁੱਛਿਆ। ਸਤਿਗੁਰੂ ਜੀ ਅਤਿ ਨਿਮਰਤਾ ਦੇ ਨਾਲ ਘੋੜੇ ਦੀ ਲਗਾਮ ਪਕੜ ਕੇ ਲੈ ਆਏ। ਘੋੜੇ ਨੂੰ ਬੰਨ੍ਹ ਕੇ ਹੱਥ ਪੈਰ ਧੋ ਕੇ ਦਰਸ਼ਨ ਕਰਨ ਲਈ ਕਿਹਾ। ਬਾਬਾ ਲਹਿਣਾ ਜੀ ਤੱਕ ਕੇ ਹੈਰਾਨ ਰਹਿ ਗਏ ਕਿ ਇਹੋ ਗੁਰੂ ਨਾਨਕ ਸਾਹਿਬ ਜੀ ਹਨ। ਪਹਿਲੀ ਵਾਰੀ ਹੀ ਨਿਮਰਤਾ ਦੇ ਤੀਰ ਨੇ ਮਾਨੋ ਐਸਾ ਜ਼ਖ਼ਮ ਕੀਤਾ ਕਿ ਜਿਸ ਦਾ ਦਾਰੂ ਸਿਰਫ ਮਿਲਾਪ ਸੀ। ਵਿਛੋੜਾ ਤਾਂ ਇਸ ਜ਼ਖ਼ਮ ਨੂੰ ਹੋਰ ਹਰਾ ਭਰਾ ਕਰ ਦਿੰਦਾ ਸੀ। ਕੁਝ ਦਿਨ ਇਥੇ ਹੀ ਰਹਿ ਕੇ ਸੇਵਾ ਕੀਤੀ ਪਰ ਮਗਰੋਂ ਆਗਿਆ ਲੈ ਕੇ ਘਰ ਦਾ ਸਾਰਾ ਪ੍ਰਬੰਧ ਸੰਭਾਲ ਕੇ ਆਪ ਫਿਰ ਵਾਪਿਸ ਸਾਹਿਬ ਦੇ ਦਰ ਦੀ ਸੇਵਾ ਕਰਨ ਲਈ ਆ ਗਏ।

ਹਰ ਇਕ ਦਾ ਕੋਈ ਨਾ ਕੋਈ ਟਿਕਾਣਾ ਹੁੰਦਾ ਹੈ। ਗੁਰੂ ਨਾਨਕ ਪਾਤਿਸ਼ਾਹ ਜੀ ਨੇ ਵੀ ਗੁਰਬਾਣੀ ਵਿੱਚ ਆਪਣਾ ਟਿਕਾਣਾ ਜ਼ਾਹਿਰ ਕੀਤਾ ਹੈ ਕਿ ਮੇਰਾ ਨਿਵਾਸ ਕਿਥੇ ਰਹਿੰਦਾ ਹੈ। ਜਿਸ ਨੇ ਮੈਨੂੰ ਮਿਲਣਾ ਹੋਵੇ ਉਹ ਇਥੇ ਆ ਜਾਵੇ। ਸਤਿਗੁਰੂ ਜੀ ਦੇ ਅਲਾਹੀ ਬਚਨ ਹਨ ਕਿ -*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥(ਪੰਨਾ ੧੫)*
ਨੀਚਾਂ ਦੀਆਂ ਚਾਰ ਸ਼੍ਰੇਣੀਆਂ ਬਿਆਨ ਕੀਤੀਆਂ ਹਨ। ਪਹਿਲੇ ਜਿਹੜੇ ਸਮਾਜਿਕ ਦੌੜ ਵਿੱਚ ਪਛੜ ਗਏ। ਦੁਨਿਆਵੀ ਪਦਾਰਥਾਂ ਦੀ ਘਾਟ ਕਾਰਨ ਸੰਸਾਰ ਵਿਚੋਂ ਬਹੁਤਾ ਸਤਿਕਾਰ ਨਾ

ਪਾ ਸਕੇ, ਦੂਜੀ ਤਰ੍ਹਾਂ ਦੇ ਉਹ ਨੀਚ ਹਨ ਜਿਨ੍ਹਾਂ ਦਾ ਘਰ ਘਾਟ ਹੀ ਕੋਈ ਨਹੀਂ, ਸੜਕਾਂ ਦੇ ਕਿਨਾਰੇ ਰਾਤ ਕੱਟ ਲੈਂਦੇ ਹਨ। ਮੰਗ ਕੇ ਖਾ ਲੈਂਦੇ ਹਨ। ਤੀਜੀ ਤਰ੍ਹਾਂ ਦੇ ਉਹ ਨੀਚ ਹਨ ਜਿਨ੍ਹਾਂ ਦਾ ਘਰ ਘਾਟ ਵੀ ਕੋਈ ਨਹੀਂ, ਮੰਗ ਕੇ ਖਾਂਦੇ ਹਨ, ਪਰ ਨਾਲ ਕੋਈ ਨਾ ਕੋਈ ਰੋਗ ਲੱਗਿਆ ਹੋਇਆ ਹੈ। ਜਿਸ ਕਰਕੇ ਸੰਸਾਰ ਬਹੁਤ ਨੀਵੇਂ ਸਮਝਦਾ ਹੈ। ਚੌਥੇ ਤਰ੍ਹਾਂ ਦੇ ਉਹ ਨੀਚ ਹਨ ਜਿਨ੍ਹਾਂ ਵਿਚਾਰਿਆਂ ਦੇ ਮਲ ਮੂਤਰ ਵੀ ਕੋਈ ਸਾਫ ਨਹੀਂ ਕਰਦਾ। ਦਿਨ ਰਾਤ ਗੰਦਗੀ ਵਿੱਚ ਹੀ ਜੀਵਨ ਗੁਜ਼ਾਰਦੇ ਹਨ। ਐਸੇ ਜਿਨ੍ਹਾਂ ਦਾ ਸਹਾਰਾ ਕੇਵਲ ਪਿੰਗਲਵਾੜੇ ਜਾਂ ਕੋਈ ਆਸ਼ਰਮ ਹੀ ਹੋਇਆ ਕਰਦਾ ਹੈ; ਉਹਨਾਂ ਲੋਕਾਂ ਦੇ ਮਿੱਤਰ ਤੇ ਸੰਬੰਧੀ ਹਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ। ਹੁਣ ਭਾਈ ਲਹਿਣਾ ਜੀ ਆਪ ਤ੍ਰੇਹਣ ਕੁਲ ਵਿੱਚ ਸਨ ਫਿਰ ਦੂਜੀ ਗੱਲ ਵਪਾਰ ਕਰਦੇ ਸਨ ਤੇ ਸ਼ਾਹੂਕਾਰਾ ਸੀ ਜਿਸ ਕਰਕੇ ਚੰਗਾ ਜੀਵਨ ਨਿਰਬਾਹ ਕਰਦੇ ਸਨ। ਪਰ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਗਰੀਬਾਂ ਦਾ ਸਾਂਝੀਵਾਲ ਬਣਾਉਣ ਵਾਸਤੇ ਐਸੀ ਘਾੜਤ ਆਰੰਭ ਕਰ ਦਿੱਤੀ ਜਿਵੇਂ ਇਤਿਹਾਸ ਵਿੱਚ ਕੁਝ ਉਦਾਹਰਣਾਂ ਮੌਜੂਦ ਹਨ ਕਿ ਜਦੋਂ ਕੁਝ ਦਿਨ ਬਾਅਦ ਕਾਰੋਬਾਰ ਤੇ ਸਾਰੇ ਘਰ ਗ੍ਰਿਹਸਤੀ ਦਾ ਸਾਰਾ ਪ੍ਰਬੰਧ ਸੰਭਾਲ ਕੇ ਵਾਪਸ ਪਰਤੇ ਤਾਂ ਪਹਿਲਾਂ ਘਰ ਹੀ ਗਏ। ਪਰ ਘਰੋਂ ਮਾਤਾ ਸੁਲੱਖਣੀ ਜੀ ਨੇ ਕੁਝ ਸਮਾਂ ਉਡੀਕਣ ਲਈ ਕਿਹਾ ਕਿਉਂਕਿ ਸਤਿਗੁਰੂ ਜੀ ਖੇਤਾਂ ਵਿੱਚ ਕੰਮ ਕਰਨ ਗਏ ਹੋਏ ਸਨ। ਪਰ ਸਬਰ ਨਾ ਹੋਇਆ, ਵਿਛੋੜਾ ਦੁੱਖਦਾਈ ਭਾਸਦਾ ਸੀ। ਇਸ ਲਈ ਦਰਸ਼ਨ ਕਰਨ ਵਾਸਤੇ ਖੇਤਾਂ ਵਿੱਚ ਹੀ ਚਲੇ ਗਏ। ਚਰਣ ਬੋਸੀ ਕੀਤੀ ਤਾਂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਵੀ ਸੇਵਾ ਵਿੱਚ ਲਾ ਲਵੋ ਤਾਂ ਸਤਿਗੁਰੂ ਜੀ ਨੇ ਝੋਨੇ ਵਿੱਚੋਂ ਆਪਣੇ ਆਪ ਹੀ ਉੱਗ ਖਲੋਤਾ ਧਨੜ ਕੱਢਣ ਲਈ ਕਿਹਾ। ਵਪਾਰ ਦੀ ਦੁਨੀਆਂ ਨਾਲ ਹੀ ਸੰਬੰਧ ਰੱਖਣ ਕਰਕੇ ਕਦੇ ਇਸ ਤਰ੍ਹਾਂ ਖੇਤਾਂ ਵਿਚ ਜਾ ਕੇ ਕਿਰਸਾਣੀ ਜਿੰਦਗੀ ਨਹੀਂ ਸੀ ਦੇਖੀ। ਇਸ ਲਈ ਝੋਨੇ ਅਤੇ ਨਦੀਣ ਦੀ ਕੋਈ ਪਰਖ ਨਹੀਂ ਸੀ। ਬਾਬਾ ਲਹਿਣਾ ਜੀ ਦੋਨਾਂ ਨੂੰ ਪੁਟੀ ਜਾਣ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਕਿਰਪਾ ਕੀਤੀ ਪਹਿਚਾਣ ਕਰਵਾਈ ਕਿ ਸੰਸਾਰ ਵੀ ਇਹੋ ਹੀ ਗਲਤੀ ਕਰ ਰਿਹਾ ਹੈ ਪਰ ਤੁਸਾਂ ਨਹੀਂ ਕਰਨੀ। ਧਰਮੀਆਂ ਦੀ ਭਾਵ ਸੰਸਾਰ ਦੇ ਭਲੇ ਲਈ ਲਾਏ ਬੂਟਿਆਂ ਦੀ ਦੇਖ ਰੇਖ ਕਰਨੀ ਹੈ ਅਤੇ ਆਪੂੰ ਪੈਦਾ ਹੋਏ ਮਨੁੱਖਤਾ ਦੇ ਦੋਖੀਆਂ ਦੀ ਜੜ੍ਹ ਪੁੱਟਣੀ ਹੈ। ਨਦੀਨ ਪਸ਼ੂਆਂ ਦਾ ਚਾਰਾ ਹੀ ਹੁੰਦਾ ਹੈ। ਬਾਬਾ ਲਹਿਣਾ ਜੀ ਦੇ ਕੀਮਤੀ ਵਸਤਰ ਹੋਣ ਦੇ ਬਾਵਜੂਦ ਵੀ ਸਾਹਿਬ ਜੀ ਨੇ ਅਣਡਿੱਠ ਕਰਕੇ ਘਾਹ ਦੀ ਪੰਡ ਸਿਰ ਉੱਪਰ ਚੁੱਕਵਾ ਦਿੱਤੀ। ਪਸ਼ੂਆਂ ਲਈ ਪੱਠੇ ਆਦਿਕ ਦਾ ਪ੍ਰਬੰਧ ਕਰਨਾ ਨੌਕਰਾਂ ਤੇ ਕਮੀਣ ਲੋਕਾਂ ਦਾ ਕੰਮ ਸੀ। ਬਾਬਾ ਲਹਿਣਾ ਜੀ ਨੇ ਲੋਕ ਲਾਜ ਤਿਆਗ ਕੇ ਇਹ ਪੰਡ ਖੇਤਾਂ ਵਿਚੋਂ ਚੁੱਕ ਮੰਜ਼ਿਲ 'ਤੇ ਲੈ ਆਂਦੀ। ਧੰਨ ਗੁਰੂ

ਨਾਨਕ ਪਾਤਿਸ਼ਾਹ ਜੀ ਦੀ ਕਿਰਪਾ ਦ੍ਰਿਸ਼ਟੀ ਦਾ ਸਦਕਾ ਪਹਿਲੀ ਵਾਰੀ ਹੀ ਬਾਬਾ ਲਹਿਣਾ ਜੀ ਨੇ ਗੁਰੂ ਜੀ ਦੀ ਦਰਦੀ ਰਹਿਮਤ ਹਾਸਲ ਕਰ ਲਈ ਕਿਉਂਕਿ ਇਕ ਤਾਂ ਕਦੇ ਵਜ਼ਨ ਨਹੀਂ ਸੀ ਚੁੱਕਿਆ, ਦੂਜਾ ਬਸਤਰ ਕੀਮਤੀ ਸਨ, ਤੀਜਾ ਇਹ ਕੰਮ ਕੋਈ ਬਹੁਤਾ ਸਤਿਕਾਰਯੋਗ ਨਹੀਂ ਸੀ। ਪਰ ਤਿੰਨੇ ਗੱਲਾਂ ਪੂਰੀਆਂ ਹੋ ਗਈਆ, ਪਹਿਲੀ ਵਜ਼ਨ ਚੁੱਕ ਲੈਣਗੇ, ਦੂਜੀ ਆਪਣੇ ਆਪ ਦੀ, ਗੁਰੂ ਦਾ ਹੁਕਮ ਉੱਤਮ ਹੈ, "*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*" ਦੀ ਅਵਸਥਾ ਤੋਂ ਅੱਗੇ ਸਨ, ਤੀਜੀ ਹੁਜ਼ਤ ਨਾ ਕਰਨੀ ਕਿ ਕਿਹੜਾ ਕੰਮ ਚੰਗਾਂ ਜਾਂ ਕਿਹੜਾ ਮਾੜਾ ਹੈ, ਗੁਰੂ ਹੁਕਮ ਸਾਰਾ ਹੀ ਚੰਗਾ ਹੈ। ਹੋਰ ਅਜਿਹੀਆਂ ਕਈ ਉਦਾਹਰਨਾਂ ਇਤਿਹਾਸ ਦੀ ਕੁੱਖ ਵਿਚੋਂ ਮਿਲਦੀਆਂ ਹਨ। ਧਰਮਸ਼ਾਲਾ ਅੰਦਰ ਚੂਹੀ ਮਰ ਗਈ, ਉਸ ਵਿਚੋਂ ਪੈਦਾ ਹੋਈ ਬੂ ਨਾਲ ਹਰ ਕੋਈ ਆਪਣਾ ਨੱਕ ਕੱਜ ਕੇ ਚਲਾ ਜਾਂਦਾ ਪਰ ਮੁਰਦਾਰ ਚੁੱਕਣ ਦਾ ਹੀਆ ਕਿਸੇ ਵਿੱਚ ਨਹੀਂ ਸੀ। ਗੁਰੂ ਨਾਨਕ ਪਾਤਿਸ਼ਾਹ ਜੀ ਦੀ ਆਗਿਆ ਪਾ ਬਾਬਾ ਲਹਿਣਾ ਜੀ ਨੇ ਬਿਨਾਂ ਨਫ਼ਰਤ ਕੀਤਿਆਂ ਇਹ ਮੁਰਦਾਰ ਵੀ ਚੁੱਕ ਕੇ ਬਾਹਰ ਸੁੱਟ ਦਿੱਤਾ। ਇਕ ਦਿਨ ਫਿਰ ਅਜਿਹਾ ਹੋਇਆ ਕਿ ਜਿਥੇ ਨਗਰ ਦੀ ਸਾਰੀ ਗੰਦਗੀ ਇਕੱਠੀ ਹੁੰਦੀ ਸੀ। ਉਥੇ ਖ਼ਾਟਾ ਸੁੱਟ ਕੇ ਕੱਢਣ ਲਈ ਕਿਹਾ, ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੇ ਤਾਂ "*ਪੁਤੀ ਕਉਲੁ ਨ ਪਾਲਿਓ*" ਪਰ ਬਾਬਾ ਲਹਿਣਾ ਜੀ ਕੇਵਲ ਚਿੱਕੜ ਵਿੱਚ ਹੀ ਨਹੀਂ ਵੜੇ ਸਗੋਂ ਬਾਟਾ ਸਾਫ ਸੁਥਰਾ ਕਰ ਆਪ ਇਸ਼ਨਾਨ ਕਰ ਸਾਹਿਬ ਦੇ ਦਰ ਹਾਜ਼ਰ ਹੋਏ। ਇਹ ਸਾਰੇ ਕਰਮ "*ਨੀਚਾ ਅੰਦਰਿ ਨੀਚ ਜਾਤਿ ਨੀਚ ਹੂ ਅਤਿ ਨੀਚੁ ॥*" ਦਾ ਹੀ ਹਮਦਰਦੀ ਬਣਾਉਣਾ ਸੀ। ਕਦੇਂ ਅੱਧੀ ਰਾਤੀਂ ਕੱਪੜੇ ਧੋਣ ਭੇਜਣਾ, ਕਦੇ ਢੱਠੀਆਂ ਕੰਧਾਂ ਰਾਤ ਨੂੰ ਸਿਆਲ ਦੀ ਰੁੱਤ ਵਿੱਚ ਬਣਾਉਣਾ ਆਦਿਕ ਗਰੀਬਾਂ ਦੀ ਜਿੰਦਗੀ ਨੂੰ ਨੇੜੇ ਤੋਂ ਤੱਕਣ ਦਾ ਵਕਤ ਸੀ।

ਅਸਲ ਵਿੱਚ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਲਹਿਣੇ ਤੋਂ ਅੰਗਦ ਦੀ ਘਾੜਤ ਘੜਨੀ ਸੀ। ਇਸ ਲਈ ਸਖ਼ਤ ਪ੍ਰੀਖਿਆ ਦਾ ਪਰਚਾ ਸੀ। ਰੱਬ ਨੇ ਪੁਕਾਰ ਸੁਣ ਕੇ ਲੋਕਾਈ ਦਾ ਦਰਦ ਵੰਡਾਉਣ ਹੀ ਤਾਂ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਪਠਾਇਆ ਸੀ। ਫਿਰ ਇਹ ਕਿਵੇਂ ਹੋ ਸਕਦਾ ਸੀ ਕਿ ਲੋਕਾਈ ਦਾ ਦਰਦੀ ਬਣਨ ਤੋਂ ਬਿਨਾਂ ਹੀ ਗੁਰੂ ਸਾਹਿਬ ਜੀ ਦੀ ਇਸ ਦਾਤ ਦਾ ਮਾਲਕ ਬਣ ਜਾਂਦਾ। ਇਕ ਦਿਨ ਫਿਰ ਪਰਚਾ ਪਾ ਦਿੱਤਾ। ਸਤਿਗੁਰੂ ਜੀ ਇਸ਼ਨਾਨ ਕਰਨ ਲਈ ਰਾਵੀ ਕਿਨਾਰੇ ਗਏ। ਬਾਬਾ ਲਹਿਣਾ ਜੀ ਬਸਤਰ ਲੈ ਖਲੋਤੇ ਸਨ। ਕਾਫੀ ਤੇਜ ਵਰਖਾ ਹੋਣ ਲੱਗ ਪਈ। ਗੜੇ ਵੀ ਵਰਨ ਲੱਗ ਪਏ। ਬਾਕੀ ਕੁਝ ਸੇਵਕ ਬਾਬਾ ਲਹਿਣਾ ਜੀ ਨੂੰ ਛੱਡ ਕੇ ਵਾਪਿਸ ਪਰਤੇ ਆਏ। ਪਰ ਲਹਿਣਾ ਜੀ ਉਥੇ ਹੀ ਖਲੋਤੇ ਰਹੇ। ਜਦੋਂ ਸਾਹਿਬ ਜੀ ਵਾਪਿਸ ਪਰਤੇ ਤਾਂ ਕਹਿਣ ਲੱਗੇ ਲਹਿਣਿਆਂ ਜਦੋਂ ਸਾਰੇ ਹੀ ਚਲੇ ਗਏ ਤਾਂ ਤੂੰ ਕਿਉਂ ਨਹੀਂ

ਗਿਆ ਜੇ ਕਰ ਤੈਨੂੰ ਕੁਝ ਹੋ ਜਾਂਦਾ। ਬਾਬਾ ਲਹਿਣਾ ਜੀ ਨੇ ਹੱਥ ਜੋੜ ਕੇ ਕਿਹਾ ਕਿ ਸਾਹਿਬ ਜੀ ਇਸੇ ਲਈ ਹੀ ਨਹੀਂ ਗਿਆ ਕਿ ਮੈਨੂੰ ਕੁਝ ਹੋ ਨਾ ਜਾਏ ਕਿਉਂਕਿ ਮੈਨੂੰ ਗੜਿਆਂ ਦੀ ਮਾਰ ਨਾਲ ਕੁਝ ਨਹੀਂ ਹੋਣਾ ਪਰ ਉਦੋਂ ਮੈਂ ਮਰ ਜਾਵਾਂਗਾ ਜਦੋਂ ਆਪ ਜੀ ਦਾ ਵਿਛੋੜਾ ਪੈ ਗਿਆ। ਇਸ ਲਈ ਆਪ ਜੀ ਨੂੰ ਛੱਡ ਕੇ ਕਿਵੇਂ ਜਾਂਦਾ। ਇਸੇ ਲਈ ਹੀ ਭਾਈ ਸੱਤਾ ਜੀ ਆਖਦੇ ਹਨ ਕਿ "***ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥***"

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਇਕ ਦ੍ਰਿਸ਼ਟੀ ਹੀ ਬਾਬਾ ਲਹਿਣਾ ਜੀ ਨੂੰ ਗੁਰੂ ਅੰਗਦ ਸਾਹਿਬ ਬਣਾ ਸਕਦੀ ਸੀ ਪਰ ਹਰ ਵਾਰੀ ਇਹ ਗੱਲ ਯਾਦ ਰੱਖਣਾ ਕਿ ਗੁਰੂ ਜੀ ਨੇ ਇਕ ਮਨੁੱਖ ਨੂੰ ਮਨੁੱਖੀ ਜਾਮੇ ਵਿੱਚ ਆ ਕੇ ਉਸ ਦੀ ਸੰਸਾਰਕ ਜਿੰਦਗੀ ਦੇ ਨੇੜੇ ਹੋ ਕੇ ਸਭ ਕੁਝ ਸਮਝਾਇਆ ਸੀ। ਦੁਨਿਆਵੀ ਲੋਕਾਂ ਨੂੰ ਕੋਈ ਸ਼ੰਕਾ ਨਾ ਰਹਿ ਜਾਵੇ, ਇਸ ਲਈ ਸਤਿਗੁਰੂ ਜੀ ਨੇ ਦੇਖਿਆ ਕਿ ਲਹਿਣਾ ਪੰਡ ਚੁੱਕ ਕੇ ਮੁਰਦਾ ਹੋ ਗਿਆ ਭਾਵ ਵਡੱਤਣ ਛੱਡ ਦਿੱਤੀ। ਦੂਜਾ ਮੋਈ ਚੂਹੀ ਚੁੱਕ ਕੇ ਗੁਰੂ ਹੁਕਮ ਨਾਲ ਮੁਰਦਾ ਚੁੱਕ ਵੀ ਸਕਦਾ ਹੈ ਪਰ ਅਤਿਅੰਤ ਔਖੀ ਪ੍ਰੀਖਿਆ ਪਾ ਦਿੱਤੀ – ਇਕ ਦਿਨ ਅਜੀਬ ਜਿਹਾ ਸਰੂਪ ਬਣਾ ਕੇ ਬਾਹਰ ਚਲੇ ਗਏ। ਹੱਥ ਵਿੱਚ ਡੰਡਾ ਪਕੜਿਆ ਸੀ। ਕਈ ਵਾਰੀ ਤਾੜਨਾ ਕੀਤੀ ਕਿ ਮੈਨੂੰ ਇਕੱਲੇ ਨੂੰ ਜਾਣ ਦਿਉ। ਸਹਿਜ ਸਹਿਜ ਨਾਲ ਸਾਰੇ ਪਰਤ ਆਏ ਪਰ ਇਕੱਲੇ ਬਾਬਾ ਲਹਿਣਾ ਜੀ ਰਹਿ ਗਏ ਤਾਂ ਸਾਹਿਬ ਜੀ ਨੇ ਫਿਰ ਆਖਿਆ ਕਿ ਲਹਿਣਿਆਂ, ਤੂੰ ਕਿਉਂ ਨਹੀਂ ਜਾਂਦਾ। ਬਾਬਾ ਲਹਿਣਾ ਜੀ ਨੇ ਆਖਿਆ, ਸਤਿਗੁਰੂ ਜੀ! ਆਪਣੇ ਘਰ ਹੀ ਤਾਂ ਜਾ ਰਿਹਾ ਹਾਂ ਪਰ ਆਪ ਜਾਣ ਨਹੀਂ ਦਿੰਦੇ। ਸਤਿਗੁਰੂ ਜੀ ਨੇ ਫਿਰ ਬਚਨ ਆਖੇ ਕਿ ਦੱਸ ਤੇਰਾ ਘਰ ਚਾਰਾਂ ਦਿਸ਼ਾਵਾਂ ਵਿੱਚੋਂ ਕਿਧਰ ਹੈ, ਜਿਧਰ ਤੇਰਾ ਘਰ ਹੈ, ਮੈਂ ਉਧਰ ਨਹੀਂ ਜਾਵਾਂਗਾ। ਬਾਬਾ ਲਹਿਣਾ ਜੀ ਦੇ ਨੇਤਰ ਛਲਕ ਆਏ ਤੇ ਕਹਿਣ ਲੱਗੇ, ਸਾਹਿਬਾ! ਮੇਰਾ ਘਰ ਚਾਰ ਦਿਸਾਵਾਂ ਵਿੱਚ ਨਹੀਂ ਬਲਕਿ ਆਪ ਜੀ ਦੇ ਚਰਣਾਂ ਵਿੱਚ ਹੈ। ਸਤਿਗੁਰੂ ਜੀ ਨੇ ਕਿਹਾ ਕਿ ਜੇ ਘਰ ਚਰਣਾਂ ਵਿਚ ਹੈ ਤਾਂ ਫਿਰ ਆ ਮੇਰੇ ਨਾਲ। ਕੁਝ ਦੂਰੀ 'ਤੇ ਸਾਰਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਸੀ। ਗੁਰੂ ਜੀ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਫਿਰ ਆਹ ਮੁਰਦਾ ਖਾ। ਧੰਨ ਸਨ ਬਾਬਾ ਲਹਿਣਾ ਜੀ! ਜਿਨ੍ਹਾਂ ਨੇ ਸੁਭਾਅ ਹੀ ਬਣਾ ਲਿਆ ਸੀ ਕਿ "***ਕਰਹਿ ਜਿ ਗੁਰ ਫੁਰਮਾਇਆ......***" ਮੁਰਦੇ ਦੀਆਂ ਪਰਿਕਰਮਾਂ ਕਰਨ ਲੱਗ ਪਏ। ਬੇਨਤੀ ਕੀਤੀ, ਹੁਕਮ ਕਰੋ! ਕਿਧਰੋਂ ਖਾਵਾਂ ? ਸਤਿਗੁਰੂ ਜੀ ਨੇ ਕੜਕ ਕੇ ਕਿਹਾ ਕਿ ਪੈਰਾਂ ਵਾਲੇ ਪਾਸੇ ਤੋਂ। ਬਾਬਾ ਲਹਿਣਾ ਜੀ ਨੇ ਬਸਤਰ ਚੁੱਕਿਆ, ਹੈਰਾਨੀ ਹੋਈ ਉਥੇ ਤਾਂ ਮਿਸਟਾਨਾ ਪਦਾਰਥ ਸਨ। ਅੱਜ ਲਹਿਣਾ ਗੁਰੂ ਨਾਨਕ ਸਾਹਿਬ ਦੀ ਗੋਦ ਵਿੱਚ ਸੀ ਜਿਸ ਦੀ ਪ੍ਰਾਪਤੀ ਲਈ ਦਿਨ ਰਾਤ ਤੜਪ

ੴ

ਲੱਗੀ ਰਹਿੰਦੀ ਸੀ। ਕੁਝ ਸਮਾਂ ਚੁੱਪ ਵਰਤੀ ਰਹੀ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਜੀ ਰੱਬੀ ਰਹਿਮਤ ਵਰਸਾ ਰਹੇ ਸਨ ਅਤੇ ਬਾਬਾ ਲਹਿਣਾ ਜੀ ਆਨੰਦ ਮਾਣ ਰਹੇ ਸਨ। ਕਰਤਾਰਪੁਰ ਵਾਪਿਸ ਆ ਕੇ ਨਵੀਨ ਬਸਤਰ ਪਹਿਨਾ ਕੇ ਰੱਬੀ ਤਖ਼ਤ 'ਤੇ ਬਿਠਾ ਕੇ ਆਪ ਮੱਥਾ ਟੇਕ ਦਿੱਤਾ। ਜਿਸ ਸੀਸ ਨੂੰ ਬਾਬਰ, ਜੋਗੀ, ਤਪੀਸਰ, ਮੌਲਾਨੇ, ਹਿੰਦੂ ਫਕੀਰ, ਸਭ ਜ਼ੋਰ ਲਾ ਥੱਕੇ ਪਰ ਇਹ ਸੀਸ ਨਾ ਝੁਕਿਆ, ਉਹ ਸੀਸ ਬਾਬਾ ਲਹਿਣਾ ਜੀ ਤੋਂ ਬਣੇ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਵਿੱਚ ਪਿਆ ਸੰਸਾਰ ਨੇ ਡਿੱਠਾ ਸੀ।

ਗੁਰਗੱਦੀ ਦੀ ਦਾਤ ਬਖਸ਼ ਕੇ ਧੰਨ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤ ਸਮਾ ਗਏ। ਧੰਨ ਗੁਰੂ ਅੰਗਦ ਸਾਹਿਬ ਜੀ ਲਈ ਬਚਨ ਕਹਿ ਗਏ ਸਨ ਕਿ ਤੁਸੀਂ ਹੁਣ ਸਿੱਖੀ ਦਾ ਕੇਂਦਰ ਖਡੂਰ ਸਾਹਿਬ ਨੂੰ ਬਣਾਉਣਾ ਹੈ। ਇਸ ਪਿੱਛੇ ਵੀ ਕਈ ਕਾਰਨ ਸਨ। ਇਕ ਤਾਂ ਗੁਰੂ ਸਾਹਿਬ ਜੀ ਦੇ ਪੁੱਤਰਾਂ ਦੀ ਵੀ ਵਿਰੋਧਤਾ, ਦੂਜਾ ਹਰ ਵਾਰੀ ਕੇਂਦਰ ਤਬਦੀਲ ਕਰਨਾ ਸੀ। ਇਕ ਅਜੀਬ ਜਿਹਾ ਕਾਰਨ ਇਹ ਵੀ ਬਣਿਆ ਕਿ ਜਦੋਂ ਵੀ ਸਤਿਗੁਰੂ ਜੀ ਨੇ ਸੰਸਾਰ ਦੀ ਝੋਲੀ ਵਿੱਚ ਕੁਝ ਪਾਇਆ ਤਾਂ ਉਸ ਤੋਂ ਪਹਿਲਾਂ ਕੁਝ ਦਿਨ ਸੰਸਾਰ ਦੀ ਨਜ਼ਰ ਤੋਂ ਪਰੋਖੇ ਇਕਾਂਤ ਵਿੱਚ ਗੁਜ਼ਾਰੇ। ਗੁਰੂ ਨਾਨਕ ਪਾਤਿਸ਼ਾਹ ਵੀ ਵੇਈਂ ਨਦੀ ਵਿਚ ਅਲੋਪ ਹੋਏ ਸਨ। ਇਹ ਕੋਈ ਗੁੱਝਾ ਰਾਜ ਸੀ ਜਿਹੜਾ ਅੱਗੇ ਵੀ ਚਲਦਾ ਰਿਹਾ। ਗੁਰੂ ਅਮਰਦਾਸ ਜੀ ਵੀ ਇਕਾਂਤ ਵਾਸ ਹੋਏ। ਗੁਰੂ ਅੰਗਦ ਸਾਹਿਬ ਜੀ ਨੇ "*ਕਰਹਿ ਜਿ ਗੁਰ ਫੁਰਮਾਇਆ*......." 'ਤੇ ਫੁੱਲ ਚੜ੍ਹਾਉਣ ਲਈ ਆਪਣੀ ਧਰਮ ਦੀ ਭੂਆ ਮਾਤਾ ਵਿਰਾਈ ਜੀ ਦੇ ਘਰ ਇਕਾਂਤ ਵਾਸ ਨਿਵਾਸ ਰੱਖ ਲਿਆ। ਧੰਨ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤਿ ਸਮਾ ਗਏ। ਗੁਰੂ ਅੰਗਦ ਸਾਹਿਬ ਜੀ ਇਕਾਂਤ ਹੋ ਬੈਠੇ। ਅਜਿਹੇ ਸਮੇਂ ਦਰਸ਼ਨਾਂ ਤੋਂ ਵਾਂਝਿਆਂ ਦੇ ਹਿਰਦੇ ਪੁਕਾਰ ਉੱਠੇ, ਫ਼ਰਿਆਦੀ ਬਣ ਬਾਬਾ ਬੁੱਢਾ ਜੀ ਕੋਲ ਗਏ। ਬਾਬਾ ਬੁੱਢਾ ਜੀ ਉਪਰ ਭਾਵੇਂ ਅਥਾਹ ਕਿਰਪਾ ਸੀ ਪਰ ਫਿਰ ਵੀ ਆਪਣੇ ਨੂੰ ਛੁਪਾਈ ਰੱਖਣ ਲਈ ਬਾਬਾ ਬੁੱਢਾ ਜੀ ਨੇ ਕਿਰਪਾ ਕੀਤੀ। ਪੰਜ ਸਿੱਖ ਹੋਰ ਨਾਲ ਲਏ ਅਤੇ ਭਾਲਦਿਆਂ-ਭਾਲਦਿਆਂ ਮਾਤਾ ਵਿਰਾਈ ਜੀ ਦੇ ਘਰ ਜਾ ਪਹੁੰਚੇ। ਬਾਬਾ ਬੁੱਢਾ ਜੀ ਦਾ ਸਤਿਕਾਰ ਸਿੱਖ ਜਗਤ ਅੰਦਰ ਪਹਿਲਾਂ ਤੋਂ ਹੀ ਸੀ ਜਿਸ ਕਰਕੇ ਉਨ੍ਹਾਂ ਦਾ ਆਉਣਾ ਸੁਣ ਕੇ ਮਾਤਾ ਵਿਰਾਈ ਜੀ ਅੱਗੋਂ ਆਣ ਮਿਲੇ। ਸਭ ਤੋਂ ਪਹਿਲਾਂ ਹਿਰਦੇ ਦੀ ਪੁਕਾਰ ਕੀਤੀ ਕਿ ਗੁਰੂ ਜੀ ਦੇ ਦਰਸ਼ਨ ਕਰਨ ਦਿਉ। ਮਾਤਾ ਵਿਰਾਈ ਜੀ ਕੁਝ ਨਾ ਬੋਲੇ ਤਾਂ ਬਾਬਾ ਬੁੱਢਾ ਜੀ ਨੇ ਆਖਿਆ ਕਿ ਸਾਨੂੰ ਆਗਿਆ ਦਿਉ, ਅਸੀਂ ਆਪੇ ਹੀ ਭਾਲ ਲੈਂਦੇ ਹਾਂ। ਗੁਰੂ ਸਾਹਿਬ ਜੀ ਦਾ ਨਿਵਾਸ ਇਥੇ ਹੀ ਹੈ ਕਿਉਂਕਿ ਸਾਡੇ ਚਿਹਰੇ ਗੁਰੂ ਦੇ ਦੀਦਾਰਾਂ ਤੋਂ ਵਿਛੜ ਕੇ ਮੁਰਝਾਏ ਹੋਏ ਹਨ ਪਰ ਆਪ ਜੀ ਦੇ ਮਸਤਕ ਦਾ ਖੇੜਾ ਗੁਰੂ

ਦੀਦਾਰਾਂ ਦੀ ਮੂਹੋਂ ਬੋਲਦੀ ਤਸਵੀਰ ਹੈ। ਬਾਬਾ ਬੁੱਢਾ ਜੀ ਸਮੇਤ ਬਾਕੀ ਗੁਰਸਿੱਖਾਂ ਨੇ ਗਲ ਵਿੱਚ ਪਰਨੇ ਪਾ ਅਰਦਾਸ ਕੀਤੀ ਤੇ ਪੁਕਾਰ ਕੀਤੀ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਪਵਿੱਤਰ ਫੁਲਵਾੜੀ ਨੂੰ ਬਖਸ਼ਿਸ਼ਾਂ ਦਾ ਪਾਣੀ ਦੇਣ ਵਾਸਤੇ ਆਪ ਜੀ ਦੀ ਸੇਵਾ ਲੱਗੀ ਹੋਈ ਹੈ ਜੇ ਕਰ ਆਪ ਜੀ ਨੇ ਦੀਦਾਰ ਨਾ ਬਖਸ਼ੇ ਤਾਂ ਇਹ ਫੁਲਵਾੜੀ ਪਤਝੜ ਵਿੱਚ ਬਦਲ ਜਾਵੇਗੀ। ਸਤਿਗੁਰੂ ਜੀ ਕਿਰਪਾ ਕਰਕੇ ਦਰਸ਼ਨਾਂ ਦੀ ਖੈਰ ਮੰਗਤਿਆਂ ਦੀ ਝੋਲੀ ਪਾਉ। ਸਤਿਗੁਰੂ ਜੀ ਵੇਲੇ ਆਪ ਜੀ ਨੇ "***ਕਰਹਿ ਜਿ ਗੁਰ ਫੁਰਮਾਇਆ*.....**" ਹੀ ਕੀਤਾ ਸੀ, ਇਹ ਹੁਣ ਕਿਵੇਂ ਬਰਦਾਸ਼ਿਤ ਕਰ ਸਕਦੇ ਸਨ ਕਿ ਜਿਸ ਫੁਲਵਾੜੀ ਦੀ ਸੰਭਾਲ ਲਈ ਸੇਵਾ ਲਾਈ ਸੀ, ਉਹ ਬਰਬਾਦ ਹੋ ਜਾਏ। ਧੰਨ ਗੁਰੂ ਅੰਗਦ ਪਾਤਿਸ਼ਾਹ ਜੀ ਨੇ ਆਣ ਦਰਸ਼ ਦਿਖਾਏ। ਪ੍ਰਤੱਖ ਦਰਸ਼ਨਾਂ ਤੋਂ ਮਗਰੋਂ ਜਿਸਨੂੰ ਪਤਾ ਲੱਗਿਆ ਉਹੋ ਹੀ ਦਰਸ਼ਨਾਂ ਲਈ ਤੁਰ ਪਿਆ। ਧੰਨ ਗੁਰੂ ਅੰਗਦ ਸਾਹਿਬ ਜੀ ਆਪ ਆਤਮਿਕ ਖੁਰਾਕ ਵਰਤਾ ਰਹੇ ਸਨ। ਗੁਰ-ਸ਼ਬਦ ਦਾ ਲੰਗਰ ਲਾ ਦਿੱਤਾ ਸੀ ਪਰ ਮਾਤਾ ਖੀਵੀ ਜੀ ਨੂੰ ਸਰੀਰਕ ਲੰਗਰ ਦੀ ਸੇਵਾ ਬਖਸ਼ ਦਿੱਤੀ। ਗੁਰੂ ਅੰਗਦ ਸਾਹਿਬ ਜੀ ਸੰਗਤਾਂ ਨੂੰ ਆਤਮਿਕ ਤੌਰ 'ਤੇ ਤ੍ਰਿਪਤ ਕਰਕੇ ਤੋਰਦੇ ਤੇ ਮਾਤਾ ਖੀਵੀ ਜੀ ਸਰੀਰਕ ਤੌਰ 'ਤੇ ਤ੍ਰਿਪਤ ਕਰਕੇ ਤੋਰਦੇ। ਲੰਗਰ ਦੀ ਵੱਡਿਆਈ ਕਰਦਿਆਂ ਸੱਤਾ ਤੇ ਬਲਵੰਡ ਜੀ ਹੀ ਆਖਦੇ ਹਨ ਕਿ ਲੰਗਰ ਵਿੱਚ ਕੇਵਲ ਪ੍ਰਸਾਦਾ ਹੀ ਨਹੀਂ ਬਲਕਿ ਕਿਸੇ ਲੋੜਵੰਦ ਨੂੰ ਮਾਇਆ ਆਦਿਕ ਵੀ ਖੁੱਲ੍ਹ ਵੰਡ ਕੇ ਉਸ ਦੀ ਮਦਦ ਕੀਤੀ ਜਾਂਦੀ ਸੀ। ਹਰ ਰੋਜ਼ ਅਤਿਅੰਤ ਸਵਾਦਿਸ਼ਟ ਪਦਾਰਥ ਬਣਾਏ ਜਾਂਦੇ ਸਨ।

"***ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥***" ਇਹ ਦੋਵੇਂ ਪ੍ਰੰਪਰਾਵਾਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਹੀ ਤੋਰੀਆਂ ਸਨ। ਸ਼ਬਦ ਦੇ ਲੰਗਰ ਲਈ ਆਪ ਥਾਂ ਪਰ ਥਾਂ ਚੱਲ ਕੇ ਗਏ। ਭੋਜਨ ਦੇ ਲੰਗਰ ਵਾਸਤੇ ਵੀ ਸਾਡੇ ਸੰਸਾਰੀ ਲੋਕਾਂ ਲਈ ਆਪ ਨਾਰਾਇਣ ਨੇ ਮਹਿਤਾ ਕਾਲੂ ਜੀ ਕੋਲੋਂ ਚਪੇੜਾਂ ਮੂੰਹ ਉਪਰ ਖਾਧੀਆਂ ਸਨ। ਇਹ ਦੋਵੇਂ ਮਰਿਆਦਾ ਖਡੂਰ ਵਿੱਚ ਬੇ ਰੋਕ ਚਲਦੀਆਂ ਸਨ। ਅਸਲ ਵਿੱਚ ਗੁਰੂ ਅੰਗਦ ਸਾਹਿਬ ਜੀ ਦਾ ਸਮੁੱਚਾ ਜੀਵਨ "***ਕਰਹਿ ਜਿ ਗੁਰ ਫੁਰਮਾਇਆ*.....**" ਕਹਿ ਸਕਦੇ ਹਾਂ।

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ "***ਸਬਦ ਜਿਤੀ ਸਿਧ ਮੰਡਲੀ***" ਕੀਤਾ ਸੀ। ਹੁਣ ਜੋਗੀਆਂ ਨੂੰ ਜਦੋਂ ਪਤਾ ਚੱਲਿਆ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਜੋਤੀ ਜੋਤ ਸਮਾ ਗਏ ਹਨ ਤਦ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਪਰਸਨ ਆਏ। ਅਧਿਆਤਮਿਕਤਾ ਦੀ ਪਰਖ ਲਈ ਕਈ ਤਰ੍ਹਾਂ ਦੇ ਸੁਆਲ ਕੀਤੇ। ਸਤਿਗੁਰੂ ਜੀ ਨੇ ਸਬਰ ਸੰਤੋਖ ਨਾਲ ਜਵਾਬ ਦਿੱਤਾ। ਜੋਗੀਆਂ ਨੇ ਆਖਿਆ ਕੁਝ ਮੰਗ ਲਵੋ ਤਾਂ ਗੁਰੂ

ਸਾਹਿਬ ਜੀ ਨੇ ਬਚਨ ਕੀਤਾ ਕਿ ਗੁਰੂ ਨਾਨਕ ਮਹਾਰਾਜ ਦੀ ਕਿਰਪਾ ਸਦਕਾ ਸਭ ਕੁਝ ਬਖਸ਼ਿਸ਼ ਹੈ। ਪਰ ਜਦੋਂ ਜੋਗੀ ਬਾਰ ਬਾਰ ਆਖਣ ਲੱਗੇ ਤਾਂ ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਬਹਾਵਲ ਹੱਕ ਨੂੰ ਕਿਹਾ ਸੀ ਕਿ ਗਰੀਬੀ ਦੀ ਦਾਤ ਮਾਲਕ ਦੇ ਘਰੋਂ ਲਿਆ ਦਿਉ ਤਾਂ ਬਹਾਵਲ ਹੱਕ ਨੇ ਕਿਹਾ ਸੀ ਕਿ ਉਹ ਤਾਂ ਤੁਸਾਂ ਪਹਿਲਾਂ ਹੀ ਤਿੰਨ ਹਿੱਸੇ ਪ੍ਰਾਪਤ ਕੀਤੀ ਹੋਈ ਹੈ। ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਨੇ ਆਖਿਆ ਕਿ ਕਿਰਪਾ ਕਰਕੇ ਗਰੀਬੀ ਦੀ ਦਾਤ ਦੇ ਦਿਉ ਤਾਂ ਇਥੇ ਵੀ ਜੋਗੀ ਲਾਜਵਾਬ ਹੋ ਗਏ ਸਨ। ਜੋਗੀਆਂ ਨੇ ਇਕ ਸੁਆਲ ਹੋਰ ਕੀਤਾ ਜਿਹੜਾ ਕਿ ਬਹੁਤ ਅਜੀਬ ਸੁਆਲ ਸੀ ਕਿ ਹੇ ਗੁਰੂ ਅੰਗਦ ਸਾਹਿਬ ਜੀ ! ਆਪ ਜੀ ਨੇ ਕੀ ਅਜਿਹੀ ਘਾਲਣਾ ਘਾਲੀ ਕਿ ਗੁਰੂ ਨਾਨਕ ਸਾਹਿਬ ਜੀ ਦਾ ਹੀ ਰੂਪ ਧਾਰਨ ਕਰ ਗੁਰਗੱਦੀ ਪ੍ਰਾਪਤ ਕਰ ਲਈ। ਧੰਨ ਗੁਰੂ ਅੰਗਦ ਸਾਹਿਬ ਜੀ ਨੇ ਆਖਿਆ ਸੀ ਕਿ ਮੇਰੇ ਕੋਲ ਤਾਂ ਸਿਰਫ ਦੋ ਭੱਥੇ ਸਨ – ਮੈਂ ਕੋਈ ਘਾਲਣਾ ਨਹੀਂ ਘਾਲੀ। ਇਹ ਤਾਂ ਰਹਿਮਤ ਹੀ ਬਰਸੀ ਹੈ। ਮੈਨੂੰ ਸਤਿਗੁਰੂ ਜੀ ਜਦੋਂ ਕਿਸੇ ਕੰਮ ਲਈ ਕਹਿੰਦੇ ਕਿ ਕੱਪੜੇ ਧੋ ਕੇ ਲਿਆ ਜਾਂ ਹੋਰ ਕੁਝ ਕਰ ਤਾਂ ਮੈਂ ਕਹਿੰਦਾ ਸੀ ਭਲਾ ਹੈ ਜੀ। ਪਰ ਸਤਿਗੁਰੂ ਜੀ ਆਪ ਹੀ ਮਗਰੋਂ ਤਾੜਨਾ ਕਰਦੇ ਕਿ ਤੈਨੂੰ ਕਿਸ ਕਿਹਾ ਸੀ ਕੱਪੜੇ ਧੋਣ ਲਈ ਤਾਂ ਮੈਂ ਕਦੇ ਵੀ ਨਹੀਂ ਆਖਿਆ ਕਿ ਸਾਹਿਬ ਜੀ ਆਪ ਨੇ ਹੀ ਕਿਹਾ ਸੀ। ਮੈਂ ਕਹਿ ਦਿੰਦਾ ਸਾਂ ਭੁੱਲ ਗਿਆ ਹਾਂ ਜੀ। ਇਨ੍ਹਾਂ ਦੇ ਭੱਥਿਆਂ ਦੀ ਹੀ ਕਿਰਪਾ ਨਾਲ ਮੇਰਾ ਮਾਲਕ ਰੀਝ ਗਿਆ। ਆਪਣੀ ਪਵਿੱਤਰ ਛੋਹ ਦੇ ਕੇ ਲਹਿਣੇ ਤੋਂ ਅੰਗਦ ਬਣਾ ਦਿੱਤਾ। ਇਸੇ ਲਈ ਸੱਤਾ ਬਲਵੰਡ ਜੀ ਆਖਦੇ ਹਨ ਕਿ

"ਕਰਹਿ ਜਿ ਗੁਰ ਫੁਰਮਾਇਆ ....."

ਐਮਨਾਬਾਦ 'ਤੇ ਹਮਲਾ ਕਰਨ ਵੇਲੇ ਬਾਬਰ ਦਾ ਤੇ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਮਿਲਾਪ ਹੋਇਆ ਸੀ, ਉਸ ਵੇਲੇ ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਨੂੰ ਜਾਬਰ ਆਖ ਕੇ ਸਪਸ਼ਟ ਕੀਤਾ ਸੀ ਕਿ ਜਿਸ ਦੀ ਲਿਵ ਪ੍ਰਮੇਸ਼ਵਰ ਨਾਲ ਜੁੜ ਜਾਏ ਉਸਨੂੰ ਦੁਨੀਆਂ ਦੇ ਹਾਕਮਾਂ ਦੀ ਪ੍ਰਵਾਹ ਨਹੀਂ ਹੁੰਦੀ। ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੇ ਵੇਲੇ ਬਾਬਰ ਦਾ ਪੁੱਤਰ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਭਾਂਜ ਖਾ ਕੇ ਪੰਜਾਬ ਵਿਚੋਂ ਗੁਜ਼ਰਦਾ ਹੋਇਆ ਖਡੂਰ ਸਾਹਿਬ ਇਸ ਮਕਸਦ ਨਾਲ ਆਇਆ ਸੀ ਕਿ ਹੋ ਸਕਦਾ ਹੈ ਮੇਰੇ ਪਿਤਾ ਵਾਂਗੂ ਮੈਨੂੰ ਵੀ ਕੋਈ ਫਕੀਰ ਦੁਆ ਦੇ ਦੇਵੇ ਜਿਸ ਨਾਲ ਮੈਨੂੰ ਰਾਜ ਤਖ਼ਤ ਦੀ ਪ੍ਰਾਪਤੀ ਹੋ ਜਾਵੇ, ਮੈਂ ਆਪਣੀ ਜ਼ਿੰਦਗੀ ਦੇ ਚੰਦ ਰੋਜ਼ ਸੁੱਖ ਚੈਨ ਨਾਲ ਗੁਜ਼ਾਰ ਸਕਾਂ। ਧੰਨ ਗੁਰੂ ਅੰਗਦ ਸਾਹਿਬ ਜੀ ਉਦੋਂ ਅਚਾਨਕ ਬੱਚਿਆਂ ਨਾਲ ਖੇਡ ਰਹੇ ਸਨ ਭਾਵ ਨਿਰਮਲ ਹਿਰਦੇ ਵਾਲਿਆਂ ਵਿੱਚ ਕਾਦਰ ਦੀ ਸਿਫਤ ਸਲਾਹ ਦੇ ਅੱਖਰ ਪੜ੍ਹ ਰਹੇ ਸਨ। ਹਮਾਯੂੰ ਆ ਕੇ ਵੇਖਦਾ ਰਿਹਾ ਕਿ ਮੈਨੂੰ ਪੂਰਨ ਸਤਿਕਾਰ

ਮਿਲੇਗਾ ਕਿਉਂਕਿ ਜਿਨ੍ਹਾਂ ਹਕੂਮਤ ਕੀਤੀ ਹੋਵੇ, ਉਹ ਕਿਸੇ ਦੀ ਬੇਪ੍ਰਵਾਹੀ ਕਿਵੇਂ ਸਹਾਰ ਸਕਦੇ ਹਨ। ਹਮਾਯੂੰ ਖਲੋਤਾ ਰਿਹਾ ਪਰ ਬੇਪ੍ਰਵਾਹ ਸਤਿਗੁਰੂ ਜੀ ਅਡੋਲ ਉਵੇਂ ਹੀ ਬੱਚਿਆਂ ਨਾਲ ਪਿਆਰ ਕਰਦੇ ਰਹੇ। ਅਖੀਰ ਕਰੋਧੀ ਹੋ ਕੇ ਤਲਵਾਰ ਕੱਢ ਕੇ ਵਾਰ ਕਰਨ ਲੱਗਾ ਤਾਂ ਸਾਹਿਬ ਜੀ ਨੇ ਬੜੇ ਪਿਆਰ ਨਾਲ ਪਿਛਾਂਹ ਤੱਕ ਕੇ ਬਚਨ ਆਖੇ, ਭਾਈ ਜਿੱਥੇ ਤਲਵਾਰ ਕੱਢਣੀ ਸੀ ਉਥੋਂ ਤਾਂ ਭੱਜ ਕੇ ਆ ਗਿਆਂ ਜਿੱਥੇ ਨਿਰਮਾਣਤਾ ਨਾਲ ਬੇਨਤੀ ਕਰਨੀ ਸੀ, ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦੀ ਧੂੜ ਮਸਤਕ 'ਤੇ ਲਾਉਣੀ ਸੀ, ਉਥੇ ਤਲਵਾਰ ਕੱਢ ਲਈ। ਹਮਾਯੂੰ ਸ਼ਰਮਿੰਦਾ ਹੀ ਨਹੀਂ ਬਲਕਿ ਪਛਤਾਵਾ ਵੀ ਕਰਨ ਲੱਗਾ। ਅੰਤ ਗੁਰੂ ਸਾਹਿਬ ਜੀ ਦੇ ਦਰ 'ਤੇ ਬੇਨਤੀ ਕਰਕੇ ਭੁੱਲ ਬਖਸ਼ਾਈ। ਗੁਰੂ ਅੰਗਦ ਸਾਹਿਬ ਜੀ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ। ਇਸ ਲਈ ਸਤਿਗੁਰੂ ਜੀ ਨੇ ਬੇਪ੍ਰਵਾਹੀ ਵਰਤੀ। ਗੁਰੂ ਨਾਨਕ ਸਾਹਿਬ ਜੀ ਨੇ ਪਹਿਲਾਂ ਹੀ ਪੂਰਨੇ ਪਾਏ ਹੋਏ ਸਨ। "*ਕਰਹਿ ਜਿ ਗੁਰ ਫੁਰਮਾਇਆ...* "

ਸੂਰਜ ਪ੍ਰਕਾਸ਼ ਦੇ ਮਹਾਨ ਕਵੀ ਸੰਤੋਖ ਸਿੰਘ ਜੀ ਨੇ ਬੜੀਆਂ ਪ੍ਰੇਮ ਤੇ ਸ਼ਰਧਾ ਵਿੱਚ ਭਿੱਜ ਕੇ ਕੁਝ ਸਾਖੀਆਂ ਲਿਖੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਅੰਗਦ ਸਾਹਿਬ ਜੀ ਦੀ ਸਖਸ਼ੀਅਤ ਬਹੁਤ ਉਚੇਰੀ ਹੈ। ਅਕਲ ਦੇ ਪੈਮਾਨੇ ਬਹੁਤ ਛੋਟੇ ਹਨ। ਧੰਨ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਵਿੱਚ ਇਕ ਚੌਧਰੀ ਜਵਾਹਰ ਮਲ ਨਾਂ ਦਾ ਵਿਅਕਤੀ ਆਇਆ ਤੇ ਬੇਨਤੀ ਕਰਨ ਲੱਗਾ ਕਿ ਕਿਰਪਾ ਕਰੋ ਕਿ ਮੈਨੂੰ ਮਿਰਗੀ ਦਾ ਰੋਗ ਲੱਗ ਗਿਆ। ਜਿਥੇ ਕਿਤੇ ਵੀ ਹੋਵਾਂ, ਉਥੇ ਹੀ ਦੌਰਾ ਪੈ ਜਾਂਦਾ ਹੈ। ਕਿਰਪਾ ਕਰੋ! ਸਤਿਗੁਰੂ ਮਹਾਰਾਜ ਜੀ ਹੱਸ ਕੇ ਕਹਿਣ ਲੱਗੇ ਕਿ ਭਾਈ ਅਸਲ ਗੱਲ ਦੱਸ ਕਿ ਬਈ ਮੈਂ ਸ਼ਰਾਬ ਬਹੁਤ ਪੀਂਦਾ ਹਾਂ ਤੇ ਮੇਰਾ ਹੁਣ ਮਿਰਗੀ ਨੇ ਅਜਿਹਾ ਹਾਲ ਕਰ ਦਿੱਤਾ ਹੈ। ਪਰ ਕੋਈ ਗੱਲ ਨਹੀਂ, ਗੁਰੂ ਨਾਨਕ ਪਾਤਿਸ਼ਾਹ ਦਾ ਘਰ ਸਦਾ ਅਜਿਹੇ ਲੋਕਾਂ ਨੂੰ ਗਲ ਨਾਲ ਲਾਉਂਦਾ ਰਿਹਾ ਹੈ। ਇਸ ਲਈ ਅੱਜ ਤੋਂ ਪ੍ਰਣ ਕਰ ਕਿ ਸ਼ਰਾਬ ਨਹੀਂ ਪੀਵਾਂਗਾ। ਮਿਰਗੀ ਦਾ ਦੌਰਾ ਠੀਕ ਹੋ ਜਾਵੇਗਾ। ਚੌਧਰੀ ਨੇ ਵਾਇਦਾ ਕੀਤਾ। ਦੇਹ ਅਰੋਗਤਾ ਪਾ ਕੇ ਕੁਝ ਸਮੇਂ ਬਾਅਦ ਹੀ ਮਨੁੱਖੀ ਫਿਤਰਤ ਵਾਂਗ ਗੁਰੂ ਉਪਦੇਸ਼ ਭੁਲਾ ਕੇ ਸ਼ਰਾਬ ਪੀ ਕੇ ਕੋਠੇ 'ਤੇ ਚੜ੍ਹ ਕੇ ਉੱਚੀ-ਉੱਚੀ ਕਹਿਣ ਲੱਗਾ ਕਿ ਗੁਰੂ ਜੀ ਮੈਂ ਸ਼ਰਾਬ ਪੀ ਲਈ ਹੈ, ਦੇਖਦਾ ਹਾਂ ਮੇਰਾ ਕੀ ਵਿਗੜੇਗਾ? ਸੇਵਕਾਂ ਨੇ ਆ ਕੇ ਧੰਨ ਗੁਰੂ ਅੰਗਦ ਸਾਹਿਬ ਜੀ ਨੂੰ ਆਖਿਆ ਤਾਂ ਸਾਹਿਬ ਜੀ ਕਹਿਣ ਲੱਗੇ ਕਿ ਭਾਈ ਇਹ ਤਾਂ ਆਦਿ ਕਾਲ ਦਾ ਦਸਤੂਰ ਹੈ ਕਿ ਜਿਹੜਾ ਹੰਕਾਰਿਆ, ਸੋ ਮਾਰਿਆ ਹੋ ਜਾਂਦਾ ਹੈ। ਕੁਝ ਸਮੇਂ ਮਗਰੋਂ ਚਾਰੇ ਪਾਸੇ ਗੱਲ ਫੈਲ ਗਈ ਕਿ ਚੌਧਰੀ ਸ਼ਰਾਬ ਦੇ ਨਸ਼ੇ ਵਿੱਚ ਕੋਠੇ ਤੋਂ ਡਿੱਗ ਕੇ ਮਰ ਗਿਆ। ਵੀਚਾਰਨ ਵਾਲੀ ਗੱਲ ਹੈ ਕਿ ਭਾਈ ਸੱਤਾ ਤੇ ਬਲਵੰਡ ਜੀ ਲਿਖਦੇ ਹਨ ਕਿ ਜੋ

ਕਰ "*ਕਰਹਿ ਜਿ ਗੁਰ ਫੁਰਮਾਇਆ* ......" ਦੇ ਮਾਰਗ 'ਤੇ ਟੁਰ ਕੇ ਬਾਬਾ ਲਹਿਣਾ ਜੀ ਗੁਰੂ ਅੰਗਦ ਸਾਹਿਬ ਬਣ ਗਏ ਤਾਂ ਆਪਾਂ ਵੀ ਵੀਚਾਰੀਏ ਕਿ ਇਹ ਉਹੋ ਹੀ ਜੋਤ ਹੈ ਜਿਹੜਾ ਹੁਕਮੀ ਪੈਂਡਾ ਧਾਰਨ ਕਰ ਲੈਂਦਾ ਹੈ, ਉਹ ਸੁਖੀ ਹੋ ਜਾਂਦਾ ਹੈ। ਪਰ ਜਿਹੜਾ ਹੰਕਾਰ ਕਾਰਨ ਵਿੱਛੜ ਜਾਂਦਾ ਹੈ, ਉਹ ਇਸ ਤਰ੍ਹਾਂ ਅਜਾਂਈ ਮੌਤ ਦੀ ਗੋਦ ਵਿੱਚ ਜਾ ਸੌਂਦਾ ਹੈ।

ਇਸੇ ਹੀ ਤਰ੍ਹਾਂ ਸਤਿਗੁਰੂ ਜੀ ਹੁਕਮ ਮੰਨਣ ਦੀ ਗੱਲ ਇਸ ਭੁਲੜੇ ਜਗਤ ਨੂੰ ਸਮਝਾਉਂਦੇ ਸਨ। ਇਕ ਵਾਰੀ ਅਜਿਹਾ ਹੀ ਕਾਰਨ ਫਿਰ ਵਰਤਿਆ ਕਿ ਗੁਰੂ ਘਰ ਦਾ ਸੇਵਕ ਭਾਈ ਜੀਵਾ ਜੀ ਹਰ ਰੋਜ਼ ਗੁਰੂ ਜੀ ਲਈ ਖਿਚੜੀ ਤਿਆਰ ਕਰਕੇ ਲਿਆਇਆ ਕਰਦਾ ਸੀ। ਇਕ ਦਿਨ ਕਾਫੀ ਹਨੇਰੀ ਝੱਖੜ ਚੱਲਿਆ। ਭਾਈ ਜੀਵਾ ਜੀ ਨੇ ਅਰਦਾਸ ਬੇਨਤੀ ਕੀਤੀ ਕਿ ਹਨੇਰੀ ਝੱਖੜ ਬੰਦ ਹੋ ਜਾਵੇ। ਮਾਲਕ ਦੀ ਕਿਰਪਾ ਹੋਈ, ਹਨੇਰੀ ਤਾਂ ਬੰਦ ਹੋ ਗਈ ਪਰ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਨੇ ਤਾੜਨਾ ਕੀਤੀ ਕਿ ਭਾਈ 'ਜਪੁਜੀ ਸਾਹਿਬ' ਦੀਆਂ ਇਹ ਤੁਕਾਂ ਸਿਰਫ ਪੜ੍ਹਨ ਲਈ ਹੀ ਨਹੀਂ ਕਿ "*ਹੁਕਮਿ ਰਜਾਈ ਚਲਣਾ*" ਅਸਲ ਵਿੱਚ ਹੁਕਮ ਦੇ ਮਾਰਗ 'ਤੇ ਟੁਰਨਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੋ ਫੁਰਮਾਇਆ ਹੈ, ਉਹੋ ਹੀ ਕਰਨਾ ਹੈ, ਇਹੋ ਹੀ ਤਾਂ ਸਿੱਖੀ ਦਾ ਮਾਰਗ ਹੈ ਕਿ "*ਕਰਹਿ ਜਿ ਗੁਰ ਫੁਰਮਾਇਆ*....."

ਬਾਸਰਕੇ ਨਗਰ ਵਿੱਚ ਬਾਬਾ ਤੇਜ ਭਾਨ ਜੀ ਅਤੇ ਮਾਤਾ ਲਖਮੀ ਦੇਵੀ ਜੀ ਦੇ ਗ੍ਰਿਹ ਵਿਖੇ ਇਕ ਬਾਲੜੇ ਨੇ ਜਨਮ ਲਿਆ ਜਿਸਨੂੰ (ਗੁਰੂ) ਅਮਰਦਾਸ ਕਹਿੰਦੇ ਸਨ। ਧਾਰਮਿਕ ਬ੍ਰਿਤੀਆਂ ਦੇ ਧਾਰਨੀ ਹੀ ਵੱਡੇ ਹੋਏ। ਕਾਰਜ ਪੁੱਤਰਾਂ ਨੂੰ ਸੰਭਾਲ ਆਪ ਜੀ ਇਕ ਸਾਲ ਵਿੱਚ ਕਰੀਬ ਛੇ-ਛੇ ਮਹੀਨੇ ਤੀਰਥਾਂ ਦੀ ਯਾਤਰਾ 'ਤੇ ਗੁਜ਼ਾਰਦੇ ਸਨ। ਹਰ ਸਾਲ ਅਜਿਹੀਆਂ ਯਾਤਰਾਵਾਂ ਕਰਨ ਕਰਕੇ ਸੁਭਾਅ ਬਹੁਤ ਹੀ ਮਿਲਣਸਾਰ ਮਿਠੜਾ ਅਤੇ ਕ੍ਰਿਪਾਲੂ ਸੀ। ਕਰੀਬ ਇਸ ਤਰ੍ਹਾਂ ਯਾਤਰਾ 'ਤੇ ਉੱਨੀ ਸਾਲ ਬਤੀਤ ਹੋ ਗਏ। ਵੀਹਵੀਂ ਵਾਰੀ ਜਾ ਕੇ ਆਉਂਦਿਆਂ ਇਕ ਵੈਸ਼ਨੂੰ ਸਾਧੂ ਮਿਲਿਆ। ਸੁਭਾਅ ਮਿੱਠੜਾ ਜਾਣ ਕੇ ਸਾਂਝ ਬਣਾਈ ਰੱਖੀ। ਇਕ ਬਜ਼ੁਰਗੀ ਆ ਗਈ ਸੀ, ਦੂਜਾ ਵੀਹ ਵਾਰੀ ਤੀਰਥਾਂ ਦੀ ਯਾਤਰਾਵਾਂ ਦਾ ਤਜ਼ਰਬਾ, ਤੀਜਾ ਧਾਰਮਿਕ ਬ੍ਰਿਤੀਆਂ ਦਾ ਅਜਿਹਾ ਪ੍ਰਭਾਵ ਪਿਆ ਕਿ ਵੈਸ਼ਨੂੰ ਸਾਧੂ ਦੀ ਜਬਾਨੋਂ ਇਹ ਬਚਨ ਨਿਕਲਿਆ ਕਿ ਆਪ ਜੀ ਨੇ ਇਤਨੇ ਸੋਹਣੇ ਗੁਣ ਧਾਰਨ ਕੀਤੇ ਹੋਏ ਹਨ। ਆਪ ਜੀ ਦਾ ਅਜਿਹਾ ਕਿਹੜਾ ਮੁਰਸ਼ਦ ਹੈ ਜਿਸ ਕੋਲੋਂ ਇਹ ਸਾਰੀ ਦਾਤ ਹਾਸਿਲ ਕੀਤੀ ਹੈ। ਤਦ ਬਾਬਾ ਅਮਰਦਾਸ ਜੀ ਨੇ ਮੁਸਕਰਾ ਕੇ ਕਿਹਾ ਕਿ ਸਾਧੂ ਜੀ ਹਾਲੇ ਤਾਂ ਗੁਰੂ ਕੋਈ ਧਾਰਨ ਹੀ ਨਹੀਂ ਕੀਤਾ। ਬਾਬਾ ਅਮਰਦਾਸ ਜੀ ਨੇ ਤਾਂ ਇਹ ਗੱਲ ਸੁਭਾਵਿਕ ਹੀ ਕਹਿ ਦਿੱਤੀ ਪਰ ਇਸ ਗੱਲ ਦੀ ਕੀਮਤ ਉਦੋਂ ਪਤਾ ਲੱਗੀ ਜਦੋਂ ਸਾਧੂ ਨੇ ਉਸੇ ਵਕਤ ਹੀ ਕਿਹਾ ਕਿ ਮੈਨੂੰ ਨਿਗੁਰੇ ਦਾ ਸੰਗ

ਹੋ ਗਿਆ। ਮੇਰੀ ਸਾਰੀ ਤੀਰਥ ਯਾਤਰਾ ਬੇਕਾਰ ਹੋ ਗਈ। ਮੇਰਾ ਜਨਮ ਭ੍ਰਿਸ਼ਟਿਆ ਗਿਆ। ਬਾਬਾ ਅਮਰਦਾਸ ਜੀ ਨੇ ਇਸ ਤੜਫ ਵਿੱਚ ਹੀ ਕੁਝ ਹੋਰ ਜਾਣਨਾ ਚਾਹਿਆ ਪਰ ਇਕ ਨਾ ਮੰਨੀ ਤੇ ਚਲਾ ਗਿਆ। ਪਿਛਾਂਹ ਪਰਤ ਕੇ ਵੀ ਨਾ ਦੇਖਿਆ। ਬਾਬਾ ਅਮਰਦਾਸ ਜੀ ਨੂੰ ਧੁਰ ਅੰਦਰ ਤਕ ਹਿਲਾ ਦਿੱਤਾ ਇਸ ਕੌਤਕ ਨੇ। ਹੁਣ ਤਕ ਯਾਤਰਾਵਾਂ ਕਰਕੇ ਕਮਾਇਆ ਧਰਮ ਇਕ ਖਾਲੀ ਝੋਲੀ ਹੀ ਦਿਸਿਆ। ਆਸਾ ਉਪਰ ਨਿਰਾਸ਼ਾ ਨੇ ਕਬਜ਼ਾ ਕਰ ਲਿਆ। ਜਿਵੇਂ ਕਿਵੇਂ ਕਰਕੇ ਘਰ ਵਾਪਸ ਆਏ ਤਾਂ ਸਾਧੂ ਦੇ ਬਚਨਾਂ ਦੀ ਚਿਣਗ ਚਿੰਗਾਰੀ ਨੇ ਧੁਖ-ਧੁਖ ਕੇ ਬੇਚੈਨੀ ਲਾਈ ਹੋਈ ਸੀ ਕਿ ਅਚਾਨਕ ਆਪਣੀ ਹੀ ਭਤੀਜ ਨੂੰਹ ਬੀਬੀ ਅਮਰੋ ਜੀ ਕੋਲੋਂ ਇਕ ਰੱਬੀ ਬਾਣੀ ਦਾ ਸ਼ਬਦ ਸੁਣ ਕੇ ਅੰਦਰਲੇ ਨੂੰ ਕੁਝ ਧੀਰਜ ਮਿਲਿਆ। ਕਦਮ ਬੀਬੀ ਅਮਰੋ ਜੀ ਕੋਲ ਆ ਕੇ ਰੁਕ ਗਏ। ਹੱਥ ਜੁੜ ਗਏ, ਬਚਨ ਕੀਤਾ, ਬਚੀਏ ! ਜਿਸ ਦਾ ਇਹ ਬਚਨ ਪੜ੍ਹਦੀ ਸੀ, ਮੈਨੂੰ ਉਸ ਦੇ ਕੋਲ ਲੈ ਚੱਲ, ਮੇਰਾ ਮਨ ਕਹਿੰਦਾ ਹੈ ਕਿ ਮੇਰੀ ਤੜਫ ਦਾ ਇਲਾਜ ਇਸ ਬਚਨ ਦੇ ਦਾਤੇ ਕੋਲ ਹੀ ਹੈ। ਬੀਬੀ ਅਮਰੋ ਜੀ ਸਮੇਤ ਅਮਰਦਾਸ ਜੀ (ਗੁਰੂ) ਦੇ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਚਰਣਾਂ ਵਿੱਚ ਹਾਜ਼ਰ ਹੋਏ। ਦਰਸ਼ਨ ਕਰਕੇ ਠੰਡ ਪਈ। ਇਹ ਸੁਣ ਕੇ ਕਿ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਕਰਕੇ ਇਸੇ ਤਰ੍ਹਾਂ ਦੇਵੀਆਂ ਦੇ ਮੰਦਰਾਂ ਦੀ ਭਟਕਣਾ ਵਿੱਚ ਪਏ ਹੋਏ ਇਸ ਬਾਬਾ ਲਹਿਣੇ ਨੇ ਅਜਿਹੀ ਦਾਤ ਪ੍ਰਾਪਤ ਕੀਤੀ ਕਿ ਗੁਰੂ ਅੰਗਦ ਸਾਹਿਬ ਬਣ ਬੈਠੇ ਹਨ। ਬਾਬਾ ਅਮਰਦਾਸ ਜੀ ਵੀ ਦਿਨ ਰਾਤ ਸੇਵਾ ਵਿੱਚ ਲੱਗ ਗਏ ਕਿਉਂਕਿ ਅੰਦਰ ਦੀ ਆਵਾਜ਼ ਸੀ ਕਿ ਇਥੋਂ ਜੀਵਨ ਪਦਵੀ ਪ੍ਰਾਪਤ ਹੋ ਜਾਵੇਗੀ। ਗੁਰੂ ਜੀ ਦੇ ਦਰ ਦੀ ਸੇਵਾ, ਸੇਵਕ ਬਣ ਕੇ ਕਰਨ ਲੱਗ ਪਏ।

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਆਪ ਸੰਸਾਰਕ ਤੌਰ 'ਤੇ ਨੀਵੇਂ ਗਿਣੇ ਜਾਂਦੇ ਲੋਕਾਂ ਕੋਲ ਜਾ ਹੰਕਾਰੀਆਂ ਨੂੰ ਪਿੱਠ ਹੀ ਨਹੀਂ ਦਿੱਤੀ, ਬਲਕਿ ਉਨ੍ਹਾਂ ਨੂੰ ਇਕ ਪੰਗਤ ਵਿੱਚ ਬਿਠਾ ਦਿੱਤਾ। ਗੁਰੂ ਘਰ ਦੀ ਹੀ ਮਰਯਾਦਾ ਖਡੂਰ ਸਾਹਿਬ ਸੀ ਕਿਉਂਕਿ "*ਕਰਹਿ ਜਿ ਗੁਰ ਫੁਰਮਾਇਆ..*" ਇਸ ਲਈ ਕੁਝ ਜਾਤੀ ਅਭਿਮਾਨੀਆਂ ਨੂੰ ਇਹ ਗੱਲ ਨਾ ਭਾਈ ਜਿਸ ਕਰਕੇ ਈਰਖਾ ਕਰਨ ਲੱਗ ਪਏ। ਇਨ੍ਹਾਂ ਈਰਖਾਲੂਆਂ ਦਾ ਕੋਈ ਵੱਸ ਨਹੀਂ ਸੀ ਚੱਲਦਾ। ਅਚਾਨਕ ਉਦੋਂ ਵਰਖਾ ਨਾ ਹੋਈ। ਇਨ੍ਹਾਂ ਈਰਖਾਲੂਆਂ ਦਾ ਸਾਥੀ ਇਕ ਹੋਰ ਬਣ ਗਿਆ ਜਿਹੜਾ ਪਾਖੰਡ ਕਰਕੇ ਭੋਲੇ ਭਾਲੇ ਲੋਕਾਂ ਨੂੰ ਲੁੱਟ ਰਿਹਾ ਸੀ। ਇਹ ਇਸੇ ਹੀ ਨਗਰ ਖਡੂਰ ਸਾਹਿਬ ਦੇ ਵਿੱਚ ਤਪੇ ਦਾ ਨਾਮ ਨਾਲ ਪ੍ਰਸਿੱਧ ਸੀ। ਇਨ੍ਹਾਂ ਈਰਖਾਲੂਆਂ ਅਤੇ ਤਪੇ ਨੇ ਇਕ ਗੱਲ ਪ੍ਰਗਟ ਕਰ ਦਿੱਤੀ ਕਿ ਜੇ ਕਰ ਗੁਰੂ ਨੂੰ ਨਗਰ ਤੋਂ ਕੱਢ ਕੇ ਸਾਰੇ ਮੇਰੇ ਸੇਵਕ ਹੋਣਾ ਪਸੰਦ ਕਰਨ ਤਾਂ ਮੈਂ ਵਰਖਾ ਕਰਵਾ ਸਕਦਾ ਹਾਂ ਕਿਉਂਕਿ ਮੈਂ ਇਕ ਵਿਰਕਤ ਸਾਧੂ ਹਾਂ। ਗੁਰੂ ਅੰਗਦ ਸਾਹਿਬ

ਜੀ ਬਾਰੇ ਆਖਣ ਲੱਗਾ ਕਿ ਇਹ ਤਾਂ ਗ੍ਰਿਹਸਥੀ ਹਨ। ਸਤਿਗੁਰੂ ਜੀ ਨੂੰ ਵੀ ਇਸ ਗੱਲ ਦਾ ਪਤਾ ਲੱਗਾ ਤਾਂ ਸਾਹਿਬ ਜੀ ਨੇ ਆਪ ਹੀ ਕਹਿ ਦਿੱਤਾ ਕਿ ਭਾਈ ਅਸੀਂ ਕਿਸੇ ਨੂੰ ਉਜੜਿਆ ਨਹੀਂ ਦੇਖ ਸਕਦੇ। ਇਸ ਕਰਕੇ ਮੈਂ ਆਪ ਹੀ ਇਥੋਂ ਚਲਾ ਜਾਂਦਾ ਹਾਂ ਪਰ ਤੁਸੀਂ ਵਰਖਾ ਕਰਵਾ ਲਵੋ। ਸਾਹਿਬ ਚਲੇ ਗਏ, ਲੋਕੀ ਵਾਰ-ਵਾਰ ਤਪੇ ਨੂੰ ਕਹਿਣ ਲੱਗੇ ਕਿ ਵਰਖਾ ਕਰਵਾਉ ਪਰ ਤਪਾ ਸਤ ਕੇ ਕਹਿਣ ਲੱਗਾ ਕਿ ਵਰਖਾ ਕੋਈ ਮੁੱਠੀ ਵਿੱਚ ਬੰਦ ਨਹੀ ਕੀਤੀ ਹੋਈ ਜਦੋਂ ਹੋਣੀ ਹੋਵੇਗੀ, ਹੋ ਜਾਏਗੀ। ਲੋਕੀ ਪ੍ਰੇਸ਼ਾਨ ਸਨ ਕਿ ਗੁਰੂ ਜੀ ਵੀ ਨਗਰ ਛੱਡ ਕੇ ਚਲੇ ਗਏ ਹਨ ਪਰ ਤਪਾ ਵੀ ਸੁਆਰਥ ਪੂਰਾ ਨਾ ਕਰ ਸਕਿਆ। ਉਹਨਾਂ ਦਿਨਾਂ ਵਿੱਚ ਬਾਬਾ ਅਮਰਦਾਸ ਜੀ ਕਿਸੇ ਕਾਰਜ ਲਈ ਗੁਰੂ ਜੀ ਤੋਂ ਦੁਰੇਡੇ ਗਏ ਸਨ ਜਦੋਂ ਵਾਪਸ ਆਏ ਤਾਂ ਗੁਰੂ ਜੀ ਦੇ ਦਰਸ਼ਨ ਨਾ ਹੋਣ ਕਾਰਨ ਪੁੱਛਿਆ ਤਾਂ ਸ਼ਰਧਾਲੂਆਂ ਨੇ ਦਰਦ ਭਰੀ ਵਿਥਿਆ ਦੱਸੀ ਕਿ ਤਪੇ ਮਗਰ ਲੱਗ ਕੇ ਇਹ ਪਾਪ ਕੀਤਾ ਹੈ। ਬਾਬਾ ਅਮਰਦਾਸ ਜੀ ਨੇ ਨਗਰ ਦੇ ਮੁਖੀਆਂ ਨਾਲ ਇਕ ਵੀਚਾਰ ਸਾਂਝੀ ਕੀਤੀ ਕਿ ਹੁਣ ਇਸ ਤਰ੍ਹਾਂ ਕਰੋ ਜਿੱਥੇ ਵੀ ਇਹ ਪਾਪੀ ਜਾਵੇਗਾ, ਉਥੇ ਉਥੇ ਹੀ ਵਰਖਾ ਹੋਵੇਗੀ। ਲੋਕੀ ਤਪੇ ਨੂੰ ਲੈ ਕੇ ਖੇਤਾਂ ਵਿੱਚ ਗਏ। ਵਰਖਾ ਹੋਣ ਲੱਗ ਪਈ। ਹਰ ਇਕ ਨੂੰ ਆਪਣੀ ਆਪਣੀ ਖੇਤੀ ਦਾ ਫਿਕਰ ਸੀ। ਇਸ ਲਈ ਹਰ ਕੋਈ ਤਪੇ ਨੂੰ ਖਿੱਚਣ ਲੱਗ ਪਿਆ। ਇਕ ਇਕ ਅੰਗ ਤਪੇ ਦਾ ਖਿਲਰ ਗਿਆ। ਆਪਣੀ ਕੀਤੀ ਦੀ ਸਜਾ ਪਾ ਲਈ। ਬਾਬਾ ਅਮਰਦਾਸ ਜੀ ਜਦੋਂ ਧੰਨ ਗੁਰੂ ਅੰਗਦ ਸਾਹਿਬ ਜੀ ਦੇ ਚਰਣਾਂ ਵਿੱਚ ਹਾਜ਼ਰ ਹੋਏ ਤਾਂ ਅੰਗਦ ਸਾਹਿਬ ਜੀ ਨੇ ਤਾੜਨਾ ਕੀਤੀ ਕਿ ਭਾਈ ਇਹ ਨਿਰਮਲ ਮਾਰਗ ਹੈ, ਇਥੇ ਉਹੋ ਹੀ ਕਾਰ ਕਰਨੀ ਪੈਂਦੀ ਹੈ ਜਿਹੜੀ ਗੁਰੂ ਫੁਰਮਾਏ। ਆਪਾ ਜਣਾਉਣ ਵਾਲੇ ਖਾਲੀ ਰਹਿ ਜਾਂਦੇ ਹਨ। ਵਰਖਾ ਕਰਨੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਕੋਈ ਵੱਡੀ ਗੱਲ ਨਹੀਂ ਪਰ ਇਥੇ ਸਬਕ - ਭਾਣਾ ਮਿੱਠਾ ਕਰ ਮੰਨਣ ਦਾ ਹੈ। ਬਾਬਾ ਅਮਰ ਦਾਸ ਜੀ ਨੇ ਭੁੱਲ ਦੀ ਖਿਮਾਂ ਮੰਗੀ, ਗੁਰੂ ਚਰਣਾਂ 'ਚ ਨਮਸਕਾਰ ਕੀਤੀ। ਇਸੇ ਲਈ ਹੀ ਤਾਂ ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਦੀ ਵੀਚਾਰ ਤੱਕ ਕੇ ਭਾਈ ਸੱਤਾ ਜੀ ਕਹਿ ਉਠੇ ਕਿ "*ਕਰਹਿ ਜਿ ਗੁਰ ਫੁਰਮਾਇਆ.....*"

ਧੰਨ ਗੁਰੂ ਅੰਗਦ ਸਾਹਿਬ ਨੇ ਸਾਰੀ ਵੀਚਾਰ ਮਨ ਵਿੱਚ ਕਰ ਬਾਬਾ ਅਮਰ ਦਾਸ ਜੀ ਨੂੰ ਹੁਕਮ ਕੀਤਾ ਕਿ ਗੋਇੰਦਵਾਲ ਸਾਹਿਬ ਨਗਰ ਵਸਾਵੋ। ਬਾਬਾ ਅਮਰਦਾਸ ਜੀ ਨੇ ਦਿਨ ਰਾਤ ਇਕ ਕਰਕੇ ਇਹ ਨਗਰ ਵਸਾਇਆ। ਲਗਦੀ ਵਾਹ ਦਰਸ਼ਨ ਵੀ ਹਰ ਰੋਜ਼ ਕਰਨ ਜਾਂਦੇ ਪਰ ਇਕ ਦਿਨ ਗੁਰੂ ਅੰਗਦ ਸਾਹਿਬ ਜੀ ਨੇ ਪ੍ਰੀਖਿਆ ਸ਼ੁਰੂ ਕਰ ਦਿੱਤੀ। ਬਚਨ ਆਖਿਆ ਕਿ ਤੁਸੀਂ ਰੋਜ਼ ਦਰਸ਼ਨਾਂ ਲਈ ਨਹੀਂ ਆਉਣਾ, ਮੈਂ ਆਪ ਹੀ

ਆਵਾਂਗਾ। ਬਾਬਾ ਅਮਰਦਾਸ ਜੀ ਸੇਵਾ ਕਰਦੇ ਪਰ ਗੁਰੂ ਜੀ ਦੇ ਦੀਦਾਰ ਦੀ ਤੜਪ ਲੱਗੀ ਰਹਿੰਦੀ ਜਿਸ ਦਿਨ ਸਬਰ ਦਾ ਪਿਆਲਾ ਭਰ ਚੁੱਕਾ ਸੀ ਤਾਂ ਦਿਲ ਦੀ ਅਰਦਾਸ ਜ਼ੁਬਾਨ ਨੇ ਨਹੀਂ ਬਲਕਿ ਅੱਖਾਂ ਦੇ ਅਥਰੂਆਂ ਨੇ ਕੀਤੀ। ਧੰਨ ਗੁਰੂ ਅੰਗਦ ਸਾਹਿਬ ਜੀ ਗੋਇੰਦਵਾਲ ਸਾਹਿਬ ਗਏ, ਬਾਬਾ ਅਮਰਦਾਸ ਜੀ ਨੇ ਰੱਜ ਕੇ ਦੀਦਾਰ ਕੀਤੇ। ਮਗਰੋਂ ਗੋਇੰਦਵਾਲ ਦੀ ਕਾਰ ਦਿਖਾਵਣ ਲੱਗੇ। ਤਪਾ ਸ਼ਿਵਨਾਥ ਨੂੰ ਸਜ਼ਾ ਦੇਣ ਮਗਰੋਂ ਗੁਰੂ ਸਾਹਿਬ ਵੱਲੋਂ ਮਿਲੀ ਤਾੜਨਾ ਦਾ ਅਜਿਹਾ ਅਸਰ ਹੋਇਆ ਜਿਸ ਦਾ ਇਕ ਨਮੂਨਾ ਗੋਇੰਦਵਾਲ ਸਾਹਿਬ ਵਿਖੇ ਵਾਪਰਿਆ। ਗੁਰੂ ਅੰਗਦ ਸਾਹਿਬ ਜੀ ਨਾਲ ਬਾਬਾ ਅਮਰਦਾਸ ਜੀ ਜਾ ਰਹੇ ਸਨ ਕਿ ਅਚਾਨਕ ਸਾਹਿਬ ਜੀ ਨੇ ਇਕ ਬਚਨ ਆਖਿਆ। ਬਾਬਾ ਅਮਰ ਦਾਸ ਸੁਣਨ ਲਈ ਅੱਗੇ ਹੋਏ ਤਾਂ ਉਨ੍ਹਾਂ ਦੀ ਬਾਂਹ ਗੁਰੂ ਜੀ ਤੋਂ ਵੀ ਅੱਗੇ ਚੱਲੀ ਗਈ ਤਦ ਬਾਬਾ ਅਮਰਦਾਸ ਜੀ ਨੇ ਉਸ ਬਾਂਹ ਨੂੰ ਛਾਤੀ ਨਾਲ ਲਗਾ ਲਿਆ। ਕੁਝ ਸਮੇਂ ਬਾਅਦ ਗੁਰੂ ਅੰਗਦ ਸਾਹਿਬ ਜੀ ਨੇ ਪੁੱਛਿਆ ਕਿ ਬਾਬਾ ਅਮਰਦਾਸ ਜੀ ਬਾਂਹ 'ਤੇ ਕੋਈ ਸੱਟ ਲੱਗੀ ਹੈ ਜਾਂ ਕੋਈ ਦਰਦ ਵਗੈਰਾ ਹੈ। ਬਾਬਾ ਅਮਰਦਾਸ ਜੀ ਨੇ ਬਚਨ ਆਖਿਆ ਕਿ ਨਹੀਂ ਸਤਿਗੁਰੂ ਜੀ ਬਿਲਕੁਲ ਠੀਕ ਹੈ। ਸਾਹਿਬ ਆਖਣ ਲੱਗੇ ਕਿ ਫਿਰ ਛਾਤੀ ਨਾਲ ਕਿਉਂ ਲਗਾਈ ਫਿਰਦੇ ਹੋ ਤਦ ਬਾਬਾ ਅਮਰਦਾਸ ਜੀ ਨੇ ਆਖਿਆ ਕਿ ਸਾਹਿਬ ਜੀ ਅੱਜ ਮੇਰਾ ਜੀਆ ਕਰਦਾ ਸੀ ਕਿ ਬਾਂਹ ਨੂੰ ਵੱਢ ਹੀ ਦਿਆਂ, ਪਰ ਆਪ ਜੀ ਦੀ ਸੇਵਾ ਨਹੀਂ ਕਰ ਸਕਾਂਗਾ। ਇਸ ਲਈ ਵੱਡੀ ਤਾਂ ਨਹੀਂ ਪਰ ਇਸ ਨੂੰ ਸਜ਼ਾ ਜ਼ਰੂਰ ਦਿੱਤੀ ਕਿਉਂਕਿ ਅੱਜ ਇਹ ਆਪ ਜੀ ਦੇ ਨਾਲ ਚਲਦਿਆਂ ਚਲਦਿਆਂ ਤੁਹਾਡੇ ਤੋਂ ਵੀ ਅੱਗੇ ਨਿਕਲ ਗਈ। ਜਿਹੜੀ ਗੁਰੂ ਤੋਂ ਵੀ ਅੱਗੇ ਹੋ ਚੱਲੇ ਉਸਨੂੰ ਤਿਆਗ ਹੀ ਦੇਣਾ ਚਾਹੀਦਾ ਹੈ। ਗੁਰੂ ਅੰਗਦ ਸਾਹਿਬ ਜੀ ਨੇ ਘੁੱਟ ਗਲਵੱਕੜੀ ਵਿੱਚ ਪਿਆਰ ਕੀਤਾ ਕਿਉਂਕਿ ਹੁਣ ਸਬਕ ਚੇਤਾ ਹੋ ਗਿਆ ਸੀ ਕਿ "***ਕਰਹਿ ਜਿ ਗੁਰ....***"

ਇਸ ਪ੍ਰੀਖਿਆ ਵਿਚੋਂ ਪਾਸ ਹੋ ਕੇ ਬਾਬਾ ਅਮਰਦਾਸ ਜੀ ਮੁੜ ਆਪਣੀ ਸੇਵਾ 'ਤੇ ਹਾਜ਼ਰ ਹੋ ਗਏ। ਇਕ ਦਿਨ ਅਜੀਬ ਭਾਣਾ ਵਰਤਿਆ। ਹਰ ਰੋਜ਼ ਦੀ ਤਰ੍ਹਾਂ ਗਾਗਰ ਚੁੱਕ ਸਿਰ 'ਤੇ ਧਰ ਸੇਵਾ ਲਈ ਚਲ ਪਏ ਪਰ ਅੱਜ ਮੀਂਹ ਪੈ ਰਿਹਾ ਸੀ। ਗਾਗਰ ਪਾਣੀ ਨਾਲ ਭਰ ਕੇ ਵਾਪਸ ਆਉਂਦਿਆਂ ਹੋਇਆਂ ਅਚਾਨਕ ਪੈਰ ਫਿਸਲ ਕੇ ਰਾਹ ਵਿੱਚ ਪੈਂਦੇ ਇਕ ਜੁਲਾਹੇ ਦੇ ਤਾਣਾ ਤਣਨ ਵਾਲੀ ਕਿੱਲੀ ਨਾਲ ਅੜ ਕੇ ਡਿੱਗ ਪਏ। ਤਦ ਖੜਾਕ ਸੁਣ ਕੇ ਜਲਾਹੇ ਨੇ ਆਖਿਆ ਕਿ ਕੌਣ ਹੈ ? ਤਾਂ ਜੁਲਾਹੀ ਨੇ ਆਖਿਆ ਕਿ ਅਮਰੂ ਨਿਥਾਵਾਂ ਹੋਵੇਗਾ। ਇਹ ਬਚਨ ਸੁਣ ਕੇ ਸੁਭਾਵਿਕ ਹੀ ਕਹਿ ਦਿੱਤਾ ਕਿ ਕਮਲੀਏ, ਮੈਂ ਹੁਣ ਨਿਥਾਵਾਂ ਨਹੀਂ, ਮੇਰਾ ਥਾਂ ਹੈ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਵਿੱਚ। ਜਾਣੀ ਜਾਣ ਸਤਿਗੁਰੂ ਜੀ ਨੇ ਪੁੱਛਿਆ ਕਿ ਅਮਰਦਾਸ

ਜੀ ਗੋਡਿਆ 'ਤੇ ਸੱਟ ਕਿਵੇਂ ਲੱਗੀ ਤਦ ਬੜੇ ਪਿਆਰ ਨਾਲ ਕਿਹਾ ਕਿ ਸਾਹਿਬ ਜੀ ਡਿੱਗ ਪਿਆ ਸਾਂ ਤਦ ਸਾਹਿਬਾਂ ਨੇ ਗਲਵੱਕੜੀ ਵਿੱਚ ਲਿਆ ਤੇ ਕਹਿਣ ਲੱਗੇ ਬਸ ਅਜਿਹੇ ਦੀ ਹੀ ਲੋੜ ਸੀ ਜਿਹੜਾ ਡਿੱਗ ਕੇ ਡਿੱਗਣ ਦਾ ਦਰਦ ਪਹਿਚਾਣ ਲਵੇ ਤੇ ਫਿਰ ਆਪ ਹੀ ਉਠ ਖਲੋਵੇ ਤਦ ਹੀ ਉਹ ਡਿੱਗਿਆਂ ਦਾ ਦਰਦ ਪਹਿਚਾਣ ਕੇ ਦੂਜਿਆਂ ਨੂੰ ਚੁੱਕ ਸਕਦਾ ਹੈ। ਹੁਣ ਘਾਲਣਾ ਪੂਰੀ ਹੋ ਗਈ। ਜੁਲਾਹਾ ਵੀ ਆਪਣੀ ਘਰ ਵਾਲੀ ਨੂੰ ਜੋ (ਗੁਰੂ) ਅਮਰਦਾਸ ਦੇ ਸੁਭਾਵਿਕ ਕਹੇ ਸ਼ਬਦਾਂ ਅਨੁਸਾਰ ਝੱਲੀ ਹੋ ਗਈ ਸੀ, ਲੈ ਕੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤਦ ਸਾਹਿਬ ਜੀ ਨੇ ਕਿਰਪਾ ਕੀਤੀ ਤਾਂ ਉਹ ਵੀ ਠੀਕ ਹੋ ਗਈ। ਪਰ ਅੱਜ ਉਹੋ ਗਾਗਰ ਦੇ ਪਾਣੀ ਨਾਲ ਬਾਬਾ ਅਮਰਦਾਸ ਜੀ ਦਾ ਇਸ਼ਨਾਨ ਕਰਵਾ ਕੇ ਨਵੀਨ ਬਸਤਰ ਪਹਿਣਾ ਕੇ ਸੋਹਣੇ ਤਖ਼ਤ ਉੱਪਰ ਬਿਠਾ ਜਿਵੇਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਮੁੱਚੀ ਬਾਣੀ ਦਾ ਖਜ਼ਾਨਾ ਬਖਸ਼ ਕੇ ਜੋਤਿ ਹਿਰਦੇ ਵਿੱਚ ਟਿਕਾ ਮੱਥਾ ਟੇਕਿਆ ਸੀ, ਅੱਜ ਉਸੇ ਤਰ੍ਹਾਂ ਹੀ ਗੁਰੂ ਅੰਗਦ ਸਾਹਿਬ ਜੀ ਨੇ ਕੀਤਾ। ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ੀ ਹੋਈ ਜੋਤਿ ਹਿਰਦੇ ਵਿੱਚ ਟਿਕਾ ਦਿੱਤੀ ਅਤੇ ਸਰੀਰਕ ਜੋਤਿ ਸਮੁੱਚੇ ਕਾਰਜ ਕਰ ਲੈਣ ਮਗਰੋਂ ਪ੍ਰਮੇਸ਼ਵਰ ਦੀ ਜੋਤਿ ਵਿੱਚ ਰਲਾ ਦਿੱਤੀ। ਗੁਰੂ ਅੰਗਦ ਸਾਹਿਬ ਜੀ ਦੀ ਪਵਿੱਤਰ ਕਾਂਇਆਂ ਦਾ ਸਸਕਾਰ ਕਰਕੇ ਆਪ ਜੀ ਬਹੁਤ ਵੈਰਾਗ ਦੀ ਦੁਨੀਆਂ ਵਿਚ ਪਹੁੰਚ ਗਏ। ਸਾਰਾ ਜੀਵਨ ਇਕ ਵਾਰੀ ਨਜ਼ਰਾਂ ਦੇ ਅੱਗੋਂ ਦੀ ਲੰਘਿਆ, ਕਦੇ ਸਾਧੂ ਵੈਸ਼ਨੂੰ, ਕੋਲ ਬੈਠਣ ਲਈ ਤਿਆਰ ਨਹੀਂ ਸੀ ਪਰ ਅੱਜ ਸਾਰਾ ਸੰਸਾਰ ਗੁਰੂ ਅਮਰਦਾਸ ਜੀ ਦੇ ਮੁਬਾਰਿਕ ਚਰਨਾਂ ਦੀ ਧੂੜ ਚੁੱਕ ਮਸਤਕ 'ਤੇ ਲਾ ਰਿਹਾ ਸੀ। ਗੁਰੂ ਅੰਗਦ ਸਾਹਿਬ ਜੀ ਨੇ ਜਿਵੇਂ ਗੁਰਗੱਦੀ ਦੀ ਦਾਤ ਪ੍ਰਾਪਤ ਕਰਕੇ ਨਿਵਾਸ ਖਡੂਰ ਸਾਹਿਬ ਲੈ ਆਂਦਾ ਸੀ, ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਦੇ ਹੁਕਮ ਅਨੁਸਾਰ ਗੁਰੂ ਅਮਰਦਾਸ ਜੀ ਵੀ ਪਹਿਲੋਂ ਹੀ ਬਣਾਏ ਸਿੱਖੀ ਦੇ ਤੀਸਰੇ ਕੇਂਦਰ ਗੋਇੰਦਵਾਲ ਸਾਹਿਬ ਆ ਬਿਰਾਜੇ।

ਇਹ ਸੀ ਭਾਈ ਸੱਤਾ ਤੇ ਬਲਵੰਡ ਦੀ ਪਵਿੱਤਰ ਤੇ ਸ਼ਰਧਾ ਭਰੀ ਅੱਖ ਨਾਲ ਤੱਕ ਕੇ ਜ਼ੁਬਾਨੋਂ ਨਿਕਲੇ ਪਵਿੱਤਰ ਬਚਨ "*ਕਰਹਿ ਜਿ ਗੁਰ ਫੁਰਮਾਇਆ.....*" ਦੀ ਵੀਚਾਰ ਕਿ ਕਿਵੇਂ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਗੋਦ ਵਿੱਚ ਆ ਜਾਣ ਮਗਰੋਂ ਹਰ ਪਲ ਗੁਰੂ ਦੀ ਆਗਿਆ ਵਿੱਚ ਗੁਜ਼ਾਰਿਆ। ਇਸੇ ਕਰਕੇ ਹੀ ਬਾਬਾ ਸ੍ਰੀ ਚੰਦ, ਸ੍ਰੀ ਚੰਦ ਹੀ ਰਹੇ, ਬਾਬਾ ਲਖਮੀ ਦਾਸ, ਲਖਮੀ ਦਾਸ ਹੀ ਰਹੇ ਪਰ ਬਾਬਾ ਲਹਿਣਾ ਜੀ ਗੁਰੂ ਅੰਗਦ ਸਾਹਿਬ ਮਹਾਰਾਜ ਬਣ ਬੈਠੇ ਸਨ।

ਭਲੇ ਅਮਰਦਾਸ ਗੁਣ ਤੇਰੇ

ਦੁਨੀਆਂ ਅੰਦਰ ਕਈ ਤਰ੍ਹਾਂ ਦੀ ਪਰਖ ਅੱਖ ਨਾਲ ਕੀਤੀ ਜਾਂਦੀ ਹੈ। ਕੋਈ ਕਾਰੀਗਰ ਕੁਝ ਬਣਾਉਣ ਤੋਂ ਪਹਿਲਾਂ ਆਪਣੀ ਨਜ਼ਰ ਦੀ ਤੱਕੜੀ ਵਿੱਚ ਤੋਲਦਾ ਹੈ। ਖਾਣ, ਪਹਿਨਣ, ਰਹਿਣ, ਹਰ ਤਰ੍ਹਾਂ ਦੀ ਚੀਜ਼ ਨੂੰ ਤੱਕਣਾ ਲੋਚਦਾ ਹੈ। ਸਾਮਾਨ ਭਾਵੇਂ ਮਿੱਟੀ ਦਾ ਬਣਾਉਣਾ ਹੋਵੇ, ਭਾਵੇਂ ਲੱਕੜ ਦਾ ਹੋਵੇ, ਭਾਵੇਂ ਚਾਂਦੀ ਦਾ ਹੋਵੇ, ਘਰ ਲੈਣਾ ਹੋਵੇ, ਕੋਈ ਮੋਟਰ ਗੱਡੀ ਖਰੀਦਣੀ ਹੋਵੇ, ਲੜਕੇ ਲੜਕੀ ਦਾ ਰਿਸ਼ਤਾ ਕਰਨਾ ਹੋਵੇ, ਭਾਵ ਜ਼ਿੰਦਗੀ ਦੇ ਜਿਸ ਮਰਜ਼ੀ ਖੇਤਰ ਵਿੱਚ ਨਜ਼ਰ ਮਾਰ ਲਈਏ, ਹਰ ਪਾਸੇ ਅੱਖ ਦੇ ਤਰਾਜੂ ਦੀ ਹੀ ਗੱਲ ਚਲਦੀ ਹੈ। ਪਰਮਾਰਥੀ ਦੁਨੀਆਂ ਵਿੱਚ ਵੀ ਕੁਝ ਐਸਾ ਹੀ ਵਰਤਦਾ ਹੈ, ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ ਕਿ ਅੰਨ੍ਹਾ ਉਹ ਮਨੁੱਖ ਨਹੀਂ ਜਿਸ ਕੋਲ ਦੁਨਿਆਵੀ ਅੱਖ ਨਹੀਂ ਬਲਕਿ ਅੰਨ੍ਹਾ ਉਹ ਮਨੁੱਖ ਹੈ ਜਿਸ ਕੋਲ ਪ੍ਰਮੇਸ਼ਵਰ ਦੇ ਮਿਲਾਪ ਦੀ ਅੱਖ ਨਹੀਂ। "*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥ ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥*" ਸੰਸਾਰਕ ਅੱਖਾਂ ਵਾਲੇ ਤਾਂ ਬਹੁਤ ਹਨ ਪਰ ਪਰਮਾਰਥੀ ਅੱਖਾਂ ਦੀ ਰੋਸ਼ਨੀ ਵਾਲਾ ਕੋਈ ਵਿਰਲਾ ਹੀ ਮਿਲਦਾ ਹੈ। ਪ੍ਰਮਾਰਥੀ ਮਾਰਗ ਦੇ ਕੁਝ ਪਾਂਧੀ ਇਹ ਸੁਣ ਕੇ ਕਿ ਇਥੇ ਕੋਈ ਸਿਆਣਾ ਪੁਰਸ਼ ਵਸਦਾ ਹੈ ਜਿਹੜਾ ਰੱਬ ਦੇ ਘਰ ਨੂੰ ਜਾਣ ਵਾਲਾ ਰਸਤਾ ਦੱਸਦਾ ਹੈ। ਇਹ ਪਾਂਧੀ ਸੁਣ ਸੁਣ ਕੇ ਕਦੇ ਸਾਧੂਆਂ ਦੇ ਡੇਰੇ, ਕਦੇ ਸੰਤਾਂ ਦੇ ਡੇਰੇ, ਕਦੇ ਸੰਨਿਆਸੀਆਂ ਨੂੰ ਮਿਲੇ ਫਿਰ ਤਪੀਸਰਾਂ ਦੇ ਘਰ ਵੀ ਦੇਖੇ, ਪੰਡਿਤਾਂ ਨੂੰ ਮਿਲਿਆ, ਸਿਰਫ ਮਿੱਠੀਆਂ ਮਿੱਠੀਆਂ ਫਾਹ ਲੈਣ ਵਾਲੀਆਂ ਗੱਲਾਂ ਹੀ ਮਿਲੀਆਂ ਪਰ ਅਧਿਆਤਮਿਕ ਭੁੱਖ ਨਾ ਮਿਟੀ। ਇਸ ਤਰ੍ਹਾਂ ਭਟਕਦਿਆਂ ਕਈ ਬਰਸ ਬੀਤ ਗਏ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥ (ਪੰਨਾ ੧੩੯੫)

ਅਖੀਰ ਕੰਨਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਦਰ ਦੀ ਸੋਇ ਪਈ। ਕਦਮਾਂ ਨੇ ਰਾਹ ਅਖਤਿਆਰ ਕਰ ਲਿਆ। ਗੋਇੰਦਵਾਲ ਗੁਰੂ ਅਰਜਨ ਸਾਹਿਬ ਪਾਤਿਸ਼ਾਹ ਜੀ ਦੇ ਦਰਸ਼ਨ ਕਰਕੇ ਅੰਦਰ ਠੰਡ ਹੀ ਨਹੀਂ ਵਰਤੀ ਬਲਕਿ ਪੁਕਾਰ ਉਠੇ ਕਿ ਜਿਸਦੀ ਭਾਲ ਇਤਨਾ ਸਮਾਂ

ਕੀਤੀ, ਉਹ ਹੁਣ ਮਿਲ ਗਏ ਹਨ। ਬਿਰਾਜ ਰਹੀ ਜੋਤਿ, ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਕਰਕੇ *ਪ੍ਰਤੱਖ ਹਰਿ ਕਹਿ* ਦਿੱਤਾ ਪਰ ਜਗਿਆਸਾ ਜਾਗੀ ਕਿ ਇਹ ਨਿਰਮਲ ਜੋਤਿ ਗੁਰੂ ਅਰਜਨ ਸਾਹਿਬ ਜੀ ਤਕ ਕਿਵੇਂ ਪਹੁੰਚੀ, ਇਸ ਲਈ ਬਾਕੀ ਗੁਰੂ ਸਾਹਿਬਾਂ ਦਾ ਜੀਵਨ ਵੀ ਸਰਧਾ ਨਾਲ ਵਾਚਿਆ, ਸੁਣਿਆ, ਤਦ ਗੁਰੂ ਸਾਹਿਬ ਜੀ ਬਾਰੇ ਇਨ੍ਹਾਂ ਪਰਮਾਰਥੀ ਢੂੰਡਾਊਆਂ ਨੇ ਜੋ ਬਚਨ ਆਖੇ ਉਹ ਭੱਟਾਂ ਦੇ ਸਵਈਏ ਕਰਕੇ ਸਤਿਕਾਰੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਇਨ੍ਹਾਂ ਦੇ ਬਚਨਾਂ ਦਾ ਵੀ ਉਹੋ ਹੀ ਪਵਿੱਤਰ ਮੁਕਾਮ ਹੈ ਜਿਹੜਾ ਗੁਰੂ ਪਾਤਿਸ਼ਾਹ ਜੀ ਜਾਂ ਭਗਤ ਬਾਣੀ ਨੂੰ ਹਾਸਿਲ ਹੈ। ਇਸ ਬਾਣੀ ਵਿਚੋਂ ਨਿਮਾਣਿਆ ਦੇ ਮਾਣ, ਨਿਤਾਣਿਆਂ ਦੇ ਤਾਣ, ਗੁਰੂ ਅਮਰਦਾਸ ਜੀ ਦੇ ਪਵਿੱਤਰ ਜੀਵਨ ਨੂੰ ਸਮਝਣ ਲਈ ਇਕ ਪੰਕਤੀ ਰਾਹੀਂ ਦੀਦਾਰ ਕਰੀਏ ਕਿ ਹੇ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਜੀ ! ਆਪ ਜੀ ਦੇ ਪਵਿੱਤਰ ਗੁਣ ਕਹੇ ਨਹੀਂ ਜਾ ਸਕਦੇ, ਬਸ ਇਹੋ ਹੀ ਕਹਿਣਾ ਬਣਦਾ ਹੈ ਕਿ ਇਕ ਗੱਲ ਯਾਦ ਰੱਖਣ ਯੋਗ ਹੈ ਕਿ ਇਹ ਭੱਟ ਗੁਰੂ ਕੁਲ ਵਿਚੋਂ ਨਹੀਂ, ਗੁਰਸਿੱਖਾਂ ਵਿਚੋਂ ਨਹੀਂ, ਬਲਕਿ ਰੱਬ ਦੇ ਰਾਹ ਨੂੰ ਲੱਭਦਿਆਂ ਲੱਭਦਿਆਂ ਪਹੁੰਚੇ ਸਨ। ਇਨ੍ਹਾਂ ਨੇ ਜੋ ਕੁਝ ਆਖਿਆ ਹੈ, ਕਿਸੇ ਖੁਸ਼ਾਮਦ ਪਖੋਂ ਨਹੀਂ ਬਲਕਿ ਹਿਰਦੇ ਦੀ ਪੱਟੀ 'ਤੇ ਉਕਰਿਆ ਸੱਚ, ਜ਼ੁਬਾਨ ਰਾਹੀਂ ਕਹਿ ਸੰਸਾਰ ਦੀ ਝੋਲੀ ਪਾਇਆ ਹੈ।

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥ ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥ ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੋੁ ਗਾਵੈ ॥ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥ (ਪੰਨਾ ੧੩੯੬)

ਆਉ ਵੀਚਾਰੀਏ ਕਿ ਗੁਰੂ ਅਮਰਦਾਸ ਸਾਹਿਬ ਜੀ ਦੇ ਗੁਣ ਵਾਕਿਆ ਹੀ ਭਲੇ ਹਨ।

ਬਾਬਾ ਤੇਜਭਾਨ ਜੀ ਦਾ ਘਰ ਬਾਸਰਕੇ ਨਗਰ ਵਿੱਚ ਪਵਿੱਤਰ ਹੋ ਗਿਆ। ਜਿਸ ਦਿਨ ਘਰ ਵਿੱਚ ਸਭ ਤੋਂ ਵੱਡੇ ਬਾਬਾ ਅਮਰਦਾਸ ਜੀ ਨੇ ਜਨਮ ਲਿਆ। ਨਿਰੰਕਾਰੀ ਜੋਤਿ ਨੂੰ ਹਿਰਦੇ ਵਿੱਚ ਟਿਕਣ ਲਈ ਪਹਿਲਾਂ ਤੋਂ ਹੀ ਜੀਵਨ ਦੀਆਂ ਰੁਚੀਆਂ ਧਾਰਮਿਕ ਸਨ। ਪ੍ਰਭੂ ਦੀ ਕ੍ਰਿਪਾ ਸਦਕਾ ਆਪ ਬਹੁਤ ਹੀ ਸਹਿਜ, ਧੀਰਜ ਅਤੇ ਉਚੇ ਖਿਆਲਾਂ ਦੇ ਮਾਲਕ ਸਨ। ਪਿਤਾ ਜੀ ਨੇ ਆਪਣੇ ਨਾਲ ਹੀ ਹੱਟੀ 'ਤੇ ਬਿਠਾ ਕੇ ਆਪਣਾ ਕੁਝ-ਕੁਝ ਭਾਰ ਬਾਬਾ ਅਮਰਦਾਸ ਜੀ ਦੇ ਮੋਢਿਆ 'ਤੇ ਪਾ ਦਿੱਤਾ। ਆਪਣੀ ਜ਼ਿੰਦਗੀ ਦੇ ਵਿਹੜੇ ਵਿਚੋਂ ਦੂਜਿਆਂ ਲਈ ਖੁਸ਼ੀਆਂ ਦੇ ਫੁੱਲ ਖਿੜਾਉਣੇ ਕਿਸੇ ਅਜਿਹੇ ਵਿਰਲੇ ਪੁਰਸ਼ ਦੇ ਹਿੱਸੇ ਆਇਆ ਕਰਦਾ ਹੈ। ਬਾਬਾ ਅਮਰਦਾਸ ਦਾਸ ਜੀ ਨੇ ਆਪਣੇ ਬਾਕੀ ਭਰਾਵਾਂ ਦੀਆਂ ਸ਼ਾਦੀਆਂ ਕਰਵਾ ਦਿੱਤੀਆਂ ਪਰ ਆਪ ਖ਼ਿਆਲ ਤਕ ਵੀ ਨਾ ਕੀਤਾ। ਪਿਤਾ ਤੇਜਭਾਨ ਜੀ ਕਿਵੇਂ ਸੁਖ ਦੀ ਨੀਂਦ ਸੌਂ ਸਕਦੇ ਸਨ। ਇਸ ਲਈ ਉਨ੍ਹਾਂ ਨੂੰ ਕਹਿ ਸੁਣ ਕੇ ਮਨਵਾ ਲਿਆ ਅਤੇ ਬਾਸਰਕੇ ਤੋਂ ਕਰੀਬ ਪੰਜਾਹ

ਸੱਠ ਮੀਲ ਦੀ ਵਿੱਥ 'ਤੇ ਵੱਸੇ ਨਗਰ ਸਨਖੁਤਾ ਵਿਖੇ ਦੇਵੀ ਚੰਦ ਜੀ ਦੇ ਘਰ ਜਨਮੀ ਲੜਕੀ ਮਨਸਾ ਦੇਵੀ ਜੀ ਨਾਲ ਵਿਆਹ ਕਰ ਦਿੱਤਾ। ਪ੍ਰਮੇਸ਼ਵਰ ਦੀ ਕਿਰਪਾ ਸਦਕਾ ਘਰ ਵਿੱਚ ਦੋ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਸ਼ਾਦੀ ਲੇਟ ਹੋਣ ਕਰਕੇ ਹੀ ਬੀਬੀ ਭਾਨੀ ਜੀ ਦੀ ਵੀ ਸ਼ਾਦੀ ਬਜ਼ੁਰਗ ਅਵੱਸਥਾ ਵਿਚ ਗੁਰੂ ਕਾਲ ਦੌਰਾਨ ਹੋਈ ਸੀ। ਹਰ ਪਖੋਂ ਜੀਵਨ ਭਾਵੇਂ ਖੁਸ਼ ਸੀ ਪਰ ਅੰਦਰੂਨੀ ਆਤਮਿਕ ਭੁੱਖ ਦੀ ਤ੍ਰਿਪਤੀ ਦਾ ਕੋਈ ਸਾਧਨ ਨਹੀਂ ਸੀ। ਇਸ ਲਈ ਜੋ ਕੁਝ ਵੀ ਉਸ ਵਕਤ ਸਾਧਨ ਸਨ ਕਿ ਪਵਿੱਤ੍ਰਤਾ ਅਤੇ ਧਾਰਮਿਕ ਕਾਰਜ ਸਮਝ ਕੇ ਆਮ ਲੋਕੀਂ ਤੀਰਥਾਂ ਤੋਂ ਹੀ ਸੰਤੁਸ਼ਟੀ ਭਾਲਦੇ ਸਨ। ਸੁਭਾਵਿਕ ਬਾਤ ਹੈ ਕਿ ਆਪ ਜੀ ਵੀ ਘਰ ਦਾ ਵਿਹਾਰ ਸੰਭਾਲ ਕੇ ਹਰਿਦੁਆਰ ਇਸ਼ਨਾਨ ਕਰਨ ਗਏ। ਰਸਤੇ ਵਿੱਚ ਮਾਲਕ ਦੀ ਯਾਦ, ਦੁਨੀਆਂ ਦੇ ਝਮੇਲਿਆਂ ਤੋਂ ਦੂਰ ਅਤੇ ਧਾਰਮਿਕ ਲੋਕਾਂ ਦੇ ਮਿਲਾਪ ਨੇ ਕੁਝ ਸੁੱਖ ਦਿੱਤਾ। ਇਸੇ ਸੁੱਖ ਦੇ ਕਾਰਨ ਮਨ ਬਣਾਇਆ ਕਿ ਹਰ ਛੇ ਮਹੀਨੇ ਇਸੇ ਤਰ੍ਹਾਂ ਧਰਮ ਦੇ ਲੇਖੇ ਲਾਉਣੇ ਹਨ। ਸੋ ਹਰ ਸਾਲ ਤੀਰਥ 'ਤੇ ਇਸ਼ਨਾਨ ਕਰਨ ਲਈ ਹਰਿਦੁਆਰ ਜਾਂਦੇ ਰਹੇ। ਵੀਹ ਵਾਰੀ ਭਾਵੇਂ ਹਰਿਦੁਆਰ ਗਏ ਪਰ ਅੰਦਰਲਾ ਹਾਲੇ ਵੀ ਦੁਹਾਈ ਦਿੰਦਾ ਸੀ ਕਿ ਹਰਿ ਦਾ ਦੁਆਰਾ ਹਾਲੇ ਤਕ ਵੀ ਨਸੀਬ ਨਹੀਂ ਹੋਇਆ। ਵੀਹਵੀਂ ਵਾਰੀ ਇਸ਼ਨਾਨ ਕਰਕੇ ਪਰਤ ਰਹੇ ਸਨ ਕਿ ਰਸਤੇ ਵਿੱਚ ਦੋ ਅਜੀਬ ਭਾਣੇ ਵਰਤੇ। ਪਹਿਲਾ ਇਹ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਦੁਰਗਾ ਦਾਸ ਦੇ ਘਰ ਕੁਝ ਸਮਾਂ ਆਰਾਮ ਲਈ ਰੁਕੇ। ਪ੍ਰਸ਼ਾਦਾ ਪਾਣੀ ਛੱਕ ਕੇ ਆਰਾਮ ਕਰ ਰਹੇ ਸਨ ਕਿ ਆਪਣੇ ਵਿਹਾਰਾਂ ਵਿੱਚ ਵਿਚਰਦੇ ਦੁਰਗਾ ਦਾਸ ਦੀ ਨਜ਼ਰ ਬਾਬਾ ਅਮਰਦਾਸ ਜੀ ਦੇ ਮੁਬਾਰਿਕ ਚਰਣਾਂ ਵਿਚ ਬਣੇ ਪਦਮ 'ਤੇ ਪੈ ਗਈ। ਦੁਰਗਾ ਦਾਸ ਉਦੋਂ ਤਾਂ ਕੁਝ ਨਾ ਬੋਲਿਆ ਪਰ ਜਦੋਂ ਬਾਬਾ ਜੀ ਕੁਝ ਮਾਇਆ ਦੇ ਕੇ ਜਾਣ ਦੀ ਤਿਆਰੀ ਕਰਨ ਲੱਗੇ ਤਦ ਦੁਰਗਾ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਅਮਰਦਾਸ ਜੀ ਆਪ ਜੀ ਦੇ ਮੁਬਾਰਿਕ ਸੱਜੇ ਚਰਣ ਵਿੱਚ ਪਦਮ ਹੈ। ਜਿਹੜਾ ਇਸ ਗੱਲ ਦਾ ਸੂਚਕ ਹੈ ਕਿ ਆਪ ਜੀ ਆਉਣ ਵਾਲੇ ਸਮੇਂ ਵਿੱਚ ਜਾਂ ਤਾਂ ਚੱਕਰਵਰਤੀ ਰਾਜੇ ਜਾਂ ਸੰਸਾਰ ਦੇ ਕਲਜੁੱਗੀ ਜੀਵਾਂ ਦੇ ਉਧਾਰ ਲਈ ਮਹਾਨ ਪੁਰਸ਼ ਪ੍ਰਗਟ ਹੋਵੋਗੇ। ਬਾਬਾ ਅਮਰਦਾਸ ਜੀ ਹੱਸ ਕੇ ਆਖਣ ਲੱਗੇ ਕਿ ਭਲਿਆ ਪੁਰਸ਼ਾ, ਜ਼ਿੰਦਗੀ ਦੀ ਬੇੜੀ ਨੇ ਅੱਧੋਂ ਵੱਧ ਸਫਰ ਤਹਿ ਕਰ ਲਿਆ ਹੈ। ਹੁਣ ਇਸ ਆਖਰੀ ਸਮੇਂ ਵਿੱਚ ਕੀ ਮਹਾਂ ਪੁਰਸ਼ ਬਣਨਾ ਤੇ ਕੀ ਰਾਜੇ ਬਣਨਾ ਹੈ। ਪਰ ਤੇਰੀ ਮਰਜ਼ੀ, ਇਸ ਵਾਰੀ ਤਾਂ ਨਹੀਂ ਅਗਲੀ ਵਾਰੀ ਮਾਲਕ ਨੇ ਸੁਆਸ ਬਖਸ਼ੇ ਤਾਂ ਹਰਿਦੁਆਰ ਜਾਂਦਿਆਂ ਮਾਇਆ ਦੇ ਜਾਵਾਂਗਾ। ਅੱਗੇ ਵੀ ਕਦੇ ਕਿਰਤ ਵਿਹਾਰ ਕਰਦਿਆਂ ਕਿਸੇ ਦਾ ਹੱਕ ਨਹੀਂ ਸਨ ਰੱਖਦੇ। ਸਾਰੇ ਜੀਵਨ ਉਪਰ ਝਾਤ ਮਾਰ ਕੇ ਹੀ ਭੱਟਾਂ ਨੇ ਬਚਨ ਆਖਿਆ

ਹੋਵੇਗਾ ਕਿ "***ਭਲੇ ਅਮਰਦਾਸ ਗੁਣ ਤੇਰੇ...***"

ਹਰਿਦੁਆਰ ਆਉਂਦਿਆਂ ਜਾਂਦਿਆਂ ਹਰ ਵਾਰੀ ਧਾਰਮਿਕ ਲੋਕਾਂ ਨਾਲ ਹੀ ਵਾਸਤਾ ਪੈਂਦਾ ਸੀ। ਇਸ ਵਾਰੀ ਵੀ ਇਕ ਬ੍ਰਹਮਚਾਰੀ ਵੈਸ਼ਨੂੰ ਨਾਲ ਪੰਧ ਤਹਿ ਕਰਨ ਲਈ ਸੰਗ ਪ੍ਰਾਪਤ ਹੋ ਗਿਆ। ਰਸਤੇ ਵਿੱਚ ਦੋਵੇਂ ਧਾਰਮਿਕ ਰੁਚੀਆਂ ਹੋਣ ਕਰਕੇ ਧਾਰਮਿਕ ਵੀਚਾਰਾਂ ਕਰਦੇ ਰਹੇ, ਇਕੱਠੇ ਛੱਕਦੇ ਛਕਾਉਂਦੇ ਰਹੇ। ਬਾਬਾ ਅਮਰ ਦਾਸ ਜੀ ਦੀ ਨਿਮਰਤਾ, ਦਇਆਲਤਾ ਅਤੇ ਨਿਰਮਲਤਾ ਦੇ ਸ਼ੁੱਭ ਗੁਣ ਤੱਕ ਕੇ ਵੈਸਨੂੰ ਬ੍ਰਹਮਚਾਰੀ ਇੰਨਾ ਪ੍ਰਭਾਵਿਤ ਹੋਇਆ ਕਿ ਪੁੱਛ ਬੈਠਾ ਕਿ ਆਪ ਜੀ ਦਾ ਗੁਰੂ ਕੌਣ ਹੈ ਜਿਸ ਕੋਲੋਂ ਇਤਨੇ ਸ਼ੁਭ ਗੁਣ ਸਿੱਖੇ ਹਨ? ਬਾਬਾ ਅਮਰਦਾਸ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ ਕਿ ਮੈਂ ਤਾਂ ਹਾਲੇ ਕੋਈ ਗੁਰੂ ਧਾਰਨ ਹੀ ਨਹੀਂ ਕੀਤਾ। ਬਾਬਾ ਅਮਰਦਾਸ ਜੀ ਲਈ ਇਹ ਗੱਲ ਭਾਵੇਂ ਮਾਮੂਲੀ ਸੀ ਪਰ ਸਾਧੂ ਨੇ ਇਹ ਗੱਲ ਸੁਣਦਿਆਂ ਸਾਰ ਹੀ ਸੰਬੰਧ ਹੀ ਨਹੀਂ ਤੋੜਿਆ ਬਲਕਿ ਬਚਨ ਵੀ ਆਖੇ ਕਿ ਹੇ ਭਗਵਾਨ! ਮੇਰਾ ਧਰਮ ਕਰਮ ਨਾਸ ਹੋ ਗਿਆ ਕਿਉਂਕਿ ਮੈਨੂੰ ਨਿਗੁਰੇ ਦਾ ਸੰਗ ਹੋ ਗਿਆ। ਬਾਬਾ ਅਮਰ ਦਾਸ ਜੀ ਭਾਵੇਂ ਕੁਝ ਹੋਰ ਜਾਣਨਾ ਚਾਹੁੰਦੇ ਸਨ ਪਰ ਉਸ ਬ੍ਰਹਮਚਾਰੀ ਨੇ ਕੋਈ ਗੱਲ ਨਾ ਸੁਣੀ, ਇਕ ਅਜਿਹੀ ਚਿਣਗ ਚਿੰਗਾਰੀ ਲਾ ਗਿਆ ਜਿਸ ਨੇ ਦਿਨ ਰਾਤ ਗੁਰੂ ਦੀ ਭਾਲ ਦੀ ਤੜਪ ਪੈਦਾ ਕਰ ਦਿੱਤੀ।

ਹਿਰਦੇ ਦੀ ਚਾਹਤ ਹੀ ਭਾਲ ਕਰਵਾਇਆ ਕਰਦੀ ਹੈ। ਜਿਵੇਂ ਕਿਸੇ ਨੇ ਸੋਨਾ ਖਰੀਦਣਾ ਹੋਵੇ ਤਾਂ ਅੱਖਾਂ ਸੁਨਿਆਰੇ ਦੀ ਦੁਕਾਨ ਭਾਲਦੀਆਂ ਹਨ। ਅੱਗੇ ਭਾਵੇਂ ਰੋਜ਼ ਉਥੋਂ ਦੀ ਹੀ ਰਾਹ ਹੋਵੇ ਪਰ ਕਦੇ ਧਿਆਨ ਨਹੀਂ ਕੀਤਾ। ਇਸੇ ਤਰ੍ਹਾਂ ਚਾਹਤ ਕੱਪੜਾ ਖਰੀਦਣ ਦੀ ਹੈ ਤਾਂ ਅੱਖਾਂ ਕੱਪੜੇ ਦੀ ਦੁਕਾਨ ਹੀ ਭਾਲਣਗੀਆਂ ਹੋਰ ਭਾਵੇਂ ਬਾਜ਼ਾਰ ਵਿੱਚ ਕੁਝ ਹੋਵੇ, ਕੋਈ ਵਾਸਤਾ ਨਹੀਂ ਕਿਉਂਕਿ ਚਾਹਤ ਕੱਪੜੇ ਦੀ ਹੈ। ਇਸੇ ਤਰ੍ਹਾਂ ਬਾਬਾ ਅਮਰ ਦਾਸ ਜੀ ਭਾਵੇਂ ਇਸ ਸਭ ਕੁਝ ਦੇ ਮਹੌਲ ਵਿੱਚ ਹੀ ਰਹਿੰਦੇ ਸਨ ਪਰ ਚਾਹਤ ਨਹੀਂ ਸੀ ਜਿਸ ਕਰਕੇ ਕਦੇ ਖਿਆਲ ਹੀ ਨਹੀਂ ਸੀ ਆਇਆ। ਪਰ ਹੁਣ ਵਾਪਿਸ ਘਰ ਪਰਤੇ ਨੀਂਦ ਉੱਡ ਗਈ। ਹੁਣ ਤਕ ਜ਼ਿੰਦਗੀ ਦੇ ਬੀਤੇ ਦਿਨ ਬੰਜਰ ਧਰਤੀ ਵਿੱਚ ਖਿਲਾਰੇ ਬੀਜ ਦੀ ਤਰ੍ਹਾਂ ਮਹਿਸੂਸ ਹੋਏ ਜਿਸਦਾ ਕੋਈ ਵੀ ਲਾਭ ਨਜ਼ਰ ਨਾ ਆਉਂਦਾ ਦਿਸਿਆ। ਸਰੀਰ 'ਤੇ ਲੱਗੀ ਸੱਟ ਤਾਂ ਕਿਸੇ ਤਰ੍ਹਾਂ ਚੈਨ ਦੇ ਵੀ ਦਿੰਦੀ ਹੈ ਪਰ ਮਨ 'ਤੇ ਆਇਆ ਜ਼ਖਮ ਤਾਂ ਸਗੋਂ ਚੈਨ ਗਵਾ ਦਿੰਦਾ ਹੈ। ਸਾਰੀ ਰਾਤ ਜਾਗਦਿਆਂ ਲੰਘ ਗਈ। ਸਵੇਰ ਹੋਣ ਉਪਰੰਤ ਉਠ ਖਲੋਤੇ। ਪਰ ਅੱਜ ਹਰ ਰੋਜ਼ ਦੀ ਤਰ੍ਹਾਂ ਆਉਂਦੀ ਆਵਾਜ਼ ਨੂੰ ਧਿਆਨ ਨਾਲ ਸੁਣਿਆ, ਕੁਝ ਚੈਨ ਪ੍ਰਾਪਤ ਹੋਇਆ। ਅੰਦਰੋਂ ਇਕ ਆਵਾਜ਼ ਆਈ ਕਿ ਤੇਰੇ ਮਨ ਦਾ ਦਾਰੂ ਇਨ੍ਹਾਂ ਬਚਨਾਂ ਵਿਚੋਂ ਮਿਲ ਸਕਦਾ ਹੈ। ਸਾਰਾ ਸ਼ਬਦ

ਹੀ ਮਾਨੋ ਆਪਣੀ ਵਿਧਿਆ ਦੇ ਆਧਾਰਿਤ ਲਿਖਿਆ ਸੀ। ਸ਼ਬਦ ਦੀ ਆਵਾਜ਼, ਜਿਵੇਂ ਹਿਰਨ ਨੂੰ ਘੰਡੇ ਹੇੜੇ ਦੀ ਆਵਾਜ਼ ਖਿੱਚ ਲੈ ਆਉਂਦੀ ਹੈ, ਖਿੱਚ ਲੈ ਆਈ, ਜਿਥੋਂ ਆਵਾਜ਼ ਆ ਰਹੀ ਸੀ, ਇਹ ਘਰ ਵੀ ਕੋਈ ਬੇਗਾਨਾ ਨਹੀਂ ਬਲਕਿ ਆਪਣੇ ਹੀ ਭਰਾ ਮਾਣਕ ਚੰਦ ਜੀ ਦਾ ਸੀ। ਜਿਸ ਦੇ ਪੁੱਤਰ ਭਾਈ ਸਜੂ ਜੀ ਨੂੰ ਗੁਰੂ ਅੰਗਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੇ ਹੋਏ ਸਨ। ਇਹੋ ਹੀ ਬੀਬੀ ਅਮਰੋ ਜੀ ਪਵਿੱਤਰ ਸ਼ਬਦ ਪੜ੍ਹ ਰਹੇ ਸਨ। ਕੋਲ ਆ ਕੇ ਬਾਬਾ ਅਮਰਦਾਸ ਜੀ ਨੇ ਆਪਣੀ ਹੀ ਭਤੀਜ ਨੂੰਹ ਕੋਲ ਹੱਥ ਜੋੜ ਬੇਨਤੀ ਕੀਤੀ ਕਿ ਇਹ ਸ਼ਬਦ ਇਕ ਵਾਰੀ ਫਿਰ ਪੜ੍ਹ ਕੇ ਸੁਣਾਉ। ਬੀਬੀ ਅਮਰੋ ਜੀ ਨੇ ਬੜੇ ਪਿਆਰ ਨਾਲ ਫਿਰ ਸਾਰਾ ਸ਼ਬਦ ਪੜ੍ਹਿਆ ਜਿਹੜਾ ਗੁਰੂ ਨਾਨਕ ਪਾਤਿਸ਼ਾਹ ਜੀ ਨੇ 'ਮਾਰੂ ਰਾਗ' ਵਿੱਚ ਉਚਾਰਿਆ ਸੀ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਾਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥(ਪੰਨਾ ੯੯੦)
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥

ਇਹ ਬਚਨ ਵਾਰ ਵਾਰ ਕਹਿੰਦਿਆਂ ਬਾਬਾ ਅਮਰਦਾਸ ਜੀ ਕਿਸੇ ਅਗੰਮੀ ਦੁਨੀਆਂ ਵਿੱਚ ਗੁਆਚ ਗਏ। ਆਖਰ ਵੈਰਾਗ ਨਾਲ ਭਾਰੀ ਹੋਏ ਗਲੇ ਨਾਲ ਕਹਿਣ ਲੱਗੇ, ਬੱਚੀ ਨਾਂ ਤਾਂ ਤੇਰਾ ਵੀ ਮੇਰੇ ਵਾਲਾ ਹੈ ਪਰ ਤੂੰ ਅਸਲ ਵਿੱਚ ਅਮਰ ਹੋ ਚੁੱਕੀ ਹੈਂ। ਮੈਂ ਤਾਂ ਕੇਵਲ ਨਾਮ ਦਾ ਹੀ ਅਮਰ ਹਾਂ। ਕਿਰਪਾ ਕਰਕੇ ਮੈਨੂੰ ਸੜ ਕੇ ਲੋਹਾ ਹੋਏ ਨੂੰ ਗੁਰੂ ਦੇ ਚਰਨਾਂ ਦੀ ਛੂਹ ਬਖਸ਼ ਦੇ। ਮੈਨੂੰ ਮੇਰੇ ਸਤਿਗੁਰੂ ਨਾਲ ਮਿਲਾ ਦੇ। ਬੀਬੀ ਅਮਰੋ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਿਤਾ ਜੀ, ਆਪ ਜੀ ਮਿਲ ਚੁੱਕੇ ਹੋ। ਬਲਕਿ ਗਲਵੱਕੜੀ ਪਾ ਕੇ ਮਿਲ ਚੁੱਕੇ ਹੋ, ਮੇਰੇ ਸਤਿਗੁਰੂ ਮਹਾਰਾਜ ਜੀ ਧੰਨ ਗੁਰੂ ਅੰਗਦ ਸਾਹਿਬ ਇਸ ਵਕਤ ਇਸ ਸ਼ਬਦ ਦੇ ਦਾਤੇ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਜੋਤਿ ਦੇ ਵਾਰਿਸ ਹਨ। ਬਾਬਾ ਅਮਰ

ਦਾਸ ਜੀ ਨੇ ਆਖਿਆ ਕਿ ਬੇਟੀ ਕੋਈ ਸ਼ੱਕ ਨਹੀਂ ਕਿ ਮੇਰੇ ਭਰਾ ਨੇ ਮੈਨੂੰ ਕੁੜਮ ਨਾਲ ਮਿਲਾਇਆ ਸੀ ਪਰ ਹੁਣ ਤੂੰ ਮੈਨੂੰ ਸਤਿਗੁਰੂ ਅੰਗਦ ਸਾਹਿਬ ਜੀ ਨਾਲ ਮਿਲਾ ਦਿਉ। ਉਦੋਂ ਤਾਂ ਸਿਰਫ ਕੁੜਮ ਨੂੰ ਹੀ ਮਿਲਿਆ ਸੀ, ਹੁਣ ਮੈਂ ਸਤਿਗੁਰੂ ਜੀ ਨੂੰ ਮਿਲਣਾ ਲੋਚਦਾ ਹਾਂ। ਕਿਰਪਾ ਕਰ ਦਿਉ, ਮੇਰੀ ਬੱਚੀ ਕਿਰਪਾ ਕਰ ਦਿਉ ! ਸਾਰੇ ਘਰ ਵਿੱਚ ਸਲਾਹ ਹੋਈ। ਬੀਬੀ ਅਮਰੋ ਜੀ ਬਾਬਾ ਅਮਰਦਾਸ ਜੀ ਨੂੰ ਲੈ ਕੇ ਖਡੂਰ ਸਾਹਿਬ ਆ ਪਹੁੰਚੇ। ਬਾਬਾ ਅਮਰਦਾਸ ਜੀ ਨੂੰ ਬਾਹਰ ਹੀ ਖਿਲਾਰ ਕੇ ਬੀਬੀ ਅਮਰੋ ਜੀ ਅੰਦਰ ਗਏ ਪਰ ਧੰਨ ਗੁਰੂ ਅੰਗਦ ਸਾਹਿਬ ਪਾਤਿਸਾਹ ਜੀ ਨੇ ਆਖਿਆ ਕਿ ਬੇਟੀ ਜਿਹੜਾ ਹੁਣ ਤਕ ਬਾਹਰ ਹੀ ਭਟਕਦਾ ਰਿਹਾ, ਉਸਨੂੰ ਹੁਣ ਵੀ ਬਾਹਰ ਹੀ ਛੱਡ ਆਈ ਏਂ, ਅੰਦਰ ਹੀ ਲੈ ਆ। ਇਹ ਗੱਲ ਵੀ ਯਾਦ ਰੱਖਣ ਯੋਗ ਹੈ ਕਿ ਜੇ ਧੰਨ ਗੁਰੂ ਨਾਨਕ ਸਾਹਿਬ ਜੀ ਬਾਬਾ ਲਹਿਣਾ ਜੀ ਦੀ ਉਡੀਕ ਕਰਦੇ ਸਨ ਤਦ ਧੰਨ ਗੁਰੂ ਅੰਗਦ ਸਾਹਿਬ ਜੀ ਵੀ ਇਸੇ ਜੋਤਿ ਦੇ ਮਾਲਕ ਹਨ, ਉਹ ਵੀ ਉਡੀਕ ਕਰਦੇ ਸਨ, ਇਸ ਜੋਤਿ ਦੇ ਵਾਰਿਸ ਦੀ। ਬਾਬਾ ਅਮਰਦਾਸ ਜੀ ਅੱਖਾਂ ਵਿੱਚ ਦੋ ਅੱਥਰੂ ਭੇਟਾ ਲੈ ਕੇ ਗੁਰੂ-ਦੀਦਾਰਾਂ ਲਈ ਗਏ। ਗੁਰੂ ਅੰਗਦ ਸਾਹਿਬ ਜੀ ਨੇ ਪਹਿਲਾਂ ਸਤਿਕਾਰ ਨਾਲ ਗਲਵਕੜੀ ਪਾਉਣੀ ਚਾਹੀ ਪਰ ਬਾਬਾ ਅਮਰਦਾਸ ਜੀ ਨੇ ਬੇਨਤੀ ਕੀਤੀ ਕਿ ਮੈਂ ਗਲਵਕੜੀ ਨਹੀਂ ਬਲਕਿ ਚਰਣਾਂ ਵਿੱਚ ਰਹਿਣ ਆਇਆ ਹਾਂ। ਕਿਰਪਾ ਕਰਕੇ ਆਪਣੇ ਚਰਣਾਂ ਵਿੱਚ ਨਿਵਾਸ ਬਖਸ਼ੋ ਜੀ। ਇਸ ਤਰ੍ਹਾਂ ਭਲੇ ਗੁਣਾਂ ਦੇ ਮਾਲਕ ਬਾਬਾ ਅਮਰ ਦਾਸ ਜੀ ਨੇ ਆ ਕੇ ਗੁਰੂ ਅੰਗਦ ਸਾਹਿਬ ਜੀ ਦੇ ਚਰਣਾਂ ਵਿੱਚ ਨਿਵਾਸ ਪਾ ਕੇ ਬੀਬੀ ਅਮਰੋ ਜੀ ਦਾ ਦਿਲੋਂ ਧੰਨਵਾਦ ਕੀਤਾ ਕਿ ਮੈਂ ਦੁਨੀ ਲਈ ਤਾਂ ਆਇਆ ਪਰ ਦੀਨ ਲਈ ਨਹੀਂ, ਬੱਚੀ ਤੂੰ ਧੰਨ ਹੈਂ ਜਿਸ ਦੀ ਕਿਰਪਾ ਸਦਕਾ ਮੈਂ ਦੀਨ ਦੀ ਪ੍ਰਾਪਤੀ ਕਰ ਲਵਾਂਗਾ।

ਦੁਨੀਆਂ ਦੇ ਅੰਦਰ ਸਭ ਤੋਂ ਵੱਧ ਹਨੇਰਾ ਅਗਿਆਨਤਾ ਅਤੇ ਸ਼ੰਕਿਆਂ ਦਾ ਹੈ ਜਿਸ ਕਰਕੇ ਗੁਰੂ ਅੰਗਦ ਸਾਹਿਬ ਜੀ ਦੇ ਹੀ ਬਚਨ ਹਨ ਕਿ ਭਾਵੇਂ ਸੌ ਚੰਦਰਮਾ ਆਕਾਸ਼ ਵਿੱਚ ਚੜ੍ਹ ਕੇ ਜਗਤ ਨੂੰ ਰੁਸ਼ਨਾ ਦੇਵੇ ਇਥੇ ਹੀ ਬਸ ਨਹੀਂ ਸੂਰਜ ਆਪਣੇ ਸਾਥੀ ਭਾਵ ਆਪਣੇ ਵਰਗੇ ਹੋਰ ਪੈਦਾ ਕਰ ਲਵੇ ਪਰ ਫਿਰ ਵੀ ਇਨ੍ਹਾਂ ਸ਼ੰਕਿਆਂ ਅਤੇ ਅਗਿਆਨਤਾ ਦੇ ਹਨੇਰੇ ਨੂੰ ਕੋਈ ਗੁਰੂ ਤੋਂ ਬਿਨਾਂ ਦੂਰ ਨਹੀਂ ਕਰ ਸਕਦਾ।

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਪੰਨਾ ੪੬੩)

ਬਾਬਾ ਅਮਰਦਾਸ ਜਿਨ੍ਹਾਂ ਦੇ ਹਿਰਦੇ ਵਿਚੋਂ ਸਭ ਤੋਂ ਪਹਿਲਾਂ ਸ਼ੰਕਾ ਮਿਟਾਉਣ ਲਈ ਅਤੇ ਇਹ ਦਰਸਾਉਣ ਲਈ ਕਿ ਗੁਰ- ਕਹਿਆ ਕਮਾ ਕੇ ਹੀ ਜੀਵਨ ਮੰਜ਼ਿਲ ਹਾਸਿਲ ਕਰ

ਸਕਦਾ ਹੈ। ਇਕ ਭਾਣਾ ਵਰਤਾਇਆ। ਬਾਬਾ ਅਮਰ ਦਾਸ ਜੀ ਪ੍ਰਸ਼ਾਦਾ ਛੱਕਣ ਪੰਗਤ ਵਿੱਚ ਬੈਠੇ ਤਦ ਕਹਿੰਦੇ ਹਨ ਕਿ ਮਨ ਵਿੱਚ ਸ਼ੰਕਾ ਪੈਦਾ ਹੋਇਆ ਤੇ ਪ੍ਰਤੀਤ ਹੋਣ ਲੱਗਾ ਜਿਵੇਂ ਪੰਕਤ ਵਿੱਚ ਮਹਾਂ ਪ੍ਰਸ਼ਾਦ ਵਰਤਦਾ ਹੋਵੇ, ਮੈਂ ਕਿਵੇਂ ਛਕਾਂਗਾ। ਦੂਜੀ ਗੱਲ ਭਗਤੀ ਕੀ ਤੇ ਇਹ ਖਾਣ ਕੀ ? ਅਕਲ ਤੇ ਇੱਸ਼ਕ ਦੀ ਲੜਾਈ ਹੋਈ ਪਰ ਅਕਲ ਹਾਰ ਗਈ, ਇੱਸ਼ਕ ਦੀ ਜਿੱਤ ਹੋਈ। ਮਨ ਬਣ ਗਿਆ ਕਿ ਜਦੋਂ ਗੁਰੂ ਦਰ ਆਪਣੇ ਆਪ ਨੂੰ ਭੇਟ ਹੀ ਕਰ ਦਿੱਤਾ ਫਿਰ ਸ਼ੰਕਾ ਕਿਸ ਗੱਲ ਦਾ ਕਰਨਾ ਹੈ । ਮਾਲਕ ਦੀ ਕ੍ਰਿਪਾ ਦਾ ਸਦਕਾ ਉਨ੍ਹਾਂ ਅੱਗੇ ਜਦੋਂ ਆਇਆ ਭੋਜਨ ਵੈਸ਼ਨੂੰ ਸੀ। ਤਨ ਭਾਵੇਂ ਪ੍ਰਸ਼ਾਦਾ ਛੱਕਦਾ ਸੀ ਪਰ ਮਨ ਗੁਰੂ ਤੋਂ ਬਲਿਹਾਰ ਬਲਿਹਾਰ ਜਾ ਰਿਹਾ ਸੀ ਅਤੇ ਆਤਮੇ ਦੀ ਆਵਾਜ਼ ਆ ਰਹੀ ਸੀ ਕਿ ਅੱਜ ਤੋਂ ਬਾਅਦ ਸ਼ੰਕਾ ਨਹੀਂ ਕਰਨਾ ਕਿਉਂਕਿ ਇਹ ਪੂਰਨ ਤੌਰ 'ਤੇ ਕਾਮਿਲ ਮੁਰਸ਼ਦ ਹਨ। ਧੰਨ ਹਨ ਬਾਬਾ ਅਮਰ ਦਾਸ ਜੀ ਜਿਨ੍ਹਾਂ ਨੇ ਸ਼ੰਕਾ ਖ਼ਤਮ ਕਰ ਮੁੜ ਪੈਦਾ ਨਹੀਂ ਹੋਣ ਦਿੱਤਾ। ਅਸਲ ਵਿੱਚ ਧਰਮ ਦੀ ਦੁਨੀਆਂ ਆਰੰਭ ਹੀ ਵਿਸ਼ਵਾਸ ਤੋਂ ਹੁੰਦੀ ਹੈ। ਬਾਰਾਂ ਸਾਲ ਸੇਵਾ ਕੀਤੀ ਪਰ ਇਕ ਦਿਨ ਵੀ ਸ਼ੰਕਾ ਨਹੀਂ ਹੋਇਆ ਕਿ ਜਦੋਂ ਸਾਰਾ ਕੰਮ ਖਡੂਰ ਸਾਹਿਬ ਦੇ ਪਾਣੀ ਨਾਲ ਹੁੰਦਾ ਹੈ ਪਰ ਕੇਵਲ ਇਕ ਇਸ਼ਨਾਨ ਵਾਸਤੇ ਹੀ ਪਾਣੀ ਬਿਆਸਾ ਤੋਂ ਕਿਉਂ ਲਿਆਉਣਾ ਹੈ।

ਗੁਰੂ ਇਕ ਗੋਰ ਦੀ ਨਿਆਈਂ ਹੈ ਜਿਸ ਦੀ ਅਭੇਦਤਾ ਲਈ ਬਹੁਤ ਜ਼ਰੂਰੀ ਹੈ ਕਿ ਸੇਵਕ ਮੁਰਦਾ ਬਣੇ ਕਿਉਂਕਿ ਜੇ ਕਰ ਇਕ ਅੱਧ ਸਾਹ ਵੀ ਬਾਕੀ ਹੋਵਣ ਤਾਂ ਮੁਰਦਾ ਗੋਰ ਵਿੱਚ ਨਹੀਂ ਸਮਾਉਂਦਾ। ਇਸ ਲਈ ਮੁਰਦਾ ਬਣਾਉਣ ਲਈ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਬਾਬਾ ਅਮਰ ਦਾਸ ਜੀ ਲਈ ਨਾ ਤਾਂ ਕੋਈ ਉਚੇਚਾ ਪ੍ਰਬੰਧ ਰਿਹਾਇਸ਼ ਦਾ ਕੀਤਾ, ਨਾ ਹੀ ਕਿਸੇ ਰਿਸ਼ਤੇਦਾਰੀ ਦੇ ਸਤਿਕਾਰ ਦਾ ਖ਼ਿਆਲ ਰੱਖਿਆ ਅਤੇ ਨਾ ਕਿਸੇ ਸੇਵਕ ਦੀ ਸੇਵਾ ਲਾਈ ਕਿ ਇਸ ਬਾਬੇ ਦੀ ਸੇਵਾ ਕਰਨੀ। ਕੁਝ ਵੀ ਨਹੀਂ। ਬਾਬਾ ਅਮਰ ਦਾਸ ਜੀ ਨੇ ਕੁਝ ਦਿਨ ਸਿੱਖਾਂ ਸੇਵਕਾਂ ਦੀ ਰੋਜ਼ਾਨਾ ਜ਼ਿੰਦਗੀ ਵੱਲ ਤੱਕਿਆ ਫਿਰ ਇਹ ਵੀ ਜਾਣਿਆਂ ਕਿ ਇਸ ਘਰ ਦੇ ਮੋਟੇ ਮੋਟੇ ਅਸੂਲ ਕੀ ਹਨ। ਹੈਰਾਨ ਹੋਏ ! ਜਦੋਂ ਇਹ ਬੋਧ ਹੋਇਆ ਕਿ ਸੇਵਾ ਦੀ ਦਾਤ ਨਾਲ ਬਾਬਾ ਲਹਿਣਾ ਜੀ ਧੰਨ ਗੁਰੂ ਅੰਗਦ ਸਾਹਿਬ ਬਣ ਗਏ। ਇਸ ਵੀਚਾਰ ਨੇ ਧੀਰਜ਼ ਦਿੱਤਾ ਕਿ ਹੁਣ ਰੁਖ ਭਾਵੇਂ ਕੰਧੀ 'ਤੇ ਹੈ ਪਰ ਸੇਵਾ ਕਰਕੇ ਮਾਲਕ ਦੇ ਘਰ ਮੂੰਹ ਵਿਖਾਲਣ ਯੋਗ ਗੁਰੂ ਕਰ ਹੀ ਦੇਵੇਗਾ। ਇਸ ਲਈ ਦੋ ਚੀਜ਼ਾਂ ਨਾਲ ਗੂੜ੍ਹੀ ਪ੍ਰੀਤ ਪਾ ਲਈ ; ਇਕ ਗਾਗਰ ਤੇ ਦੂਜਾ ਸਾਗਰ। ਗਾਗਰ ਆਪਣੇ ਆਪ ਨੂੰ ਸਮਝ ਲਿਆ ਤੇ ਸਾਗਰ ਗੁਰੂ ਅੰਗਦ ਸਾਹਿਬ ਜੀ ਨੂੰ। ਹਰ ਰੋਜ਼ ਅੰਮ੍ਰਿਤ ਵੇਲੇ ਦੀ ਸੇਵਾ ਸੰਭਾਲ ਲਈ, ਹਰ ਰੋਜ਼ ਬਿਆਸਾ 'ਤੇ ਜਾਣਾ। ਗਾਗਰ ਭਰ ਗੁਰਦੇਵ ਜੀ ਦਾ ਇਸ਼ਨਾਨ ਕਰਵਾਉਣਾ। ਸੇਵਾ ਦੇ

ਰਾਹ ਵਿੱਚ ਪ੍ਰਮੁੱਖ ਦੋ ਰੁਕਾਵਟਾਂ ਹਨ - ਪਹਿਲੀ ਮਾਇਆ ਅਤੇ ਦੂਜੀ ਮਾਣ ਵੱਡਿਆਈ। ਇਨ੍ਹਾਂ ਦੋਨਾਂ ਨੂੰ ਖਤਮ ਕਰਨ ਵਿਚ ਲੱਗ ਪਏ। ਬੀਜ ਧਰਤੀ ਵਿਚ ਰੁਲ ਕੇ ਹੀ ਬ੍ਰਿਛ ਬਣਦਾ ਹੈ। ਜਿਹੜਾ ਬੀਜ ਆਪਾ ਨਹੀਂ ਗਵਾਉਂਦਾ, ਉਹ ਬ੍ਰਿਛ ਵੀ ਨਹੀਂ ਬਣਦਾ। ਇਸ ਲਈ ਇਕ ਤਾਂ ਸੇਵਾ ਹਰ ਕੋਈ ਕਰ ਸਕਦਾ ਹੈ, ਉਹ ਹੈ ਤਨ ਦੀ ਸੇਵਾ ਪਰ ਤਨ ਦੀ ਸੇਵਾ ਦੇ ਨਾਲ ਨਾਲ ਮਨ ਦੀ ਸੇਵਾ ਕੋਈ ਵਿਰਲਾ ਹੀ ਕਰ ਸਕਦਾ ਹੈ। ਪਰ ਧੰਨ ਬਾਬਾ ਅਮਰ ਦਾਸ ਜੀ ਜਿਨ੍ਹਾਂ ਦੇ ਗੁਣਾਂ ਦਾ ਜ਼ਿਕਰ ਕਰਦੇ ਹੋਏ ਰਸਨਾ ਨੂੰ ਪਵਿੱਤ੍ਰਤਾ ਮਿਲ ਜਾਂਦੀ ਹੈ। ਇਨ੍ਹਾਂ ਨੇ ਤਨ ਦੀ ਵੀ ਸੇਵਾ ਕੀਤੀ ਅਤੇ ਨਾਲ ਹੀ ਮਨ ਦੀ ਵੀ ਸੇਵਾ ਕੀਤੀ। ਜਦੋਂ ਕੋਈ ਬੋਲ ਬੋਲਦਾ ਸੀ ਕਿ ਇਨ੍ਹਾਂ ਨੇ ਜਗੋਂ ਨਿਆਰੀ ਕਰ ਦਿਖਾਈ। ਕੁੜਮਾਂ ਦੇ ਫਕੀਰ ਰੋਟੀ ਦੇ ਟੁੱਕ ਪਿਛੇ ਹੱਡ ਰੋਲਦਾ ਫਿਰਦਾ ਹੈ। ਕਿਸੇ ਨੂੰ ਤਾਂ ਕੁਝ ਨਾ ਕਹਿਣਾ ਪਰ ਮਨ ਨੂੰ ਸਮਝਾ ਲੈਣਾ ਕਿ ਕਮਲਿਉ ਰੋਟੀ ਪਿੱਛੇ ਨਹੀਂ, ਮੈਂ ਤਾਂ ਦੀਨ ਪਿੱਛੇ, ਬਖਸ਼ਿਸ਼ ਪਿੱਛੇ, ਸੇਵਾ ਕਰਕੇ ਆਨੰਦ ਲੈਂਦਾ ਹਾਂ। ਬਾਬਾ ਅਮਰ ਦਾਸ ਜੀ ਦਾ ਤਨ ਵੀ ਸੇਵਾ ਵਿੱਚ ਸੀ, ਮਨ ਵੀ ਸੇਵਾ ਵਿੱਚ ਸੀ। ਤਦ ਹੀ ਤਾਂ ਹਿਰਦੇ ਦਾ ਸੱਚ ਭੱਟਾਂ ਦੀ ਜ਼ੁਬਾਨ 'ਤੇ ਆ ਕੇ ਪੁਕਾਰ ਉਠਿਆ ***"ਭਲੇ ਅਮਰਦਾਸ ਗੁਣ ਤੇਰੇ"***

ਬਾਬਾ ਅਮਰਦਾਸ ਜੀ ਨੂੰ ਕੁਝ ਸਮਾਂ ਸੇਵਾ ਕਰਦਿਆਂ ਗੁਜ਼ਰਿਆ ਤਦ ਇਕ ਵੱਡੀ ਘਟਨਾ ਨੇ ਸੇਵਾ ਦੀ ਹੋਰ ਜੁਗਤੀ ਬਖਸ਼ੀ। ਗੁਰੂ ਅੰਗਦ ਸਾਹਿਬ ਜੀ ਇਕ ਦਿਨ ਬੱਚਿਆਂ ਵਿੱਚ ਬੈਠ ਨਿਰਛਲ ਤੇ ਨਿਰਮਲ ਹਿਰਦਿਆਂ ਦੀ ਕੋਠੜੀ ਵਿਚੋਂ ਸੱਚੇ ਦਾ ਵਾਸ ਵੇਖ ਵੇਖ ਕੇ ਖੁਸ਼ ਹੋ ਰਹੇ ਸਨ ਕਿ ਸ਼ੇਰ ਸ਼ਾਹ ਸੂਰੀ ਕੋਲੋਂ ਭਾਂਜ ਖਾ ਕੇ ਹਮਾਯੂੰ ਆਇਆ। ਦਰਵੇਸ਼ਾਂ ਦੇ ਪਾਵਨ ਅੰਮ੍ਰਿਤ ਬੋਲ ਜ਼ਿੰਦਗੀ ਦੀਆਂ ਤਕਦੀਰਾਂ ਬਦਲ ਦੇਂਦੇ ਨੇ। ਇਸੇ ਆਸ ਨਾਲ ਦਰਸ਼ਨ ਕਰਨ ਸਾਹਿਬ ਜੀ ਦੇ ਹਜ਼ੂਰ ਆ ਗਿਆ। ਸਤਿਗੁਰੂ ਜੀ ਆਪਣੀ ਮਸਤੀ ਵਿੱਚ ਮਸਤ ਸਨ। ਹਮਾਯੂੰ ਨੇ ਤਲਵਾਰ ਕੱਢ ਲਈ ਤਦ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਮੁਖਾਰਬਿੰਦ ਘੁੰਮਾ ਕੇ ਬੜੇ ਸਹਿਜ ਨਾਲ ਬਚਨ ਆਖੇ ਕਿ ਜਿਥੇ ਤਲਵਾਰ ਦਾ ਕੰਮ ਸੀ, ਉਥੋਂ ਤਾਂ ਭੱਜ ਕੇ ਆ ਗਿਆ ਏਂ, ਤੇ ***"ਮਿਠਤੁ ਨੀਵੀ ਨਾਨਕਾ"*** ਦਾ ਹੋਕਾ ਦੇਣ ਵਾਲੇ ਘਰ ਵਿੱਚ ਤਲਵਾਰ ਕੱਢ ਖਲੋਤਾਂ। ਹਮਾਯੂੰ ਦਾ ਹੰਕਾਰ ਠੰਡਾ ਹੋਇਆ। ਕੀਤੀ ਭੁੱਲ ਦੀ ਖਿਮਾ ਮੰਗੀ। ਬਾਬਾ ਅਮਰ ਦਾਸ ਜੀ ਨੇ ਚੰਗੀ ਤਰ੍ਹਾਂ ਉਪਦੇਸ਼ ਧਾਰਨ ਕਰ ਲਿਆ ਕਿ ਇਸ ਘਰ ਵਿੱਚ ਬਾਲੜੇ ਸੁਭਾਅ ਵਾਲੇ ਕੋਲ ਤਾਂ ਗੁਰੂ ਜੀ ਆਪ ਆ ਕੇ ਬੈਠ ਜਾਂਦੇ ਹਨ। ਬੱਚਿਆਂ ਵਾਂਗ ਹੀ ਖੇਡਣ ਲੱਗ ਪੈਂਦੇ ਹਨ ਪਰ ਹਮਾਯੂੰ ਵਾਂਗੂ ਹੰਕਾਰੀ ਨੂੰ ਝਿੜਕਾਂ ਪੈਂਦੀਆਂ ਹਨ। ਜੇ ਕਰ ਕਬੂਲ ਹੋਣਾ ਹੈ ਤਾਂ ਆਪਣਾ ਸੁਭਾਅ ਬਾਲੜੇ ਵਰਗਾ ਬਣਾ, ਸੇਵਾ ਕਰ, ਸੇਵਕ

ਬਣ। ਇਥੇ ਹੰਕਾਰ ਨੂੰ ਠੋਕਰ ਤੇ ਨਿਮਰਤਾ ਨੂੰ ਗਲੇ ਲਾਇਆ ਜਾਂਦਾ ਹੈ। ਸੇਵਾ ਕਰਦਿਆਂ ਕਦੇ ਜ਼ਾਹਿਰ ਵੀ ਨਾ ਹੋਣ ਦਿੰਦੇ ਹਰ ਵਕਤ ਤਤਪਰ ਰਹਿੰਦੇ। ਕੋਈ ਪ੍ਰੇਮੀ ਕਹਿ ਵੀ ਦਿੰਦਾ ਕਿ ਬਾਬਾ ਜੀ ਕੁਝ ਸਮਾਂ ਆਰਾਮ ਕਰ ਲਵੋ ਕਿਉਂਕਿ ਪਹਿਲਾਂ ਇਸ਼ਨਾਨ ਲਈ ਪਾਣੀ ਲਿਆਉਂਦੇ ਹੋ, ਫਿਰ ਲੰਗਰ ਵਿੱਚ ਸੇਵਾ ਕਰਦੇ ਹੋ, ਫਿਰ ਜੂਠੇ ਬਰਤਨ ਮਾਂਜਦੇ ਹੋ, ਪੱਖਾ ਝੱਲਦੇ ਹੋ ਇਤਿਆਦਿਕ। ਬਾਬਾ ਅਮਰ ਦਾਸ ਜੀ ਨੇ ਹੱਥ ਜੋੜ ਕੇ ਪਿਆਰ ਨਾਲ ਕਹਿਣਾ ਕਿ ਭਾਈ ਮੇਰੀ ਤਾਂ ਥੋੜ੍ਹੀ ਜਿਹੀ ਰਹਿ ਗਈ ਹੈ। ਬਹੁਤੀ ਬਾਹਰ ਹੀ ਗੁਜ਼ਰ ਗਈ, ਹੁਣ ਇਹ ਹੀ ਲੇਖੇ ਲੱਗ ਜਾਏ, ਬਸ ਇਹੋ ਹੀ ਤਰਲਾ ਕਰਦਾ ਹਾਂ। ਸੇਵਾ ਕਰਨੀ ਤਾਂ ਬਹੁਤ ਮੁਸ਼ਕਿਲ ਹੈ, ਮੈਂ ਤਾਂ ਬੁਢਾਪਾ ਕੱਜਣਾ ਚਾਹੁੰਦਾ ਹਾਂ। ਧੰਨ ਗੁਰੂ ਅੰਗਦ ਸਾਹਿਬ ਜੀ ਮਹਾਰਾਜ ਜਾਣਦੇ ਸਨ ਜਿਨ੍ਹਾਂ ਨੇ ਅੱਜ ਮਾਣ ਗੁਆ ਕੇ ਸੇਵਾ ਕੀਤੀ, ਕੱਲ ਉਨ੍ਹਾਂ ਨੇ ਹੀ ਨਿਮਾਣਿਆਂ ਦਾ ਮਾਣ ਬਣਨਾ ਹੈ ਜਿਨ੍ਹਾਂ ਦੀ ਕੋਈ ਆਸ ਨਹੀਂ, ਉਨ੍ਹਾਂ ਨੇ ਹੀ ਬੇਆਸਿਆਂ ਨੂੰ ਆਸਾਂ ਬਖਸ਼ੀਆਂ ਹਨ। ਇਸ ਲਈ ਇਕ ਅਜੀਬ ਉਦਾਹਰਣ ਹੈ ਬਾਬਾ ਅਮਰ ਦਾਸ ਜੀ ਦੇ ਜੀਵਨ ਵਿੱਚ ਕਿ ਹਰ ਰੋਜ਼ ਬਿਆਸਾ ਕਿਨਾਰੇ ਪਾਣੀ ਭਰਨ ਜਾਂਦੇ ਸਨ ਪਰ ਉਸ ਬਿਆਸੇ ਨੂੰ ਜਿਸਦੀ ਕੋਈ ਆਸ ਭਾਵ ਸਹਾਰਾ ਨਹੀਂ, ਉਸੇ ਨੂੰ ਸੰਸਾਰ ਨਮਸਕਾਰਾਂ ਕਰਨ ਲੱਗ ਪੈਂਦਾ ਹੈ, ਜਦੋਂ ਯਾਦ ਕਰਦਾ ਹੈ ਕਿ ਬਿਆਸਾ ਦੇ ਕਿਨਾਰੇ ਧੰਨ ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲ ਸਾਹਿਬ ਵਸਾਇਆ ਸੀ। ਧੰਨ ਗੁਰੂ ਅੰਗਦ ਸਾਹਿਬ ਜੀ ਦੇ ਹੁਕਮ ਨਾਲ ਗੋਇੰਦਵਾਲ ਸਾਹਿਬ ਦੀ ਉਸਾਰੀ ਹੋ ਗਈ।

ਬਾਬਾ ਲਹਿਣਾ ਜੀ ਦੇ ਰੂਪ ਵਿੱਚ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸੇਵਾ ਕਰਦਿਆਂ ਇਕ ਦਿਨ ਬਾਬਾ ਲਹਿਣਾ ਜੀ ਗੋਡੀ ਕਰ ਰਹੇ ਸਨ। ਅਸਲ ਬੂਟੇ ਹੀ ਪੁੱਟੀ ਜਾਣ। ਗੁਰੂ ਨਾਨਕ ਸਾਹਿਬ ਜੀ ਨੇ ਕਿਰਪਾ ਕਰਕੇ ਪਹਿਚਾਣ ਕਰਵਾਈ ਕਿ ਅਸਲ ਬੂਟਿਆਂ ਦੀ ਤਾਂ ਪ੍ਰਵਰਿਸ਼ ਕਰਨੀ ਹੈ ਤੇ ਆਪੇ ਪੈਦਾ ਹੋਇਆਂ ਨੂੰ ਬਾਹਰ ਕੱਢਣਾ ਹੈ। ਉਹ ਸਮੁੱਚਾ ਤਜ਼ਰਬਾ ਗੁਰੂ ਅੰਗਦ ਸਾਹਿਬ ਜੀ ਬਣ ਜਾਣ 'ਤੇ ਵੀ ਆਖਰ ਕੋਲ ਹੀ ਸੀ। ਇਸ ਲਈ ਬਾਬਾ ਅਮਰ ਦਾਸ ਜੀ ਦੀ ਸੇਵਾ ਦੀ ਸ਼ਿੰਗਾਰੀ ਕਿਆਰੀ ਵਿੱਚ ਕਿਧਰੇ ਆਪੂੰ ਹੰਕਾਰ ਦੇ ਬੂਟੇ ਨਾ ਪੈਦਾ ਹੋ ਜਾਣ, ਇਹ ਵੀ ਗੋਡੀ ਕਰਕੇ ਕੱਢ ਦਿਆਂ ਤਾਂ ਕਿ ਹਰੀ ਦਾ ਸੇਵਕ ਹਰੀ ਵਰਗਾ ਹੀ ਬਣ ਜਾਏ। ਇਨ੍ਹਾਂ ਦਿਨਾਂ ਵਿੱਚ ਹੀ ਇਕ ਅਜੀਬ ਭਾਣਾ ਵਰਤ ਗਿਆ। ਬਾਬਾ ਅਮਰ ਦਾਸ ਜੀ ਨੂੰ ਕਿਸੇ ਕਾਰਜ ਵਾਸਤੇ ਬਾਸਰਕੇ ਭੇਜ ਦਿੱਤਾ। ਪਿੱਛੋਂ ਵਰਖਾ ਨਾ ਹੋਈ, ਸਾਰੇ ਨਗਰ ਖਡੂਰ ਸਾਹਿਬ ਤੇ ਇਲਾਕੇ ਵਿੱਚ ਕੁਰਲਾਹਟ ਮੱਚ ਗਈ ਕਿ ਜੇ ਵਰਖਾ ਨਾ ਹੋਈ ਤਾਂ ਖੇਤੀ ਉਜੜ ਜਾਏਗੀ। ਖਡੂਰ ਸਾਹਿਬ ਹੀ ਇਕ ਤਪਾ ਰਹਿੰਦਾ ਸੀ ਜਿਹੜਾ ਅਕਸਰ ਇਹ ਦੁੱਖ ਮਹਿਸੂਸ

ਕਰਦਾ ਰਹਿੰਦਾ ਸੀ ਕਿ ਮੇਰੀ ਪ੍ਰਤਿਸ਼ਟਾ ਗੁਰੂ ਅੰਗਦ ਸਾਹਿਬ ਜੀ ਨੇ ਘਟਾ ਦਿੱਤੀ ਹੈ। ਇਸ ਨੇ ਵਕਤ ਵੇਖ ਕੇ ਪ੍ਰਚਾਰ ਆਰੰਭ ਕਰ ਦਿੱਤਾ ਕਿ ਜੇ ਕਰ ਗ੍ਰਹਿਸਤੀ ਗੁਰੂ ਨੂੰ ਨਗਰੋਂ ਕੱਢ ਦਿੱਤਾ ਜਾਏ, ਤਦ ਮੈਂ ਮੀਂਹ ਪੁਆ ਸਕਦਾ ਹਾਂ। ਇਹ ਪ੍ਰਚਾਰ ਗੁਰੂ ਅੰਗਦ ਸਾਹਿਬ ਜੀ ਤਕ ਵੀ ਪਹੁੰਚਿਆ। ਨਗਰ ਦੇ ਕੁਝ ਲੋਕ ਉਨ੍ਹਾਂ ਕੋਲ ਗਏ। ਸਾਹਿਬ ਜੀ ਨੇ ਅੱਗੋਂ ਹੀ ਕਹਿ ਦਿੱਤਾ ਕਿ ਮੈਂ ਨਗਰ ਤਿਆਗ ਦਿੰਦਾ ਹਾਂ ਪਰ ਤੁਸੀ ਮੀਂਹ ਪਵਾ ਕੇ ਵਸ ਜਾਉ। ਮੈਂ ਉਜਾੜਾ ਨਹੀ ਦੇਖ ਸਕਦਾ। ਗੁਰੂ ਸਾਹਿਬ ਜੀ ਤਾਂ ਚਲੇ ਗਏ ਪਰ ਮੀਂਹ ਫਿਰ ਵੀ ਨਾ ਪਿਆ। ਵਾਰ ਵਾਰ ਤਪੇ ਨੂੰ ਕਹਿਣ ਪਰ ਉਸ ਕਲਪੇ ਹੋਏ ਨੇ ਕਿਹਾ ਕਿ ਮੈਂ ਕਿਹੜਾ ਵਰਖਾ ਮੁੱਠੀ ਵਿੱਚ ਬੰਦ ਕੀਤੀ ਹੋਈ ਹੈ। ਹੁਣ ਗੁਰੂ ਅੰਗਦ ਸਾਹਿਬ ਜੀ ਕੋਲ ਵੀ ਕਿਹੜਾ ਮੂੰਹ ਲੈ ਕੇ ਜਾਣ। ਆਖਰ ਬਾਬਾ ਅਮਰ ਦਾਸ ਜੀ ਆਏ, ਗੁਰੂ ਜੀ ਦੇ ਦੀਦਾਰ ਨਾ ਪਾ ਕੇ ਕਾਰਨ ਪੁੱਛਿਆ। ਨਗਰ ਦੇ ਧਰਮੀ ਪੁਰਸ਼ਾਂ ਨੇ ਬੜੇ ਦੁੱਖ ਨਾਲ ਸਾਰੀ ਵਾਰਤਾ ਸੁਣਾਈ। ਬਾਬਾ ਅਮਰ ਦਾਸ ਜੀ ਨੇ ਆਖਿਆ ਕਿ ਇਸ ਤਰ੍ਹਾਂ ਕਰੋ ਕਿ ਸੂਰਜ ਛਿਪਣ ਤੋਂ ਪਹਿਲਾਂ ਤਪੇ ਨੂੰ ਜਿੱਥੇ ਵੀ ਲੈ ਜਾਵੋਗੇ, ਉਥੇ ਹੀ ਵਰਖਾ ਹੋ ਜਾਵੇਗੀ। ਸਾਰਿਆਂ ਨੇ ਤਪੇ ਨੂੰ ਧੂਹ-ਧੂਹ ਕੇ ਵਰਖਾ ਕਰਵਾ ਕੇ ਤਪੇ ਦੀ ਜਿੰਦਗੀ ਦਾ ਅੰਤ ਕਰ ਦਿੱਤਾ। ਪਰ ਜਦੋਂ ਬਾਬਾ ਅਮਰ ਦਾਸ ਜੀ ਗੁਰੂ ਅੰਗਦ ਸਾਹਿਬ ਜੀ ਦੀ ਹਾਜ਼ਰੀ ਵਿੱਚ ਪਹੁੰਚੇ ਤਦ ਗੁਰੂ ਅੰਗਦ ਸਾਹਿਬ ਜੀ ਨੇ ਪਿੱਠ ਕਰ ਲਈ। ਬਾਬਾ ਅਮਰ ਦਾਸ ਜੀ ਨੇ ਬੇਨਤੀ ਕੀਤੀ ਕਿ ਮੈਨੂੰ ਕਾਰਨ ਤਾਂ ਦੱਸੋ ਸਾਹਿਬ ਜੀ, ਤਦ ਗੁਰੂ ਸਾਹਿਬ ਜੀ ਨੇ ਇਹੋ ਹੀ ਬਚਨ ਕਹੇ ਸਨ ਕਿ ਭਾਈ ! ਗੁਰੂ ਨਾਨਕ ਸਾਹਿਬ ਜੀ ਦੇ ਦਰ 'ਤੇ ਕਿਸ ਗੱਲ ਦੀ ਕਮੀ ਹੈ ਪਰ ਇਥੇ ਤਾਂ ਦਾਤ ਪਾ ਕੇ ਸੰਭਾਲਣ ਦੀ ਵੀ ਜਾਚ ਸਿੱਖਣੀ ਪੈਂਦੀ ਹੈ ਤਦ ਜਾ ਕੇ ਕੱਸਵਟੀ 'ਤੇ ਪੂਰਾ ਉਤਰਿਆ ਜਾ ਸਕਦਾ ਹੈ। ਬਾਬਾ ਅਮਰਦਾਸ ਜੀ ਨੇ ਮੁੜ ਕਦੇ ਦਾਤ ਸਮਾ ਕੇ ਪ੍ਰਗਟ ਨਾ ਹੋਣ ਦਿੱਤੀ। ਇਸੇ ਕਰਕੇ ਗੁਰੂ ਅਰਜਨ ਸਾਹਿਬ ਜੀ ਨੇ ਮਗਰੋਂ ਪਵਿੱਤਰ ਬਚਨ ਅੰਕਿਤ ਕਰ ਦਿੱਤੇ ਕਿ

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

ਬਾਬਾ ਅਮਰ ਦਾਸ ਜੀ ਦੀ ਸੇਵਾ ਵੱਲ ਤੱਕ ਕੇ ਹਰ ਕੋਈ ਇਹੋ ਹੀ ਕਹਿੰਦਾ ਸੀ ਕਿ ਹੁਣ ਸੇਵਾ ਸਰੀਰ ਨਹੀਂ ਕਰਦਾ ਬਲਕਿ ਪ੍ਰੇਮ ਪ੍ਰੀਤੀ ਸੇਵਾ ਕਰਵਾ ਰਹੀ ਹੈ। ਸਰੀਰ ਤਾਂ ਭਾਵੇ ਗਾਗਰ ਨਾ ਚੁੱਕ ਸਕਦਾ ਪਰ ਪ੍ਰੇਮ ਤੇ ਇੱਸ਼ਕ ਅੰਮ੍ਰਿਤ ਵੇਲੇ ਉਠਾ ਗਾਗਰ ਹੱਥ ਪਕੜਾ ਬਿਆਸੇ ਦੇ ਰਾਹ ਤੋਰ ਦਿੰਦਾ ਸੀ। ਇਸ ਦੀ ਪ੍ਰਤੱਖ ਮਿਸਾਲ ਵਰਤੀ ਜਦੋਂ ਕਿ ਇਕ ਦਿਨ ਪਾਣੀ ਦੀ ਗਾਗਰ ਭਰ ਕੇ ਲੈ ਕੇ ਆ ਰਹੇ ਸਨ ਕਿ ਅਚਾਨਕ ਰਾਹ ਵਿੱਚ ਪੈਂਦੇ ਇਕ ਜੁਲਾਹੇ ਦੀ ਤਾਣੀ ਦੀ ਕਿੱਲੀ ਨਾਲ ਪੈਰ ਅਟਕ ਗਿਆ ਜਿਸ ਕਰਕੇ ਡਿੱਗ ਪਏ। ਅਚਾਨਕ ਹੀ

ਜਿਵੇਂ ਅਕਸਰ ਖੜਾਕ ਸੁਣ ਕੇ ਆਵਾਜ਼ ਮਾਰ ਦਿੰਦੇ ਹਾਂ, ਤਦ ਜੁਲਾਹੇ ਨੇ ਵੀ ਕਹਿ ਦਿੱਤਾ ਕਿ ਕੌਣ ਹੈ ਬਈ ? ਤਦ ਜੁਲਾਹੀ ਨੇ ਜਵਾਬ ਦਿੱਤਾ ਕਿ ਕੋਈ ਨਹੀਂ ਹੋਣਾ ਇਸ ਵੇਲੇ ਤਾਂ ਅਮਰੂ ਨਿਥਾਵਾਂ ਹੀ ਹੋਵੇਗਾ ਜਿਹੜਾ ਦਿਨ ਰਾਤ ਆਰਾਮ ਨਹੀਂ ਕਰਦਾ, ਨਾ ਕਰਨ ਦਿੰਦਾ ਹੈ, ਠੋਕਰਾਂ ਖਾਂਦਾ ਫਿਰਦਾ ਹੈ ਬੁੱਢੇ ਵਾਰੇ। ਉਠਦਿਆਂ-ਉਠਦਿਆਂ ਸਾਰੀ ਗੱਲ ਕੰਨਾਂ ਵਿੱਚ ਪੈ ਗਈ ਤੇ ਸੁਭਾਵਿਕ ਹੀ ਇਕ ਬਚਨ ਕਿਹਾ ਕਿ ਕਮਲੀਏ ! ਮੈਂ ਕੋਈ ਨਿਥਾਵਾਂ ਨਹੀਂ ਬਲਕਿ ਮੇਰਾ ਥਾਂ ਤਾਂ ਕਦੇ ਨਾ ਬਿਨਸਣ ਵਾਲਾ ਗੁਰੂ ਦੇ ਚਰਣਾਂ ਵਿੱਚ ਹੈ। ਸਵੇਰੇ ਦੀਵਾਨ ਲੱਗਿਆ। ਬਾਬਾ ਅਮਰ ਦਾਸ ਜੀ ਤਾਂ ਸੇਵਾ ਵਿੱਚ ਲੱਗੇ ਹੋਏ ਸਨ ਤਦ ਜੁਲਾਹੇ ਨੇ ਆ ਕੇ ਬੇਨਤੀ ਕੀਤੀ ਕਿ ਆਪਣੇ ਭਗਤਾਂ ਦੀ ਰਸਨਾ 'ਤੇ ਵਸਣ ਵਾਲਿਆ ! ਤੇਰੇ ਸੇਵਕ ਦੇ ਇਕ ਬਚਨ ਨਾਲ ਮੇਰੀ ਘਰ ਵਾਲੀ ਕਮਲੀ ਹੋ ਗਈ ਹੈ ਜਿਸ ਦਾ ਇਲਾਜ ਕੇਵਲ ਆਪ ਜੀ ਦੀ ਇਕ ਰਹਿਮਤ ਭਰੀ ਨਦਰ ਹੈ, ਕਿਰਪਾ ਕਰੋ। ਜੁਲਾਹੀ ਤਾਂ ਠੀਕ ਹੋ ਗਈ ਕਿਰਪਾ ਸਦਕਾ। ਪਰ ਬਾਬਾ ਅਮਰਦਾਸ ਜੀ ਨੂੰ ਬੁਲਾ ਕੇ ਪੁੱਛਿਆ ਤਦ ਧੰਨ ਗੁਰੂ ਅੰਗਦ ਸਾਹਿਬ ਜੀ ਨੇ ਆਖਿਆ ਕਿ ਪੁਰਖਾ ਜਿਹੜਾ ਡਿੱਗ ਕੇ ਉਠੱਣ ਦੀ ਜਾਚ ਸਿੱਖ ਲੈਂਦਾ ਹੈ, ਉਹੋ ਹੀ ਦੁਨੀਆ ਵਿੱਚ ਧੰਨ ਹੈ ! ਨਹੀਂ ਤਾਂ ਜਿਹੜੇ ਡਿੱਗ ਪਏ, ਉਹ ਉਠ ਨਾ ਸਕੇ, ਆ ਮੈਂ ਤੇਰੀ ਡਿਊਟੀ ਹੀ ਲਗਾ ਦਿਆਂ, ਜਿਹੜੇ ਵੀ ਡਿੱਗੇ ਹੋਏ ਹਨ, ਉਨ੍ਹਾਂ ਨੂੰ ਕਿਰਪਾ ਕਰਕੇ ਉਠਾ। ਕੋਈ ਵਿਕਾਰਾਂ ਵਿੱਚ ਡਿੱਗ ਪਿਆ ਹੈ, ਕੋਈ ਮਾਇਆ ਦੀ ਗਹਿਰੀ ਖਾਈ ਵਿੱਚ ਡਿੱਗ ਪਿਆ ਹੈ, ਕੋਈ ਈਰਖਾ, ਕੋਈ ਅਹੰਕਾਰ ਤੇ ਕੋਈ ਮੋਹ ਮਮਤਾ ਦੇ ਸਮੁੰਦਰ ਵਿੱਚ ਡਿੱਗਿਆ ਹੋਇਆ ਹੈ। ਇਨ੍ਹਾਂ ਸਾਰਿਆਂ ਨੂੰ ਉਠਾ ਦੇਵੀਂ। ਉਹੋ ਗਾਗਰ ਚੁੱਕ ਪਾਣੀ ਦੀ ਭਰ ਮੰਗਵਾਈ। ਇਸ਼ਨਾਨ ਕਰਵਾ ਕੇ ਸੁੰਦਰ ਬਸਤਰ ਪਹਿਨਾ ਕੇ ਸਾਹਮਣੇ ਤਖਤ 'ਤੇ ਬੈਠ ਕੇ ਨੇਤਰ ਬੰਦ ਕਰ ਲਏ। ਇਨ੍ਹਾਂ ਬੰਦ ਨੇਤਰਾਂ ਦੇ ਸਮੇਂ ਗੁਰੂ ਨਾਨਕ ਸਾਹਿਬ ਜੀ ਵਲੋਂ ਬਖਸ਼ੀ ਹੋਈ ਜੋਤਿ ਧੰਨ ਗੁਰੂ ਅਮਰ ਦਾਸ ਜੀ ਦੇ ਹਿਰਦੇ ਵਿੱਚ ਟਿਕਾ ਕੇ ਆਪ ਤਖ਼ਤ ਤੋਂ ਥੱਲੇ ਉਤਰ ਕੇ ਮੱਥਾ ਟੇਕ ਦਿੱਤਾ। ਸਾਰਿਆਂ ਸਿੱਖਾਂ ਸੇਵਕਾਂ ਨੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਨੇ ਗੁਰੂ ਸ਼ਬਦ ਦਾ ਤਿਲਕ ਬਖਸ਼ਿਆ ਭਾਵ ਗੁਰੂ ਨਾਨਕ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਖਜ਼ਾਨਾ ਭਗਤ ਬਾਣੀ ਅਤੇ ਗੁਰੂ ਅੰਗਦ ਸਾਹਿਬ ਜੀ ਦੀ ਬਾਣੀ ਦੇ ੬੨ ਸਲੋਕ - ਇਹ ਸਾਰੀ ਅਲਾਹੀ ਦਾਤ ਗੁਰੂ ਅਮਰਦਾਸ ਜੀ ਦੀ ਝੋਲੀ ਪਾ ਦਿੱਤੀ। ਪੁੱਤਰਾਂ ਨੇ ਵਿਰੋਧ ਕੀਤਾ ਪਰ ਇਹ ਤਾਂ ਸੇਵਕ ਦੀ ਵਸਤੂ ਸੀ, ਸਾਰੇ ਕਿਰਿਆ ਕ੍ਰਮ ਕਰਕੇ ਇਸ ਮਗਰੋਂ ਗੁਰੂ ਅੰਗਦ ਸਾਹਿਬ ਜੀ ਜੋਤੀ ਜੋਤ ਸਮਾ ਗਏ। ਗੁਰੂ ਅਮਰਦਾਸ ਜੀ ਸਿੱਖੀ ਦੇ ਤੀਸਰੇ ਕੇਂਦਰ ਗੋਇੰਦਵਾਲ ਸਾਹਿਬ ਆ ਗਏ। ਗੁਰੂ ਸਿੱਖ ਸੇਵਕ ਦਾ ਕੇਵਲ ਪਲਤ ਹੀ ਨਹੀਂ ਬਲਕਿ ਹਲਤ ਵੀ ਸੰਵਾਰਦਾ ਹੈ,

ਜਿਸ ਕਰਕੇ ਗੁਰੂ ਅਮਰਦਾਸ ਜੀ ਮਹਾਰਾਜ ਨੇ ਜਿੱਥੇ ਅਧਿਆਤਮਿਕ ਉਪਦੇਸ਼ਾਂ ਨਾਲ ਅਨੇਕਾਂ ਜਗਿਆਸੂਆਂ ਦੀ ਜਗਿਆਸਾ ਪੂਰੀ ਕੀਤੀ, ਉਥੇ ਸਮੇਂ ਮੁਤਾਬਿਕ ਸੋਚ ਵੀਚਾਰ ਕਰਕੇ ਅਨੇਕਾਂ ਲੋੜਵੰਦਾਂ ਲਈ ਨਵੇਂ ਘਰ ਆਦਿਕ ਬਣਵਾਉਣ ਦਾ ਪ੍ਰਬੰਧ ਕੀਤਾ। ਗੁਰੂ ਅੰਗਦ ਸਾਹਿਬ ਜੀ ਜੋਤੀ ਜੋਤ ਸਮਾਉਣ ਵੇਲੇ ਅਨੇਕਾਂ ਅਸੀਸਾਂ ਦੇ ਨਾਲ ਨਾਲ ਗੁਰੂ ਅਮਰ ਦਾਸ ਮਹਾਰਾਜ ਜੀ ਨੂੰ ਨਿਘਰਿਆਂ ਦੇ ਘਰ ਦਾ ਬਚਨ ਵੀ ਕਹਿ ਗਏ ਸਨ ਜਿਨ੍ਹਾਂ ਦਾ ਕਿਧਰੇ ਕੋਈ ਆਸਰਾ ਸਹਾਰਾ ਨਹੀਂ ਤੇ ਐਸੇ ਲੋਕਾਂ ਦਾ ਘਰ ਗੁਰੂ ਅਮਰ ਦਾਸ ਜੀ ਦੀ ਪਵਿੱਤਰ ਨਗਰੀ ਵਿੱਚ ਵੀ ਨਾ ਹੋਵੇ ਤੇ ਫਿਰ ਦੁਨੀਆਂ ਦੇ ਤਖ਼ਤੇ 'ਤੇ ਹੋਰ ਕਿਥੇ ਹੋਵੇਗਾ। ਇਸ ਗੁਰੂ ਅਮਰਦਾਸ ਜੀ ਨੇ ਕਿਰਪਾ ਕਰਕੇ ਭਾਈ ਸਾਵਣ ਮੱਲ ਜੀ ਜਿਹੜੇ ਦੁਨਿਆਵੀ ਰਿਸ਼ਤੇ ਪੱਖੋਂ ਵੀ ਧੰਨ ਗੁਰੂ ਅਮਰਦਾਸ ਜੀ ਦੇ ਭਤੀਜੇ ਲੱਗਦੇ ਸਨ, ਨੂੰ ਲੱਕੜ ਲਈ ਕੁਝ ਬਖਸ਼ਿਸ਼ਾਂ ਆਦਿਕ ਨਾਲ ਨਿਵਾਜ਼ ਕੇ ਹਰੀਪੁਰ ਰਿਆਸਤ ਵਿਚ ਭੇਜ ਦਿੱਤਾ। ਇਸ ਇਲਾਕੇ ਵਿੱਚ ਲੋਕ ਪ੍ਰਮੇਸ਼ਵਰ ਦੇ ਦਰ ਤੋਂ ਟੁੱਟ ਕੇ ਅਨੇਕਾਂ ਤਰ੍ਹਾਂ ਦੇ ਕਰਮ ਕਾਂਡ ਕਰਨ ਵਿੱਚ ਲੱਗੇ ਹੋਏ ਸਨ। ਜਿਸ ਸਮੇਂ ਭਾਈ ਸਾਵਨ ਮੱਲ ਜੀ ਪਹੁੰਚੇ ਤਾਂ ਇਥੋਂ ਦੇ ਲੋਕਾਂ ਨੇ ਇਕਾਦਸ਼ੀ ਦਾ ਵਰਤ ਰੱਖਿਆ ਹੋਇਆ ਸੀ। ਭਾਈ ਸਾਵਨ ਮੱਲ ਜੀ ਨੇ ਤਾਂ ਗੁਰੂ ਅਮਰਦਾਸ ਜੀ ਮਹਾਰਾਜ ਦੇ ਅੰਮ੍ਰਿਤ ਬਚਨਾਂ 'ਤੇ ਪਹਿਰਾ ਦੇਣਾ ਸੀ ਕਿ "*ਭਗਤਾ ਕੀ ਚਾਲ ਨਿਰਾਲੀ ਚਾਲਾ ਨਿਰਾਲੀ ਭਗਤਾ ਕੇਰੀ ਬਿਖਮ ਮਾਰਗ ਚਲਣਾ ॥*" ਭਗਤਾਂ ਦੀ ਜੀਵਨ ਬਸਰ ਕਰਨ ਦੀ ਚਾਲ ਹੀ ਵੱਖਰੀ ਕਿਸਮ ਦੀ ਹੁੰਦੀ ਹੈ। ਭਾਈ ਸਾਵਨ ਮੱਲ ਜੀ ਨੇ ਕੋਈ ਵਰਤ ਨਾ ਰੱਖ ਕੇ ਬਲਕਿ ਪ੍ਰਸ਼ਾਦਾ ਪਾਣੀ ਬਣਾ ਕੇ ਆਵਾਜ਼ ਵੀ ਦਿੱਤੀ। ਇਸ ਗੱਲ ਦਾ ਪਤਾ ਸਹਿਜੇ-ਸਹਿਜੇ ਇਥੋਂ ਦੇ ਰਾਜੇ ਨੂੰ ਲੱਗ ਗਿਆ। ਹੁਕਮ ਅਦੂਲੀ ਦੇ ਦੋਸ਼ ਅਧੀਨ ਗ੍ਰਿਫਤਾਰ ਕਰਕੇ ਦੂਸਰੇ ਦਿਨ ਦੀ ਤਾਰੀਕ ਪਾ ਕੇ ਹੁਕਮ ਕੀਤਾ ਕਿ ਕੱਲ ਦਰਬਾਰ ਵਿੱਚ ਹਾਜ਼ਰ ਕਰੋ। ਦੂਜੇ ਦਿਨ ਹਾਜ਼ਰ ਕੀਤਾ ਭਾਈ ਸਾਹਿਬ ਜੀ ਨੇ ਬਹੁਤ ਹੀ ਸੁਚੱਜੇ ਤਰੀਕੇ ਨਾਲ ਸਾਰੇ ਸੁਆਲਾਂ ਦਾ ਜਵਾਬ ਦਿੱਤਾ ਕਿ ਅਸੀ ਵੀ ਵਰਤ ਰੱਖਦੇ ਹਾਂ ਪਰ ਤੁਹਾਡੇ ਵਾਂਗੂ ਨਿਰਾ ਅੰਨ ਦਾ ਨਹੀਂ ਬਲਕਿ ਮਨ ਦਾ ਵਿਕਾਰਾਂ ਵਾਲੇ ਪਾਸੇ ਤੋਂ ਰੋਕਣ ਲਈ ਹਰ ਵਕਤ ਸੰਜਮੀ ਬ੍ਰਿਤੀ ਨਾਲ ਵਿਚਰਦੇ ਹਾਂ ਜਿਸਨੂੰ ਅਸੀਂ ਵਰਤ ਆਖਦੇ ਹਾਂ। ਕਈ ਘਟਨਾਵਾਂ ਐਸੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਨਾਲ ਜ਼ਿੰਦਗੀ ਦੇ ਵਹਿਣਾਂ ਦੇ ਰੁਖ ਬਦਲ ਜਾਇਆ ਕਰਦੇ ਹਨ। ਇਸੇ ਤਰ੍ਹਾਂ ਹੀ ਅਚਾਨਕ ਰਾਜੇ ਦਾ ਪੁੱਤਰ ਕਿਸੇ ਤਰ੍ਹਾਂ ਮੁਰਦਾ ਹੋ ਗਿਆ। ਕੁਝ ਸਿਆਣੇ ਦਰਬਾਰੀਆਂ ਨੇ ਸਮਝਾਇਆ ਕਿ ਵਰਤ ਰੱਖਣਾ ਸਾਡੇ ਧਰਮ ਦਾ ਅੰਗ ਹੈ ਪਰ ਭਾਈ ਸਾਵਨ ਮੱਲ ਜੀ ਦਾ ਨਹੀਂ, ਉਸ ਨੂੰ ਜ਼ਬਰੀ ਸਜ਼ਾ ਦੇ ਕੇ ਕਹਿਰ ਕਮਾ ਰਹੇ ਹੋ, ਜਿਸ ਕਰਕੇ ਤੁਹਾਡੇ ਪੁੱਤਰ 'ਤੇ ਕਸ਼ਟ ਬਣ ਗਿਆ ਹੈ। ਰਾਜੇ ਨੂੰ ਸਮਝ ਲੱਗ

ਗਈ। ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਰਾਜੇ ਨੇ ਭਾਈ ਸਾਵਣ ਮੱਲ ਜੀ ਨੂੰ ਆਜ਼ਾਦ ਕਰ ਦਿੱਤਾ। ਸਰਬਤ ਦਾ ਭਲਾ ਮੰਗਣ ਵਾਲੇ ਸਿੱਖ ਨੂੰ ਜਦੋਂ ਰਾਜੇ ਦੇ ਪੁੱਤਰ ਬਾਰੇ ਪਤਾ ਲੱਗਾ ਤਦ ਪ੍ਰੀਤਮ ਦੇ ਚਰਣਾਂ ਵਿੱਚ ਅਰਦਾਸ ਕੀਤੀ, ਜਿਸ ਦਾ ਸਦਕਾ ਰਾਜ ਕੁਮਾਰ ਨੂੰ ਦੇਹ ਅਰੋਗਤਾ ਨਸੀਬ ਹੋਈ। ਰਾਜਾ ਤਾਂ ਫਿਰ ਗੁਰੂ ਘਰ ਦਾ ਸ਼ਰਧਾਲੂ ਸੇਵਕ ਬਣ ਗਿਆ, ਲੱਕੜ ਵੀ ਭੇਜ ਦਿੱਤੀ ਅਤੇ ਆਪ ਵੀ ਦਰਸ਼ਨ ਕਰਨ ਚਲਾ ਗਿਆ। ਰਾਜੇ ਦੀਆਂ ਰਾਣੀਆਂ ਵੀ ਨਾਲ ਹੀ ਸਨ। ਪ੍ਰਸ਼ਾਦ ਪਾਣੀ ਪਾ ਦੀਦਾਰ ਕਰਨ ਗਿਆ ਤਦ ਨਿਹਾਲ ਹੋ ਗਿਆ ਪਰ ਸਾਰੀਆਂ ਤੋਂ ਛੋਟੀ ਰਾਣੀ ਜਿਸ ਦੀ ਜੁਆਨੀ ਦੀ ਉਮਰ ਅਤੇ ਜੋਬਨ ਨੇ ਸ਼ਰਧਾ ਦੀ ਥਾਂ 'ਤੇ ਸ਼ੰਕਾ ਪੈਦਾ ਕਰ ਦਿੱਤੀ। ਸ਼ਰਧਾ ਨੇੜੇ ਕਰ ਦਿੰਦੀ ਹੈ ਪਰ ਸ਼ੰਕਾ ਦੂਰ ਕਰ ਦਿੰਦਾ ਹੈ ਜਿਸ ਕਰਕੇ ਗੁਰੂ ਜੀ ਦੇ ਦਰਸ਼ਨ ਕਰਨ ਲੱਗੀ ਨੇ ਪੱਲਾ ਕਰ ਲਿਆ ਤਦ ਪ੍ਰੀਤਮ ਸੱਚੇ ਪਾਤਿਸ਼ਾਹ ਜੀ ਨੇ ਸੁਭਾਵਿਕ ਹੀ ਪੁੱਛਿਆ ਕਿ ਇਹ ਬੱਚੀ ਕੌਣ ਹੈ ਜਿਸਨੂੰ ਗੁਰੂ ਦਾ ਦੀਦਾਰ ਵੀ ਨਹੀ ਭਾਉਂਦਾ। ਫਿਰ ਕਮਲੀ ਗੁਰੂ ਘਰ ਕੀ ਕਰਨ ਆਈ ਸੀ ? ਨਿੰਰਕਾਰ ਦੀ ਲੀਲਾ, ਇਹ ਬੱਚੀ ਕਮਲੀ ਹੋ ਕੇ ਜੰਗਲਾਂ ਨੂੰ ਭੱਜ ਗਈ। ਗੁਰੂ ਘਰ ਦੀ ਅਥਾਹ ਸੇਵਾ ਕਰਨ ਵਾਲੇ ਅਤੇ ਹਰ ਪਲ ਆਪਣੀ ਰਸਨਾ ਤੋਂ ਸੱਚ ਨਿਸੱਚ ਆਖਣ ਕਾਰਨ ਇਨ੍ਹਾਂ ਨੂੰ ਹਰ ਸ਼ਰਧਾਲੂ ਸੱਚ ਨਿਸੱਚ ਦੇ ਨਾਂ ਨਾਲ ਹੀ ਪੁਕਾਰਦਾ ਸੀ। ਹਰ ਰੋਜ਼ ਲੱਕੜ ਲੈਣ ਜੰਗਲ ਜਾਣਾ, ਇਕ ਦਿਨ ਇਹ ਸੁਧ ਬੁੱਧ ਗਵਾ ਚੁੱਕੀ ਹਰੀ ਪੁਰ ਦੇ ਰਾਜੇ ਦੀ ਸਭ ਤੋਂ ਛੋਟੀ ਰਾਣੀ ਭਾਈ ਸੱਚ ਨਿਸੱਚ ਜੀ ਦੇ ਕੋਲ ਆ ਕੇ ਚੱਕ ਮਾਰ ਕੇ ਅਤੇ ਹੋਰ ਕਮਲਿਆਂ ਵਾਲੀਆਂ ਹਰਕਤਾਂ ਕਰਨ ਲੱਗ ਪਈ। ਭਾਈ ਸੱਚ ਨਿਸੱਚ ਜੀ ਨੇ ਕਿਸੇ ਤਰ੍ਹਾਂ ਬਚ ਬਚਾ ਕੇ ਗੁਰੂ ਜੀ ਦੇ ਚਰਣਾਂ ਵਿੱਚ ਪਹੁੰਚ ਕੇ ਸਾਰੀ ਵਾਰਤਾ ਕਹਿ ਸੁਣਾਈ ਤਦ ਗੁਰੂ ਅਮਰਦਾਸ ਜੀ ਨਿਮਾਣਿਆਂ ਦੇ ਮਾਣ ਨੇ ਦੂਜੇ ਦਿਨ ਬਚਨ ਆਖੇ ਕਿ ਜੇ ਕਰ ਅੱਜ ਵੀ ਉਹ ਬੱਚੀ ਆਈ ਤਦ ਅਰਦਾਸ ਕਰ ਦੇਵੀਂ। ਭਾਈ ਸਾਹਿਬ ਜੀ ਜਦੋਂ ਲੱਕੜਾਂ ਲੈਣ ਗਏ ਤਦ ਉਸ ਰਾਣੀ ਦੇ ਕੇਸ ਖੁੱਲ੍ਹੇ, ਡਰਾਉਣੀ ਸ਼ਕਲ ਦੀ ਮਾਲਕ ਤਾਂ ਬਣ ਗਈ ਸੀ ਕਿਉਂਕਿ ਹੰਕਾਰੀ ਪੁਰਖ ਹਮੇਸ਼ਾਂ ਠੋਕਰਾਂ ਖਾ ਕੇ ਹੀ ਸਿੱਧੇ ਰਾਹੇ ਪੈਂਦੇ ਹਨ, ਭਾਈ ਸਾਹਿਬ ਜੀ ਨੇ ਆਪਣੇ ਵੱਲ ਆਉਂਦੀ ਤੱਕ ਕੇ ਅਰਦਾਸ ਕੀਤੀ। ਰਾਣੀ ਨੂੰ ਹੋਸ਼ ਪਰਤ ਆਈ। ਬਸਤਰ ਹੀਣ ਹੋਣ ਕਰਕੇ ਸ਼ਰਮਸਾਰ ਹੋਣ ਲੱਗੀ ਤਦ ਭਾਈ ਸਾਹਿਬ ਜੀ ਨੇ ਆਪਣੇ ਕੋਲੋਂ ਚਾਦਰ ਪਾ ਕੇ ਗੁਰੂ ਘਰ ਲੈ ਆਂਦੀ। ਗੁਰੂ ਅਮਰ ਦਾਸ ਮਹਾਰਾਜ ਜੀ ਨੇ ਹੱਸ ਕੇ ਆਖਿਆ ਕਿ ਭਾਈ ਸਾਹਿਬ ਜੀ ਚਾਦਰ ਕਿਸ ਦਿੱਤੀ ਹੈ ? ਰਾਣੀ ਨੇ ਆਖਿਆ ਕਿ ਇਨ੍ਹਾਂ ਨੇ ਹੀ ਦਿੱਤੀ ਹੈ ਤਦ ਸਾਹਿਬ ਜੀ ਨੇ ਆਖਿਆ ਕਿ ਸਾਡੇ ਸਮਾਜ ਅੰਦਰ ਚਾਦਰ ਪਾਉਣ ਦਾ ਅਰਥ ਵੀ ਸ਼ਾਦੀ ਕਰਨਾ ਹੀ ਹੈ। ਗੁਰੂ ਘਰ ਦੀ ਰਸਮ ਅਨੁਸਾਰ ਬਾਕੀ ਸਾਰੀ

ਰੀਤ ਕਰਕੇ ਭਾਈ ਸੱਚ ਨਿਸੱਚ ਤੇ ਰਾਣੀ ਦੀ ਜੋੜੀ ਬਣਾ ਕੇ ਗੁਰੂ ਘਰ ਦੀ ਸੇਵਾ ਵਿੱਚ ਲਾ ਦਿੱਤੀ ਕਿਉਂਕਿ ਰਾਜਾ ਤਾਂ ਕਮਲੀ ਜਾਣ ਕੇ ਛੱਡ ਗਿਆ ਸੀ। ਇਸੇ ਲਈ *"ਭਲੇ ਅਮਰ ਦਾਸ ਗੁਣ ਤੇਰੇ...*"

ਦੂਜੇ ਪਾਸੇ ਸਾਵਨ ਮੱਲ ਜੀ ਗੁਰੂ ਜੀ ਦੀਆਂ ਬਖਸ਼ਿਸ਼ਾਂ ਨਾਲ ਮਨੁੱਖਤਾ ਦੀ ਸੇਵਾ ਕਰਨ ਦੀ ਥਾਂ ਆਪਣੀ ਤਾਕਤ ਜਾਣ ਕੇ ਆਪਣੀ ਹੀ ਪ੍ਰਤਿਸ਼ਟਾ ਲਈ ਵਰਤਣ ਲੱਗ ਪਿਆ ਜਿਸ ਕਰਕੇ ਗੁਰੂ ਅਮਰ ਦਾਸ ਜੀ ਮਹਾਰਾਜ ਨੇ ਪਹਿਲਾਂ ਤਾਂ ਸੁਨੇਹੇ ਭੇਜੇ ਪਰ ਜਦੋਂ ਸਾਵਨ ਮੱਲ ਜੀ ਨੇ ਪਰਵਾਹ ਨਾ ਕੀਤੀ ਤਾਂ ਸਾਰੀ ਤਾਕਤ ਤੋਂ ਖਾਲੀ ਹੋ ਗਿਆ। ਅਧਿਆਤਮਿਕ ਤਾਕਤ ਤਾਂ ਕੇਵਲ ਗੁਰੂ ਜੀ ਦੇ ਸਨਮੁੱਖ ਰਹਿ ਕੇ ਹੀ ਮਾਣੀ ਜਾ ਸਕਦੀ ਹੈ। ਪਰ ਜਦੋਂ ਕੋਈ ਆਪਣੇ ਹੀ ਭਾਣੇ ਅਨੁਸਾਰ ਰਾਹ ਅਖਤਿਆਰ ਕਰ ਲਵੇ ਤਦ ਪਿਆਰ ਦੀ ਥਾਂ ਖੁਆਰ ਹੀ ਹੁੰਦਾ ਹੈ। ਗੁਰੂ ਅਮਰਦਾਸ ਜੀ ਦੇ ਹੀ ਅੰਮ੍ਰਿਤ ਬੋਲ ਹਨ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥(ਪੰਨਾ ੬੦੧)

ਸਾਵਨ ਮੱਲ ਸਰੀਰ ਕਰਕੇ ਹੀ ਗੁਰੂ ਘਰ ਵਾਪਸ ਨਹੀਂ ਆਇਆ ਬਲਕਿ ਹੋਸ਼ ਸੁਰਤ ਕਰਕੇ ਵੀ ਆਪਣੀ ਗਲਤੀ ਦਾ ਅਹਿਸਾਸ ਕਰਨ ਲੱਗਾ। ਨਿਤਾਪ੍ਰਤੀ ਗੁਰੂ ਸੰਗਤਾਂ ਦੇ ਜੂਠੇ ਬਰਤਨ ਮਾਂਜਣ ਲੱਗ ਗਿਆ। ਭਲੇ ਗੁਣਾਂ ਦੇ ਮਾਲਕ ਗੁਰੂ ਅਮਰ ਦਾਸ ਜੀ ਨੇ ਇਕ ਦਿਨ ਆਪ ਹੀ ਜਾ ਕੇ ਸਿਰ 'ਤੇ ਅਸੀਸਾਂ ਭਰਿਆ ਹੱਥ ਰੱਖ ਕੇ ਹਿਰਦੇ ਵਿਚੋਂ ਵਗਦੇ ਖੁਦ ਨੂੰ ਖੁਦਾ ਦਾ ਰੂਪ ਬਣਾ ਕੇ ਦਿਖਾ ਦਿੱਤਾ ਤੇ ਸੱਚ ਦਾ ਪਾਂਧੀ ਬਣਾ ਰੱਬੀ ਰਾਹ 'ਤੇ ਤੋਰ ਦਿੱਤਾ ਤਦ ਹੀ ਤਾਂ ਇਹ ਬਚਨ ਪੜ੍ਹਦੇ ਹਾਂ - *"ਭਲੇ ਅਮਰਦਾਸ ਗੁਣ ਤੇਰੇ...*"

ਗੋਇੰਦਵਾਲ ਸਾਹਿਬ ਜੀ ਦੀ ਨਗਰੀ ਕੇਵਲ ਨਵੀਆਂ ਇਮਾਰਤਾਂ ਕਰਕੇ ਹੀ ਨਹੀਂ ਬਲਕਿ ਗੁਰੂ ਅਮਰਦਾਸ ਜੀ ਦੇ ਪਵਿੱਤਰ ਨਿਵਾਸ ਕਰਕੇ "ਗੋਇੰਦਵਾਲ ਗੋਬਿੰਦਪੁਰੀ" ਸਮ ਬਣ ਗਈ ਸੀ। ਜਿਥੋਂ ਦੇ ਦੀਦਾਰ ਪਾ ਕੇ ਹਰ ਗੁਰਸਿੱਖ ਆਪਣਾ ਜੀਵਨ ਸਫਲ ਸਮਝਦਾ ਸੀ। ਇਕ ਵਾਰੀ ਡੱਲੇ ਨਗਰੀ ਦੇ ਵਾਸੀ ਭਾਈ ਪਾਰੋ ਜੀ ਗੁਰੂ ਜੀ ਦੇ ਦੀਦਾਰਾਂ ਲਈ ਆ ਰਹੇ ਸਨ ਕਿ ਰਸਤੇ ਵਿੱਚ ਪੈਂਦੇ ਬਿਆਸਾ ਦਰਿਆ ਦਾ ਵੀ ਪ੍ਰਵਾਹ ਨਾ ਕਰਦੇ ਹੋਏ ਇਸ ਭਰੋਸੇ ਨਾਲ ਪਾਰ ਲੰਘ ਗਏ ਕਿ ਜਿਹੜਾ ਗੁਰੂ ਭਵ -ਸਾਗਰ ਤੋਂ ਪਾਰ ਕਰ ਦਿੰਦਾ ਹੈ, ਉਹ ਇਨ੍ਹਾਂ ਦਰਿਆਵਾਂ ਵਿੱਚ ਸਿੱਖ ਨੂੰ ਕਿਵੇਂ ਡੁੱਬਣ ਦੇ ਸਕਦਾ ਹੈ। ਅਚਾਨਕ ਉਸੇ ਹੀ ਦਿਨ ਜਲੰਧਰ ਦਾ ਨਵਾਬ ਵੀ ਆਪਣੀ ਫੌਜ ਸਮੇਤ ਬਿਆਸਾ ਦਾ ਪਾਣੀ ਚੜ੍ਹਿਆ ਹੋਣ ਕਰਕੇ ਉਤਰਨ ਦੀ ਉਡੀਕ ਕਰ ਰਿਹਾ ਸੀ। ਆਪਣੇ ਵਲੋਂ ਸਿਆਣਾ ਜਾਣ ਕੇ ਹਦਾਇਤ ਕਰਨ ਲੱਗਾ ਕਿ ਭਾਈ

ਸਾਹਿਬ ਇਤਨਾ ਕਿਹੜਾ ਜ਼ਰੂਰੀ ਕੰਮ ਸੀ ਕਿ ਤੁਸੀਂ ਪਾਣੀ ਦੇ ਵਹਾ ਨੂੰ ਹੌਲੀ ਹੋਣ ਦੀ ਵੀ ਉਡੀਕ ਨਹੀਂ ਕਰ ਸਕੇ ? ਭਾਈ ਪਾਰੋ ਜੀ ਨੇ ਦੱਸਿਆ ਕਿ ਗੁਰੂ ਦੀਦਾਰਾਂ ਦੀ ਪਿਆਸ ਵਾਲੇ ਵਾਸਤੇ ਇਕ ਇਕ ਪਲ ਵੀ ਦੁੱਖਾਂ ਵਿੱਚ ਗੁਜ਼ਰਦੀ ਹੈ ਜਿਸ ਕਰਕੇ ਮੈਂ ਬਹੁਤਾ ਸਬਰ ਨਹੀਂ ਕਰ ਸਕਿਆ। ਭਾਈ ਸਾਹਿਬ ਦੇ ਸਿਦਕ ਨੇ ਅਬਦੁਲਾ 'ਤੇ ਅਜਿਹਾ ਅਸਰ ਕੀਤਾ ਕਿ ਉਹ ਵੀ ਫ਼ੌਜਾਂ ਆਦਿਕ ਦਾ ਸਾਰਾ ਪ੍ਰਬੰਧ ਸੰਭਾਲ ਕੇ ਆਪ ਗੁਰੂ ਜੀ ਦੇ ਦਰਸ਼ਨ ਪਾ ਸ਼ਰਧਾਲੂ ਬਣਿਆ। ਭਲੇ ਗੁਣਾਂ ਵਾਲੇ ਸਤਿਗੁਰੂ ਜੀ ਦੇ ਸਿੱਖ ਸੇਵਕ ਵੀ ਤਾਂ ਅਤਿ ਦੇ ਭਲੇ ਗੁਣਾਂ ਵਾਲੇ ਹੀ ਹੋਣਗੇ ਜਿਹੜੇ ਹੋਰਾਂ ਨੂੰ ਵੀ ਗੁਰੂ ਚਰਨਾਂ ਨਾਲ ਜੋੜ ਦਿੰਦੇ ਹਨ। ਆਓ ਫਿਰ ਆਪਾਂ ਵੀ ਸ਼ਰਧਾ ਨਾਲ ਪੜ੍ਹੀਏ "***ਭਲੇ ਅਮਰਦਾਸ ਗੁਣ ਤੇਰੇ...***"

ਗੁਰੂ ਅਮਰ ਦਾਸ ਜੀ ਮਹਾਰਾਜ ਦੇ ਜੀਵਨ ਕਾਲ ਵਿੱਚ ਦੋ ਤਪਿਆਂ ਦਾ ਜ਼ਿਕਰ ਆਉਂਦਾ ਹੈ। ਇਕ ਗੁਰੂ ਪਦਵੀ ਤੋਂ ਪਹਿਲਾਂ ਇਕ ਗੁਰੂ ਬਣਨ ਤੋਂ ਮਗਰੋਂ। ਭਾਵ ਇਕ ਖਡੂਰ ਸਾਹਿਬ ਦਾ ਤਪਾ ਅਤੇ ਦੂਜਾ ਗੋਇੰਦਵਾਲ ਸਾਹਿਬ ਵਿਖੇ ਰਹਿੰਦਾ ਤਪਾ ਸੀ। ਇਹ ਤਪਾ ਵੀ ਸੱਚ ਦਾ ਧਾਰਨੀ ਨਾ ਹੋ ਕੇ ਪਾਖੰਡ ਦੇ ਆਸਰੇ ਆਪਣੀ ਸ਼ੋਭਾ ਵਧਾ ਕੇ ਲੋਕਾਂ ਨੂੰ ਆਪਣੇ ਭਰਮ ਜਾਲ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਸੀ ਤਾਂ ਕਿ ਮਨ ਮਰਜ਼ੀ ਨਾਲ ਲੁੱਟ ਸਕਾਂ। ਪਰ ਜਿਥੇ ਭਲਿਆਂ ਦਾ ਵਾਸਾ ਹੋਵੇ ਉਥੇ ਕੂੜਾਂ ਦਾ ਟਿਕਾਣਾ ਨਹੀਂ ਹੋਇਆ ਕਰਦਾ। ਗੁਰੂ ਅਮਰ ਦਾਸ ਜੀ ਨੇ ਇਕ ਦਿਨ ਗੁਰਸਿੱਖਾਂ ਦੀਆਂ ਅਰਦਾਸਾਂ ਕਾਰਨ ਅਤੇ ਤਪੇ ਨੂੰ ਪਰਮਾਰਥ ਦਾ ਬੋਧ ਬਖਸ਼ਣ ਲਈ ਇਕ ਚੋਜ਼ ਵਰਤਾਇਆ। ਗੁਰੂ ਅਮਰ ਦਾਸ ਜੀ ਨੇ ਹੁਕਮ ਜਾਰੀ ਕੀਤਾ ਕਿ ਜਿਹੜਾ ਅੱਜ ਪੰਗਤ ਵਿੱਚ ਪ੍ਰਸ਼ਾਦਾ ਸੰਗਤਾਂ ਨਾਲ ਮਿਲ ਕੇ ਛਕੇਗਾ। ਉਸਨੂੰ ਇਕ ਮੋਹਰ ਦਿੱਤੀ ਜਾਵੇਗੀ। ਪਰ ਤਪਾ ਨਾ ਆਇਆ। ਸਤਿਗੁਰੂ ਜੀ ਨੇ ਸਹਿਜੇ ਸਹਿਜੇ ਪੰਜ ਮੋਹਰਾਂ ਕਰ ਦਿੱਤੀਆਂ ਅਤੇ ਬਚਨ ਕੀਤਾ ਕਿ ਅੱਜ ਆਖਰੀ ਦਿਨ ਹੈ। ਤਪੇ ਦੇ ਅੰਦਰ ਪਾਖੰਡ ਦੇ ਪਰਦੇ ਵਿੱਚ ਛੁਪੇ ਹੋਏ ਉਸ ਲੋਭ ਲਾਲਚ ਨੇ ਨੰਗਾ ਹੋ ਕੇ ਨੱਚਣਾ ਚਾਹਿਆ ਪਰ ਫਿਰ ਵੀ ਕੁਝ ਪਰਦੇ ਦਾ ਆਸਰਾ ਲਿਆ, ਆਪਣਾ ਪੁੱਤਰ ਕੰਧ ਟਪਾ ਕੇ ਚੋਰੀ ਭੇਜਣ ਲੱਗਾ। ਕੰਧ ਉੱਚੀ ਹੋਣ ਕਰਕੇ ਬੱਚੇ ਕੋਲੋਂ ਚੰਗੀ ਤਰ੍ਹਾਂ ਟੱਪਿਆ ਨਾ ਗਿਆ ਜਿਸ ਕਰਕੇ ਲੱਤ ਟੁੱਟ ਗਈ। ਬੱਚੇ ਦੀ ਹਾਲ ਦੁਹਾਈ ਕਾਰਨ ਅਨੇਕਾਂ ਸੰਗਤਾਂ ਦਾ ਇਕੱਠ ਹੋ ਗਿਆ। ਇਸੇ ਇਕੱਠ ਵਿੱਚ ਹੀ ਬੱਚੇ ਨੇ ਤਪੇ ਦੀ ਅੰਦਰੂਨੀ ਲਾਲਚੀ ਬ੍ਰਿਤੀ ਦਾ ਭਾਂਡਾ ਭੰਨ ਦਿੱਤਾ। ਗੁਰੂ ਰਾਮ ਦਾਸ ਜੀ ਮਹਾਰਾਜ ਨੇ 'ਗਉੜੀ ਰਾਗੁ' ਅੰਦਰ ਬੜਾ ਸੁੰਦਰ ਕਥਨ ਕੀਤਾ ਕਿ ਪਾਖੰਡ ਕਦੇ ਭਲੇ ਗੁਣਾਂ ਦੀ ਬਰਾਬਰੀ ਨਹੀਂ ਕਰ ਪਾਉਂਦਾ

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥

ੴ

ਭਲੇ ਪੁਰਖਾਂ ਨਾਲ ਭਲਿਆਈ ਕਰਨਾ ਤਾਂ ਸੰਸਾਰਕ ਰੀਤ ਹੀ ਚਲੀ ਆਈ ਹੈ। ਭਲਿਆਂ ਦਾ ਤਾਂ ਹਰ ਕੋਈ ਭਲਾ ਕਰ ਸਕਦਾ ਹੈ। ਪਰ ਸ਼ਰਧਾ ਨਾਲ ਸਿਜਦਾ ਕਰੀਏ "*ਭਲੈ ਅਮਰਦਾਸ ਗੁਣ ਤੇਰੇ*" ਦੇ ਮਾਲਕ ਨੂੰ ਜਿਹੜੇ ਬੁਰਿਆਂ ਨਾਲ ਵੀ ਭਲਿਆਂ ਵਾਲਾ ਹੀ ਸਲੂਕ ਕਰਦੇ ਹਨ। ਇਤਿਹਾਸ ਦੇ ਕੁਝ ਅਜਿਹੇ ਅੱਖਰਾਂ ਵਿੱਚ ਇਹ ਗਾਥਾ ਸੰਭਾਲੀ ਹੋਈ ਹੈ ਕਿ ਬਾਬਾ ਦਾਤੂ ਜੀ ਦੇ ਅੰਦਰ ਗੁਰਗੱਦੀ ਦੀ ਪ੍ਰਾਪਤੀ ਨਾ ਹੋਣ ਕਰਕੇ ਈਰਖਾ ਦੀ ਅੱਗ ਤਾਂ ਬਲ ਹੀ ਰਹੀ ਸੀ ਪਰ ਆਮ ਸ਼ਰੀਕਾਂ ਅਤੇ ਗੁਰੂ ਘਰ ਤੋਂ ਟੁੱਟਿਆਂ ਦੀਆਂ ਤਿੱਖੀਆਂ ਗੱਲਾਂ ਨੇ ਹੋਰ ਭਾਂਬੜ ਬਾਲ ਦਿੱਤੇ ਜਿਹਨਾਂ ਨੂੰ ਬੁਝਾਉਣ ਵਾਸਤੇ ਇਕ ਦਿਨ ਦਾਤੂ ਜੀ ਨੇ ਇਨ੍ਹਾਂ ਸਾਥੀਆਂ ਸਮੇਤ ਗੁਰੂ ਘਰ ਜਾ ਕੇ ਤਖ਼ਤ 'ਤੇ ਬਿਰਾਜਮਾਨ ਗੁਰੂ ਅਮਰਦਾਸ ਜੀ ਦੇ ਲੱਤ ਕੱਢ ਮਾਰੀ। ਪਰ ਧੰਨ ਗੁਰੂ ਅਮਰ ਦਾਸ ਜੀ ਜਿਹਨਾਂ ਨੇ ਲਾਸਾਨੀ ਮਿਸਾਲ ਬਖਸ਼ ਕੇ ਇਤਿਹਾਸ ਨੂੰ ਵੀ ਅਮੀਰ ਕਰ ਦਿੱਤਾ। ਲੱਤ ਦੇ ਕਾਰਨ ਗੁਰੂ ਅਮਰਦਾਸ ਜੀ ਤਖ਼ਤ ਤੋਂ ਡਿੱਗ ਪਏ। ਬ੍ਰਿਧ ਅਵੱਸਥਾ ਕਾਰਨ ਆਪਣੇ ਆਪ ਨੂੰ ਸੰਭਾਲ ਕੇ ਅਦਬ ਨਾਲ ਆਖਣ ਲੱਗੇ -

ਇਕ ਤੋ ਸੇਵਾ ਕਰਤਿ ਰਹਯੋ ਹੌ ॥ ਦੂਤੀਏ ਬਯ ਤੇ ਬਿਰਧ ਭਯੋ ਹੌ ॥
ਯਾ ਤੇ ਅੰਧਿਕ ਸਰੀਰ ਕਠੋਰਾ ॥ ਤੁਮਰੈ ਚਰਨ ਮ੍ਰਿਦੁਲ ਨਹਿ ਥੋਰਾ ॥
ਲਗੀ ਹੋਗੁ ਕਿਛ ਚੋਟ ਮਹਾਨਾ ॥ ਖਿਮਾ ਕਰੋ ਗੁਰ ਸੁਤ ਬਲਵਾਨਾ ॥

ਹੇ ਗੁਰੂ ਪੁੱਤਰ ਜੀ ! ਮੇਰੇ ਬੁੱਢੇ ਹੱਡਾਂ ਨੇ ਆਪ ਜੀ ਦੇ ਸੋਹਣੇ ਚਰਣਾਂ ਵਿੱਚ ਚੁੱਭ ਕੇ ਦੁੱਖ ਦਿੱਤਾ ਹੋਵੇਗਾ। ਮੈਂ ਬੁੱਢੇ ਹੱਡ ਤਾਂ ਨਰਮ ਨਹੀਂ ਕਰ ਸਕਦਾ। ਪਰ ਆਪ ਜੀ ਦੇ ਚਰਣ ਘੁੱਟ ਕੇ ਸੇਵਾ ਕਰ ਸਕਦਾ ਹਾਂ, ਮੇਰੀ ਭੁੱਲ ਬਖ਼ਸ਼ ਦਿਉ ਜੀ, ਇਤਿਹਾਸਕ ਪਾਠਕਾਂ ਲਈ ਅਜਿਹੀ ਉਦਾਹਰਣ ਸ਼ਾਇਦ ਹੋਰ ਕਿਧਰੇ ਨਾ ਮਿਲਦੀ ਹੋਵੇ ਤਦ ਹੀ ਤਾਂ ਭੱਟ ਜੀ ਆਖਦੇ ਹਨ ਕਿ "*ਭਲੇ ਅਮਰਦਾਸ ਗੁਣ ਤੇਰੇ* ...."

ਧੰਨ ਗੁਰੂ ਅਮਰਦਾਸ ਜੀ ਨੇ ਕੇਵਲ ਲੱਤ ਦਾ ਮੁਕਾਬਲਾ ਹੀ ਮਤ ਨਾਲ ਨਹੀਂ ਕੀਤਾ ਬਲਕਿ ਜਿਨ੍ਹਾਂ ਤਖ਼ਤਾਂ ਦੀ ਪ੍ਰਾਪਤੀ ਵਾਸਤੇ ਸੰਸਾਰ ਅਤਿ ਦੇ ਕਲਾ ਕਲੇਸ਼ ਕਰਦਾ ਹੈ ਪਰ ਧੰਨ ਗੁਰੂ ਅਮਰ ਦਾਸ ਜੀ ਨੇ ਸਭ ਛੱਡ ਕੇ ਬਾਸਰਕੇ ਪਹੁੰਚ ਆਪਣੇ ਆਪ ਨੂੰ ਨਗਰ ਤੋਂ ਕੁਝ ਦੂਰੀ 'ਤੇ ਬਣੇ ਇਕ ਸਾਦੇ ਜਿਹੇ ਕੋਠੇ ਵਿੱਚ ਬੰਦ ਕਰਕੇ ਨਿਰੰਕਾਰ ਦੀ ਯਾਦ ਵਿੱਚ ਜੁੜ ਬੈਠੇ। ਸੰਗਤਾਂ ਪ੍ਰਤੀ ਕੋਈ ਅਜਿਹਾ ਸੰਦੇਸ਼ ਨਹੀਂ ਦਿੱਤਾ ਕਿ ਸਾਡੇ ਲੱਤਾਂ ਮਾਰ ਕੇ ਤਖਤ 'ਤੇ ਕਾਬਜ਼ ਹੋਣ ਵਾਲੇ ਬਾਬਾ ਦਾਤੂ ਜੀ ਨਾਲ ਕਿਹੋ ਜਿਹਾ ਵਰਤਾਰਾ ਕਰਨਾ ਹੈ। ਸੰਗਤਾਂ, ਜਿਨ੍ਹਾਂ ਦੀਆਂ ਅੱਖੀਆਂ ਗੁਰੂ ਦੀਦਾਰਾਂ ਨਾਲ ਨਿਤਾਪ੍ਰਤੀ ਦਰਸ਼ਨ ਅੰਮ੍ਰਿਤ ਪੀ ਤ੍ਰਿਪਤ ਹੁੰਦੀਆਂ ਸਨ। ਉਨ੍ਹਾਂ ਲਈ ਪਲ ਪਲ ਦਾ ਵਿਛੋੜਾ ਅਸਹਿ ਹੋ ਗਿਆ। ਬਾਬਾ ਬੁੱਢਾ ਜੀ ਨੂੰ ਬੇਨਤੀ

ਕਰਕੇ ਪਿਛਲੀ ਦੀਵਾਰ ਪਾੜ ਕੇ ਬਾਸਰਕੇ ਜਾ ਦਰਸ਼ਨ ਕਰ ਸ਼ਾਂਤ ਹੋਈਆਂ ਸਨ। ਬਾਬਾ ਬੁੱਢਾ ਜੀ ਨੇ ਵੀ ਆਪਣੇ ਆਪੇ ਨੂੰ ਛੁਪਾਈ ਰੱਖਣ ਵਾਸਤੇ ਇਹ ਸਾਰਾ ਕੁਝ ਗੁਰੂ ਅਮਰ ਦਾਸ ਜੀ ਮਹਾਰਾਜ ਦੀ ਇਕ ਘੋੜੀ ਕੋਲੋਂ ਹੀ ਸ਼ਨਾਖਤ ਕਰਵਾਈ ਸੀ ਕਿ ਗੁਰੂ ਨਿਵਾਸ ਕਿਥੇ ਹੈ ? ਧੰਨ ਗੁਰੂ ਜੀ ਜਿਨ੍ਹਾਂ ਨੇ ਈਰਖਾ ਦੇ ਮਚਦੇ ਭਾਬੜਾਂ ਨੂੰ ਪਿਆਰ ਤੇ ਸਹਿਨਸ਼ੀਲਤਾ ਦਾ ਜਲ ਪਾ ਕੇ ਬੁਝਾ ਦਿੱਤੇ।

ਆਮ ਸੰਸਾਰੀ ਪੁਰਖ ਹਮੇਸ਼ਾਂ ਕਿਸੇ ਦਾ ਸਤਿਕਾਰ ਇਸ ਲਈ ਹੀ ਕਰਦੇ ਹਨ ਕਿ ਇਸ ਕੋਲ ਦੁਨਿਆਵੀ ਧਨ ਕਿਨਾ ਕੁ ਹੈ ਜਾਂ ਫਿਰ ਕਿਸ ਖਾਨਦਾਨ ਕਬੀਲੇ ਨਾਲ ਸੰਬੰਧਿਤ ਹੈ। ਗਰੀਬੜਿਆਂ ਨੂੰ ਤਾਂ ਕੋਈ ਪਿਆਰ ਤੇ ਸਤਿਕਾਰ ਦੇ ਸ਼ਬਦ ਵੀ ਨਹੀਂ ਬੋਲਦਾ। ਸਾਰੀ ਜ਼ਿੰਦਗੀ ਦੂਜਿਆਂ ਨੂੰ ਤੁਸੀਂ ਕਹਿਣ ਵਾਲੇ ਆਪ ਤੂੰ ਹੀ ਸਹਾਰਦੇ ਰਹਿੰਦੇ ਹਨ। ਪਰ ਗੁਰੂ ਅਮਰ ਦਾਸ ਜੀ ਤਾਂ ਨਾ ਕਿਸੇ ਦਾ ਸਤਿਕਾਰ ਚੰਮ ਕਰਕੇ ਕਰਦੇ ਹਨ ਅਤੇ ਨਾ ਹੀ ਦਾਮ (ਪੈਸੇ) ਕਰਕੇ ਕਰਦੇ ਹਨ। ਗੁਰੂ ਅਮਰਦਾਸ ਜੀ ਤਾਂ ਸਤਿਕਾਰ ਸਗੋਂ ਕੰਮ ਕਰਕੇ ਕਰਦੇ ਹਨ। ਕਿਸੇ ਪੁਰਖ ਦੇ ਕੰਮ ਕਿੰਨੇ ਚੰਗੇ ਹਨ ਕਿਉਂਕਿ ਭਲੇ ਗੁਣਾਂ ਵਾਲੇ ਹੀ ਭਲੇ ਗੁਣਾਂ ਦੀ ਕਦਰ ਕਰ ਸਕਦੇ ਹਨ। ਇਹੋ ਹੀ ਕਾਰਨ ਬਣਿਆਂ ਜਿਸ ਕਰਕੇ ਨਿੱਕੜੀ ਉਮਰ ਤੋਂ ਹੀ ਛਾਬੜੀ ਚੁੱਕ ਥਾਂ-ਥਾਂ ਘੁੰਗਣੀਆਂ ਵੇਚਣ ਵਾਲੇ ਨੂੰ ਕੌਣ ਆਪਣਾ ਕਹਿਣ ਲਈ ਤਿਆਰ ਹੁੰਦਾ ਹੈ ਜਦ ਕਿ ਗੁਰੂ ਅਮਰ ਦਾਸ ਜੀ ਨੇ ਆਪਣਾ ਹੀ ਨਹੀਂ ਕਿਹਾ ਬਲਕਿ ਆਪਣੀ ਬੱਚੀ ਬੀਬੀ ਭਾਨੀ ਜੀ ਦਾ ਰਿਸ਼ਤਾ ਕਰਕੇ ਭਾਈ ਜੇਠਾ ਜੀ ਨੂੰ ਆਪਣਾ ਜਵਾਈ ਬਣਾ ਲਿਆ ਤਦ ਹੀ ਤਾਂ ਜ਼ੁਬਾਨ ਸਿਦਕ ਨਾਲ ਕਹਿ ਉਠਦੀ ਹੈ ਕਿ "***ਭਲੇ ਅਮਰਦਾਸ ਗੁਣ ਤੇਰੇ*** ...."

ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਨੇ ਅਨੇਕਾਂ ਪਰਉਪਕਾਰ ਦੇ ਨਾਲ-ਨਾਲ ਮਹਾਨ ਪਰਉਪਕਾਰ ਕੀਤਾ ਕਿ ਜਿਹੜੇ ਜਾਤ ਬਰਾਦਰੀਆਂ ਦੇ ਹੀ ਜਾਲ ਵਿੱਚ ਫਸੇ ਹੋਏ ਸਨ, ਉਹਨਾਂ ਨੂੰ ਮਨੁਖਤਾ ਦਾ ਅੰਗ ਤੇ ਦਰਦੀ ਬਣਾ ਦਿੱਤਾ ਸੀ। ਗੁਰੂ ਨਾਨਕ ਸਾਹਿਬ ਜੀ ਨੇ ਇਕ ਥਾਂ ਪ੍ਰਸ਼ਾਦਾ ਸ਼ੁਰੂ ਕੀਤਾ ਤੇ ਗੁਰੂ ਅਮਰਦਾਸ ਜੀ ਨੇ ਮਰਯਾਦਾ ਹੀ ਬੰਨ੍ਹ ਦਿੱਤੀ ਕਿ "***ਪ੍ਰਥਮੈ ਪੰਗਤਿ ਪਾਛੈ ਸੰਗਤ ॥***" ਇਕ ਹੋਰ ਮਹਾਨ ਉਪਕਾਰ ਕਰਨਾ ਸੀ ਕਿ ਇਕ ਅਜਿਹਾ ਅਸਥਾਨ ਬਣਾ ਦਿਆਂ ਜਿਥੋਂ ਸਦਾ ਇਕੋ ਦੀ ਕੁਦਰਤਿ ਇਕੋ ਲੜੀ ਵਿੱਚ ਪਰੋਤੀ ਜਾਏ, ਦ੍ਵੈਸ਼ ਸਦਾ ਲਈ ਖ਼ਤਮ ਹੋ ਜਾਵੇ। ਬਉਲੀ ਸਾਹਿਬ ਬਣਾਉਣ ਦੀ ਪੂਰੀ ਮਾਨਸਿਕ ਤੌਰ 'ਤੇ ਤਿਆਰੀ ਕਰ ਲਈ ਪਰ ਇਨ੍ਹਾਂ ਜੀਵਾਂ ਦੀ ਤਿਆਰੀ ਕਰਵਾਉਣ ਵਾਸਤੇ ਇਕ ਨਦਰਿ ਇਨ੍ਹਾਂ ਅਖੌਤੀ ਬਾਹਰਲੇ ਤੀਰਥਾਂ 'ਤੇ ਮਰਵਾਉਣੀ ਜ਼ਰੂਰੀ ਸੀ। ਤੀਰਥਾਂ 'ਤੇ ਇਸ਼ਨਾਨ ਕਰਨ ਲਈ ਵੀ ਟੈਕਸ ਆਦਿਕ ਲਗਾਏ ਹੋਏ ਸਨ, ਪਰ ਗੁਰੂ ਅਮਰ ਦਾਸ ਜੀ ਦੇ ਅਸਰ ਰਸੂਖ ਦਾ ਸਦਕਾ ਟੈਕਸ ਸਾਰੇ ਮੁਆਫ ਕਰਵਾ

ਕੇ ਜਿਹੜੇ ਗਰੀਬੜੇ ਲੋਕ ਨਹੀ ਸਨ ਜਾ ਸਕਦੇ, ਉਹ ਵੀ ਨਾਲ ਤੁਰ ਪਏ। ਇਕ ਗੱਲ ਹੋਰ ਪ੍ਰਗਟ ਕਰਨੀ ਸੀ ਕਿ ਐ ਮਨੁੱਖ! ਜਿਸ ਬਾਰੇ ਤੈਨੂੰ ਭੁਲੇਖਾ ਹੈ ਕਿ ਤੀਰਥ ਮੇਰੀ ਗਤਿ ਕਰ ਦੇਵੇਗਾ, ਉਹ ਤਾਂ ਸਗੋਂ ਬੰਦਗੀ ਕਰਨ ਵਾਲਿਆਂ ਦੀ ਚਰਣ ਧੂੜੀ ਨੂੰ ਲੋਚਦਾ ਹੈ ਕਿ ਕਿਸੇ ਗੁਰਮੁਖ ਦੀ ਛੋਹ ਦਾ ਸਦਕਾ ਮੈਨੂੰ ਪਵਿੱਤਰਤਾ ਨਸੀਬ ਹੋ ਜਾਏ। ਭਾਵ ਕਈ ਅਜਿਹੇ ਕਾਰਨ ਕਰਕੇ ਸਤਿਗੁਰੂ ਜੀ ਤੀਰਥਾਂ 'ਤੇ ਇਸ਼ਨਾਨ ਦੀ ਵੀਚਾਰ ਬਣਾ ਥਾਂ ਥਾਂ ਗੁਰਮਤਿ ਸਮਾਗਮ ਕਰਨ ਲਈ ਤੁਰ ਪਏ। ਸਤਿਗੁਰੂ ਜੀ ਕੁਰਕੁਸ਼ੇਤਰ, ਜਮਨਾ, ਹਰਿਦੁਆਰ ਆਦਿਕ ਅਨੇਕਾਂ ਥਾਵਾਂ 'ਤੇ ਅਨੇਕਾਂ ਹੀ ਮਨ ਦੇ ਸ਼ੰਕਿਆਂ ਨੂੰ ਮਿਟਾ ਕੇ ਵਾਪਸੀ 'ਤੇ ਉਸ ਪੰਡਿਤ ਦੇ ਨਾਲ ਵੀ ਹਿਸਾਬ ਕਿਤਾਬ ਬਰਾਬਰ ਕਰਨਾ ਸੀ। ਇਸ ਲਈ ਜਦੋਂ ਸੰਮਤੀ ਇਕੱਠ ਵੇਖ ਪੰਡਿਤ ਦੁਰਗਾ ਦਾਸ ਜੀ ਆਏ ਤਦ ਸਤਿਗੁਰੂ ਜੀ ਨੇ ਪ੍ਰੇਮ ਨਾਲ ਸੱਦਿਆ। ਪੰਡਿਤ ਹੈਰਾਨ ਸੀ ਕਿ ਇਤਨੀ ਪ੍ਰਤਿਸ਼ਟਾ ਦੇ ਮਾਲਕ ਹੋ ਕੇ ਵੀ ਮੈਨੂੰ ਪਹਿਚਾਣ ਲਿਆ। ਸਾਹਿਬ ਜੀ ਨੇ ਮੁਸਕ੍ਰਾ ਕੇ ਆਖਿਆ ਕਿ ਭਾਈ ਜਿਸ ਮਾਲਕ ਦੇ ਘਰ ਦੀ ਮੈਨੂੰ ਸੇਵਾ ਮਿਲੀ ਹੈ, ਉਹ ਤਾਂ ਸਗੋਂ ਕੁਝ ਲੈਣ ਵਾਲਿਆਂ ਨੂੰ ਆਪ ਜਾ ਕੇ ਘੋੜੀ ਦੀ ਲਗਾਮ ਪਕੜ ਕੇ ਲੈ ਕੇ ਆਉਂਦੇ ਸਨ। ਬਾਬਾ ਲਹਿਣਾ ਜੀ ਨੂੰ ਇਸੇ ਤਰ੍ਹਾਂ ਹੀ ਲੈਣ ਗਏ ਸਨ। ਸਾਡੇ ਇਸ ਘਰ ਵਿਚ ਬਹੁਤ ਕਦਰ ਹੈ ਜਿਨ੍ਹਾਂ ਦਾ ਕੁਝ ਦੇਣਾ ਬਾਕੀ ਹੈ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਆਪ ਜੀ ਨੂੰ ਪਹਿਚਾਣ ਵੀ ਨਾ ਸਕਾਂ। ਮੰਗੋ ਹੁਣ ਕੀ ਮੰਗਣਾ ਹੈ? ਤੁਸੀਂ ਕਿਹਾ ਸੀ ਕਿ ਜੇ ਰਾਜਾ ਬਣ ਗਿਆ ਤਦ ਧਨ ਮੰਗਾਂਗਾ ਪਰ ਜੇ ਰੱਬੀ ਰੰਗ ਵਿੱਚ ਰੰਗੀ ਪਾਤਿਸ਼ਾਹੀ ਮਿਲ ਗਈ ਤਦ ਰਾਮ ਨਾਮ ਲਵਾਂਗਾ, ਹੁਣ ਦੱਸੋ ਤੁਸੀਂ ਕੀ ਲੈਣਾ ਹੈ? ਪੰਡਿਤ ਦੁਰਗਾ ਦਾਸ ਹੈਰਾਨ ਸੀ ਕਿ ਇਥੇ ਤਾਂ ਮਾਇਆ ਦੇ ਵੀ ਅੰਬਾਰ ਲੱਗੇ ਪਏ ਹਨ ਪਰ ਦੂਜੇ ਪਾਸੇ ਅਧਿਆਤਮਿਕ ਖਜ਼ਾਨੇ ਵੀ ਹੱਥ ਦੀ ਤਲੀ 'ਤੇ ਰੱਖੇ ਹੋਏ ਹਨ। ਕਵੀ ਸੰਤੋਖ ਸਿੰਘ ਜੀ ਦੀ ਕਲਮ ਨੇ ਬਹੁਤ ਸੋਹਣੇ ਸ਼ਬਦਾਂ ਨੂੰ ਜਨਮ ਦੇ ਕੇ ਇਸ ਖ਼ਿਆਲ ਨੂੰ ਅੱਖਰਾਂ ਦਾ ਜਾਮਾ ਪਹਿਨਾਇਆ ਹੈ।

ਨਾਮ ਦੇਹਿ ਧਨ ਦੇਹਿ ਨ ਜਨ ਕੋ ਧਨ ਬਿਹੀਨ ਜਨ ਜਗ ਨ ਸੁਹਾਇ।
ਜੇ ਧੰਨ ਦੇਹਿ ਨਾਮ ਨਹਿ ਦੇਵੈਂ ਨਾਮ ਬਿਨਾ ਜਨ ਜਮ ਪੁਰ ਜਾਇ।
ਤੁਮ ਪਹਿ ਕਹੀ ਨਹੀਂ ਬਨ ਆਵਹਿਂ ਜਯੋਂ ਭਾਵੈ ਤਯੋਂ ਬਨਤ ਬਨਾਇ।
ਗੁਰੂ ਅਮਰ ਦਾਸ ਤੇਜੋ ਕੇ ਨੰਦਨ ਦੋਨਹੁ ਨਿਰਮਲ ਪੰਥ ਚਲਾਇ।

ਗੁਰੂ ਅਮਰ ਦਾਸ ਜੀ ਮਹਾਰਾਜ ਇਹ ਵੀਚਾਰ ਸੁਣ ਕੇ ਮੁਸਕ੍ਰਾ ਪਏ ਤੇ ਸਹਿਜ ਨਾਲ ਆਖਣ ਲੱਗੇ ਪੰਡਿਤ ਜੀ, ਝੋਲੀ ਕਰੋ, ਸਾਹਿਬ ਗੁਰੂ ਅਮਰ ਦਾਸ ਜੀ ਨੇ ਦੋਵੇਂ ਮੁੱਠੀਆਂ ਖੋਲ੍ਹ ਦਿੱਤੀਆ ਜਿਸ ਨਾਲ ਇਹ ਲੋਕ ਤੇ ਪ੍ਰਲੋਕ ਵੀ ਸੁਹੇਲਾ ਹੋ ਗਿਆ। ਐਸੇ ਗੁਰੂ ਜੀ ਲਈ ਤਾਂ ਸਾਡੀ ਇਖਲਾਕੀ ਜ਼ਿੰਮੇਵਾਰੀ ਬਣਦੀ ਹੈ ਕਿ ਪਿਆਰ ਨਾਲ ਆਖੀਏ -

"ਭਲੋ ਅਮਰਦਾਸ ਗੁਣ ਤੇਰੇ... "

ਦੁਨੀਆ ਦੀ ਮੰਨਤ ਦੇ ਤੀਰਥਾਂ ਦੀ ਅਸਲ ਤਸਵੀਰ ਵਿਖਾਉਣ ਮਗਰੋਂ ਜ਼ਰੂਰੀ ਸੀ ਕਿ ਸੱਚਾ ਤੀਰਥ ਵੀ ਥਾਪਿਆ ਜਾਂਦਾ ਜਿਥੇ ਕੋਈ ਵਿਤਕਰਾ ਨਹੀਂ ਬਲਕਿ ਪਿਆਰ ਮਿਲੇ। ਇਸ ਲਈ ਵਾਪਸ ਪਰਤਦਿਆਂ ਹੀ ਇਹ ਤਿਆਰੀ ਕਰ ਲਈ ਕਿ ਗੋਇੰਦਵਾਲ ਸਾਹਿਬ ਵਿਖੇ ਹੀ ਇਕ ਬਉਲੀ ਬਨਵਾਈ ਜਾਵੇ। ਸਾਰੀ ਸਲਾਹ ਅਤੇ ਵੀਚਾਰ ਕਰਕੇ ਬਾਬਾ ਬੁੱਢਾ ਜੀ ਕੋਲੋਂ ਟੱਕ ਲਗਵਾ ਕੇ ਬਉਲੀ ਸਾਹਿਬ ਦੀ ਆਰੰਭਤਾ ਕਰ ਦਿੱਤੀ। ਪ੍ਰੇਮ ਵਿੱਚ ਕੁੰਠੀਆਂ ਜਿੰਦਾਂ ਨੇ ਤਨ ਮਨ ਨਾਲ ਇਸ ਤਰ੍ਹਾਂ ਸੇਵਾ ਕੀਤੀ ਕਿ ਪਤਾ ਵੀ ਨਾ ਲੱਗਾ ਬਉਲੀ ਸਾਹਿਬ ਕਦੋਂ ਧਰਤੀ ਦੇ ਕੜ ਤਕ ਪਹੁੰਚ ਗਈ। ਸੇਵਕਾਂ ਨੇ ਆ ਕੇ ਅਰਜ਼ ਗੁਜ਼ਾਰੀ, ਪਾਤਿਸ਼ਾਹ ਜੀ! ਸੇਵਾ ਕੜ 'ਤੇ ਜਾ ਕੇ ਰੋਕ ਦਿੱਤੀ ਹੈ ਤਾਂ ਕਿ ਆਪ ਜੀ ਦੇ ਆਦੇਸ਼ ਦੀ ਪਾਲਣਾ ਕੀਤੀ ਜਾ ਸਕੇ ਕਿਉਂਕਿ ਕੜ ਤੋੜਨ ਲੱਗਿਆਂ ਉਸੇ ਵਕਤ ਹੀ ਪਾਣੀ ਬਹੁਤ ਜ਼ੋਰ ਨਾਲ ਚੜ੍ਹ ਆਵੇਗਾ ਜਿਸ ਕਰਕੇ ਹੋ ਸਕਦਾ ਕੜ ਤੋੜਨ ਵਾਲਾ ਪ੍ਰਾਣਾਂ ਦੀ ਲੜੀ ਵੀ ਤੋੜ ਦੇਵੇ, ਹੁਣ ਆਪ ਜੀ ਹੁਕਮ ਦਿਉ। ਗੁਰੂ ਅਮਰ ਦਾਸ ਜੀ ਨੇ ਭਾਈ ਮਾਣਕ ਚੰਦ ਜਿਸ ਨੂੰ ਮਾਂ ਨੇ ਬਹੁਤ ਹੀ ਸਧਰਾਂ ਤੇ ਪਿਆਰਾਂ ਨਾਲ ਪਾਲਿਆ ਸੀ ਕਿਉਂਕਿ ਸਿਰ ਦਾ ਸਾਈਂ ਗੁਜ਼ਰ ਜਾਣ ਕਰਕੇ ਪੁੱਤਰ ਹੀ ਦੁਨਿਆਵੀ ਸਹਾਰਾ ਸੀ, ਨੂੰ ਕੜ ਤੋੜਨ ਦਾ ਹੁਕਮ ਦਿੱਤਾ। ਭਾਈ ਸਾਹਿਬ ਜੀ ਸਤਿ ਬਚਨ ਕਹਿ ਕੇ ਬਉਲੀ ਸਾਹਿਬ ਵਿੱਚ ਉਤਰ ਗਏ। ਕੜ ਤੋੜ ਦਿੱਤਾ। ਪਾਣੀ ਇਕ ਦਮ ਉਪਰ ਚੜ੍ਹ ਆਇਆ । ਭਾਈ ਮਾਣਕ ਚੰਦ ਜੀ ਦਾ ਪਤਾ ਨਾ ਲੱਗੇ। ਮਾਤਾ ਜੀ ਨੇ ਰੋਣਾ ਸ਼ੁਰੂ ਕਰ ਦਿੱਤਾ ਤਦ ਗੁਰੂ ਅਮਰ ਦਾਸ ਜੀ ਨੇ ਧੀਰਜ ਨਾਲ ਬਚਨ ਕੀਤੇ, ਮਾਤਾ ਜੀ! ਮਾਣਕ ਡੁੱਬ ਕੇ ਕੀਮਤੀ ਤਾਂ ਹੁੰਦੇ ਸੁਣੇ ਹਨ ਪਰ ਕਦੇ ਅਜਿਹਾ ਨਹੀਂ ਸੁਣਿਆਂ ਕਿ ਸਦਾ ਲਈ ਗੁਆਚ ਹੀ ਜਾਣ। ਬਚਨ ਕਰਨ ਦੀ ਦੇਰ ਹੀ ਸੀ ਕਿ ਭਾਈ ਮਾਣਕ ਚੰਦ ਜੀ ਦੀ ਕਾਂਇਆਂ ਉਪਰ ਤੈਰ ਰਹੀ ਸੀ। ਬਾਹਰ ਕੱਢ ਕੇ ਪਹਿਲਾਂ ਪੇਟ ਵਿਚੋਂ ਪਾਣੀ ਕੱਢਿਆ ਫਿਰ ਹੋਸ਼ ਪਰਤ ਆਈ। ਗੁਰੂ ਚਰਣਾਂ 'ਤੇ ਨਮਸਕਾਰ ਕੀਤੀ। ਸਾਹਿਬ ਜੀ ਨੇ ਬਹੁਤ ਪਿਆਰ ਨਾਲ ਆਖਿਆ, ਮਾਤਾ ਜੀ! ਹੁਣ ਤੇਰਾ ਮਾਣਕ ਇਤਨਾ ਕੀਮਤੀ ਹੋ ਗਿਆ ਜਿਸ ਨੂੰ ਭਵ ਸਾਗਰ ਵੀ ਡੁਬੋ ਨਹੀਂ ਸਕੇਗਾ। ਆਪਣੇ ਪੁੱਤਰ ਨੂੰ ਪ੍ਰਾਪਤ ਕਰਕੇ ਮਾਤਾ ਪਿਆਰ ਨਾਲ ਕਹਿ ਰਹੀ ਸੀ, ਸਤਿਗੁਰੂ ਜੀ! ਅਸੀਂ ਤਾਂ ਭੁੱਲੜ ਜੀਵ ਹਾਂ ਜੋ ਤੁਹਾਡੀ ਪਵਿੱਤਰ ਮਹਿਮਾਂ ਤੋਂ ਜਾਣੂੰ ਨਹੀਂ ਪਰ ਆਪ ਜੀ ਧੰਨ ਹੋ! ਤਦ ਹੀ ਤਾਂ ਭੱਟ ਜੀ ਦੇ ਬਚਨ ਚੇਤੇ ਆ ਜਾਂਦੇ ਹਨ -

"ਭਲੋ ਅਮਰਦਾਸ ਗੁਣ ਤੇਰੇ... "

ਜਿਸ ਹਿਰਦੇ ਵਿੱਚ ਹੰਕਾਰ ਦਾ ਵਾਸਾ ਹੋ ਜਾਵੇ, ਉਹ ਨਿਰੰਕਾਰ ਤੋਂ ਦੂਰ ਚਲਾ ਜਾਂਦਾ

ਹੈ। ਮੁੜ ਕਦੇ ਨੇੜਤਾ ਦਾ ਸਾਧਨ ਵੀ ਖ਼ਤਮ ਹੋ ਜਾਂਦਾ ਹੈ ਕਿਉਂਕਿ ਹੰਕਾਰੀ ਪੁਰਖ ਅਸਲੀਅਤ ਨੂੰ ਜਾਣਨ ਦੀ ਬਜਾਇ ਪਾਖੰਡ ਦਾ ਪਰਦਾ ਪਾ ਕੇ ਜਿਉਣ ਲੱਗ ਪੈਂਦਾ ਹੈ। ਇਸੇ ਹੀ ਤਰ੍ਹਾਂ ਨਾਲ ਅਮੋਲਕ ਜੀਵਨ ਦੀ ਬਾਜ਼ੀ ਹਾਰ ਰਿਹਾ ਸੀ ਇਕ ਬੇਦੀ ਪੰਡਿਤ ਜਿਸ ਦੇ ਮਨ ਅੰਦਰ ਵਿਦਿਆ ਦੇ ਚਾਰ ਅੱਖਰਾਂ ਨੇ ਹੰਕਾਰ ਦੀ ਇਤਨੀ ਵੱਡੀ ਦੀਵਾਰ ਉਸਾਰ ਦਿੱਤੀ ਕਿ ਆਪਣੇ ਅੰਦਰ ਤਾਂ ਕੀ ਕਿਸੇ ਦੇ ਵੀ ਅੰਦਰ ਰੱਬ ਨਦਰੀਂ ਨਾ ਆਵੇ। ਦਿਨ ਰਾਤ ਇਕੋ ਲਗਨ ਵਿੱਚ ਲੱਗਾ ਰਹਿੰਦਾ, ਹਰ ਕਿਸੇ ਨਾਲ ਜਿਸ ਬਾਰੇ ਪਤਾ ਲੱਗਦਾ ਜਾ ਕੇ ਚਰਚਾ ਕਰਦਾ, ਉਸ ਦੇ ਧਾਰਮਿਕ ਗ੍ਰੰਥ ਜਿੱਤ ਕੇ ਕੇਵਲ ਦਿਮਾਗ 'ਤੇ ਹੀ ਅੱਖਰਾਂ ਦਾ ਵਜ਼ਨ ਨਹੀ ਚੁੱਕਦਾ ਬਲਕਿ ਊਠਾਂ ਦੇ ਊਠ ਇਨ੍ਹਾਂ ਧਾਰਮਿਕ ਗ੍ਰੰਥਾਂ ਨਾਲ ਲੱਦੇ ਨਾਲ ਲਈ ਫਿਰਦਾ ਰਹਿੰਦਾ ਸੀ। ਗੁਰੂ ਅਮਰਦਾਸ ਸਾਹਿਬ ਜੀ ਦੀ ਸੋਭਾ ਸੁਣ ਕੇ ਗੋਇੰਦਵਾਲ ਸਾਹਿਬ ਆ ਕੇ ਵੀਚਾਰ ਕਰਨ ਲੱਗਾ। ਕਈ ਸੁਆਲ ਕੀਤੇ। ਧੀਰਜ ਨਾਲ ਸਤਿਗੁਰੂ ਜੀ ਨੇ ਸਾਰੇ ਜਵਾਬ ਦਿੱਤੇ। ਫਿਰ ਗੁਰਦੇਵ ਜੀ ਨੂੰ ਕਹਿਣ ਲੱਗਾ, ਹੁਣ ਤੁਸੀਂ ਸੁਆਲ ਕਰੋ, ਤਦ ਪਾਤਿਸ਼ਾਹ ਜੀ ਨੇ ਕਿਰਪਾ ਕੀਤੀ ਕਿਉਂਕਿ ਹੰਕਾਰ ਬਾਹਰ ਲਿਜਾਂਦਾ ਹੈ ਪਰ ਗੁਰੂ ਜੀ ਅੰਦਰ ਲਿਜਾਂਦੇ ਹਨ। ਸਾਹਿਬ ਜੀ ਨੇ ਆਖਿਆ ਕਿ ਤੁਸੀਂ ਮੈਨੂੰ ਮਨ ਦੀ ਬਾਬਤ ਕੁਝ ਜਵਾਬ ਦਿਉ ਕਿ ਤਨ ਕਰਕੇ ਤਾਂ ਸਮਝ ਲੱਗ ਜਾਂਦੀ ਹੈ, ਕੋਈ ਗ੍ਰਹਿਸਥੀ ਹੈ, ਕੋਈ ਉਦਾਸੀ ਹੈ ਪਰ ਕੀ ਮਨ ਵੀ ਗ੍ਰਹਿਸਥੀ ਜਾਂ ਉਦਾਸੀ ਹੈ। ਅੰਮ੍ਰਿਤ ਬਚਨ ਕੀਤੇ ਹਨ

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥ ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥੧॥ਰਹਾਉ ॥

ਪੰਡਿਤ ਜੀ ਨੇ ਬਾਹਰਲੀ ਵੀਚਾਰ ਤੇ ਬਹੁਤ ਕਰੀ ਤੇ ਸੁਣ ਹੋਈ ਸੀ ਪਰ ਅਜਿਹਾ ਪਹਿਲੀ ਵਾਰੀ ਵਰਤਿਆ ਸੀ ਕਿ ਕੋਈ ਅੰਦਰ ਦੀ ਗੱਲ ਕਰਦਾ। ਅੰਦਰ ਤਾਂ ਇਸ ਦਾ ਕੋਈ ਜਵਾਬ ਨਾ ਮਿਲਿਆ ਤਦ ਗੁਰੂ ਚਰਨਾਂ 'ਤੇ ਢਹਿ ਪਿਆ। ਭੁੱਲ ਬਖਸ਼ਾਉਣ ਲਈ ਅਰਦਾਸਾਂ ਕਰਨ ਲੱਗਾ। ਮਿਹਰਾਂ ਦੇ ਸਾਈਂ ਗੁਰੂ ਅਮਰ ਦਾਸ ਜੀ ਨੇ ਰਹਿਮਤ ਕਰਕੇ ਅਜਿਹਾ ਅੰਦਰ ਭੇਜਿਆ ਕਿ ਹੰਕਾਰ ਦਾ ਪ੍ਰੇਮੀ, ਨਿੰਰਕਾਰ ਦਾ ਪ੍ਰੇਮੀ ਬਣ ਮਨੁੱਖਤਾ ਦੀ ਸੇਵਾ ਕਰਨ ਲੱਗ ਪਿਆ। ਜਿਹੜਾ ਗਰੂ ਅਮਰ ਦਾਸ ਜੀ ਮਹਾਰਾਜ ਨੂੰ ਹਰਾ ਕੇ ਆਪਣੀ ਜਿੱਤ ਦਾ ਝੰਡਾ ਲਹਿਰਾਉਣ ਆਇਆ ਸੀ, ਉਹ ਸਗੋਂ ਨਿਮਰਤਾ ਦਾ ਪੁਜਾਰੀ ਹੋ ਦਿਨ ਰਾਤ ਜਪਣ ਲੱਗ ਪਿਆ - "*ਭਲੇ ਅਮਰਦਾਸ ਗੁਣ ਤੇਰੇ..*"

ਗੋਇੰਦਵਾਲ ਸਾਹਿਬ ਦੀ ਨਗਰੀ ਵਿੱਚ ਵਸਦਾ ਹਰ ਪ੍ਰਾਣੀ ਮਾਤਰ ਦੋਨੋਂ ਵਕਤ ਗੁਰੂ

ਜੀ ਦੇ ਬਚਨ ਕਮਾ ਕੇ ਜ਼ਿੰਦਗੀ ਦਾ ਲਾਹਾ ਖੱਟਦਾ ਸੀ। ਸਾਰੀ ਨਗਰੀ ਹੀ ਮਾਨੋ ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਇਨ੍ਹਾਂ ਬਚਨਾਂ ਦੀ ਕਮਾਈ ਕਰਨ ਵਿੱਚ ਲੱਗ ਜਾਂਦੀ- "*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥*" ਇਕ ਦਿਨ ਅੰਮ੍ਰਿਤ ਵੇਲੇ ਇਸੇ ਤਰ੍ਹਾਂ ਦਾ ਸ਼ਾਂਤਮਈ ਮਹੌਲ ਸੀ ਕਿ ਇਕ ਮਾਂ ਦੀਆਂ ਦਰਦ ਭਰੀਆਂ ਚੀਖਾਂ ਨੇ ਸਾਰਾ ਖ਼ਿਆਲ ਆਪਣੇ ਪਾਸੇ ਖਿੱਚ ਲਿਆ। ਗੁਰੂ ਅਮਰਦਾਸ ਜੀ ਦਾ ਹੁਕਮ ਪਾ ਕੇ ਭਾਈ ਬਲੂ ਜੀ ਨੇ ਪਤਾ ਕਰਕੇ ਦੱਸਿਆ ਕਿ ਇਕ ਮਾਂ ਦਾ ਪੁੱਤਰ ਚੜ੍ਹਾਈ ਕਰ ਗਿਆ ਹੈ । ਮਾਂ ਪਹਿਲਾਂ ਹੀ ਵਿਧਵਾ ਸੀ ਜਿਸ ਕਰਕੇ ਸੱਟ ਸਹਾਰ ਨਾ ਹੋਈ। ਗੁਰੂ ਅਮਰ ਦਾਸ ਜੀ ਨੇ ਆਖਿਆ ਕਿ ਮਾਤਾ ਜੀ ਨੂੰ ਆਖੋ ਅੰਮ੍ਰਿਤ ਵੇਲੇ ਰੱਬੀ ਬੰਦਗੀ ਵਿੱਚ ਹੀ ਗੁਜ਼ਾਰੇ। ਸੂਰਜ ਦੀਆਂ ਕਿਰਨਾਂ ਨਾਲ ਮਾਲਕ ਭਲੀ ਕਰੇਗਾ। ਸਾਰੀਆਂ ਸੰਗਤਾਂ ਮੁੜ ਜੁੜ ਗਈਆਂ। ਦਿਨ ਚੜ੍ਹਨ ਵਾਲਾ ਸੀ, ਮਾਤਾ ਨੇ ਫਿਰ ਬੇਗਮਮਈ ਅਰਜ਼ੋਈ ਕੀਤੀ। ਪਾਤਿਸ਼ਾਹ ਜੀ ! ਮਾਪੇ ਆਪਣੀ ਔਲਾਦ ਦੇ ਜਨਮ ਦਾ ਭਾਰ, ਪਾਲਣ ਦਾ ਭਾਰ, ਉਲਾਂਭਿਆਂ ਦਾ ਭਾਰ, ਪੜ੍ਹਾਈ ਆਦਿਕ ਦਾ ਭਾਰ ਦੁੱਖਾਂ ਸੁਖਾਂ ਦਾ ਭਾਵ ਹਰ ਇਕ ਭਾਰ ਚੁੱਕ ਲੈਂਦੇ ਹਨ। ਪਰ ਜਦ ਕਿਸੇ ਮਾਪੇ ਨੂੰ ਪੁੱਤਰ ਦੀ ਅਰਥੀ ਦਾ ਭਾਰ ਹੀ ਚੁੱਕਣਾ ਪੈ ਜਾਏ ਤਦ ਉਸ ਦੇ ਕੰਧੇ ਟੁੱਟ ਜਾਂਦੇ ਹਨ। ਕਿਰਪਾ ਕਰੋ ! ਮੇਰੇ ਪੁੱਤਰ ਨੂੰ ਜਿੰਦ ਬਖਸ਼ੋ। ਅਜਿਹੀ ਦਰਦ ਭਰੀ ਪੁਕਾਰ ਸ਼ਾਇਦ ਕੋਈ ਪੱਥਰ ਦਿਲ ਤਾਂ ਬਰਦਾਸ਼ਿਤ ਕਰ ਲੈਂਦਾ ਪਰ ਗੁਰੂ ਅਮਰ ਦਾਸ ਜੀ ਤਾਂ ਨਿਮਾਣਿਆਂ ਦੇ ਮਾਣ ਸਨ। ਰੱਬੀ ਦਰਬਾਰ ਵਿੱਚ ਮਾਂ ਦੇ ਪੁੱਤਰ ਦੀ ਜਿੰਦ-ਬਖ਼ਸ਼ੀ ਲਈ ਅਜਿਹੀ ਅਰਜ਼ੋਈ ਕੀਤੀ ਕਿ ਪੁੱਤਰ ਜੀਵਤ ਹੀ ਨਹੀਂ ਹੋਇਆ ਬਲਕਿ ਜਿੰਨਾ ਚਿਰ ਗੁਰੂ ਅਮਰ ਦਾਸ ਜੀ ਦਾ ਵਾਸਾ ਰਿਹਾ, ਕਿਸੇ ਦੇ ਵੀ ਜੁਆਨ ਧੀ ਪੁੱਤ ਦੀ ਮੌਤ ਨਾ ਹੋਈ। ਇਸੇ ਲਈ ਤਾਂ ਕਾਇਨਾਤ ਮਿੱਠੇ ਸੋਹਿਲੇ ਗਾਉਂਦੀ ਸੁਣੀਂਦੀ ਹੈ ਕਿ "*ਭਲੋ ਅਮਰਦਾਸ ਗੁਣ ਤੇਰੇ...* "

ਧੰਨ ਗੁਰੂ ਅਮਰ ਦਾਸ ਜੀ ਦੇ ਅਨੇਕਾਂ ਐਸੇ ਗੁਣ ਹਨ ਜਿਨ੍ਹਾਂ ਦੀ ਗਿਣਤੀ ਕਰਨੀ ਇਕ ਮਨੁੱਖੀ ਰਸਨਾ ਦੇ ਵੱਸ ਨਹੀਂ। ਸਤਿਗੁਰੂ ਜੀ ਨੇ ਹੀ ਸਤੀ ਪ੍ਰਥਾ ਬੰਦ ਕਰਵਾਈ ਸੀ। ਭੁੱਲੜ ਲੋਕਾਂ ਨੂੰ ਪਿਆਰ ਨਾਲ ਸਮਝਾਇਆ ਕਿ ਪਤੀ ਦੀ ਯਾਦ ਵਿੱਚ ਜੀਵਨ ਦਾਮਨ ਬੇਦਾਗ ਰੱਖ ਜੀਉਣਾ ਵੀ ਸਤੀ ਹੋਣਾ ਹੀ ਹੈ। ਇਹ ਸਤੀ ਤਾਂ ਇਕ ਦਿਨ ਦੀ ਅੱਗ ਵਿੱਚ ਸੜ ਮਰਨਾ ਹੈ ਪਰ ਪਤੀ ਦੀ ਯਾਦ ਵਿੱਚ ਜੀਉਂ ਕੇ ਬੱਚਿਆਂ ਦੀ ਪਰਵਰਿਸ਼ ਕਰਨਾ ਉਸ ਸਤੀ ਤੋਂ ਕਿਤੇ ਮਹਾਨ ਹੈ। ਵਿਧਵਾ ਵਿਆਹ ਦੀ ਰਸਮ ਵੀ ਬਣਾਈ। ਅੰਮ੍ਰਿਤ ਬਚਨ ਵੀ ਬਖ਼ਸ਼ੇ -

ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ ॥ ਨਾਨਕ ਸਤੀਆ ਜਾਣੀਅਨਿ

ਜਿ ਬਿਰਹੇ ਚੋਟ ਮਰੰਨਿ੍ ॥੧॥ ਮ : ੩ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ੍ ॥੨॥(ਪੰਨਾ ੭੮੭)

ਗੁਰੂ ਅਮਰਦਾਸ ਜੀ ਨੇ ਇਕ ਵਾਰੀ ਭਾਈ ਪਾਰੋ ਜੀ ਦੇ ਕਹਿਣ 'ਤੇ ਵੈਸਾਖੀ 'ਤੇ ਹਰ ਸਾਲ ਗੋਇੰਦਵਾਲ ਸਾਹਿਬ ਵਿਖੇ ਇਕੱਠ ਕਰਨ ਲਈ ਸੰਗਤਾਂ ਪ੍ਰਤੀ ਸੰਦੇਸ਼ ਪਹੁੰਚਾ ਕੇ ਇਹ ਮਰਿਆਦਾ ਵੀ ਬੰਨ੍ਹ ਦਿੱਤੀ ਸੀ। ਇਥੇ ਹੀ ਬਸ ਨਹੀਂ ਕਿਸੇ ਤਪਦੇ ਹਿਰਦੇ ਨੂੰ ਸ਼ਾਂਤੀ ਨਹੀਂ ਮਿਲੇਗੀ ਜਦੋਂ ਗੁਰੂ ਅਮਰ ਦਾਸ ਜੀ ਮਹਾਰਾਜ ਦੇ ਅਜਿਹੇ ਕੌਤਕ ਇਕ ਸ਼ਰਧਾ ਵਾਲੀ ਬਿਅੰਨਿ ਅੱਖ ਨਾਲ ਤੱਕੇਗਾ। ਇਕ ਨਗਰ ਤੋਂ ਬਾਹਰ ਇਕ ਝੁੱਗੀ ਵਿਚੋਂ ਦਿਨ ਰਾਤ ਹਾਏ ਹਾਏ ਦੀਆਂ ਆਵਾਜ਼ਾਂ ਆਉਂਦੀਆਂ ਹਨ। ਟਿਕੀ ਰਾਤ ਵੇਲੇ ਇਹ ਅਵਾਜ਼ਾਂ ਕਈ ਵਾਰੀ ਨਗਰ ਵਿੱਚ ਵੀ ਵੱਸਦੇ ਲੋਕਾਂ ਦਾ ਤ੍ਰਾਹ ਕੱਢ ਦਿੰਦੀਆਂ ਸਨ। ਹਰ ਕੋਈ ਜਾਣਦਾ ਸੀ ਕਿ ਇਕ ਦਿਨ ਸਾਰੀ ਨਗਰੀ ਹੀ ਨਹੀਂ ਬਲਕਿ ਸਾਰੇ ਇਲਾਕੇ ਵਿੱਚ ਚੰਗਾ ਸ਼ਾਹੂਕਾਰ ਵਜੋਂ ਜਾਣਿਆਂ ਤੇ ਪਛਾਣਿਆਂ ਜਾਣ ਵਾਲਾ ਸ਼ਾਹੂਕਾਰ ਖੱਤਰੀ ਸੀ ਜਿਸ ਦੀ ਮੌਤ ਮਗਰੋਂ ਜੋੜੇ ਹੋਏ ਧਨ ਦੌਲਤ ਨੇ ਅਤੇ ਕੁਸੰਗਤ ਨੇ ਇਕੋ ਇਕ ਪੁੱਤਰ ਪ੍ਰੇਮੇ ਨੂੰ ਅਜਿਹੇ ਰਾਹ 'ਤੇ ਤੋਰਿਆ ਕਿ ਅੱਜ ਉਹ ਨਗਰ ਦਾ ਮੁਖੀਆ ਜਾਂ ਹੋਰ ਆਪਣੇ ਪਿਤਾ ਵਾਂਗੂੰ ਨਾਮ ਖੱਟਣ ਵਾਲਾ ਨਹੀਂ ਬਲਕਿ ਇਕ ਕੋਹੜ ਦਾ ਰੋਗੀ ਹੋ ਕੇ ਨਗਰੋਂ ਬਾਹਰ ਬਣੀ ਝੁੱਗੀ ਵਿਚ ਕਰਲਾਉਂਦਾ ਰਹਿੰਦਾ ਸੀ। ਦੁੱਖਾਂ ਦੇ ਕਾਰਨ ਹਰ ਰੋਜ਼ ਮੌਤ ਕੂਕ ਕੂਕ ਕੇ ਮੰਗਦਾ ਪਰ ਕਿਸੇ ਦੇ ਵਸ ਦੀ ਗੱਲ ਨਹੀਂ ਸੀ। ਨਗਰ ਵਾਲੇ ਸਗੋਂ ਤਰਸ ਕਰਕੇ ਕਿਸੇ ਨਾ ਕਿਸੇ ਵੇਲੇ ਕੁਝ ਟੁੱਕੜ ਤੇ ਲੂਣਾ ਆਦਿਕ ਬਾਹਰ ਪਏ ਕੁੱਜੇ ਵਿੱਚ ਪਾ ਆਉਂਦੇ ਸਨ ਜਿਸ ਨਾਲ ਪੇਟ ਦੀ ਅੱਗ ਬੁਝਾ ਲੈਂਦਾ ਸੀ। ਇਕ ਦਿਨ ਇੰਨੇ ਦੁੱਖਾਂ ਭਰੀ ਜਿੰਦਗੀ ਵਿੱਚ ਇਕ ਸੁੱਖ ਦੀ ਕਿਰਨ ਦਾ ਪ੍ਰਕਾਸ਼ ਹੋਇਆ, ਕਿਧਰੋਂ ਸੋਇ ਮਿਲੀ ਕਿ ਮੌਤ ਮੌਤ ਕੂਕਣ ਦੀ ਬਜਾਇ ਗੋਇੰਦਵਾਲ ਵਾਸੀ ਗੁਰੂ ਅਮਰ ਦਾਸ ਜੀ ਮਹਾਰਾਜ ਦੇ ਚਰਣ ਪਕੜ ਲੈ, ਤੈਨੂੰ ਅਰੋਗਤਾ ਭਰੀ ਜ਼ਿੰਦਗੀ ਪ੍ਰਾਪਤ ਹੋ ਜਾਵੇਗੀ। ਇਥੇ ਤਾਂ ਬੇਅੰਤ ਭਲੇ ਗੁਣਾਂ ਦੀ ਖਾਣ ਗੁਰੂ ਅਮਰ ਦਾਸ ਸਾਹਿਬ ਜੀ ਦਾ ਵਾਸਾ ਸੀ। ਕਿਸੇ ਨਾ ਕਿਸੇ ਤਰ੍ਹਾਂ ਗੋਇੰਦਵਾਲ ਸਾਹਿਬ ਪਹੁੰਚ ਗਿਆ। ਗੁਰੂ ਸਾਹਿਬ ਜੀ ਦੇ ਦੀਦਾਰ ਕਰਕੇ ਇਤਨੇ ਭਰੋਸੇ ਨਾਲ ਚਰਣ ਪਕੜੇ ਕਿ ਇਕ ਦਿਨ ਇਸੇ ਪ੍ਰੇਮੇ ਦੀ ਭਗਤੀ ਭਾਵ ਸ਼ਰਧਾ ਅਤੇ ਸਿਦਕ ਨੂੰ ਇਹ ਫਲ ਲੱਗਾ ਕਿ ਭਾਈ ਪਰੇਮਾ ਅਰੋਗ ਹੀ ਨਹੀਂ ਹੋਇਆ ਬਲਕਿ ਭਰੇ ਦਰਬਾਰ ਵਿੱਚ ਗੁਰੂ ਸਾਹਿਬ ਜੀ ਆਪਣਾ ਪੁੱਤਰ ਕਹਿ ਕੇ ਭਾਈ ਸੀਹੇਂ ਦੀ ਲੜਕੀ ਨਾਲ ਵਿਆਹ ਕੇ ਮਥੋ ਮੁਰਾਰੀ ਦੇ ਨਾਮ ਨਾਲ ਇਸ ਜੋੜੀ ਨੂੰ ਗੁਰਮਤਿ ਵਿੱਚ ਰੰਗ ਕੇ ਹਰ ਪ੍ਰਕਾਰ ਦੀ ਸੇਵਾ ਵਿੱਚ ਲਾ ਦਿੱਤਾ। ਅਜਿਹੀਆਂ ਵਿਚਾਰਾਂ ਹਰ ਸ਼ਰਧਾਲੂ ਦੇ ਹਿਰਦੇ ਵਿਚ ਇਹ ਲਗਨ ਲਾ

ਦਿੰਦੀਆਂ ਹਨ ਕਿ ਆਓ ਆਪਾਂ ਵੀ ਭੱਟ ਜੀ ਨਾਲ ਮਿਲ ਕੇ ਆਖੀਏ "*ਭਲੇ ਅਮਰਦਾਸ ਗੁਣ ਤੇਰੇ*......."

ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੁਰਗੱਦੀ ਬਖਸ਼ਣ ਤੋਂ ਪਹਿਲਾਂ ਉਨ੍ਹਾਂ ਦੀ ਡਿੱਗਣ ਦੀ ਵੀਚਾਰ ਬਹੁਤ ਹੀ ਪਿਆਰ ਨਾਲ ਸੁਣ ਕੇ ਆਖਿਆ ਸੀ ਕਿ ਆਓ ਅੱਜ ਤੋਂ ਮਗਰੋਂ ਤੁਹਾਡੀ ਸੇਵਾ ਹੀ ਲਾ ਦੇਈਏ ਕਿ ਹੁਣ ਤੁਸੀਂ ਡਿੱਗਿਆਂ ਨੂੰ ਉਠਾਉਣਾ ਹੀ ਨਹੀਂ ਬਲਕਿ ਗਲ ਨਾਲ ਲਾ ਕੇ ਜਿਸ ਨੂੰ ਕਿਧਰੇ ਢੋਈ ਨਾ ਮਿਲੇ, ਉਹ ਕਦੇ ਤੁਹਾਡੇ ਦਰ ਤੋਂ ਨਿਰਾਸ਼ ਨਾ ਪਰਤੇ। ਅਜਿਹਾ ਹੀ ਕੌਤਕ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਇਕ ਦਿਨ ਹੋਰ ਵਰਤਿਆ। ਇਕ ਅਤਿ ਦਾ ਗਰੀਬੜਾ ਜਿਹਾ ਸੇਵਕ ਖੇਸੀ ਦੀ ਬੁੱਕਲ ਮਾਰ ਕੇ ਆਪਣੇ ਪਰਨੇ ਵਿੱਚ ਇਕ ਭੇਟਾ ਲਪੇਟ ਕੇ ਬੈਠਾ ਹੈ, ਪਰ ਹੀਆ ਨਹੀਂ ਪੈਂਦਾ ਕਿ ਅੱਗੇ ਜਾ ਕੇ ਕੀ ਆਖਾਂ, ਕਿਵੇਂ ਆਪਣੀ ਦੁੱਖਾਂ ਭਰੀ ਵਿਥਿਆ ਸੁਣਾਵਾਂ, ਕਿਵੇਂ ਇਹ ਇਕ ਗੁੜ ਦੀ ਭੇਲੀ ਭੇਟ ਕਰਾਂ, ਸੋਚਾਂ ਦੇ ਸਮੁੰਦਰ ਵਿਚੋਂ ਬਾਹਰ ਨਿਕਲਣ ਲਈ ਕੋਈ ਕਿਨਾਰਾ ਨਹੀਂ ਸੀ ਮਿਲ ਰਿਹਾ ਕਿ ਸਾਹਿਬ ਜੀ ਨੇ ਆਪ ਹੀ ਬੁਲਾ ਕੇ ਬਚਨ ਕੀਤਾ, ਭਾਈ; ਸਾਡੀ ਭੇਟਾ ਕਿਉਂ ਨਹੀਂ ਦਿੰਦਾ। ਅੰਤਰਜ਼ਾਮੀ ਪਾਤਿਸ਼ਾਹ ਜੀ ਦੇ ਦਰ 'ਤੇ ਅਦਬ ਨਾਲ ਭੇਟਾ ਰੱਖ ਕੇ ਅੱਖਾਂ ਵਿਚੋਂ ਦੋ ਅਥਰੂ ਵੀ ਕਿਰ ਗਏ ਜਦੋਂ ਸਾਹਿਬ ਜੀ ਨੇ ਰਹਿਮਤਾਂ ਤੇ ਅਸੀਸਾਂ ਭਰਿਆ ਮੁਬਾਰਿਕ ਦਸਤ ਸਿਰ 'ਤੇ ਰੱਖਿਆ ਤਦ ਧੀਰਜ ਤੇ ਹੌਸਲਾ ਕਰ ਕੇ ਕਹਿਣ ਲੱਗਾ, ਪਾਤਿਸ਼ਾਹ ਜੀ! ਗੜ੍ਹਸ਼ੰਕਰ ਦੇ ਇਲਾਕੇ ਵਿਚੋਂ ਆਪ ਜੀ ਕੋਲ ਆਇਆ ਹਾਂ। ਮੇਰਾ ਸਭ ਕੁਝ ਲੁੱਟ ਗਿਆ। ਕਿਰਪਾ ਕਰਕੇ ਮੈਨੂੰ ਬਖਸ਼ ਲਵੋ। ਗੁਰੂ ਅਮਰ ਦਾਸ ਜੀ ਨੇ ਮੁਸਕ੍ਰਾ ਕੇ ਇਕ ਬਚਨ ਕੀਤਾ ਸੀ ਕਿ ਜਗਤ ਅੰਧਾ ਹੈ। ਮਾਇਆ ਦੇ ਚਲੇ ਜਾਣ ਨੂੰ ਹੀ ਲੁੱਟ ਗਿਆ ਆਖ ਦਿੰਦਾ ਹੈ ਪਰ ਇਹ ਤਾਂ ਹੱਥਾਂ ਦੀ ਮੈਲ ਹੈ ਜਿਹੜਾ ਜੀਵਨ ਦਿਨ ਰਾਤ ਲੁਟਿਆ ਜਾ ਰਿਹਾ, ਉਸਦੀ ਦੁਹਾਈ ਕੋਈ ਨਹੀਂ ਪਾਉਂਦਾ। ਤੁਸੀਂ ਫਿਕਰ ਨਾ ਕਰੋ। ਆਪਣੇ ਕੋਲੋਂ ਕੁਝ ਧਨ ਦੇ ਕੇ ਤੋਰ ਦਿੱਤਾ ਕਿ ਜਾਓ ਦਿੱਲੀ ਆੜ੍ਹਤ ਦੀ ਦੁਕਾਨ ਕਰ ਲੈਣਾ ਪਰ ਨਾਲ ਇਹ ਚੇਤਾ ਜ਼ਰੂਰ ਰੱਖਣਾ ਕਿ ਸਿਮਰਨ ਤੋਂ ਬਗੈਰ ਕਿਧਰੇ ਅਧਿਆਤਮਿਕ ਜੀਵਨ ਨਾ ਲੁਟਿਆ ਜਾਵੇ। ਬਰਬਾਦੀ ਉਦੋਂ ਹੁੰਦੀ ਹੈ ਜਦੋਂ ਗੁਰੂ ਦਾ ਬਚਨ ਭੁੱਲ ਜਾਵੇ। ਗੁਰੂ ਜੀ ਦਾ ਬਚਨ ਮੰਨ ਕੇ ਦਿੱਲੀ ਚਲਾ ਗਿਆ। ਆੜ੍ਹਤ ਦੀ ਦੁਕਾਨ ਵੀ ਕਰ ਲਈ। ਗੁਰੂ ਕਿਰਪਾ ਸਦਕਾ ਨਿਤਾਪ੍ਰਤੀ ਧਨ ਵਧਣ ਲੱਗ ਪਿਆ। ਇਕ ਸ਼ਾਹੂਕਾਰ ਦੀ ਹੁੰਡੀ ਨੇ ਚੋਖਾ ਵਾਧਾ ਕੀਤਾ। ਗੁਰੂ ਅਮਰਦਾਸ ਜੀ ਦੇ ਹੀ ਅੰਮ੍ਰਿਤ ਬਚਨ ਹਨ ਕਿ "*ਲਿਵ ਛੁਟਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*" ਰੱਬ ਦਾ ਚੇਤਾ ਘੱਟਦਾ ਘੱਟਦਾ ਭੁੱਲ ਹੀ ਗਿਆ। ਮਾਇਆ ਦੀ ਹੀ ਖੇਡ

ਵਿੱਚ ਮਸਤ ਹੋ ਗਿਆ। ਇਧਰ ਗੋਇੰਦਵਾਲ ਸਾਹਿਬ ਵਿਖੇ ਇਕ ਲੋੜਵੰਦ ਸਿੱਖ ਨੇ ਆਪਣੀ ਬੇਟੀ ਦੀ ਸ਼ਾਦੀ ਲਈ ਮਦਦ ਮੰਗੀ। ਸਤਿਗੁਰੂ ਜੀ ਨੇ ਇਕ ਚਿੱਠੀ ਲਿਖ ਕੇ ਗੁਰੂ ਘਰ ਵਲੋਂ ਹੀ ਬਖਸ਼ੇ ਧਨ ਵਿਚੋਂ ਕੁਝ ਕੁ ਲੋੜਵੰਦ ਨੂੰ ਦੇਣ ਲਈ ਲਿਖ ਦਿੱਤਾ। ਚਿੱਠੀ ਲੈ ਕੇ ਜਦੋਂ ਇਹ ਪ੍ਰੇਮੀ ਪਹੁੰਚਿਆ ਤਦ ਮਾਇਆ ਕਾਰਨ ਬਾਵਰਾ ਕਹਿ ਬੈਠਾ ਕਿਹੜੇ ਅਮਰ ਦਾਸ ਦੀ ਗੱਲ ਕਰਦੇ ਹੋ ? ਮੈਂ ਕਿਸੇ ਅਮਰ ਦਾਸ ਜਾਂ ਗੋਇੰਦਵਾਲ ਨੂੰ ਨਹੀਂ ਜਾਣਦਾ। ਇਹ ਵੀ ਭੁੱਲ ਬੈਠਾ ਕਿ "*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥*" ਲੋੜਵੰਦ ਦੀ ਤਾਂ ਗੁਰੂ ਘਰ ਵਲੋਂ ਲੋੜ ਪੂਰੀ ਕਰ ਤੋਰ ਦਿੱਤਾ ਪਰ ਇਹ ਸ਼ਾਹੂਕਾਰ ਗੁਰੂ ਘਰ ਤੋਂ ਹੀ ਬੇਮੁੱਖ ਹੋ ਗਿਆ। ਗੁਰੂ ਹੀ ਵਿਸਰ ਜਾਣ ਕਾਰਨ ਫਿਰ ਬਰਬਾਦ ਹੋ ਗਿਆ। ਇਕ ਦਿਨ ਕਰਜ਼ਦਾਰਾਂ ਨੇ ਇਤਨਾ ਮਜ਼ਬੂਰ ਕੀਤਾ ਕਿ ਘਰੋਂ ਚੋਰੀ ਨਿਕਲ ਕੇ ਵਾਪਸ ਹੋਰ ਕਿਥੇ ਜਾਂਦਾ ? ਕੋਈ ਦਰ ਨਜ਼ਰ ਨਾ ਆਇਆ। ਆਖਿਰ ਲੰਗਰ ਵਿੱਚ ਸੇਵਾ ਕਰਨ ਲੱਗ ਪਿਆ। ਸੰਗਤਾਂ ਦੀ ਸੇਵਾ ਕਰਦਿਆਂ ਕਰਦਿਆਂ ਜਿਸ ਦਿਨ ਜੀਵਨ ਦਾ ਬਰਤਨ ਮੁੜ ਪਵਿੱਤਰ ਹੋ ਗਿਆ, ਉਸ ਦਿਨ ਧੰਨ ਗੁਰੂ ਅਮਰ ਦਾਸ ਜੀ ਮਹਾਰਾਜ ਨੇ ਆਪ ਹੀ ਆ ਕੇ ਆਪਣੀ ਗਲਵਕੜੀ ਵਿੱਚ ਲੈ ਲਿਆ ਤੇ ਪ੍ਰੇਮ ਨਾਲ ਬਚਨ ਸਮਝਾਇਆ ਕਿ ਜਾ ਫਿਰ ਗੰਗੂ ਸ਼ਾਹ ਫਿਰ ਦੁਕਾਨ ਕਰ ਪਰ ਫਿਰ ਚੇਤਾ ਰੱਖੀਂ ਕਿ "*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚ ਨਾਮੁ ਚਿਤੁ ਲਾਇਆ ॥*" ਭਾਈ ਗੰਗੂ ਸ਼ਾਹ ਨੇ ਅਰਜ਼ ਕੀਤੀ ਕਿ ਪਾਤਿਸ਼ਾਹ ਜੀ ! ਹੁਣ ਤਾਂ ਤੁਸੀਂ ਆਪਣੇ ਕੋਲ ਹੀ ਕਿਸੇ ਸੇਵਾ ਵਿਚ ਲਗਾ ਲਵੋ ਤਦ ਪਾਤਿਸ਼ਾਹ ਜੀ ਨੇ ਫਿਰ ਕਿਰਪਾ ਕਰਕੇ ਗੰਗੂ ਸ਼ਾਹ ਦੇ ਕਹਿਣ 'ਤੇ ਸਿਰਮੌਰ ਦੀਆਂ ਰਿਆਸਤਾਂ ਵਿੱਚ ਸਿੱਖੀ ਦੇ ਪ੍ਰਚਾਰ ਦੀ ਖੁਸ਼ਬੋ ਖਿਲਾਰਨ ਲਈ ਭੇਜ ਦਿੱਤਾ। ਅਜਿਹੇ ਭੁੱਲੜਾਂ ਤੇ ਨਿਮਾਣਿਆਂ ਨੂੰ ਗਲ ਨਾਲ ਲਾਉਣ ਵਾਲੇ ਬਾਪੂ ਗੁਰੂ ਅਮਰ ਦਾਸ ਜੀ ਬਾਰੇ ਭੱਟ ਜੀ ਨੇ ਸੱਚ ਕਿਹਾ ਹੈ ਕਿ - "*ਭਲੇ ਅਮਰਦਾਸ ਗੁਣ ਤੇਰੇ...*"

ਗੁਰੂ ਅਮਰ ਦਾਸ ਜੀ ਦੇ ਦਰ 'ਤੇ ਭਾਈ ਲੰਗਾਰ ਹਰ ਰੋਜ਼ ਦਹੀਂ ਲੈ ਕੇ ਆਉਂਦਾ ਸੀ। ਇਸ ਵਿਚਾਰੇ ਦੀ ਇਕ ਲੱਤ ਖਰਾਬ ਸੀ। ਨਿਤ ਦੀ ਸੇਵਾ ਦਾ ਸਦਕਾ ਤੇ ਲੋਕਾਂ ਦੀਆਂ ਟਕੋਰਾਂ ਦਾ ਜਵਾਬ ਇਹ ਮਿਲਿਆ ਕਿ ਇਕ ਦਿਨ ਅਰੋਗਤਾ ਨਾਲ ਦੂਜੀ ਲੱਤ ਵੀ ਚਲ ਪਈ। ਮਹਾਨ ਸਤਿਗੁਰੂ ਜੀ ਦੇ ਮਹਾਨ ਪਰਉਪਕਾਰ ਹਨ। ਦੋਖੀ ਜਾਂ ਕੂੜੇ ਪੁਰਖ ਕਦੇ ਸੱਚ ਨੂੰ ਬਰਦਾਸ਼ਿਤ ਨਹੀਂ ਕਰ ਸਕਦੇ। ਇਨ੍ਹਾਂ ਨੇ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਸੱਚ ਨੂੰ ਪਿਆਰ ਕਰਨ ਵਾਲੇ ਗੁਰੂ ਅਮਰ ਦਾਸ ਜੀ ਨਾਲ। ਪਹਿਲਾਂ ਅਜਿਹੇ ਹੀ ਬਿਰਤੀਆਂ ਦੇ ਲੋਕ ਸਨ ਜਿਹੜੇ ਦਾਤੂ ਜੀ ਨੂੰ ਚੁੱਕ ਚੁਕਾ ਕੇ ਲੈ ਆਏ ਸਨ। ਪਰ ਕਾਮਯਾਬੀ ਨਾ ਮਿਲੀ। ਕੁਝ ਸਮਾਂ

ਟਿਕ ਕੇ ਕੱਟਿਆ ਫਿਰ ਇਕ ਚਾਲ ਖੇਡੀ ਕਿ ਜਿਸ ਭਾਈ ਗੋਇੰਦੇ ਨੇ ਗੁਰੂ ਪਾਤਸ਼ਾਹ ਜੀ ਨੂੰ ਬੇਨਤੀ ਕਰ ਇਹ ਪਵਿੱਤਰ ਨਗਰ ਵਸਾਇਆ ਸੀ, ਉਸੇ ਦੇ ਪੁੱਤਰ ਨੂੰ ਚੁੱਕ ਦੇ ਕੇ ਸਰਕਾਰੇ ਦਰਬਾਰੇ ਇਕ ਅਰਜ਼ੀ ਫਿਰ ਦੁਆ ਦਿੱਤੀ ਕਿ ਸਾਡੀ ਜ਼ਮੀਨ ਉਪਰ ਨਾਜਾਇਜ਼ ਕਬਜ਼ਾ ਕਰ ਲਿਆ। ਦਰਬਾਰ ਤੋਂ ਤਫਤੀਸ਼ ਕੀਤੀ ਗਈ। ਮੂੰਹ ਦੀ ਖਾਣੀ ਪਈ, ਹੰਕਾਰੀ ਤੇ ਦੁਸ਼ਟ ਪੁਰਖ ਚੋਟ ਖਾ ਕੇ ਸਮਝਣ ਦੀ ਥਾਂ ਫਿਰ ਨਵੀਂ ਤਰਕੀਬ ਘੜ ਲੈਂਦਾ ਹੈ ਕਿ ਸ਼ਾਇਦ ਇਸ ਵਾਰੀ ਕਾਮਯਾਬੀ ਮਿਲ ਜਾਵੇ। ਇਸ ਲਈ ਗੋਇੰਦੇ ਦੇ ਪੁੱਤਰ ਨੇ ਆਪ ਹੀ ਆਗਰੇ ਜਾ ਕੇ ਫ਼ਰਿਆਦੀ ਬਣ ਆਪਣੀ ਵਿਥਿਆ ਦੱਸਣੀ ਚਾਹੀ। ਆਗਰੇ ਪਹੁੰਚ ਕੇ ਫ਼ਰਿਆਦੀਆਂ ਵਾਲਾ ਚੋਲਾ ਪਹਿਨ ਕੇ ਹਾਜ਼ਰ ਹੋਇਆ ਪਰ ਤਫਤੀਸ਼ ਸੱਚ ਦੀ ਹੋਣ ਕਰਕੇ ਫਿਰ ਹਾਰ ਗਿਆ। ਹੁਣ ਹਰ ਪਾਸੇ ਤੋਂ ਫਿਟਕਾਰਾਂ ਪੈਣ ਲੱਗੀਆਂ, ਸਾਰੇ ਅੰਗੀ ਸਾਕੀ ਬਦਨਾਮ ਹੋਇਆ। ਗੁਰੂ ਅਮਰਦਾਸ ਜੀ ਮਹਾਰਾਜ ਨੇ ਬਹੁਤ ਸੋਹਣਾ ਇਤਿਹਾਸਕ ਹਵਾਲਾ ਦੇ ਕੇ ਗੁਰੂ ਨਾਲ ਵੈਰ ਕਰਨ ਵਾਲੇ ਮਨੁੱਖ ਦਾ ਹਸ਼ਰ ਦਰਸਾਇਆ ਹੈ :

ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥

ਇਨ੍ਹਾਂ ਦੀ ਹੀ ਕਰਣੀ ਇਨ੍ਹਾਂ ਦੇ ਪਾਪਾਂ ਦੀ ਬ੍ਰਿਤੀ ਨੂੰ ਨੰਗਾ ਕਰਨ ਵਿੱਚ ਸਹਾਇਕ ਹੋਈ ਪਰ ਧੰਨ ਸਤਿਗੁਰੂ ਜੀ ਨੇ ਕਦੇ ਇਕ ਕੌੜਾ ਬਚਨ ਵੀ ਨਾ ਆਖਿਆ। ਇਥੋਂ ਤਾਂ ਸਦਾ ਭਲਾ ਹੀ ਮੰਗਿਆ ਜਾਂਦਾ ਹੈ, ਬੁਰਾ ਚਿਤਵਣਾ ਗੁਰੂ ਅਮਰ ਦਾਸ ਜੀ ਦੇ ਘਰ ਦੀ ਮੌਜ ਨਹੀਂ। "*ਭਲੇ ਅਮਰਦਾਸ ਗੁਣ ਤੇਰੇ ....*"

ਦੋਖੀਆਂ ਦੀਆਂ ਸ਼ਿਕਾਇਤਾਂ ਕਾਰਨ ਅਕਬਰ ਦੇ ਦਰਬਾਰ ਵਿੱਚ ਕਈ ਵਾਰੀ ਗੁਰਸਿੱਖੀ ਦੇ ਗੁਰਮਤਿ ਭਿੱਜੇ ਸਿਧਾਂਤਾਂ ਦੀ ਵੀਚਾਰ ਹੋਈ। ਦੂਜਾ ਗੁਰੂ ਅਮਰ ਦਾਸ ਜੀ ਦਾ ਸਗੋਂ ਮਨੁੱਖਤਾ ਲਈ ਦਰਦ ਰੱਖਣਾ, ਜਿਨ੍ਹਾਂ ਕਰਮਾਂ ਦਾ ਸਿੱਖੀ ਨਾਲ ਵਾਸਤਾ ਵੀ ਨਹੀਂ ਸੀ, ਉਹਨਾਂ ਦੇ ਵਿਰੁੱਧ ਵੀ ਆਵਾਜ਼ ਉਠਾਉਣੀ ਜਿਵੇਂ ਸਤੀ ਪ੍ਰਥਾ, ਤੀਰਥਾਂ 'ਤੇ ਜਾਣ ਸਮੇਂ ਟੈਕਸ ਆਦਿਕ ਮੁਆਫ਼ ਕਰਵਾਉਣਾ, ਇਨ੍ਹਾਂ ਸਭ ਕਾਰਨਾਂ ਨੇ ਅਕਬਰ ਦੇ ਅੰਦਰ ਇਕ ਉਤਸੁਕਤਾ ਪੈਦਾ ਕਰ ਦਿੱਤੀ ਕਿ ਜਿਵੇਂ ਕਿਵੇਂ ਹੋਵੇ ਵਕਤ ਲੱਗੇ ਇਕ ਵਾਰੀ ਅਜਿਹੇ ਘਰ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਅਕਬਰ ਦੀ ਮਾਂ ਦੀ ਤਾੜਨਾ ਵੀ ਇਸ ਦੇ ਕਟੜਪੁਣੇ ਨੂੰ ਰਹਿਮ ਦਿਲੀ ਵਿੱਚ ਤਬਦੀਲ ਕਰਦੀ ਸੀ। ਜਿਸ ਕਾਰਨ ਲਾਹੌਰ ਤੋਂ ਦਿੱਲੀ ਜਾਂਦਿਆਂ ਆਖਿਰ ਅਕਬਰ ਗੋਇੰਦਵਾਲ ਸਾਹਿਬ ਵਿਖੇ ਦਰਸ਼ਨ ਕਰਨ ਆਇਆ। ਗੁਰੂ ਘਰ ਦੀ ਰੀਤ

ਅਨੁਸਾਰ ਪ੍ਰਸ਼ਾਦਾ ਪੰਗਤ ਵਿੱਚ ਬੈਠ ਕੇ ਛਕਿਆ। ਗੁਰੂ ਘਰ ਦੇ ਪ੍ਰੇਮੀਆਂ ,ਗੁਰੂ ਜੀ ਦੀ ਬਖਸ਼ਿਸ਼ ਆਦਿਕ ਦਾ ਸਦਕਾ ਲੰਗਰ ਬਹੁਤ ਸਵਾਦਿਸ਼ਟ ਲੱਗਾ। ਇਹੋ ਜਿਹਾ ਅੰਮ੍ਰਿਤ ਵਰਗਾ ਪ੍ਰਸ਼ਾਦਾ ਪਹਿਲਾਂ ਕਦੇ ਨਹੀਂ ਸੀ ਛੱਕਿਆ, ਭਾਵੇਂ ਰਾਜਾ ਹੋਣ ਨਾਤੇ ਨਿਤ ਨਵੇਂ ਪਕਵਾਨ ਛਕਦਾ ਸੀ ਪਰ ਅੱਜ ਕੁਝ ਵੱਖਰਾ ਹੀ ਆਨੰਦ ਆਇਆ। ਗੁਰੂ ਜੀ ਦੇ ਦੀਦਾਰ ਕਰਕੇ ਤਾਂ ਆਤਮਿਕ ਠੰਡ ਵਰਤ ਗਈ ਜਿਸ ਕਰਕੇ ਬੇਨਤੀ ਕਰਨ ਲੱਗਾ ਕਿ ਮੇਰੇ ਵਲੋਂ ਜਗੀਰ ਲੰਗਰਾਂ ਲਈ ਪ੍ਰਵਾਨ ਕਰੋ ਪਰ ਗੁਰਦੇਵ ਜੀ ਨੇ ਪ੍ਰੇਮ ਨਾਲ ਸਮਝਾਇਆ ਕਿ ਜਿਹੜਾ ਆਨੰਦ ਤੁਹਾਨੂੰ ਪ੍ਰਸ਼ਾਦਾ ਛੱਕਿਆਂ ਆਇਆ ਹੈ, ਇਹ ਇਸੇ ਲਈ ਹੈ ਕਿ ਇਹ ਪ੍ਰਸ਼ਾਦਾ ਕਿਸੇ ਦੀ ਜਗੀਰ ਨਾਲ ਨਹੀਂ ਬਲਕਿ ਸਿੱਖਾਂ ਦੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਦੇ ਦਸਵੰਧ ਨਾਲ ਹੀ ਚੱਲਦਾ ਹੈ। ਇਹ ਇਸੇ ਤਰ੍ਹਾਂ ਹੀ ਚਲਦਾ ਰਵੇਗਾ। ਅਕਬਰ ਬਾਦਸ਼ਾਹ ਨੇ ਜਿਹੋ ਜਿਹਾ ਸੁਣਿਆ ਸੀ, ਵੈਸਾ ਹੀ ਪਾ ਕੇ ਸ਼ਰਧਾਲੂ ਹੋ ਗਿਆ। ਆਪਣੇ ਆਪ ਨੂੰ ਸੁਭਾਗਾ ਸਮਝਣ ਲੱਗਾ। ਗੁਰੂ ਅਮਰ ਦਾਸ ਜੀ ਨੂੰ ਕਿਸੇ ਦੀਆਂ ਜਗੀਰਾਂ ਦੀ ਥਾਂ ਗਰੀਬੜੇ ਜਿਹੇ ਗੁਰਸਿੱਖਾਂ ਦੇ ਦਸਵੰਧ 'ਤੇ ਜ਼ਿਆਦਾ ਮਾਣ ਸੀ। ਅਸਲ ਵਿੱਚ ਇਹ ਦਰ ਹੀ ਕੁਝ ਅਜਿਹਾ ਹੈ ਜਿਥੋਂ ਨਿਮਾਣਿਆਂ ਲਈ ਮਾਣ, ਨਿਤਾਣਿਆਂ ਲਈ ਤਾਣ, ਨਿਓਟਿਆਂ ਲਈ ਓਟ ਬਣ ਜਾਂਦਾ ਹੈ। ਇਸੇ ਕਰਕੇ ਭੱਟਾਂ ਨੇ ਸੱਚ ਦੀ ਮਹਿਮਾ ਗਾਈ ਹੈ ਕਿ "*ਭਲੇ ਅਮਰਦਾਸ ਗੁਣ ਤੇਰੇ* .."

ਗੁਰੂ ਅਮਰ ਦਾਸ ਮਹਾਰਾਜ ਜੀ ਨੇ ਜੋਤਿ ਦੇ ਅਗਲੇਰੇ ਪ੍ਰਵਾਹ ਲਈ ਰੱਬੀ ਹੁਕਮ ਅਨੁਸਾਰ ਚੋਣ ਕਰਨ ਲਈ ਬਾਬਾ ਜੇਠਾ ਜੀ ਅਤੇ ਬਾਬਾ ਰਾਮਾ ਜੀ ਨੂੰ ਕੋਲ ਬੁਲਾ ਕੇ ਇਕ ਰਮਜ਼ ਭਰੀ ਬਾਤ ਸਮਝਾਈ ਕਿ ਇਥੇ ਦੋਵੇਂ ਜਣੇ ਦੋ ਥੜ੍ਹੇ ਬਣਾਉ ਜਿਹੜੇ ਮੇਰੀ ਮਰਜ਼ੀ ਦੇ ਹੋਣ ਕਿਉਂਕਿ ਇਹਨਾਂ ਉਤੇ ਗੁਰੂ ਨੇ ਬੈਠਣਾ ਹੈ। ਜਿਸ ਨੇ ਬੈਠਣਾ ਹੈ ਫਿਰ ਥੜ੍ਹੇ ਉਸੇ ਦੀ ਮਰਜ਼ੀ ਦੇ ਹੋਣੇ ਚਾਹੀਦੇ ਹਨ। ਬਾਬਾ ਰਾਮਾ ਜੀ ਤੇ ਬਾਬਾ ਜੇਠਾ ਜੀ ਦੱਸੀ ਕਾਰ ਕਰਨ ਲੱਗ ਪਏ। ਸ਼ਾਮ ਪਈ ਗੁਰੂ ਅਮਰ ਦਾਸ ਜੀ ਆਏ। ਦੋਨਾਂ ਦੇ ਥੜ੍ਹੇ ਨਿਕਾਰਾ ਕਰਕੇ ਫਿਰ ਦੂਜੇ ਦਿਨ ਲਈ ਸਮਝਾ ਦਿੱਤਾ। ਦੂਜੇ ਦਿਨ ਵੀ ਸ਼ਾਮ ਸਮੇਂ ਠੀਕ ਨਾ ਹੋਣ ਕਾਰਨ ਦੋਵੇਂ ਥੜ੍ਹੇ ਢਾਹ ਕੇ ਫਿਰ ਨਵੇਂ ਉਸਾਰਨ ਦਾ ਹੁਕਮ ਦਿੱਤਾ। ਆਖਿਰ ਤੀਸਰਾ ਦਿਨ ਆ ਗਿਆ ਜਦੋਂ ਗੁਰੂ ਅਮਰ ਦਾਸ ਜੀ ਨੇ ਆ ਕੇ ਬਾਬਾ ਰਾਮਾ ਜੀ ਨੂੰ ਆਖਿਆ ਕਿ ਥੜ੍ਹਾ ਅੱਜ ਵੀ ਠੀਕ ਨਹੀਂ ਤਦ ਬਾਬਾ ਰਾਮਾ ਜੀ ਜਿਹੜੇ ਬੀਬੀ ਭਾਨੀ ਜੀ ਦੇ ਪਤੀ ਤੇ ਗੁਰੂ ਅਮਰ ਦਾਸ ਜੀ ਦੇ ਜਵਾਈ ਸਨ, ਨੇ ਆਖਿਆ ਕਿ ਸਤਿਗੁਰੂ ਜੀ ਅਸਲ ਵਿੱਚ ਤੁਹਾਡੀ ਉਮਰ ਬਹੁਤ ਵਡੇਰੀ ਹੋ ਜਾਣ ਕਾਰਨ ਤੁਹਾਨੂੰ ਹੀ ਭੁੱਲ ਜਾਂਦਾ ਹੈ ਕਿ ਤੁਸੀਂ ਕਿਹੋ ਜਿਹਾ ਥੜ੍ਹਾ ਕਹਿ ਕੇ ਗਏ ਸੀ। ਇਸ ਲਈ ਅਜਿਹਾ ਥੜ੍ਹਾ ਤਾਂ ਕਦੇ ਵੀ ਨਹੀਂ ਬਣ ਸਕਦਾ। ਕਿਰਪਾ ਕਰਕੇ ਕਿਸੇ ਹੋਰ ਕੋਲੋਂ ਬਣਵਾ

ਲਵੋ। ਸਾਹਿਬ ਜੀ ਮੁਸਕ੍ਰਾ ਕੇ ਬਾਬਾ ਜੇਠਾ ਜੀ ਕੋਲ ਚਲੇ ਗਏ ਤੇ ਜਾ ਕੇ ਆਖਣ ਲੱਗੇ, ਜੇਠਿਆ, ਥੜ੍ਹਾ ਠੀਕ ਨਹੀਂ ਬਣਿਆਂ। ਬਾਬਾ ਜੇਠਾ ਜੀ ਵੀ ਆਖਣ ਲੱਗੇ ਪਾਤਿਸ਼ਾਹ ਜੀ! ਥੜ੍ਹਾ ਠੀਕ ਬਣ ਵੀ ਨਹੀਂ ਸਕਦਾ। ਜਿੰਨਾ ਚਿਰ ਤੁਸੀਂ ਰਹਿਮਤ ਭਰਿਆ ਹੱਥ ਮੇਰੇ ਸਿਰ 'ਤੇ ਨਹੀਂ ਰੱਖਦੇ ਕਿਉਂਕਿ ਮੈਂ ਅਣਜਾਣ ਹਾਂ, ਤੁਸੀਂ ਸਮਝਾ ਕੇ ਜਾਂਦੇ ਹੋ ਪਰ ਮੈਂ ਰੋਜ਼ ਹੀ ਭੁੱਲ ਜਾਂਦਾ ਹਾਂ। ਤੁਹਾਨੂੰ ਰੋਜ਼ ਹੀ ਖੇਚਲ ਵੀ ਦਿੰਦਾ ਹਾਂ ਕਿਰਪਾ ਕਰਕੇ ਮੇਰੀਆਂ ਭੁੱਲਾਂ ਨਾ ਚਿਤਾਰੋ ਜੀ, ਮੈਨੂੰ ਅਣਜਾਣ ਨੂੰ ਬਖਸ਼ ਲਵੋ। ਗੁਰੂ ਅਮਰ ਦਾਸ ਜੀ ਨੇ ਗਲਵਕੜੀ ਵਿੱਚ ਲੈ ਲਿਆ ਕਿਉਂਕਿ ਗੱਲ ਬਾਹਰਲੇ ਥੜ੍ਹੇ ਦੀ ਨਹੀਂ ਬਲਕਿ ਗੱਲ ਤਾਂ ਅੰਦਰਲੇ ਸਿਦਕ ਤੇ ਭਰੋਸੇ ਦੇ ਥੜ੍ਹੇ ਦੀ ਸੀ ਕਿ ਕਿਸ ਦੇ ਅੰਦਰ ਉਹ ਥੜ੍ਹਾ ਹੈ ਜਿਸ 'ਤੇ ਗੁਰੂ ਜੋਤਿ ਟਿਕਾਈ ਜਾ ਸਕੇ।

ਇਕ ਉਹ ਹਨ ਬਾਬਾ ਰਾਮਾ ਜੀ ਜਿਨ੍ਹਾਂ ਅਨੁਸਾਰ ਗੁਰੂ ਵਡੇਰੀ ਉਮਰ ਕਰਕੇ ਭੁੱਲ ਜਾਂਦੇ ਹਨ ਪਰ ਮੈਂ ਠੀਕ ਹਾਂ, ਦੂਜੇ ਉਹ ਹਨ ਬਾਬਾ ਜੇਠਾ ਜੀ ਜਿਨ੍ਹਾਂ ਦਾ ਭਰੋਸਾ ਹੈ ਕਿ ਗੁਰੂ ਕਦੇ ਨਹੀਂ ਭੁੱਲਦੇ, ਅਸੀਂ ਹੀ ਭੁੱਲਦੇ ਹਾਂ, ਬੱਸ ਇਹੋ ਹੀ ਸਿਦਕ ਦਾ ਥੜ੍ਹਾ ਸੀ। ਗੁਰਗੱਦੀ ਲਈ ਚੋਣ ਹੋ ਗਈ। ਹਰ ਇਕ ਦਾ ਭਰਮ ਮਿਟ ਗਿਆ। ਫਿਰ ਭਰੇ ਦਰਬਾਰ ਅੰਦਰ ਇਕ ਦਿਨ ਬਾਬਾ ਜੇਠਾ ਜੀ ਨੂੰ ਸੁੰਦਰ ਬਸਤਰ ਪਹਿਨਾ ਕੇ ਸਿਰ ਤੋਂ ਛਾਬੜੀ ਤੇ ਸੇਵਾ ਦੀ ਟੋਕਰੀ ਹਟਾ ਕੇ ਦੀਨ ਦੁਨੀ ਦਾ ਛਤਰ ਝੁਲਾ ਦਿੱਤਾ।

ਬਾਬਾ ਬੁੱਢਾ ਜੀ ਦੇ ਸਾਰੀ ਰਸਮ ਕਰਨ ਮਗਰੋਂ ਗੁਰੂ ਅਮਰ ਦਾਸ ਜੀ ਨੇ ਆਪ ਸਭ ਤੋਂ ਪਹਿਲਾਂ ਮੱਥਾ ਟੇਕਿਆ। ਫਿਰ ਬਾਕੀ ਸੰਗਤ ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ ਕਹਿੰਦਿਆਂ ਨਮਸਕਾਰਾਂ ਕਰ ਰਹੀ ਸੀ। ਗੁਰੂ ਅਮਰ ਦਾਸ ਜੀ ਦੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਨੇ ਵੀ ਸਿਦਕ ਨਾਲ ਸਿਜਦਾ ਕੀਤਾ। ਪਰ ਬਾਬਾ ਮੋਹਨ ਜੀ ਨਾ ਮੰਨੇ, ਇਸੇ ਕਰਕੇ "*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥*" ਦਾ ਪਵਿੱਤਰ ਬਚਨ ਆਉਂਦਾ ਹੈ।

ਜੀਵ ਪ੍ਰਮੇਸ਼ਵਰ ਦਾ ਘੱਲਿਆ ਦੁਨੀਆਂ ਵਿੱਚ ਆਉਂਦਾ ਹੈ ਤੇ ਉਸੇ ਦੇ ਹੁਕਮ ਅਨੁਸਾਰ ਇਕ ਦਿਨ ਚਲਾ ਜਾਂਦਾ ਹੈ। ਜਿਹੜਾ ਘੱਲਦਾ ਹੈ ਭਾਵ ਭੇਜਦਾ ਹੈ ਉਸਨੂੰ ਸੱਦਣ ਦਾ ਵੀ ਹੱਕ ਹੈ। ਇਸੇ ਕਰਕੇ ਗੁਰੂ ਅਮਰ ਦਾਸ ਜੀ ਨੇ ਇਕ ਬਹੁਤ ਵੱਡਾ ਭਰਮ ਸੰਸਾਰ ਦਾ ਤੋੜ ਦਿੱਤਾ ਸੀ ਜਦੋਂ 'ਰਾਮਕਲੀ ਰਾਗੁ' ਵਿੱਚ 'ਸੱਦ' ਨਾਂ ਦੀ ਬਾਣੀ ਬਾਬਾ ਸੁੰਦਰ ਜੀ ਕੋਲੋਂ ਲਿਖਵਾਈ ਕਿ ਭਾਈ ਇਹ ਤਾਂ ਮੇਰੇ ਪਿਆਰੇ ਦਾ ਬੁਲਾਵਾ ਆਇਆ ਹੈ। ਕਿਸੇ ਨੇ ਵੀ ਮੇਰੇ ਚਲਾਣੇ 'ਤੇ ਅੱਖ ਵਿੱਚ ਅਥਰੂ ਤੇ ਜ਼ੁਬਾਨ 'ਤੇ ਸ਼ਿਕਵਾ ਨਹੀਂ ਬਲਕਿ ਪਿੱਛੋਂ ਕੀਰਤਨ ਕਰਿਓ ਨਿਰਬਾਣੁ ਜੀਉ ਦਾ ਹੁਕਮ ਦੇ ਕੇ ਆਪ ਜੋਤੀ ਜੋਤਿ ਸਮਾ ਗਏ।

ਸਿੱਖ ਦੇ ਜੀਵਨ ਅੰਦਰ ਸਾਰੀ ਬਾਣੀ ਤੇ ਸਾਰੇ ਗੁਰੂ ਸਰੂਪਾਂ ਦਾ ਇਕੋ ਜਿਹਾ

ਸਤਿਕਾਰ ਹੈ ਪਰ ਖ਼ਿਆਲ ਕਰਨਾ ਸਭ ਤੋਂ ਵਧੀਕ ਬਾਣੀ ਆਪਾਂ ਗੁਰੂ ਅਮਰਦਾਸ ਜੀ ਦੀ ਹੀ ਪੜ੍ਹਦੇ ਸੁਣਦੇ ਹਾਂ। ਹਰ ਸਮਾਗਮ ਦੀ ਆਰੰਭਤਾ ਦੀ ਅਰਦਾਸ ਤੋਂ ਪਹਿਲਾਂ ਸਮਾਪਤੀ ਦੀ ਅਰਦਾਸ ਤੋਂ ਪਹਿਲਾਂ ਜਾਂ ਦੋਨੋਂ ਵਕਤ ਨਿਤਨੇਮ ਸਮੇਂ ਪਿਆਰ ਨਾਲ ਪੜ੍ਹਦੇ ਹਾਂ ਤੇ ਧੰਨ ਗੁਰੂ ਅਮਰਦਾਸ ਜੀ ਨੂੰ ਯਾਦ ਕਰਦੇ ਹਾਂ - "*ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ॥*" ਹਰ ਇਕ ਨੂੰ ਆਨੰਦ ਦੀਆਂ ਦਾਤਾਂ ਵੰਡਣ ਵਾਲੇ ਧੰਨ ਗੁਰੂ ਅਮਰ ਦਾਸ ਜੀ ਨੂੰ ਤਦ ਹੀ ਤਾਂ ਹਰ ਕੋਈ ਸ਼ਰਧਾਲੂ ਕਹਿੰਦਾ ਸੁਣੀਂਦਾ ਹੈ ਕਿ

"*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ ॥*"

ਗੁਰ ਰਾਮਦਾਸ ਰਾਖਹੁ ਸਰਣਾਈ

ਜਿਹੜੇ ਭੱਟਾਂ ਦਾ ਗੁਰਮੁੱਖ ਟੋਲਾ ਰੱਬੀ ਰਾਹ ਭਾਲ ਰਿਹਾ ਸੀ, ਉਨ੍ਹਾਂ ਨੇ ਹਰ ਥਾਂ ਤੋਂ ਸ਼ੋਭਾ ਤਾਂ ਬਹੁਤ ਸੁਣੀ ਪਰ "*ਰਹਿਤ ਕੋ ਖੁਸੀ ਨ ਆਇਓ ॥*" ਦੇ ਕਾਰਨ ਇਸ ਯਾਤਰਾ ਦਾ ਅੰਤ ਨ ਹੋਇਆ। ਆਖਿਰਕਾਰ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਪਹੁੰਚ ਕੇ ਉਸ ਪਰਮ ਆਨੰਦ ਨੂੰ ਮਾਣ ਕੇ ਹਿਰਦਾ ਸੱਚੀ ਸਿਫਤ ਸਲਾਹ ਨਾਲ ਜੁੜ ਗਿਆ ਕਿਉਂਕਿ ਇਥੇ ਕਰਨੀ ਤੇ ਕਥਨੀ ਦਾ ਅੰਤਰ ਨਹੀ ਸੀ "*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*" ਹੋਣ ਕਰਕੇ ਪੂਰਨ ਤਸੱਲੀ ਹੋ ਗਈ ਸੀ। ਇਨ੍ਹਾਂ ਭੱਟਾਂ ਦੀ ਸੰਗਤ ਵਿਚੋਂ ਹੀ ਇਕ ਭੱਟ ਜੀ ਦਾ ਨਾਂ ਕੀਰਤ ਭੱਟ ਜੀ ਹੈ ਜਿਨ੍ਹਾਂ ਨੇ ਸਤਿਗੁਰੂ ਰਾਮਦਾਸ ਸਾਹਿਬ ਜੀ ਬਾਰੇ ਬਚਨ ਆਖੇ ਹਨ ਕਿ

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥

ਰੱਬੀ ਬਾਣੀ ਵਿੱਚ ਇਕ ਬਚਨ ਪੜ੍ਹਦੇ ਹਾਂ ਕਿ ਕੁਝ ਲੋਕ ਅਜਿਹੇ ਸਨ ਜਿਹੜੀ ਮਾਣ ਵੱਡਿਆਈ ਅਤੇ ਹੰਕਾਰ ਆਦਿਕ ਕਾਰਨ ਗੁਰੂ ਨਾਨਕ ਸਾਹਿਬ ਜੀ ਦੇ ਘਰ ਤੋਂ ਦੂਰ ਰਹੇ। ਅਜਿਹਾ ਹੀ ਗੁਰੂ ਅੰਗਦ ਸਾਹਿਬ ਜੀ ਦੇ ਵਕਤ ਹੋਇਆ ਪਰ ਤੀਸਰੇ ਪਾਤਿਸ਼ਾਹ ਗੁਰੂ ਰਾਮਦਾਸ ਜੀ ਮਹਾਰਾਜ ਨੇ ਤਾਂ ਅਥਾਹ ਕਿਰਪਾ ਕਰ ਦਿੱਤੀ। ਜਿਹੜੇ ਕਿਧਰੇ ਵੀ ਬਖਸ਼ੇ ਜਾਣ ਯੋਗ ਨਹੀ ਸਨ ਉਨ੍ਹਾਂ 'ਤੇ ਵੀ ਰਹਿਮਤ ਕਰ ਕੇ ਤਾਰ ਦਿੱਤਾ। ਅਮੋਲਕ ਬਚਨ ਹਨ

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ ਇਸੇ ਲਈ ਸ਼ਰਧਾਲੂ ਸੰਸਾਰ ਦੇ ਕਿਸੇ ਕੋਨੇ ਵਿਚ ਵੀ ਭਾਵੇਂ ਕੋਈ ਬੈਠਾ ਹੈ ਪਰ ਉਹ ਦੋ ਇਛਾਵਾਂ ਰੱਖਦਾ ਹੈ – ਇਕ ਤਾਂ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਇਸ਼ਨਾਨ ਅਤੇ ਦੂਜਾ ਭਟ ਕੀਰਤ ਜੀ ਦੇ ਬਚਨ ਗਾਉਂਦਾ ਹੈ ਕਿ ਹੇ ਗੁਰੂ ਰਾਮਦਾਸ ਜੀ ! ਕਿਰਪਾ ਕਰਕੇ ਮੈਨੂੰ ਆਪਣੀ ਸ਼ਰਣ ਵਿੱਚ ਰੱਖ ਲਵੋ ਜੀ,

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥

ਜਿਨ੍ਹਾਂ ਨੂੰ ਕਿਧਰੇ ਢੋਈ ਨਾ ਮਿਲੀ ਅਜੇਹਿਆਂ ਨੂੰ ਢੋਈ ਦੇਣ ਵਾਲੇ ਮਹਾਨ ਸਤਿਗੁਰੂ ਜੀ ਦਾ ਪ੍ਰਕਾਸ਼ ਚੂਨਾ ਮੰਡੀ ਲਾਹੌਰ ਵਿਖੇ ਭਾਈ ਹਰਿਦਾਸ ਜੀ ਦੇ ਘਰ ਲੰਮੇ ਸਮੇਂ ਦੀਆਂ ਅਰਦਾਸਾਂ ਮਗਰੋਂ ਹੋਇਆ। ਮਾਤਾ ਦਇਆ ਕੌਰ ਨੇ ਮਾਨੋ ਸਾਰੇ ਜਗਤ ਵਿੱਚ ਹੀ ਮਾਂ ਦੀ ਕੁੱਖ ਨੂੰ ਸਲਾਮ ਕਰਵਾ ਦਿੱਤੀ। ਅਜਿਹੇ ਪੁੱਤਰ ਨੂੰ ਜਨਮ ਦੇ ਕੇ ਘਰ ਪਰਿਵਾਰ ਤੇ ਸੁਨੇਹੀਆਂ ਨੇ ਆਪਣਾ ਪਿਆਰ ਇਸ ਬੱਚੇ ਦਾ ਨਾਮ ਜੇਠਾ ਰੱਖ ਕੇ ਪ੍ਰਗਟ ਕੀਤਾ। ਜੇਠਾ ਤੋਂ ਮੁਰਾਦ

ਵੱਡਾ ਹੁੰਦਾ ਹੈ। ਮਾਤਾ ਦਇਆ ਕੌਰ ਨੇ ਬਾਬਾ ਜੇਠਾ ਜੀ ਵਿੱਚ ਹਾਲੇ ਦਇਆ ਭਰਨੀ ਸ਼ੁਰੂ ਹੀ ਕੀਤੀ ਸੀ ਕਿ ਸੱਤਾਂ ਸਾਲਾਂ ਦੀ ਉਮਰ ਵਿੱਚ ਹੀ ਇਕੱਲਾ ਛੱਡ ਆਪ ਸਾਈਂ ਦੇ ਹੁਕਮ ਵਿੱਚ ਟੁਰ ਪਈ। ਸੱਤਾਂ ਸਾਲਾਂ ਦੀ ਉਮਰ ਤੋਂ ਹੀ ਮਾਂ ਵਾਲਾ ਪਿਆਰ ਵੀ ਪਿਤਾ ਦੀ ਗੋਦ ਵਿਚੋਂ ਲੈਣਾ ਸ਼ੁਰੂ ਕਰ ਦਿੱਤਾ ਪਰ ਡਾਢੇ ਨੂੰ ਫਿਰ ਕੁਝ ਹੋਰ ਹੀ ਭਾਉਂਦਾ ਸੀ ਜਿਸ ਕਰਕੇ ਪਿਤਾ ਜੀ ਹਰੀਦਾਸ ਹਰੀ ਵਿੱਚ ਹੀ ਸਮਾ ਗਏ। ਅਸਲ ਵਿੱਚ ਦਰਦ ਦੀ ਕੋਈ ਪਰਿਭਾਸ਼ਾ ਨਹੀਂ ਹੁੰਦੀ, ਦਰਦ ਦੀ ਪਰਿਭਾਸ਼ਾ ਉਹੋ ਹੀ ਜਾਣ ਸਕਦਾ ਹੈ ਜਿਸ ਦੇ ਆਪਣੇ ਅੰਦਰ ਦਰਦ ਹੋਵੇ। ਇਕ ਗੁਰ ਵਾਕ ਵੀ ਕਈ ਵਾਰ ਪੜ੍ਹਦੇ ਹਾਂ, ਸੁਣਦੇ ਹਾਂ "***ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ ਦਰਦੁ ਨ ਪਾਈ ॥***" ਇਸ ਲਈ ਇਕ ਅਨਾਥ ਦਾ ਦਰਦ ਕੀ ਹੁੰਦਾ ਹੈ। ਸ਼ਾਇਦ ਇਸੇ ਲਈ ਬਿਧਾਤੇ ਨੇ ਮਾਤਾ ਪਿਤਾ ਦਾ ਨਿੱਘਾ ਸਾਇਆ ਸਿਰ ਤੋਂ ਚੁੱਕ ਦਿੱਤਾ।

ਬਾਸਰਕੇ ਤੋਂ ਨਾਨੀ ਨੇ ਆਪਣੀ ਧੀ ਦੇ ਚਲਾਣੇ ਦੀ ਖ਼ਬਰ ਸੁਣ ਕੇ ਲਾਹੌਰ ਪਹੁੰਚ ਕੇ ਕਿਰਿਆ ਕਰਮ ਕਰ ਦਿੱਤਾ ਹੋਏਗਾ। ਪਰ ਵਕਤ ਨੇ ਹਾਲੇ ਅੱਲ੍ਹੇ ਜ਼ਖ਼ਮ ਸੀਤੇ ਵੀ ਨਹੀਂ ਸਨ ਕਿ ਨਾਲ ਹੀ ਜਵਾਈ ਦੀ ਅਰਥੀ ਵੀ ਚੁਕਣੀ ਪਈ। ਆਪਣੀ ਧੀ ਜਵਾਈ ਦੀ ਨਿਸ਼ਾਨੀ ਨੂੰ ਕੇਵਲ ਕਲੇਜੇ ਨਾਲ ਲਾਉਣ ਲਈ ਨਾਨੀ ਨੇ ਆਪਣੇ ਨਾਲ ਹੀ ਬਾਸਰਕੇ ਲੈ ਆਂਦਾ।

ਬਾਸਰਕੇ ਦੀ ਹੀ ਧਰਤੀ 'ਤੇ ਬਾਬਾ ਜੇਠਾ ਜੀ ਨੂੰ ਬਾਬਾ ਅਮਰਦਾਸ ਜੀ ਦਾ ਮਿਲਾਪ ਹੋਇਆ ਪਰ ਇਹ ਮਿਲਾਪ ਹਾਲੇ ਸਿਰਫ ਸਰੀਰਕ ਹੀ ਸੀ ਮਗਰੋਂ ਇਹੋ ਮਿਲਾਪ ਹੀ ਅਧਿਆਤਮਿਕ ਬਣ ਗਿਆ ਸੀ।

ਦੋ ਉਮਰਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਕਿਸੇ ਦੇ ਸਹਾਰੇ ਦੀ ਲੋੜ ਹੁੰਦੀ ਹੈ। ਇਕ ਬਚਪਨ ਦੀ ਉਮਰ, ਦੂਜੀ ਬਿਰਧ ਅਵੱਸਥਾ। ਪਰ ਵੇਖੋ ਸਾਈਂ ਦੀ ਨਿਆਰੀ ਖੇਡ ਇਥੇ ਦੋਵੇਂ ਉਮਰਾਂ ਕਿਸੇ ਦਾ ਸਹਾਰਾ ਭਾਲਣ ਦੀ ਬਜਾਏ ਆਪ ਹੀ ਇਕ ਦੂਜੇ ਦਾ ਸਹਾਰੇ ਬਣੇ ਹੋਏ ਹਨ। ਆਮ ਕਰਕੇ ਵੇਖਦੇ ਹਾਂ ਕਿ ਮਨੁੱਖ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਵਾਸਤੇ ਕਿੰਨੇ ਉਭੱਦਰ ਕਰਦਾ ਹੈ। ਬਚਪਨ ਦੀ ਉਮਰ ਵਿੱਚ ਤਾਂ ਖ਼ਾਸ ਕਰਕੇ ਜਦੋਂ ਹੋਸ਼ ਵੀ ਪੂਰਨ ਨਹੀਂ ਹੁੰਦਾ ਤਦ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਾ ਹੋਣ ਤਦ ਆਮ ਕਰਕੇ ਬੱਚੇ ਚੋਰੀਆਂ ਸਿੱਖ ਜਾਂਦੇ ਹਨ। ਲੁਟੇਰੇ ਬਣ ਜਾਂਦੇ ਹਨ। ਪਰ ਬਾਬਾ ਜੇਠਾ ਜੀ ਨੇ ਕਿਰਤ ਨੂੰ ਪ੍ਰਧਾਨਤਾ ਦਿੱਤੀ। ਨਿਕੜੀ ਜਿਹੀ ਉਮਰ ਜਿਹੜੀ ਮਾਪਿਆਂ ਦੀ ਗੋਦ ਵਿੱਚ ਆਰਾਮ ਅਤੇ ਦੁਨੀਆਂ ਦੇ ਚਿੰਤਾਂ ਫਿਕਰਾਂ ਤੋਂ ਮੁਕਤ ਹੁੰਦੀ ਹੈ। ਇਥੇ ਤਾਂ ਉਸ ਉਮਰ ਵਿੱਚ ਕੋਈ ਗਰਮੀ ਸਰਦੀ ਦੀ ਪ੍ਰਵਾਹ ਨਹੀਂ, ਖੇਡਣ ਖਿਡੌਣਿਆਂ ਦੀ ਪ੍ਰਵਾਹ ਨਹੀਂ ਬਲਕਿ ਚਣੇ ਉਬਾਲ ਕੇ ਨਮਕ ਮਿਰਚ ਲਾ ਕੇ ਘੁੰਗਣੀਆਂ ਬਣਾ ਕੇ ਸਿਰ 'ਤੇ ਛਾਬੜੀ ਚੁੱਕ ਗਲੀ ਗਲੀ ਹੋਕਾ ਦਿੰਦੇ ਫਿਰਨਾ। ਇਕ

ਦਿਨ ਦੀ ਘਟਨਾ ਨੇ ਤਾਂ ਮਾਨੋ ਪ੍ਰਤੱਖ ਹੀ ਕਰ ਦਿੱਤਾ ਕਿ ਲੋਕਾਂ ਵਲੋਂ ਭਾਵੇਂ ਸਮਝਿਆ ਜਾਂਦਾ ਹੈ ਕਿ ਜੇਠਾ ਬੇਸਹਾਰਾ ਹੈ ਪਰ ਇਹ ਤਾਂ ਸਾਰੇ ਬੇਸਹਾਰਿਆਂ ਦਾ ਸਹਾਰਾ ਬਣ ਗਏ। ਇਤਿਹਾਸ ਵਿੱਚ ਜ਼ਿਕਰ ਹੈ ਕਿ ਇਕ ਦਿਨ ਇਕ ਫਕੀਰ ਨੇ ਭੁੱਖ ਦਾ ਇਜ਼ਹਾਰ ਕੀਤਾ, ਤਦ ਬਾਬਾ ਜੇਠਾ ਜੀ ਨੇ ਬਿਨਾਂ ਪੈਸਾ ਲਿਆਂ ਘੁੰਗਣੀਆਂ ਖਵਾ ਦਿੱਤੀਆਂ। ਫਕੀਰ ਕਾਫੀ ਭੁੱਖਾ ਸੀ। ਸਾਰੀਆਂ ਹੀ ਘੁੰਗਣੀਆਂ ਖਾ ਗਿਆ। ਜਦੋਂ ਘਰ ਖਾਲੀ ਹੱਥ ਵਾਪਸ ਪਰਤੇ ਤਾਂ ਨਾਨੀ ਨੇ ਪੁੱਛਿਆ ਕਿ ਅੱਜ ਦੀ ਵਟਕ ਤਦ ਦੱਸ ਦਿੱਤਾ ਕਿ ਅੱਜ ਸਾਈਂ ਦੇ ਨਾਂ ਸਾਈਂ ਦੇ ਬੰਦੇ ਨੂੰ ਹੀ ਖਵਾ ਦਿੱਤੀ। ਨਾਨੀ ਨੇ ਕੁਝ ਇਤਰਾਜ਼ ਕਰਨ ਦੀ ਥਾਂ ਹੱਥ ਜੋੜ ਕੇ ਉਸ ਡਾਢੇ ਅੱਗੇ ਪੁਕਾਰ ਕੀਤੀ ਕਿ ਜਿਸ ਨੂੰ ਦਿਲ ਰਾਜਿਆਂ ਵਰਗਾ ਦਿੱਤਾ ਹੈ ਪਰ ਹੱਥੀਂ ਦਾਤ ਕੋਈ ਨਹੀਂ, ਕਿਰਪਾ ਕਰ ਜਿਹੋ ਜਿਹਾ ਦਿਲ ਦਿੱਤਾ ਹੈ, ਅਜਿਹਾ ਹੀ ਭੰਡਾਰਾ ਵੀ ਬਖ਼ਸ਼ੇ ਤਾਂ ਕਿ ਅਨੇਕਾਂ ਬੇਸਹਾਰਿਆਂ ਨੂੰ ਖਵਾ ਕੇ ਆਪ ਖਾ ਸਕੇ। ਪਤਾ ਨਹੀਂ ਇਹ ਨਾਨੀ ਦੇ ਬੋਲ ਹੀ ਸੱਚੇ ਨੇ ਕੰਨ ਦੇ ਕੇ ਸੁਣ ਲਏ ਜਿਸ ਨਾਲ ਉਹ ਬਾਬਾ ਜੇਠਾ ਫਿਰ ਅਜਿਹਾ ਹੋ ਬੈਠਾ ਕਿ ਭਟ ਕੀਰਤ ਜੀ ਵਾਂਗ ਹਰ ਕੋਈ ਕਹਿੰਦਾ ਹੈ ਕਿ *"ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥"*

ਬਾਸਰਕੇ ਦੀ ਹੀ ਧਰਤੀ 'ਤੇ ਪ੍ਰਕਾਸ਼ੇ ਬਾਬਾ ਅਮਰ ਦਾਸ ਜੀ ਭਾਵੇਂ ਆਪਣੇ ਵਲੋਂ ਧਰਮ ਹੀ ਕਮਾ ਰਹੇ ਸਨ ਪਰ ਇਹ ਮਾਰਗ ਧਰਮ ਕੀ ਪਉੜੀ ਨਹੀਂ ਸੀ। ਜੀਵਨ ਪੈਂਡੇ ਵਿੱਚ ਮਿਲੇ ਇਕ ਵੈਸ਼ਨੂੰ ਸਾਧ ਨੇ ਹੁਣ ਤਕ ਗੁਰੂ ਦਿਖਿਆ ਤੋਂ ਵਿਰਵੇ ਰਹਿਣਾ ਦਰਸਾ ਕੇ ਇਕ ਅਨੋਖੀ ਜਿਹੀ ਤੜਪ ਲਗਾ ਦਿੱਤੀ। ਇਸ ਤੜਪ ਦਾ ਅੰਤ ਹੋਇਆ ਜਦੋਂ ਆਪਣੀ ਹੀ ਬੱਚੀ (ਭਤੀਜ ਨੂੰਹ) ਬੀਬੀ ਅਮਰੋ ਜੀ ਕੋਲੋਂ ਅੰਮ੍ਰਿਤ ਬੋਲਾਂ ਨੂੰ ਸੁਣ ਕੇ ਗੁਰੂ ਅੰਗਦ ਸਾਹਿਬ ਜੀ ਦੀ ਚਰਣ ਸ਼ਰਣ ਪ੍ਰਾਪਤ ਕਰਕੇ ਬੀਬੀ ਅਮਰੋ ਜੀ ਦੇ ਉਪਰਾਲੇ ਸਦਕਾ ਬਾਬਾ ਅਮਰ ਦਾਸ ਜੀ ਸੱਚ ਮੁੱਚ ਅਮਰ ਹੀ ਨਹੀਂ ਹੋਏ ਬਲਕਿ ਅਮਰ ਕਰਨ ਲੱਗ ਪਏ। ਜਦੋਂ ਗੁਰੂ ਅੰਗਦ ਸਾਹਿਬ ਜੀ ਦੇ ਬਚਨਾਂ ਨਾਲ ਬਾਬਾ ਅਮਰਦਾਸ ਜੀ ਨੇ ਗੋਇੰਦਵਾਲ ਵਸਾ ਦਿੱਤਾ ਤਦ ਆਪ ਅਤੇ ਹੋਰ ਬਾਸਰਕੇ ਨਿਵਾਸੀਆਂ ਸਮੇਤ ਗੋਇੰਦਵਾਲ ਸਾਹਿਬ ਆ ਵਸੇ, ਇਥੇ ਹੀ ਜੇਠਾ ਜੀ ਵੀ ਆ ਗਏ।

ਗੋਇੰਦਵਾਲ ਵਿੱਚ ਬਾਬਾ ਜੇਠਾ ਜੀ ਅਥਾਹ ਸੇਵਾ ਕਰਨ ਲੱਗ ਪਏ। ਇਕ ਦਿਨ ਰਾਤ ਦੀ ਸੇਵਾ, ਦੂਜਾ ਪ੍ਰਮੇਸ਼ਵਰ ਦੀ ਬਖਸ਼ਿਸ਼, ਤੀਜੀ ਗੁਰੂ ਦੀ ਨਿਹਾਲ ਕਰ ਦੇਣ ਵਾਲੀ ਨਦਰ ਨੇ ਅਜਿਹਾ ਰੰਗ ਲਾਇਆ ਕਿ ਇਕ ਦਿਨ ਕਹਿੰਦੇ ਹਨ ਕਿ ਮਾਤਾ ਜੀ ਨੇ ਆਪਣੇ ਪਤੀ, ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਆਪ ਜੀ ਕਿਰਪਾ ਕਰੋ,

ਆਪਣੀ ਬੱਚੀ ਭਾਨੀ ਦਾ ਰਿਸ਼ਤਾ ਕਰ ਦੇਈਏ ਤਦ ਗੁਰੂ ਅਮਰ ਦਾਸ ਜੀ ਨੇ ਆਖਿਆ ਕਿ ਅਜਿਹੀ ਬੰਦਗੀ ਦੀ ਤਸਵੀਰ ਸੇਵਾ ਦੀ ਪੁੰਜ, ਪ੍ਰੇਮ ਤੇ ਸ਼ਰਧਾ ਵਿਚ ਭਿੱਜੀ ਬੱਚੀ ਲਈ ਕੋਈ ਅਜਿਹਾ ਹੀ ਲੜਕਾ ਚਾਹੀਦਾ ਹੈ। ਹੋਰ ਤੁਸੀਂ ਵੀ ਦੱਸੋ, ਕਿਉਂਕਿ ਮਾਂ ਧੀ ਬਾਰੇ ਸਭ ਤੋਂ ਵੱਧ ਜਾਣ ਸਕਦੀ ਹੈ ਕਿ ਕਿਹੋ ਜਿਹਾ ਵਰ ਹੋਵੇ ਤਦ ਬਾਬੇ ਜੇਠੇ ਦੀ ਕਿਸਮਤ ਦਾ ਬੂਹਾ ਹੋਰ ਖੁੱਲ੍ਹ ਗਿਆ। ਉਹ ਮਸਤ ਸੇਵਾ ਕਰ ਰਹੇ ਸਨ। ਮਿੱਟੀ ਦੀ ਭਰੀ ਹੋਈ ਟੋਕਰੀ ਲੈ ਕੇ ਲੰਘੇ ਤਦ ਮਾਤਾ ਜੀ ਨੇ ਬਚਨ ਕੀਤੇ ਕਿ ਲੜਕਾ ਅਜਿਹਾ ਹੋਵੇ। ਧੰਨ ਗੁਰੂ ਅਮਰ ਦਾਸ ਜੀ ਨੇ ਬਚਨ ਕੀਤੇ ਕਿ ਅਜਿਹਾ ਕਿਉਂ, ਇਹੋ ਹੀ ਕਿਉਂ ਨਾ ਹੋਵੇ ? ਸੁਭਾਵਿਕ ਬਾਤ ਹੈ ਕਿ ਪੈਸੇ ਵਾਲੇ ਦੀ ਤਾਂ ਬਹੁਤ ਵਡਿਆਈ ਹੁੰਦੀ ਹੈ ਪਰ ਅਜਿਹੇ ਬਾਬੇ ਜੇਠੇ ਵਰਗੇ ਨੂੰ ਕੋਈ ਬਹੁਤਾ ਨਹੀਂ ਜਾਣਦਾ ਹੁੰਦਾ। ਮਾਤਾ ਜੀ ਨੇ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਜੀਉ ਲੜਕੀ ਦੇ ਸਾਕ ਲਈ ਘੱਟ ਤੋਂ ਘੱਟ ਤਿੰਨ ਚੀਜ਼ਾਂ ਤਾਂ ਲਾਜ਼ਮੀ ਦੇਖੀਆਂ ਜਾਂਦੀਆਂ ਹਨ। ਪਹਿਲੀ ਕਿ ਲੜਕੇ ਦਾ ਘਰਾਣਾ, ਦੂਜੀ ਟੁੱਕਰ ਦਾ ਸਾਧਨ, ਤੀਜਾ ਥੋੜ੍ਹਾ ਬਹੁਤ ਘਰ ਘਾਟ ਦੀ ਗੱਲ। ਪਰ ਪਾਤਿਸ਼ਾਹ ਜੀ ਇਸੇ ਬੱਚੇ ਬਾਰੇ ਤਾਂ ਆਪਾਂ ਬਹੁਤਾ ਕੁਝ ਨਹੀਂ ਜਾਣਦੇ। ਗੁਰੂ ਅਮਰਦਾਸ ਜੀ ਜਿਨ੍ਹਾਂ ਦੀ ਪਾਰਖੂ ਨਦਰਿ ਨੇ ਕਾਫੀ ਸਮਾਂ ਪਹਿਲਾਂ ਜਾਣ ਲਿਆ ਸੀ, ਹੱਸ ਕੇ ਕਹਿਣ ਲੱਗੇ, ਇਨ੍ਹਾਂ ਬਾਰੇ ਕੀ ਜਾਨਣਾ ਹੈ। ਮਾਤਾ ਜੀ ਨੇ ਬੇਨਤੀ ਕੀਤੀ ਕਿ ਇਨ੍ਹਾਂ ਦਾ ਤਾਂ ਟੁੱਕਰ ਦਾ ਵੀ ਕੋਈ ਵਸੀਲਾ ਨਹੀਂ ਲੱਗਦਾ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਨਿਆਰੇ ਦੀਆਂ ਖੇਡਾਂ ਵੀ ਨਿਆਰੀਆਂ ਹੀ ਹੁੰਦੀਆਂ ਹਨ। ਪਤਾ ਨਹੀਂ ਕੱਲ ਨੂੰ ਅਜਿਹਾ ਹੀ ਸਮਾਂ ਆ ਜਾਇਗਾ ਕਿ ਗੱਲ ਟੁੱਕਰ ਦੀ, ਇਹ ਵੀ ਹੋ ਸਕਦਾ ਹੈ ਕਿ ਜਿਸਨੂੰ ਕਿਧਰੇ ਵੀ ਟੁੱਕਰ ਨਾ ਮਿਲੇ, ਉਸ ਨੂੰ ਜੇਠੇ ਦੇ ਘਰੋਂ ਟੁੱਕਰ ਲੱਭ ਜਾਵੇ। ਦੂਜੀ ਗੱਲ ਘਰ ਘਾਟ ਦੀ ਇਹ ਵੀ ਕਰਤਾਰ ਦੀ ਨਦਰਿ ਰਹੀ ਤਦ ਹਰ ਛੋਟੇ ਤੋਂ ਵੱਡੇ ਘਰ ਵਾਲਾ ਆਪਣਾ ਘਰ ਸਦੀਵੀ ਨਾ ਸਮਝ ਕੇ ਜੇਠੇ ਦੇ ਹੀ ਘਰ ਵਿਚ ਰਹਿਣ ਲਈ ਅਰਦਾਸ ਕਰੇਗਾ। ਤੀਸਰੀ ਗੱਲ ਖਾਨਦਾਨ ਦੀ ਤੁਸੀਂ ਆਖਦੇ ਹੋ ; ਚੇਤਾ ਰੱਖਣਾ ਮਾਲਕ ਦੇ ਘਰ ਕੋਈ ਘਾਟਾ ਨਹੀਂ ਕਦੇ ਸਮੇਂ ਨਾਲ ਹਰ ਕੋਈ ਚਾਹੇਗਾ ਕਿ ਹੇ ਰੱਬ ਸੱਚੇ ! ਮੇਰਾ ਵੀ ਸੰਬੰਧ ਇਸ ਬਾਬੇ ਜੇਠੇ ਦੇ ਖਾਨਦਾਨ ਨਾਲ ਜੋੜ ਦੇਵੇ। ਉਹੋ ਕੁਝ ਅੱਜ ਆਪਾਂ ਤੱਕਦੇ ਵੀ ਹਾਂ ਕਿ ਜਿਸਨੂੰ ਕਿਧਰੇ ਰੋਟੀ ਨਹੀਂ ਮਿਲਦੀ ਪਰ ਉਸਦੇ ਲਈ ਗੁਰੂ ਰਾਮਦਾਸ ਮਹਾਰਾਜ ਜੀ ਦਾ ਲੰਗਰ ਹਰ ਵਕਤ ਖੁੱਲ੍ਹਾ ਰਹਿੰਦਾ ਹੈ। ਲੋਕਾਂ ਨੇ ਕਹਾਵਤਾਂ ਬਣਾ ਦਿੱਤੀਆਂ ਕਿ ਕੋਈ ਅੰਮ੍ਰਿਤਸਰ ਵਿੱਚ ਭੁੱਖਾ ਨਹੀਂ ਸੌਂਦਾ। ਕਿਸੇ ਦਾ ਘਰ ਭਾਵੇਂ ਕੀਮਤੀ ਧਾਤਾਂ ਨਾਲ ਵੀ ਕਿਉਂ ਨਾ ਭਰਪੂਰ ਹੋਵੇ ਪਰ ਉਹ ਵੀ ਇਹ ਅਰਦਾਸ ਹੱਥ ਜੋੜ ਕੇ ਕਰਦਾ ਹੈ ਕਿ "**ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ**

ਸਰਣਾਈ॥" ਬਾਬਾ ਜੇਠਾ ਜੀ ਨੂੰ ਕੋਲ ਸੱਦ ਕੇ ਕਹਿਣ ਲੱਗੇ ਕਿ ਜੇਠਿਆ ਤੂੰ ਇਥੇ ਕਿਉਂ ਆਇਆ ਸੀ ? ਬਾਬਾ ਜੇਠਾ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮਾਲਕ ਜੀ ! ਮੈਂ ਤਾਂ ਨਿਆਸਰਾ, ਨਿਮਾਣਾ, ਯਤੀਮ ਇਹ ਜਾਣ ਕੇ ਕਿ ਗੁਰੂ ਨਾਨਕ ਸਾਹਿਬ ਜੀ ਦਾ ਦਰ ਨਿਮਾਣਿਆਂ ਦਾ ਮਾਣ, ਨਿਆਸਰਿਆਂ ਦਾ ਆਸਰਾ, ਬੇ ਸਹਾਰਿਆਂ ਦਾ ਸਹਾਰਾ ਹੈ, ਨਿਘਰਿਆਂ ਦਾ ਘਰ ਹੈ, ਸੋ ਮੇਰੇ ਮਾਤਾ ਪਿਤਾ ਨਿੱਕੜੀ ਉਮਰ ਵਿੱਚ ਹੀ ਗੁਆਚ ਗਏ ਸਨ। ਮੈਂ ਤਾਂ ਸਹਾਰਾ ਤੇ ਮਾਤਾ ਪਿਤਾ ਦਾ ਪਿਆਰ ਲੱਭਣ ਆਇਆ ਸਾਂ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਫਿਰ ਮਿਲ ਗਿਆ ਜੋ ਲੱਭਣ ਆਇਆ ਸੀ ? ਤਦ ਬਾਬਾ ਜੇਠਾ ਜੀ ਨੇ ਕਿਹਾ ਕਿ ਹਾਂ, ਮਾਲਕ ਬਿਲਕੁਲ ਮਿਲ ਗਿਆ ਹੁਣ ਕੋਈ ਇਤਰਾਜ਼ ਸ਼ਿਕਵਾ ਨਹੀਂ। ਗੁਰੂ ਅਮਰਦਾਸ ਜੀ ਨੇ ਕੰਧੇ 'ਤੇ ਹੱਥ ਰੱਖ ਕਿਹਾ, ਜੇਠਿਆ ਇਹ ਤਾਂ ਤੂੰ ਤੇ ਮੈਂ ਹੀ ਜਾਣਦੇ ਹਾਂ, ਆ ਅੱਜ ਸਾਰੇ ਸੰਸਾਰ ਨੂੰ ਪਤਾ ਲੱਗ ਜਾਏ ਕਿ ਗੁਰੂ ਨਾਨਕ ਸਾਹਿਬ ਦੇ ਘਰ ਜੋ ਮੰਗੀਏ, ਮਿਲ ਜਾਂਦਾ ਹੈ। ਇਸ ਲਈ ਤੈਨੂੰ ਮਾਤਾ ਪਿਤਾ ਦਾ ਪਿਆਰ ਹੀ ਨਹੀਂ ਬਲਕਿ ਮਾਤਾ ਪਿਤਾ ਦੀ ਸਾਂਝ ਹੀ ਪਾ ਦੇਣੀ ਹੈ। ਮੈਂ ਆਪਣੀ ਬੱਚੀ ਭਾਨੀ ਦਾ ਰਿਸ਼ਤਾ, ਤੇਰੇ ਨਾਲ ਕਰਨ ਲਈ ਪੂਰਨ ਸਲਾਹ ਕਰ ਲਈ ਹੈ। ਉਹ ਲਾਹੌਰ ਦੀਆਂ ਗਲੀਆਂ ਤੋਂ ਨਿਆਸਰਾ ਹੋ ਨਿਕਲਿਆ ਬਾਬਾ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਘਰ ਜਵਾਈ ਹੋਣ ਦਾ ਮਾਣ ਪ੍ਰਾਪਤ ਕਰ ਬੈਠਾ।

ਜੇਠੇ ਦਾ ਅਰਥ ਹੁੰਦਾ ਹੈ- ਵੱਡਾ ਪਰ ਜਿਨ੍ਹਾਂ ਚਿਰ ਜੇਠਾ ਰਹੇ, ਸੰਸਾਰ ਛੋਟੇ ਹੀ ਸਮਝਦਾ ਰਿਹਾ ਜਦੋਂ ਘਾਲ ਕਮਾਈ ਕਰਕੇ ਜੇਠੇ ਤੋਂ ਰਾਮਦਾਸ ਬਣ ਗਏ ਤਦ ਇਤਨੇ ਵੱਡੇ ਹੋ ਗਏ ਕਿ ਹਰ ਕੋਈ ਕਹਿ ਉਠਿਆ "**ਗੁਰ ਰਾਮਦਾਸ ਰਾਖਹੁ ਸਰਣਾਈ..**" ਅਸਲ ਵਿੱਚ ਕੋਈ ਨਾਂ ਕਰਕੇ ਨਹੀਂ ਬਲਕਿ ਕਰਮਾਂ ਕਰਕੇ ਵੱਡਾ ਜਾਂ ਛੋਟਾ ਹੁੰਦਾ ਹੈ। ਜੇਠੇ ਦੀ ਦਿਨ ਰਾਤ ਦੀ ਸੇਵਾ ਨੇ ਰਾਮ ਦਾ ਸੱਚਾ ਦਾਸ ਬਣਾ ਦਿੱਤਾ। ਇਸ ਦੌਰਾਨ ਕਈ ਬਿਖਮ ਘਾਲਣਾ ਘਾਲੀਆਂ ਜਿਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਸਾਡੇ ਜੀਵਨ ਲਈ ਰੋਸ਼ਨੀ ਚਿਰਾਗ ਬਣ ਜਾਏਗਾ।

ਅਕਬਰ ਬਾਦਸ਼ਾਹ ਬਾਦਸ਼ਾਹੀ ਕੱਟੜਤਾਈ ਨਾਲ ਨਹੀਂ ਸੀ ਕਰਦਾ ਜਿਸ ਕਰਕੇ ਆਮ ਲੋਕੀਂ ਆਪਣੇ ਧਰਮ ਦੀ ਗੱਲ ਖੁੱਲ੍ਹ ਕੇ ਕਰ ਲੈਂਦੇ ਸਨ। ਇਸੇ ਤਰ੍ਹਾਂ ਕੁਝ ਸਨਾਤਨੀ ਲੋਕਾਂ ਨੇ ਅਕਬਰ ਤਕ ਪਹੁੰਚ ਕੀਤੀ ਕਿਉਂਕਿ ਜਿਤਨੇ ਪਾਖੰਡ ਇਹ ਕਰਕੇ ਧਰਮ ਦਾ ਨਾਂ ਦਿੰਦੇ ਸਨ, ਉਹ ਸਾਰੇ ਹੀ ਗੁਰ ਸਿੱਖੀ ਪੈਂਡੇ ਤੋਂ ਕੋਹਾਂ ਦੂਰ ਸਨ ਜਿਸ ਕਰਕੇ ਇਨ੍ਹਾਂ ਨੇ ਆਪਣਾ ਦਰਦ ਅਕਬਰ ਬਾਦਸ਼ਾਹ ਕੋਲ ਜਾ ਕੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋਏ ਇਸ ਧਰਮ ਵਿੱਚ ਹੁਣ ਗੁਰੂ ਅਮਰ ਦਾਸ ਜੀ ਹਨ ਜਿਹੜੇ ਕਿ ਸਾਰੇ ਹੀ ਧਰਮ ਕਰਮ ਸਨਾਤਨੀ

ਪਰੰਪਰਾ ਤੋਂ ਉਲਟ ਕਰਦੇ ਹਨ। ਇਹ ਜਾਤ-ਪਾਤ ਦਾ ਧਿਆਨ ਨਹੀਂ ਕਰਦੇ। ਇਕੋ ਥਾਂ ਲੰਗਰ ਵਰਤਦਾ ਹੈ। ਇਕੋ ਗੁਰਬਾਣੀ ਦਾ ਉਪਦੇਸ਼ ਸਭ ਲਈ ਹੈ। ਹਰ ਕਾਰਜ ਲਈ ਬਾਣੀ ਹੀ ਪੜ੍ਹਦੇ ਹਨ। ਜੇ ਕਰ ਅਜਿਹਾ ਹੀ ਰਿਹਾ ਤਦ ਸਾਡੇ ਗਾਇਤ੍ਰੀ ਪਾਠ ਰਾਮ ਨਾਮ ਤੇ ਸੂਦਰ ਆਦਿਕ ਸਭ ਕੁਝ ਇਕਸਾਰ ਹੋ ਜਾਵੇਗਾ। ਆਪ ਜੀ ਦੇ ਰਾਜ ਕਾਲ ਦੌਰਾਨ ਇਤਨਾ ਵੱਡਾ ਉਪਕਾਰ ਹੋ ਰਿਹਾ ਹੈ। ਅਕਬਰ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਲਈ ਆਪਣੇ ਵਲੋਂ ਬਾਦਸ਼ਾਹੀ ਫਰਜ਼ ਦੀ ਪੂਰਤੀ ਕਰਨ ਲਈ ਗੁਰੂ ਦਰਬਾਰ ਤੋਂ ਇਕ ਨੁਮਾਇੰਦਾ ਬੁਲਾ ਲਿਆ ਅਤੇ ਸ਼ਿਕਾਇਤ ਕਰਤਾ ਸੱਦ ਲਏ। ਗੁਰੂ ਘਰ ਵਲੋਂ ਇਹ ਸੇਵਾ ਬਾਬਾ ਜੇਠਾ ਜੀ ਦੀ ਲੱਗੀ। ਗੁਰੂ ਸਾਹਿਬ ਜੀ ਨੂੰ ਬੇਨਤੀ ਕਰਕੇ ਪਾਤਿਸ਼ਾਹ ਸਰੀਰ ਜੇਠੇ ਦਾ ਵਰਤ ਲੈਣਾ ਪਰ ਬਾਕੀ ਸਾਰੀਆਂ ਰਹਿਮਤਾਂ ਆਪ ਜੀ ਨੇ ਹੀ ਕਰਨੀਆਂ ਹਨ, ਲਾਹੌਰ ਪਹੁੰਚ ਗਏ। ਇਕ ਰਾਤ ਆਪਣੇ ਘਰ ਕੱਟੀ। ਦੂਜੇ ਦਿਨ ਅਕਬਰ ਦੇ ਦਰਬਾਰ ਜਾ ਕੇ ਸ਼ੰਕਾਵਾਦੀਆਂ ਦੇ ਸ਼ੰਕੇ ਨਵਿਰਤ ਕੀਤੇ। ਗੁਰੂ ਘਰ ਦੀ ਫਤਹਿ ਹੋਈ। ਵਾਪਸ ਆਪਣੇ ਘਰ ਲਹੌਰ ਚੂਨਾ ਮੰਡੀ ਆ ਗਏ। ਹਰ ਪਾਸੇ ਸਤਿਕਾਰ ਸੀ। ਬਾਬਾ ਜੇਠਾ ਜੀ ਨੇ ਮਨ ਵਿੱਚ ਵੀਚਾਰ ਬਣਾਈ ਕਿ ਜਿਸ ਦਿਨ ਇਥੋਂ ਚੱਲਿਆ ਸੀ, ਤੇਰਾ ਕੋਈ ਨਹੀਂ ਸੀ ਪਰ ਅੱਜ ਘਰ ਦਰ ਗੁਰੂ ਅਮਰਦਾਸ ਜੀ ਮਹਾਰਾਜ ਦਾ ਸੇਵਕ ਤੇ ਜਵਾਈ ਹੋਣ ਦਾ ਮਾਣ ਹੈ। ਇਸ ਲਈ ਅੱਜ ਇਥੋਂ ਕੁਝ ਨਾ ਕੁਝ ਆਪਣੇ ਗੁਰੂ ਜੀ ਲਈ ਭੇਟ ਲੈ ਜਾਵਾਂ। ਸਵੇਰੇ ਅੰਮ੍ਰਿਤ ਵੇਲੇ ਉੱਠ ਨਿਤ ਦੀ ਕਿਰਿਆ ਤੋਂ ਵਿਹਲੇ ਹੋ ਕੇ ਬਾਜ਼ਾਰ ਗਏ। ਅਨੇਕਾਂ ਚੀਜ਼ਾਂ ਦੇਖੀਆਂ ਪਰ ਇਕ ਚੋਲੇ ਦਾ ਕੱਪੜਾ ਪਸੰਦ ਕੀਤਾ। ਦੇਖਣ ਦਾ ਢੰਗ ਵੀ ਅਜੀਬ ਜਿਹਾ ਸੀ। ਅੱਖਾਂ ਬੰਦ ਕਰਕੇ ਦੇਖਿਆ ਕਿ ਇਸ ਕੱਪੜੇ ਦਾ ਚੋਲਾ ਮੇਰੇ ਸਾਹਿਬ ਦੇ ਪਹਿਨਿਆਂ ਕਿਹੋ ਜਿਹਾ ਦਿਸੇਗਾ। ਮੁੱਲ ਪੁੱਛਿਆ ਤਦ ਸਾਮਰੱਥਾ ਤੋਂ ਬਹੁਤ ਵਧੀਕ ਸੀ। ਠੰਡਾ ਹਉਕਾ ਭਰ ਕੇ ਤੁਰ ਪਏ। ਅੱਗੇ ਗਏ ਤਦ ਬੇ-ਮੌਸਮੇ ਅੰਬ ਵਿਕਦੇ ਸਨ। ਇਹੋ ਹੀ ਤੋਹਫਾ ਭੇਟਾ ਕਰਾਂਗਾ, ਸੋਚ ਕੇ ਅੰਬ ਖਰੀਦ ਲਏ। ਤੁਰ ਕੇ ਜਾਂਦਿਆਂ ਕਈ ਦਿਨ ਗੁਜ਼ਰ ਗਏ। ਜਿਸ ਕਰਕੇ ਅੰਬ ਵੀ ਜ਼ਿਆਦਾ ਪੱਕ ਗਏ। ਆਖਿਰ ਹੱਥ ਪੈਰ ਧੋ ਕੇ ਇਕ ਸੋਹਣੀ ਜਿਹੀ ਥਾਂ ਵੇਖ ਕੇ ਪਰਨਾ (ਕੱਪੜਾ) ਵਿਛਾ ਲਿਆ, ਨੇਤਰਾਂ ਵਿੱਚ ਅੱਥਰੂ ਆ ਗਏ ਅਤੇ ਜ਼ੁਬਾਨ ਤੋਂ ਆਤਮਾ ਦੀ ਪੁਕਾਰ ਵੈਰਾਗ ਦਾ ਜਾਮਾ ਪਹਿਨ ਨਿਕਲੀ। ਉੱਚੀ ਸਾਰੀ ਕਹਿਣ ਲੱਗੇ ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ; ਗੁਰੂ ਅਮਰਦਾਸ ਜੀਉ ! ਗਰੀਬ ਦੀ ਭੇਟਾ ਵੀ ਕਬੂਲ ਕਰਿਉ। ਮੁਖ ਮੇਰਾ ਪਰ ਛਕਾਉਣ ਮੈਂ ਤੁਹਾਨੂੰ ਹੀ ਲੱਗਾ ਹਾਂ। ਗੁਰੂ ਅਮਰਦਾਸ ਜੀ ਨੂੰ ਯਾਦ ਕਰਕੇ ਅੰਬ ਛੱਕ ਲਏ ਜਦੋਂ ਗੁਰੂ ਦਰਬਾਰ ਪਹੁੰਚੇ ਤਦ ਦਰਵਾਜ਼ੇ ਨੇੜੇ ਹੀ ਬੈਠ ਗਏ। ਭਰੇ ਦਰਬਾਰ

ਵਿਚ ਅੱਗੇ ਨਾ ਗਏ। ਗੁਰੂ ਅਮਰਦਾਸ ਜੀ ਨੇ ਉੱਚੀ ਸਾਰੀ ਕਿਹਾ ਕਿ ਜੇਠਿਆ ਆ ਗਿਆਂ। ਤਦ ਖਲੋ ਕੇ ਫਿਰ ਨਮਸਕਾਰ ਕੀਤੀ ਤੇ ਕਿਹਾ, ਹਾਂ ਮਹਾਰਾਜ ਜੀ, ਆਪ ਜੀ ਦੀ ਕਿਰਪਾ ਹੋ ਗਈ। ਦਰਬਾਰ ਵਿੱਚ ਵੀ ਆਪ ਜੀ ਨੇ ਲਾਜ ਪਤਿ ਰੱਖ ਲਈ। ਗੁਰੂ ਘਰ ਦੀ ਫਤਹਿ ਹੋਈ ਤਦ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਅੱਗੇ ਆ ਜਾਉ। ਬਾਬਾ ਜੇਠਾ ਜੀ ਕੁਝ ਅੱਗੇ ਆ ਗਏ ਪਰ ਗੁਰੂ ਅਮਰਦਾਸ ਜੀ ਨੇ ਫਿਰ ਕਿਹਾ ਕਿ ਅੱਗੇ ਹੋਰ ਆ ਜਾਉ। ਬਾਬਾ ਜੇਠਾ ਜੀ ਹੋਰ ਅੱਗੇ ਚਲੇ ਗਏ। ਗੁਰੂ ਸਾਹਿਬ ਜੀ ਆਪ ਹੀ ਤਖਤ ਛੱਡ ਕੇ ਬਾਬਾ ਜੇਠਾ ਜੀ ਕੋਲ ਜਾ ਬੈਠੇ। ਬੜੇ ਪਿਆਰ ਨਾਲ ਕਹਿਣ ਲੱਗੇ ਕਿ ਜੇਠਿਆ ਇਤਨੀ ਦੂਰ ਗਿਆ ਸੀ, ਮੇਰੇ ਵਾਸਤੇ ਕੋਈ ਚੀਜ਼ ਹੀ ਲੈ ਆਉਣੀ ਸੀ। ਕੀ ਤੈਨੂੰ ਮੇਰਾ ਚੇਤਾ ਹੀ ਨਹੀਂ ਆਇਆ ? ਬਾਬਾ ਜੇਠਾ ਜੀ ਸੁਣਦੇ ਸਾਰ ਹੀ ਜ਼ਾਰੋ ਜ਼ਾਰ ਰੋਣ ਲੱਗ ਪਏ ਤੇ ਸੰਭਲ ਕੇ ਬਚਨ ਕੀਤਾ "ਪਾਤਿਸ਼ਾਹ ਜੀ! ਤਦ ਹੀ ਤਾਂ ਮੇਰੀ ਨਦਰ ਤੁਹਾਡੇ ਨਾਲ ਨਹੀਂ ਰਲਦੀ ਮਾਲਕ ਜੀਉ, ਜਿਹੜਾ ਚੋਲਾ ਮੈਂ ਪਸੰਦ ਕਰਕੇ ਆਇਆ ਸਾਂ, ਉਹੋ ਜਿਹਾ ਹੀ ਚੋਲਾ ਆਪ ਪਾਈ ਬੈਠੇ ਹੋ, ਮੈਂ ਨੇਤਰ ਕਿਵੇਂ ਮਿਲਾਵਾਂ।" ਗੁਰੂ ਅਮਰਦਾਸ ਜੀ ਨੇ ਆਪਣੇ ਹਜ਼ੂਰੀਏ ਸਿੱਖ ਭਾਈ ਬੱਲੂ ਜੀ ਨੂੰ ਕਿਹਾ ਕਿ ਭਾਈ ਬੱਲੂ ਇਸ ਦੇ ਅੰਬਾਂ ਦੀਆਂ ਗਿਟਕਾਂ ਵੀ ਲਿਆ ਦੇ ਤਾਂ ਕਿ ਇਸ ਨੂੰ ਵਿਸ਼ਵਾਸ ਹੋ ਜਾਵੇ ਕਿ ਅਸਾਂ ਤੇਰੇ ਅੰਬ ਵੀ ਛੱਕੇ ਹਨ। ਬਾਬਾ ਜੇਠਾ ਜੀ ਸੇਵਾ ਸਦਕਾ "ਆਪੇ ਗੁਰੁ ਚੇਲਾ ਹੈ ਆਪੇ" ਦੀ ਅਵੱਸਥਾ ਬਣ ਗਈ ਸੀ।

ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਬਖਸ਼ਣ ਵਾਸਤੇ ਗੁਰੂ ਅਮਰਦਾਸ ਜੀ ਮਹਾਰਾਜ ਨੇ ਪਰਖ ਵੀ ਸ਼ੁਰੂ ਕਰ ਦਿੱਤੀ ਸੀ ਜਿਸ ਦੀਆਂ ਉਦਾਹਾਰਣਾਂ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਗ੍ਰੰਥ ਅੰਦਰ ਦਿੱਤੀਆਂ ਹਨ। ਕੁਝ ਕੁ ਬਹੁਤ ਮਕਬੂਲ ਹਨ ਜਿਵੇਂ ਗੁਰੂ ਸਾਹਿਬ ਜੀ ਨੇ ਆਪਣੇ ਦੋਨਾਂ ਜਵਾਈਆਂ ਬੀਬੀ ਦਾਨੀ ਜੀ ਦੇ ਪਤੀ ਭਾਈ ਰਾਮਾ ਜੀ ਤੇ ਬੀਬੀ ਭਾਨੀ ਜੀ ਦੇ ਪਤੀ ਬਾਬਾ ਜੇਠਾ ਨੂੰ ਕਹੀ ਤੇ ਤਗਾਰੀ ਦੇ ਕੇ ਕਿਹਾ ਕਿ ਥੜ੍ਹੇ ਬਣਾਉਣੇ ਹਨ ਜਿਨ੍ਹਾਂ 'ਤੇ ਗੁਰੂ ਬੈਠ ਕੇ ਦੇਖ ਸਕੇ ਭਾਵ ਸੰਭਾਲ ਕਰ ਸਕੇ। ਸਵੇਰ ਤੋਂ ਦੋਨਾਂ ਨੇ ਥੜ੍ਹੇ ਬਣਾਏ ਜਦੋਂ ਸ਼ਾਮ ਦਾ ਵਕਤ ਆਇਆ ਤਦ ਦੋਨਾਂ ਦੇ ਹੀ ਥੜ੍ਹੇ ਗੁਰੂ ਸਾਹਿਬ ਜੀ ਨੇ ਨਕਾਰ ਦਿੱਤੇ। ਦੂਜੇ ਦਿਨ ਫਿਰ ਅਜਿਹਾ ਹੀ ਹੋਇਆ। ਤੀਜੇ ਦਿਨ ਵੀ ਗੁਰੂ ਸਾਹਿਬ ਜੀ ਸ਼ਾਮ ਨੂੰ ਆਏ ਤਦ ਕਹਿਣ ਲੱਗੇ ਕਿ ਤਿੰਨ ਦਿਨ ਹੋ ਗਏ, ਤੁਹਾਡੇ ਕੋਲੋਂ ਥੜ੍ਹੇ ਨਹੀਂ ਬਣੇ। ਬਾਬਾ ਰਾਮਾ ਜੀ ਨੇ ਬਚਨ ਸੁਣਦਿਆਂ ਸਾਰ ਕਿਹਾ ਕਿ ਮੈਂ ਤਾਂ ਅੱਜ ਕਹੀ, ਤੁਗਾਰੀ ਧੋ ਕੇ ਰੱਖੀ ਹੈ। ਇਸ ਤੋਂ ਚੰਗਾ ਮੇਰੇ ਕੋਲੋਂ ਨਹੀਂ ਬਣ ਸਕਦਾ, ਅਸਲ ਵਿੱਚ ਤੁਸੀ ਬਿਰਧ ਅਵੱਸਥਾ ਹੋਣ ਕਰਕੇ ਆਪੇ ਹੀ ਕਹਿ ਕੇ ਭੁੱਲ ਜਾਂਦੇ ਹੋ, ਦੂਜੇ ਪਾਸੇ ਬਾਬਾ ਜੇਠਾ ਜੀ ਨੂੰ ਵੀ ਕਿਹਾ ਪਰ ਬਾਬਾ

ਜੇਠਾ ਜੀ ਨੇ ਹੱਥ ਜੋੜ ਕੇ ਅਰਜ਼ ਗੁਜ਼ਾਰੀ, ਸਾਹਿਬ ਜੀਉ ! ਥੜ੍ਹੇ ਉਤਨਾ ਚਿਰ ਨਹੀ ਬਣ ਸਕਦੇ ਜਿਤਨਾ ਚਿਰ ਆਪ ਜੀ ਰਹਿਮਤ ਭਰੀ ਨਦਰ ਨਹੀਂ ਕਰਦੇ। ਮੈਂ ਤਾਂ ਤਿੰਨ ਦਿਨ ਤੋਂ ਆਪ ਜੀ ਨੂੰ ਤਕਲੀਫ ਦੇ ਰਿਹਾ ਹਾਂ। ਤੁਸੀਂ ਸਮਝਾ ਕੇ ਜਾਂਦੇ ਹੋ ਪਰ ਮੈਂ ਹੀ ਭੁੱਲ ਜਾਂਦਾ ਹਾਂ। ਬਸ ਇਹੋ ਹੀ ਅਸਲ ਪਰਖ ਸੀ। ਇਕ ਦੀ ਨਜ਼ਰ ਵਿੱਚ ਗੁਰੂ ਭਾਲਦਾ ਹੈ ਤੇ ਦੂਜੀ ਨਜ਼ਰ ਮੈਂ ਭੁੱਲਦਾ ਹਾਂ, ਪਰ ਗੁਰੂ ਸਮਰੱਥ ਹੈ। ਕਵੀ ਸੰਤੋਖ ਸਿੰਘ ਜੀ ਨੇ ਬੜੀ ਭਾਵ ਪੂਰਤ ਤੁਕ ਲਿਖੀ ਹੈ "*ਹੌ ਅਜਾਨ ਨਿਤ ਭੂਲਨ ਹਾਰੋ। ਤੁਮ ਕਿਰਪਾਲ ਨਿਜ ਰਿਦ ਸੰਭਾਰੋ।*"

ਗੁਰੂ ਸਾਹਿਬ ਜੀ ਨੇ ਤਾਂ ਅਸਲੀ ਥੜ੍ਹਾ ਅੰਦਰ ਬਣਿਆ ਦੇਖਣਾ ਸੀ। ਇਹ ਭਰੋਸੇ ਦਾ ਥੜ੍ਹਾ ਬਾਬਾ ਜੇਠਾ ਜੀ ਦੇ ਅੰਦਰ ਸੀ ਜਿਸ ਕਰਕੇ ਅਜਿਹੇ ਥੜ੍ਹੇ 'ਤੇ ਗੁਰੂ ਅਮਰਦਾਸ ਜੀ ਨੇ ਉਸ ਜੋਤਿ 'ਤੇ ਜੁਗਤਿ ਨੂੰ ਟਿਕਾ ਦੇਣ ਦਾ ਫੈਸਲਾ ਕਰ ਲਿਆ। ਬਾਬਾ ਬੁੱਢਾ ਸਾਹਿਬ ਜੀ ਨੂੰ ਸੱਦ ਕੇ ਜਲ ਨਾਲ ਇਸ਼ਨਾਨ ਕਰਵਾ ਕੇ ਬਾਬਾ ਜੇਠਾ ਜੀ ਨੂੰ ਨਵੀਨ ਬਸਤਰ ਪਹਿਨਾ ਕੇ ਆਪ ਆਪਣੇ ਹੱਥੀਂ ਉਸ ਤਖ਼ਤ 'ਤੇ ਬਿਠਾ ਦਿੱਤਾ ਜਿੱਥੇ ਆਪ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦੀਦਾਰ ਬਖਸ਼ਦੇ ਸਨ। ਸਮੁੱਚੀ ਬਾਣੀ ਦਾ ਖਜ਼ਾਨਾ ਸੌਂਪ ਕੇ ਬਾਬਾ ਬੁੱਢਾ ਜੀ ਨੇ ਗੁਰਿਆਈ ਤਿਲਕ ਦਿੱਤਾ। ਧੰਨ ਗੁਰੂ ਅਮਰ ਦਾਸ ਜੀ ਨੇ ਸਭ ਤੋਂ ਪਹਿਲਾਂ ਆਪ ਮੱਥਾ ਟੇਕਿਆ ਫਿਰ ਬਾਬਾ ਬੁੱਢਾ ਜੀ ਅਤੇ ਸੰਗਤ ਨੇ। ਗੁਰੂ ਅਮਰਦਾਸ ਜੀ ਨੇ ਪੁੱਤਰਾਂ ਦਾ ਸ਼ੰਕਾ ਨਵਿਰਤ ਕਰਨ ਲਈ ਕਿਹਾ ਕਿ ਮੇਰਾ ਤੇ ਜੇਠੇ ਦਾ ਰਿਸ਼ਤਾ ਸਹੁਰਾ ਤੇ ਜਵਾਈ ਦਾ ਸੰਸਾਰਕ ਤੌਰ 'ਤੇ ਸੀ। ਕੋਈ ਅਜਿਹਾ ਨਹੀਂ ਕਰਦਾ ਕਿ ਸਹੁਰਾ ਆਪ ਜਵਾਈ ਨੂੰ ਮੱਥਾ ਟੇਕੇ ਪਰ ਅੱਜ ਇਹ ਬਾਬਾ ਜੇਠਾ ਜੀ ਨਹੀਂ ਬਲਕਿ ਸਤਿਗੁਰੂ ਗੁਰੂ ਰਾਮ ਦਾਸ ਜੀ ਮਹਾਰਾਜ ਹਨ। ਇਹ ਬਚਨ ਸੁਣ ਕੇ ਬਾਬਾ ਮੋਹਰੀ ਜੀ ਨੇ ਤਾਂ ਮੱਥਾ ਟੇਕ ਦਿੱਤਾ ਪਰ ਬਾਬਾ ਮੋਹਣ ਜੀ ਦਾ ਮਨ ਨਾ ਮੰਨਿਆ ਜਿਸ ਕਰਕੇ ਇਕ ਗੁਰਬਾਣੀ ਦੀ ਪੰਕਤੀ ਹੈ

"*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥*"

ਤਖ਼ਤ 'ਤੇ ਬਿਰਾਜਮਾਨ ਗੁਰੂ ਰਾਮਦਾਸ ਜੀ ਦੇ ਚਰਣਾਂ ਵਿੱਚ ਜਦੋਂ ਮਾਨੋ ਸਮੁੱਚੀ ਲੋਕਾਈ ਨੇ ਹੀ ਨਮਸਕਾਰ ਕੀਤੀ ਤਦ ਕਿਸੇ ਪੁਰਾਣੀ ਯਾਦ ਵਿੱਚ ਸੋਚਣ ਲੱਗੇ ਕਿ ਕਦੇ ਵਕਤ ਸੀ ਜਦੋਂ ਲੋਕ ਕਿਹਾ ਕਰਦੇ ਸਨ ਕਿ ਜੇਠੇ ਨਾਲ ਨਹੀਂ ਖੇਡਣਾ, ਜਿਸ ਦਿਨ ਦਾ ਘਰ ਵਿੱਚ ਜਨਮਿਆ ਸਾਰਾ ਘਰ ਹੀ ਉਜੜ ਗਿਆ, ਮਾਪੇ ਖਾ ਲਏ। ਵਕਤ ਨੇ ਸੁੱਖਾਂ ਅਤੇ ਖੇਡਾਂ ਨਾਲ ਝੋਲੀ ਭਰਨ ਦੀ ਥਾਂ ਮੇਰੇ ਸਿਰ 'ਤੇ ਛਾਬੜੀ ਰੱਖ ਦਿੱਤੀ ਸੀ। ਜਦੋਂ ਮੇਰਾ ਕੋਈ ਅਜਿਹਾ ਵੀ ਨਹੀਂ ਸੀ ਜਿਹੜਾ ਰਾਤੀ ਪੁੱਛ ਸਕੇ ਕਿ ਜੇਠਿਆ ਰੋਟੀ ਖਾਧੀ ਹੈ ਜਾਂ ਨਹੀਂ। ਜਿਹੜਾ ਮੇਰੇ ਕੱਪੜੇ ਦੇਖ ਸਕੇ, ਧੋਤੇ ਹਨ ਜਾਂ ਨਹੀਂ, ਜਿਹੜਾ ਮੇਰਾ ਸਿਰ ਦੇਖ ਸਕੇ, ਨ੍ਹਾਤਾ ਜਾਂ ਵਾਹਿਆ

ਜਾਂ ਨਹੀਂ, ਜਿਹੜਾ ਮੇਰੀ ਗਰਮੀ, ਸਰਦੀ, ਦੁੱਖ ਦਰਦ ਪੁੱਛ ਸਕੇ, ਕੋਈ ਵੀ ਨਹੀਂ ਸੀ। ਪਰ ਅੱਜ ਦਾ ਹਾਲ ਦੇਖ ਕੇ ਪ੍ਰਮੇਸ਼ਵਰ ਦੇ ਧੰਨਵਾਦ ਵਿੱਚ ਗੁਵਾਚੇ ਹੋਏ ਸਨ ਕਿ ਗੁਰੂ ਅਮਰ ਦਾਸ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਹੇ ਗੁਰੂ ਰਾਮ ਦਾਸ ਜੀਉ! ਕਿਰਪਾ ਕਰੋ, ਸੰਗਤ ਆਪ ਜੀ ਦੇ ਮੁਖਾਰ ਬਿੰਦ ਤੋਂ ਬਚਨ ਸੁਣਨ ਲਈ ਉਤਾਵਲੀ ਹੈ। ਗੁਰੂ ਰਾਮਦਾਸ ਜੀ ਮਹਾਰਾਜ ਦੇ ਨੇਤਰਾਂ ਵਿਚੋਂ ਸ਼ੁਕਰ ਦੇ ਅੱਥਰੂ ਕਿਰ ਰਹੇ ਸਨ ਤੇ ਨਾਲ ਹੀ ਬੁੱਲ ਫਰਕੇ ਜਿਨ੍ਹਾਂ ਵਿਚੋਂ ਅਗੰਮੀ ਸੁਨੇਹਾ ਆਇਆ, ਜਿਸ ਨਾਲ ਹਰ ਇਕ ਦਾ ਹਿਰਦਾ ਰੱਬ ਸਰੂਰ ਨਾਲ ਸਰਸਾਰ ਹੋ ਗਿਆ। ਗੁਰੂ ਸਾਹਿਬ ਜੀ ਨੇ ਪਿਛੋਕੜ ਚੇਤਾ ਕਰ ਬਚਨ ਆਖੇ --

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਜਿਨ੍ਹਾਂ ਨੂੰ ਸੰਸਾਰ ਯਤੀਮ ਜਾਣਦਾ ਸੀ, ਉਨ੍ਹਾਂ ਨੂੰ ਰਾਜ ਤਖਤ ਬਖਸ਼ ਕੇ ਆਪ ਜੋਤੀ ਜੋਤਿ ਸਮਾ ਗਏ।

ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਇਕ ਅਨੋਖੀ ਰੀਤ ਚਲਾ ਦਿੱਤੀ ਸੀ ਕਿ ਦੁਨਿਆਵੀ ਧਨ ਪੁੱਤਰਾਂ ਨੂੰ ਦੇ ਦਿੱਤਾ ਪਰ ਬਾਬਾ ਲਹਿਣਾ ਜੀ ਦਾਤਿ ਜੋਤਿ ਵੱਡਿਆਈਆਂ ਲੈ ਕੇ ਗੁਰੂ ਅੰਗਦ ਸਾਹਿਬ ਜੀ ਦੇ ਰੂਪ ਵਿੱਚ ਖਡੂਰ ਸਾਹਿਬ ਵਿਖੇ ਆ ਗਏ। ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਨੇ ਵੀ ਇਕ ਪਿਤਾ ਹੋਣ ਦੇ ਨਾਤੇ ਘਰ ਬੱਚਿਆਂ ਨੂੰ ਦੇ ਦਿੱਤਾ ਪਰ ਗੁਰਿਆਈ ਦੀ ਬਖਸ਼ਿਸ਼ ਲੈ ਕੇ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਆ ਗਏ। ਇਸੇ ਹੀ ਪਾਏ ਪੂਰਨਿਆਂ 'ਤੇ ਤੁਰਦਿਆਂ ਗੁਰੂ ਅਮਰਦਾਸ ਜੀ ਨੇ ਵੀ ਗੋਇੰਦਵਾਲ ਪੁੱਤਰਾਂ ਨੂੰ ਸੰਭਾਲ ਕੇ ਅਤੇ ਦਾਤਿ ਜੋਤਿ ਗੁਰੂ ਰਾਮਦਾਸ ਜੀ ਦੇ ਹਿਰਦੇ ਵਿੱਚ ਰੱਖ ਕੇ ਅੰਮ੍ਰਿਤਸਰ ਸਾਹਿਬ ਨੂੰ ਨਵਾਂ ਕੇਂਦਰ ਥਾਪਣ ਤੇ ਉਸਾਰਨ ਦਾ ਹੁਕਮ ਕਰ ਗਏ ਸਨ। ਇਸ ਲਈ ਗੁਰੂ ਰਾਮਦਾਸ ਜੀ ਕੁਝ ਸਮਾਂ ਗੁਰੂ ਨਾਨਕ ਪਾਤਿਸ਼ਾਹ ਦੀ ਖਿੜੀ ਫੁਲਵਾੜੀ ਨੂੰ ਬਖਸ਼ਿਸ਼ਾਂ ਦਾ ਪਾਣੀ ਦੇ ਕੇ ਆਪ ਹੁਣ ਅੰਮ੍ਰਿਤਸਰ ਸਾਹਿਬ ਆ ਬਿਰਾਜੇ ਸਨ। ਇਥੇ ਪਹੁੰਚ ਕੇ ਜੂਨ ਦੇ ਮਹੀਨੇ ੧੫੭੭ ਈਸਵੀ ਨੂੰ ਇਕ ਅਜਿਹੇ ਅਸਥਾਨ ਦਾ ਟੱਕ ਲਗਾਇਆ ਜਿਥੇ ਆ ਕੇ ਹਰ ਕੋਈ ਆਪਣਾ ਘਰ ਹੀ ਸਮਝੇ। ਹੁਣ ਤਕ ਦੁਨੀਆਂ ਵਿੱਚ ਦੇਵੀ, ਦੇਵਤਿਆਂ, ਪੈਗੰਬਰ ਤੇ ਹੋਰ ਅਨੇਕਾਂ ਮੰਦਰ ਜਾਂ ਧਾਰਮਿਕ ਅਸਥਾਨ ਸਨ ਪਰ ਅਜਿਹਾ ਮਨੁੱਖਤਾ ਦੀ ਸਾਂਝ ਵਾਲਾ ਕੋਈ ਨਹੀਂ ਸੀ। ਇਕ ਅਜਿਹੀ ਘਟਨਾ ਵੀ ਹੈ, ਇਕ ਟਿਕੀ ਹੋਈ ਰਾਤ ਵਿੱਚ ਮਨੁੱਖਤਾ ਦਾ ਪਿਆਰਾ ਦਰਦਾਂ ਦੇ ਕਾਰਨ ਬੜੀ ਬਿਰਧ ਵੈਰਾਗ ਦੀ ਭਾਸ਼ਾ ਵਿੱਚ ਗਾ ਰਿਹਾ ਸੀ ਕਿ "ਮੋ ਕਉ ਤੂੰ ਨ ਬਿਸਾਰਿ

ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥" ਰੱਬ ਦੇ ਘਰੋਂ ਆਵਾਜ਼ ਆਈ ਭਗਤਾ ਕੀ ਗੱਲ ਅੱਜ ਇਤਨੇ ਰਾਤ ਗਈ ਇਤਨੇ ਦਰਦ ਨਾਲ ਗਾ ਰਿਹਾ ਹੈਂ ? ਤਦ ਇਸ ਦਰਦੀ ਨੇ ਕਿਹਾ ਕਿ ਮੇਰਾ ਦੁਨਿਆਵੀ ਨਾਂ ਨਾਮਦੇਵ ਹੈ ਅਤੇ ਅੱਜ ਮੈਨੂੰ ਤੇਰੀ ਇਬਾਦਤ ਕਰਦਿਆਂ ਧਰਮ ਦੇ ਠੇਕੇਦਾਰਾਂ ਨੇ ਮੰਦਰ ਵਿਚੋਂ ਹੀ ਨਹੀਂ ਕੱਢਿਆ ਬਲਕਿ ਅਨੇਕਾਂ ਸੱਟਾਂ ਵੀ ਮਾਰੀਆਂ ਹਨ ਤਦ ਰੱਬ ਦੇ ਘਰੋਂ ਆਵਾਜ਼ ਆਈ ਕਿ ਮੈਂ ਤਾਂ ਕਦੋਂ ਦਾ ਸੋਚਦਾ ਸੀ ਕਿ ਕੋਈ ਤੈਨੂੰ ਅੰਦਰੋਂ ਬਾਹਰ ਕੱਢੇ ਤਾਂ ਕਿ ਤੈਨੂੰ ਸਦਾ ਲਈ ਹਰਿਮੰਦਰ ਵਿੱਚ ਬਿਠਾਂ ਦਿਆ ਜਿਥੇ ਤੇਰਾ ਕੋਈ ਅਨਾਦਰ ਨਹੀ ਬਲਕਿ ਆਦਰ ਕਰੇ। ਅਜਿਹੇ ਅਸਥਾਨ ਦਾ ਮੁੱਢ ਉਸ ਗੁਰੂ ਮਹਾਰਾਜ ਜੀ ਨੇ ਬੰਨ੍ਹਿਆ ਜਿਨ੍ਹਾਂ ਨੂੰ ਭੱਟ ਕੀਰਤ ਜੀ ਦੀ ਅੱਖ ਦਰਸ਼ਨ ਕਰਕੇ ਕਹਿ ਉਠੀ "*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥*"

ਗੁਰੂ ਰਾਮਦਾਸ ਮਹਾਰਾਜ ਜੀ 'ਤੇ ਹਰ ਨਿਮਾਣੇ ਤੇ ਬੇਆਸੇ ਨੂੰ ਆਸ ਬੱਝ ਗਈ ਸੀ। ਗੁਰੂ ਸਾਹਿਬ ਜੀ ਦੇ ਚਰਣਾਂ ਦਾ ਸੇਵਕ ਜੋੜਾ ਜਿਸ ਦਾ ਨਾਂ ਬਾਬਾ ਆਦਰ ਕਰਕੇ ਸਿੱਖ ਜਗਤ ਸ਼ਰਧਾ ਪ੍ਰਗਟ ਕਰਦਾ ਹੈ। ਇਕ ਦਿਨ ਆਪਣੇ ਘਰ ਬੈਠੇ ਬੈਠੇ ਵੀਚਾਰ ਕਰਨ ਲੱਗ ਪਏ ਕਿ ਜੇ ਕਰ ਸਾਡੇ ਘਰ ਵੀ ਕੋਈ ਔਲਾਦ ਹੁੰਦੀ ਤਦ ਅਸੀਂ ਉਹ ਵੀ ਗੁਰੂ ਚਰਣਾਂ ਵਿੱਚ ਭੇਟਾ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ। ਤਦ ਆਪਸ ਵਿੱਚ ਵੀਚਾਰ ਕੀਤੀ ਕਿ ਗੁਰੂ ਚਰਣਾਂ 'ਚ ਅਰਦਾਸ ਕਰੀਏ, ਹਰ ਮੁਰਾਦ ਪੂਰੀ ਹੋ ਜਾਏਗੀ। ਦੂਜੇ ਦਿਨ ਦਰਬਾਰ ਹਾਜ਼ਰ ਹੋਏ ਪਰ ਹਿਰਦੇ ਦੀ ਗੱਲ ਜ਼ੁਬਾਨ 'ਤੇ ਨਾ ਆਈ। ਦੋਵੇਂ ਪ੍ਰੇਮੀ ਸੰਗ ਗਏ ਕਿ ਕੋਈ ਸੁਣਨ ਵਾਲਾ ਕੀ ਆਖੇਗਾ ਕਿ ਹੁਣ ਤਕ ਸੰਸਾਰੀ ਖਾਹਿਸ਼ਾਂ ਵਿੱਚ ਹੀ ਡੁੱਬੇ ਹੋਏ ਹਨ। ਦੋਵੇਂ ਪਤੀ ਪਤਨੀ ਇਕ ਦੂਜੇ ਵੱਲ ਦੇਖਦੇ ਰਹੇ ਪਰ ਬੋਲੇ ਕੁਝ ਨਾ। ਦੂਜੇ ਦਿਨ ਫਿਰ ਸਲਾਹ ਕਰਕੇ ਆਏ ਪਰ ਰਸਨਾ ਤੋਂ ਫਿਰ ਵੀ ਬੋਲਿਆ ਨਾ ਗਿਆ। ਸ਼ਾਮ ਤਕ ਸੇਵਾ ਕਰਕੇ ਘਰ ਪਰਤ ਗਏ। ਗੁਰੂ ਮਹਾਰਾਜ ਜੀ ਤਾਂ ਪਸ਼ੂ ਪ੍ਰੇਤਾਂ ਤਕ ਦੀ ਭਾਵਨਾ ਸਮਝਦੇ ਹਨ ਜਿਨ੍ਹਾਂ ਕੋਲ ਸਮਝਾਉਣ ਲਈ ਸ਼ਬਦ ਵੀ ਨਹੀਂ ਹੁੰਦੇ। ਸਾਹਿਬ ਜੀ ਨੇ ਦੇਖਿਆ ਕਿ ਮੱਥਾ ਟੇਕਣ ਲੱਗੇ ਕੁਝ ਕਹਿਣਾ ਚਾਹੁੰਦੇ ਹਨ ਪਰ ਕਹਿ ਨਹੀਂ ਰਹੇ। ਅੱਜ ਸ਼ਾਮੀ ਜਦੋਂ ਸੇਵਾ ਤੋਂ ਵਿਹਲੇ ਹੋ ਕੇ ਘਰ ਗਏ ਤਾਂ ਕੁਝ ਸਮੇਂ ਮਗਰੋਂ ਮੇਰੇ ਸਾਹਿਬ ਜੀ ਵੀ ਚਲੇ ਗਏ। ਜਾ ਕੇ ਬੂਹਾ ਖਟ ਖਟਾਇਆ। ਬਾਬਾ ਆਦਮ ਜੀ ਬਾਹਰ ਨਿਕਲੇ। ਦਰਸ਼ਨ ਕਰਕੇ ਚਰਨ ਬੋਸੀ ਕੀਤੀ। ਨਿਮਰਤਾ ਨਾਲ ਬੇਨਤੀ ਕਰਨ ਲੱਗੇ, ਗਰੀਬ ਨਿਵਾਜ਼! ਅੱਜ ਸਾਡੇ ਗ੍ਰਹਿ ਨੂੰ ਪਵਿੱਤਰ ਕੀਤਾ ਹੈ। ਹੁਕਮ ਫੁਰਮਾਉ ਤਾਂ ਸਾਹਿਬ ਜੀ ਹੱਸ ਕੇ ਕਹਿਣ ਲੱਗੇ, ਅੱਜ ਮੈਂ ਹੁਕਮ ਕਰਨ ਨਹੀਂ ਬਲਕਿ ਹੁਕਮ ਮੰਨਣ ਆਇਆ ਹਾਂ। ਜਦੋਂ ਕਹਿਣ ਵਾਲੇ ਨਾ ਕਹਿਣ ਤਾਂ ਸੁਣਨ ਵਾਲੇ ਨੂੰ ਨਾ ਕਹਿਆਂ ਵੀ ਸੁਣਨਾ

ਪੈਂਦਾ ਹੈ। ਮੰਗਣ ਵਾਲਾ ਨਾ ਮੰਗੇ, ਇਸ ਘਰ ਦੀ ਰੀਤ ਰਹੀ ਹੈ, ਦੇਣ ਵਾਲਾ ਆਪ ਚੱਲ ਕੇ ਆਉਂਦਾ ਹੈ। ਮੈਂ ਤਾਂ ਭਾਈ ਤੁਹਾਡੀ ਅਰਦਾਸ ਸੁਣ ਕੇ ਆਇਆ ਹਾਂ, ਜੋ ਮਨ ਦੀ ਭਾਵਨਾ ਹੈ, ਉਹ ਪੂਰੀ ਹੋਏਗੀ ਪਰ ਮੇਰੀ ਇਕ ਬੇਨਤੀ ਮੰਨ ਲੈਣਾ, ਉਸ ਗੁਰੂ ਕੇ ਸਿੱਖ ਦਾ ਨਾਂ ਭਗਤਾ ਰੱਖ ਦੇਣਾ, ਅਸਲ ਵਿੱਚ ਅਜਿਹੇ ਭਗਤ ਦੇ ਘਰ ਕੋਈ ਭਗਤ ਹੀ ਆਉਂਦਾ ਹੁੰਦਾ ਹੈ। ਬਾਬਾ ਆਦਮ ਤੇ ਘਰ ਵਾਲੀ ਨੇ ਨੇਤਰਾਂ ਦੇ ਪਾਣੀ ਨਾਲ ਸਾਹਿਬ ਜੀ ਦੇ ਚਰਨ ਧੋਤੇ ਅਤੇ ਬੇਨਤੀ ਕੀਤੀ, ਮਾਲਕ ! ਤੁਸੀਂ ਬਹੁਤ ਵੱਡੇ ਬੇਅੰਤ ਦਾਤੇ ਹੋ ! ਆਖਰਕਾਰ ਇਨ੍ਹਾਂ ਧਰਮੀ ਟੋਲੇ ਦਾ ਸੰਗੀ ਸੀ ਭਟ, ਜਿਨ੍ਹਾਂ ਨੇ ਸਾਲਾਂ ਦੇ ਸਾਲ ਧਰਮੀ ਪੁਰਸ਼ ਨੂੰ ਲੱਭਣ ਲਈ ਲਾਏ ਪਰ ਜਦੋਂ ਲੱਭ ਗਏ ਤਦ ਕਹਿ ਉਠੇ "*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ*"

ਇਸ ਤਰ੍ਹਾਂ ਗੁਰੂ ਰਾਮਦਾਸ ਮਹਾਰਾਜ ਜੀ ਦੇ ਉਪਕਾਰਾਂ ਦੀ ਲੜੀ ਨਿਰੰਤਰ ਚਲਦੀ ਰਹੀ ਪਰ ਸਾਰੇ ਪਰਉਪਕਾਰਾਂ ਦਾ ਜ਼ਿਕਰ ਕਰਨਾ ਸਾਡੇ ਕਲਿਜੁਗੀ ਜੀਵਾਂ ਦੇ ਵਸ ਦੀ ਬਾਤ ਨਹੀਂ। ਸਤਿਗੁਰੂ ਜੀ ਨੇ ਸਭ ਕੁਝ ਸਾਡੇ ਸਾਹਮਣੇ ਆਪਣੇ ਆਪ 'ਤੇ ਹੰਢਾ ਕੇ ਦੱਸ ਦਿੱਤਾ।

ਗੁਰੂ ਰਾਮਦਾਸ ਜੀ ਨੇ ਇਹ ਵੀ ਨਸ਼ਰ ਕਰ ਦਿੱਤਾ ਕਿ ਸ਼ਰਣ ਵਿੱਚ ਰਹਿਣ ਦਾ ਅਰਥ ਇਹ ਨਹੀਂ ਕਿ ਕੋਈ ਦਿਨ ਰਾਤ ਗੁਰੂ ਜੀ ਦੇ ਨਾਲ-ਨਾਲ ਰਵੇ ਬਲਕਿ ਸ਼ਰਣ ਵਿਚ ਤਨ ਨਾਲੋਂ ਵੀ ਜ਼ਿਆਦਾ ਮਨ ਕਰਕੇ ਰਹਿਣ ਵਾਲੇ ਕਬੂਲ ਪੈਂਦੇ ਹਨ। ਗੁਰੂ ਅੰਗਦ ਸਾਹਿਬ ਜੀ ਦੇ ਇਹ ਬਚਨ ਕਿ "*ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥*" ਗੁਰੂ ਰਾਮਦਾਸ ਮਹਾਰਾਜ ਜੀ ਕੋਲ ਪੁੱਤਰ ਭਾਵੇਂ ਤਿੰਨ ਸਨ ਪਰ ਦੋ ਇਸ ਗੱਲ ਨੂੰ ਨਾ ਸਮਝ ਸਕੇ ਕਿ ਗੁਰੂ ਦੀ ਸ਼ਰਣ ਵਿੱਚ ਰਹਿ ਕੇ ਹੀ ਜੀਵਨ ਦਾ ਲਾਹਾ ਖੱਟਿਆ ਜਾ ਸਕਦਾ ਹੈ ਪਰ ਸ਼ਰਣ ਵਿਚ ਤਨ ਅਤੇ ਮਨ ਕਰਕੇ ਰਹਿਣਾ ਪੈਂਦਾ ਹੈ। ਗੁਰਬਾਣੀ ਦੇ ਅਮੋਲਕ ਬਚਨ ਵੀ ਹਨ - "*ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥*" ਬਾਬਾ ਪ੍ਰਿਥੀ ਚੰਦ ਹਮੇਸ਼ਾ ਇਹੋ ਹੀ ਸੋਚਦੇ ਸਨ ਕਿ ਮੈਂ ਉਹ ਸੇਵਾ ਕਰਾਂ ਜਿਹੜੀ ਸੰਸਾਰਕ ਤੌਰ 'ਤੇ ਨਸ਼ਰ ਹੋਵੇ। ਪੈਸਾ, ਵਸਤੂਆਂ ਅਤੇ ਹੋਰ ਪ੍ਰਬੰਧਕ ਮਾਮਲੇ ਆਦਿਕ ਕਰਮ ਕਰਨੇ। ਬਾਬਾ ਮਹਾਂਦੇਵ ਜੀ ਮਸਤ ਬਿਰਤੀ ਦੇ ਮਾਲਕ ਸਨ। ਇਥੋਂ ਤਕ ਇਤਿਹਾਸਕ ਜ਼ਿਕਰ ਹੈ ਕਿ ਭਾਈ ਸੰਹਾਰੀ ਮੱਲ ਜੀ ਨੇ ਆਪਣੇ ਲੜਕੇ ਦੀ ਸ਼ਾਦੀ ਰੱਖੀ ਤਦ ਗੁਰੂ ਸਾਹਿਬ ਜੀ ਦੇ ਦਰ 'ਤੇ ਸੱਦਾ ਪੱਤਰ ਦੇਣ ਖੁਦ ਆਪ ਚੱਲ ਕੇ ਆਏ। ਗੁਰੂ ਅਮਰਦਾਸ ਜੀ ਦੇ ਅਮੋਲਕ ਬਚਨ ਅਗਵਾਈ ਕਰਦੇ ਸਨ ਕਿ ਗੁਰੂ ਕਦੇ ਦੁਨਿਆਵੀ

ਰਿਸ਼ਤਿਆਂ ਨੂੰ ਤਰਜ਼ੀਹ ਨਹੀ ਦਿੰਦੇ ਬਲਕਿ ਇਥੇ ਤਾਂ "*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥*"

ਇਸ ਲਈ ਭਾਈ ਸੰਹਾਰੀ ਮੱਲ ਜੀ ਦੁਨਿਆਵੀ ਰਿਸ਼ਤੇ ਨਾਤੇ ਨਹੀਂ ਬਲਕਿ ਸੇਵਕ ਦਾ ਕਾਰਜ ਰਾਸ ਆ ਜਾਵੇ, ਇਸ ਲਈ ਬੇਨਤੀ ਕਰਨ ਆਏ ਸਨ। ਗੁਰੂ ਰਾਮਦਾਸ ਜੀ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਭਾਈ ਮੈਨੂੰ ਜਾਣ ਵਿੱਚ ਕੋਈ ਇਤਰਾਜ਼ ਨਹੀਂ ਪਰ ਸ਼ਾਦੀ ਦਾ ਕਾਰਜ ਹੈ, ਇਸ ਲਈ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਪ੍ਰੇਮੀ ਮੇਰਾ ਆਉਣਾ ਸੁਣ ਕੇ ਬਹੁਤ ਗਿਣਤੀ ਵਿੱਚ ਆਵਣਗੇ ਜਿਸ ਕਰਕੇ ਸ਼ਾਦੀ ਦੇ ਕਾਰਜ ਵਿੱਚ ਬਹੁਤ ਖੇਚਲ ਵੱਧ ਜਾਏਗੀ। ਭਾਈ ਸੰਹਾਰੀ ਮੱਲ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਕਿਰਪਾ ਕਰੋ ਬਾਕੀ ਪਰਿਵਾਰ ਭੇਜ ਦਿਉ, ਤਦ ਚੋਜ਼ੀ ਪ੍ਰੀਤਮ ਨੇ ਵਾਰੀ-ਵਾਰੀ ਆਪਣੇ ਤਿੰਨੇ ਪੁੱਤਰ ਸੱਦੇ ਅਤੇ ਪੁੱਛਿਆ। ਸਭ ਤੋਂ ਵੱਡੇ ਹੋਣ ਨਾਤੇ ਪਹਿਲਾਂ ਪ੍ਰਿਥੀਚੰਦ ਜੀ ਨੂੰ ਪੁੱਛਿਆ। ਤਦ ਬਾਬਾ ਪ੍ਰਿਥੀਚੰਦ ਜੀ ਆਖਣ ਲੱਗੇ ਕਿ ਪਿਤਾ ਜੀ ਆਪ ਸੋਚੋ ਤਾਂ ਸਹੀ ਕਿਸਨੂੰ ਕਹਿ ਰਹੇ ਹੋ। ਮੇਰੇ ਤੋਂ ਮਗਰੋਂ ਇਹ ਸਾਰਾ ਕਾਰੋਬਾਰ ਕੌਣ ਸਾਂਭੇਗਾ। ਤੁਹਾਨੂੰ ਤੇ ਪਤਾ ਵੀ ਨਹੀਂ ਲੱਗਦਾ ਕਿ ਇਹ ਧਨ ਪਦਾਰਥ ਕਿਧਰੋਂ ਆਉਂਦਾ ਹੈ ਅਤੇ ਕਿਧਰ ਜਾਂਦਾ ਹੈ। ਅਸਲ ਵਿੱਚ 'ਆਸਾ ਦੀ ਵਾਰ' ਵਿੱਚ ਅੱਜ ਵੀ ਬਚਨ ਸੁਚੇਤ ਕਰਦੇ ਹਨ ਕਿ "*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*" ਜਦੋਂ ਜੀਵ ਇਹ ਸਮਝਣ ਲੱਗ ਜਾਏ ਕਿ ਮੈਂ ਤਾਂ ਗੁਰੂ ਤੋਂ ਵੀ ਵੱਧ ਸਿਆਣਾ ਹਾਂ ਤਦ ਹੀ ਠੋਕਰਾਂ ਜੀਵਨ ਦਾ ਮਾਰਗ ਮੱਲ ਲੈਂਦੀਆਂ ਹਨ। ਸੋ ਬਾਬਾ ਪ੍ਰਿਥੀ ਚੰਦ ਨੇ ਕਿਹਾ ਕਿ ਮੇਰੇ ਤੋਂ ਬਿਨਾਂ ਕੰਮ ਨਹੀਂ ਚੱਲਣਾ। ਰਸਤੇ ਵਿੱਚ ਵੀ ਕਿੰਨੀ ਗਰਮੀ ਹੈ, ਕੌਣ ਸਹਾਰੇਗਾ? ਗੁਰੂ ਰਾਮਦਾਸ ਜੀ ਹੱਸ ਪਏ ਤੇ ਕਹਿਣ ਲੱਗੇ, ਬਿਲਕੁਲ ਠੀਕ ਕੀਤਾ। ਬਾਬਾ ਮਹਾਂਦੇਵ ਜੀ ਨੇ ਤਾਂ ਸਾਫ ਹੀ ਕਹਿ ਦਿੱਤਾ ਕਿ ਮੇਰਾ ਤਾਂ ਸੰਸਾਰਕ ਕੋਈ ਰਿਸ਼ਤੇਦਾਰ ਨਹੀਂ ਤੇ ਨਾ ਹੀ ਮੈਂ ਇਹੋ ਜਿਹੇ ਸੰਬੰਧ ਪਾਲਣਾ ਚਾਹੁੰਦਾ ਹਾਂ। ਵਾਰੀ ਸਭ ਤੋਂ ਛੋਟੇ ਸ੍ਰੀ ਅਰਜਣ ਜੀ 'ਤੇ ਆ ਗਈ ਜਿਨ੍ਹਾਂ ਦੇ ਮਨ ਵਿੱਚ ਗੁਰੂ ਰਾਮਦਾਸ ਜੀ ਪਿਤਾ ਨਹੀਂ ਬਲਕਿ ਹਲਤ ਪਲਤ ਦੇ ਸਤਿਗੁਰੂ ਸਮਰਥ ਰਾਖੇ ਹਨ। ਇਸ ਲਈ ਭਾਵਨਾ ਨਾਲ ਸੇਵਾ ਕਰਦੇ ਸਨ। ਸ੍ਰੀ ਅਰਜਨ ਜੀ ਨੇ ਹੁਕਮ ਮੰਨਦਿਆਂ ਕਿਹਾ, ਹੇ ਪਿਤਾ ਜੀ! ਜੋ ਤੁਹਾਡੀ ਆਗਿਆ ਵਿੱਚ ਪਰਮ ਸੁਖ ਹੈ, ਉਹ ਹੋਰ ਕਿਧਰੇ ਵੀ ਜੀਵ ਪ੍ਰਾਪਤ ਨਹੀਂ ਕਰ ਸਕਦਾ। ਸੋ ਆਗਿਆ ਦੇਵੋ ਮੈਂ ਤਿਆਰ ਹੋ ਕੇ ਜਾਵਾਂ। ਸ੍ਰੀ ਅਰਜਨ ਜੀ ਤਾਂ ਤਿਆਰੀ ਕਰਕੇ ਚਲੇ ਗਏ ਪਰ ਮਗਰੋਂ ਸੰਗਤਾਂ ਨੇ ਇਕ ਬਚਨ ਪੁੱਛਿਆ ਕਿ ਸਾਹਿਬ ਜੀ ਜਦੋਂ ਬਾਬਾ ਪ੍ਰਿਥੀਚੰਦ ਜੀ ਨੇ ਜਵਾਬ ਦਿੱਤਾ ਸੀ ਤਦ ਆਪ ਖੁਸ਼ ਕਿਉਂ ਹੋਏ ਸੀ, ਤਾਂ ਸਾਹਿਬ ਜੀ ਆਖਣ ਲੱਗੇ, ਬਾਬਾ

ਪ੍ਰਿਥੀ ਚੰਦ ਜੀ ਨੇ ਜਵਾਬ ਨਹੀਂ ਦਿੱਤਾ ਬਲਕਿ ਅੱਜ ਪਹਿਲੇ ਦਿਨ ਆਖਿਆ ਮੰਨਿਆ ਹੈ। ਠੀਕ ਹੀ ਤਾਂ ਕਹਿੰਦੇ ਹਨ। ਬਾਬਾ ਪ੍ਰਿਥੀ ਚੰਦ ਜੀ ਕਿ ਜਿਹੜਾ ਰਾਹਾਂ ਦੀ ਗਰਮੀ ਨਹੀਂ ਸਹਾਰ ਸਕਦਾ, ਉਹ ਮੰਜ਼ਿਲਾਂ ਦੀ ਤਪਸ਼ ਕਿਵੇਂ ਸਹਾਰੇਗਾ। ਇਕ ਵਾਰੀ ਪਹਿਲਾਂ ਵੀ ਗੁਰੂ ਰਾਮਦਾਸ ਜੀ ਨੇ ਸਪਸ਼ਟ ਕਰ ਦਿੱਤਾ ਸੀ ਪਰ ਹਰ ਕੋਈ ਸਮਝ ਨਹੀਂ ਪਾਉਂਦਾ। ਬਾਬਾ ਪ੍ਰਿਥੀ ਚੰਦ ਜੀ ਨੇ ਇਕ ਵਾਰੀ ਕਿਸੇ ਕੋਲ ਗੱਲ ਕੀਤੀ ਕਿ ਹਰ ਕੋਈ ਆਪਣੀ ਔਲਾਦ ਲਈ ਕੁਝ ਨਾ ਕੁਝ ਕਰਦੇ ਹਨ ਪਰ ਸਾਡਾ ਪਿਤਾ ਹੈ ਜਿਹਨਾਂ ਕੋਲ ਕਿਤਨਾ ਹੀ ਧਨ ਆਉਂਦਾ ਹੈ ਪਰ ਕਦੇ ਫਿਕਰ ਨਹੀਂ ਕਰਦੇ, ਜਿਵੇਂ ਆਉਂਦਾ ਹੈ, ਉਵੇਂ ਹੀ ਲੁਟਾਉਂਦੇ ਰਹਿੰਦੇ ਹਨ। ਗੁਰੂ ਰਾਮਦਾਸ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪ੍ਰਿਥੀ ਚੰਦ ਜੀ ਨੂੰ ਕੋਲ ਬੁਲਾ ਕੇ ਕਹਿਣ ਲੱਗੇ ਕਿ ਅੱਜ ਜਿਤਨੀ ਮਾਇਆ ਦਰਸ਼ਨ ਭੇਟ ਆਈ ਹੈ, ਇਸ ਨੂੰ ਗਿਣੋ। ਬਾਬਾ ਪ੍ਰਿਥੀ ਚੰਦ ਜੀ ਬੜੀ ਖੁਸ਼ੀ ਨਾਲ ਗਿਣਨ ਲੱਗ ਪਏ ਪਰ ਕੁਝ ਸਮੇਂ ਮਗਰੋਂ ਆਪਣੇ ਹੱਥ ਸਾਫ ਕਰ ਲਿਆ ਕਰਨ। ਗੁਰੂ ਰਾਮਦਾਸ ਜੀ ਨੇ ਕਿਹਾ, ਪੁੱਤਰ ਜੀ, ਵਾਰ ਵਾਰ ਹੱਥ ਕਿਉਂ ਸਾਫ ਕਰਦੇ ਹੋ ? ਬਾਬਾ ਜੀ ਕਹਿਣ ਲੱਗੇ, ਸਤਿਗੁਰੂ ਜੀ ! ਮਾਇਆ ਗਿਣਦਿਆਂ ਹੱਥ ਕਾਲੇ ਹੋ ਜਾਂਦੇ ਹਨ। ਸਾਹਿਬ ਜੀ ਹੱਸ ਕੇ ਕਹਿਣ ਲੱਗੇ ਕਿ ਭਾਈ ਜਿਸ ਮਾਇਆ ਨੂੰ ਗਿਣਦਿਆਂ ਹੱਥ ਕਾਲੇ ਹੋ ਜਾਂਦੇ ਹਨ ਤਦ ਇਹ ਸਦੀਆਂ ਦਾ ਪਹਿਲਾਂ ਹੀ ਕਾਲਾ ਹੋਇਆ ਮਨ ਤਾਂ ਸਗੋਂ ਹੋਰ ਵੀ ਕਾਲਾ ਹੋ ਜਾਵੇਗਾ। ਜਿਹੜਾ ਦਿਨ ਰਾਤ ਹੀ ਮਾਇਆ ਦੀ ਗਿਣਤੀ ਕਰਦਾ ਰਹਿੰਦਾ ਹੈ। ਮਾਲਕ ਦੇ ਘਰ ਤਾਂ ਉਹ ਹੀ ਮਨ ਕਬੂਲ ਪੈਂਦਾ ਹੈ ਜਿਹੜਾ ਉਜਲਾ ਹੋਵੇ।

ਸ੍ਰੀ ਅਰਜਨ ਜੀ ਲਹੌਰ ਚਲੇ ਗਏ। ਗੁਰੂ ਸਾਹਿਬ ਜੀ ਨੇ ਤੁਰਨ ਲੱਗਿਆਂ ਇਕ ਬਚਨ ਕਹਿ ਦਿੱਤਾ ਸੀ ਕਿ ਜਿਤਨਾ ਚਿਰ ਗੁਰੂ ਘਰ ਤੋਂ ਸੁਨੇਹਾ ਨਾ ਆਵੇ ਉਤਨਾ ਚਿਰ ਤੁਸੀਂ ਵਾਪਸ ਨਹੀਂ ਆਉਣਾ। ਸ਼ਾਦੀ ਦਾ ਸਾਰਾ ਕਾਰਜ ਹੋ ਗਿਆ ਪਰ ਗੁਰੂ ਚਰਣਾਂ ਵਿਚੋਂ ਸੁਨੇਹਾ ਨਾ ਗਿਆ। ਇੰਤਜ਼ਾਰ ਕੀਤੀ ਪਰ ਬਿਰਹੇ ਬੈਰਾਗੀ ਨੂੰ ਇੰਤਜ਼ਾਰ ਕਰਨੀ ਬਹੁਤ ਔਖੀ ਹੁੰਦੀ ਹੈ ਜਿਸ ਕਰਕੇ ਵਾਰੀ ਵਾਰੀ ਤਿੰਨ ਚਿੱਠੀਆਂ ਲਿਖੀਆਂ ਜਿਹੜੀਆਂ ਬਾਬਾ ਪ੍ਰਿਥੀ ਚੰਦ ਨੇ ਦੋ ਤਾਂ ਗੁਰੂ ਸਾਹਿਬ ਜੀ ਤਕ ਪਹੁੰਚਣ ਹੀ ਨਹੀਂ ਦਿੱਤੀਆਂ ਪਰ ਤੀਸਰੀ ਚਿੱਠੀ ਸ੍ਰੀ ਅਰਜਨ ਜੀ ਦੇ ਹਿਰਦੇ ਦੀ ਤੜਪ ਨੂੰ ਬਿਆਨ ਕਰ ਗਈ। ਸਤਿਗੁਰੂ ਗੁਰੂ ਰਾਮਦਾਸ ਜੀ ਨੇ ਸੁਨੇਹਾ ਭੇਜ ਕੇ ਵਾਪਸ ਬੁਲਾ ਲਿਆ। ਭਰੇ ਦਰਬਾਰ ਵਿੱਚ ਬਾਬਾ ਪ੍ਰਿਥੀਚੰਦ ਨੂੰ ਸਮਝਾਉਣ ਲਈ ਬਚਨ ਵੀ ਕੀਤੇ ਕਿ ਸ੍ਰੀ ਅਰਜਨ ਦੀਆਂ ਚਿਠੀਆਂ ਤੁਸੀਂ ਕਿਉਂ ਛੁਪਾਈਆਂ ? ਬਾਬਾ ਪ੍ਰਿਥੀਚੰਦ ਜੀ ਨੇ ਆਪਣੇ ਸੁਭਾਅ ਮੁਤਾਬਿਕ ਖਰਵੇ ਜਵਾਬ ਹੀ ਦਿੱਤੇ ਪਰ ਸਾਹਿਬ ਜੀ ਨੇ ਸਪਸ਼ਟ ਕਰ ਦਿੱਤਾ ਕਿ ਕੋਹਾਂ 'ਤੇ ਬੈਠਾ ਹੋਇਆ ਵੀ ਸ਼ਰਣ ਵਿੱਚ ਹੈ ਤੇ ਦੂਜਾ ਕੋਲ ਰਹਿਣ ਦੇ ਬਾਵਜੂਦ ਵੀ ਆਪਣੇ

ਮਨ ਦੀਆਂ ਚਾਲਾਕੀਆਂ ਤੇ ਬਈਮਾਨੀਆਂ ਕਰਕੇ ਬਹੁਤ ਦੂਰ ਹੈ। ਆਖਰ ਜਿਹੜੇ ਸ੍ਰੀ ਅਰਜਨ ਜੀ ਸੱਚੀ ਤੜਪ ਵਿੱਚ ਤੜਪਦੇ ਸਨ ਉਹੋ ਹੀ ਕਬੂਲ ਪਏ। ਸਤਿਗੁਰੂ ਗੁਰੂ ਰਾਮਦਾਸ ਜੀ ਨੇ ਕਿਰਪਾ ਕਰਕੇ ਤਖ਼ਤ ਜੋਤਿ ਤੇ ਜੁਗਤਿ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਬਖਸ਼ਿਸ਼ ਕਰ ਦਿੱਤੀ ਜਿਸ ਤੜਪ ਨੇ ਇਥੋਂ ਤਕ ਪਹੁੰਚਾਇਆ ਸੀ। ਮਗਰੋਂ ਗੁਰੂ ਅਰਜਨ ਸਾਹਿਬ ਜੀ ਨੇ ਉਸਦਾ ਜਿਕਰ ਵੀ ਕੀਤਾ ਹੈ, ਜਿਹੜਾ ਕਿ ਹਰ ਸਿੱਖ ਸਰਧਾਲੂ ਬੜੇ ਸਨੇਹ ਤੇ ਸ਼ਰਧਾ ਨਾਲ ਪੜ੍ਹਦਾ ਹੈ। *"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥"*

ਇਸੇ ਲਈ ਭੱਟਾਂ ਦੀ ਰਸਨਾ ਨੇ ਨਿਰੋਲ ਸੱਚ ਆਖਿਆ, ਜਿਹੜਾ ਸ਼ਰਣ ਵਿੱਚ ਆ ਗਿਆ ਉਹ ਤਰ ਗਿਆ ਅਤੇ ਕਲਿਜੁਗ ਜਹਾਜ਼ ਅਰਜਨ ਗੁਰੂ ਬਣ ਗਿਆ। ਦੂਜੇ ਪਾਸੇ ਬਾਬਾ ਪ੍ਰਿਥੀ ਚੰਦ ਜੀ ਦਾ ਸਤਿਕਾਰ ਇਸ ਕਰਕੇ ਤਾਂ ਹੈ ਕਿ ਇਹ ਗੁਰੂ ਰਾਮਦਾਸ ਮਹਾਰਾਜ ਜੀ ਦੇ ਪੁੱਤਰ ਹਨ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਭਰਾ ਹਨ ਪਰ ਉਨ੍ਹਾਂ ਦਾ ਆਪਣੇ ਕਿਸੇ ਕਰਮ ਕਰਕੇ ਕੋਈ ਸਤਿਕਾਰ ਨਹੀਂ *"ਇਕ ਅਰਦਾਸਿ ਭਾਟ ਕੀਰਤਿ ਕੀ...."*

ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਨਾਲ ਲੈ ਕੇ ਜਿਥੋਂ ਅਗੰਮੀ ਸਫ਼ਰ ਆਰੰਭਿਆ ਸੀ, ਉਸ ਗੋਇੰਦਵਾਲ ਸਾਹਿਬ ਆ ਗਏ। ਇਥੇ ਇਕ ਦਿਨ ਗੁਜਾਰਿਆ ਸੀ ਫਿਰ ਸਰੀਰਕ ਚੋਲਾ ਤਿਆਗ ਪ੍ਰਮੇਸ਼ਵਰ ਵਿੱਚ ਅਭੇਦ ਹੋ ਗਏ ਸਨ। ਬਾਬਾ ਪ੍ਰਿਥੀਚੰਦ ਜੀ ਦੇ ਹਿਰਦੇ ਦੀ ਤਪਸ਼ ਇਥੇ ਆ ਕੇ ਅੰਗਾਰ ਸੁੱਟਦੀ ਰਹੀ ਪਰ ਧਰਮੀ ਤੇ ਨਿਸਚੈ ਵਾਲੇ ਜਾਣਦੇ ਸਨ ਜਿਵੇਂ ਬਾਕੀ ਗੁਰੂਆਂ ਨੇ ਆਪਣੀ ਜੋਤਿ ਹਿਰਦੇ ਵਿੱਚ ਜਗਾ ਕੇ ਮੱਥਾ ਟੇਕਿਆ ਸੀ, ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਵੀ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਿਆਈ ਤਖ਼ਤ ਸੌਂਪ ਕੇ ਮੱਥਾ ਟੇਕਿਆ ਸੀ, ਬਾਬਾ ਬੁੱਢਾ ਜੀ ਨੇ ਫਿਰ ਤਖ਼ਤਨਸ਼ੀਂ ਕਰਵਾ ਦਿੱਤਾ ਸੀ।

ਗੁਰੂ ਰਾਮਦਾਸ ਜੀ ਮਹਾਰਾਜ ਨੇ ਸਰਬ ਸੰਸਾਰ ਨੂੰ ਅੱਜ ਵੀ ਸ਼ਰਣ ਵਿੱਚ ਰਹਿਣ ਦਾ ਅਗੰਮੀ ਸੁਨੇਹਾ ਆਪਣੀ ਪਵਿੱਤਰ ਬਾਣੀ ਵਿੱਚ ਦਿੱਤਾ। ਗੁਰੂ ਰਾਮਦਾਸ ਜੀ ਨੇ ਸ਼ਬਦ ੨੪੬ ਅਸ਼ਟਪਦੀਆਂ ੩੧, ਛੰਤ ੩੨, ਸਲੋਕ ੧੩੮ ਅਤੇ ਅੱਠ ਵਾਰਾਂ ਉਚਾਰ ਕੇ ਭੁੱਲੜ ਸੰਸਾਰ ਨੂੰ ਗੁਰਮਤਿ ਦਾ ਪਾਂਧੀ ਬਣਾਇਆ। ਲਾਵਾਂ ਵਰਗੀ ਪਵਿੱਤਰ ਦਾਤ ਜਿੰਦਗੀ ਦੇ ਖੁਸ਼ੀਆਂ ਖੇੜੇ ਪ੍ਰਦਾਨ ਕਰਦੀ ਹੈ। ਅੱਜ ਵੀ ਸ਼ਰਧਾ ਨਾਲ ਬਾਣੀ ਪੜ੍ਹਨ ਵਾਲੇ ਦਾ ਹਿਰਦਾ ਇਸ ਧੁਨੀ ਵਿੱਚ ਗੁਆਚ ਜਾਂਦਾ ਹੈ ਕਿ *"ਇਕ ਅਰਦਾਸਿ ਭਾਟ ..."* ਗੁਰੂ ਰਾਮਦਾਸ ਜੀ ਹੀ ਗੁਰੂ ਅਰਜਨ ਸਾਹਿਬ ਜੀ ਨੂੰ ਬਚਨ ਕਰ ਗਏ ਸਨ ਕਿ ਅੰਮ੍ਰਿਤਸਰ ਨੂੰ ਸਿਫਤੀ ਦਾ ਘਰ ਬਣਾਉਣ ਲਈ ਪਵਿੱਤਰ ਸਰੋਵਰ ਵਿੱਚ ਹਰਿਮੰਦਰ ਬਣਾ ਦੇਣਾ। ਗੁਰੂ ਅਰਜਨ ਸਾਹਿਬ

ਜੀ ਨੇ ਗੁਰੂ ਰਾਮਦਾਸ ਜੀ ਦੇ ਪਵਿੱਤਰ ਬਚਨਾਂ ਨੂੰ ਸਾਕਾਰ ਕਰ ਦਿੱਤਾ। ਗੁਰੂ ਸਾਹਿਬ ਜੀ ਕਿਰਪਾ ਕਰਨ ਤਾਂ ਕਿ ਹਰ ਜੀਵ ਦੀ ਅਰਦਾਸ ਬਣ ਜਾਵੇ ਕਿ ਔਗਣਾਂ ਨਾਲ ਭਰਿਆਂ ਦੀ ਥਾਂ ਤਾਂ ਸਤਿਗੁਰੂ ਰਾਮਦਾਸ ਜੀ ਮਹਾਰਾਜ ਜੀਉ ਆਪ ਜੀ ਦੇ ਹੀ ਚਰਨਾਂ ਵਿੱਚ ਹੈ। ਕਿਰਪਾ ਕਰਕੇ ਬਖ਼ਸ਼ ਲਵੋ ਜੀ।

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤਿ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥

ਗੁਰੂ ਅਰਜਨੁ ਸਚੁ ਸਿਰਜਣਹਾਰਾ

ਦੁਨੀਆਂ ਅੰਦਰ ਦੋ ਹੀ ਰਸਤੇ ਹਨ – ਇਕ ਮਇਆ ਦਾ ਤੇ ਦੂਜਾ ਮਾਇਆ ਦਾ। ਮਇਆ ਦਾ ਅਰਥ ਹੁੰਦਾ ਹੈ ਕਿਰਪਾ। ਕਿਰਪਾ ਪ੍ਰਾਪਤ ਕਰਕੇ ਜੀਵ "*ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥*" ਹੋ ਜਾਂਦਾ ਹੈ। ਮਾਇਆ ਦੇ ਰਾਹ ਦਾ ਰਾਹੀ ਰੱਬ ਤੇ ਗੁਰੂ ਤੋਂ ਦੂਰ ਚਲਾ ਜਾਂਦਾ ਹੈ ਕਿਉਂਕਿ "*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥*" ਵਿਛੜਿਆ ਹੋਇਆ ਵੀ ਗੁਰੂ ਦੁਆਰਾ ਮਿਲ ਸਕਦਾ ਹੈ ਪਰ ਮਾਇਆ ਗੁਰੂ ਕੋਲੋਂ ਵੀ ਇਤਨਾ ਦੂਰ ਕਰ ਦਿੰਦੀ ਹੈ ਕਿ ਨਾ ਤਾਂ ਕਦੇ ਫਿਰ ਜੀਵ ਨੂੰ ਗੁਰੂ ਦਾ ਉਪਦੇਸ਼ ਹੀ ਸੁਣਦਾ ਹੈ ਤੇ ਨਾ ਹੀ ਗੁਰੂ ਦੇ ਦੀਦਾਰ ਹੁੰਦੇ ਹਨ। "*ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*" ਅਸਲ ਵਿੱਚ ਮਾਇਆ ਦਾ ਕਾਰਜ ਖੇਤਰ ਹੀ ਇਹ ਹੈ ਕਿ "*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥*"

ਅਜਿਹਾ ਹੀ ਕੁਝ ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨਾਲ ਵਰਤਿਆ। ਮਾਇਆ ਦੇ ਪ੍ਰਭਾਵ ਨੇ ਨਿਤਾਪ੍ਰਤੀ ਗੁਰੂ ਗੋਦ ਵਿੱਚ ਬੈਠ ਕੇ ਕੀਰਤਨ ਕਰਨ ਵਾਲਿਆਂ ਨੂੰ ਉਠਾ ਕੇ ਆਪਣੇ ਮਗਰ ਲਾ ਲਿਆ। ਬਾਬਾ ਪ੍ਰਿਥੀਚੰਦ ਜੀ ਦੀ ਚੁੱਕ ਨੇ ਇਕ ਦਿਨ ਅਜਿਹਾ ਕੀਤਾ ਕਿ ਭਾਈ ਸੱਤਾ ਜੀ ਤੇ ਬਲਵੰਡ ਜੀ ਨਾਰਾਜ਼ ਹੋ ਕੇ ਆਪਣੇ ਘਰ ਚਲੇ ਗਏ। ਗੁਰੂ ਅਰਜਨ ਸਾਹਿਬ ਜੀ ਬਲਾਉਣ ਗਏ ਪਰ ਉਨ੍ਹਾਂ ਨੇ ਗੁਰੂ ਨਾਨਕ ਪਾਤਿਸ਼ਾਹ ਜੀ ਲਈ ਬੋਲ ਕਬੋਲ ਬੋਲੇ ਜਿਸ ਕਰਕੇ ਸਤਿਗੁਰੂ ਜੀ ਵਾਪਸ ਆ ਗਏ ਅਤੇ ਕਿਸੇ ਨੂੰ ਵੀ ਇਹਨਾਂ ਨੂੰ ਮੂੰਹ ਨਾ ਲਾਉਣ ਦਾ ਹੁਕਮ ਦੇ ਦਿੱਤਾ। ਮਾਇਆ ਆਪਣੀ ਉਂਗਲ ਜੀਵ ਨੂੰ ਪਕੜਾ ਕੇ ਇਕ ਦਿਨ ਪਾਪ ਦੇ ਰਾਹ ਪਾ ਦਿੰਦੀ ਹੈ ਤੇ ਪਾਪ ਪਛਤਾਵੇ ਤਕ ਪਹੁੰਚ ਜਾਂਦਾ ਹੈ। ਪਛਤਾਵੇ ਦੀ ਅੱਗ ਇਨ੍ਹਾਂ ਪਾਪਾਂ ਨੂੰ ਸਾੜਦੀ ਹੈ ਤਦ ਜੀਵ ਆਪੇ ਦੀ ਪਹਿਚਾਣ ਕਰਦਾ ਹੈ। ਇਸੇ ਤਰ੍ਹਾਂ ਪਛਤਾਵੇ ਦੀ ਅੱਗ ਵਿੱਚ ਸੜਦਿਆਂ ਨੂੰ ਭਾਈ ਲੱਧਾ ਜੀ ਪਰਉਕਾਰੀ ਨੇ ਫਿਰ ਗੁਰੂ ਚਰਣਾਂ ਨਾਲ ਜੋੜਿਆ।

ਗੁਰੂ ਚਰਣਾਂ ਨਾਲ ਮਿਲ ਕੇ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਆਪਣੀਆਂ ਅੱਖਾਂ ਉਪਰ ਪਏ ਉਸ ਮਾਇਆ ਅਤੇ ਹੰਕਾਰ ਦੇ ਪਰਦੇ ਨੂੰ ਉਤਾਰਿਆ। ਪਰਦਾ ਉਤਰਨ ਦੀ ਦੇਰ ਹੀ ਸੀ ਕਿ ਸੱਚ ਚਿੱਟੇ ਦਿਨ ਵਾਂਗ ਸਾਫ ਦਿਸ ਪਿਆ। ਅਜਿਹੀਆਂ ਅੱਖਾਂ ਨੇ ਫਿਰ ਜਦੋਂ ਸੱਚ ਵੇਖਿਆ ਤੇ ਪ੍ਰਗਟ ਕੀਤਾ ਤਦ ਪੰਚਮ ਗੁਰੂ ਦੇਵ ਜੀ ਨੇ ਹੀ ਸੱਚੀ-ਸੁੱਚੀ

ਅੱਖ ਦੀ ਦ੍ਰਿਸ਼ਟੀ ਹੋਰ ਭੁੱਲੜੇ ਸੰਸਾਰ ਨੂੰ ਵੀ ਬਖਸ਼ਣ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਕਤ "*ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ॥*" ਨਾਮ ਦੇ ਕੇ ਅੰਕਿਤ ਕਰ ਦਿੱਤੀ। ਗੁਰੂ ਜੀ ਕਿਰਪਾ ਕਰਨ ਸਾਨੂੰ ਵੀ ਅਜਿਹੀ ਦ੍ਰਿਸ਼ਟੀ ਨਸੀਬ ਹੋਵੇ ਜਿਸ ਨਾਲ "*ਸਿਫਤਿ ਸਲਾਹਣ ਛਡਿ ਕੈ ਕਰੰਗੀ ਲਗਾ ਹੰਸੁ ॥ ਮੁੜ ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥*" ਬਣ ਜਾਵੇ।

"*ਗੁਰੂ ਅਰਜਨੁ ਸਚੁ ਸਿਰਜਣਹਾਰਾ*"

ਗੁਰੂ ਅੰਗਦ ਸਾਹਿਬ ਜੀ ਨੇ ਬਾਬਾ ਅਮਰਦਾਸ ਜੀ ਨੂੰ ਹੁਕਮ ਕਰਕੇ ਗੋਇੰਦਵਾਲ ਸਾਹਿਬ ਵਸਾਇਆ, ਇਸੇ ਗੋਇੰਦਵਾਲ ਸਾਹਿਬ ਵਿਖੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਸਤਿਗੁਰੂ ਅਮਰਦਾਸ ਜੀ ਮਹਾਰਾਜ ਦਾ ਨਿਵਾਸ ਰਿਹਾ। ਇਸ ਗੋਇੰਦਵਾਲ ਸਾਹਿਬ ਦੀ ਤਰਜੀਹ ਭੱਟਾਂ ਨੇ 'ਗੋਇੰਦਵਾਲ ਗੋਬਿੰਦਪੁਰੀ ਸਮ' ਕਹਿ ਕੇ ਦਿੱਤੀ ਹੈ। ਇਥੇ ਹੀ ਦੋ ਰੰਗ ਰਤੜੀਆਂ ਰੂਹਾਂ ਦਾ ਮਿਲਾਪ ਹੋਇਆ। ਇਕ ਭਾਣੇ ਦੀ ਤਸਵੀਰ, ਦੂਜੀ ਸੇਵਾ ਸਿਮਰਨ ਦੀ ਮੂਰਤੀ, ਇਨ੍ਹਾਂ ਦੇ ਵਿਹੜੇ ਵਿੱਚ ਭਾਵੇਂ ਪ੍ਰਮੇਸ਼ਵਰ ਦੀ ਕਿਰਪਾ ਸਦਕਾ ਪਹਿਲਾਂ ਵੀ ਦੋ ਬਾਲੜੇ ਖੇਡਦੇ ਸਨ ਪਰ ਮਾਲਕ ਦੀ ਰਹਿਮਤ ਦਾ ਸਦਕਾ ਤੀਜੇ ਪੁੱਤਰ ਦਾ ਜਨਮ ਹੋਇਆ। ਜਿਸ ਕਰਕੇ ਇਨ੍ਹਾਂ ਦੀ ਮਹਾਨ ਕਮਾਈ ਵਿੱਚ ਹੋਰ ਵਾਧਾ ਹੋ ਗਿਆ। ਜਿਥੇ ਇਕ ਰੂਹ ਨੂੰ ਸੰਸਾਰ ਗੁਰੂ ਅਮਰਦਾਸ ਜੀ ਦੀ ਪੁੱਤਰੀ ਕਰਕੇ ਯਾਦ ਕਰਦਾ ਹੈ, ਉਥੇ ਹੁਣ ਸਤਿਗੁਰੂ ਅਰਜਨ ਸਾਹਿਬ ਜੀ ਦੀ ਜਣਨੀ ਜਾਣ ਕੇ ਵੀ ਸਤਿਕਾਰ ਕਰਦਾ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਦੀ ਮਹਾਨ ਘਾਲਣਾ ਨੂੰ ਜਗਤ ਨੇ ਨੇਤਰਾਂ 'ਤੇ ਵਸਾਇਆ ਹੋਇਆ ਹੈ ਪਰ ਇਸ ਗੱਲ ਦਾ ਵੀ ਇਤਿਹਾਸ ਨੂੰ ਮਾਣ ਹੈ ਕਿ ਸੱਚੇ ਸਿਰਜਣਹਾਰ ਸਤਿਗੁਰੂ ਅਰਜਨ ਸਾਹਿਬ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਸਨ। ਪ੍ਰਮੇਸ਼ਵਰ ਦੀ ਪ੍ਰਤੱਖ ਬਖਸ਼ਿਸ਼ ਦੇ ਪਾਤਰ ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਜਿਸ ਦਿਨ ਹੋਇਆ, ਉਸ ਸੁਭਾਗੇ ਦਿਨ ਨੂੰ ੧੫ ਅਪ੍ਰੈਲ ੧੫੬੩ ਈ: ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਸੱਚ ਦੀ ਕਦਰ ਕੇਵਲ ਸੱਚ ਹੀ ਕਰ ਸਕਦਾ ਹੈ। ਕੂੜ ਤਾਂ ਬਲਕਿ ਸੜ ਕੇ ਸੁਆਹ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਵੇਲੇ ਗੁਰਿਆਈ ਦੀ ਮਹਾਨ ਵੱਡਿਆਈ ਦਾ ਛਤਰ ਗੁਰੂ ਅਮਰ ਦਾਸ ਜੀ ਦੇ ਸੀਸ 'ਤੇ ਝੁਲਦਾ ਸੀ। ਨਾਨਾ ਹੋਣ ਕਰਕੇ ਪਿਆਰ ਤਾਂ ਤਿੰਨਾਂ ਹੀ ਦੋਹਤਿਆਂ ਨਾਲ ਸੀ ਪਰ ਸ੍ਰੀ ਅਰਜਨ ਜੀ ਦੇ ਹਿਰਦੇ ਦਾ ਸੱਚ ਪਹਿਚਾਣ ਕੇ ਗੁਰੂ ਅਮਰ ਦਾਸ ਜੀ ਨੇ ਕਈ ਵਾਰ ਐਸੀਆਂ ਅਸੀਸਾਂ ਦਿੱਤੀਆਂ ਜਿਹੜੀਆਂ ਕਿ ਹੂ-ਬ-ਹੂ ਸੱਚ ਹੋ ਨਿਬੜੀਆਂ। ਗੁਰੂ ਇਤਿਹਾਸ ਵਿਚੋਂ ਕੁਝ ਕੁ ਉਦਾਹਰਨਾਂ ਮਿਲਦੀਆਂ ਹਨ। ਕਹਿੰਦੇ

ੴ

ਹਨ ਇਕ ਵਾਰੀ ਸਤਿਗੁਰੂ ਅਮਰ ਦਾਸ ਜੀ ਪ੍ਰਸ਼ਾਦ ਛੱਕ ਰਹੇ ਸਨ, ਸ੍ਰੀ ਅਰਜਨ ਜੀ ਖੇਡਦੇ ਖੇਡਦੇ ਕੋਲ ਆ ਗਏ। ਗੁਰੂ ਅਮਰਦਾਸ ਜੀ ਨੇ ਇਕ ਗਿਰਾਹੀ ਤੋੜ ਕੇ ਦਿੱਤੀ। ਜਿਸ ਤਰ੍ਹਾਂ ਅੱਜ ਵੀ ਆਮ ਘਰਾਂ ਵਿੱਚ ਹੁੰਦਾ ਹੈ ਪਰ ਸ੍ਰੀ ਅਰਜਨ ਜੀ ਨੇ ਇਕ ਗਰਾਹੀ (ਬੁਰਕੀ) ਲੈਣ ਦੀ ਬਜਾਇ ਸਾਰਾ ਥਾਲ ਹੀ ਖਿਚ ਕੇ ਆਪਣੇ ਕੋਲ ਕਰ ਲਿਆ ਤਦ ਗੁਰੂ ਅਮਰ ਦਾਸ ਜੀ ਨੇ ਬਚਨ ਆਖੇ, ਠਹਿਰ ਉਏ ਥਾਲ ਦਿਆ ਮਾਲਕਾ, ਇਹ ਵਸਤੂ ਆਪਣੇ ਬਾਪ ਕੋਲੋਂ ਲਈ। ਇਤਨੇ ਸਮੇਂ ਵਿੱਚ ਬੀਬੀ ਭਾਨੀ ਜੀ ਆ ਗਏ ਤਦ ਉਨ੍ਹਾਂ ਸ੍ਰੀ ਅਰਜਨ ਜੀ ਨੂੰ ਚੁੱਕ ਲਿਆ। ਯਾਦ ਰੱਖਣ ਯੋਗ ਹੈ ਕਿ ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਵੀ ਨਿਕਲੇ ਸਨ ਕਿ "ਦੋਹਿਤਾ ਬਾਣੀ ਕਾ ਬੋਹਿਥਾ" ਇਕ ਵਾਰੀ ਫਿਰ ਅਜਿਹਾ ਹੀ ਵਰਤਿਆ। ਗੁਰੂ ਅਮਰ ਦਾਸ ਜੀ ਦੇ ਨਿਵਾਸ ਦਾ ਦਰਵਾਜ਼ਾ ਥੋੜ੍ਹਾ ਜਿਹਾ ਬੰਦ ਸੀ। ਸਤਿਗੁਰੂ ਜੀ ਸਿਮਰਨ ਬੰਦਗੀ ਵਿੱਚ ਜੁੜੇ ਸਨ। ਸ੍ਰੀ ਅਰਜਨ ਜੀ ਨੂੰ ਮਾਤਾ ਜੀ ਨੇ ਇਕ ਪੁਰਾਣੀਆਂ ਟਾਕੀਆਂ (ਲੀਰਾਂ) ਦੀ ਇਕ ਗੇਂਦ ਬਣਾ ਦਿੱਤੀ। ਇਸ ਗੇਂਦ ਨਾਲ ਖੇਡ ਰਹੇ ਸਨ ਕਿ ਅਚਾਨਕ ਗੇਂਦ ਅੱਗੇ-ਅੱਗੇ ਰਿੜ ਗਈ। ਸ੍ਰੀ ਅਰਜਨ ਜੀ ਪਕੜਨ ਪਰ ਗੇਂਦ ਹੋਰ ਅੱਗੇ ਰਿੜ ਜਾਵੇ। ਆਖਿਰ ਰਿੜਦਿਆਂ-ਰਿੜਦਿਆਂ ਗੇਂਦ ਗੁਰੂ ਅਮਰਦਾਸ ਜੀ ਦੇ ਨਿਵਾਸ ਕੋਲ ਜਿਹੜਾ ਥੋੜ੍ਹਾ ਜਿਹਾ ਦਰਵਾਜ਼ਾ ਖੁੱਲ੍ਹਾ ਸੀ, ਉਸ ਰਾਹੀਂ ਅੰਦਰ ਚਲਾ ਗਿਆ। ਮਗਰ ਹੀ ਸ੍ਰੀ ਅਰਜਨ ਜੀ ਆ ਗਏ। ਪਰ ਦਰਵਾਜ਼ਾ ਭਾਰੀ ਹੋਣ ਕਰਕੇ ਇਕ ਹੱਥ ਨਾਲ ਖੋਲ੍ਹਦੇ ਰਹੇ ਪਰ ਨਾ ਖੁਲ੍ਹਿਆ ਫਿਰ ਉਸੇ ਤਰ੍ਹਾਂ ਦੋਵੇਂ ਗੋਡੇ ਤੇ ਇਕ ਹੱਥ ਥੱਲੇ ਲਾ ਕੇ ਫਿਰ ਦੂਜੇ ਹੱਥ ਨਾਲ ਕੋਸ਼ਿਸ਼ ਕੀਤੀ ਪਰ ਫਿਰ ਵੀ ਨਾ ਖੁਲ੍ਹਿਆ ਕਿਉਂਕਿ ਸ੍ਰੀ ਅਰਜਨ ਜੀ ਹਾਲੇ ਰਿੜਦੇ ਹੀ ਸਨ। ਇਸ ਲਈ ਉਨ੍ਹਾਂ ਨੇ ਤੀਜੀ ਵਾਰੀ ਦੋਵੇਂ ਹੱਥ ਦੋਵੇਂ ਗੋਡੇ ਧਰਤੀ 'ਤੇ ਲਾ ਕੇ ਸਿਰ ਨਾਲ ਜ਼ੋਰ ਦੇ ਕੇ ਦਰਵਾਜ਼ਾ ਖੋਲ੍ਹ ਦਿੱਤਾ। ਗੁਰੂ ਅਮਰ ਦਾਸ ਜੀ ਇਹ ਸਭ ਕੁਝ ਦੇਖਣ ਲੱਗ ਪਏ ਸਨ ਜਦੋਂ ਦਰਵਾਜ਼ਾ ਖੁਲ੍ਹਿਆ ਤਦ ਜਲਦੀ ਨਾਲ ਚੁੱਕ ਕੇ ਛਾਤੀ ਨਾਲ ਲਾ ਲਿਆ ਅਤੇ ਬਹੁਤ ਪਿਆਰ ਕੀਤਾ। ਬੀਬੀ ਭਾਨੀ ਜੀ ਆਏ ਅਤੇ ਕਹਿਣ ਲੱਗੇ, ਸਤਿਗੁਰੂ ਜੀ ਮੁਆਫ ਕਰਨਾ, ਇਹ ਹੁਣ ਬਹੁਤ ਸ਼ਰਾਰਤੀ ਹੋ ਗਿਆ। ਗੁਰੂ ਅਮਰ ਦਾਸ ਜੀ ਨੇ ਕਿਹਾ ਕਿ ਬੱਚੀਏ ਇਹ ਸ਼ਰਾਰਤੀ ਨਹੀਂ, ਬਲਕਿ ਸਿਆਣਾ ਹੋ ਗਿਆ। ਅੱਜ ਤੇਰੇ ਪੁੱਤਰ ਨੇ ਧਰਮ ਦਾ ਦਰਵਾਜ਼ਾ ਸਿਰ ਨਾਲ ਖੋਲ੍ਹਿਆ ਹੈ। ਜਦ ਕਿ ਸੰਸਾਰ ਦੀ ਅਸਲੀਅਤ ਹੀ ਇਹੋ ਹੈ ਕਿ ਜੇ ਕਰ ਧਰਮ ਦਾ ਦਰਵਾਜ਼ਾ ਖੁੱਲ੍ਹਾ ਰੱਖਣਾ ਹੈ ਤਾਂ ਸਿਰ ਦੇਣੇ ਹੀ ਪੈਂਦੇ ਹਨ। ਇਸੇ ਲਈ ਤਾਂ ਭਾਈ ਗੁਰਦਾਸ ਜੀ ਨੇ ਕਿਹਾ ਕਿ *"ਗੁਰੂ ਅਰਜਣ ਸਚ ਸਿਰਜਣਹਾਰਾ ॥"*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੇਵਲ ਗੁਰੂ ਅਮਰਦਾਸ ਜੀ, ਬੀਬੀ ਭਾਨੀ ਜੀ ਤੇ ਗੁਰੂ

ਰਾਮਦਾਸ ਜੀ ਦੀ ਨਿੱਘੀ ਗੋਦ ਦਾ ਹੀ ਆਨੰਦ ਨਹੀਂ ਮਾਣਿਆਂ ਬਲਕਿ ਅਧਿਆਤਮਿਕ ਲੋਰੀਆਂ ਵੀ ਲਈਆਂ ਹਨ। ਸ੍ਰੀ ਅਰਜਨ ਨੇ ਵੱਡਿਆਂ ਤੋਂ ਸਬਕ ਲੈ ਲਿਆ ਸੀ। ਇਸ ਘਰ ਵਿੱਚ ਨਾਨੇ ਗੁਰੂ ਨੇ ਲੱਤਾਂ ਮਾਰਨ ਵਾਲਿਆਂ ਨੂੰ ਵੀ ਨਿਮਰਤਾ ਨਾਲ ਇਹ ਕਹਿ ਕੇ ਜਿੱਤ ਲਿਆ ਕਿ ਮੇਰੇ ਬੁੱਢੇ ਹੱਡਾਂ ਨਾਲ ਕਿਤੇ ਆਪ ਜੀ ਦੇ ਅੰਮ੍ਰਿਤ ਸਮਾਨ ਤੇ ਨਾਜ਼ਕ ਜਿਹੇ ਚਰਨਾਂ ਨੂੰ ਠੋਕਰ ਨਾ ਵੱਜੀ ਹੋਵੇ, ਲਿਆਉ ਮੈਂ ਘੁੱਟ ਦਿੰਦਾ ਹਾਂ। ਦੂਜੇ ਪਾਸੇ ਬਾਸਰਕੇ ਜਾਂ ਹੋਰ ਕਈ ਥਾਵਾਂ 'ਤੇ ਸਿਰ ਉਪਰ ਛਾਬੜੀ ਚੁੱਕ ਕੇ ਘੁੰਗਣੀਆਂ ਵੇਚਣ ਵਾਲੇ ਬਾਬੇ ਜੇਠੇ ਉਪਰ ਇਤਨੀ ਵੱਡੀ ਰਹਿਮਤ ਹੋਈ ਕਿ ਸੇਵਾ ਵਿੱਚ ਲੱਗ ਗਏ। ਫਿਰ ਇਸੇ ਹੀ ਸੇਵਾ ਸਦਕਾ ਬੀਬੀ ਭਾਨੀ ਜੀ ਵਰਗੇ ਜੀਵਨ ਸਾਥੀ ਹੀ ਨਹੀਂ ਮਿਲੇ ਬਲਕਿ ਛਾਬੜੀ ਦੀ ਥਾਂ ਸਿਰ ਉਪਰ ਛੱਤਰ ਝੁੱਲ ਗਿਆ ਸੀ। ਇਸ ਲਈ ਸ੍ਰੀ ਅਰਜਨ ਜੀ ਨੇ ਇਸ ਗੱਲ ਤੋਂ ਪੂਰਨ ਸੇਧ ਲੈ ਲਈ ਸੀ ਕਿ ਇਸ ਘਰ ਵਿੱਚ ਕੇਵਲ ਉਹੋ ਹੀ ਕਬੂਲ ਪੈਂਦਾ ਹੈ ਜਿਸ ਦੇ ਹਿਰਦੇ ਦਾ ਸ਼ਿੰਗਾਰ-ਸੇਵਾ, ਸਿਰਮਨ, ਨਿਮਰਤਾ ਤੇ ਭਾਣਾ ਮੰਨਣਾ। ਇਸ ਲਈ ਹਰ ਵਕਤ ਸੇਵਾ ਕਮਾ ਕੇ ਭਾਣੇ ਵਿੱਚ ਰਹਿਣ ਦਾ ਅਭਿਆਸ ਕਰਦੇ ਸਨ।

ਧੰਨ ਸ੍ਰੀ ਅਰਜਨ ਜੀ ਨੇ ਨਾਨੇ ਗੁਰੂ ਦੇ ਵਿਹੜੇ ਵਿੱਚ ਖੇਡਦਿਆਂ, ਬਖਸ਼ਿਸ਼ਾਂ ਪ੍ਰਾਪਤ ਕਰਦਿਆਂ ਗਿਆਰ੍ਹਾਂ ਸਾਲ ਬਿਤਾਏ ਸਨ ਕਿ ਮਾਪੇ ਆਪਣੇ ਫਰਜ਼ਾਂ ਦੀ ਪੂਰਤੀ ਲਈ ਸੋਚਣ ਲੱਗੇ। ਭਾਈ ਕਿਸ਼ਨ ਚੰਦ ਜੀ ਦੀ ਸੁਭਾਗੀ ਲੜਕੀ ਬੀਬੀ ਗੰਗਾ ਜੀ ਦੇ ਨਾਲ ਸ੍ਰੀ ਅਰਜਨ ਦੇਵ ਜੀ ਦੀ ਸ਼ਾਦੀ ਤਹਿ ਕਰ ਦਿੱਤੀ। ਸਧਰਾਂ ਤੇ ਪਿਆਰਾਂ ਨਾਲ ਬਾਰਾਤ ਆਂਗਨ (ਵਿਹੜੇ) ਆਈ ਤਦ ਇਕ ਅਜਿਹਾ ਪ੍ਰਭਾਵ ਦੇਖ ਕੇ ਨਗਰ ਦੇ ਲੋਕਾਂ ਨੇ ਸਲਾਹ ਕੀਤੀ ਕਿ ਇਨ੍ਹਾਂ ਨੂੰ ਕਿਸੇ ਤਰ੍ਹਾਂ ਇਵੇਂ ਹੀ ਮੋੜ ਦਈਏ, ਹੋ ਸਕਦਾ ਹੈ, ਕੁਝ ਗੁਰੂ ਘਰ ਦੇ ਦੋਖੀਆਂ ਦਾ ਵੀ ਹੱਥ ਹੋਵੇ। ਸ੍ਰੀ ਅਰਜਨ ਜੀ ਅੱਗੇ ਸ਼ਰਤ ਰੱਖ ਦਿੱਤੀ ਕਿ ਸਭ ਤੋਂ ਪਹਿਲਾਂ ਲਾੜਾ ਇਕ ਕਿੱਲਾ ਪੁੱਟੇ। ਤਦ ਬਾਕੀ ਰਸਮਾਂ ਹੋਣਗੀਆਂ। ਸ੍ਰੀ ਅਰਜਨ ਜੀ ਨੇ ਪ੍ਰਵਾਨ ਕੀਤਾ ਪਰ ਨਗਰ ਦੇ ਲੋਕਾਂ ਨੇ ਇਕ ਭਾਰੀ ਜੰਡ ਨੂੰ ਉਪਰੋਂ ਕੱਟ ਕੇ ਕਿੱਲੇ ਦੀ ਸ਼ਕਲ ਵਿੱਚ ਬਣਾ ਦਿੱਤਾ। ਚੋਜੀ ਪ੍ਰੀਤਮ ਨੇ ਘੋੜੇ ਉਪਰ ਸਵਾਰ ਹੋ ਕੇ ਨੇਜ਼ੇ ਦੇ ਨਾਲ ਉਹ ਕਿੱਲਾ ਵੀ ਪੁੱਟ ਦਿੱਤਾ ਜਿਸ ਕਰਕੇ ਨਗਰ ਵਾਲਿਆਂ ਨੂੰ ਆਪਣਾ ਬਚਨ ਨਿਭਾਉਣਾ ਪਿਆ। ਆਖਰ ਮਉ ਪਿੰਡ ਤੋਂ ਜਨਮੀ ਸ੍ਰੀ ਗੰਗਾ ਜੀ ਨੂੰ ਸ੍ਰੀ ਅਰਜਨ ਜੀ ਦੇ ਮਹਿਲ ਹੋਣ ਦਾ ਮਾਣ ਪ੍ਰਾਪਤ ਹੋਇਆ। ਇਹ ਗੱਲ ਯਾਦ ਰੱਖਣ ਯੋਗ ਹੈ ਕਿ ਅਰਜਨ ਜੀ ਸ਼ਸਤਰ ਵਿਦਿਆ ਵਿੱਚ ਵੀ ਨਿਪੁੰਨ ਸਨ।

ਗੁਰੂ ਅਮਰ ਦਾਸ ਜੀ ਮਹਾਰਾਜ ਦੀ ਬਖਸ਼ਿਸ਼ ਦਾ ਸਦਕਾ ਬਾਬਾ ਜੇਠਾ ਜੀ ਜਦੋਂ ਪਰਖ

ਵਿੱਚ ਪੂਰੇ ਉੱਤਰੇ ਤਦ ਸਿਰ ਤੋਂ ਸੇਵਾ ਦਾ ਟੋਕਰਾ ਲਾਹ ਕੇ ਜ਼ਿੰਮੇਵਾਰੀ ਤੇ ਗੁਰਿਆਈ ਦਾ ਛੱਤਰ ਰੱਖ ਦਿੱਤਾ। ਹਰ ਪੁਰਖ ਪ੍ਰਾਣੀ ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ ਕਹਿ ਉਠਿਆ ਸੀ। ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਨੇ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਉਪਰੰਤ ਇਹ ਰਾਜ ਜੋਗ ਤਖ਼ਤ ਅੱਗੇ ਬਖਸ਼ਿਸ਼ ਕਰਨਾ ਸੀ। ਇਸ ਲਈ ਉਨ੍ਹਾਂ ਦੀ ਵੀ ਪਾਰਖੂ ਦ੍ਰਿਸ਼ਟੀ ਇਹ ਸਭ ਕੁਝ ਭਾਲਨ ਲੱਗ ਪਈ ਸੀ। ਸਾਰੀਆਂ ਸਿੱਖ ਸੰਗਤਾਂ ਸਮੇਤ ਦ੍ਰਿਸ਼ਟੀ ਪੁੱਤਰਾਂ ਉਪਰ ਵੀ ਪਈ। ਦਾਵੇਦਾਰ ਬਹੁਤ ਸਨ ਪਰ ਦ੍ਰਿਸ਼ਟੀ ਵਿਚ ਪੂਰਾ ਉਤਰਨ ਵਾਲਾ ਨਜ਼ਰ ਨਾ ਆਇਆ। ਬਾਬਾ ਪ੍ਰਿਥੀਚੰਦ ਜੀ ਦਾ ਸੁਭਾਅ ਕੁਝ ਮਾਇਆ ਦੀ ਪਕੜ, ਦੁਨਿਆਵੀ ਦਿਖਾਵਾ, ਹੰਕਾਰ ਅਤੇ ਝਗੜਾਲੂ ਜਿਹਾ ਸੀ। ਜਿਸ ਕਰਕੇ ਨਜ਼ਰ ਦੇ ਤਰਾਜੂ ਵਿੱਚ ਪੂਰੇ ਨਹੀਂ ਉਤਰ ਰਹੇ ਸਨ। ਬਾਬਾ ਮਹਾਂਦੇਵ ਵੈਸੇ ਹੀ ਵ੍ਰਿਕਤ ਸੁਭਾਅ ਦੇ ਸਨ। ਅਕਸਰ ਸਿਆਣੇ ਲੋਕ ਐਸਾ ਕਿਹਾ ਕਰਦੇ ਹਨ ਕਿ ਤੰਤੀ ਸਾਜ ਵਿੱਚ ਰਾਗ ਛੁਪਿਆ ਪਿਆ ਹੁੰਦਾ ਹੈ। ਇਸ ਸੁਰ ਦਾ ਜਨਮ ਉਦੋ ਹੀ ਹੁੰਦਾ ਹੈ ਜਦੋਂ ਤਾਰਾਂ ਨਾ ਤਾਂ ਬਹੁਤ ਢਿੱਲੀਆਂ ਹੀ ਹੋਣ ਜਾਂ ਫਿਰ ਨਾ ਹੀ ਬਹੁਤੀਆਂ ਕੱਸੀਆਂ ਹੋਈਆਂ ਹੋਣ। ਦਰਮਿਆਨੀ ਅਵਸਥਾ ਹੀ ਪ੍ਰਵਾਨੀ ਜਾਂਦੀ ਹੈ। ਬਾਬਾ ਪ੍ਰਿਥੀਚੰਦ ਜੀ ਦੇ ਜੀਵਨ ਦੀਆਂ ਤਾਰਾਂ ਬਹੁਤ ਢਿੱਲੀਆਂ ਸਨ। ਬਾਬਾ ਮਹਾਂਦੇਵ ਜੀ ਨੇ ਇਤਨੀਆਂ ਕਸ ਲਈਆਂ ਕਿ ਸੰਸਾਰਕ ਸੰਬੰਧ ਹੀ ਖਤਮ ਕਰ ਦਿੱਤਾ। ਬਸ ਸ੍ਰੀ ਅਰਜਨ ਜੀ ਸਨ ਜਿਨ੍ਹਾਂ ਨੇ "ਜਨਮਤ ਗੁਰਮਤਿ ਬ੍ਰਹਮੁ ਪਛਾਣ" ਕੇ ਆਪਣਾ ਜੀਵਨ ਨਾ ਨਿਰਾ ਸੰਸਾਰੀ ਤੇ ਨਾ ਹੀ ਸੰਸਾਰ ਤੋਂ ਨਿਰਾ ਵਿਰਕਤ ਹੀ ਰੱਖਿਆ ਸੀ। ਗੁਰੂ ਰਾਮਦਾਸ ਜੀ ਨੇ ਫਿਰ ਵੀ ਚੱਲੀ ਆ ਰਹੀ ਮਰਯਾਦਾ ਮੁਤਾਬਿਕ ਪਰੀਖਿਆ ਦਾ ਪਰਚਾ ਤਿੰਨਾਂ ਅੱਗੇ ਰੱਖਿਆ। ਇਤਿਹਾਸ ਆਖਦਾ ਹੈ ਕਿ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਤਾਏ ਦੇ ਪੁੱਤਰ ਭਾਈ ਸਿਹਾਰੀ ਮਲ ਜੀ ਨੇ ਆਪਣੇ ਪੁੱਤਰ ਦੀ ਸ਼ਾਦੀ ਤਹਿ ਕਰਕੇ ਗੁਰੂ ਰਾਮਦਾਸ ਜੀ ਨੂੰ ਅਦਬ ਸਤਿਕਾਰ ਨਾਲ ਸੱਦਾ ਪੱਤਰ ਦੇਣ ਆਏ ਸਨ। ਗੁਰੂ ਸਾਹਿਬ ਜੀ ਨੇ ਭਾਈ ਸਿਹਾਰੀ ਮਲ ਜੀ ਨੂੰ ਸ਼ਾਦੀ ਵੇਲੇ, ਮੇਰੇ ਜਾਣ ਨਾਲ ਆਉਣ ਵਾਲੀਆਂ ਸਾਰੀਆਂ ਵੀਚਾਰਾਂ (ਸੰਗਤਾਂ ਦੀ ਸੇਵਾ ਸੰਭਾਲ ਚੰਗੀ ਤਰ੍ਹਾਂ ਨਹੀਂ ਹੋ ਸਕਦੀ), ਸਮਝਾਈਆਂ। ਤਦ ਭਾਈ ਸਿਹਾਰੀ ਮੱਲ ਜੀ ਨੇ ਬੇਨਤੀ ਕੀਤੀ ਕਿ ਕਿਸੇ ਵੀ ਪੁੱਤਰ ਨੂੰ ਹੀ ਭੇਜ ਦਿਉ। ਗੁਰੂ ਰਾਮਦਾਸ ਜੀ ਮਹਾਰਾਜ ਨੇ ਤਿੰਨੇ ਪੁੱਤਰ ਸੱਦ ਲਏ। ਪਹਿਲਾਂ ਪ੍ਰਿਥੀ ਚੰਦ ਜੀ ਨੂੰ ਆਖਿਆ ਪਰ ਬਾਬਾ ਪ੍ਰਿਥੀ ਚੰਦ ਜੀ ਨੇ ਕਿਹਾ ਕਿ ਮਹਾਰਾਜ ਮੇਰੇ ਤੋਂ ਬਗੈਰ ਗੁਰੂ ਘਰ ਦੇ ਲੈਣ ਦੇਣ ਦਾ ਕੰਮ ਸਾਰਾ ਰੁਕ ਜਾਵੇਗਾ। ਮੈਂ ਤਾਂ ਇਥੇ ਹੀ ਠੀਕ ਹਾਂ, ਵਿਆਹ ਸ਼ਾਦੀਆਂ ਵਿੱਚ ਤਾਂ ਬਹੁਤ ਖੇਚਲਾਂ ਹੁੰਦੀਆਂ ਹਨ। ਰਾਹ ਵਿੱਚ ਗਰਮੀ, ਉਥੋਂ ਦਾ ਰਹਿਣ ਸਹਿਣ, ਰੌਲਾ ਰੱਪਾ ਇਤਿਆਦਿਕ ਮੇਰੇ ਕੋਲੋਂ

ਸਹਾਰਿਆ ਨਹੀਂ ਜਾਣਾ। ਕਿਰਪਾ ਕਰਕੇ ਇਥੇ ਹੀ ਰੱਖ ਲਵੋ। ਬਾਬਾ ਮਹਾਂਦੇਵ ਜੀ ਨੇ ਸਿੱਧਾ ਹੀ ਆਖ ਦਿੱਤਾ ਕਿ ਮੇਰਾ ਅਜਿਹੇ ਕਾਰਜਾਂ ਨਾਲ ਕੋਈ ਵਾਸਤਾ ਨਹੀਂ। ਵਾਰੀ ਸ੍ਰੀ ਅਰਜਨ ਜੀ ਦੀ ਆਈ। ਇਨ੍ਹਾਂ ਜਨਮ ਤੋਂ ਹੀ ਗੁਰਮਤਿ ਦੀ ਪਛਾਣ ਕਰ ਲੈਣ ਕਾਰਨ, ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਇਥੇ ਪ੍ਰਵਾਨ ਕੇਵਲ ਸਚਿਆਰ ਹੋ ਸਕਦਾ ਹੈ ਪਰ ਸਚਿਆਰ ਕੇਵਲ ਤੇ ਕੇਵਲ ਹੁਕਮ ਰਜਾਈ ਟੁਰ ਕੇ ਹੀ ਬਣਿਆ ਜਾ ਸਕਦਾ ਹੈ। ਇਸ ਲਈ ਅਦਬ ਸਤਿਕਾਰ ਨਾਲ ਪਿਤਾ ਜੀ ਦਾ ਹੁਕਮ ਮੰਨ ਲਿਆ। ਲਾਹੌਰ ਜਾਣ ਦੀ ਤਿਆਰੀ ਕਰ ਲਈ। ਇਹ ਵੀ ਚੇਤੇ ਰੱਖਣ ਯੋਗ ਹੈ ਕਿ ਲਾਹੌਰ ਜਾਣਾ ਇਤਨਾ ਔਖਾ ਨਹੀਂ ਸੀ ਜਿਤਨਾ ਇਹ ਬਚਨ ਨਿਭਾਉਣਾ ਔਖਾ ਸੀ ਕਿ ਜਿਤਨਾ ਚਿਰ ਗੁਰੂ ਘਰ ਵਲੋਂ ਕੋਈ ਸੁਨੇਹਾ ਨਹੀ ਜਾਂਦਾ ਓਨਾ ਚਿਰ ਨਹੀਂ ਆਉਣਾ। ਇਹ ਹੀ ਅਸਲ ਪਰੀਖਿਆ ਸੀ। ਇਹ ਸੱਚ ਸਿਰਜਣਹਾਰਾ ਹੀ ਨਿਭਾ ਸਕਦਾ ਸੀ।

ਸ੍ਰੀ ਅਰਜਨ ਜੀ ਤਿਆਰੀ ਕਰਕੇ ਲਾਹੌਰ ਚਲੇ ਗਏ। ਕਾਫੀ ਸਮਾਂ ਲੰਘ ਗਿਆ ਪਰ ਕੋਈ ਸੱਦਾ ਨਹੀਂ ਆਇਆ। ਇਕ ਚਿੱਠੀ ਲਿਖ ਭੇਜੀ ਪਰ ਉਹ ਗੁਰੂ ਜੀ ਦੇ ਕੋਲ ਬਾਬਾ ਪ੍ਰਿਥੀ ਚੰਦ ਨੇ ਨਾ ਜਾਣ ਦਿੱਤੀ ਕਿਉਂਕਿ ਬਾਬਾ ਪ੍ਰਿਥੀ ਚੰਦ ਸੋਚਦੇ ਸਨ ਕਿ ਮੈਂ ਗੁਰੂ ਜੀ ਦੇ ਨੇੜੇ ਰਹਿ ਕੇ ਜ਼ਿਆਦਾ ਚਹੇਤਾ ਬਣ ਸਕਦਾ ਹਾਂ। ਦਿਲ ਦੇ ਦਰਦ ਨੇ ਮਜਬੂਰ ਕੀਤਾ। ਦੂਜੀ ਵਾਰੀ ਫਿਰ ਵੇਦਨਾ ਕਾਗਜ਼ ਦੀ ਹਿੱਕ 'ਤੇ ਲਿਖ ਕੇ ਭੇਜੀ ਪਰ ਚਿੱਠੀ ਇਹ ਵੀ ਨਾ ਪਹੁੰਚਣ ਦਿੱਤੀ। ਤੀਜੀ ਵਾਰੀ ਅੰਦਰ ਦੀ ਹੂਕ ਨੂੰ ਅੱਖਰਾਂ ਦਾ ਜਾਮਾ ਪਹਿਨਾ ਕੇ, ਸੇਵਕ ਨੂੰ ਤਾਕੀਦ ਕਰ ਭੇਜਿਆ ਕਿ ਇਹ ਚਿੱਠੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਮੁਬਾਰਿਕ ਦਸਤ ਵਿੱਚ ਹੀ ਦੇਣਾ। ਗੁਰੂ ਰਾਮਦਾਸ ਜੀ ਕੋਲ ਚਿੱਠੀ ਪਹੁੰਚੀ, ਪੜ੍ਹ ਕੇ ਅਦਬ ਨਾਲ ਸ੍ਰੀ ਅਰਜਨ ਜੀ ਨੂੰ ਬੁਲਾ ਲਿਆ। ਬਾਕੀ ਚਿੱਠੀਆਂ ਛਪਾਉਣ ਬਾਰੇ ਪੁੱਛਿਆ ਤਾਂ ਬਾਬਾ ਪ੍ਰਿਥੀ ਚੰਦ ਜੀ ਦਾ ਕਪਟ ਵੀ ਉੱਘੜ ਗਿਆ। ਸ੍ਰੀ ਅਰਜਨ ਜੀ ਗੁਰੂ ਅਮਰ ਦਾਸ ਜੀ ਦੀ ਥਾਪੀ ਦਾ ਸਦਕਾ ਇਸ ਪਰੀਖਿਆ ਵਿੱਚ ਪੂਰੇ ਉਤਰੇ ਸਨ। ਇਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਕਿਰਪਾ ਕੀਤੀ। ਰਾਜ ਜੋਗ ਤਖ਼ਤ ਗੁਰੂ ਅਰਜਨ ਸਾਹਿਬ ਨੂੰ ਬਖਸ਼ਿਸ਼ ਕਰ ਦਿੱਤਾ। ਭੱਟਾਂ ਦੀ ਜ਼ਬਾਨੀ ਬਹੁਤ ਸੁੰਦਰ ਬਿਆਨ ਕੀਤਾ ਹੈ ਕਿ

ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ ॥
ਫੁਨਿ ਬੇਦ ਬਿਰੰਚਿ ਬੀਚਾਰਿ ਰਹਿਓ ਹਰਿ ਜਾਪੁ ਨ ਛਾਡ੍ਯਿਉ ਏਕ ਘਰੀ ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥

ਗੁਰੂ ਨਾਨਕ ਸਾਹਿਬ ਜੀ ਤੋਂ ਆਰੰਭੇ ਇਸ ਸੱਚ ਦੇ ਸਿਧਾਂਤ ਨੂੰ ਗੁਰੂ ਰਾਮਦਾਸ ਜੀ ਮਹਾਰਾਜ ਕੂੜ ਦੇ ਹੱਥ ਕਿਵੇਂ ਦੇ ਸਕਦੇ ਸਨ। ਇਸ ਦਾ ਮਾਲਕ ਤਾਂ ਉਹੋ ਹੀ ਹੋ ਸਕਦਾ ਸੀ ਜਿਸ ਬਾਰੇ ਭਾਈ ਗੁਰਦਾਸ ਜੀ ਦੀ ਸੱਚੀ ਰਸਨਾ ਕਹਿ ਰਹੀ ਹੈ ਕਿ "*ਗੁਰੂ ਅਰਜਨੁ ਸਚੁ ਸਿਰਜਣਹਾਰਾ.......*"

ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਸੱਚ ਸਿਰਜਣਹਾਰ ਹੋਣ ਦੀ ਕਿਤਨੀ ਪ੍ਰਤੱਖ ਉਦਾਹਰਣ ਮਿਲਦੀ ਹੈ ਕਿ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਨੇ ਆਪਣੀ ਕਾਂਇਆਂ ਦਾ ਤਿਆਗਣ ਦਾ ਸਮਾਂ ਨੇੜੇ ਜਾਣ ਕੇ ਆਪ ਜੀ ਗੋਇੰਦਵਾਲ ਸਾਹਿਬ ਵਿਖੇ ਚੱਲੇ ਗਏ ਜਿਥੇ ਦੋ ਦਿਨ ਰਹਿ ਕੇ ਸਾਹਿਬ ਜੀ ਜੋਤੀ ਜੋਤ ਸਮਾ ਗਏ। ਬਾਬਾ ਪ੍ਰਿਥੀ ਚੰਦ ਜੀ ਨੇ ਕਈ ਤਰ੍ਹਾਂ ਦੇ ਦੋਸ਼ ਵੀ ਲਾਏ ਪਰ ਸਹਿਨਸ਼ੀਲਤਾ ਦੇ ਘਰ ਨੇ ਕੋਈ ਚੰਗਾ ਮਾੜਾ ਸ਼ਬਦ ਨਹੀਂ ਆਖਿਆ। ਇਥੋਂ ਤਕ ਕਿ ਇਕ ਗਿਆਰ੍ਹਾਂ ਭੱਟਾਂ ਦਾ ਟੋਲਾ ਰੱਬ ਦੇ ਘਰ ਦੀ ਸੋਝ ਪ੍ਰਾਪਤ ਕਰਨ ਵਾਸਤੇ ਅਨੇਕਾਂ ਥਾਵਾਂ 'ਤੇ ਭਟਕਦੇ ਫਿਰਦੇ ਸਨ। ਭੱਟ ਭਿਖਾ ਜੀ ਦੀ ਆਪਣੀ ਜ਼ੁਬਾਨੀ ਗਵਾਹੀ ਹੈ ਕਿ "*ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥ ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥ ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥*" ਕਿਧਰੋਂ ਵੀ ਉਹ ਸਕੂਨ ਨਾ ਮਿਲਿਆ। ਇਸੇ ਭਟਕਣਾ ਦੁਆਰਾ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਦੀਦਾਰਾਂ ਦੀ ਕੰਨੀਂ ਪਈ ਦੀਦਾਰਾਂ ਦੀ ਖਿੱਚ ਗੋਇੰਦਵਾਲ ਸਾਹਿਬ ਲੈ ਆਈ। ਇਧਰ ਅਚਾਨਕ ਗੁਰਗੱਦੀ ਦੀ ਰਸਮ ਕਰਨੀ ਸੀ। ਬਾਬਾ ਪ੍ਰਿਥੀ ਚੰਦ ਜੀ ਬਹੁਤ ਖਰੂਦ ਮਚਾ ਰਹੇ ਸਨ। ਪਰ ਗੁਰੂ ਅਰਜਨ ਸਾਹਿਬ ਜੀ ਅਡੋਲ ਰਹੇ। ਇਥੇ ਹੀ ਬਸ ਨਹੀਂ, ਬਾਬਾ ਪ੍ਰਿਥੀ ਚੰਦ ਨੇ ਤਾਂ ਦਸਤਾਰ 'ਤੇ ਵੀ ਆਪਣਾ ਅਧਿਕਾਰ ਦੱਸ ਕੇ ਖੋਹਣ ਤਕ ਕੋਸ਼ਿਸ਼ ਕੀਤੀ। ਪਰ ਸੱਚ ਦੇ ਸਿਰਜਣਹਾਰੇ ਨੇ ਆਪ ਹੀ ਕਹਿ ਦਿੱਤਾ ਕਿ ਦਸਤਾਰ ਬਾਬਾ ਪ੍ਰਿਥੀ ਚੰਦ ਜੀ ਨੂੰ ਹੀ ਦੇ ਦਿਉ। ਇਤਨੀ ਅਡੋਲਤਾ ਅਤੇ ਸੱਚ ਦੀ ਪ੍ਰਤੱਖ ਮਿਸਾਲ ਤੱਕ ਕੇ ਕਰਨੀ, ਕਥਨੀ, ਇਕ ਜਾਣ ਕੇ ਸਾਰੇ ਭੱਟਾਂ ਦੀ ਜ਼ੁਬਾਨ ਇਕ ਹੋ ਬੋਲ ਉਠੀ ਕਿ "*ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥ ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥* ਜਾਂ "*ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥*" ਕਹਿ ਦਿੱਤਾ ਸੀ। ਗੱਲਾਂ ਹੋਰ ਧਿਆਨ ਮੰਗਦੀਆਂ ਹਨ ਕਿ ਭੱਟ ਇਕ ਤਾਂ ਗੁਰੂ ਕੁਲ ਵਿਚੋਂ ਜਾਂ ਸ਼ਰਧਾਲੂ ਸਿੱਖਾਂ ਵਿਚੋਂ ਨਹੀਂ, ਦੂਜੀ ਗੱਲ ਜਿਨ੍ਹਾਂ ਨੇ ਕਈ ਥਾਵਾਂ 'ਤੇ ਭਟਕ ਭਟਕ ਕੇ ਸੱਚ ਦੀ ਤਲਾਸ਼ ਕੀਤੀ ਸੀ, ਉਨ੍ਹਾਂ ਦੀ ਪਾਰਖੂ ਅੱਖ ਐਵੇਂ ਹੀ ਕਿਸੇ 'ਤੇ ਵਿਸ਼ਵਾਸ ਨਹੀਂ ਕਰ ਸਕਦੀ ਬਲਕਿ ਸੱਚ ਨੂੰ ਹੀ ਸੱਚ ਕਹਿ ਸਕਦੀ ਸੀ। ਜਿਸ ਕਰਕੇ

ਭੱਟਾਂ ਦੇ ਹਿਰਦਿਆਂ 'ਤੇ ਉੱਕਰੇ ਬਚਨ "*ਗੁਰੂ ਅਰਜਨੁ ਸਚੁ ਸਿਰਜਣਹਾਰਾ*" ਦੀ ਪ੍ਰਤੱਖ ਮਿਸਾਲ ਹਨ।

ਬਾਬਾ ਬੁੱਢਾ ਜੀ ਨੇ ਗੁਰਿਆਈ ਤਿਲਕ ਆਦਿਕ ਦੇ ਕੇ ਸੰਸਾਰ ਸਾਹਮਣੇ ਪੰਜਵੇਂ ਪਾਤਿਸ਼ਾਹ ਦੇ ਸੀਸ 'ਤੇ "*ਸਤਿਗੁਰ ਕਾ ਖਿਵੈ ਚੰਦੋਆ*" ਤਾਣ ਕੇ ਗੁਰੂ ਰਾਮਦਾਸ ਜੀ ਦੇ ਹੁਕਮ ਮੁਤਾਬਿਕ ਸਾਰੇ ਮੁੜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਬਿਰਾਜੇ।

ਭਗਤ ਕਬੀਰ ਸਾਹਿਬ ਜੀ ਦਾ ਇਕ ਪਿਆਰਾ ਬਚਨ ਹੈ ਕਿ ਚੰਦਨ ਇਕ ਅਜਿਹਾ ਦਰਖਤ ਹੈ ਕਿ ਜਿਹੜਾ ਵੀ ਚੰਦਨ ਦੇ ਨੇੜੇ ਹੋਵੇ, ਉਹ ਚੰਦਨ ਦਾ ਹੀ ਰੂਪ ਹੋ ਜਾਂਦਾ ਹੈ ਪਰ ਇਕ ਬਾਂਸ ਅਜਿਹਾ ਵੀ ਹੈ ਜਿਹੜਾ ਚੰਦਨ ਦੀ ਫਰਾਖ-ਦਿਲੀ ਤੋਂ ਲਾਭ ਲੈਣ ਦੀ ਬਜਾਇ ਆਪਣੇ ਹੀ ਮਾਣ ਹੰਕਾਰ ਤੇ ਅਕਲ ਲਤੀਫ ਹੋਣ ਕਰਕੇ ਸੁਗੰਧੀ ਤੋਂ ਸੱਖਣਾ ਹੀ ਰਹਿ ਜਾਂਦਾ ਹੈ। ਜਿਥੇ ਚੰਦਨ ਦੇ ਕੋਲ ਅਤਿ ਦੀ ਠੰਡ ਹੈ ਪਰ ਇਹ ਸੁਗੰਧੀ ਤੋਂ ਸੱਖਣਾ ਬਾਂਸ (ਵੰਝ) ਆਪਣੇ ਵਿੱਚ ਅੱਗ ਸਮੋਈ ਬੈਠਾ ਹੈ। ਜਦੋਂ ਚੰਦਨ ਹਿਲਿਆ ਤਾਂ ਠੰਡ ਵਰਤਾਈ ਤੇ ਸੁਗੰਧੀ ਬਖੇਰੀ ਪਰ ਜਦੋਂ ਬਾਂਸ ਹਿਲਿਆ, ਇਸ ਨੇ ਅੱਗ ਲਾਈ, ਆਪ ਵੀ ਸੜਿਆ ਤੇ ਦੂਜਿਆਂ ਨੂੰ ਵੀ ਸਾੜਿਆ। ਐਸੀ ਹਾਲਤ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਬਾਬਾ ਪ੍ਰਿਥੀ ਚੰਦ ਜੀ ਤੇ ਧੰਨ ਗੁਰੂ ਅਰਜਨ ਸਾਹਿਬ ਜੀ ਦੀ ਹੈ। ਗੁਰੂ ਅਰਜਨ ਸਾਹਿਬ ਜੀ ਤਾਂ ਹਰ ਸੁਆਸ ਸੰਸਾਰ ਤੇ ਮਨੁੱਖਤਾ ਦੇ ਭਲੇ ਲਈ ਅਤੇ ਗੁਰੂ ਰਾਮਦਾਸ ਜੀ ਦੇ ਹੁਕਮ ਨੂੰ ਕਮਾਉਣ ਲਈ ਲਾਉਂਦੇ ਹਨ ਪਰ ਬਾਬਾ ਪ੍ਰਿਥੀ ਚੰਦ ਹਰ ਵਕਤ ਆਪ ਵੀ ਸੜਦੇ ਹਨ ਅਤੇ ਹੋਰਨਾਂ ਨੂੰ ਸਾੜਨ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ।

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਸਤਿਗੁਰੂ ਜੀ ਨੇ ਆਰੰਭ ਕਰ ਦਿੱਤੀ। ਪਹਿਲੇ ਗੁਰੂ ਸਾਹਿਬਾਂ ਦੀ ਤਰ੍ਹਾਂ ਸਿੱਖੀ ਦਾ ਮੁੱਖ ਕੇਂਦਰ ਹੁਣ ਅੰਮ੍ਰਿਤਸਰ ਹੋ ਗਿਆ ਸੀ। ਇਸ ਲਈ ਸੰਗਤਾਂ ਨੇ ਵਹੀਰਾਂ ਘੱਤ ਗੁਰੂ ਜੀ ਦੇ ਦੀਦਾਰ ਕਰ ਨੇਤਰ ਪੁਨੀਤ ਕੀਤੇ। ਸੰਗਤਾਂ ਦੀ ਆਮਦ ਨਾਲ ਗੁਰੂ ਘਰ ਦੀ ਭੇਟਾ ਵੀ ਵੱਧ ਗਈ ਸੀ। ਬਾਬਾ ਪ੍ਰਿਥੀ ਚੰਦ ਜਿਹੜੇ ਹਮੇਸ਼ਾ ਮਾਇਆ ਨਾਲ ਹੀ ਲਗਾਵ ਰੱਖਣ ਵਾਲੇ ਸਨ, ਉਨ੍ਹਾਂ ਨੂੰ ਇਹ ਐਸ਼ੋ ਇਸ਼ਰਤ ਦਾ ਸਾਧਨ ਲੱਗਦੀ ਹੈ। ਜਿਸ ਕਰਕੇ ਉਨ੍ਹਾਂ ਨੇ ਇਕ ਹੋਰ ਛੱਲ ਆਰੰਭਿਆ, ਜਿਹੜੀਆਂ ਵੀ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ, ਉਨ੍ਹਾਂ ਕੋਲੋਂ ਮਾਇਆ ਲੈਣ ਲਈ ਅੰਮ੍ਰਿਤਸਰ ਸਾਹਿਬ ਨੂੰ ਆਉਂਦੇ ਰਾਹਾਂ ਵਿੱਚ ਕੁਝ ਭੁੱਲੜ ਮਸੰਦਾਂ ਦੀ ਮਦਦ ਨਾਲ ਡੇਰੇ ਲਾ ਲਏ ਅਤੇ ਸਾਰੀ ਭੇਟਾ ਆਪ ਰੱਖ ਕੇ ਹੋਰ ਸੇਵਾ ਤੇ ਪਰਸ਼ਾਦੇ ਪਾਣੀ ਲਈ ਗੁਰੂ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਭੇਜ ਦਿੰਦੇ ਸਨ। ਇਸ ਤਰ੍ਹਾਂ ਕਾਫੀ ਸਮਾਂ ਚੱਲਦਾ ਰਿਹਾ। ਗੁਰੂ ਅਰਜਨ ਸਾਹਿਬ ਜੀ ਅਡੋਲ

ਅਵੱਸਥਾ ਵਿਚ ਟਿਕੇ ਰਹੇ ਕਿਉਂਕਿ ਉਨ੍ਹਾਂ ਨੇ ਤਾਂ ਨਾਨੇ ਗੁਰੂ ਜੀ ਕੋਲੋਂ ਅਤੇ ਪਿਤਾ ਗੁਰੂ ਜੀ ਕੋਲੋਂ ਜ਼ਿਆਦਤੀ ਦੀ ਹੱਦ ਸਿੱਖ ਲਈ ਸੀ।

ਧਾਰਮਿਕ ਪ੍ਰਚਾਰ ਲਈ ਭਾਈ ਗੁਰਦਾਸ ਜੀ ਬਾਹਰ ਗਏ ਹੋਏ ਸਨ ਜਦੋਂ ਵਾਪਸ ਪਰਤੇ ਤਦ ਲੰਗਰ ਦਾ ਹਾਲ ਵੇਖ ਕੇ ਸਾਰਾ ਗਿਆਨ ਹੋਇਆ ਕਿ ਲੰਗਰ ਵਿੱਚ ਤਾਂ ਕਈ ਕਈ ਡੰਗ ਭੁੱਜੇ ਚਣਿਆਂ ਨਾਲ ਗੁਜ਼ਾਰਾ ਕੀਤਾ ਜਾਂਦਾ ਹੈ। ਇਥੋਂ ਤਕ ਸਾਹਿਬ ਜੀ ਕਈ ਵਾਰੀ ਚਣੇ ਵੀ ਨਹੀਂ ਸਨ ਛੱਕਦੇ। ਭਾਈ ਗੁਰਦਾਸ ਅਤੇ ਹੋਰ ਪ੍ਰਮੁੱਖ ਸਿੱਖਾਂ ਨੇ ਫਿਰ ਰਾਹਾਂ ਵਿੱਚ ਖਲੋ ਕੇ ਆਉਣ ਵਾਲੀਆਂ ਸਾਰੀਆਂ ਸੰਗਤਾਂ ਨੂੰ ਸੱਚ ਤੋਂ ਜਾਣੂੰ ਕਰਵਾਇਆ। ਆਖਿਰ ਬਾਬਾ ਪ੍ਰਿਥੀ ਚੰਦ ਜੀ ਦੀ ਝੋਲੀ ਵਿੱਚ ਫਿਰ ਨਿਰਾਸ਼ਤਾ ਹੀ ਪਈ। ਦੂਜੇ ਪਾਸੇ ਗੁਰੂ ਅਰਜਨ ਸਾਹਿਬ ਜੀ ਦੇ ਘਰ ਫਿਰ ਉਸੇ ਤਰ੍ਹਾਂ ਦਾ ਆਨੰਦ ਸੀ ਕਿਉਂਕਿ "***ਸਚੁ ਪੁਰਾਣਾ ਨਾ ਥੀਐ***" ਜਾਂ ਫਿਰ "***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***" ਇਸੇ ਲਈ ਭਾਈ ਗੁਰਦਾਸ ਜੀ ਆਖਦੇ ਹਨ ਕਿ "***ਗੁਰੂ ਅਰਜਨੁ ਸਚੁ ਸਿਰਜਣਹਾਰਾ***"

ਫਿਰ ਕੁਝ ਦਿਨਾਂ ਮਗਰੋਂ ਬਾਬਾ ਪ੍ਰਿਥੀ ਚੰਦ ਜੀ ਨੇ ਕੁਝ ਹੋਰ ਕੂੜਿਆਰਾਂ ਦੀ ਮਦਦ ਨਾਲ ਗੁਰੂ ਘਰ ਦੇ ਮਹਾਨ ਕੀਰਤਨੀਏ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੂੰ ਕੁਝ ਧਨ ਦੀ ਚਮਕ ਦਮਕ ਦਿਖਾ ਕੇ ਭਰਮਾ ਲਿਆ। ਭਾਈ ਸੱਤਾ ਤੇ ਭਾਈ ਬਲਵੰਡ ਜੀ ਨੇ ਵੀ ਗੁਰੂ ਅਰਜਨ ਸਾਹਿਬ ਜੀ ਨੂੰ ਬਚਨ ਆਖੇ ਕਿ ਅਸੀਂ ਆਪਣੀ ਬੱਚੀ ਦੀ ਸ਼ਾਦੀ ਕਰਨੀ ਹੈ। ਇਸ ਲਈ ਕੁਝ ਧਨ ਚਾਹੀਦਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਹੱਸ ਕੇ ਆਖਿਆ, ਭਾਈ, ਤੁਸੀਂ ਗੁਰੂ ਘਰ ਕੀਤਰਨ ਕਰਦੇ ਹੋ, ਇਸ ਲਈ ਉਹ ਬੱਚੀ ਗੁਰੂ ਘਰ ਦੀ ਹੈ। ਇਸ ਗੁਰੂ ਘਰ ਦੀ ਬੱਚੀ ਦੀ ਸ਼ਾਦੀ ਸ਼ਾਨੋ ਸ਼ੌਕਤ ਨਾਲ ਹੋਏਗੀ। ਭਾਈ ਸਾਹਿਬ ਨਾ ਮੰਨੇ ਸਗੋਂ ਕੀਤਰਨ ਛੱਡ ਕੇ ਘਰੀਂ ਬੈਠ ਗਏ। ਸੱਚ ਉਪਰ ਪਹਿਰਾ ਦੇਣ ਵਾਲੇ ਪਾਤਿਸ਼ਾਹਾਂ ਸਿਰ ਪਾਤਿਸ਼ਾਹ ਆਪ ਚੱਲ ਕੇ ਭਾਈ ਸਾਹਿਬਾਂ ਨੂੰ ਲੈਣ ਲਈ ਗਏ ਪਰ ਅੱਗੋਂ ਉਨ੍ਹਾਂ ਨੇ ਬੋਲ ਕੁਬੋਲ ਕੀਤੇ ਕਿ ਜੇਕਰ ਭਾਈ ਮਰਦਾਨਾ ਜੀ ਰਬਾਬ ਨਾ ਵਜਾਉਂਦੇ ਤਾਂ ਗੁਰੂ ਨਾਨਕ ਸਾਹਿਬ ਜੀ ਨੂੰ ਕਿਸ ਜਾਣਨਾ ਸੀ। ਗੁਰੂ ਨਾਨਕ ਸਾਹਿਬ ਜੀ ਦੀ ਵਡਿਆਈ ਵਿਰੁੱਧ ਉਹ ਕਿਵੇਂ ਸਹਾਰ ਸਕਦੇ ਸੀ, ਜਿਹੜਾ ਦਿਨ ਰਾਤ ਗਾਉਂਦਾ ਸੀ ਕਿ "***ਸਭ ਤੇ ਵਡਾ ਸਤਿਗੁਰ ਨਾਨਕੁ॥ ਸਭ ਤੇ ਵਡਾ ਸਤਿਗੁਰ ਨਾਨਕੁ॥***" ਚੁੱਪ ਚਾਪ ਘਰ ਪਰਤ ਆਏ। ਅੱਗੋਂ ਕੋਈ ਅਜਿਹੇ ਬੋਲ ਨਾ ਬੋਲੇ। ਇਸ ਲਈ ਪੂਰਨੇ ਪਾਉਣ ਵਾਲੇ ਪ੍ਰੀਤਮ ਨੇ ਆਖ ਦਿੱਤਾ ਕਿ ਜਿਹੜਾ ਵੀ ਉਨ੍ਹਾਂ ਦੇ ਮੂੰਹ ਲੱਗੇਗਾ, ਉਸਦਾ ਵੀ ਮੂੰਹ ਕਾਲਾ ਕਰ ਦਿੱਤਾ ਜਾਵੇਗਾ। ਕੂੜ ਕੁਝ ਦਿਨ ਹੀ ਆਪਣੀ ਚਮਕ ਦਮਕ ਰੱਖ ਸਕਦਾ ਹੈ ਪਰ ਥੋੜ੍ਹੇ ਜਿਹੇ ਸਮੇਂ ਮਗਰੋਂ ਹੀ ਫਿਰ ਆਪੇ ਹੀ ਹਾਰ ਜਾਂਦਾ

ਹੈ। ਗੁਰੂ ਘਰ ਤੋਂ ਟੁੱਟ ਕੇ ਭਾਈ ਸੱਤੇ ਤੇ ਬਲਵੰਡ ਜੀ ਦਾ ਬਹੁਤ ਬੁਰਾ ਹਾਲ ਹੋ ਗਿਆ। ਭਾਈ ਲੱਧਾ ਜੀ ਪਰਉਕਾਰੀ ਜੀ ਕੋਲ ਵੀਚਾਰ ਪਹੁੰਚੀ। ਉਨ੍ਹਾਂ ਨੇ ਆਪ ਹੀ ਆਪਣਾ ਮੂੰਹ ਕਾਲਾ ਕਰਕੇ ਭਾਈ ਸੱਤਾ ਤੇ ਬਲਵੰਡ ਜੀ ਨੂੰ ਲੈ ਕੇ ਬਖਸ਼ਾਉਣ ਦੀ ਅਰਜ਼ ਕੀਤੀ। ਸੱਚ ਸਿਰਜਣਹਾਰੇ ਨੇ ਕੇਵਲ ਬਖਸ਼ਿਆ ਹੀ ਨਹੀਂ ਬਲਕਿ ਸਦਾ ਲਈ ਰਹਿਮਤ ਭਰਿਆ ਹੱਥ ਰੱਖ ਕੇ "*ਵਿਚਹੁ ਮਾਰਿ ਕਢੀਆ ਬੁਰਿਆਈਆ*" ਕਰ ਦਿੱਤਾ। ਫਿਰ ਇਨ੍ਹਾਂ ਨਿਰਮਲ ਹਿਰਦਿਆਂ ਵਿੱਚ ਵੀ ਸੱਚ ਦੀ ਪਹਿਚਾਣ ਆ ਗਈ। ਇਨ੍ਹਾਂ ਨੇ ਕਿ ਕੱਲ ਨੂੰ ਕੋਈ ਹੋਰ ਨਾ ਭੁੱਲ ਜਾਵੇ, ਇਸ ਲਈ ਅਸਲ ਸੱਚ ਕੀ ਹੈ ? ਦਾ ਇਕ ਸੱਚਾ ਹੋਕਾ ਹੀ ਲਾ ਦਿੱਤਾ ਜਿਸਨੂੰ ਭਗਤਾਂ ਤੇ ਬਲਵੰਡ ਜੀ ਦੀ ਵਾਰ ਦਾ ਨਾਂ ਦੇ ਕੇ ਗੁਰੂ ਅਰਜਨ ਸਾਹਿਬ ਜੀ ਨੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਾਮਕਲੀ ਰਾਗ' ਵਿੱਚ ਅੰਕਿਤ ਕਰ ਦਿੱਤਾ। ਇਹ ਸੀ "*ਗੁਰੂ ਅਰਜਨੁ ਸਚੁ ਸਿਰਜਣਹਾਰਾ*"

ਗੁਰੂ ਅਮਰਦਾਸ ਜੀ ਨੇ ਜਿਥੇ ਗੁਰੂ ਅਰਜਨ ਸਾਹਿਬ ਜੀ ਨੂੰ ਬਚਪਨ ਦੀ ਉਮਰ ਤੋਂ ਹੀ ਅਨੇਕਾਂ ਬਖਸ਼ਿਸ਼ਾਂ ਨਾਲ ਨਿਵਾਜਿਆ ਸੀ। ਉਥੇ ਪਿਤਾ ਗੁਰੂ ਰਾਮਦਾਸ ਜੀ ਨੇ ਵੀ ਸੱਚ ਸਿਰਜਣਹਾਰੇ ਦੀ ਹੀ ਡਿਊਟੀ ਲਗਾਈ ਸੀ ਕਿ ਇਸ ਸ਼ਹਿਰ ਭਾਵ ਅੰਮ੍ਰਿਤਸਰ ਸਾਹਿਬ ਅੰਦਰ ਇਸ ਸੱਚ ਦਾ ਅਸਥਾਨ ਬਣਾਉਣਾ ਹੈ। ਗੁਰੂ ਅਰਜਨ ਸਾਹਿਬ ਜੀ ਨੇ ਕਿਰਪਾ ਕਰਕੇ ਮਨੁੱਖਤਾ ਦੀ ਝੋਲੀ ਅਨਮੋਲ ਤੋਹਫਾ ਪਾਇਆ ਹੈ। ਪੁਰਾਣੇ ਸਮੇਂ ਵਿੱਚ ਤਾਂ "*ਜਾ ਕੀ ਛੋਤਿ ਜਗਤ ਕਉ ਲਾਗੈ*" ਜਾਂ ਫਿਰ "*ਜਾ ਕੈ ਨਿਕਟਿ ਨ ਆਵੈ ਕੋਈ ॥*" ਦੀ ਅਵਸਥਾ ਸੀ। ਪਰ ਅੱਜ ਵੀ ਕਈ ਅਜਿਹੇ ਮੰਦਰ ਹਨ ਜਿਥੇ ਹਰ ਕੋਈ ਆਜ਼ਾਦੀ ਨਾਲ ਨਹੀਂ ਜਾ ਸਕਦਾ। ਪਰ ਇਥੇ ਤਾਂ "*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ*" ਹੈ।

ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਦੇ ਕਈ ਕਾਰਨ ਹਨ ਪਰ ਮੋਟੇ ਜਿਹੇ ਤੌਰ 'ਤੇ ਕੁਝ ਵਿਚਾਰਨ ਯੋਗ ਹਨ ਜਿਨ੍ਹਾਂ ਦੀ ਵੀਚਾਰ ਗੁਰੂ ਅਰਜਨ ਸੱਚ ਸਿਰਜਣਹਾਰੇ ਦੇ ਵੀਚਾਰ ਨੂੰ ਪ੍ਰਗਟ ਕਰ ਦਿਖਲਾ ਰਹੀ ਹੈ। ਸਭ ਤੋਂ ਪਹਿਲੀ ਗੱਲ ਇਹ ਸੀ ਕਿ ਸਿੱਖੀ ਪੰਥ ਅੰਦਰ ਕਦੇ ਦੇਹੀ ਦੀ ਪੂਜਾ ਨਹੀ ਹੋਈ। ਲਹਿਣਾ ਜੀ ਕੇਵਲ ਲਹਿਣਾ ਜੀ ਹਨ ਪਰ ਜਦੋਂ "*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥*" ਹੋਈ ਤਦ ਉਹ ਗੁਰੂ ਅੰਗਦ ਸਾਹਿਬ ਬਣ ਗਏ। ਸਿੱਖ ਸੰਗਤਾਂ ਨੇ ਮੱਥਾ ਗੁਰੂ ਅੰਗਦ ਸਾਹਿਬ ਜੀ ਨੂੰ ਟੇਕਿਆ ਪਰ ਬਾਬੇ ਲਹਿਣਾ ਜੀ ਨੂੰ ਨਹੀਂ। ਗੁਰੂ ਨਾਨਕ ਸਾਹਿਬ ਜੀ ਨੇ ਸਿੱਧਾਂ ਨੂੰ ਇਕ ਸਵਾਲ ਦੇ ਜਵਾਬ ਵਿਚ ਆਪਣਾ ਗੁਰੂ ਸ਼ਬਦ ਗੁਰੂ ਦੱਸਿਆ ਸੀ। ਅੰਮ੍ਰਿਤ ਬਚਨ ਹਨ "*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥*" ਇਸੇ ਸ਼ਬਦ ਦੀ ਪੂਜਾ, ਸਤਿਕਾਰ ਤੇ ਪਿਆਰ ਸੀ। ਇਸੇ ਹੀ ਸ਼ਬਦ ਗੁਰੂ ਦਾ

ਕੇਂਦਰ ਬਣਾਉਣ ਵਾਸਤੇ ਹਰਿਮੰਦਰ ਸਾਹਿਬ ਦਾ ਸੰਕਲਪ ਹੋਇਆ। ਹਰ ਵਾਰੀ ਸਿੱਖੀ ਦਾ ਕੇਂਦਰ ਤਬਦੀਲ ਹੁੰਦਾ ਰਿਹਾ ਪਰ ਪੰਜਵੇਂ ਪਾਤਿਸ਼ਾਹ ਜੀ ਨੇ ਹਰਿਮੰਦਰ ਸਾਹਿਬ ਸਦੀਵ ਸਿੱਖੀ ਦਾ ਕੇਂਦਰ ਬਣਾ ਦਿੱਤਾ ਕਿਉਂਕਿ ਦੇਹੀ ਰੂਪ ਵਿੱਚ ਸਦੀਵ ਦਰਸ਼ਨ ਨਹੀਂ ਸਨ ਰੱਖਣੇ ਚਾਹੁੰਦੇ। ਇਸ ਲਈ ਜਿਥੇ ਸ਼ਬਦ ਗੁਰੂ ਦਾ ਪ੍ਰਕਾਸ਼ ਹੋਵੇ ਉਥੇ ਸਮੁੱਚੀ ਮਨੁੱਖਤਾ ਦਾ ਕੇਂਦਰ ਬਣਾ ਦਿੱਤਾ। ਸੱਚ ਦਾ ਕੋਈ ਗੋਤ, ਕੋਈ ਮਜ਼ਹਬ, ਕੋਈ ਜਾਤ ਬਰਾਦਰੀ ਨਹੀਂ ਹੁੰਦੀ, ਇਸੇ ਕਰਕੇ ਨੀਂਹ ਦੀ ਇੱਟ ਵੀ ਸਾਂਈ ਮੀਆਂ ਮੀਰ ਜੀ ਕੋਲੋਂ ਰਖਵਾਈ ਸੀ। ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਅਤੇ ਗੁਰੂ ਰਾਮਦਾਸ ਜੀ ਆਦਿਕ ਨੂੰ ਤਾਂ ਲੋਕਾਂ ਨੇ ਬੇਦੀ, ਤ੍ਰੇਹਣ, ਭੱਲੇ ਤੇ ਸੋਢੀ ਕਿਹਾ ਪਰ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨਾ ਤਾਂ ਬੇਦੀ, ਨਾ ਭੱਲੇ ਅਤੇ ਨਾ ਹੀ ਸੋਢੀ ਹਨ। ਇਸ ਲਈ ਜੇ ਸਿੱਖ ਜਗਤ ਅੰਦਰ ਬਾਕੀ ਕਈ ਅਸਥਾਨਾਂ ਦੀ ਮਹੱਤਤਾ ਇਸ ਲਈ ਹੈ ਕਿ ਉਥੇ ਕਿਸੇ ਗੁਰੂ ਦਾ ਪ੍ਰਕਾਸ਼ ਹੋਇਆ ਤਦ ਹਰਿਮੰਦਰ ਸਾਹਿਬ ਅੰਦਰ ਸ਼ਬਦ ਗੁਰੂ ਦਾ ਪ੍ਰਕਾਸ਼ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਹੋਇਆ ਸੀ। ਅਨੇਕਾਂ ਦੇਵੀ ਦੇਵਤਿਆਂ ਦੇ ਨਾਂ 'ਤੇ ਮੰਦਰ ਸਨ ਪਰ ਹਰਿ ਦਾ ਮੰਦਰ ਜਿਥੇ ਹਰੀ ਦਾ ਸੁਨੇਹਾ ਹੀ ਪ੍ਰਕਾਸ਼ਮਾਨ ਅਤੇ ਸੁਨੇਹਾ ਹੀ ਮਨੁੱਖਤਾ ਨੂੰ ਦਿੱਤੇ ਜਾਵੇ, ਐਸਾ ਹਰੀ ਮੰਦਰ ਸਾਜਿਆ।

ਜਿੱਥੇ ਸ਼ਬਦ ਗੁਰੂ ਦਾ ਪ੍ਰਕਾਸ਼ ਅਸਥਾਨ ਹੋਣ ਕਰਕੇ ਹਰਿਮੰਦਰ ਸਾਹਿਬ ਧੰਨਤਾ ਯੋਗ ਹੈ, ਉਥੇ ਦੂਸਰਾ ਕਾਰਨ ਇਹ ਵੀ ਹੈ ਕਿ ਆਮ ਮੰਦਰਾਂ ਵਿਚ ਹਰ ਇਕ ਨੂੰ ਜਾਣ ਦੀ ਆਗਿਆ ਨਹੀਂ ਪਰ ਇਥੇ ਤਾਂ ਮਨੁੱਖਤਾ ਦੀ ਪੂਜਾ ਹੈ। ਸ਼ਬਦ ਭਾਵੇਂ ਭਗਤ ਰਵਿਦਾਸ ਜੀ ਦੀ ਰਸਨਾ ਨੇ ਉਚਾਰਿਆ, ਭਾਵੇਂ ਭਗਤ ਕਬੀਰ ਸਾਹਿਬ ਨੇ, ਭਾਵੇਂ ਪਰਮਾਨੰਦ ਜਾਂ ਪੀਪਾ ਜੀ ਭਾਵ ਕੋਈ ਵੀ ਹੋਵੇ, ਉਨ੍ਹਾਂ ਦੇ ਪਵਿੱਤਰ ਬਚਨਾਂ ਨੂੰ ਵੀ ਬਰਾਬਰ ਦਾ ਮੁਕਾਮ ਦੇ ਕੇ ਪ੍ਰਕਾਸ਼ਮਾਨ ਕੀਤਾ।

ਸੱਚ ਸਿਰਜਣਹਾਰੇ ਨੇ ਸੱਚ ਦੀ ਆਵਾਜ਼ ਇਕ ਥਾਂ ਇਕੱਤਰ ਕਰਕੇ ਜਿਨ੍ਹਾਂ ਨੂੰ ਸਮਾਜ ਸ਼ੂਦਰ ਕਹਿੰਦਾ ਸੀ, ਉਨ੍ਹਾਂ ਦੀ ਪੂਜਾ ਕਰਵਾ ਦਿੱਤੀ। ਜਿਨ੍ਹਾਂ ਨੂੰ "*ਸੂਦੁ ਸੂਦੁ ਕਰਿ ਮਾਰਿ ਉਠਾਇਓ*" ਉਨ੍ਹਾਂ ਦੇ ਨਾਮ ਅੱਜ ਕਿੰਨੇ ਸਤਿਕਾਰ ਨਾਲ ਪੜ੍ਹੇ ਜਾਂਦੇ ਹਨ ਕਿ ਬਾਣੀ ਭਗਤ ਨਾਮਦੇਉ ਜੀ ਕੀ। ਜਿਥੇ ਸਾਹਿਬਾਂ ਨੇ ਆਪਣੇ ਬਚਨ ਲਿਖੇ, ਉਥੇ ਸਿਰਫ ਮਹਲਾ ਪਹਿਲਾ, ਦੂਜਾ ਜਾਂ ਜਿਹੜਾ ਵੀ ਸੀ, ਲਿਖਿਆ ਪਰ ਕਿਧਰੇ ਵੀ ਆਪਣੇ ਲਈ ਜਾਂ ਬਾਕੀ ਗੁਰੂਆਂ ਲਈ ਸ਼ਬਦ 'ਜੀ' ਨਹੀਂ ਵਰਤਿਆ ਪਰ ਭਗਤਾਂ ਲਈ ਥਾਂ-ਥਾਂ ਸਤਿਕਾਰਿਤ ਸ਼ਬਦ ਵਰਤੇ ਹਨ। ਹਰਿਮੰਦਰ ਸਾਹਿਬ ਜੀ ਅੰਦਰ ਕੇਵਲ ਰੱਬ ਦੀ ਬਾਣੀ, ਭਾਈ ਗੁਰਦਾਸ ਜੀ ਦੇ ਬਚਨ

ਜਾਂ ਭਾਈ ਨੰਦ ਲਾਲ ਜੀ ਦੇ ਬਚਨ ਹੀ ਗਾਏ ਜਾਂਦੇ ਹਨ ਜਿਹੜੇ ਇਸ ਗੱਲ ਦੇ ਸੂਚਕ ਹਨ ਕਿ ਇਥੇ ਕਿਸੇ ਦੀ ਨਿੰਦਾ ਉਸਤਤਿ ਨਹੀਂ, ਕੇਵਲ ਸੱਚ ਦਾ ਕੀਰਤਨ ਹੀ ਹੁੰਦਾ ਰਹਿੰਦਾ ਹੈ।

ਭਾਵੇਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਜਾਤ ਪਾਤ ਤੇ ਹੋਰ ਊਚ ਨੀਚ ਦੇ ਫਰਕ ਨੂੰ ਮਿਟਾਉਣ ਵਾਸਤੇ ਬਉਲੀ ਸਾਹਿਬ ਦੀ ਸਥਾਪਨਾ ਕੀਤੀ ਸੀ ਪਰ ਕੋਈ ਅਜਿਹਾ ਨਾ ਸਮਝ ਲਵੇ ਕਿ ਕੇਵਲ ਪਾਣੀ ਦਾ ਇਸ਼ਨਾਨ ਮੁਕਤੀ ਦਾ ਸਾਧਨ ਬਣ ਜਾਏਗਾ ਕਿਉਂਕਿ ਗੁਰੂ ਘਰ ਦਾ ਇਹ ਵੀ ਹੋਕਾ ਰਿਹਾ ਹੈ "***ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥***" ਇਸ ਲਈ ਗੁਰੂ ਰਾਮਦਾਸ ਜੀ ਨੇ ਸਰੋਵਰ ਬਣਾਇਆ ਸੀ ਪਰ ਗੁਰੂ ਅਰਜਨ ਸਾਹਿਬ ਜੀ ਨੇ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਬਚਨ ਵੀ ਕਰ ਦਿੱਤੇ ਕਿ "***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥***" ਇਸੇ ਕਰਕੇ ਇਥੇ ਤਾਂ ਕੇਵਲ ਇਸ਼ਨਾਨ ਨਹੀਂ ਬਲਕਿ ਦਰਸ਼ਨ ਕਰਕੇ, ਰੱਬ ਦੀ ਬਾਨੀ ਦਾ ਕੀਰਤਨ ਸੁਣ ਕੇ, ਕਮਾ ਕੇ ਹੀ ਪੂਰਨਤਾ ਹੋਣੀ ਹੈ। ਸਰੀਰ ਲਈ "***ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥***" ਸਰੀਰ ਦੀ ਮੈਲ ਸਰੋਵਰ ਵਿਚੋਂ ਪਰ "***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ॥***" ਉਤਾਰਨ ਲਈ ਹਰੀ ਦੇ ਦਰ ਦੀ ਅੰਮ੍ਰਿਤ ਵੀਚਾਰ ਬਾਣੀ ਨਾਲ ਜੁੜ ਕੇ ਹੀ ਉਤਰ ਸਕਦੀ ਹੈ। "***ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥***" ਦਾ ਸਿਧਾਂਤ ਹੈ। ਇਥੇ ਸਰੀਰ ਕਰਕੇ ਮੈਲਾ ਜਾਂ ਅੰਦਰ ਕਰਕੇ ਪਰਵਾਨ ਨਹੀਂ, ਇਥੇ ਤਾਂ "***ਜੀਅਹੁ ਨਿਰਮਲ ਬਾਹਰਹੁ ਨਿਰਮਲ***" ਕਬੂਲ ਪੈਂਦਾ ਹੈ। ਇਸੇ ਲਈ ਸੱਚ ਸਿਰਜਣਹਾਰੇ ਨੇ ਆਪਣੇ ਨਾਂ ਉਪਰ ਅਰਜਨ, ਰਾਮਦਾਸ ਜਾਂ ਨਾਨਕ ਮੰਦਰ ਦੀ ਥਾਂ ਹਰਿਮੰਦਰ ਸਾਹਿਬ ਨਾਂ ਰੱਖਿਆ ਸੀ। ਚਾਰੇ ਦਰਵਾਜ਼ੇ ਹਰ ਇਕ ਨੂੰ ਜੀ ਆਇਆਂ ਆਖਦੇ ਹਨ।

ਧੰਨ ਗੁਰੂ ਅਰਜਨ ਸਾਹਿਬ ਜੀ ਦੇ ਦੀਦਾਰ ਪਾ ਕੇ ਜਿਨ੍ਹਾਂ ਨੂੰ ਸੱਚ ਦੀ ਸੋਝੀ ਹੋਈ, ਉਨ੍ਹਾਂ ਸਾਰਾ ਸਾਰਾ ਜੀਵਨ ਹੀ ਸੱਚ ਦੇ ਲੇਖੇ ਲਾ ਦਿੱਤਾ। ਆਉ ਇਕ ਦੋ ਵੀਚਾਰਾਂ ਦੀ ਹੀ ਸਾਂਝ ਪਾਵਾਂਗੇ ਜਿਵੇਂ ਕਿ ਸਿਆਣੀ ਇਸਤ੍ਰੀ ਸਾਰੇ ਕੜਾਹੇ ਵਿੱਚੋਂ ਇਕ ਦੋ ਦਾਣੇ ਦੇਖ ਕੇ ਹੀ ਦਾਲ ਦੇ ਪੱਕ ਜਾਣ ਨੂੰ ਸਮਝ ਲੈਂਦੀ ਹੈ।

ਜ਼ਿਲਾ ਗੁਰਦਾਸਪੁਰ ਪਿੰਡ ਕੰਗੂਮਾਣੀ ਦਾ ਇਕ ਚੌਧਰੀ ਸਰਵਰ ਦਾ ਉਪਾਸ਼ਕ

ਸੀ। ਜਿਸ ਨੂੰ ਮੰਝ ਦੇ ਨਾਮ ਨਾਲ ਲੋਕ ਜਾਣਦੇ ਸਨ। ਇਕ ਵਾਰੀ ਗੁਰੂ ਅਰਜਨ ਸਾਹਿਬ ਜੀ ਦੇ ਦੀਦਾਰ ਦੀ ਦਾਤ ਪ੍ਰਾਪਤ ਹੋਈ। ਸੱਚ ਦੇ ਪੁਜਾਰੀ, ਸੱਚ ਸਿਰਜਣਹਾਰੇ ਦੇ ਮੁਖਾਰਬਿੰਦ ਤੋਂ ਉਚਰੇ ਅਮੋਲਕ ਬਚਨ ਸੁਣ ਕੇ ਸਿੱਖੀ ਦੀ ਖੈਰ ਮੰਗੀ ਪਰ ਸਤਿਗੁਰੂ ਜੀ ਨੇ ਬਚਨ ਕੀਤੇ ਕਿ ਭਾਈ ਸਿੱਖੀ ਉਪਰ ਸਿੱਖੀ ਨਹੀਂ ਟਿਕਦੀ ਭਾਵ ਤੂੰ ਤਾਂ ਪਹਿਲਾਂ ਹੀ ਸਰਵਰੀ ਦਾ ਮੁਰੀਦ ਹੈਂ। ਭਾਈ ਮੰਝ ਨੇ ਇਹ ਬਚਨ ਸੁਣੇ ਤੇ ਹੁਕਮ ਰਜਾਈ ਚੱਲਣ ਲਈ ਬੇਨਤੀ ਕੀਤੀ। ਤਦ ਗੁਰੂ ਅਰਜਨ ਸਾਹਿਬ ਜੀ ਨੇ ਬਚਨ ਆਖੇ ਕਿ ਜਿਹੜਾ ਆਪਣੇ ਘਰ ਪੀਰਖਾਨਾ ਬਣਾਇਆ ਹੋਇਆ ਹੈ, ਉਹ ਸਾਰੀਆਂ ਕਬਰਾਂ ਢਾਹ ਕੇ ਆ। ਭਾਈ ਮੰਝ ਨੇ ਅਜਿਹਾ ਹੀ ਕੀਤਾ। ਫਿਰ ਸਾਹਿਬ ਜੀ ਨੇ ਸਿੱਖੀ ਬਖਸ਼ੀ। ਅਜਿਹਾ ਸਭ ਕੁਝ ਦੇਖ ਕੇ ਨਗਰ ਦੇ ਲੋਕਾਂ ਨੇ ਭਾਈ ਸਾਹਿਬ ਜੀ ਦਾ ਬਹੁਤ ਵਿਰੋਧ ਕੀਤਾ। ਨਗਰ ਦਾ ਚੌਧਰਪੁਣਾ ਵੀ ਵਾਪਸ ਲੈ ਲਿਆ। ਸਬੱਬ ਨਾਲ ਕਹਿੰਦੇ ਹਨ ਕਿ ਹੋਰ ਵੀ ਕੁਝ ਨੁਕਸਾਨ ਹੋਇਆ। ਨਗਰ ਦਾ ਚੌਧਰੀ ਭਾਈ ਮੰਝ ਘਾਹ ਖੋਤਰ ਕੇ ਗੁਜ਼ਾਰਾ ਕਰਨ ਲੱਗ ਪਿਆ। ਪਰ ਸੱਚ ਦੇ ਮਾਰਗ ਤੋਂ ਕਦਮ ਨਾ ਮੋੜਿਆ। ਪਰਖ ਦੀ ਘੜੀ ਹੋਰ ਕਰੜੀ ਆ ਗਈ। ਸਾਹਿਬਾਂ ਨੇ ਇਕ ਸਿੱਖ ਭੇਜਿਆ ਕਿ ਮੇਰਾ ਹੁਕਮਨਾਮਾ ਲੈ ਜਾ ਪਰ ਭਾਈ ਮੰਝ ਨੂੰ ਉਦੋਂ ਦੇਣਾ ਜਦੋਂ ਵੀਹ ਰੁਪਏ ਦੇ ਦੇਵੇ। ਭਾਈ ਮੰਝ ਜੀ ਨੇ ਘਰ ਦਾ ਸਾਮਾਨ ਤਕ ਵੇਚ ਕੇ ਸਾਹਿਬ ਜੀ ਦਾ ਹੁਕਮ ਪ੍ਰਾਪਤ ਕਰ ਲਿਆ। ਹੁਕਮ ਪੜ੍ਹਿਆ, ਹੁਕਮ ਸੀ ਕਿ ਇਥੇ ਆ ਕੇ ਗੁਰੂ ਘਰ ਦੀ ਸੇਵਾ ਕਰ। ਖੁਸ਼ੀਆਂ ਚੜ੍ਹ ਗਈਆਂ। ਘਰ ਵਾਲੀ ਤੇ ਬੱਚਿਆਂ ਨਾਲ ਸਲਾਹ ਕੀਤੀ। ਆਪਾਂ ਕਿੰਨੇ ਸੁਭਾਗੇ ਹਾਂ, ਗੁਰੂ ਨੇ ਆਪਣੀ ਸੇਵਾ ਵਿੱਚ ਸੱਦ ਲਿਆ ਹੈ। ਗੁਰੂ ਚਰਨਾਂ ਵਿੱਚ ਪਹੁੰਚ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਲੰਗਰ ਲਈ ਰੋਜ਼ਾਨਾ ਲੱਕੜ ਲੈ ਆਉਣ ਦੀ ਸੇਵਾ ਲਾ ਦਿੱਤੀ। ਪੂਰੀ ਲਗਨ ਸ਼ਰਧਾ ਤੇ ਭਰੋਸੇ ਨਾਲ ਸੇਵਾ ਕਰਦਾ ਸੀ ਕਿ ਇਕ ਦਿਨ ਅਜਿਹਾ ਮਾਇਆ ਕਿ ਲੱਕੜਾਂ ਲੈ ਕੇ ਆ ਰਿਹਾ ਸੀ ਪਰ ਅਚਾਨਕ ਹਨੇਰੀ ਆ ਗਈ ਜਿਸ ਕਰਕੇ ਇਕ ਖੂਹ ਵਿੱਚ ਡਿੱਗ ਪਏ। ਉਸੇ ਤਰ੍ਹਾਂ ਲੱਕੜਾਂ ਦਾ ਭਾਰ ਸਿਰ ਉਪਰ ਚੁੱਕ ਕੇ ਉਚੀ ਉਚੀ ਬਾਣੀ ਪੜ੍ਹੀ ਗਏ। ਕੁਝ ਸਮੇਂ ਮਗਰੋਂ ਕਿਸੇ ਸੇਵਕ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਜਾ ਕੇ ਦੱਸਿਆ। ਤਦ ਸਾਹਿਬ ਜੀ ਸਮੇਤ ਕੁਝ ਗੁਰੂ ਪਿਆਰੇ, ਰੱਸੇ ਆਦਿਕ ਲੈ ਕੇ ਪਹੁੰਚੇ। ਗੁਰੂ ਅਰਜਨ ਸਾਹਿਬ ਜੀ ਨੇ ਬਚਨ ਕੀਤੇ ਕਿ ਭਾਈ ਸਾਹਿਬ ਜੀ ਰੱਸਾ ਪਕੜ ਕੇ ਬਾਹਰ ਆ ਜਾਉ ਪਰ ਗੁਰੂ ਕੇ ਸਿੱਖ ਨੇ ਪਹਿਲਾਂ ਰੱਸੇ ਨਾਲ ਲੱਕੜਾਂ ਬੰਨ੍ਹ ਦਿੱਤੀਆਂ ਮਗਰੋਂ ਆਪ ਬਾਹਰ ਨਿਕਲੇ। ਅਜਿਹੀ ਮਹਾਨ ਤੇ ਕਠਿਨ ਸੇਵਾ ਨੂੰ ਇਹ ਫਲ ਲੱਗਾ ਕਿ ਗੁਰੂ ਅਰਜਨ ਸਾਹਿਬ ਜੀ ਨੇ ਦੋਵੇਂ ਬਾਹਵਾਂ ਖੋਲ੍ਹ ਕੇ ਭਾਈ ਮੰਝ ਨੂੰ ਛਾਤੀ ਨਾਲ ਘੁੱਟ ਕੇ ਆਪਣੇ ਮੁਖਾਰਬਿੰਦ

'ਚੋਂ ਬਚਨ ਆਖੇ। ਮਹਿਮਾਂ ਪ੍ਰਕਾਸ਼ ਦੇ ਲਿਖਾਰੀ ਨੇ ਬੜੇ ਸੁੰਦਰ ਸ਼ਬਦ ਲਿਖੇ ਹਨ ਕਿ "*ਮੰਝ ਪਿਆਰਾ ਗੁਰੂ ਕੋ ਗੁਰੁ ਮੰਝ ਪਿਆਰਾ ॥ ਮੰਝ ਗੁਰੂ ਕਾ ਬੋਹਥਾ ਜਗ ਲੰਘਣ ਹਾਰਾ ॥*" ਜਿਨ੍ਹਾਂ ਨੂੰ ਆਪ ਨਿੱਕੜੀ ਉਮਰ ਵਿੱਚ 'ਦੋਹਿਤਾ ਬਾਣੀ ਕਾ ਬੋਹਿਥਾ' ਹੋਣ ਦਾ ਬਚਨ ਮਿਲਿਆ ਸੀ। ਅੱਜ ਉਸੇ ਹੀ ਕਿਰਪਾਲੂ ਨੇ ਭਾਈ ਮੰਝ ਨੂੰ ਆਪਣਾ ਬੋਹਿਥਾ ਆਖ ਕੇ ਵਡਿਆਇਆ ਸੀ। ਇਸ ਸੱਚ ਸਿਰਜਣਹਾਰੇ ਦੀ ਇਕ ਟਕਸਾਲ ਦੇ ਅਜਿਹੇ ਹੋਰ ਅਨੇਕਾਂ ਸਿੱਕੇ ਸਨ ਜਿਨ੍ਹਾਂ ਨੇ ਸਿੱਖੀ ਕਮਾ ਕੇ ਸੰਸਾਰ ਦੇ ਸਾਹਮਣੇ ਸੱਚ ਤੇ ਆਪਾ ਵਾਰਨ ਦੀਆਂ ਮਿਸਾਲਾਂ ਕਾਇਮ ਕੀਤੀਆਂ ਸਨ। ਭਾਈ ਬਹਿਲੋ, ਭਾਈ ਜੋਧਾ, ਬਾਬਾ ਆਦਮ ਜੀ, ਭਾਈ ਬੁਧੂ ਜੀ, ਭਾਈ ਬੋਹੜ ਜੀ ਆਦਿਕ ਅਨੇਕਾਂ ਇਸੇ ਹੀ ਮਾਰਗ ਦੇ ਪਾਂਧੀ ਸਨ ਭਾਵ ਜਿਹੜਾ ਵੀ ਇਕ ਵਾਰੀ ਸੱਚ ਸਿਰਜਣਹਾਰੇ ਦੇ ਬਚਨ ਸੁਣ, ਕਮਾ ਲੈਂਦਾ ਸੀ, ਉਹ ਹੀ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਕਰ ਲੈਂਦਾ ਸੀ।

ਜਿਵੇਂ ਕਦੇ ਸ੍ਰੀ ਅਰਜਨ ਜੀ ਦੇ ਰੂਪ ਵਿੱਚ ਗੁਰੂ ਰਾਮਦਾਸ ਜੀ ਦਾ ਵਿਛੋੜਾ ਇਨ੍ਹਾਂ ਨੂੰ ਦੁਖਦਾਈ ਜਾਪਦਾ ਸੀ, ਇਸੇ ਤਰ੍ਹਾਂ ਹੋਰ ਵੀ ਅਨੇਕਾਂ ਪ੍ਰੇਮੀਆਂ ਦਾ ਹਿਰਦਾ ਗੁਰੂ ਦੀਦਾਰਾਂ ਦੀ ਤੜਪ ਰੱਖਦਾ ਸੀ, ਕਿਉਂਕਿ ਪਹਿਲਾਂ ਸਿੱਖ ਵਾਲੀ ਹੀ ਬਿਰਤੀ ਦੀ ਘਾੜਤ ਤੋਂ ਅੱਗੇ ਗੁਰੂ ਬਣਨ ਦੀ ਸਮਰੱਥਾ ਪੈਦਾ ਹੋਈ ਸੀ। ਇਸ ਲਈ ਸਤਿਗੁਰੂ ਜੀ ਨੇ ਅਨੇਕਾਂ ਪ੍ਰੇਮੀਆਂ ਨੂੰ ਦਰਸ਼ਨ ਦੇ ਕੇ "*ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥*" ਵਾਸਤੇ ਮਾਝੇ ਦੇ ਇਲਾਕੇ ਦੀ ਇਕ ਸੰਖੇਪ ਜਿਹੀ ਫੇਰੀ ਲਾਈ। ਇਸ ਦੌਰਾਨ ਸਤਿਗੁਰੂ ਜੀ ਜੰਡਿਆਲਾ, ਖਡੂਰ ਸਾਹਿਬ, ਦਾਤੂ ਜੀ ਨੂੰ ਬਖਸ਼ ਕੇ ਅੱਗੇ ਗੋਇੰਦਵਾਲ ਨਮਸਕਾਰ ਕਰਕੇ, ਚੋਹਲਾ ਸਾਹਿਬ ਨਾਂ ਦੇ ਅਸਥਾਨ ਨੂੰ ਚਰਣ ਛੋਹ ਬਖਸ਼ੀ। ਵਿਚਰਦਿਆਂ ਵਿਚਰਦਿਆਂ ਜਿਸ ਅਸਥਾਨ ਨੂੰ ਅੱਜ ਕੱਲ ਹਰ ਪ੍ਰੇਮੀ ਸ਼ਰਧਾ ਨਾਲ ਨਮਸਕਾਰਦਾ ਹੀ ਨਹੀ ਬਲਕਿ ਤਰਨ ਤਾਰਨ ਸਾਹਿਬ ਆਖ ਕੇ ਆਪ ਤਰਨ ਦੀ ਜੁਗਤਿ ਸਿਖਦਾ ਹੈ ਤੇ ਹੋਰਨਾਂ ਨੂੰ ਤਰਨ ਦੀ ਜਾਚ ਸਿਖਾਂਦਾ ਹੈ, ਇਧਰ ਆ ਗਏ। ਇਥੇ ਇਕ ਹੋਰ ਅਭੁੱਲ ਯਾਦ ਹੈ ਕਿ ਇਕ ਕੋਹੜੀ ਦੀ ਦਰਦ ਭਰੀ ਆਵਾਜ਼ ਨੇ ਸੰਸਾਰ ਦੀ ਪ੍ਰੀਤ ਝੂਠੀ ਹੋਣ ਦਾ ਸਬੂਤ ਦਿੱਤਾ। ਹੋਇਆ ਇਸ ਤਰ੍ਹਾਂ ਕਿ ਇਕ ਦਿਨ ਦਾਤਾਰ ਜੀ ਆਪਣੇ ਮੁਬਾਰਿਕ ਕਦਮਾਂ ਰਾਹੀਂ ਧਰਤੀ ਨੂੰ ਛੋਹ ਦੇ ਕੇ ਪਿਆਸ ਬੁਝਾ ਰਹੇ ਸਨ ਕਿ ਇਕ ਕੋਹੜੀ ਜਿਸਨੂੰ ਕੁਝ ਬੰਦੇ ਲਈ ਜਾ ਰਹੇ ਸਨ। ਕੋਹੜੀ ਬਹੁਤ ਕਰਾ ਰਿਹਾ ਸੀ। ਸਾਹਿਬ ਜੀ ਨੇ ਬੜੇ ਪ੍ਰੇਮ ਨਾਲ ਉਨ੍ਹਾਂ ਨੂੰ ਕੋਲ ਬਿਠਾ ਕੇ ਬਚਨ ਪੁੱਛੇ ਕਿ ਅਜਿਹਾ ਕੀ ਕਰ ਰਹੇ ਹੋ, ਤਦ ਕੋਹੜੀ ਦੇ ਸਾਥੀਆਂ ਨੇ ਕਿਹਾ ਕਿ ਮਹਾਰਾਜ ਜੀ! ਇਸ ਦਾ ਇਹ ਰੋਗ ਦੂਰ ਨਹੀਂ ਹੁੰਦਾ। ਸੋ ਸੋਚ-ਸੋਚ ਕੇ ਇਸ ਨੂੰ ਬਿਆਸਾ ਵਿੱਚ ਰੋੜ੍ਹ ਦੇਣਾ

ਹੀ ਉਚਿਤ ਜਾਣ ਕੇ ਇਨ੍ਹਾਂ ਦੇ ਪਿਤਾ ਮੁਰਾਦਪੁਰ ਦੇ ਚੌਧਰੀ ਨੇ ਸਾਡੀ ਡਿਊਟੀ ਲਗਾਈ ਹੈ। ਸਾਹਿਬ ਜੀ ਨੇ ਨੇਤਰ ਬੰਦ ਕਰ ਲਏ, ਕਦੇ ਚੇਤਾ ਆਇਆ ਕਿ ਦੀਪਾਲਪੁਰ ਦਾ ਕੋਹੜੀ ਵੀ ਇਸੇ ਤਰ੍ਹਾਂ ਹੀ ਦੁਖਦਾਈ ਜ਼ਿੰਦਗੀ ਦੇ ਦਿਨ ਗਿਣਦਾ ਹੋਏਗਾ। ਪਰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਿਰਪਾ ਕਰਕੇ ਦੁੱਖੜੇ ਹੀ ਨਹੀਂ ਕੱਟੇ ਬਲਕਿ ਸੰਸਾਰ ਨੂੰ ਵੀ ਸੇਧ ਬਖਸ਼ ਦਿੱਤੀ ਕਿ ਨਾਮ ਤੋਂ ਬਗੈਰ ਹਰ ਬੰਦਾ ਕੋਹੜੀ ਹੀ ਹੈ। ਸੋ ਸਤਿਗੁਰੂ ਜੀ ਨੇ ਇਸੇ ਅਸਥਾਨ ਤਰਨ ਤਾਰਨ ਸਾਹਿਬ ਤੋਂ ਅਜਿਹਾ ਪੂਰਨਾ ਪਾਇਆ ਕਿ ਮਨੁੱਖਤਾ ਲਈ ਵੀ ਸੇਧ ਦਾ ਕਾਰਨ ਬਣ ਜਾਏ। ਮਾਨੋ ਕੋਹੜੀ ਘਰ ਹੀ ਖੋਲ੍ਹ ਦਿੱਤਾ। ਇਸ ਕੋਹੜੀ ਦੀ ਦੇਹ ਅਰੋਗਤਾ ਲਈ ਦਵਾ ਤੇ ਦੁਆ ਦੋਵੇਂ ਕੀਤੀਆਂ ਜਿਸ ਕਰਕੇ ਕੁਝ ਸਮੇਂ ਵਿੱਚ ਇਹ ਅਰੋਗ ਹੋ ਗਿਆ। ਫਿਰ ਮੇਰੇ ਸਾਹਿਬ ਜੀ ਅਜਿਹੇ ਨਿਆਰੇ ਨਿਆਰੇ ਕੌਤਕ ਕਰਦਿਆਂ ਮੁੜ ਅੰਮ੍ਰਿਤਸਰ ਸਾਹਿਬ ਵਾਪਸ ਪਰਤ ਆਏ।

ਸੇਵਾ, ਸੱਚ ਅਤੇ ਸੰਤੋਖ ਦੀ ਬੜੀ ਗਹਿਰੀ ਦੋਸਤੀ ਹੈ। ਇਹ ਤਿੰਨੇ ਇਕੱਠੇ ਰਹਿਣਾ ਪਸੰਦ ਕਰਦੇ ਹਨ ਜਾਂ ਫਿਰ ਇਉਂ ਕਹਿ ਲਈਏ ਕਿ ਜੇ ਕਰ ਸੰਤੋਖ ਨਹੀਂ ਤਾਂ ਸੇਵਾ ਤੇ ਸੱਚ ਦਾ ਟਿਕਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਵੀ ਹੈ। ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਨੂੰ ਭਾਵੇਂ ਕਰੀਬ ਅਠਾਰਾਂ ਵੀਹ ਸਾਲ ਦਾ ਸਮਾਂ ਹੋ ਗਿਆ ਸੀ ਪਰ ਫਿਰ ਵੀ ਸੱਚ ਦੀਆਂ ਮੂਰਤਾਂ ਨੇ ਕਦੇ ਸੰਤੋਖ ਦਾ ਪੱਲਾ ਨਹੀਂ ਸੀ ਛੱਡਿਆ। ਇਕ ਵਾਰੀ ਅਚਾਨਕ ਦੋ ਕਾਰਨ ਅਜਿਹੇ ਬਣ ਗਏ ਕਿ ਆਪਣੇ ਖਾਤਰ ਨਾ ਵੀ ਸਹੀ ਪਰ ਸੱਚ ਦੀ ਖਾਤਰ ਹੀ ਪਹਿਰਾ ਦੇਣਾ ਜ਼ਰੂਰੀ ਹੋ ਗਿਆ। ਇਕ ਦਾਸੀ ਸ਼ਰਧਾਲੂ ਸੇਵਾ ਕਰਕੇ ਵਾਪਸ ਜਾ ਰਹੀ ਸੀ ਕਿ ਬਾਬਾ ਪ੍ਰਿਥੀ ਚੰਦ ਤੇ ਬੀਬੀ ਕਰਮੋ ਆਦਿਕ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਤਾਂ ਕੀ ਹੋਇਆ ਜੇ ਹੁਣ ਗੱਦੀ ਸਾਨੂੰ ਨਾ ਮਿਲੀ। ਆਖਿਰ ਗੱਦੀ ਦਾ ਵਾਰਿਸ ਤਾਂ ਮੇਰਾ ਪੁੱਤਰ ਮਿਹਰਬਾਨ ਹੀ ਬਣੇਗਾ ਕਿਉਂਕਿ ਅਰਜਨ ਦੇ ਘਰ ਨਾ ਤਾਂ ਔਲਾਦ ਹੈ ਅਤੇ ਨਾ ਹੀ ਹੋਣੀ ਹੈ, ਔਤਰਾ ਹੀ ਜਾਏਗਾ। ਮਨੁੱਖ ਕਰਦੇ ਤਾਂ ਆਖਿਰ ਧੀਆਂ ਪੁੱਤਰਾਂ ਲਈ ਹੀ ਹਨ। ਸੋ ਸਾਡਾ ਪੁੱਤਰ ਤਾਂ ਸਿੱਧਾ ਹੀ ਗੱਦੀ ਦਾ ਵਾਰਿਸ ਹੈ। ਦੂਜਾ ਗੁਰੂ ਨਾਨਕ ਸਾਹਿਬ ਦੀਆਂ ਮਿਹਰਾਂ ਸਾਡੇ ਉੱਤੇ ਹੀ ਹਨ। ਸੱਚੇ ਤਾਂ ਅਸੀਂ ਹਾਂ ਜਿਨ੍ਹਾਂ ਦੇ ਘਰ ਦਾ ਚਿਰਾਗ ਜਗ ਰਿਹਾ ਹੈ, ਜੇ ਇਹ ਸੱਚਾ ਹੁੰਦਾ ਤਾਂ ਇਸ ਦੇ ਘਰ ਕੋਈ ਕਮੀ ਨਹੀਂ ਸੀ ਹੋਣੀ ਚਾਹੀਦੀ ਇਤਿ ਆਦਿਕ। ਹਿਰਦੇ ਵੇਦਕ ਗੱਲਾਂ ਨੂੰ ਸੁਣਕੇ ਸ਼ਰਧਾਲੂ ਬੀਬੀ ਦੇ ਕਦਮ ਘਰ ਜਾਣ ਦੀ ਬਜਾਏ ਮਾਤਾ ਗੰਗਾ ਜੀ ਕੋਲ ਲੈ ਆਏ। ਦਰਦ ਭਰੀ ਕਹਾਣੀ ਰੋ-ਰੋ ਕੇ ਬਿਆਨ ਕੀਤੀ ਕਿ ਗੁਰੂ ਨਾਨਕ ਸਾਹਿਬ ਜੀ ਦੇ ਘਰ ਵੱਲ ਵੀ ਉਂਗਲਾਂ ਉਠਦੀਆਂ ਹਨ। ਮਿਹਰਾਂ ਦੇ ਸਾਂਈ ਦੇ ਚਰਣ ਪਕੜ ਕੇ

ਅਰਦਾਸ ਕਰਿਉ ਮਾਤਾ ਜੀ ! ਕਿ ਦੁਨੀਆਂ ਨੂੰ ਰੌਸ਼ਨਾਵਣ ਵਾਲਿਉ, ਆਪਣੇ ਘਰ ਵੀ ਇਕ ਪ੍ਰਕਾਸ਼ ਦੀ ਕਿਰਨ ਬਿਖੇਰ ਦਿਉ। ਮਾਤਾ ਗੰਗਾ ਜੀ ਨੇ ਬੜੇ ਸਬਰ ਤੇ ਠਰੰਮੇ ਨਾਲ ਇਹ ਬਚਨ ਅਰਦਾਸ ਕਹਿ ਸੁਣਾਏ ਕਿ ਸ਼ਰਧਾਲੂ ਸਿੱਖਾਂ ਸੇਵਕਾਂ ਦੀ ਅਰਦਾਸ ਹੈ ਇਹ ਸਿੱਖੀ ਦਾ ਅਸੂਲ ਰਿਹਾ ਹੈ ਕਿ ਲੱਤਾਂ ਵੀ ਕੋਈ ਮਾਰ ਜਾਵੇ ਪਰ ਨਹੀਂ ਬੁਰਾ ਮਨਾਇਆ ਪਰ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਦੀ ਕੋਈ ਗੱਲ ਕਰੇ, ਇਹ ਸਹਾਰੀ ਨਹੀਂ ਸੀ ਜਾਂਦੀ। ਸੋ ਸੋਚ-ਸੋਚ ਕੇ ਬੜੇ ਪਿਆਰ ਨਾਲ ਕਹਿਣ ਲੱਗੇ ਕਿ ਪ੍ਰਮੇਸ਼ਵਰ ਵੱਲੋਂ ਸੱਚ 'ਤੇ ਪਹਿਰਾ ਦੇਣ ਦੀ ਤਾਕਤ ਨੂੰ ਘਰ ਲਈ ਵਰਤਣਾ ਯੋਗ ਨਹੀਂ। ਗੁਰੂ ਨਾਨਕ ਸਾਹਿਬ ਜੀ ਨਾਲ ਅਨੇਕਾਂ ਸਿੱਖਾਂ ਦਾ ਬਹੁਤ ਪਿਆਰ ਹੈ, ਉਹ ਆਪ ਹੀ ਅਰਦਾਸ ਕਰ ਸਕਦੇ ਹਨ। ਚਲੋ ਫਿਰ ਵੀ ਤੁਸੀਂ ਕਹਿੰਦੇ ਹੋ ਤਾਂ ਗੁਰੂ ਸਾਹਿਬ ਜੀ ਦੇ ਹੀ ਦਰਸ਼ਨ ਨਾਲ ਨਿਹਾਲ ਹੋਏ ਗੁਰੂ ਘਰ ਦੇ ਪਰਮ ਬਾਬਾ ਬੁੱਢਾ ਜੀ ਨੂੰ ਮੇਰੇ ਵਲੋਂ ਵੀ ਕਹਿਣਾ ਕਿ ਹੱਥ ਜੋੜ ਅਰਜ਼ ਕਰੋ ਤਾਂ ਗੁਰੂ ਨਾਨਕ ਸਾਹਿਬ ਕਿ ਸੱਚ ਦੇ ਪਾਂਧੀਆਂ ਦਾ ਵਿਸ਼ਵਾਸ ਪ੍ਰਪੱਕ ਰਹੇ। ਇਸ ਲਈ ਬਾਬਾ ਬੁੱਢਾ ਜੀ ਦੀ ਸੇਵਾ ਲਈ ਮਾਤਾ ਜੀ ਨੇ ਆਪ ਪ੍ਰਸ਼ਾਦ ਪਾਣੀ ਤਿਆਰ ਕਰਕੇ ਨਿਰਮਾਣਤਾ ਨਾਲ ਬੇਨਤੀ ਕੀਤੀ। ਬਾਬਾ ਬੁੱਢਾ ਸਾਹਿਬ ਜੀ ਬੀੜ ਰਹਿੰਦੇ ਸਨ। ਇਸ ਸਭ ਕੁਝ ਨੂੰ ਜਾਣਦਿਆਂ ਹੋਇਆਂ ਵੀ ਕਿ ਆਪਣੇ ਦਾਸਾਂ, ਸੇਵਕਾਂ ਦੀ ਪੈਜ ਰੱਖਣੀ ਮਾਲਕ ਦਾ ਸੁਭਾਅ ਹੈ ਫਿਰ ਵੀ ਬਚਨ ਕਹੇ, ਹੇ ਸਤਿਗੁਰੂ ਜੀ! ਅੱਜ ਤੇਰੀ ਹੀ ਅਰਦਾਸ ਤੇਰੇ ਹੀ ਚਰਣ ਕਮਲਾਂ ਪਾਸ ਹੈ। ਗਰੀਬੜੇ ਦੀ ਲਾਜ ਰੱਖ ਲੈਣਾ! ਕਦੇ ਖਿਆਲ ਕਰਨਾ, ਬੱਚਾ ਹਮੇਸ਼ਾ ਮਾਂ ਕੋਲ ਜਾਂਦਾ ਹੈ ਜੇ ਕਰ ਕੋਈ ਝਿੜਕ ਦੇਵੇ। ਪਰ ਜੇ ਕਦੇ ਮਾਂ ਹੀ ਝਿੜਕਣ ਲੱਗ ਪਏ ਤਦ ਵੀ ਬੱਚਾ ਮਾਂ ਦੀਆਂ ਹੀ ਲੱਤਾਂ ਨਾਲ ਚੁੰਬੜਦਾ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਭਾਵੇਂ ਮਾਂ ਹੀ ਝਿੜਕ ਰਹੀ ਹੈ ਪਰ ਮੇਰਾ ਮਾਂ ਤੇਰੇ ਤੋਂ ਵੱਧ ਹਮਦਰਦੀ ਵੀ ਤਾਂ ਕੋਈ ਨਹੀਂ। ਇਸ ਲਈ ਬਾਬਾ ਬੁੱਢਾ ਜੀ ਨੇ ਸਾਹਿਬ ਜੀ ਦੀ ਅਰਦਾਸ ਸਾਹਿਬ ਜੀ ਦੇ ਹੀ ਚਰਣਾਂ ਕੋਲ ਕੀਤੀ। "*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*" ਦੇ ਵਿਸ਼ਵਾਸ ਦੇ ਧਾਰਨੀ ਸੇਵਕ ਦੀ ਅਰਦਾਸ ਕਿਵੇਂ ਨਾ ਪੂਰੀ ਹੁੰਦੀ। ਇਤਿਹਾਸ ਵਿੱਚ ਵਿਦਤ ਹੈ ਕਿ ਪ੍ਰਸ਼ਾਦਾ ਵੀ ਛੱਕਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਿਆਂ, ਬਚਨ ਵੀ ਕਹਿ ਦਿੱਤੇ ਕਿ ਜਿਵੇਂ ਮੈਂ ਗੰਢਾ ਤੋੜਿਆ ਹੈ ਮੁੱਕੀ ਮਾਰ ਕੇ, ਇਸੇ ਤਰ੍ਹਾਂ ਮਨੁੱਖਤਾ ਦੇ ਦੋਖੀਆਂ ਦਾ ਨਾਸ ਕਰੇਗਾ। ਜੋਧਾ ਹੀ ਨਹੀਂ, ਨਾਲ ਹੱਦ ਦਰਜੇ ਦਾ ਪਰਉਪਕਾਰੀ ਵੀ ਹੋਵੇਗਾ।

ਜਦੋਂ ਬਾਬਾ ਪ੍ਰਿਥੀ ਚੰਦ ਨੂੰ ਅਰਦਾਸ ਬਾਬਤ ਪਤਾ ਲੱਗਾ ਤਾਂ ਕਲਪਣਾ ਹੋਰ ਵੱਧ ਗਈ। ਪਰ ਗੁਰੂ ਅਰਜਨ ਸਾਹਿਬ ਜੀ ਨੇ ਅਜਿਹਾ ਸੋਚ ਕੇ ਕਿ ਹੋ ਸਕਦਾ ਹੈ, ਅਸੀਂ ਕੁਝ ਸਮਾਂ ਅੱਗੇ ਪਿੱਛੇ ਹੋ ਜਾਈਏ ਤਾਂ ਬਾਬਾ ਜੀ ਪ੍ਰਿਥੀ ਚੰਦ ਜੀ ਸ਼ਾਂਤੀ ਨਾਲ ਜ਼ਿੰਦਗੀ ਦੇ ਦਿਨ

ਖਸਰ ਕਰ ਸਕਣ। ਸੋ ਮਾਤਾ ਜੀ ਵਡਾਲੀ ਚਲੇ ਗਏ। ਸਮਾਂ ਆਪਣੀ ਅਨੰਤ ਟੋਰ ਟੁਰਦਾ-ਟੁਰਦਾ ਇਕ ਅਜਿਹਾ ਦਿਨ ਲੈ ਆਇਆ ਕਿ ਕੇਵਲ ਵਡਾਲੀ ਹੀ ਨਹੀਂ ਬਲਕਿ ਸਮੁੱਚਾ ਸਿੱਖ ਜਗਤ ਹੀ ਖੁਸ਼ੀਆਂ ਨਾਲ ਝੂਮ ਉਠਿਆ, ਜਿਸ ਦਿਨ ਸ੍ਰੀ ਹਰਿ ਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਸੱਚੇ ਪਾਤਿਸ਼ਾਹ ਜੀ ਨੇ ਹੱਥ ਜੋੜ ਕੇ ਵਧਾਈਆਂ ਦੇਣ ਵਾਲਿਆਂ ਨੂੰ ਬੇਨਤੀ ਕੀਤੀ ਕਿ ਮੈਨੂੰ ਵਧਾਈ ਦੇਣ ਦੀ ਬਜਾਇ ਆਓ ਸਾਰੇ ਰਲ ਕੇ ਉਸ ਮਹਾਨ ਸਤਿਗੁਰੂ ਜੀ ਨੂੰ ਵਧਾਈ ਦਈਏ ਜਿਸ ਦੇ ਘਰੋਂ ਇਹ ਦਾਤ ਨਸੀਬ ਹੋਈ ਹੈ। ਸਿਰੰਦਾ ਚੁੱਕ ਆਨੰਦ ਨਾਲ ਇਹ ਸ਼ਬਦ ਗਾਇਆ "*ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੂਠਾ ਕੀਨੀ ਦਾਤਿ ॥*"

ਹੁਣ ਫੇਰ ਕੂੜਿ ਨਿਖੁਟ ਗਿਆ ਅਤੇ ਓੜਕ ਸੱਚ ਫਿਰ ਜਿੱਤ ਗਿਆ ਸੀ। ਵੱਧਦੀ ਈਰਖਾ ਵੀ ਕੈਂਸਰ ਦੀ ਤਰ੍ਹਾਂ ਹੁੰਦੀ ਹੈ। ਜਿਵੇਂ ਘਾਤਕ ਰੋਗ ਦਾ ਰੋਗੀ ਜਿਵੇਂ-ਜਿਵੇਂ ਰੋਗ ਵੱਧਦਾ ਜਾਂਦਾ ਹੈ, ਉਵੇਂ-ਉਵੇਂ ਜਿਉਣ ਦੀ ਲਾਲਸਾ ਰੱਖ ਕੇ ਹੋਰ ਹੋਰ ਹੱਥ ਪੈਰ ਮਾਰਦਾ ਹੈ। ਇਸੇ ਤਰ੍ਹਾਂ ਹੀ ਈਰਖਾ ਦਾ ਰੋਗੀ ਵੀ ਜਿਵੇਂ-ਜਿਵੇਂ ਈਰਖਾ ਵੱਧਦੀ ਜਾਂਦੀ ਹੈ। ਤਿਵੇਂ ਤਿਵੇਂ ਮਾੜੇ ਤੋਂ ਮਾੜੇ ਕਰਮ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ। ਸਾਰਾ ਸਿੱਖ ਜਗਤ ਭਾਵੇਂ ਹਰਿ ਗੋਬਿੰਦ ਜੀ ਦੇ ਪ੍ਰਕਾਸ਼ 'ਤੇ ਖੁਸ਼ੀਆਂ ਮਨਾ ਰਿਹਾ ਸੀ ਪਰ ਬਾਬਾ ਪ੍ਰਿਥੀ ਚੰਦ ਜੀ ਤੇ ਮਾਤਾ ਕਰਮੋ ਜੀ ਦਾ ਹਿਰਦਾ ਈਰਖਾ ਨਾਲ ਸੜ ਬਲ ਗਿਆ ਸੀ ਜਿਸ ਕਰਕੇ ਉਨ੍ਹਾਂ ਫਿਰ ਅਜਿਹਾ ਕੀਤਾ ਕਿ ਇਸ ਸ੍ਰੀ ਹਰਿ ਗੋਬਿੰਦ ਜੀ 'ਤੇ ਕਈ ਵਾਰ ਕੀਤੇ ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾ ਇਕ ਦਾਈ ਫੱਤੋ ਨੂੰ ਜ਼ਹਿਰ ਲਿਆ ਕੇ ਕਿਹਾ ਕਿ ਤੂੰ ਹਰਿ ਗੋਬਿੰਦ ਜੀ ਨੂੰ ਚੁੱਕ ਕੇ ਦੁੱਧ ਪਿਆ ਦੇਵੀਂ। ਇਸ ਤਰ੍ਹਾਂ ਥਣਾਂ ਨਾਲ ਲੱਗੀ ਜ਼ਹਿਰ ਅੰਦਰ ਜਾ ਕੇ ਆਪੇ ਹੀ ਘਰ ਦਾ ਚਿਰਾਗ ਬੁਝਾ ਦੇਵੇਗੀ। ਬਾਬਾ ਬੁੱਢਾ ਜੀ ਵਰਗੇ ਮਹਾਨ ਗੁਰਸਿੱਖ ਦੀ ਅਰਦਾਸ ਦਾ ਫਲ ਇਤਨਾ ਜਲਦੀ ਨਹੀਂ ਸੀ ਟੁੱਟਣ ਲੱਗਾ, ਸੋ ਆਪਣੇ ਮਨੋਰਥ ਵਿੱਚ ਤਾਂ ਸਫਲ ਨਾ ਹੋ ਸਕੀ ਸਗੋਂ ਬਾਬਾ ਪ੍ਰਿਥੀ ਚੰਦ ਜੀ ਦਾ ਪਾਜ ਉਘੇੜ ਗਈ। ਦੂਜੀ ਵਾਰੀ ਫਿਰ ਸਪੇਰੇ ਕੋਲੋਂ ਜ਼ਹਿਰੀਲਾ ਸੱਪ ਮੰਗਵਾਇਆ ਪਰ ਸੱਚ ਨੂੰ ਕਦੇ ਆਂਚ ਨਹੀਂ ਆਉਂਦੀ, ਸੱਪ ਹੀ ਮਾਰ ਦਿੱਤਾ। ਸ੍ਰੀ ਹਰਿ ਗੋਬਿੰਦ ਜੀ ਨਵੇਂ ਨਰੋਏ ਰਹੇ। ਤੀਸਰਾ ਵਾਰ ਖਿਡਾਵੇ ਨੂੰ ਲਾਲਚ ਦੇ ਕੇ ਕਰਵਾਇਆ ਜਿਹੜਾ ਉਸ ਖਿਡਾਵੇ ਦੀ ਹੀ ਜਾਨ ਲੈ ਗਿਆ। ਅਸਲ ਵਿੱਚ ਸੱਚ ਦੇ ਬਾਰਾਬਰ ਕੋਈ ਵੀ ਨਹੀਂ, ਸੋ ਜਿਥੇ ਸੱਚ ਦਾ ਜੀਵਨ ਹੋਵੇ, ਉਥੇ ਤਾਂ ਫਿਰ "*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*" ਫਿਰ ਸੱਚ ਸਿਰਜਣਹਾਰੇ ਦੇ ਘਰ ਦੀ ਸਦਾ ਜਿੱਤ ਹੁੰਦੀ ਰਹੀ।

ਇਤਨਾ ਜ਼ਾਹਿਰਾ ਸੱਚ ਵਰਤਦਾ ਵੇਖ ਕੇ ਵੀ ਬਾਬਾ ਪ੍ਰਿਥੀ ਚੰਦ ਜੀ ਆਪਣੇ ਆਪ ਨੂੰ ਸੁਧਾਰਨ ਦੀ ਬਜਾਏ ਹੋਰ ਹੋਰ ਪਾਪਾਂ ਦੀ ਦੁਨੀਆਂ ਵਿੱਚ ਧੱਸਦੇ ਗਏ। ਆਪ ਕਿਸੇ ਕੰਮ ਵਿੱਚ

ਕਾਮਯਾਬੀ ਨਾ ਪਾ ਕੇ ਜਾ ਸਰਕਾਰੀ ਬੂਹੇ ਖੜਕਾਉਣੇ ਸ਼ੁਰੂ ਕਰ ਦਿੱਤੇ। ਹਕੂਮਤ ਤਾਂ ਪਹਿਲਾਂ ਹੀ ਅਜਿਹੀ ਭਾਲ ਵਿੱਚ ਸੀ। ਬਾਬਾ ਪ੍ਰਿਥੀ ਚੰਦ ਜੀ ਨੇ ਜਿਥੇ ਹੋਰ ਅਨੇਕਾਂ ਉਪਰਾਲੇ ਕੀਤੇ ਸਨ ਕਿ ਲੋਕੀਂ ਮੈਨੂੰ ਵੀ ਗੁਰੂ ਸਵੀਕਾਰ ਕਰ ਲੈਣ ਜਿਵੇਂ ਭੇਟਾ ਵੀ ਲੈਣੀ, ਆਪਣੇ ਆਪ ਨੂੰ ਵੱਡਾ ਦੱਸਣਾ, ਹਰਿਮੰਦਰ ਸਾਹਿਬ ਦੀ ਤਰ੍ਹਾਂ ਹੋਰ ਨਗਰ ਵਿਖੇ ਹਰਿਮੰਦਰ ਬਣਾਉਣਾ, ਇਥੇ ਹੀ ਆਵੇ ਲਾਏ ਹੋਏ ਸਨ। ਇਥੋਂ ਹੀ ਸਰਕਾਰੇ ਦਰਬਾਰੇ ਪਹੁੰਚ ਕਰਨ ਲੱਗੇ। ਜਿਵੇਂ ਕਿਵੇਂ ਕਰਕੇ ਸੁਲਬੀ ਖ਼ਾਨ ਨੂੰ ਚੜ੍ਹਾਈ ਕਰਵਾ ਕੇ ਭਜਵਾ ਦਿੱਤਾ ਪਰ ਉਹ ਰਸਤੇ ਵਿੱਚ ਆਪਣਿਆਂ ਹੱਥੋਂ ਹੀ ਮਾਰਿਆ ਗਿਆ। ਫਿਰ ਦੁਬਾਰਾ ਸੁਲਹੀ ਖ਼ਾਂ ਚੜ੍ਹ ਕੇ ਆਇਆ।

ਇਧਰ ਗੁਰੂ ਜੀ ਦੇ ਦਰਬਾਰ 'ਚ ਇਕ ਸਿੱਖ ਆਇਆ ਤੇ ਕਹਿਣ ਲੱਗਾ, ਹੇ ਸਤਿਗੁਰੂ ਜੀ! ਜਿੱਥੇ ਹਰ ਰੋਜ਼ ਕਥਾ ਕੀਰਤਨ ਤੇ ਗੁਰਬਾਣੀ ਦੇ ਪ੍ਰਵਾਹ ਚੱਲਦੇ ਹਨ, ਹੁਣ ਉਹ ਥਾਂ ਲਹੂ ਲੁਹਾਣ ਹੋ ਜਾਵੇਗੀ ਕਿਉਂਕਿ ਸੁਲਹੀ ਖ਼ਾਂ ਬਾਬਾ ਪ੍ਰਿਥੀ ਚੰਦ ਜੀ ਨਾਲ ਗੰਢ ਜੋੜ ਕਰਕੇ ਆ ਰਹੇ ਹਨ। ਸਾਰੀ ਸੰਗਤ ਇਕੱਠੀ ਹੋਈ, ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਇਕ ਚਿੱਠੀ ਲਿਖ ਦਿਉ ਕਿ ਤੁਹਾਡਾ ਸਾਡਾ ਕੋਈ ਵੈਰ ਨਹੀਂ। ਬਾਬਾ ਪ੍ਰਿਥੀ ਚੰਦ ਜੀ ਦੇ ਆਖੇ ਕਹਿਰ ਨਾ ਕਰੋ ਤੇ ਵਾਪਸ ਚੱਲੇ ਜਾਵੋ, ਸਾਡੀ ਜੰਗ ਵਿੱਚ ਕੋਈ ਰੁਚੀ ਨਹੀਂ। ਸਾਹਿਬ ਜੀ ਅਡੋਲ ਬੈਠੇ ਰਹੇ। ਫਿਰ ਕੁਝ ਸਮੇਂ ਮਗਰੋਂ ਅਰਜੋਈ ਕੀਤੀ ਕਿ ਸਤਿਗੁਰੂ ਜੀ ਜੇ ਕਰ ਕੋਈ ਲਿਖਤੀ ਚਿੱਠੀ ਨਹੀਂ ਦੇਣੀ ਚਾਹੁੰਦੇ ਤਾਂ ਦੋ ਚਾਰ ਮੁਖੀਆਂ ਸਿੱਖਾਂ ਨੂੰ ਭੇਜ ਦਿਉ ਤਾਂ ਕਿ ਗੱਲ ਬਾਤ ਕਰਕੇ ਕਾਰਨ ਖਤਮ ਕਰ ਦੇਣ ਪਰ ਸਾਹਿਬ ਦੀ ਅਡੋਲਤਾ ਬਣੀ ਰਹੀ ਫਿਰ ਤੀਜੀ ਵਾਰੀ ਬੇਨਤੀ ਕੀਤੀ ਕਿ ਜੇ ਕਰ ਚਿੱਠੀ ਵੀ ਨਹੀਂ ਭੇਜਣੀ, ਸਿੱਖਾਂ ਨੂੰ ਵੀ ਨਹੀਂ ਭੇਜਣਾ ਤਾਂ ਕਿਰਪਾ ਕਰੋ, ਕੁਝ ਨਾ ਕੁਝ ਹੁਕਮ ਦਿਉ, ਕੋਈ ਉਪਰਾਲਾ ਕਰਕੇ ਸਾਹਮਣਾ ਕਰੀਏ ਤਾਂ ਸਤਿਗੁਰੂ ਜੀ ਨੇ ਸਿਰੰਦਾ ਚੁਕਿਆ ਤੇ ਸ਼ਬਦ ਗਾਇਆ -- "*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥*"

ਇਧਰ ਬਾਬਾ ਪ੍ਰਿਥੀ ਚੰਦ ਜੀ ਸੁਲਹੀ ਖ਼ਾਨ ਨੂੰ ਪ੍ਰਭਾਵ ਦੇਣਾ ਚਾਹੁੰਦਾ ਸੀ ਕਿ ਮੈਨੂੰ ਕਿਸੇ ਧਨ ਦੀ ਲਾਲਸਾ ਨਹੀਂ ਬਲਕਿ ਮੈਂ ਤਾਂ ਵੱਡਾ ਹੋਣ ਦੇ ਨਾਤੇ ਗੁਰਿਆਈ ਦਾ ਹੱਕਦਾਰ ਬਣਦਾ ਹਾਂ। ਸੋ ਮੈਂ ਤਾਂ ਆਪਣੇ ਹੱਕ ਲਈ ਹੀ ਲੜਦਾ ਹਾਂ। ਮੇਰੇ ਕੋਲ ਤਾਂ ਆਵੇ ਹਨ ਜਿਨ੍ਹਾਂ ਨਾਲ ਬਹੁਤ ਧਨ ਆ ਜਾਂਦਾ ਹੈ। ਆਵੇ ਦਿਖਾਉਣ ਲਈ ਸੁਲਹੀ ਖ਼ਾਨ ਨਾਲ ਹੇਅਰੀ ਵਿਚਰ ਰਹੇ ਸਨ। ਸੁਲਹੀ ਖ਼ਾਨ ਨੇ ਸਮੇਤ ਘੋੜੇ 'ਤੇ ਚੜ੍ਹੇ ਹੋਏ ਨੇ ਆਵੇ ਦੇਖਣੇ ਚਾਹੇ ਪਰ ਕੁਦਰਤ ਮਾਲਕ ਦੀ, ਕਿਸੇ ਗੱਲੋਂ ਘੋੜਾ ਤ੍ਰਬਕ ਪਿਆ ਤੇ ਸੁਲਹੀ ਖ਼ਾਨ ਸਮੇਤ ਘੋੜੇ ਸੜ ਕੇ ਮਰ

ਗਿਆ। ਇਕ ਸਿੱਖ ਨੇ ਫਿਰ ਆ ਬੇਨਤੀ ਕੀਤੀ ਕਿ ਸਤਿਗੁਰੂ ਜੀ ਸੁਲਹੀ ਖ਼ਾਨ ਸੜ ਕੇ ਮਰ ਗਿਆ ਹੈ। ਤਦ ਸੱਚ ਸਿਰਜਣਹਾਰੇ ਨੇ ਫਿਰ, ਸਿਰੰਦਾ ਚੁੱਕਿਆ ਤੇ ਬਚਨ ਗਾਏ "*ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥*" ਇਸੇ ਲਈ ਤਾਂ ਭਾਈ ਗੁਰਦਾਸ ਜੀ ਦੀ ਕਲਮ ਨੇ ਮਿਠੜੇ ਸੋਹਿਲੇ ਗਾਏ ਹਨ ਕਿ "*ਗੁਰੂ ਅਰਜਨੁ ਸਚੁ ਸਿਰਜਣਹਾਰਾ*"

ਪ੍ਰਮੇਸ਼ਵਰ ਦੀ ਕਰਨੀ, ਅਚਾਨਕ ਲਾਹੌਰ ਵਿੱਚ ਕਾਲ ਪੈ ਗਿਆ ਜਿਸ ਕਰਕੇ ਕੁਝ ਦਿਨ ਮੌਤ ਨੇ ਖੁੱਲ੍ਹ ਕੇ ਨੰਗਾ ਨਾਚ ਨੱਚਿਆ। ਮਨੁੱਖਤਾ ਦੇ ਦਰਦੀ ਲਈ ਅਜਿਹੀ ਗੱਲ ਸੁਣ ਕੇ ਚੁੱਪ ਕਰ ਬੈਠਣਾ ਔਖਾ ਹੀ ਨਹੀਂ ਬਲਕਿ ਅਸੰਭਵ ਹੈ ਜਿਸ ਕਰਕੇ ਪਤਾ ਲਗਦਿਆਂ ਸਾਰ ਲਾਹੌਰ ਪਹੁੰਚ ਗਏ। ਭੁੱਖ ਦੇ ਸਤਾਇਆਂ ਲਈ ਲੰਗਰ ਲਗਾ ਦਿੱਤੇ ਤੇ ਰੋਗੀਆਂ ਲਈ ਦਵਾ ਦਾਰੂ ਦਾ ਪ੍ਰਬੰਧ ਕੀਤਾ। ਦਿਨ ਰਾਤ ਇਕ ਕਰਕੇ ਸੇਵਾ ਕਰਦੇ ਤੇ ਸਿੱਖਾਂ ਕੋਲੋਂ ਕਰਵਾਉਂਦੇ ਰਹੇ। ਜਦੋਂ ਤਕ ਆਮ ਜਨ-ਜੀਵਨ ਸ਼ੁਰੂ ਨਾ ਹੋ ਗਿਆ ਉਦੋਂ ਤਕ ਉਥੇ ਹੀ ਰਹੇ ਅਤੇ ਅੱਠ ਮਹੀਨੇ ਦਾ ਸਮਾਂ ਲੰਘ ਗਿਆ। ਸਾਂਈਂ ਮੀਆਂ ਮੀਰ ਵਰਗੇ ਅਨੇਕਾਂ ਹੋਰ ਧਰਮੀਆਂ ਨੇ ਸੱਚ ਨੂੰ ਕਿਰਦਾਰ ਦੇ ਬਸਤਰ ਪਹਿਨ ਕੇ ਮਨੁੱਖਤਾ ਦੀ ਸੇਵਾ ਕਰਦਿਆਂ ਤੱਕ ਕੇ ਕਈ ਸ਼ਰਧਾਲੂ ਬਣ ਗਏ। ਸਾਂਈਂ ਮੀਆਂ ਮੀਰ ਤਾਂ ਸੱਚ ਦੇ ਆਸ਼ਿਕ ਹੀ ਸਨ। ਇਸ ਤਰ੍ਹਾਂ ਦੁਖੀਆਂ ਦੇ ਦੁੱਖੜੇ ਆਪਣੀ ਝੋਲੀ ਵਿਚ ਪੁਆ, ਸੁੱਖਾਂ ਦੀਆਂ ਦਾਤਾਂ ਵੰਡ ਫਿਰ ਹੋਰ ਅਨੇਕਾਂ ਥਾਵਾਂ ਵਿਖੇ ਵਿਚਰ ਕੇ ਆਣ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਭਾਗ ਲਾਏ।

ਸਤਿਗੁਰੂ ਅਰਜਨ ਸਾਹਿਬ ਜੀ ਜਿਥੇ ਆਪ ਸੱਚ ਮਾਰਗ ਦੇ ਧਾਰਨੀ ਹੋ ਸੱਚ ਮਾਰਗ ਦਾ ਹੋਕਾ ਦੇ ਰਹੇ ਸਨ ਉਥੇ ਇਕ ਹੋਰ ਅਹਿਮ ਜ਼ਿੰਮੇਵਾਰੀ ਸੀ ਕਿ ਹੁਣ ਤਕ ਦਾ ਕਮਾਇਆ ਸੱਚ, ਮਨੁੱਖਤਾ ਅੱਗੇ ਪਰੋਸਿਆ ਜਾਵੇ। ਕਿਧਰੇ ਅਜਿਹਾ ਨਾ ਹੋਵੇ ਕਿ ਜਿਹੜੇ ਹਰ ਉਪਰਾਲਾ ਕਰ ਰਹੇ ਸਨ ਸੱਚ ਨੂੰ ਛਪਾਉਣ ਵਾਸਤੇ ਉਹ ਸੱਚ ਨੂੰ ਨਿਰੋਲ ਸੱਚ ਵੀ ਨਹੀਂ ਰਹਿਣ ਦੇਣਾ ਚਾਹੁੰਦੇ ਸਨ। ਇਹ ਨਿਰੋਲ ਸੱਚ ਸੀ, ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਹੁਣ ਤਕ ਦੀ ਉਚਾਰੀ ਹੋਈ 'ਧੁਰ ਕੀ ਬਾਣੀ' ਕਿਉਂਕਿ ਇਸ ਪਵਿੱਤਰ ਬਾਣੀ ਉਪਰ ਵੀ ਕਈ ਕੋਝੇ ਤੋਂ ਕੋਝੇ ਹਮਲੇ ਝੂਠ ਨੇ ਕੀਤੇ ਸਨ। ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿਕ ਪ੍ਰਮੁੱਖ ਸਿੱਖਾਂ ਦੀ ਮੀਟਿੰਗ ਕਰਕੇ ਇਸ ਪਵਿੱਤਰ ਬਾਣੀ ਨੂੰ ਇਕੱਤਰ ਕਰਨ ਦਾ ਸੰਕਲਪ ਜ਼ਾਹਿਰ ਕੀਤਾ। ਬਾਬਾ ਬੁੱਢਾ ਸਾਹਿਬ ਜੀ ਦੀ ਨਿੱਤ ਕਿਰਿਆ ਅਤੇ ਆਈ ਗਈ ਸੰਗਤ ਦੀ ਸੇਵਾ ਕਰਨ ਲਈ ਡਿਊਟੀ ਲਗਾਈ ਗਈ। ਭਾਈ ਗੁਰਦਾਸ ਜੀ ਹੱਥ ਕਲਮ ਪਕੜਾ ਰਾਮਸਰ ਦੇ ਕੰਢੇ ਪੋਥੀਆਂ ਇਕੱਠੀਆਂ ਤੇ ਹੋਰ ਲੋੜੀਂਦਾ ਪ੍ਰਬੰਧ ਕਰਕੇ ਪਵਿੱਤਰ ਬਾਣੀ

ਲਿਖਵਾਉਣੀ ਸ਼ੁਰੂ ਕਰਾ ਦਿੱਤੀ। ਬਹੁਤ ਹੀ ਇਕਾਗਰਤਾ ਨਾਲ ਭਾਈ ਗੁਰਦਾਸ ਜੀ ਇਹ ਫਰਜ਼ ਨਿਭਾ ਰਹੇ ਸਨ। ਸਾਰੇ ਪਾਸੇ ਇਹ ਖ਼ਬਰ ਵੀ ਜ਼ੋਰਾਂ ਨਾਲ ਫੈਲ ਗਈ ਸੀ ਕਿ ਸੱਚ ਦੇ ਸਿਰਜਣਹਾਰੇ ਨੇ ਸੱਚ ਦੇ ਅੰਮ੍ਰਿਤ ਬੋਲ ਇਕੱਤਰ ਕਰਨ ਦੀ ਪਵਿੱਤਰ ਵੀਚਾਰ ਹਿਰਦੇ ਵਿੱਚ ਪਾਲੀ ਹੈ। ਸੱਚ ਦੀ ਕੋਈ ਜਾਤ ਨਹੀਂ, ਕੋਈ ਪਾਤ ਨਹੀਂ, ਸੱਚ ਦੀ ਕੋਈ ਨਸਲ ਨਹੀਂ, ਸੱਚ ਦੀ ਕੋਈ ਕੁਲ ਨਹੀਂ, ਕੋਈ ਗੋਤ ਨਹੀਂ, ਕੋਈ ਇਲਾਕਾ ਨਹੀਂ। ਇਸ ਲਈ ਕੋਈ ਸੱਚ ਭਾਵੇਂ ਕਿਸੇ ਚਮਾਰ ਦੇ ਕਰਮ ਕਰਨ ਵਾਸਤੇ, ਕਿਸੇ ਜੁਲਾਹੇ, ਕਿਸੇ ਜੱਟ, ਕਿਸੇ ਨਾਈ ਜਾ ਫਿਰ ਕਿਸੇ ਦੇ ਵੀ ਮੂਹੋਂ ਨਿਕਲਿਆ, ਸੱਚ ਤਾਂ ਕੇਵਲ ਸੱਚ ਹੈ। ਇਸ ਲਈ ਪੰਜਵੇਂ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਪੰਦਰ੍ਹਾਂ ਭਗਤਾਂ, ਜਿਨ੍ਹਾਂ ਦਾ ਇਤਨਾ ਸਤਿਕਾਰ ਵੇਖ ਕੇ ਸੱਚ ਸਿਰਜਣਹਾਰੇ ਦੇ ਚਰਣਾਂ 'ਤੇ ਸੀਸ ਝੁਕ ਜਾਂਦਾ ਹੈ ਕਿ ਵੇਖੋ ! ਜਿਥੇ ਗੁਰਬਾਣੀ ਲਿਖੀ ਤਾਂ ਕੇਵਲ ਮਹਲਾ ਪਾ ਕੇ ਅੱਗੇ ਨੰਬਰ ਪਾ ਦਿੱਤਾ ਪਰ ਜਦੋਂ ਭਗਤਾਂ ਦੀ ਬਾਣੀ ਲਿਖੀ ਤਦ ਕਿੰਨੇ ਸਤਿਕਾਰ ਦੇ ਸ਼ਬਦ ਵਰਤੇ, ਬਾਣੀ ਕਬੀਰ ਜੀਉ ਕੀ, ਬਾਣੀ ਸ਼ੇਖ ਫਰੀਦ ਜੀਉ ਕੀ ਭਾਵ ਉਨ੍ਹਾਂ ਦੇ ਨਾਮ ਨਾਲ ਅਤਿ ਸਤਿਕਾਰਤ ਸ਼ਬਦ ਵਰਤੇ। ਗਿਆਰ੍ਹਾਂ ਭੱਟਾਂ, ਤਿੰਨ ਸਿੱਖਾਂ ਦੀ ਜਬਾਨੋਂ ਨਿਕਲਿਆ ਸੱਚ ਅਤੇ ਪੰਜ ਗੁਰੂ ਸਾਹਿਬਾਂ ਦੇ ਬਚਨ ਸਾਰੇ ਹੀ ਇਕੱਤਰ ਕਰ ਦਿੱਤੇ।

ਝੂਠ ਨੂੰ ਕੇਵਲ ਇਹੀ ਖਤਰਾ ਬਣਿਆ ਰਹਿੰਦਾ ਹੈ ਕਿ ਮੇਰਾ ਪਰਦਾ ਬਹੁਤ ਬਾਰੀਕ ਹੈ, ਕਿਸੇ ਵੇਲੇ ਵੀ ਲੱਥ ਸਕਦਾ ਹੈ ਪਰ ਸੱਚ ਦਾ ਕੱਪੜਾ ਬਹੁਤ ਭਾਰੀ ਹੈ ਜਿਸਨੂੰ ਕੋਈ ਉਤਾਰ ਨਹੀਂ ਸਕਦਾ। ਸੋ ਕੂੜ ਆਦਿ ਕਾਲ ਤੋਂ ਸੱਚ ਦੀ ਚਾਦਰ ਪਹਿਨਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਹਰ ਵਾਰੀ ਨਿਰਾਸ਼ ਹੋਇਆ। ਇਸੇ ਤਰ੍ਹਾਂ ਇਹ ਖ਼ਬਰ ਸੁਣ ਕੇ ਚਾਰ ਅਖੌਤੀ ਭਗਤ ਗੁਰਦੇਵ ਜੀ ਦੀ ਹਜ਼ੂਰੀ ਵਿਚ ਆਏ ਤੇ ਕਹਿਣ ਲੱਗੇ, ਸਾਡੇ ਬਚਨ ਵੀ ਦਰਜ ਕਰੋ। ਇਹ ਚਾਰੇ ਭਗਤ -- ਕਾਨਾ, ਪੀਲੂ, ਛੱਜੂ, ਸ਼ਾਹ ਹੁਸੈਨ ਸਨ ਇਨ੍ਹਾਂ ਨੂੰ ਉੱਚੀ ਤੇ ਸਤਿਕਾਰਤ ਥਾਂ ਉਪਰ ਬਿਠਾ ਕੇ ਆਪੋ ਆਪਣੀ ਰਚਨਾ ਸੁਣਾਉਣ ਲਈ ਕਿਹਾ। ਜਿਵੇਂ ਹਵਾ ਜਿਧਰੋਂ ਦੀ ਗੁਜ਼ਰਦੀ ਹੈ ਤਾਂ ਉਧਰ ਦਾ ਪ੍ਰਭਾਵ ਕਬੂਲ ਜ਼ਰੂਰ ਕਰਦੀ ਹੈ ਭਾਵ ਹਵਾ ਗੰਦੀ ਥਾਂ ਤੋਂ ਦੀ ਲੰਘੇ ਤਾਂ ਸੜਕ 'ਤੇ ਤੁਰਿਆ ਜਾਂਦਾ ਰਾਹੀ ਭਾਵੇਂ ਉਸਨੇ ਗੰਦ ਨਾ ਵੀ ਵੇਖਿਆ ਹੋਵੇ ਪਰ ਹਵਾ ਵਿੱਚ ਰਲੀ ਦੁਰਗੰਧੀ ਕਾਰਨ ਅੰਦਾਜ਼ਾ ਲਾ ਲੈਂਦਾ ਹੈ ਕਿ ਇਧਰ ਗੰਦ ਖਿਲਰਿਆ ਹੋਏਗਾ। ਪਰ ਜੇ ਕਰ ਹਵਾ ਸੁਗੰਧੀ ਲੈ ਆਵੇ ਤਦ ਪਤਾ ਲੱਗ ਜਾਂਦਾ ਹੈ ਕਿਧਰੇ ਫੁੱਲਾਂ ਦੀ ਛੋਹ ਪ੍ਰਾਪਤ ਕਰਕੇ ਹਵਾ ਆ ਰਹੀ ਹੈ। ਇਸੇ ਤਰ੍ਹਾਂ ਹਿਰਦੇ ਤੋਂ ਪੈਦਾ ਹੋਏ ਬੋਲ ਹਿਰਦੇ ਦੀ ਭਾਵਨਾ ਨੂੰ ਵੀ ਜ਼ਾਹਿਰ ਕਰਦੇ ਹਨ। ਚਾਰੇ ਭਗਤਾਂ ਨੇ ਵਾਰੀ ਵਾਰੀ ਆਪਣੀ ਕਿਰਤ ਸੁਣਾਈ

ਪਰ 'ਧੁਰ ਕੀ ਬਾਣੀ' ਵਿੱਚ, ਮਨੁੱਖੀ ਤਲ ਤੋਂ ਪੈਦਾ ਹੋਈ ਕਵਿਤਾ ਕਿਵੇਂ ਮਿਲ ਸਕਦੀ ਸੀ, ਇਸ ਲਈ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਜਿਸ ਕਰਕੇ ਚਾਰੇ ਭਗਤ ਵਾਪਸ ਹੀ ਨਹੀਂ ਗਏ ਬਲਕਿ ਜਾਂਦਿਆਂ ਆਪਣਾ ਅਸਲ ਭਾਵ ਮੰਦੇ ਬਚਨ ਬੋਲ ਕੇ ਪ੍ਰਗਟ ਵੀ ਕਰ ਗਏ। ਭਗਤ ਕਾਨ੍ਹਾ ਜੀ ਨੇ ਮੌਤ ਦੀ ਸਜ਼ਾ ਦਿਵਾਉਣ ਦੀ ਧਮਕੀ ਵੀ ਦਿੱਤੀ ਪਰ ਸੱਚ ਦੇ ਪੁਜਾਰੀ ਗੁਰੂ ਅਰਜਨ ਸਾਹਿਬ ਜੀ ਨੇ ਕੋਈ ਪ੍ਰਵਾਹ ਨਾ ਕੀਤੀ। ਇਸ ਕਰਕੇ ਅੱਜ ਵੀ ਰੱਬੀ ਬਾਣੀ ਦਾ ਇਹ ਬਚਨ ਅਗਵਾਈ ਕਰਦਾ ਹੈ ਕਿ "*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥*" ਕਰੀਬ ੧੬੦੧ ਈ: ਤੋਂ ਸ਼ੁਰੂ ਕਰਕੇ ੧੬੦੪ ਈ: ਤਕ ਤਿੰਨ ਸਾਲਾਂ ਦੀ ਅਣਥੱਕ ਮਿਹਨਤ ਨੇ ਇਸ ਪਵਿੱਤਰ ਗ੍ਰੰਥ ਦੀ ਸੰਪੂਰਨਤਾ ਕਰ ਦਿੱਤੀ ਜਿਸ ਨਾਲ ਗੁਰੂ ਅਮਰਦਾਸ ਸਾਹਿਬ ਜੀ ਦੇ ਇਹ ਅੰਮ੍ਰਿਤ ਬਚਨ ਵੀ ਸੱਚ ਹੋ ਨਿਬੜੇ ਕਿ "*ਦੋਹਿਤਾ ਬਾਣੀ ਕਾ ਬੋਹਿਥਾ॥*"

ਸ੍ਰੀ ਗ੍ਰੰਥ ਜੀ ਦੀ ਸੰਪੂਰਨਤਾ ਦੀ ਖੁਸ਼ੀ ਤੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰਨ ਲਈ ਇਕ ਗੁਰਮਤਿ ਸਮਾਗਮ ਰੱਖਿਆ ਗਿਆ। ਬਹੁਤ ਹੀ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਬਾਬਾ ਬੁੱਢਾ ਸਾਹਿਬ ਜੀ ਦੇ ਸੀਸ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਕਰਵਾ ਕੇ ਆਪ ਸੱਚ ਦੇ ਸਰੂਪ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੱਚ ਨੂੰ ਚੌਰ ਕੀਤਾ।

ਅੱਜ ਦਾ ਇਹ ਦਿਹਾੜਾ ਬਹੁਤ ਸੁਭਾਗਾ ਸੀ ਕਿਉਂਕਿ ਪ੍ਰਮੇਸ਼ਵਰ ਸੱਚ ਤੋਂ ਆਏ ਗੁਰੂ ਸੱਚ ਰਾਹੀਂ ਇਹ ਸੱਚ ਸੱਚੀ ਮਨੁੱਖਤਾ ਤਕ ਪਹੁੰਚ ਗਿਆ ਸੀ। ਹਰੀ ਦੇ ਮੰਦਰ ਵਿੱਚ ਹਰੀ ਦਾ ਸ਼ਬਦ ਹੀ ਪ੍ਰਕਾਸ਼ਮਾਨ ਹੋ ਸਕਦਾ ਸੀ ਕਿਉਂਕਿ ਜਿਸਦਾ "*ਰੂਪ ਨ ਰੇਖ ਨ ਰੰਗ ਕਿਛੁ*" ਹੈ, ਉਸਦੀ ਕੋਈ ਮੂਰਤੀ ਵੀ ਨਹੀਂ ਬਣ ਸਕਦੀ। "*ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥*" ਹੋ ਗਿਆ ਸੀ।

ਸ੍ਰੀ ਹਰਿ ਗੋਬਿੰਦ ਜੀਉ ਉਪਰ ਭਾਵੇਂ ਅਨੇਕਾਂ ਵਾਰ ਕਰਕੇ ਖਾਤਮੇ ਦੀਆਂ ਗੋਂਦਾਂ ਗੁੰਦੀਆਂ ਪਰ ਸਭ ਕੁਝ ਬੇਕਾਰ ਸਾਬਿਤ ਹੋਈਆਂ ਸਨ। ਹਰਿ ਗੋਬਿੰਦ ਸਾਹਿਬ ਜੀ ਸੱਜੀ ਸੁਆਰੀ ਨੁਹਾਰ ਲੈ ਕੇ ਵਿਚਰਦੇ ਸਨ। ਇਕ ਵਾਰੀ ਫਿਰ ਮਾਨੋ ਕੂੜ ਆਪਣੇ ਆਪ ਨੂੰ ਅਜਮਾਉਣ ਲੱਗਾ। ਜਹਾਂਗੀਰ ਦੇ ਦਰਬਾਰ ਦੇ ਅਹਿਲਕਾਰ ਚੰਦੂ ਨੇ ਆਪਣੀ ਲੜਕੀ ਲਈ ਵਰ ਲੱਭਣ ਲਈ ਇਕ ਚਲਦੀ ਰੀਤੀ ਅਨੁਸਾਰ ਪ੍ਰੋਹਿਤ ਨੂੰ ਭੇਜਿਆ ਜਿਹੜਾ ਕਿ ਅਨੇਕਾਂ ਥਾਵਾਂ ਉਪਰ ਹੁੰਦਾ ਹੋਇਆ ਵਰ ਲੱਭਦਾ ਲੱਭਦਾ ਬਹੁਤ ਮਹਿਮਾ ਸੁਣਨ ਦੇ ਕਾਰਨ ਗੁਰੂ ਦਰਬਾਰ ਆ ਗਿਆ। ਸਾਰੇ ਪਾਸੇ ਦਰਸ਼ਨ ਕਰਕੇ ਸ੍ਰੀ ਹਰਿ ਗੋਬਿੰਦ ਜੀ ਦੇ ਵੀ ਦਰਸ਼ਨ ਕਰਕੇ ਰਿਸ਼ਤਾ ਪੱਕਾ ਕਰ ਗਿਆ। ਪਰ ਜਦੋਂ ਚੰਦੂ ਨੂੰ ਦੱਸਿਆ ਤਦ ਹੰਕਾਰੀ ਨੇ ਬਚਨ ਕਹੇ ਕਿ ਚੁਬਾਰੇ ਦੀ ਇਕ ਇੱਟ ਗੰਦੀ ਨਾਲੀ ਨੂੰ ਲਾ ਆਏ ਹੋ। ਇਹ ਗੱਲ ਸਿੱਖ ਸੰਗਤਾਂ ਵਿੱਚ

ਫੈਲ ਗਈ । ਸਿੱਖ ਸੰਗਤਾਂ ਨੇ ਸੱਚ ਉਪਰ ਪਹਿਰਾ ਦੇਣ ਵਾਲੇ ਮਾਲਕ ਗੁਰੂ ਅਰਜਨ ਸਾਹਿਬ ਜੀ ਨੂੰ ਚਿੱਠੀ ਲਿਖੀ। ਸਾਹਿਬ ਜੀ ਨੇ ਚਿੱਠੀ ਪੜ੍ਹ ਕੇ ਸਿੱਖਾਂ ਦੇ ਕਹੇ ਬਚਨ ਪਾਲਣ ਲਈ ਚੰਦੂ ਦੀ ਲੜਕੀ ਦਾ ਰਿਸ਼ਤਾ ਹੀ ਪ੍ਰਵਾਨ ਨਾ ਕੀਤਾ। ਸੱਚ ਨੂੰ ਕਦੇ ਕੂੜ ਦੀ ਪ੍ਰਵਾਹ ਨਹੀਂ ਹੁੰਦੀ।

ਕੂੜਿਆਰਾਂ ਸੋਚਿਆ ਸ਼ਾਇਦ ਅਸੀਂ ਇਕੱਲੇ ਇਕੱਲੇ ਕੋਸ਼ਿਸ਼ਾਂ ਕਰਦੇ ਹਾਂ ਤਦ ਕਰਕੇ ਹੀ ਅਸਫਲ ਹੋ ਜਾਂਦੇ ਹਾਂ, ਹੁਣ ਕਈ ਕੂੜਿਆਰ ਤੂਫਾਨ ਬਣ ਕੇ ਸੱਚ ਦੇ ਪਹਾੜ ਨੂੰ ਡੇਗਣ ਲਈ ਵਿਉਂਤਬੱਧ ਹੋਣ ਲੱਗੇ ਜਿਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ਕਰਨ ਯੋਗ ਹੈ। ਜਿਵੇਂ ਨਕਸ਼ਬੰਦੀਏ ਇਸ ਸੱਚ ਦੇ ਪ੍ਰਚਾਰ ਤੋਂ ਬਹੁਤ ਦੁੱਖੀ ਸਨ। ਕੁਝ ਉਹ ਕਟੜ ਲੋਕ ਜਿਨ੍ਹਾਂ ਦੀਆਂ ਨਜ਼ਰਾਂ ਵਿੱਚ ਸ੍ਰੀ ਗ੍ਰੰਥ ਜੀ ਦੀ ਹੋਂਦ ਬਹੁਤ ਚੁੱਭ ਰਹੀ ਸੀ ਕਿਉਂਕਿ ਸਾਂਈ ਮੀਆਂ ਮੀਰ ਵਰਗੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਸਨ। ਚੰਦੂ ਦੀ ਈਰਖਾ ਮਨੁੱਖਤਾ ਦੇ ਦੋਖੀਆਂ ਦੀਆਂ ਸ਼ਿਕਾਇਤਾਂ ਤੋਂ ਵੱਡੀ ਗੱਲ ਜਹਾਂਗੀਰ ਦਾ ਆਪ ਇਸ ਕੂੜ ਵਿੱਚ ਸ਼ਾਮਲ ਹੋਣਾ, ਇਸ ਸਾਰੇ ਤੂਫਾਨ ਨੇ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਉਪਰ ਖੁਸਰੋ ਦੀ ਬਗਾਵਤ ਵੇਲੇ, ਖੁਸਰੋ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਮੁਰਤਜ਼ਾ ਖ਼ਾਨ ਨੂੰ ਹੁਕਮ ਕਰਕੇ ੨੨ ਮਈ ੧੬੦੬ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅੰਮ੍ਰਿਤਸਰ ਸਾਹਿਬ ਤੋਂ ਚੱਲਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਸਮੇਂ ਨੂੰ ਪਹਿਚਾਣਦਿਆਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਿਕ ਨਾਲ ਸਾਰੀ ਵੀਚਾਰ ਕਰਕੇ ਪਹਿਲਾਂ ਦੀ ਤਰ੍ਹਾਂ ਹੀ ਸੱਚ ਦੀ ਅੱਖ ਨਾਲ ਪਰਖ ਕੇ ਗੁਰਗੱਦੀ ਦੀ ਪਵਿੱਤਰ ਦਾਤ ਬਖਸ਼ਣ ਵਾਸਤੇ ਹਰਿ ਗੋਬਿੰਦ ਸਾਹਿਬ ਜੀ ਨੂੰ ਚੁਣ ਲਿਆ।

ਇਧਰ ਸਾਰੇ ਕੂੜਿਆਰ ਇਕੱਠੇ ਹੋ ਕੇ ਅਤੇ ਜੈਸੀ ਦ੍ਰਿਸ਼ਟੀ ਵੈਸੀ ਸ੍ਰਿਸ਼ਟੀ ਦੇ ਕਥਨ ਅਨੁਸਾਰ ਜਹਾਂਗੀਰ ਜਿਸ ਨੇ ਆਪ ਵੀ 'ਤੋਜ਼ਕਿ ਜਹਾਂਗੀਰੀ' ਵਿੱਚ ਜ਼ਿਕਰ ਕੀਤਾ ਹੈ, ਨੇ ਸਮੁੱਚਾ ਕੂੜ ਦਾ ਪੁਲੰਦਾ ਘੜ ਕੇ ਸੱਚ ਦੀ ਮੂਰਤ ਨੂੰ ਖ਼ਤਮ ਕਰਨ ਦਾ ਤਹਈਆ ਕਰ ਲਿਆ। ਗੁਰੂ ਅਰਜਨ ਸਾਹਿਬ ਜੀ ਲਈ ਲਾਹੌਰ ਦੇ ਹਾਕਮ ਮੁਰਤਜ਼ਾ ਖਾਨ ਨੂੰ ਹੁਕਮ ਹੋਇਆ ਕਿ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਕੇ ਖਤਮ ਕਰ ਦਿੱਤਾ ਜਾਵੇ ਜਿਸ ਕਰਕੇ ਸਤਿਗੁਰੂ ਜੀ ਨੂੰ ਲਾਹੌਰ ਵਿੱਚ ਮੁਰਤਜ਼ਾ ਖ਼ਾਨ ਨੇ ਆਪਣੇ ਨਾਲ ਇਕ ਹੋਰ ਪਾਪੀ ਆਤਮਾ ਚੰਦੂ ਨੂੰ ਵੀ ਸਾਥੀ ਬਣਾ ਲਿਆ। ਸ਼ਹਾਦਤ ਲਈ ਯਥਾ ਸਿਆਸਤ ਦਾ ਕਾਨੂੰਨ ਲਾਗੂ ਕੀਤਾ ਗਿਆ। ਜਿਸ ਅਨੁਸਾਰ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰਨਾ ਪਰ ਰੱਤ ਨਾ ਡੁੱਲਣ੍ਹ ਦੇਣੀ। ਸਭ ਤੋਂ ਪਹਿਲਾਂ ਸਾਹਿਬ ਜੀ ਨੂੰ ਭੁੱਖਾ ਰੱਖਿਆ ਫਿਰ ਤੱਤੀ ਤਵੀ 'ਤੇ ਬਿਠਾ ਕੇ ਕੜਛੇ ਨਾਲ ਸੀਸ ਉਤੇ ਗਰਮ ਗਰਮ ਰੇਤ ਪਾਈ ਗਈ ਪਰ ਫਿਰ ਵੀ ਜਦੋਂ ਜ਼ਾਲਮਾਂ ਦੀ ਅੰਦਰਲੀ ਅੱਗ ਨਾ ਬੁਝੀ ਤਦ

ਉਬਲਦੀ ਦੇਗ ਵਿੱਚ ਉਬਾਲਿਆ ਗਿਆ। ਸੱਚ ਦੇ ਮਾਰਗ ਦਾ ਰਾਹੀ ਟੱਸ ਤੋਂ ਮੱਸ ਨਹੀਂ ਹੋਇਆ ਬਲਕਿ ਸੱਚ ਦਾ ਆਸ਼ਿਕ ਆਪਣੇ ਪਿਆਰੇ ਦੇ ਗੁਣ ਗਾ ਗਾ ਕੇ ਆਨੰਦ ਮਾਣਦਾ ਰਿਹਾ। ਇਸ ਕਹਿਰ ਨੂੰ ਬਰਦਾਸ਼ਿਤ ਕਰਨਾ ਕਿੰਨਾ ਔਖਾ ਹੋਵੇਗਾ ਕਿ ਗੁਰੂ ਘਰ ਵਿੱਚ ਰਹਿ ਕੇ ਭਾਣੇ ਦੀ ਅਵੱਸਥਾ ਤੋਂ ਚੰਗੀ ਤਰ੍ਹਾਂ ਜਾਣੂੰ ਸਾਂਈ ਮੀਆਂ ਮੀਰ ਜੀ ਦਾ ਹਿਰਦਾ ਵੀ ਕੁਰਲਾ ਉਠਿਆ ਅਤੇ ਸਾਹਿਬ ਜੀ ਨੂੰ ਤੱਤੀ ਤਵੀ ਉਪਰ ਬੈਠਿਆਂ ਦੇਖ ਕੇ ਕਹਿਣ ਲੱਗੇ, ਹੁਕਮ ਕਰੋ, ਮੈਂ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂਗਾ। ਸ਼ਾਂਤੀ ਦੇ ਪੁੰਜ ਅਦਬ ਨਾਲ ਆਖਣ ਲੱਗੇ- ਸਾਂਈ ਮੀਆਂ ਮੀਰ ਜੀ ਤੁਸੀਂ ਇਕ ਦਿਨ ਪੰਗਤੀ ਦੇ ਅਰਥ ਪੁੱਛਦੇ ਸੀ ਕਿ "*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥*" ਦੇ ਕੀ ਅਰਥ ਹਨ ? ਅੱਜ ਮੈਂ ਉਨ੍ਹਾਂ ਹੀ ਪੰਗਤੀਆਂ ਦੇ ਅਰਥ ਕਰ ਰਿਹਾ ਹਾਂ। ਆਉ ਸਗੋਂ ਤੁਸੀਂ ਵੀ ਗਾਓ "*ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*"

ਤਪਾਉਣ ਵਾਲੇ ਤਾਂ ਤਪ ਗਏ ਪਰ ਜਿਸਨੂੰ ਤਪਾਉਣਾ ਸੀ, ਉਸਦੇ ਮੁਖਾਰਬਿੰਦ ਤੋਂ ਨਿਕਲੇ ਸ਼ਾਂਤੀ ਤੇ ਭਲੇ ਦੇ ਬਚਨ ਸਪਸ਼ਟ ਕਰ ਰਹੇ ਸਨ ਕਿ ਉਹ ਤਾਂ ਹਾਲੇ ਵੀ ਠੰਡੇ ਹਨ। ਹੋਰ ਦੁੱਖ ਦੇ ਕੇ ਦੁੱਖੀ ਕਰਨ ਦੀ ਲਾਲਸਾ ਨਾਲ ਇਕ ਹੋਰ ਉਪਰਾਲਾ ਕੀਤਾ ਕਿ ਸੜੇ ਹੋਏ ਉਤੇ ਪਾਇਆ ਠੰਡਾ ਪਾਣੀ ਸੜਨ ਵਿੱਚ ਵਾਧਾ ਕਰੇਗਾ। ਇਸ ਲਈ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਰਾਵੀ 'ਤੇ ਲਿਜਾ ਕੇ ਰੋੜ੍ਹ ਦਿੱਤਾ। ੩੦ ਮਈ ੧੬੦੬ ਈ: ਵਾਲੇ ਦਿਨ ਰਾਵੀ ਨੇ ਸਦੀਵ ਕਾਲ ਸੱਚ ਨੂੰ ਆਪਣੀ ਬੁਕਲ ਵਿੱਚ ਸਮਾ ਲਿਆ। ਇਸੇ ਕਰਕੇ ਤਾਂ ਅੱਜ ਰਾਵੀ ਦੀ ਕਦਰ ਹੈ, ਨਹੀਂ ਤੇ ਰਾਵੀ ਨੂੰ ਕਿਸ ਜਾਣਨਾ ਤੇ ਪਹਿਚਾਣਨਾ ਸੀ।

ਪ੍ਰੋ: ਸਾਹਿਬ ਸਿੰਘ ਜੀ ਦੀ ਲਿਖੀ ਪੁਸਤਕ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ' ਵਿੱਚ ਬਹੁਤ ਹੀ ਸੁੰਦਰ ਜ਼ਿਕਰ ਕੀਤਾ ਮਿਲਦਾ ਹੈ ਕਿ ਕਦੇ ਹਰਨਾਕਸ਼ ਦੀ ਕਚਹਿਰੀ ਵਿੱਚ ਭਗਤ ਪ੍ਰਹਿਲਾਦ ਨੇ ਅੱਗ ਨਾਲ ਪ੍ਰੀਖਿਆ ਦਿੱਤੀ, ਪਰ ਅੱਜ ਤਕ ਸੰਸਾਰ ਇਹ ਕਹਿੰਦਾ ਹੈ ਕਿ ਕੀੜੀ ਨਾ ਬਣ ਦੋਂ ਰਾਮਾ ਪ੍ਰਹਿਲਾਦ ਡੋਲ ਜਾਂਦਾ। ਦੂਜੀ ਇਕ ਹੋਰ ਵੀਚਾਰ ਆਖਦੇ ਹਨ ਕਿ ਨਮਰਦ ਦੀ ਕਚਹਿਰੀ ਵਿੱਚ ਹਜ਼ਰਤ ਇਬਰਾਹਿਮ ਨੇ ਪ੍ਰੀਖਿਆ ਦਿੱਤੀ, ਭੱਖਦੇ ਅੰਗਿਆਰਾਂ ਉਪਰ ਚਲਣਾ ਸੀ ਪਰ ਭੱਖਦੇ ਅੰਗਿਆਰ ਅਰਦਾਸ ਕਾਰਨ ਕਹਿੰਦੇ ਹਨ, ਗੁਲਾਬ ਦੇ ਫੁੱਲ ਬਣ ਗਏ। ਪਰ ਇਧਰ ਤਾਂ ਨਾ ਹੀ ਤਵੀ ਠੰਡੀ ਹੋਈ, ਨਾ ਅੱਗ ਦਾ ਸੁਭਾਅ ਬਦਲਿਆ, ਨਾ ਰੇਤ ਹੀ ਸੀਤਲ ਸੀ ਬਲਕਿ ਸਭ ਕੁਝ ਭੱਖਿਆ ਸੀ। ਹੋਰ ਹੈਰਾਨੀ ਦੀ ਗੱਲ ਜਿਹੜਾ ਆਪ ਹੀ ਪ੍ਰਤੱਖ ਹਰਿ ਹੋ ਕੇ ਪ੍ਰਗਟਿਆ ਹੋਵੇ, ਉਹ ਅਰਦਾਸ ਵੀ ਨਾ ਕਰੇ ਬਲਕਿ ਭਾਣੇ ਵਿੱਚ ਰਹਿਣ ਦਾ ਸਬਕ ਦਿੰਦਾ ਹੋਵੇ ਤਦ ਹੀ ਤਾਂ ਫਿਰ ਭਾਈ ਗੁਰਦਾਸ

ਜੀ ਦੀ ਕਲਮ ਨੇ ਆਖਿਆ ਹੈ ਕਿ *"ਗੁਰੂ ਅਰਜਨੁ ਸਚੁ ਸਿਰਜਣਹਾਰਾ"*

ਕਿੰਨਾ ਚੰਗਾ ਹੋਵੇ ਜੇਕਰ ਅੱਜ ਸੰਸਾਰ ਇਹੋ ਜਿਹੇ ਮਹਾਨ ਸਤਿਗੁਰੂ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਜਿਥੇ ਛਬੀਲਾਂ ਤੋਂ ਠੰਡਾ ਮਿੱਠਾ ਜਲ ਛਕਦਾ ਹੈ, ਉਥੇ ਸੱਚ ਦੇ ਮਾਰਗ ਉਪਰ ਚੱਲਣ ਦਾ ਉੱਦਮ ਉਪਰਾਲਾ ਕਰੇ ਜਿਸ ਨਾਲ ਹਰ ਜੀਵ ਸੱਚ ਵਿੱਚ ਸਮਾ ਕੇ ਜਨਮ ਮਰਨ ਤੋਂ ਰਹਿਤ ਹੋ ਸਕਦਾ ਹੈ।

ਇਸ ਤਰ੍ਹਾਂ ਸੱਚ ਸਿਰਜਣਹਾਰੇ ਨੇ ਸੱਚ ਸਿਰਜ ਕੇ ਅਦੁੱਤੀ ਪੂਰਨੇ ਪਾ ਦਿੱਤੇ।

"ਗੁਰੂ ਅਰਜਨੁ ਸਚੁ ਸਿਰਜਣਹਾਰਾ"

ਵਡ ਜੋਧਾ ਬਹੁ ਪਰਉਪਕਾਰੀ

ਸੱਚਖੰਡ ਸ੍ਰੀ ਹਰਿ ਮੰਦਰ ਸਾਹਿਬ ਜੀ ਦੀ ਪਵਿੱਤਰ ਸੇਵਾ ਵਾਸਤੇ ਜਿਵੇਂ ਧੰਨ ਬਾਬਾ ਬੁੱਢਾ ਸਾਹਿਬ ਜੀ ਵਰਗੀ ਸੱਚੀ ਤੇ ਸੁੱਚੀ ਮਹਾਨ ਸਖਸ਼ੀਅਤ ਨੂੰ ਚੁਣਿਆ ਗਿਆ ਸੀ। ਇਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਵਾਸਤੇ ਮਹਾਨ ਸਖਸ਼ੀਅਤ ਭਾਈ ਗੁਰਦਾਸ ਜੀ ਦੀ ਸੇਵਾ ਲੱਗੀ ਹੋਈ ਸੀ। ਜਦੋਂ ਵੀ ਸਤਿਗੁਰੂ ਜੀ ਕਿਸੇ ਕਾਰਜ ਲਈ ਅੰਮ੍ਰਿਤਸਰ ਸਾਹਿਬ ਤੋਂ ਰਵਾਨਾ ਹੁੰਦੇ ਤਾਂ ਇਹ ਸੇਵਾ ਸੰਭਾਲ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਹੀ ਸੌਂਪ ਕੇ ਜਾਂਦੇ ਸਨ।

ਸੰਪਾਦਨਾ ਵੇਲੇ ਭਾਈ ਗੁਰਦਾਸ ਜੀ ਦੀ ਕਲਮ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਨਹੀਂ ਲਿਖੀ ਬਲਕਿ ਆਪ ਇਕ ਅਧਿਆਤਮਿਕ ਜਗਿਆਸੂ ਦੀ ਆਤਮਾ ਨੂੰ ਸ਼ਿੰਗਾਰ ਕੇ ਸਾਂਈਂ ਦਰ ਭੇਜਣ ਲਈ ਵਾਰਾਂ ਤੇ ਕਬਿੱਤ ਰਚਨਾਵਾਂ ਰਚੀਆਂ। ਭਾਈ ਗੁਰਦਾਸ ਜੀ ਦੀ ਹੀ ਇਕ ਪਉੜੀ ਵਿਚੋਂ ਲਿਖੀ ਇਸ ਪੰਕਤੀ ਰਾਹੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੀਦਾਰ ਕਰੀਏ ਕਿਉਂਕਿ ਉਨ੍ਹਾਂ ਕੋਲ ਗੁਰੂ ਕਿਰਪਾ ਸਦਕਾ ਉਹ ਅੱਖ ਹੈ, ਜਿਸ ਨਾਲ ਗੁਰੂ ਜੋਤਿ ਦੇ ਪ੍ਰਤੱਖ ਦੀਦਾਰ ਹੋ ਸਕਦੇ ਹਨ। ਭਾਈ ਗੁਰਦਾਸ ਜੀ ਦੇ ਬਚਨ ਹਨ –

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

"ਵਡ ਜੋਧਾ ਬਹੁ ਪਰਉਪਕਾਰੀ"

ਮਾਤਾ ਗੰਗਾ ਜੀ ਨੇ ਅੱਜ ਸਾਰੀਆਂ ਦਾਸੀਆਂ ਭਾਵ ਗੁਰੂ ਘਰ ਦੀਆਂ ਸੇਵਕਾਵਾਂ ਤੇ ਸ਼ਰਧਾਲੂ ਸੇਵਕ ਸੱਦੇ ਹੋਏ ਸਨ ਕਿਉਂਕਿ ਕਈ ਦਿਨਾਂ ਤੋਂ ਗੁਰੂ ਘਰ ਦੀਆਂ ਕੀਮਤੀ ਚੀਜ਼ਾਂ ਦੀ ਦੇਖ ਭਾਲ ਨਹੀਂ ਸੀ ਹੋ ਸਕੀ। ਕੀਮਤੀ ਸਾਜੋ ਸਾਮਾਨ ਨੂੰ ਅੱਜ ਧੁੱਪ ਵਿੱਚ ਰੱਖ ਕੇ ਮੁੜ ਸੰਭਾਲਣਾ ਸੀ ਜਿਸ ਕਰਕੇ ਕਈ ਸੇਵਕ ਜਨ ਸਵੇਰ ਦੀ ਦਰਬਾਰ ਸਾਹਿਬ ਹਾਜਰੀ ਲਗਵਾ ਕੇ, ਗੁਰੂ ਦੀਦਾਰ ਪਾ ਕੇ ਸੇਵਾ ਵਿੱਚ ਲੱਗੇ ਹੋਏ ਸਨ। ਦੁਪਹਿਰ ਢਲਦਿਆਂ ਹੀ ਸਾਮਾਨ ਸੰਭਾਲ ਕੇ ਸੇਵਕ ਆਪੋ ਆਪਣੇ ਨਿਵਾਸ ਅਸਥਾਨਾਂ ਵੱਲ ਜਾ ਰਹੇ ਸਨ ਕਿ ਇਕ ਦਾਸੀ ਦੇ ਕੰਨਾਂ ਵਿੱਚ ਹੋ ਰਹੀ ਗੁਰੂ ਘਰ ਦੀ ਨਿੰਦਾ ਦੇ ਬੋਲਾਂ ਨੇ ਸੁਣਾਈ ਦਿੱਤਾ। ਦਾਸੀ ਨੇ ਕੁਝ ਤਵੱਜੋ ਦੇ ਕੇ ਸੁਣਿਆਂ ਤਦ ਪਤਾ ਲੱਗਿਆ ਕਿ ਮਾਤਾ ਕਰਮੋ ਜੀ ਗੁਰੂ ਰਾਮਦਾਸ

ਪਾਤਿਸ਼ਾਹ ਜੀ ਦੀ ਵੱਡੀ ਨੂੰਹ ਆਪਣੇ ਪਤੀ ਬਾਬਾ ਪ੍ਰਿਥੀ ਚੰਦ ਨੂੰ ਕੋਸ-ਕੋਸ ਕੇ ਕਹਿ ਰਹੀ ਸੀ ਕਿ ਜਿਸ ਸਭ ਕੁਝ ਸਾਜੋ ਸਾਮਾਨ ਦਾ ਮਾਲਕ ਅੱਜ ਗੁਰੂ ਅਰਜਨ ਸਾਹਿਬ ਬਣੇ ਬੈਠੇ ਹਨ, ਉਸ ਸਭ ਕੁਝ ਉਪਰ ਆਪਣਾ ਕਬਜ਼ਾ ਹੋਣਾ ਸੀ ਜੇ ਕਰ ਤੁਸੀਂ ਕੋਈ ਨਾ ਕੋਈ ਯੋਗ ਉਪਰਾਲਾ ਕਰਦੇ। ਬਾਬਾ ਪ੍ਰਿਥੀ ਚੰਦ ਜੀ ਨੇ ਆਖਿਆ ਕਿ ਹੇ ਭਗਵਾਨੇ, ਅਸਲ ਵਿੱਚ ਗੁਰੂ ਰਾਮਦਾਸ ਮਹਾਰਾਜ ਜੀ ਦੀ ਕਿਰਪਾ ਮੇਰੇ ਉਤੇ ਹੀ ਹੈ ਬਲਕਿ ਗੁਰੂ ਅਰਜਨ ਸਾਹਿਬ ਤਾਂ ਇਸ ਬਖਸ਼ਿਸ਼ ਤੋਂ ਸੱਖਣਾ ਹੈ ਕਿਉਂਕਿ ਇਹ ਜਿਹੜਾ ਸਾਜੋ ਸਾਮਾਨ ਤੂੰ ਦੇਖਿਆ ਹੈ, ਇਹ ਤਾਂ ਮੁੱਲ ਵੀ ਮਿਲ ਸਕਦਾ ਹੈ ਪਰ ਜਿਹੜਾ ਹੀਰੇ ਵਰਗਾ ਪੁੱਤਰ ਮਿਹਰਵਾਨ ਸਾਨੂੰ ਬਖਸ਼ਿਆ ਹੈ, ਉਸ ਤੋਂ ਤਾਂ ਗੁਰੂ ਅਰਜਨ ਅਤੇ ਗੰਗਾ ਦੀ ਝੋਲੀ ਖਾਲੀ ਹੈ। ਇਹ ਸਾਰਾ ਸਾਮਾਨ ਤੂੰ ਆਪਣਾ ਹੀ ਸਮਝ। ਮਨੁੱਖ ਸਾਰੀ ਦੌੜ ਭੱਜ ਬੱਚਿਆਂ ਲਈ ਹੀ ਤਾਂ ਕਰਦਾ ਹੈ। ਇਸ ਲਈ ਆਪਾਂ ਵੀ ਆਪਣੇ ਬੱਚੇ ਲਈ ਹੀ ਕਰਨਾ ਸੀ। ਪਰ ਉਸ ਉਪਰ ਪਹਿਲਾਂ ਹੀ ਰਹਿਮਤ ਹੋ ਗਈ। ਜੇਕਰ ਅੱਜ ਗੁਰੂ ਅਰਜਨ ਗੁਰ ਗੱਦੀ ਦਾ ਮਾਲਕ ਬਣੀ ਬੈਠਾ ਹੈ ਤਾਂ ਕੀ ਹੋਇਆ ? ਕੱਲ ਨੂੰ ਤਾਂ ਗੁਰੂ ਮੇਰੇ ਹੀ ਪੁੱਤਰ ਨੇ ਬਣਨਾ ਹੈ। ਗੁਰੂ ਅਰਜਨ ਦੇ ਘਰ ਤਾਂ ਔਲਾਦ ਨਹੀਂ ਤੇ ਨਾ ਹੀ ਹੋਏਗੀ। ਇਹ ਤਾਂ ਇਸ ਘਰ ਤੋਂ ਇਸੇ ਤਰ੍ਹਾਂ ਖਾਲੀ ਹੀ ਜਾਵੇਗਾ। ਅਸਲ ਵਿੱਚ ਅਸੀਂ ਹੀ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਦੇ ਵਾਰਿਸ ਬਣਾਂਗੇ, ਇਹ ਤਾਂ ਝੂਠ ਪਾਖੰਡ ਖਲਾਰੀ ਬੈਠਾ ਹੈ।

ਅਜਿਹੇ ਬਚਨ ਸੁਣ ਕੇ ਦਾਸੀ ਭਲਾ ਘਰ ਕਿਵੇਂ ਜਾ ਸਕਦੀ ਸੀ, ਉਠ ਫਿਰ ਮਾਤਾ ਗੰਗਾ ਜੀ ਕੋਲ ਆ ਕੇ ਦਿਲ ਦਾ ਦਰਦ ਦੱਸਣ ਲੱਗੀ। ਨਾਲ ਵਾਸਤਾ ਪਾਇਆ ਕਿ ਸਾਡੇ ਸੇਵਕਾਂ ਦੀ ਖ਼ਾਤਰ ਹੀ ਅੱਜ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਪਾਸ ਬੇਨਤੀ ਤੇ ਤਰਲਾ ਕਰਨਾ। ਮਾਤਾ ਗੰਗਾ ਜੀ ਨੇ ਆਪਣੇ ਗੁਰੂ ਪਤੀ ਜੀ ਨੂੰ ਯੋਗ ਸਮਾਂ ਜਾਣ ਕੇ ਜੋਦੜੀ ਕੀਤੀ ਕਿ ਜੇ ਕਰ ਗੱਲ ਮੇਰੀ ਜਾਂ ਤੁਹਾਡੀ ਹੁੰਦੀ ਤਦ ਬਰਦਾਸ਼ਿਤ ਕੀਤੀ ਜਾ ਸਕਦੀ ਸੀ ਪਰ ਹੁਣ ਤਾਂ ਉਸ ਗੁਰੂ ਪਾਤਿਸ਼ਾਹ ਜੀ ਵੱਲ ਲੋਕ ਉਂਗਲ ਚੁੱਕਦੇ ਹਨ ਜਿਨ੍ਹਾਂ ਨੂੰ ਤੁਸੀਂ ਹਰ ਰੋਜ਼ ਹਾਜ਼ਰ ਨਾਜ਼ਰ ਜਾਣ ਕੇ ਆਖਦੇ ਹੋ ਕਿ

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

ਜਿਸ ਗੁਰੂ ਪਾਤਿਸ਼ਾਹ ਜੀ ਨੂੰ ਸਭ ਤੋਂ ਵੱਡਾ ਕਹਿ ਕੇ ਸਲਾਹੁੰਦੇ ਹੋ, ਉਸ ਦੀ ਨਿੰਦਾ ਕੰਨ ਕਿਵੇਂ ਸੁਣ ਸਕਦੇ ਹਨ। ਇਸ ਲਈ ਅਨੇਕਾਂ ਦੇ ਘਰ ਰੌਸ਼ਨ ਕਰਨ ਵਾਲਿਆਂ ਦੇ ਆਪਣੇ ਹੀ ਘਰ ਵਿੱਚ ਔਲਾਦ ਦਾ ਚਿਰਾਗ ਨਾ ਜਗਦਾ ਹੋਵੇ, ਫਿਰ ਇਨ੍ਹਾਂ ਦੀਆਂ ਗੱਲਾਂ ਦਾ ਕੀ

ਜਵਾਬ ਦੇਈਏ। ਪੰਜਵੇਂ ਪਾਤਿਸ਼ਾਹ ਜੀ ਬੜੇ ਹੀ ਠਰੰਮੇ ਨਾਲ ਹੱਸਦਿਆਂ ਹੋਇਆ ਆਖਣ ਲੱਗੇ ਕਿ ਜੇ ਕਰ ਗੱਲ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਦੀ ਹੈ ਤਾਂ ਇਸ ਵੇਦਨਾ ਨੂੰ ਵੀ ਅਰਦਾਸ ਰੂਪ ਵਿਚ ਉਸ ਅੱਗੇ ਹੀ ਆਖੋ ਜਿਸਨੂੰ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਘਰ ਬਹੁਤ ਪਿਆਰਾ ਹੈ ਭਾਵ ਬਾਬਾ ਬੁੱਢਾ ਜੀ ਕੋਲ ਹਾਜ਼ਰ ਹੋ ਕੇ ਅਜਿਹੀ ਬੇਨਤੀ ਕਰੋ ਉਨ੍ਹਾਂ ਦੀ ਸਿਦਕ ਨਾਲ ਸੇਵਾ ਸਤਿਕਾਰ ਵੀ ਕਰਨਾ । ਤਦ ਮਾਤਾ ਗੰਗਾ ਜੀ ਨੇ ਪੁੱਛਿਆ ਕਿ ਸੇਵਾ ਸਤਿਕਾਰ ਕਿਵੇਂ ਕਰੀਏ ? ਸਾਹਿਬ ਜੀ ਦਾ ਫਿਰ ਉੱਤਰ ਸੀ ਕਿ ਜਿਵੇਂ ਕਦੇ ਬਾਬਾ ਬੁੱਢਾ ਜੀ ਨੇ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਘਰ ਦੀਆਂ ਬਖਸ਼ਿਸ਼ਾਂ ਲਈਆਂ ਸਨ। ਅਦਬ ਸਤਿਕਾਰ ਨਾਲ ਦੁੱਧ ਪਿਆ ਕੇ ਗੁਰੂ ਚਰਨਾਂ ਵਿੱਚ ਅਡੋਲ ਥਾਂ ਬਣਾ ਲਈ ਸੀ। ਤੁਸੀਂ ਵੀ ਬਾਬਾ ਜੀ ਦੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਰਕੇ ਅਰਦਾਸ ਕਰਵਾਉ। ਮਾਲਕ ਬਰਕਤਾਂ ਪਾਵੇਗਾ। ਇਹ ਵੀਚਾਰ ਸੁਣ ਕੇ ਮਾਤਾ ਗੰਗਾ ਜੀ ਨੇ ਸ਼ਰਧਾ ਭਾਵਨਾ ਨਾਲ ਪ੍ਰਸ਼ਾਦ ਪਾਣੀ ਤਿਆਰ ਕੀਤਾ ਤੇ ਆਪ ਲੈ ਕੇ ਬੀੜ ਸਾਹਿਬ ਗਏ। ਜਦੋਂ ਪ੍ਰਸ਼ਾਦ ਪਾਣੀ ਛਕਾ ਕੇ ਅਰਦਾਸ ਕਰਨ ਲਈ ਬੇਨਤੀ ਕੀਤੀ, ਹੇ ਸਤਿਗੁਰੂ ਜੀ ! "ਆਪ ਜੀ ਦੀ ਹੀ ਅਰਦਾਸ, ਆਪ ਜੀ ਦੇ ਹੀ ਚਰਣਾਂ ਦੇ ਪਾਸ" ਆਪਣੇ ਦਾਸ ਦੀ ਲਾਜ ਰੱਖ ਲੈਣਾ।

ਮਾਤਾ ਗੰਗਾ ਜੀ ਔਲਾਦ ਪ੍ਰਾਪਤੀ ਦੀ ਅਰਦਾਸ ਕਰਵਾਉਣ ਗਏ ਸਨ ਪਰ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੇ ਔਲਾਦ ਦੀ ਅਰਦਾਸ ਨਹੀਂ ਬਲਕਿ ਅਰਦਾਸ ਕੀਤੀ ਕਿ ਤੁਹਾਡੇ ਘਰ ਜੋਧਾ ਪ੍ਰਗਟ ਹੋਵੇਗਾ। ਹੁਣ ਹੈਰਾਨੀ ਦੀ ਗੱਲ ਕਿ ਯੋਧੇ ਦੀ ਅਰਦਾਸ ਕਿਉਂ ਕੀਤੀ ? ਅਸਲ ਵਿੱਚ ਇਹੋ ਅਰਦਾਸ ਹੀ ਇਕ ਦਿਨ ਸੱਚ ਹੋ ਨਿਬੜੀ ਜਦੋਂ ਕੋਈ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੱਗੇ ਠਹਿਰ ਨਾ ਪਾਇਆ। ਅਜਿਹਾ ਯੋਧਾ ਸੰਸਾਰ ਦੇ ਤਖ਼ਤੇ 'ਤੇ ਨਹੀਂ ਹੋਇਆ। ਤਦ ਹੀ ਤਾਂ ਭਾਈ ਗੁਰਦਾਸ ਜੀ ਦੀ ਕਲਮ ਦੀ ਨੋਕ ਨੇ ਆਖਿਆ ਕਿ

"ਵਡ ਯੋਧਾ ਬਹੁ ਪਰਉਪਕਾਰੀ ॥"

ਸੰਗਤਾਂ ਦੀ ਚਾਹਤ, ਬਾਬਾ ਬੁੱਢਾ ਜੀ ਦੀ ਅਰਦਾਸ ਤੇ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਅਤੇ ਮਾਤਾ ਗੰਗਾ ਜੀ ਦੇ ਸਬਰ ਨੂੰ ਇਹ ਫਲ ਲੱਗਾ ਕਿ ਸਾਹਿਬਜ਼ਾਦੇ ਦਾ ਮਾਤਾ ਜੀ ਦੇ ਉਦਰ ਵਿਖੇ ਪ੍ਰਕਾਸ਼ ਹੋ ਗਿਆ। ਸਮੇਂ ਦੀ ਨਜ਼ਾਕਤ ਨੂੰ ਪਹਿਚਾਨਣਾ ਵੀ ਦਾਨਿਸ਼ਮੰਦਾਂ ਦਾ ਕਰਮ ਹੁੰਦਾ ਹੈ। ਇਸ ਲਈ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਸਲਾਹ ਕਰਕੇ ਮਾਤਾ ਗੰਗਾ ਜੀ ਨੂੰ ਵਡਾਲੀ ਭੇਜ ਦਿੱਤਾ। ਸਮੇਂ ਅਨੁਸਾਰ ਗੁਰੂ ਅਰਜਨ ਸਾਹਿਬ ਜੀ ਦੇ ਪਵਿੱਤਰ ਗ੍ਰਿਹਿ ਵਿਖੇ ਮਾਤਾ ਗੰਗਾ ਜੀ ਦੀ ਕੁੱਖ ਤੋਂ ਵਡਾਲੀ ਵਿਖੇ ਬਾਲੜੇ ਸ੍ਰੀ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ। ਇਹ ਸੁਭਾਗਾ ਦਿਹਾੜਾ ੯ ਜੂਨ

੧੫੯੫ ਦਾ ਸੀ। ਇਹ ਖ਼ਬਰ ਸਾਰੇ ਪਾਸੇ ਫੈਲ ਗਈ। ਸੰਗਤਾਂ ਦੀਆਂ ਖੁਸ਼ੀਆਂ ਦਾ ਅੰਤ ਨਾ ਰਿਹਾ, ਹਰ ਪਾਸੇ ਆਨੰਦੋ ਆਨੰਦ ਘਣਾ ਸੀ। ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਮਾਝੇ ਦੀਆਂ ਸੰਗਤਾਂ ਨੇ ਬਹੁਤ ਵਧਾਈਆਂ ਦਿੱਤੀਆਂ ਕਿਉਂਕਿ ਗੁਰੂ ਸਾਹਿਬ ਜੀ ਉਦੋਂ ਮਾਝੇ ਦੇ ਹੀ ਇਲਾਕੇ ਵਿੱਚ ਵਿਚਰ ਰਹੇ ਸਨ। ਇਕ ਗੱਲ ਧਿਆਨ ਦੇਣ ਯੋਗ ਹੈ ਕਿ ਗੁਰੂ ਘਰ ਵਿੱਚ ਔਲਾਦ ਦਾ ਜਨਮ ਤਾਂ ਪਹਿਲਾਂ ਵੀ ਹੋਇਆ ਹੈ ਪਰ ਪਹਿਲਾਂ ਕਿਸੇ ਦੇ ਬਾਰੇ ਵਿੱਚ ਗੁਰਬਾਣੀ ਵਿੱਚ ਇਤਨੇ ਸ਼ਬਦ ਨਹੀਂ ਆਉਂਦੇ ਜਿਤਨੇ ਛੇਵੇਂ ਸਤਿਗੁਰੂ ਜੀ ਲਈ ਹਨ। ਇਸ ਦਾ ਪ੍ਰਮੁੱਖ ਕਾਰਨ ਸੀ ਕਿ ਛੋਟੇ ਸਤਿਗੁਰੂ ਜੀ ਦੇ ਪ੍ਰਕਾਸ਼ ਪਿੱਛੇ ਕੇਵਲ ਮਾਤਾ ਪਿਤਾ ਦੀ ਹੀ ਭਾਵਨਾ ਨਹੀਂ ਬਲਕਿ ਸਿੱਖ ਜਗਤ ਦੀ ਹੀ ਭਾਵਨਾ ਸੀ। ਪ੍ਰਕਾਸ਼ ਦੀ ਖ਼ਬਰ ਪਾ ਕੇ ਵੀ ਪੰਚਮ ਗੁਰਦੇਵ ਨੇ ਅੰਮ੍ਰਿਤ ਪਵਿੱਤਰ ਸ਼ਬਦ ਗਾ ਕੇ ਜਿਸ ਗੁਰੂ ਨਾਨਕ ਪਾਤਿਸ਼ਾਹ ਦੀਆਂ ਵੱਡਿਆਈਆਂ ਦਾ ਵਾਸਤਾ ਪਾ ਕੇ ਸੰਗਤਾਂ ਸਮੇਤ ਮਾਤਾ ਗੰਗਾ ਜੀ ਨੇ ਬੇਨਤੀ ਕੀਤੀ ਸੀ, ਅੱਜ ਫਿਰ ਉਸੇ ਹੀ ਪਾਤਿਸ਼ਾਹ ਜੀ ਦੇ ਕੀਰਤਨ ਰਾਹੀਂ ਦੀਦਾਰ ਕਰਦਿਆਂ ਸੰਗਤਾਂ ਸਮੇਤ ਗਾਇਆ ਗਿਆ ਕਿ - *ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥*

ਜਿਵੇਂ ਪਾਣੀ ਪਾਉਣ ਨਾਲ ਲੱਗੀ ਅੱਗ ਬੁਝ ਜਾਂਦੀ ਹੈ ਪਰ ਜੇਕਰ ਇਹੋ ਪਾਣੀ ਚੂਨੇ ਵਿੱਚ ਪਾ ਦਈਏ ਤਦ ਉਸ ਚੰਦਰੇ ਵਿੱਚ ਸਗੋਂ ਅੱਗ ਲੱਗ ਜਾਂਦੀ ਹੈ। ਇਸੇ ਤਰ੍ਹਾਂ ਹੀ ਇਸ ਖੁਸ਼ੀਆਂ ਭਰੀ ਖ਼ਬਰ ਨੇ ਜਿੱਥੇ ਹਰ ਪਾਸੇ ਖੁਸ਼ੀਆਂ ਹੀ ਖੁਸ਼ੀਆ ਬਿਖੇਰ ਦਿੱਤੀਆਂ ਪਰ ਉਥੇ ਬਾਬਾ ਪ੍ਰਿਥੀ ਚੰਦ ਜੀ ਦੇ ਹਿਰਦੇ ਵਿੱਚ ਸਗੋਂ ਇਸ ਖ਼ਬਰ ਨੇ ਅੱਗ ਲਾ ਦਿੱਤੀ। ਮਾਤਾ ਕਰਮੋ ਜੀ ਨੇ ਸਲਾਹ ਕਰਕੇ ਇਕ ਦਾਈ ਨੂੰ ਧਨ ਦਾ ਲਾਲਚ ਦੇ ਕੇ ਗੁਰੂ ਕੀ ਵਡਾਲੀ ਭੇਜਿਆ ਕਿ ਆਪਣੇ ਥਣਾਂ ਨਾਲ ਜ਼ਹਿਰ ਲਾ ਕੇ ਬੱਚੇ ਨੂੰ ਦੁੱਧ ਪਿਆ ਦੇਵੀਂ। ਇਸ ਤਰ੍ਹਾਂ ਇਹ ਨਾਜ਼ਕ ਜਿਹਾ ਬੂਟਾ ਹੁਣੇ ਹੀ ਪੁਟਿਆ ਜਾਵੇਗਾ, ਕੱਲ ਨੂੰ ਦਰਖ਼ਤ ਨਹੀਂ ਬਣੇਗਾ। ਦਾਈ ਨੇ ਅਜਿਹਾ ਹੀ ਕੀਤਾ। ਪਰ ਜਦੋਂ ਜਬਰਦਸਤੀ ਦੁੱਧ ਪਿਆਲਣ ਲੱਗੀ ਤਾਂ ਸ੍ਰੀ ਹਰਿ ਗੋਬਿੰਦ ਜੀ ਦੁੱਧ ਨਾ ਪੀਣ। ਸਾਰੀ ਕੋਸ਼ਿਸ਼ ਬੇਕਾਰ ਗਈ। ਸਗੋਂ ਜ਼ਹਿਰ ਦਾ ਉਲਟਾ ਅਸਰ ਹੋ ਜਾਣ ਕਾਰਨ ਦਾਈ ਜਗਤ ਤੋਂ ਜਾਣ ਲੱਗਿਆਂ ਗੁਰੂ ਘਰ ਵਿੱਚ ਧਨ ਬਦਲੇ ਕੀਤੇ ਹੋਏ ਪਾਪ ਦੀ ਸਾਰੀ ਵਿਚਾਰ ਦੱਸ ਗਈ ਕਿ ਇਹ ਸਭ ਕੁਝ ਬਾਬਾ ਪ੍ਰਿਥੀ ਚੰਦ ਨੇ ਕਰਵਾਇਆ ਹੈ। ਸਾਰੇ ਦੁਨਿਆਵੀ ਅੱਖ ਨਾਲ ਵੇਖਦੇ ਸਨ ਕਿ ਬੱਚਾ ਜ਼ਹਿਰ ਵਾਲਾ ਦੁੱਧ ਪੀ ਕੇ ਜਹਾਨੋਂ ਕੂਚ ਕਰ ਜਾਏਗਾ। ਪਰ ਜੇ ਕਿਧਰੇ ਭਾਈ ਗੁਰਦਾਸ ਜੀ ਦੀ ਅੱਖ ਨਾਲ ਦੀਦਾਰ ਕੀਤੇ ਹੁੰਦੇ ਫਿਰ ਬੱਚਾ ਨਾ ਸਮਝ ਕੇ ਸਗੋਂ ਉਹ ਵੀ ਕਹਿੰਦੇ "*ਵਡ ਜੋਧਾ ਬਹੁ ਪਰਉਪਕਾਰੀ*"

ਸੰਸਾਰ ਵਿੱਚ ਹਰ ਦਾਨੇ ਪੁਰਖ ਅਤੇ ਧਾਰਮਿਕ ਰੀਥਾਂ ਨੇ ਹੋਕਾ ਲਾਇਆ ਕਿ ਪਾਪ

ਬਹੁਤ ਮਾੜਾ ਹੈ। ਪਰ ਖਿਆਲ ਕਰਨਾ ਇਹੋ ਪਾਪ ਪਾਪੀ ਨੂੰ ਬਹੁਤ ਚੰਗਾ ਲੱਗਦਾ ਹੈ ਜਿਸ ਕਰਕੇ ਉਹ ਇਕ ਪਾਪ ਮਗਰੋਂ ਹੱਟਦਾ ਨਹੀਂ ਬਲਕਿ ਹੋਰ-ਹੋਰ ਪਾਪ ਕਰਦਾ ਹੀ ਰਹਿੰਦਾ ਹੈ। ਗੁਰਵਾਕ ਵੀ ਹੈ "*ਪਾਪੁ ਬੁਰਾ ਪਾਪੀ ਕਉ ਪਿਆਰਾ*"

ਇਸੇ ਤਰ੍ਹਾਂ ਬਾਬਾ ਪ੍ਰਿਥੀ ਚੰਦ ਜੀ ਨੇ ਦੁਬਾਰੇ ਫਿਰ ਪੁੰਨ ਦੀ ਥਾਂ ਪਾਪ ਦਾ ਹੀ ਪੱਲਾ ਫੜੀ ਰੱਖਿਆ, ਫਿਰ ਇਕ ਹੋਰ ਪਾਪ ਕੀਤਾ। ਇਕ ਸਪੇਰੇ ਨਾਲ ਗੰਢ ਤਰੁਪ ਕੀਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਕ ਜ਼ਹਿਰੀਲੇ ਸੱਪ ਨੂੰ ਲਿਜਾ ਕੇ ਸ੍ਰੀ ਹਰਿਗੋਬਿੰਦ ਜੀ ਦੇ ਲੜਾ ਦੇਵੇ। ਹਰਿਗੋਬਿੰਦ ਜੀ ਦੀ ਮੌਤ ਦੀ ਖ਼ਬਰ ਨਾਲ ਮੈਂ ਤੈਨੂੰ ਮਾਲਾ ਮਾਲ ਕਰ ਦਿਆਂਗਾ। ਸਾਹਿਬ ਜੀ ਆਖਦੇ ਹਨ ਕਿ "*ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥*" ਇਸ ਲਈ ਇਸ ਸਪੇਰੇ ਨੇ ਵੀ ਚੰਗੇ ਰਾਹ ਨੂੰ ਛੱਡ ਮਾੜਾ ਰਾਹ ਅਖਤਿਆਰ ਕਰਕੇ ਜ਼ਹਿਰੀਲਾ ਸੱਪ ਲੈ ਕੇ ਚਲਾ ਗਿਆ, ਜਦੋਂ ਸੱਪ ਗਿਆ ਤਦ ਸ੍ਰੀ ਹਰਿਗੋਬਿੰਦ ਜੀ ਨੇ ਸੱਪ ਦਾ ਸਿਰ ਪਕੜ ਕੇ ਉੱਚੀ-ਉੱਚੀ ਚੀਕਾਂ ਮਾਰੀਆਂ ਜਿਸ 'ਤੇ ਸੇਵਕ ਜਨ ਵੀ ਅਤੇ ਮਾਤਾ ਜੀ ਵੀ ਆ ਗਏ। ਸੱਪ ਸ੍ਰੀ ਹਰਿ ਗੋਬਿੰਦ ਜੀ ਦੇ ਲੜਨ ਦੀ ਬਜਾਇ ਉਸੇ ਧਨ ਦੇ ਲੋਭੀ ਸਪੇਰੇ ਦਾ ਅੰਤ ਕਰ ਗਿਆ। ਪਰ ਜਾਂਦਾ ਹੋਇਆ ਇਹ ਵੀ ਸਾਰਾ ਭਾਂਡਾ ਭੰਨ ਗਿਆ। ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਤਰੁੱਠ ਕੇ ਦਿੱਤੀ ਦਾਤ ਦਾ ਕੋਈ ਕੁਝ ਕਿਵੇਂ ਵਿਗਾੜ ਸਕਦਾ ਸੀ। ਇਹ ਤਾਂ "*ਗੁਰੂ ਨਾਨਕੁ ਤੁਠਾ ਕੀਨੀ ਦਾਤਿ*" ਸੀ। ਧੰਨ ਹਨ ਸ੍ਰੀ ਹਰਿਗੋਬਿੰਦ ਜੀ ਜਿਨ੍ਹਾਂ ਨੇ ਬਚਪਨ ਵਿੱਚ ਹੀ ਸਪੱਸ਼ਟ ਕਰ ਦਿੱਤਾ ਕਿ ਇਥੇ ਸੱਪ ਨਹੀਂ ਲੜਦੇ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਜੀ ਵੇਲੇ ਸੱਪ ਨੂੰ ਛਾਂ ਕਰਨੀ ਸਿਖਾ ਕੇ ਸੇਵਾ ਕਰਨੀ ਦੱਸ ਦਿੱਤੀ ਸੀ। ਫਿਰ ਹੁਣ ਵੀ "*ਵਡ ਜੋਧਾ ਬਹੁ ਪਰਉਪਕਾਰੀ*" ਦੀ ਛੋਹ ਪਾ ਕੇ ਸੱਪ ਕਿਸੇ ਪਾਪੀ ਦਾ ਅੰਤ ਤਾਂ ਕਰ ਸਕਦਾ ਸੀ, ਪਰ ਚੋਜ਼ੀ ਪ੍ਰੀਤਮ ਦੇ ਕਿਵੇਂ ਲੜ ਸਕਦਾ ਸੀ ? ਇਸ ਮਗਰੋਂ ਸਾਰਾ ਪਰਿਵਾਰ ਅੰਮ੍ਰਿਤਸਰ ਆ ਗਿਆ ਸੀ।

ਹਰ ਤਰ੍ਹਾਂ ਨਾਲ ਹਾਰਦੀ ਬਾਜੀ ਦੇਖ ਕੇ ਬਾਬਾ ਪ੍ਰਿਥੀ ਚੰਦ ਜੀ ਨੇ ਇਕ ਦਾਅ ਹੋਰ ਖੇਡਿਆ ਕਿ ਖਿਡਾਵੇ ਨੂੰ ਦਹੀਂ ਵਿੱਚ ਜ਼ਹਿਰ ਮਿਲਾ ਕੇ ਖੁਆ ਦੇਣ ਦੇ ਬਦਲੇ ਫਿਰ ਧਨ ਦੇਣਾ ਪ੍ਰਵਾਨ ਕੀਤਾ। ਇਸ ਵਾਰੀ ਵੀ ਖਿਡਾਵੇ ਨੇ ਜ਼ੋਰ ਲਾਇਆ ਪਰ ਖਿਡਾਵਾ ਕਿਸੇ ਆਮ ਕੋਲੋਂ ਤਾਂ ਭਾਵੇਂ ਆਪਣੇ ਮਨੋਰਥ ਵਿੱਚ ਸਫਲ ਹੋ ਜਾਂਦਾ ਪਰ ਬਡ ਜੋਧੇ ਨੂੰ ਕੌਣ ਜਿੱਤ ਸਕਦਾ ਸੀ। ਇਸ ਲਈ ਰੌਲਾ ਪੈਣ 'ਤੇ ਇਹ ਦਹੀਂ ਕੁੱਤੇ ਨੂੰ ਪਾ ਦਿੱਤਾ। ਕੁੱਤਾ ਦਹੀਂ ਖਾਂਦਿਆਂ ਸਾਰ ਹੀ ਮਰ ਗਿਆ। ਇਹ ਸਾਰਾ ਕੁਝ ਦੇਖ ਕੇ ਖਿਡਾਵਾ ਇਤਨਾ ਡਰਿਆ ਕਿ ਹੌਲ ਨਾਲ ਹੀ ਇਤਨਾ ਦਰਦ ਉਠਿਆ ਕਿ ਇਸ ਨਾਲ ਉਸਦਾ ਅੰਤ ਹੋ ਗਿਆ। ਧੰਨ ਗੁਰੂ ਅਰਜਨ

ਸਾਹਿਬ ਜੀ ਨੇ ਆਪਣਾ ਸਿਰੰਦਾ ਪਕੜ ਕੇ ਸਤਿਗੁਰੂ ਜੀ ਦਾ ਹੀ ਧੰਨਵਾਦ ਕੀਤਾ ਜਿਸ ਦੀ ਕਿਰਪਾ ਦਾ ਸਦਕਾ ਸ੍ਰੀ ਹਰਿ ਗੋਬਿੰਦ ਜੀ ਦੀ ਅਡੋਲਤਾ ਬਣੀ ਹੋਈ ਸੀ।

ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥

ਜਗਤ ਨੂੰ ਸਬਰ ਤੇ ਸੰਤੋਖ ਵਿੱਚ ਰਹਿਣ ਦਾ ਸਬਕ ਦੇਣ ਵਾਸਤੇ ਪ੍ਰਮੇਸ਼ਵਰ ਆਪਣਿਆਂ ਦਰਵੇਸ਼ਾਂ ਦੀਆਂ ਉਦਾਂਹਰਣਾਂ ਜਗਤ ਸਾਹਮਣੇ ਪੇਸ਼ ਕਰਦੇ ਆਏ ਹਨ। ਇਸੇ ਤਰ੍ਹਾਂ ਹੁਣ ਵੀ ਸ੍ਰੀ ਹਰਿ ਗੋਬਿੰਦ ਜੀ ਅਤੇ ਗੁਰੂ ਅਰਜਨ ਸਾਹਿਬ ਤੇ ਮਾਤਾ ਗੰਗਾ ਜੀ ਮਾਨੋ ਅਜਿਹੀਆਂ ਹੀ ਉਦਾਹਰਣਾਂ ਹਨ। ਕੁਝ ਸਮਾਂ ਹੀ ਗੁਜ਼ਰਿਆ ਸੀ ਕਿ ਸ੍ਰੀ ਹਰਿ ਗੋਬਿੰਦ ਜੀ ਦੇ ਚੇਚਕ ਨਿਕਲ ਆਈ। ਅਨੇਕਾਂ ਲੋਕਾਂ ਦਾ ਭਰਮ ਸੀ ਕਿ ਇਹ ਸੀਤਲਾ ਮਾਈ ਹੈ। ਇਸ ਤੋਂ ਨਿਜ਼ਾਤ ਪਾਉਣ ਲਈ ਇਸ ਦੀ ਪੂਜਾ ਕਰਨੀ ਪੈਂਦੀ ਹੈ ਪਰ ਪੰਚਮ ਗੁਰਦੇਵ ਜੀ ਨੇ ਸਮਝਾਇਆ ਕਿ ਅਜਿਹਾ ਕੁਝ ਨਹੀਂ ਭਾਵੇਂ ਅਨੇਕਾਂ ਲੋਕਾਂ ਦਾ ਭਰਮ ਸੀ ਪਰ ਆਖਿਰ ਜਿੱਤ ਗੁਰੂ ਘਰ ਦੇ ਵਿਸ਼ਵਾਸ ਦੀ ਹੀ ਹੋਈ। ਜਦੋਂ ਸ੍ਰੀ ਹਰਿ ਗੋਬਿੰਦ ਜੀ ਦੀ ਦੇਹ ਅਰੋਗਤਾ ਫਿਰ ਉਸ ਤਰ੍ਹਾਂ ਬਣ ਗਈ ਜਦ ਕਿ ਪੁਰਾਣੇ ਸਮੇਂ ਵਿੱਚ ਚੇਚਕ ਜਾਂ ਤਾਂ ਆਪਣੇ ਨਿਸ਼ਾਨ ਛੱਡ ਜਾਂਦੀ ਸੀ ਜਾਂ ਫਿਰ ਅੱਖ ਆਦਿਕ ਵਗੈਰਾ ਕੋਈ ਨਾ ਕੋਈ ਅੰਗ ਨਿਕਾਰਾ ਕਰ ਜਾਂਦੀ ਸੀ ਪਰ ਜਿਸ "*ਵਡ ਜੋਧਾ ਬਹੁ ਪਰਉਪਕਾਰੀ*" ਦਾ ਹੁਣ ਤਕ ਕੋਈ ਕੁਝ ਨਾ ਵਿਗਾੜ ਸਕਿਆ, ਭਲਾ ਉਸ ਦਾ ਚੇਚਕ ਕੀ ਕਰ ਸਕਦੀ ਸੀ। ਦੇਹ ਅਰੋਗਤਾ ਮਿਲਣ ਉਪਰ ਸੰਗਤਾਂ ਸਮੇਤ ਮਿਲ ਕੇ ਫਿਰ ਸ਼ੁਕਰ ਕੀਤਾ ਤੇ ਕੀਰਤਨ ਕੀਤਾ -

ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥
ਸੀਤਲਾ ਤੇ ਰਾਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥ਰਹਾਉ॥

ਇਤਿਹਾਸ ਦੇ ਕਥਨ ਅਨੁਸਾਰ ਦੋ ਗੁਰੂ ਘਰ ਦੀਆਂ ਮਹਾਨ ਸ਼ਖਸੀਅਤਾਂ ਨੇ ਸ੍ਰੀ ਹਰਿ ਗੋਬਿੰਦ ਜੀ ਨੂੰ ਕੇਵਲ ਗੋਦ 'ਚ ਚੁੱਕ ਕੇ ਗੁਰਮਤਿ ਲਾਡਾਂ ਭਰੀਆਂ ਲੋਰੀਆਂ ਹੀ ਨਹੀਂ ਦਿੱਤੀਆਂ ਬਲਕਿ ਅਥਾਹ ਸਤਿਕਾਰ ਦੇ ਮਾਲਕ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਵਿਦਿਆ ਅਤੇ ਸ਼ਾਸਤਰ ਵਿਦਿਆ ਦੇਣ ਦੀ ਵੀ ਸੇਵਾ ਨਿਭਾਈ।

ਸ੍ਰੀ ਹਰਿ ਗੋਬਿੰਦ ਜੀ ਦੀ ਉਮਰ ਵੀ ਬਾਲਪਨ ਦੇ ਪਘੂੰੜੇ ਵਿਚੋਂ ਨਿਕਲ ਆਈ ਸੀ ਜਿਸ ਕਰਕੇ ਸੁਹੱਪਣ ਦਾ ਮਾਨੋਂ ਪੂਰਨ ਰਾਜ ਸੀ। ਜਿਹੜਾ ਇਕ ਵਾਰੀ ਤੱਕਦਾ ਤਾਂ ਤੱਕਦਾ

ਹੀ ਰਹਿ ਜਾਂਦਾ। ਸ੍ਰੀ ਹਰਿ ਗੋਬਿੰਦ ਜੀ ਦੀ ਸੁਹੱਪਣ ਦੀ ਮਾਨੋ ਹਰ ਪਾਸੇ ਚਰਚਾ ਸੀ। ਚੰਦੂ ਵਲੋਂ ਭੇਜਿਆ ਆਪਣੀ ਲੜਕੀ ਲਈ ਵਰ ਲੱਭਣ ਵਾਸਤੇ ਪ੍ਰੋਹਿਤ ਵੀ ਇਹ ਵੇਖ ਕੇ ਸੋਚਣ ਲੱਗਾ ਕਿ ਚੰਦੂ ਭਾਵੇਂ ਜਹਾਂਗੀਰ ਦੇ ਦਰਬਾਰ ਦਾ ਦੀਵਾਨ ਹੈ ਪਰ ਇਸ ਘਰ ਦੀ ਮਹਾਨ ਵਡਿਆਈ ਹੈ। ਆਪਣੀ ਅਕਲ ਨਾਲ ਯੋਗ ਜਾਣ ਕੇ ਪ੍ਰੋਹਿਤ ਨੇ ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਕੇ ਰਿਸ਼ਤਾ ਤਹਿ ਕਰ ਗਿਆ। ਜਦੋਂ ਚੰਦੂ ਨੂੰ ਇਸ ਦਾ ਪਤਾ ਲੱਗਾ, ਉਸ ਹੰਕਾਰੀ ਨੇ ਹੰਕਾਰ ਵਿੱਚ ਕਹਿ ਦਿੱਤਾ ਕਿ ਚੁਬਾਰੇ ਦੀ ਇੱਟ ਗੰਦੀ ਮੋਰੀ ਨੂੰ ਲਗਾ ਦਿੱਤੀ। ਇਹ ਵੀਚਾਰ ਦੀਵਾਨ ਵਿੱਚ ਬੈਠੇ ਸ਼ਰਧਾਲੂ ਸਿੱਖਾਂ ਨੇ ਸੁਣ ਕੇ ਆਪਸ ਵਿੱਚ ਵੀਚਾਰ ਕਰਕੇ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਰਿਸ਼ਤਾ ਨਾ ਕਬੂਲਣ ਲਈ ਚਿੱਠੀ ਲਿਖੀ ਜਿਸ ਕਰਕੇ ਰਿਸ਼ਤਾ ਮੋੜ ਦਿੱਤਾ ਗਿਆ। ਉਸੇ ਹੀ ਵੇਲੇ ਸੰਗਤਾਂ ਵਿਚੋਂ ਗੁਰੂ ਘਰ ਦਾ ਸ਼ਰਧਾਲੂ ਗੁਰਸਿੱਖ ਭਾਈ ਨਾਰਾਇਣ ਦਾਸ ਉਠ ਕੇ ਖਲੋਤੇ ਤੇ ਅਰਜ਼ੋਈ ਕੀਤੀ ਕਿ ਜੇਕਰ ਗਰੀਬ ਦੀ ਬੱਚੀ ਨੂੰ ਕਬੂਲ ਕਰੋ ਤਦ ਮੇਰੇ ਧੰਨ ਭਾਗ ਹੋਵਣਗੇ। ਇਹ ਰਿਸ਼ਤਾ ਉਦੋਂ ਹੀ ਕਬੂਲ ਕਰ ਲਿਆ। ਅਸਲ ਵਿੱਚ "*ਵਡ ਜੋਧਾ ਬਹੁ ਪਰਉਪਕਾਰੀ*" ਦੀ ਹੰਕਾਰੀ ਨਿੰਦਕਾਂ ਨਾਲ ਨਹੀਂ ਬਲਕਿ ਸ਼ਰਧਾਲੂ ਨਾਲ ਹੀ ਬਣ ਆਉਂਦੀ ਹੈ। ਅਜਿਹੇ ਘਰ ਲਈ ਅਜਿਹੇ ਹੀ ਰਿਸ਼ਤੇ ਦੀ ਲੋੜ ਸੀ ਜਿਹੜੇ ਰਾਜ ਦਰਬਾਰ ਦੇ ਅਹਿਲਕਾਰਾਂ ਤੇ ਹੰਕਾਰੀਆਂ ਦੀ ਪ੍ਰਵਾਹ ਨਾ ਕਰਕੇ ਗਰੀਬੜੇ ਜਿਹੇ ਸਿੱਖਾਂ ਦਾ ਮਾਣ ਸਤਿਕਾਰ ਸਗੋਂ ਹੋਰ ਵਧਾਵੇ ਫਿਰ ਅਜਿਹੇ ਨੂੰ "*ਵਡ ਜੋਧਾ ਬਹੁ ਪਰਉਪਕਾਰੀ*" ਹੀ ਤਾਂ ਆਖਾਂਗੇ।

ਗੁਰੂ ਅਰਜਨ ਸਾਹਿਬ ਪ੍ਰਤੱਖ ਹਰਿ ਸਮੇਂ ਨੂੰ ਪਹਿਚਾਣਦਿਆਂ ਗੁਰਗੱਦੀ ਦੀ ਚੋਣ ਲਈ ਕਿਸੇ ਅਜਿਹੇ ਪੁਰਖ ਦੀ ਭਾਲ ਵਿਚ ਸਨ ਜਿਸ ਅੰਦਰ ਮਹਾਨ ਪਰਉਪਕਾਰ ਦੀ ਭਾਵਨਾ ਹੋਵੇ। ਪਰ ਦੂਜੇ ਪਾਸੇ ਹੁਣ ਸਿੱਖ ਵੱਲ ਕਹਿਰੀ ਅੱਖ ਨਾਲ ਤੱਕਣ ਵਾਲਿਆਂ ਦੀ ਵੀ ਗਿਣਤੀ ਵੱਧ ਗਈ ਸੀ। ਮਹਾਨ ਜੋਧਿਆਂ ਵਾਲੇ ਗੁਣਾਂ ਦਾ ਹੋਣਾ ਵੀ ਲਾਜ਼ਮੀ ਸੀ। ਅਜਿਹੇ ਗੁਣ ਪ੍ਰਤੱਖ ਤੌਰ 'ਤੇ ਸ੍ਰੀ ਹਰਿ ਗੋਬਿੰਦ ਜੀ ਵਿੱਚ ਪ੍ਰਗਟ ਸਨ। ਇਸ ਲਈ ਗੁਰਗੱਦੀ ਦੀ ਚੋਣ ਕਰ ਲਈ ਕਿ ਇਸ ਤਖ਼ਤ 'ਤੇ ਹੁਣ ਸ੍ਰੀ ਹਰਿ ਗੋਬਿੰਦ ਜੀ ਬਿਰਾਜਣਗੇ। ਵੱਡਾ ਕਾਰਣ ਇਹ ਵੀ ਸੀ ਕਿ ਪੰਚਮ ਗੁਰਦੇਵ ਜੀ ਦੇ ਸਮੇਂ ਸੁਲਹੀ ਖ਼ਾਂ ਚੜ੍ਹ ਕੇ ਆਇਆ, ਉਹ ਪ੍ਰਮੇਸ਼ਵਰ ਦੀ ਕਿਰਪਾ ਸਦਕਾ ਸੜ ਮਰ ਗਿਆ। ਫਿਰ ਸੁਲਬੀ ਖ਼ਾਂ ਦਾ ਵੀ ਨਾਸ ਹੋ ਗਿਆ। ਹੁਣ ਤਕ ਤਾਂ ਇਨ੍ਹਾਂ ਦਾ ਮੁਕਾਬਲਾ ਸਿਰੰਦਾ ਪਕੜ ਮਾਲਕ ਅੱਗੇ ਅਰਦਾਸ ਪੰਚਮ ਗੁਰਦੇਵ ਜੀ ਕਰਦੇ ਰਹੇ ਪਰ ਸਦਾ ਤਾਂ ਇਹ ਨ੍ਹਹੀਂ ਸੀ ਹੋ ਸਕਦਾ। ਸੋ ਹੁਣ ਇਨ੍ਹਾਂ ਨੂੰ ਮੂੰਹ ਤੋੜ ਜਵਾਬ ਦੇਣ ਵਾਸਤੇ ਪਾਤਿਸ਼ਾਹ ਜੀ ਨੇ ਵੇਖ ਲਿਆ ਕਿ ਕਦੇ ਨਾਨਾ ਗੁਰੂ ਜੀ ਦੇ ਆਖੇ

ਇਹ ਬਚਨ ਵੀ ਸੱਚ ਹੋਣੇ ਸਨ ਕਿ ਧਰਮ ਦੇ ਦਰਵਾਜ਼ੇ ਹਮੇਸ਼ਾ ਸਿਰ ਦਿੱਤਿਆਂ ਹੀ ਖੁੱਲ੍ਹੇ ਰਹਿੰਦੇ ਹਨ। ਇਸ ਲਈ ਪੰਜਵੇਂ ਪਾਤਿਸ਼ਾਹ ਜੀ ਨੇ ਵੀਚਾਰ ਲਿਆ ਸੀ ਕਿ ਹੁਣ "*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*" ਦਾ ਸਬਕ ਵੀ ਦ੍ਰਿੜ੍ਹ ਕਰਵਾਉਣਾ ਸੀ। ਇਸ ਸਭ ਕੁਝ ਕਰਕੇ ਸ੍ਰੀ ਹਰਿ ਗੋਬਿੰਦ ਜੀ ਦੀ ਗੁਰਗੱਦੀ ਲਈ ਚੋਣ ਹੋਈ।

ਬਾਬਾ ਪ੍ਰਿਥੀ ਚੰਦ ਜੀ ਗੁਰੂ ਘਰ ਵਿਚੋਂ ਹੋਣ ਕਰਕੇ ਵੀ ਵਿਰੋਧੀਆਂ ਦੇ ਮੁਖੀ ਬਣੇ। ਹਰ ਪਲ ਉਨ੍ਹਾਂ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਖਤਮ ਕਰਨ ਦੀ ਵਿਉਂਤ ਬਣਾਉਂਦਿਆਂ ਗੁਜ਼ਾਰਿਆ। ਜਹਾਂਗੀਰ ਦਾ ਵੀ ਵਿਰੋਧੀ ਹੋਣਾ, ਨਕਸ਼ਬੰਦੀਆਂ ਨੂੰ ਸੱਚ ਨਾ ਭਾਉਣਾ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਇਤਿਆਦਿਕ ਸਾਰੇ ਕਾਰਨਾਂ ਕਰਕੇ ਗੁਰੂ ਅਰਜਨ ਸਾਹਿਬ ਜੀ ਨੂੰ ਬੜੀ ਬੇਦਰਦੀ ਨਾਲ ਉਬਲੀ ਦੇਗ ਵਿੱਚ ਉਬਾਲ ਕੇ, ਤੱਤੀ ਤਵੀ ਉਪਰ ਬਿਠਾ ਕੇ ਆਖਿਰ ਰਾਵੀ ਵਿੱਚ ਰੋੜ ਕੇ ਸ਼ਹੀਦ ਕਰ ਦਿੱਤਾ। ਗੁਰੂ ਅਰਜਨ ਸਾਹਿਬ ਜੀ ਨੇ ਇਹ ਸਾਰੀ ਵੀਚਾਰ ਪਹਿਲੋਂ ਹੀ ਬਾਬਾ ਬੁੱਢਾ ਸਾਹਿਬ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਾਂਝੀ ਕਰ ਲਈ ਸੀ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਮਗਰੋਂ ਬਹੁਤਾਤ ਸੰਗਤਾਂ ਵੀ ਗੁਰੂ ਘਰ ਆਈਆਂ। ਇਧਰ ਵੀ ਬਹੁਤ ਸੋਹਣਾ ਦਰਬਾਰ ਸਜਾ ਕੇ ਧੰਨ ਬਾਬਾ ਬੁੱਢਾ ਜੀ ਨੇ ਸਭ ਤੋਂ ਪਹਿਲਾਂ ਸੋਹਣੇ ਜਿਹੇ ਆਸਣ ਭਾਵ ਤਖ਼ਤ 'ਤੇ ਸ੍ਰੀ ਹਰਿ ਗੋਬਿੰਦ ਜੀ ਨੂੰ ਸੁਸ਼ੋਭਿਤ ਕੀਤਾ ਫਿਰ ਦੋ ਕਿਰਪਾਨਾਂ ਲੈ ਕੇ ਹਾਜ਼ਰ ਹੋਏ। ਇਹ ਖਿਆਲ ਰੱਖਣ ਯੋਗ ਹੈ ਜਿਸਨੇ ਗੰਢਾ ਭੰਨ ਕੇ ਅਤੇ ਫਿਰ ਅਰਦਾਸ ਵੀ ਕੀਤੀ ਸੀ ਕਿ ਆਪ ਜੀ ਦੇ ਗ੍ਰਹਿ ਵਿਖੇ ਜੋਧਾ ਪ੍ਰਗਟੇਗਾ, ਫਿਰ ਇਹ ਕਿਵੇਂ ਹੋ ਸਕਦਾ ਕਿ ਉਹੋ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਅੱਜ ਭੁੱਲ ਗਏ ਹੋਣ ਕਿ ਹੁਣ ਪੀਰੀ ਨਾਲ ਮੀਰੀ ਦੀ ਕਿਰਪਾਨ ਵੀ ਪਹਿਨਾਉਣੀ ਹੈ। ਸੋ ਅਜਿਹਾ ਕਹਿਣਾ ਕਿ ਭੁੱਲ ਕੇ ਕਿਰਪਾਨ ਪੁੱਠੇ ਪਾਸੇ ਪੈ ਗਈ, ਗਲਤ ਮਿੱਥ ਹੈ ਜਦਕਿ ਸਭ ਕੁਝ ਪ੍ਰਬੰਧ ਹੀ ਕੀਤਾ ਹੋਇਆ ਸੀ। ਇਸੇ ਲਈ ਤਾਂ ਦੂਜੇ ਪਾਸੇ ਵੀ ਉਸੇ ਵਕਤ ਪਹਿਨਾ ਦਿੱਤੀ। ਹਾਂ ਅਜਿਹਾ ਹੋ ਸਕਦਾ ਹੈ ਕਿ ਸੰਗਤਾਂ ਨੇ ਅਜਿਹਾ ਪੁੱਛਿਆ ਹੋਵੇ ਕਿ ਦੋ ਕਿਰਪਾਨਾਂ ਕਿਉਂ ? ਤਦ ਬਾਬਾ ਜੀ ਨੇ ਸਪੱਸ਼ਟ ਕੀਤਾ ਹੋਵੇ ਕਿ ਪਹਿਲਾਂ ਪੀਰੀ ਪ੍ਰਤੱਖ ਸੀ, ਭਾਵੇਂ ਮੀਰੀ ਵੀ ਨਾਲ ਸੀ ਪਰ ਹੁਣ ਮੀਰੀ ਤੇ ਪੀਰੀ ਹੀ ਪ੍ਰਤੱਖ ਕਰ ਦੇਣੀ ਹੈ ਕਿ ਹੁਣ ਦੋ ਕਿਰਪਾਨਾਂ ਪਹਿਨਣ ਵਾਲੇ ਮਹਾਨ ਜੋਧੇ ਅਤੇ ਪਰਉਪਕਾਰੀ ਦੀ ਹੀ ਲੋੜ ਹੈ। ਅਸਲ ਵਿੱਚ ਮੀਰੀ ਤੇ ਪੀਰੀ ਦੀਆਂ ਦੋਨੋ ਕਿਰਪਾਨਾਂ ਜੋਧੇ ਅਤੇ ਪਰਉਪਕਾਰੀ ਹੋਣ ਦੀਆਂ ਪ੍ਰਤੱਖ ਮਿਸਾਲਾਂ ਸਨ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਤਖ਼ਤ ਉਪਰ ਬਿਰਾਜਦਿਆਂ ਹੀ ਆਪਣੇ ਪਿਤਾ

ਦੀ ਸ਼ਹਾਦਤ ਦਾ ਕੋਈ ਜ਼ਿਕਰ ਨਹੀਂ ਕੀਤਾ ਭਾਵ ਕੋਈ ਬਦਲਾ ਲਉ ਭੜਕਾਉਣ ਵਾਲੇ ਵੀਚਾਰ ਨਾ ਆਖੇ ਸਗੋਂ ਬਚਨ ਕੀਤੇ ਕਿ ਹੁਣ ਤਿਆਰੀ ਕਰੋ ਕਿ ਅੱਗੇ ਕਿਸੇ ਨੂੰ ਫਿਰ ਤੱਤੀਆਂ ਤਵੀਆਂ ਉਪਰ ਆਸਣ ਨਾ ਲਾਉਣੇ ਪੈਣ ਕਿਉਂਕਿ ਜਦੋਂ ਜ਼ਾਲਿਮ ਨਿਮਰਤਾ ਅਤੇ ਧਰਮ ਦੀ ਬੋਲੀ ਵੀ ਨਾ ਸਮਝੇ ਤਦ ਉਸਨੂੰ ਸਮਝਾਉਣ ਵਾਸਤੇ ਫਿਰ ਆਖਰ ਕਿਰਪਾਨਾਂ ਨੂੰ ਜ਼ੁਬਾਨ ਦੇਣੀ ਪੈਂਦੀ ਹੈ। ਛੇਵੇਂ ਗੁਰਦੇਵ ਜੀ ਨੇ ਸੰਗਤਾਂ ਨੂੰ ਆਦੇਸ਼ ਦਿੱਤੇ ਕਿ ਨੌਜੁਆਨੀਆਂ ਤੇ ਚੰਗੀ ਕਿਸਮ ਦੇ ਹਥਿਆਰ ਗੁਰੂ ਘਰ ਦੀ ਭੇਟਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਥੇ ਹੀ ਬਸ ਨਹੀਂ ਬਲਕਿ ਪਾਤਿਸ਼ਾਹ ਜੀ ਨੇ ਕੁਝ ਹੀ ਸਮੇਂ ਅੰਦਰ ਅਜਿਹੀ ਤਿਆਰੀ ਕੀਤੀ ਕਿ ਜਿਥੇ ਅੱਜ ਤਕ ਸੰਗਤਾਂ ਦੇ ਇਕਤ੍ਰਤਾ ਅਸਥਾਨ ਨੂੰ ਧਰਮਸ਼ਾਲਾ ਤੇ ਫਿਰ ਗੁਰਦੁਆਰਾ ਆਖਿਆ ਜਾਂਦਾ ਸੀ। ਹੁਣ ਸਿੱਖੀ ਦੇ ਮਹਾਨ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਹੁਣ ਗੁਰਦੁਆਰੇ ਦੇ ਨਾਲ-ਨਾਲ ਸਿੱਖੀ ਦਾ ਸੰਬੰਧ ਤਖ਼ਤ ਨਾਲ ਵੀ ਜੋੜ ਦਿੱਤਾ ਸੀ। ਸ੍ਰੀ ਹਰਿਮੰਦਰ ਸਾਹਿਬ ਵਿੱਚ ਪੀਰੀ ਨੂੰ ਸੰਭਾਲਣ ਦੀ ਜਾਚ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਮੀਰੀ ਦੀ ਸੰਭਾਲ ਦੀ ਜਾਚ ਸਿਖਾਈ ਜਾਣ ਲੱਗੀ। ਸਿੱਖੀ ਦੇ ਮਹਾਨ ਵਿਹੜੇ ਵਿੱਚ ਝੂੱਲ ਰਹੇ ਅੱਜ ਦੋ ਕੇਸਰੀ ਨਿਸ਼ਾਨ ਇਹੋ ਹੀ ਤਾਂ ਆਖ ਰਹੇ ਹਨ ਕਿ "*ਵਡ ਜੋਧਾ ਬਹੁ ਪਰਉਪਕਾਰੀ* "

ਪੰਜਵੇਂ ਪਾਤਿਸ਼ਾਹ ਜੀ ਤਕ ਹਰ ਇਕ ਅਸਥਾਨ ਦਾ ਨਾਂ ਗੁਰਦੁਆਰਾ ਸਾਹਿਬ ਹੀ ਆਖਿਆ ਜਾਂਦਾ ਸੀ ਪਰ ਹੁਣ ਗੁਰਦੁਆਰਿਆਂ ਦੀ ਥਾਂ ਬਾਕੀ ਥਾਵਾਂ 'ਤੇ ਵੀ ਸਰ ਭਾਵ (ਕਿਲ੍ਹੇ ਨੁਮਾ) ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਛੇਵੇਂ ਪਾਤਿਸਾਹ ਜੀ ਨੇ ਸਰ ਵੀ ਬਣਵਾਏ।

ਦਿਨ ਰਾਤ ਪਾਪਾਂ ਦੇ ਬੀਜ ਬੋਣ ਵਾਲਾ ਜ਼ਿੰਦਗੀ ਦਾ ਸੁਖ ਚੈਨ ਕੋਹਾਂ ਦੂਰ ਛੱਡ ਆਉਂਦਾ ਹੈ। ਉਹ ਤਾਂ "*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*" ਵਾਂਗ ਜ਼ਿੰਦਗੀ ਦੇ ਪਲ ਗੁਜ਼ਾਰਦਾ ਹੈ। ਅਜਿਹੇ ਬੰਦੇ ਆਪੇ ਨੂੰ ਸੁਆਰਨ ਦੀ ਬਜਾਇ ਸਗੋਂ ਅਜਿਹੀ ਸੋਚ ਆਪਣੇ ਹਿਰਦੇ ਵਿੱਚ ਪਾਲ ਲੈਂਦੇ ਹਨ ਕਿ ਜੇ ਕਰ ਮੇਰੀ ਜ਼ਿੰਦਗੀ ਵਿੱਚ ਆਉਣ ਵਾਲਾ ਹਰ ਬੰਦਾ ਮਰ ਜਾਏ ਤਦ ਮੈਂ ਸੁਖੀ ਹੋਵਾਂਗਾ ਪਰ ਅਜਿਹਾ ਕਰਕੇ ਉਹ ਆਪਣੇ ਹੀ ਪਾਪਾਂ ਦੀ ਲੜੀ ਹੋਰ ਲੰਮੀ ਕਰੀ ਜਾਂਦਾ ਹੈ। ਅਜਿਹਾ ਹੀ ਕੁਝ ਚੰਦੂ ਤੇ ਹੋਰ ਪਾਪੀਆਂ ਨੇ ਕੀਤਾ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਮਗਰੋਂ ਚੰਦੂ ਦੇ ਹਿਰਦੇ ਦਾ ਸਾਰਾ ਚੈਨ ਗਵਾਚ ਗਿਆ। ਦਿਨ ਰਾਤ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਚੜ੍ਹਦੀ ਕਲਾ ਦੀ ਵੀਚਾਰ ਦੇਖ ਕੇ ਦੁੱਖੀ ਰਹਿਣ ਲੱਗਾ। ਗੁਰੂ ਘਰ ਦੀ ਚੜ੍ਹਤ ਮਾਨੋ ਇਸ ਜ਼ਿੰਦਗੀ ਦੇ ਦਿਨ ਥੋੜ੍ਹੇ ਕਰ ਰਹੀ ਜਾਪ

ਰਹੀ ਸੀ। ਚੰਦੂ ਨੇ ਇਕ ਚਾਲਾਕੀ ਹੋਰ ਖੇਡੀ, ਕਿਸੇ ਤਰ੍ਹਾਂ ਜਹਾਂਗੀਰ ਦਾ ਮਨ ਭਰਮਾ ਕੇ ਭੁਲੇਖਾ ਪਾ ਦਿੱਤਾ ਕਿ ਤੁਹਾਡੇ ਭਵਿੱਖ ਦੇ ਦਿਨ ਬਹੁਤ ਮਾੜੇ ਹਨ। ਇਨ੍ਹਾਂ ਦੀ ਨਵਿਰਤੀ ਲਈ ਕਿਸੇ ਭਜਨੀਕ ਨੂੰ ਕਿਸੇ ਇਕਾਂਤ ਵਾਸ ਕੁਝ ਦਿਨ ਤੁਹਾਡੀ ਖਾਤਰ ਜਾਪ ਕਰਨਾ ਚਾਹੀਦਾ ਹੈ ਤਦ ਫਿਰ ਤੁਹਾਡੇ ਸੰਕਟ ਟਾਲੇ ਜਾ ਸਕਦੇ ਹਨ। ਜਹਾਂਗੀਰ ਮੰਨ ਗਿਆ, ਪਰ ਅਜਿਹਾ ਕੌਣ ਹੋਵੇ ? ਦੇ ਸੁਆਲ ਦਾ ਜਵਾਬ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲ ਇਸ਼ਾਰਾ ਕਰ ਪ੍ਰਗਟ ਕੀਤਾ। ਦੂਜਾ ਕਾਰਨ ਖੁਦ ਮੁਰਤਜ਼ਾ ਖ਼ਾਂ ਦਾ ਗਵਰਨਰ ਬਣ ਜਾਣਾ ਤੇ ਹੁਣ ਗੁਰੂ ਘਰ ਦੀ ਵੀਚਾਰ ਦੇਖਣਾ ਕਿ ਇਥੇ ਹੁਣ ਕੇਵਲ 'ਆਸਾ ਦੀ ਹੀ ਵਾਰ' ਨਹੀਂ ਬਲਕਿ ਅਕਾਲ ਤਖ਼ਤ ਸਾਹਿਬ ਜੀ ਉਪਰ ਸਿੱਖ ਯੋਧਿਆਂ ਵਿੱਚ ਹੋਰ ਜੋਸ਼ ਭਰਨ ਲਈ ਢਾਡੀ ਇਤਿਹਾਸ ਦੀਆਂ ਤੇ ਸੂਰਮਿਆਂ ਦੀਆਂ ਵਾਰਾਂ ਵੀ ਗਾਉਂਦੇ ਸਨ। ਖੁਦ ਜਹਾਂਗੀਰ ਵੀ ਦੇਖ ਕੇ ਹੈਰਾਨ ਰਹਿ ਗਿਆ ਸੀ ਕਿ ਮੈਂ ਤਾਂ ਆਪਣੇ ਵਲੋਂ ਇਸ ਘਰ ਨੂੰ ਖ਼ਤਮ ਕਰਨਾ ਸੀ ਪਰ ਇਥੇ ਤਾਂ ਸਗੋਂ ਹੋਰ ਮਜ਼ਬੂਤ ਕਿਲ੍ਹੇ ਬਣ ਗਏ। ਅਜਿਹੇ ਸਾਰੇ ਦੋਖੀਆਂ ਤੇ ਕਾਰਨਾਂ ਨੇ ਮਿਲ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ।

ਦੁਨਿਆਵੀ ਅੱਖ ਤਾਂ ਸਿਰਫ ਇਥੋਂ ਤਕ ਹੀ ਤੱਕ ਸਕਦੀ ਹੈ ਕਿ ਸਤਿਗੁਰੂ ਜੀ ਨੂੰ ਉਸ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਜਿਥੋਂ ਅੱਜ ਤਕ ਕੋਈ ਸਿਆਸੀ ਕੈਦੀ ਫਿਰ ਵਾਪਸ ਪਰਤ ਕੇ ਆਪਣੇ ਪਰਿਵਾਰ ਦਾ ਮੂੰਹ ਨਾ ਦੇਖ ਸਕਿਆ। ਸੋ ਸਤਿਗੁਰੂ ਜੀ ਦੀ ਜ਼ਿੰਦਗੀ ਦਾ ਵੀ ਅਜਿਹਾ ਹੀ ਅੰਤ ਕਰ ਦਿੱਤਾ ਜਾਵੇਗਾ। ਪਰ ਸ਼ਰਧਾ ਤੇ ਸਿਦਕ ਵਾਲੀ ਅੱਖ ਕੁਝ ਵੱਖਰੀ ਹੁੰਦੀ ਹੈ। ਉਨ੍ਹਾਂ ਆਪ ਤਾਂ ਕੀ ਇਥੇ ਕੈਦ ਰਹਿਣਾ ਸੀ ਬਲਕਿ ਜਿਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਆਜ਼ਾਦ ਹੋਣ ਦੀ ਕੋਈ ਵੀ ਆਸ਼ਾ ਦੀ ਕਿਰਨ ਬਾਕੀ ਨਹੀਂ ਸੀ, ਇਨ੍ਹਾਂ ਨੇ ਤਾਂ ਸਗੋਂ ਉਨ੍ਹਾਂ ਨੂੰ ਵੀ ਆਜ਼ਾਦ ਕਰਵਾਉਣਾ ਸੀ ਕਿਉਂਕਿ ਇਹ ਇਕੱਲੇ ਜੋਧੇ ਨਹੀਂ ਬਲਕਿ ਪਰਉਪਕਾਰੀ ਵੀ ਹਨ। ਗਵਾਲੀਅਰ ਵਿੱਚ ਕੈਦ ਪਏ ਰਾਜੇ ਦਿਨ ਰਾਤ ਜਹਾਂਗੀਰ ਦੇ ਕਹਿਰ ਕਾਰਨ ਨਰਕ ਭੋਗ ਰਹੇ ਸਨ। ਸੰਗਲਾਂ ਦੇ ਭਾਰ ਕਾਰਨ ਨਾਜ਼ਕ ਜਿਹੇ ਸਰੀਰਾਂ ਵਿੱਚ ਜ਼ਖ਼ਮ ਹੋਏ ਹੋਏ ਸਨ। ਫੱਟੀਆਂ ਲੀਰਾਂ ਵਰਗੇ ਚੋਲੇ ਪਾਏ ਹੋਏ ਸਨ ਅਤੇ ਖੁਰਾਕ ਨਿਰੀ ਨਰਕ ਸੀ ਭਾਵ ਜਿਨਾ ਕਹਿ ਲਈਏ ਓਨਾ ਹੀ ਸੱਚ ਸੀ ਕਿ ਜ਼ਿੰਦਗੀ ਤਾਂ ਇਕ ਪਾਸੇ ਇਨ੍ਹਾਂ ਨੂੰ ਮੌਤ ਵੀ ਸਾਥ ਨਹੀਂ ਸੀ ਦਿੰਦੀ। ਪਰ ਬੇਪਰਵਾਹ ਸਤਿਗੁਰੂ ਜੀ ਦੇ ਆਉਣ ਨਾਲ ਲੋਹ ਲੰਗਰ ਆਪਣੇ ਤੌਰ 'ਤੇ ਤਪਣ ਲੱਗ ਪਏ। ਇਸ਼ਨਾਨ ਪਾਨ ਦੀ ਕੋਈ ਮਜਬੂਰੀ ਨਹੀਂ ਸੀ। ਇਤਨੇ ਦੁੱਖਾਂ ਮਗਰੋਂ ਇਤਨੇ ਸੁੱਖ ਨੇ ਹੀ ਕੈਦੀ ਰਾਜਿਆਂ ਲਈ ਸਵੱਰਗ ਬਣਾ ਦਿੱਤਾ।

ਸਤਿਗੁਰੂ ਜੀ ਨੂੰ ਗਵਾਲੀਅਰ ਭੇਜ ਕੇ ਆਪਣੇ ਹੀ ਕੀਤੇ ਪਾਪਾਂ ਕਾਰਨ ਜਹਾਂਗੀਰ

ੴ

ਅੱਗੇ ਤੋਂ ਵੀ ਵੱਧ ਪ੍ਰੇਸ਼ਾਨ ਰਹਿਣ ਲੱਗਾ। ਅੱਗੇ ਤਾਂ ਜਾਗਦਿਆਂ ਹੀ ਚੈਨ ਨਹੀਂ ਸੀ। ਹੁਣ ਤਾਂ ਸੁੱਤਿਆਂ ਵੀ ਡਰ ਕੇ ਉਠਣ ਲੱਗ ਪਿਆ। ਸਿਆਣੇ ਦਾਨੇ ਪੁਰਖਾਂ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਰਿਹਾਈ ਲਈ ਆਖਿਆ। ਜਹਾਂਗੀਰ ਪਾਪ ਤੋਂ ਸਤਿਆ ਹੋਣ ਕਰਕੇ ਝਟ ਮੰਨ ਹੀ ਨਹੀਂ ਗਿਆ ਬਲਕਿ ਰਿਹਾਈ ਲਈ ਸੱਦਾ ਭੇਜ ਦਿੱਤਾ। ਇਧਰ ਇਨ੍ਹਾਂ ਕੈਦੀ ਰਾਜਿਆਂ ਨੇ ਗੁਰੂ ਜੀ ਦੇ ਚਰਨ ਪਕੜ ਲਏ ਕਿ ਤੁਹਾਡੇ ਤੋਂ ਬਿਨਾਂ ਸਾਡਾ ਕੋਈ ਦਰਦੀ ਨਹੀਂ। ਅਜਿਹੀ ਵੀਚਾਰ ਦੇਖ ਕੇ ਸਤਿਗੁਰੂ ਜੀ ਨੇ ਵਾਪਸ ਕਹਿਲਾ ਭੇਜਿਆ ਕਿ ਸਾਡੀ ਰਿਹਾਈ ਤਦ ਹੀ ਹੋ ਸਕਦੀ ਹੈ ਜੇ ਕਰ ਇਨ੍ਹਾਂ ਸਾਰੇ ਰਾਜਿਆਂ ਨੂੰ ਵੀ ਮੁਕਤ ਕੀਤਾ ਜਾਵੇ। ਜਹਾਂਗੀਰ ਦੇ ਡਰ ਨੇ ਮਜ਼ਬੂਰ ਕੀਤਾ ਤੇ ਕਹਿ ਭੇਜਿਆ ਕਿ ਜਿਹੜਾ ਤੁਹਾਡਾ ਪੱਲਾ ਪਕੜ ਕੇ ਨਿਕਲ ਜਾਵੇ, ਉਹ ਮੁਕਤ ਕਰ ਦਿੱਤਾ ਜਾਵੇਗਾ। ਪਰਉਪਕਾਰੀ ਸਤਿਗੁਰੂ ਜੀ ਨੇ ਪਤ ਕਲੀਆਂ ਵਾਲਾ ਚੋਲਾ ਸੁਆ ਕੇ ਪਹਿਨ ਕੇ ਉਨ੍ਹਾਂ ਸਾਰਿਆਂ ਨੂੰ ਹੀ ਮੁਕਤ ਕਰ ਦਿੱਤਾ। ਇਹਨਾਂ ਪਾਪੀ ਦੋਖੀਆਂ ਨੇ ਜੋਧਾ ਜਾਣ ਕੇ ਕੈਦ ਕਰਨ ਦੀ ਕੋਸ਼ਿਸ਼ ਕੀਤੀ ਪਰ ਮਹਾਨ ਸਤਿਗੁਰੂ ਜੀ ਤਾਂ ਸਗੋਂ ਪਰਉਪਕਾਰੀ ਹੋ ਫਿਰ ਬਾਹਰ ਆ ਗਏ। ਇਸੇ ਲਈ ਭਾਈ ਗੁਰਦਾਸ ਜੀ ਦੀ ਅੱਖ ਨੇ ਸੱਚ ਪ੍ਰਗਟ ਕੀਤਾ ਕਿ "*ਵਡ ਜੋਧਾ ਬਹੁ ਪਰਉਪਕਾਰੀ*" ਹਰ ਸ਼ਰਧਾਲੂ ਨੂੰ ਸ਼ਰਧਾ ਨਾਲ ਆਖਣਾ ਚਾਹੀਦਾ ਹੈ ਕਿ –

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥

ਜਹਾਂਗੀਰ ਡਰ ਦੇ ਕਾਰਣ, ਸਾਈਂ ਮੀਆਂ ਮੀਰ ਜੀ ਦੇ ਕਹਿਣ 'ਤੇ ਅਤੇ ਗ੍ਰਿਫ਼ਤਾਰੀ ਸਮੇਂ ਅਨੇਕਾਂ ਸਿੱਖ ਸੰਗਤਾਂ ਦਾ ਸਿਦਕ ਵੇਖ ਕੇ ਜਿਹੜੀਆਂ ਕਿਲ੍ਹੇ ਦੇ ਹੀ ਦਰਸ਼ਨ ਕਰਕੇ ਇਹ ਕਹਿ ਕੇ "*ਧੰਨ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥*" ਵਾਪਸ ਪਰਤ ਜਾਂਦੀਆਂ ਸਨ, ਬਹੁਤ ਪ੍ਰਭਾਵਿਤ ਹੋਇਆ। ਮਿਲਣ ਦੇ ਸੰਕਲਪ ਨਾਲ ਵੀ ਤਿਆਰੀ ਕੀਤੀ। ਇਕ ਗੱਲ ਹੋਰ ਬਹੁਤ ਧਿਆਨ ਮੰਗਦੀ ਹੈ ਕਿ ਜਿਸ ਦੇ ਪਿਤਾ ਨੂੰ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ, ਉਹ ਤਾਂ ਸਗੋਂ ਜਹਾਂਗੀਰ ਨਾਲ ਕੋਈ ਵੈਰ ਨਹੀਂ ਪਾਲ ਰਹੇ ਤੇ ਇਧਰ ਚੰਦੂ ਤੇ ਮੁਰਤਜ਼ਾ ਖ਼ਾਂ ਆਦਿਕ ਸਗੋਂ ਹੋਰ-ਹੋਰ ਪਾਪ ਕਰਵਾਈ ਜਾਂਦੇ ਸਨ ਜਿਸ ਕਰਕੇ ਅਜਿਹਾ ਵੀ ਫੈਸਲਾ ਕਰ ਲਿਆ ਕਿ ਹੁਣ ਇਨ੍ਹਾਂ ਪਾਪੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਣਾ। ਅਜਿਹਾ ਕੀਤਾ ਵੀ ਜਹਾਂਗੀਰ ਨੇ, ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸਤਿਗੁਰੂ ਜੀ ਨੇ ਅੰਮ੍ਰਿਤ ਬਾਣੀ ਦਾ ਸ਼ਬਦ ਚੇਤਾ ਕਰਵਾਇਆ ਕਿ "*ਜੋ ਅਸਮਾਨਿ ਨ ਮਾਵਨੀ ਤਿਨ ਨਾਕਿ ਨਥਾ ਪਾਇ ॥*" ਕਿ ਹੇ ਭਾਈ, ਜਿਹੜੇ ਇਤਨੀ ਗਰਦਨ ਉੱਚੀ ਕਰਕੇ ਤੁਰਦੇ ਸਨ ਹਕੂਮਤਾਂ ਦੇ ਨਸ਼ੇ ਵਿੱਚ ਕਿ ਪ੍ਰਤੀਤ ਹੁੰਦਾ ਸੀ ਸ਼ਾਇਦ ਇਨ੍ਹਾਂ ਦੀ ਗਰਦਨ ਆਸਮਾਨ ਵਿੱਚ ਵੀ ਸਮਾਂ

ਸਕਣੀ ਮੁਸਕਿਲ ਹੈ। ਰੱਬ ਦਾ ਸੁਭਾਅ ਹੈ ਕਿ ਅਜਿਹੇ ਬੰਦਿਆਂ ਦੇ ਨੱਕ ਵਿੱਚ ਨੱਥਾਂ ਪਾ ਦਿੰਦਾ ਹੈ। ਇਹੋ ਕੁਝ ਹੋਇਆ, ਚੰਦੂ ਦੇ ਵੀ ਨੱਕ ਵਿੱਚ ਨੱਥ ਪਾ ਕੇ ਲਾਹੌਰ ਦੇ ਉਨ੍ਹਾਂ ਹੀ ਬਾਜ਼ਾਰਾਂ ਵਿੱਚ ਘੁੰਮਾਇਆ ਜਿੱਥੇ ਕਦੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਲਈ ਗੁਰਦਿੱਤੇ ਭੜਭੂੰਜੇ ਕੋਲੋਂ ਸੀਸ ਉਪਰ ਗਰਮ ਰੇਤ ਪਵਾਈ ਸੀ ਤੇ ਆਖਿਰ ਗੁਰਦਿੱਤੇ ਭੜਭੂੰਜੇ ਦੇ ਕੜਾਹੇ ਨਾਲ ਪਾਪੀ ਨਰਕ ਸਿਧਾਰ ਗਿਆ। ਬੇ-ਪ੍ਰਵਾਹ ਸਤਿਗੁਰੂ ਜੀ ਨੇ ਜਹਾਂਗੀਰ ਨੂੰ ਵੀ ਤਾੜਨਾ ਕੀਤੀ ਕਿ ਜਿਸ ਰਾਜੇ ਨੂੰ ਇਨਸਾਫ ਦਾ ਤਰਾਜ਼ੂ ਕਦੇ ਡੋਲਣ ਨਹੀਂ ਦੇਣਾ ਚਾਹੀਦਾ, ਉਹ ਬਾਦਸ਼ਾਹ ਜਦੋਂ ਤਰਾਜ਼ੂ ਹੀ ਕਿਸੇ ਅਜਿਹੇ ਗੈਰ ਜ਼ਿੰਮੇਵਾਰ ਲੋਕਾਂ ਦੇ ਹੱਥ ਦੇ ਦੇਵੇ ਤਦ ਉਸ ਨੂੰ ਵੀ ਦਰਗਾਹੀ ਲੇਖੇ ਦੇਣੇ ਪੈਂਦੇ ਹਨ। ਪਾਪ ਕਰਨ ਵਾਲੇ ਨਾਲ ਸਾਥ ਦੇਣ ਵਾਲਾ ਵੀ ਪਾਪ ਦੀ ਸਜ਼ਾ ਤੋਂ ਮੁਕਤ ਨਹੀਂ ਹੁੰਦਾ।

ਜਿਥੇ ਸਤਿਗੁਰੂ ਜੀ ਨੇ ਇਨ੍ਹਾਂ ਪਾਪੀਆਂ ਤੇ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਉਥੇ ਪਰਉਪਕਾਰ ਦੇ ਵੀ ਮਹਾਨ ਕਾਰਜ ਕੀਤੇ। ਇਕ ਅਜਿਹੀ ਹੀ ਉਦਾਹਰਣ ਨਾਲ ਇਤਿਹਾਸ ਆਪਣੇ ਆਪ 'ਤੇ ਮਾਣ ਕਰਦਾ ਜਾਪਦਾ ਹੈ ਜਿਸ ਦੀ ਝੋਲੀ ਵਿੱਚ ਅਜਿਹੇ ਕੌਤਕ ਸਾਂਭੇ ਪਏ ਹਨ। ਜਹਾਂਗੀਰ ਨੂੰ ਮਿਲਾਪ ਹੋਣ ਉਪਰੰਤ ਪਤਾ ਲੱਗਿਆ ਕਿ ਸਤਿਗੁਰੂ ਤਾਂ ਨਿਰਵੈਰ ਹੈ। ਇਹ ਕੋਈ ਬਦਲੇ ਦੀ ਭਾਵਨਾ ਵਾਲੇ ਨਹੀਂ, ਫਿਰ ਭਰੋਸਾ ਹੋ ਜਾਣ 'ਤੇ ਜਹਾਂਗੀਰ ਦਾ ਸਤਿਗੁਰੂ ਜੀ ਨਾਲ ਕੁਝ ਸਮਾਂ ਵਿਚਰਿਆ। ਇਸੇ ਹੀ ਵਕਤ ਵਿੱਚ ਆਗਰੇ ਵਿੱਚਰ ਰਹੇ ਸਨ। ਨੇੜੇ ਨੇੜੇ ਦੋ ਤੰਬੂ ਲੱਗੇ ਹੋਏ ਸਨ, ਇਕ ਪਾਸੇ ਜਹਾਂਗੀਰ ਦਾ ਤੇ ਦੂਜੇ ਪਾਸੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ, ਇਕ ਸ਼ਰਧਾਲੂ ਸਿੱਖ ਪਤਾ ਨਹੀ ਭਗਤ ਰਵੀਦਾਸ ਜੀ ਦੇ ਇਹ ਬਚਨ ਕਦੋਂ ਕੁ ਦਾ ਗਾਉਂਦਾ ਹੋਵੇਗਾ "***ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥***" ਇਸ ਦੀ ਸਾਧਨਾ ਨੂੰ ਮਾਨੋ ਫਲ ਲੱਗ ਗਿਆ ਸੀ। ਜਦੋਂ ਸਤਿਗੁਰੂ ਜੀ ਦਾ ਆਉਣਾ ਸੁਣਿਆ ਤਦ ਅੱਜ ਇਕ ਚਾਦਰ ਚੁੱਕੀ, ਰੰਬਾ ਲਿਆ ਤਾਂ ਕਿ ਗੁਰੂ ਜੀ ਦੇ ਘੋੜੇ ਦੀ ਖਾਤਰ ਘਾਹ ਖੋਤਰ ਕੇ ਲੈ ਜਾਵਾਂ। ਆਪਣੇ ਪੱਲੇ ਵੀ ਇਕ ਟਕਾ ਬੰਨ੍ਹ ਲਿਆ। ਦਰਸ਼ਨ ਕਰਨ ਲੱਗਿਆਂ ਭੇਟ ਕਰਾਂਗਾ। ਸਿਦਕ ਤੇ ਭਰੋਸੇ ਨਾਲ ਘਾਹ ਦੀ ਪੰਡ ਲੈ ਕੇ ਗਰਮੀ ਨਾਲ ਭਿੱਜੇ ਕੱਪੜਿਆਂ ਨਾਲ ਹੀ ਆ ਗਿਆ। ਤੰਬੂ ਅੱਗੇ ਖਲੋਤੇ ਪਹਿਰੇਦਾਰ ਨੇ ਅੰਦਰ ਜਾਣ ਤੋਂ ਰੋਕਿਆ। ਸਿੱਖ ਨੇ ਸਿਰ 'ਤੇ ਹੀ ਪੰਡ ਚੁੱਕੀ, ਉਸੇ ਤਰ੍ਹਾਂ ਜਵਾਬ ਦਿੱਤਾ ਕਿ ਇਸ ਦਰ ਤੋਂ ਤਾਂ ਕਦੇ ਕੋਈ ਨਹੀਂ ਹਟਕਾਰਦਾ, ਅੱਜ ਫਿਰ ਮੈਨੂੰ ਅੰਦਰ ਕਿਉਂ ਨਹੀਂ ਜਾਣ ਦਿੰਦੇ। ਪਹਿਰੇਦਾਰ ਨੇ ਕਿਹਾ ਕਿ ਇਹ ਹਾਲਤ ਦਰਬਾਰ ਜਾਣ ਦੀ ਨਹੀਂ, ਤੇਰੇ ਤਾਂ ਕੱਪੜਿਆਂ ਤੋਂ ਪਸੀਨੇ ਦੀ ਮੁਸ਼ਕ ਆਉਂਦੀ ਹੈ ਤਦ ਸਿੱਖ

ਆਖਣ ਲੱਗਾ ਕਿ ਅੰਦਰ ਜਾਣ ਦਿਉ ਫਿਰ ਦੇਖਣਾ ਮੇਰੇ ਮਾਲਕ ਨੂੰ ਪਸੀਨੇ ਦੀ ਮੁਸ਼ਕ ਨਹੀਂ ਬਲਕਿ ਦਸਾਂ ਨਹੁੰਆਂ ਦੀ ਕਿਰਤ ਦੀ ਖੁਸ਼ਬੋ ਆਵੇਗੀ। ਉਹ ਤਾਂ ਸਗੋਂ ਘੁੱਟ ਕੇ ਗਲਵੱਕੜੀ ਵਿੱਚ ਲੈ ਲੈਣਗੇ ਪਰ ਪਹਿਰੇਦਾਰ ਨਾ ਮੰਨਿਆ। ਇਹ ਵੀਚਾਰ ਅਚਾਨਕ ਅੰਦਰ ਸੁਣੀ ਗਈ। ਅੰਦਰੋਂ ਹੁਕਮ ਆਇਆ ਕਿ ਆ ਜਾਣ ਦਿਉ। ਘਾਹੀ ਸਿੱਖ ਅੰਦਰ ਗਿਆ ਤੇ ਹੈਰਾਨ ਰਹਿ ਗਿਆ ਕਿਉਂਕਿ ਤਖਤ ਦਾ ਮਾਲਕ ਤਖ਼ਤ 'ਤੇ ਹੀ ਬੈਠਾ ਸੀ। ਪਰ ਮੇਰਾ ਸਤਿਗੁਰੂ ਤੇ ਸਗੋਂ "***ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥***" ਪਰ ਸਿੱਖ ਨੇ ਸ਼ੰਕਾ ਮਿਟਾ ਕੇ ਦਰਸ਼ਨ ਕਰਨ ਲਈ ਘਾਹ ਦੀ ਪੰਡ ਵੀ ਉਤਾਰ ਦਿੱਤੀ ਤੇ ਪੱਲੇ ਬੰਨ੍ਹਿਆ ਟੱਕਾ ਵੀ ਭੇਟ ਕਰਕੇ ਮੱਥਾ ਟੇਕਿਆ। ਤਖ਼ਤ ਦਾ ਮਾਲਕ ਆਖਣ ਲੱਗਾ, ਮੰਗੋ ਕੀ ਮੰਗਣਾ ? ਤਦ ਸਿੱਖ ਨੇ ਕਿਹਾ ਕੇ ਜਨਮ ਮਰਨ ਤੋਂ ਮੁਕਤ ਕਰ ਦਿਉ। ਇਹ ਸੁਣ ਕੇ ਮਾਲਕ ਖੜਾ ਹੋ ਗਿਆ ਤੇ ਆਖਣ ਲੱਗਾ ਕਿ ਇਹ ਜਹਾਂਗੀਰ ਬਾਦਸ਼ਾਹ ਦਾ ਆਸਣ ਹੈ, ਇਥੋਂ ਧਨ ਆਦਿਕ ਤਾਂ ਮਿਲ ਸਕਦਾ ਪਰ ਜੇਕਰ ਦੁੱਖ ਸੁਖ ਜਾਂ ਜਨਮ ਮਰਨ ਦੀ ਨਵਿਰਤੀ ਚਾਹੁੰਦੇ ਹੋ ਤਦ ਨਾਲ ਦੇ ਤੰਬੂ ਭਾਵ ਆਸਣ 'ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਨਿਵਾਸ ਹੈ, ਤੁਸੀਂ ਉਥੇ ਜਾਉ। ਇਹ ਗੱਲ ਸੁਣ ਕੇ ਸਿੱਖ ਨੇ ਘਾਹ ਦੀ ਪੰਡ ਅਤੇ ਟਕਾ ਚੁੱਕ ਲਿਆ। ਜਹਾਂਗੀਰ ਨੇ ਕਿਹਾ ਕਿ ਅੱਜ ਤਕ ਕਦੇ ਕਿਸੇ ਨੇ ਬਾਦਸ਼ਾਹ ਨੂੰ ਘਾਹ ਨਹੀ ਭੇਟਾ ਕੀਤਾ ਹੋਣਾ ਜੇ ਕੀਤਾ ਵੀ ਹੋਵੇ ਤਦ ਚੁੱਕਿਆ ਨਹੀਂ ਹੋਣਾ, ਇਸ ਲਈ ਘਾਹ ਦੀ ਪੰਡ ਦੀ ਥਾਂ ਤੁਸੀਂ ਧਨ ਦੀ ਪੰਡ ਲੈ ਜਾਵੋ ਪਰ ਘਾਹ ਨਾ ਚੁੱਕੋ। ਧੰਨ ਸਨ ਉਹ ਗੁਰਸਿੱਖ ਜਿਹੜੇ ਦੁਨਿਆਵੀ ਤੌਰ 'ਤੇ ਗਰੀਬ ਭਾਵੇਂ ਸਨ ਪਰ ਵਿਕਾਊ ਨਹੀਂ ਸਨ। ਸਿੱਖ ਨੇ ਆਖਿਆ ਕਿ ਘਾਹ ਦੀ ਪੰਡ ਬਦਲੇ ਮੈਨੂੰ ਧਨ ਨਹੀਂ ਬਲਕਿ ਗੁਰੂ ਪ੍ਰੇਮ, ਨਾਮ ਸਿਮਰਨ, ਲੋਕ ਪ੍ਰਲੋਕ ਸੁਹੇਲੇ ਚਾਹੀਦੇ ਹਨ। ਧਨ ਬਦਲੇ ਤਾਂ ਘਾਹ ਰੋਜ਼ ਹੀ ਵੇਚਦਾ ਹਾਂ, ਕਦੇ ਸਸਤਾ ਕਦੇ ਮਹਿੰਗਾ। ਪਰ ਲੋਕ ਪ੍ਰਲੋਕ ਤੇ ਨਾਮ ਲਈ ਤਾਂ ਸਿਰਫ ਅੱਜ ਹੀ ਵੇਚਣ ਆਇਆ ਹਾਂ। ਜੇ ਕਰ ਅੱਜ ਵੀ ਧਨ ਬਦਲੇ ਵੇਚ ਗਿਆ ਤਦ ਇਹੋ ਜਿਹਾ ਵਪਾਰੀ ਫਿਰ ਕਦੇ ਨਹੀਂ ਲੱਭਣਾ ਜਿਹੜਾ ਘਾਹ ਦੀ ਪੰਡ ਬਦਲੇ ਪ੍ਰੇਮ, ਨਾਮ ਤੇ ਆਪਣਾ ਹੀ ਬਣਾ ਲਵੇ। ਤੇਰੇ ਵਰਗੇ ਤਾਂ ਹਰ ਰੋਜ਼ ਲੱਭ ਪੈਣਗੇ, ਜਿਹੜੇ ਘਾਹ ਬਦਲੇ ਦੁਨਿਆਈ ਧਨ ਦਿੰਦੇ ਹਨ, ਪਰ ਹੁਣ ਮੈਂ "***ਸਤਿਗੁਰ ਸਿਖ ਕਉ ਨਾਮ ਧਨੁ ਦੇਇ ॥***" ਲੈ ਕੇ ਜਾਣਾ ਹੈ। ਇਸ ਲਈ ਸਿੱਖ ਨਾਲ ਦੇ ਤੰਬੂ ਵਿੱਚ ਚਲਾ ਗਿਆ। ਜਹਾਂਗੀਰ ਵੀ ਗੁਰੂ ਪ੍ਰੇਮ ਦੇਖਣ ਵਾਸਤੇ ਮਗਰ ਹੀ ਚਲਾ ਗਿਆ, ਦੇਖ ਕੇ ਹੈਰਾਨ ਰਹਿ ਗਿਆ । ਜਦੋਂ ਸਤਿਗੁਰੂ ਜੀ ਨੇ ਆਪ ਅੱਗੇ ਹੋ ਕੇ ਅਸੀਸਾਂ ਨਾਲ ਸਿੱਖ ਦੀ ਝੋਲੀ ਭਰ ਦਿੱਤੀ। ਸਿੱਖ ਨੇ ਸਿਰਫ ਇਤਨਾ ਹੀ ਕਿਹਾ ਕਿ ਹੇ ਸਤਿਗੁਰੂ ਜੀ !

ਤੁਹਾਡੇ ਵਰਗਾ ਕੋਈ ਪਰਉਪਕਾਰੀ ਨਹੀਂ ਡਿੱਠਾ ਜਿਹੜਾ ਘਾਹ ਖੋਤਰਨ ਵਾਲਿਆਂ ਨੂੰ ਵੀ ਗਲਵਕੜੀ ਵਿੱਚ ਲੈ ਮੁਰਾਦਾਂ ਪੂਰ ਦੇਵੇ। ਭਾਈ ਗੁਰਦਾਸ ਜੀ ਦੀ ਪਵਿੱਤਰ ਅੱਖ ਨੂੰ ਵੀ ਹੋਰ ਕੋਈ ਨਾ ਲੱਭਾ ਤੇ ਤਦ ਹੀ ਆਖਿਆ ਕਿ "*ਵਡ ਜੋਧਾ ਬਹੁ ਪਰਉਪਕਾਰੀ ॥*"

ਇਸ ਤਰ੍ਹਾਂ ਮੇਰੇ ਸਤਿਗੁਰੂ ਜੀ ਪ੍ਰਮਾਰਥੀਆਂ ਨੂੰ ਪਰਮਾਰਥ, ਦੁੱਖੀਆਂ ਨੂੰ ਸੁਖ, ਪ੍ਰੇਮੀਆਂ ਨੂੰ ਪ੍ਰੇਮ ਤੇ ਪਾਪੀਆਂ ਨੂੰ ਕੀਤੇ ਦੀਆਂ ਸਜ਼ਾਵਾਂ ਦੇ ਕੇ ਆਖਰ ਵਾਪਸ ਅੰਮ੍ਰਿਤਸਰ ਸਾਹਿਬ ਪਰਤੇ। ਸਤਿਗੁਰੂ ਜੀ ਦੀ ਵਾਪਸੀ 'ਤੇ ਸਿੱਖਾਂ ਨੇ ਬਹੁਤ ਹੀ ਖੁਸ਼ੀਆਂ ਮਨਾਈਆਂ। ਸਾਰੇ ਸ਼ਹਿਰ ਅੰਦਰ ਦੀਵੇ ਬਾਲ ਕੇ ਆਕਾਸ਼ ਧਰਤੀ 'ਤੇ ਪ੍ਰਗਟ ਕਰ ਦਿੱਤਾ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਸਾਹਿਬ ਵਿਖੇ ਪਧਾਰਨ 'ਤੇ ਸੰਗਤਾਂ ਦਾ ਮਾਨੋ ਹੜ੍ਹ ਹੀ ਆ ਗਿਆ। ਜਿਨ੍ਹਾਂ ਦੀਆਂ ਨਿੱਤ ਦੀਆਂ ਅਰਦਾਸਾਂ ਸਨ ਕਿ "*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥*" ਉਹ ਗਵਾਲੀਅਰ ਵਿਖੇ ਗੁਰੂ ਜੀ ਦੇ ਜਾਣ 'ਤੇ ਦਰਸ਼ਨਾਂ ਤੋਂ ਬਿਨਾਂ ਕਿਤਨਾ ਤੜਫੇ ਹੋਣਗੇ, ਸ਼ਾਇਦ ਕਲਮ ਦੀ ਨੋਕ ਵਿੱਚ ਉਸ ਦਰਦ ਨੂੰ ਬਿਆਨਣ ਦੀ ਸਮਰਥਾ ਨਹੀਂ। ਹੋਰ ਵੀ ਅਨੇਕਾਂ ਥਾਵਾਂ ਤੋਂ ਕੁਝ ਗੁਰਸਿੱਖ ਅਜਿਹੇ ਵੀ ਸਨ ਜਿਹੜੇ ਦਿਲ ਦੀਆਂ ਤਾਰਾਂ ਰਾਹੀਂ ਸਾਹਿਬ ਤਕ ਸੁਨੇਹੇ ਪਹੁੰਚਾ ਰਹੇ ਸਨ ਭਾਵ ਇਕ ਮਨ ਇਕ ਚਿੱਤ ਅਰਦਾਸਾਂ ਕਰਕੇ ਦਰਸ਼ਨਾਂ ਦੀ ਭੀਖ ਮੰਗ ਰਹੇ ਸਨ। ਅਜਿਹੇ ਪ੍ਰੀਤਵਾਨਾਂ ਦੇ ਨੇਤਰਾਂ ਨੂੰ ਲੱਗੀ ਦਰਸ਼ਨਾਂ ਦੀ ਪਿਆਸ ਬੁਝਾਉਣ ਲਈ ਸਤਿਗੁਰੂ ਜੀ ਮਾਝੇ ਦੇ ਇਲਾਕੇ ਵਿੱਚ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜ ਰਹੇ ਸਨ ਕਿ ਇਕ ਬੀਬਾ ਸਾਹਿਬ ਜੀ ਦੇ ਘੋੜੇ ਦੀ ਲਗਾਮ ਪਕੜ ਕੇ ਕਹਿਣ ਲੱਗੀ, ਹੇ ਸਤਿਗੁਰੂ ਜੀ ! ਹਰ ਉਪਰਾਲਾ ਅਤੇ ਦਰ ਦਰਵਾਜ਼ੇ ਦੇਖ ਕੇ ਆਖਰ ਨਿਰਾਸ਼ ਆਪ ਜੀ ਦੇ ਘਰ ਦੀ ਵੱਡਿਆਈ ਸੁਣ ਕੇ ਆਪਣੀ ਮਮਤਾ ਦੀ ਝੋਲੀ ਵਿੱਚ ਆਪ ਜੀ ਦੇ ਦਰ ਤੋਂ ਔਲਾਦ ਦੀ ਦਾਤ ਲੈਣ ਵਾਸਤੇ ਕਾਮਨਾ ਨਾਲ ਅਰਦਾਸ ਕਰਨ ਆਈ ਹਾਂ। ਖ਼ਿਆਲ ਕਰਨਾ ਅਰਦਾਸ ਲਈ ਬਹੁਤ ਜ਼ਰੂਰੀ ਹੈ - ਭਰੋਸਾ ਅਤੇ ਅਡੋਲਤਾ। ਇਹ ਦੋਵੇਂ ਗੁਣ ਇਸ ਚੱਬੇ ਨਗਰ ਦੀ ਵਸਨੀਕ ਮਾਤਾ ਸੁਲੱਖਣੀ ਜੀ ਵਿੱਚ ਸਨ। ਸਤਿਗੁਰੂ ਜੀ ਘੋੜੇ 'ਤੇ ਹੀ ਖਲੋਤੇ ਸਨ। ਇਸ ਮਾਤਾ ਨੇ ਬਚਨ ਕਰ ਦਿੱਤਾ ਕਿ ਇਸ ਕਾਗਜ਼ 'ਤੇ ਲਿਖ ਦਿਉ। ਤੁਸੀਂ ਕਾਗਜ਼ 'ਤੇ ਲਿਖੋ ਤਾਂ ਰੱਬੀ ਦਰਗਾਹ ਵਿੱਚ ਮੇਰੀ ਕਿਸਮਤ ਵਿੱਚ ਲਿਖ ਹੋ ਜਾਣਗੇ। ਸਤਿਗੁਰੂ ਜੀ ਨੇ ਕਲਮ ਅਤੇ ਕਾਗਜ਼ ਪਕੜ ਲਿਆ ਤੇ ਨੇਤਰ ਬੰਦ ਕਰ ਲਏ। ਮਾਤਾ ਜੀ ਨੇ ਫਿਰ ਪੁੱਛਿਆ ਕਿ ਸਾਹਿਬ ਜੀ ਕੀ ਸੋਚਦੇ ਹੋ ? ਤਦ ਸਤਿਗੁਰੂ ਜੀ ਨੇ ਹੱਸ ਕੇ ਕਹਿ ਦਿੱਤਾ ਕਿ ਤੁਹਾਨੂੰ ਔਲਾਦ ਦੀ ਪ੍ਰਾਪਤੀ ਗੁਰੂ ਨਾਨਕ

ਸਾਹਿਬ ਜੀ ਦੇ ਦਰ ਤੋਂ ਅਵੱਸ਼ ਹੋਵੇਗੀ ਕਿਉਂਕਿ ਇਥੋਂ ਨਿਰਾਸ਼ਤਾ ਨਹੀਂ ਬਲਕਿ ਆਸਤਾ ਮਿਲਦੀ ਹੈ। ਸਤਿਗੁਰੂ ਜੀ ਨੇ ੭ ਪੁੱਤਰਾਂ ਦੀ ਦਾਤ ਲਿਖ ਮਾਤਾ ਸੁਲੱਖਣੀ ਨੂੰ ਅਸਲ ਵਿਚ ਸੁਲੱਖਣੀ ਬਣਾ ਦਿੱਤਾ। ਜਿਹੜੀ ਮਾਤਾ ਕੇਵਲ ਨਾਂ ਦੀ ਹੀ ਸੁਲੱਖਣੀ ਸੀ, ਅੱਜ ਅਸਲ ਦੀ ਸੁਲੱਖਣੀ ਬਣ ਬੈਠੀ। ਹਰ ਦਰ ਤੋਂ ਬੇ-ਆਸ ਇਸ ਮਾਤਾ ਦੀ ਝੋਲੀ ਭਰਨ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਜੀ ਲਈ ਤਾਂ ਮਾਨੋ ਹਰ ਜ਼ਰਾ-ਜ਼ਰਾ ਕਹਿ ਉਠਿਆ ਹੋਵੇਗਾ ਕਿ "*ਵਡ ਜੋਧਾ ਬਹੁ ਪਰਉਪਕਾਰੀ*"

ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪਾ ਕੇ ਭਾਈ ਸਾਧੂ ਰਾਮ ਨੇ ਅਜਿਹਾ ਜੀਵਨ ਸਾਧਿਆ ਕਿ ਅਸਲ ਸਾਧੂ ਦੀ ਮਾਨੋ ਸੰਸਾਰ ਅੰਦਰ ਮਿਸਾਲ ਕਾਇਮ ਕਰ ਦਿੱਤੀ। ਇਕ ਵਾਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਘੋੜੇ ਖਰੀਦ ਕੇ ਲਿਆਉਣ ਲਈ ਡਿਊਟੀ ਲਗਾਈ। ਭਾਈ ਸਾਹਿਬ ਜੀ ਗੁਰੂ ਹੁਕਮ ਪਾ ਕੇ ਟੁਰ ਪਏ ਪਰ ਕੁਝ ਹੀ ਦੂਰ ਗਏ ਹੋਣਗੇ ਕਿ ਘਰੋਂ ਇਕ ਸਿੱਖ ਤੇਜ਼ੀ ਨਾਲ ਜਾ ਕੇ ਮਿਲਿਆ ਅਤੇ ਦੱਸਿਆ ਕਿ ਆਪ ਜੀ ਦਾ ਇਕਲੌਤਾ ਪੁੱਤਰ ਅਚਾਨਕ ਬਹੁਤ ਬਿਮਾਰ ਹੋ ਗਿਆ ਹੈ, ਆਪ ਜੀ ਘਰ ਪਰਤ ਆਵੋ। ਭਾਈ ਸਾਧੂ ਰਾਮ ਜੀ ਨੇ ਬਹੁਤ ਹੀ ਠਰੰਮੇ ਨਾਲ ਜਵਾਬ ਦਿੱਤਾ ਕਿ ਪਹਿਲਾਂ ਤਾਂ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰੋ ਕਿਉਂਕਿ ਮਾਰਨ ਜੀਵਾਲਣ ਦੀ ਤਾਕਤ ਮੇਰੇ ਕੋਲ ਨਹੀਂ ਬਲਕਿ "*ਸਤਿਗੁਰੁ ਮੇਰਾ ਮਾਰਿ ਜੀਵਾਲੈ ॥*" ਇਹ ਸਮਰਥਾ ਸਤਿਗੁਰੂ ਜੀ ਕੋਲ ਹੈ, ਸੋ ਜੇ ਕਰ ਬਚ ਗਿਆ ਤਦ ਆ ਕੇ ਹੀ ਮਿਲਾਂਗਾ ਜੇ ਚੜ੍ਹਾਈ ਕਰ ਗਿਆ ਤਾਂ ਘਰੋਂ ਲੱਕੜਾਂ ਲੈ ਕੇ ਸਸਕਾਰ ਕਰ ਦੇਣਾ। ਦਾਸ ਨੇ ਤਾਂ ਗੁਰੂ ਦਾ ਬਚਨ ਪਾਲਣਾ ਹੈ। ਗੁਰੂ ਦੀਦਾਰਾਂ ਨਾਲ ਜੁੜੇ ਪੁਰਖਾਂ ਦੀ ਬਿਰਤੀ ਇਤਨੀ ਉਚੀ ਚੁੱਕ ਦਿੱਤੀ ਕਿ ਗ੍ਰਹਿਸਤ ਵਿੱਚ ਰਹਿੰਦਿਆਂ ਵੀ ਗ੍ਰਹਿਸਤ ਦੀ ਪਕੜ "*ਸੰਤ ਕਾ ਮਾਰਗੁ ਧਰਮ ਕੀ ਪਉੜੀ ....*" ਤੋਂ ਨਾ ਡੁਲ੍ਹਾ ਸਕੇ। ਕੁਝ ਸਮੇਂ ਮਗਰੋਂ ਸਤਿਗੁਰੂ ਜੀ ਅੰਮ੍ਰਿਤਸਰ ਸਾਹਿਬ ਵਾਪਸ ਆ ਗਏ ਕਿਉਂਕਿ ਅੰਮ੍ਰਿਤਸਰ ਸਾਹਿਬ ਦੀ ਸੇਵਾ ਸੰਭਾਲ ਅਤੇ ਸੰਗਤਾਂ ਲਈ ਲੰਮਾ ਵਿਛੋੜਾ ਹੋ ਗਿਆ ਸੀ।

ਸਤਿਗੁਰੂ ਮਹਾਰਾਜ ਜੀ ਨੂੰ ਸੇਵਕਾਂ ਨੇ ਦੋ ਅਹਿਮ ਖ਼ਬਰਾਂ ਦਿੱਤੀਆਂ ਕਿ ਇਕ ਤਾਂ ਮੁਰਤਜ਼ਾ ਮਰ ਗਿਆ, ਦੂਜਾ ਜਹਾਂਗੀਰ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਜਿਥੇ ਕਿਸੇ ਦੇ ਵੀ ਆਉਣ ਜਾਣ 'ਤੇ ਪਾਬੰਦੀ ਨਹੀਂ, ਜਿਸ ਅਸਥਾਨ ਦੀ ਨੀਂਹ ਇਕ ਮਹਾਨ ਪਵਿੱਤਰ ਆਤਮਾ ਸਾਂਈ ਮੀਆਂ ਮੀਰ ਜੀ ਨੇ ਰੱਖੀ ਸੀ। ਇਸ ਦੇ ਸਾਹਮਣੇ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਆਪ ਜੀ ਦੇ ਮੁਬਾਰਿਕ ਦੀਦਾਰ।

ਇਤਿਹਾਸ ਵਿਚ ਇਕ ਮਨ ਮੱਤੀ ਮਿਸਾਲ ਹੋਰ ਮਿਲਦੀ ਹੈ ਜਿਸ ਤੋਂ ਹੋ ਸਕਦੈ

ਹੋਰ ਵੀ ਕਿਸੇ ਦਾ ਮਨ "ਪ੍ਰੇਮ ਖੇਲਨ ਕਾ ਚਾਉ" ਦੇ ਮਾਰਗ 'ਤੇ ਤੁਰ ਕੇ ਸਿਦਕ ਦੀ ਮੰਜ਼ਿਲ ਪਾ ਸਕੇ। ਬੀੜ ਸਾਹਿਬ ਇਕ ਦਿਨ ਬਾਬਾ ਬੁੱਢਾ ਜੀ ਦੀਦਾਰ ਕਰਨ ਆਏ। ਅਦਬ ਸਤਿਕਾਰ ਨਾਲ ਮੱਥਾ ਟੇਕ ਕੇ ਉਠੇ, ਸੰਗਤਾਂ ਵਿੱਚ ਬਿਰਾਜ ਗਏ। ਪਰ ਇਹ ਸਭ ਕੁਝ ਅਜਿਹਾ ਪ੍ਰਤੀਤ ਹੋਇਆ ਕਿ ਜਿਵੇਂ ਹੁਣ ਸਰੀਰਕ ਚੋਲਾ ਬਹੁਤਾ ਸਾਥ ਨਾ ਦਿੰਦਾ ਹੋਵੇ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰਕੇ ਹੁਣ ਤੁਸੀਂ ਅੰਮ੍ਰਿਤਸਰ ਸਾਹਿਬ ਵਿਖੇ ਨਾ ਆਇਆ ਕਰੋ। ਖੇਚਲ ਬਹੁਤ ਹੁੰਦੀ ਹੈ। ਅਜਿਹਾ ਸੁਣ ਕੇ ਬਾਬਾ ਜੀ ਦਾ ਹਿਰਦਾ ਕੰਬਿਆ। ਬੇਨਤੀ ਕੀਤੀ ਕਿ ਮਹਾਰਾਜ ਜੀ! ਸਗੋਂ ਅਸੀਸ ਦਿਉ ਕਿ ਦੋ ਦੀਵਿਆਂ ਦੇ ਬੁਝਣ ਤੋਂ ਪਹਿਲਾਂ ਪਹਿਲਾਂ ਹਰ ਪਲ ਆਪ ਜੀ ਦੇ ਦੀਦਾਰਾਂ ਨਾਲ ਜੁੜਿਆ ਰਵਾਂ ਤੇ ਸਿੱਖੀ ਕਮਾਉਂਦਾ ਰਹਾਂ। ਮੈਂ ਦਰਸ਼ਨਾਂ ਤੋਂ ਬਿਨਾਂ ਨਹੀਂ ਰਹਿ ਸਕਦਾ। ਸਤਿਗੁਰੂ ਜੀ ਆਖਣ ਲੱਗੇ, ਹਾਂ ਬਾਬਾ ਜੀ ਦਰਸ਼ਨ ਤਾਂ ਹੋਣਗੇ ਪਰ ਮੈਂ ਖੁਦ ਤੁਹਾਡੇ ਦੀਦਾਰ ਕਰਨ ਵਾਸਤੇ ਬੀੜ ਆਇਆ ਕਰਾਂਗਾ। ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਅਰਜ਼ੋਈ ਕੀਤੀ, ਮਾਲਕ! ਕਿਰਪਾ ਕਰਕੇ ਇਸੇ ਤਰ੍ਹਾਂ ਹੀ ਸਿਦਕ ਨਿਭਾ ਦਿਉ। ਸਤਿਗੁਰੂ ਜੀ ਨੇ ਹੁਣ ਫਿਰ ਆਖਿਆ ਕਿ ਬਾਬਾ ਜੀ ਹੁਣ ਗੁਰੂ ਘਰ ਵਲੋਂ ਹੁਕਮ ਹੈ ਕਿ ਜਦੋਂ ਵੀ ਤੁਸੀਂ ਇਥੇ ਆਉਣਾ ਹੋਵੇਗਾ ਤਦ ਪੈਦਲ ਨਹੀਂ ਬਲਕਿ ਸਿੱਖ ਸੇਵਕ ਇਕ ਪਾਲਕੀ ਵਿੱਚ ਲੈ ਕੇ ਆਇਆ ਕਰਨਗੇ। ਬਾਬਾ ਬੁੱਢਾ ਜੀ ਹੁਕਮ ਅਦੂਲੀ ਕਿਵੇਂ ਕਰ ਸਕਦੇ ਸਨ। ਇਸ ਲਈ ਬਚਨ ਮੰਨ ਲਿਆ। ਇਕ ਦਿਨ ਪਾਲਕੀ ਵਿੱਚ ਆ ਰਹੇ ਸਨ। ਇਧਰ ਸਾਹਿਬ ਜੀ ਨੇ ਆਪਣਾ ਕੀਮਤੀ ਚੋਲਾ ਉਤਾਰਿਆ ਅਤੇ ਦਸਤਾਰਾ ਉਤਾਰਿਆ। ਸਾਦਾ ਜਿਹਾ ਚੋਲਾ ਪਾ ਕੇ ਇਕ ਸਾਦੀ ਜਿਹੀ ਦਸਤਾਰ ਸਜਾ ਕੇ ਇਕ ਹੋਰ ਚਾਦਰ ਨਾਲ ਆਪਣਾ ਮੂੰਹ ਸਿਰ ਕੱਜ ਕੇ ਰਸਤੇ ਵਿੱਚ ਖਲੋ ਗਏ। ਜਦੋਂ ਪਾਲਕੀ ਆਈ ਤਦ ਇਸ਼ਾਰਾ ਕੀਤਾ ਕਿ ਇਕ ਸਿੱਖ ਇਕ ਪਾਸਾ ਮੈਨੂੰ ਦੇ ਦਿਉ, ਮੈਂ ਪਾਲਕੀ ਨੂੰ ਮੋਢਾ ਲਗਾਉਣਾ ਹੈ। ਸਿੱਖਾਂ ਨੇ ਸਮਝਿਆ ਸ਼ਾਇਦ ਕੋਈ ਹੋਰ ਸ਼ਰਧਾਲੂ ਸਿੱਖ ਹੋਏਗਾ ਕਿਉਂਕਿ ਬਾਬਾ ਬੁੱਢਾ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਸਿੱਖ ਚਲੇ ਆ ਰਹੇ ਸਨ। ਸਿੱਖ ਜਗਤ ਅੰਦਰ ਇਨ੍ਹਾਂ ਦਾ ਅਥਾਹ ਪਿਆਰ ਸਤਿਕਾਰ ਸੀ। ਸੋ ਛੇਵੇਂ ਸਤਿਗੁਰੂ ਜੀ ਨੇ ਅੱਜ ਸਿੱਖ ਦੀ ਭਾਵ ਬਾਬਾ ਬੁੱਢਾ ਜੀ ਦੀ ਪਾਲਕੀ ਨੂੰ ਮੋਢਾ ਲਾਇਆ। ਪਰ ਮੋਢਾ ਲਾਇਆ ਹੀ ਸੀ ਕਿ ਬਾਬਾ ਜੀ ਨੇ ਦੁਹਾਈ ਪਾ ਦਿੱਤੀ ਕਿ ਪਾਲਕੀ ਥੱਲੇ ਉਤਾਰ ਦਿਉ ਨਹੀਂ ਤਾਂ ਮੈਂ ਵਿਚੋਂ ਹੀ ਛਾਲ ਮਾਰ ਦਿਆਂਗਾ। ਇਹ ਸੁਣ ਕੇ ਪਾਲਕੀ ਥੱਲੇ ਉਤਾਰੀ ਗਈ। ਸਤਿਗੁਰੂ ਜੀ ਉਸੇ ਤਰ੍ਹਾਂ ਆਪਣਾ ਮੁਖਾਰਬਿੰਦ ਲੁਕਾਈ ਖਲੋਤੇ ਸਨ ਕਿ ਬਾਬਾ ਜੀ ਪਾਲਕੀ ਵਿਚੋਂ ਨਿਕਲ ਕੇ ਸਤਿਗੁਰੂ ਜੀ ਦੇ ਚਰਣਾਂ 'ਤੇ ਸੀਸ ਰੱਖ ਕੇ ਜ਼ਾਰੋ ਜ਼ਾਰ ਰੋਣ ਲੱਗ ਪਏ ਤੇ ਆਖਿਆ ਕਿ ਹੇ

ਮਹਾਨ ਸਤਿਗੁਰੂ ਜੀ! ਜੇ ਕਰ ਸਤਿਗੁਰੂ ਦੀ ਪਾਲਕੀ ਸਿੱਖ ਦੇ ਮੋਢੇ 'ਤੇ ਹੋਵੇ ਤਦ ਇਹ ਜਗਤ ਦਸਤੂਰ ਹੈ ਪਰ ਸਿੱਖ ਦੀ ਪਾਲਕੀ ਗੁਰੂ ਦੇ ਮੋਢੇ 'ਤੇ ਹੋਵੇ, ਇਹੋ ਅਜਿਹਾ ਅਨਰਥ ਮੈਂ ਕਿਵੇਂ ਸਹਾਰ ਸਕਦਾ ਹਾਂ। ਜਦੋਂ ਮਗਰੋਂ ਬਾਬਾ ਜੀ ਨੂੰ ਪੁੱਛਿਆ ਤਦ ਉਨ੍ਹਾਂ ਨੇ ਆਖਿਆ ਕਿ ਭਾਈ ਸਿੱਖ ਦੀ ਬ੍ਰਿਤੀ ਤਾਂ ਜਦੋਂ ਪਹਿਲੀ ਵਾਰੀ ਗੁਰੂ ਨੂੰ ਮੱਥਾ ਟੇਕ ਦਿੱਤਾ ਉਸ ਮਗਰੋਂ ਫਿਰ ਗੁਰੂ ਚਰਣਾਂ ਵਿੱਚ ਹੀ ਲੱਗੀ ਰਹਿਣੀ ਚਾਹੀਦੀ ਹੈ ਕਦੇ ਲਾਂਭੇ ਨਾ ਹੋਵੇ। ਇਸੇ ਲਈ ਗੁਰੂ ਅੱਜ ਸਿੱਖ ਲਈ ਪ੍ਰੇਮ ਵਿੱਚ ਬਿਹਬਲ ਹੋਇਆ ਆ ਰਿਹਾ ਹੋਵੇ ਤੇ ਸਿੱਖ ਨੂੰ ਪਤਾ ਵੀ ਨਾ ਲੱਗੇ ਇਹ ਕਿਵੇਂ ਹੋ ਸਕਦਾ ਹੈ? ਇਤਨੀ ਮਹਾਨ ਪਰਉਪਕਾਰ ਦੀ ਬਿਰਤੀ ਦੇ ਮਾਲਕ ਸਨ ਸ੍ਰੀ ਹਰਿ ਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ।

ਸਤਿਗੁਰੂ ਜੀ ਅੰਮ੍ਰਿਤਸਰ ਸਾਹਿਬ ਹੀ ਸਨ, ਜਦੋਂ ਜਹਾਂਗੀਰ ਬਾਦਸ਼ਾਹ ਦਰਸ਼ਨ ਕਰਕੇ ਗਿਆ। ਜਹਾਂਗੀਰ ਭਾਵੇਂ ਬਾਦਸ਼ਾਹ ਸੀ ਪਰ ਗੁਰੂ ਵਲੋਂ ਸਾਰੇ ਖਰਚ ਤੇ ਸੇਵਾ ਸੰਭਾਲ ਦੇਖ ਕੇ ਹੈਰਾਨ ਰਹਿ ਗਿਆ ਸੀ।

ਪ੍ਰਮੇਸ਼ਵਰ ਜਾਂ ਗੁਰੂ ਮਿਲਾਪ ਦੇ ਦੋ ਹੀ ਸਾਧਨ ਹਨ - ਇਕ ਤਾਂ ਆਪ ਭਾਲਣ ਚੱਲੇ ਜਾਣਾ, ਦੂਜਾ ਘਰ ਬੈਠ ਕੇ ਉਡੀਕ ਕਰਨਾ। ਸਿੱਖੀ ਨੇ ਬਾਹਰ ਭਾਲਣਾ ਨਾਕਾਰਾ ਕਰ ਦਿੱਤਾ। ਹਮੇਸ਼ਾਂ ਇਹੋ ਹੀ ਉਪਦੇਸ਼ ਦਿੱਤਾ ਕਿ ਕਿਵੇਂ ਘਰ ਬੈਠ ਹੀ ਉਡੀਕ ਕਰਨੀ ਹੈ। ਕਸ਼ਮੀਰ ਦੇ ਇਲਾਕੇ ਵਿੱਚ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਆਮਦ ਨੇ ਸਿੱਖੀ ਦੀ ਖੁਸ਼ਬੋ ਖਿਲਾਰ ਦਿੱਤੀ ਸੀ। ਛੇਵੇਂ ਪਾਤਿਸ਼ਾਹ ਜੀ ਤਕ ਇਥੋਂ ਦੀਆਂ ਸੰਗਤਾਂ ਦੇ ਹਿਰਦਿਆਂ ਵਿੱਚ ਸਿੱਖੀ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਸੀ। ਇਥੋਂ ਹੀ ਭਾਗ ਭਰੀ ਮਾਤਾ ਜੀ ਦੀਆਂ ਅਰਜ਼ੋਈਆਂ ਸਤਿਗੁਰੂ ਜੀ ਨੂੰ ਮਾਨੋ ਪ੍ਰੇਮ ਦੀ ਡੋਰੀ ਪਾ ਕੇ ਖਿੱਚ ਲਿਆਈਆਂ ਸਨ। ਮਾਤਾ ਭਾਗ ਭਰੀ ਬਹੁਤ ਹੀ ਸਿਦਕ ਤੇ ਭਰੋਸੇ ਵਾਲੀ ਸੀ। ਸਤਿਗੁਰੂ ਜੀ ਲਈ ਇਕ ਹੱਥੀਂ ਚੋਲਾ ਤਿਆਰ ਕਰਕੇ ਉਡੀਕਣ ਲੱਗ ਪਈ। ਇਕ ਦਿਨ ਉਡੀਕ ਨੂੰ ਫਲ ਲੱਗਾ ਕਿ ਸਾਹਿਬ ਜੀ ਆਪ ਆ ਹੀ ਗਏ ਪਰ ਮਾਤਾ ਜੀ ਦਰਸ਼ਨ ਕਰਕੇ ਨਿਹਾਲ ਹੋਈ, ਨਾਲ ਹੀ ਮਨ ਅੰਦਰ ਇਹ ਵੀ ਵੀਚਾਰ ਚੱਲੀ ਕਿ ਇਤਨੀਆਂ ਕੀਮਤੀ ਪੋਸ਼ਾਕਾਂ ਦੇ ਪਹਿਨਣ ਵਾਲੇ ਗਰੀਬਣੀ ਦਾ ਚੋਲਾ ਕਿਵੇਂ ਪਹਿਨਣਗੇ। ਮਾਤਾ ਜੀ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਜਦੋਂ ਸਾਹਿਬ ਜੀ ਨੇ ਆਪ ਹੀ ਚੋਲਾ ਪਕੜ ਕੇ ਪਹਿਨਦਿਆਂ ਬਚਨ ਕੀਤਾ ਕਿ ਮੈਨੂੰ ਕੀਮਤੀ ਨਹੀਂ ਬਲਕਿ ਪ੍ਰੇਮ ਵਿੱਚ ਭਿੱਜੀਆਂ ਭੇਟਾਵਾਂ ਭਾਉਂਦੀਆਂ ਹਨ।

ਕਸ਼ਮੀਰ ਦੇ ਹੀ ਇਲਾਕੇ ਵਿੱਚ ਹੀ ਇਕ ਅਦੁੱਤੀ ਕਰਾਮਾਤ ਹੋਰ ਵਰਤੀ ਜਦੋਂ ਇਕ ਕਾਫਲਾ ਸਾਹਿਬ ਜੀ ਦੇ ਦਰਸ਼ਨਾਂ ਲਈ ਆ ਰਿਹਾ ਸੀ ਕਿ ਅਚਾਨਕ ਰਸਤੇ ਵਿੱਚ ਕਿਸੇ

ਪ੍ਰੇਮੀ ਦੇ ਘਰ ਰਾਤ ਕੱਟੀ। ਘਰ ਵਾਲਾ ਸਰੀਰਕ ਤੌਰ 'ਤੇ ਬਿਮਾਰ ਸੀ। ਸਾਰੀ ਰਾਤ ਦੂਰ ਜਾ ਕੇ ਖੰਘਦਾ ਰਿਹਾ ਤਾਂ ਕਿ ਇਨ੍ਹਾਂ ਆਏ ਹੋਏ ਸਿੱਖਾਂ ਦੇ ਆਰਾਮ ਵਿੱਚ ਬਿਘਨ ਨਾ ਪਵੇ। ਇਨ੍ਹਾਂ ਨੇ ਸਵੇਰੇ ਫਿਰ ਨਿੱਤ ਦੀ ਕਿਰਿਆ ਕਰਕੇ ਗੁਰੂ ਦੀਦਾਰਾਂ ਲਈ ਜਾਣਾ ਹੈ। ਅਚਾਨਕ ਤਬੀਅਤ ਜ਼ਿਆਦਾ ਵਿਗੜ ਗਈ ਤਦ ਕਾਫਲੇ ਵਿਚੋਂ ਇਕ ਸਿੱਖ ਨੇ ਪੁੱਛਿਆ, ਤਾਂ ਘਰ ਵਾਲੀ ਨੇ ਦੱਸਿਆ ਕਿ ਜੇ ਕਰ ਥੋੜ੍ਹਾ ਜਿਹਾ ਸ਼ਹਿਦ ਮਿਲ ਜਾਏ ਤਾਂ ਅੱਦਰਕ ਦੇ ਪਾਣੀ ਵਿੱਚ ਮਿਲਾ ਕੇ ਦੇਂਦਿਆਂ ਆਰਾਮ ਆ ਜਾਵੇਗਾ। ਕਾਫਲੇ ਵਿੱਚ ਭਾਈ ਕੱਟੂ ਜੀ ਕੋਲ ਸ਼ਹਿਦ ਤਾਂ ਸੀ ਪਰ ਉਨ੍ਹਾਂ ਇਹ ਸੋਚ ਕੇ ਨਾ ਦਿੱਤਾ ਕਿ ਸੁੱਚਾ ਗੁਰੂ ਜੀ ਅੱਗੇ ਭੇਟਾ ਕਰਕੇ ਖੁਸ਼ੀ ਪ੍ਰਾਪਤ ਕਰਾਂਗਾ। ਜਦੋਂ ਬਾਕੀਆਂ ਨੇ ਸਾਰੀਆਂ ਭੇਟਾਵਾਂ ਅਰਪਨ ਕਰਕੇ ਗੁਰੂ ਦੀਦਾਰ ਪਾ ਅਸੀਸਾਂ ਲਈਆਂ ਤਦ ਭਾਈ ਕੱਟੂ ਜੀ ਨੇ ਵੀ ਸ਼ਹਿਦ ਰੱਖਿਆ। ਸਤਿਗੁਰੂ ਜੀ ਨੇ ਆਖਿਆ ਕਿ ਭਾਈ ਇਤਨੀ ਬੋ ਵਾਲੀ ਭੇਟਾ ਕੌਣ ਲਿਆਇਆ ਹੈ। ਇਸ ਪਦਾਰਥ ਅੰਦਰ ਤਾਂ ਕੀੜੇ ਚਲਦੇ ਹਨ। ਇਹ ਸੁਣ ਕੇ ਭਾਈ ਕੱਟੂ ਜੀ ਨੇ ਆਖਿਆ ਕਿ ਸਤਿਗੁਰੂ ਜੀ ਇਹ ਤਾਂ ਪਵਿੱਤਰ ਸ਼ਹਿਦ ਹੈ ਪਰ ਜਦੋਂ ਨੇੜੇ ਹੋ ਕੇ ਤੱਕਿਆ ਤਾਂ ਹੈਰਾਨ ਰਹਿ ਗਏ ਕਿਉਂਕਿ ਸ਼ਹਿਦ ਵਿਚੋਂ ਹੀ ਬੋ ਆ ਰਹੀ ਸੀ ਤੇ ਕੀੜੇ ਚਲ ਰਹੇ ਸਨ। ਭਾਈ ਕੱਟੂ ਜੀ ਨੇ ਹੱਥ ਜੋੜ ਕੇ ਆਖਿਆ ਕਿ ਮਾਲਕ ਜੀ ਇਹ ਕੋਈ ਕਰਾਮਾਤ ਵਰਤੀ ਹੈ। ਮੈਂ ਤਾਂ ਸ਼ਹਿਦ ਪਵਿੱਤਰ ਤੁਹਾਡੇ ਵਾਸਤੇ ਲਿਆਇਆ ਸਾਂ। ਸਾਹਿਬ ਜੀ ਨੇ ਆਖਿਆ ਕਿ ਭਾਈ ਜੇ ਮੇਰੇ ਲਈ ਹੀ ਸੀ ਫਿਰ ਜਦੋਂ ਮੈਂ ਮੰਗਿਆ ਸੀ ਉਦੋਂ ਕਿਉਂ ਨਹੀਂ ਦਿੱਤਾ। ਇਹ ਸੁਣ ਕੇ ਭਾਈ ਕੱਟੂ ਜੀ ਹੈਰਾਨ ਰਹਿ ਗਏ ਕਿ ਤੁਸੀਂ ਤਾਂ ਮੰਗਿਆ ਹੀ ਨਹੀਂ ਤਦ ਸਾਹਿਬ ਜੀ ਨੇ ਚੇਤਾ ਕਰਵਾਇਆ ਕਿ ਜਿਹੜੇ ਸਿੱਖ ਨੇ ਮੰਗਿਆ ਸੀ, ਉਹ ਭਲਿਆ ਮੇਰਾ ਹੀ ਤਾਂ ਰੂਪ ਸੀ। ਕੀ ਤੂੰ ਗੁਰੂ ਨੂੰ ਸਿੱਖ ਕੋਲੋਂ ਵੱਖਰਾ ਸਮਝਦਾ ਹੈਂ ? ਯਾਦ ਰੱਖ ਰੱਬੀ ਬਾਣੀ ਦੇ ਬਚਨ ਹਨ "*ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥*" ਜਦੋਂ ਕੋਈ ਸਿਖ ਦੇ ਮੁੱਖ ਪਾਉਂਦਾ ਹੈ ਤਦ ਉਹ ਗੁਰੂ ਦੇ ਹੀ ਮੁੱਖ ਪਾਉਂਦਾ ਹੈ।

ਇਸ ਤਰ੍ਹਾਂ ਸਤਿਗੁਰੂ ਜੀ ਅਗੰਮੀ ਚੋਜ਼ ਕਰਦਿਆਂ ਵਿਚਰਦਿਆਂ ਵਿਚਰਦਿਆਂ ਗੁਜਰਾਤ ਦੇ ਇਲਾਕੇ ਵਿੱਚ ਸ਼ਾਹ ਦਉਲਾ ਦੇ ਸ਼ੰਕੇ ਮਿਟਾ ਕੇ ਆਖਿਰ ਅੰਮ੍ਰਿਤਸਰ ਵਿਖੇ ਪਧਾਰੇ। ਫਿਰ ਕੁਝ ਸਮਾਂ ਅੰਮ੍ਰਿਤਸਰ ਸਾਹਿਬ ਸਿੱਖੀ ਦੇ ਕੇਂਦਰ ਵਿਖੇ ਨਿਵਾਸ ਰੱਖ ਕੇ ਫਿਰ ਦੁਬਾਰਾ ਮਨੁੱਖਤਾ ਨੂੰ ਧਰਮ ਦੇ ਮਾਰਗ 'ਤੇ ਤੋਰਨ ਲਈ ਫਿਰ ਚੱਲ ਪਏ।

ਸਤਿਗੁਰੂ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਰਿਸ਼ਤੇ ਵਜੋਂ ਭਾਈ ਸਾਈਂ ਦਾਸ ਸਾਂਢੂ ਲੱਗਦੇ ਸਨ ਪਰ ਉਨ੍ਹਾਂ ਨੇ ਕਦੇ ਇਸ ਰਿਸ਼ਤੇਦਾਰੀ ਦਾ ਖ਼ਿਆਲ ਨਾ ਕਰਕੇ ਬਲਕਿ ਸ਼ਰਧਾ

ਭਾਵਨਾ ਨਾਲ ਗੁਰੂ ਤੇ ਸਿੱਖ ਵਾਲਾ ਹੀ ਰਿਸ਼ਤਾ ਰੱਖਿਆ ਸੀ। ਸਾਈਂ ਦਾਸ ਜੀ ਨੇ ਸੋਹਣਾ ਘਰ ਬਣਾਇਆ। ਪਰ ਨਿਵਾਸ ਕਰਨ ਤੋਂ ਪਹਿਲਾਂ ਸਾਹਿਬ ਜੀ ਦੇ ਮੁਬਾਰਿਕ ਚਰਣ ਪਰਸ ਕੇ ਪਵਿੱਤਰ ਕਰਨ ਦੀ ਮਨਸਾ ਨਾਲ ਉਡੀਕ ਕਰਨ ਲੱਗਾ। ਸਤਿਗੁਰੂ ਜੀ ਵੀ ਖਿੱਚ ਕਾਰਨ ਡਰੋਲੀ ਨਗਰ ਵਿਖੇ ਸਾਈਂ ਦਾਸ ਜੀ ਕੋਲ ਪਹੁੰਚੇ। ਗੁਰਮਤਿ ਸਮਾਗਮ ਹੋਇਆ। ਸੰਗਤਾਂ ਦੇ ਪ੍ਰੇਮ ਦੀ ਖ਼ਾਤਰ ਸਾਹਿਬ ਜੀ ਕੁਝ ਸਮੇਂ ਲਈ ਰੁਕੇ ਹੋਏ ਸਨ ਕਿ ਇਕ ਪਿਉ ਪੁੱਤਰ ਜੰਗਲ ਵਿੱਚ ਹਰ ਰੋਜ਼ ਲੱਕੜਾਂ ਕੱਟਣ ਜਾਂਦੇ ਸਨ। ਅੱਜ ਲੱਕੜਾਂ ਕੱਟਦਿਆਂ ਪਿਤਾ ਜੀ ਨੇ ਪੁੱਤਰ ਨੂੰ ਆਖਿਆ ਕਿ ਜਲ ਛਕਾ ਪਿਆਸ ਲੱਗੀ ਹੈ। ਪੁੱਤਰ ਜਲ ਲੈਣ ਗਿਆ ਪਰ ਖਾਲੀ ਆ ਕੇ ਕਹਿਣ ਲੱਗਾ ਕਿ ਪਿਤਾ ਜੀ ਪਾਣੀ ਇਤਨਾ ਠੰਡਾ ਹੈ ਕਿ ਮੇਰਾ ਦਿਲ ਕਰਦਾ ਹੈ ਕਿ ਅਜਿਹਾ ਪਾਣੀ ਆਪਾਂ ਨਹੀਂ ਬਲਕਿ ਸਤਿਗੁਰੂ ਜੀ ਛੱਕਣ। ਭਾਈ ਸਾਧੂ ਰਾਮ ਜੀ ਨੇ ਆਖਿਆ ਕਿ ਹੇ ਭਲਿਆ! ਯਾਦ ਕਰ ਸਤਿਗੁਰੂ ਜੀ ਤਾਂ ਹਮੇਸ਼ਾ ਹੀ "***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***" ਇਸ ਵਿਚਾਰ ਮਗਰੋਂ ਦੋਵੇਂ ਜਣੇ ਭਾਈ ਸਾਧੂ ਰਾਮ ਅਤੇ ਪੁੱਤਰ ਭਾਈ ਰੂਪਾ ਜੀ ਉਡੀਕ ਕਰਨ ਲੱਗੇ। ਸਿਦਕ ਨੇ ਹਾਮੀ ਭਰੀ ਕਿ ਸਾਹਿਬ ਹਿਰਦੇ ਦੀ ਪੁਕਾਰ ਜ਼ਰੂਰ ਸੁਣਦੇ ਹਨ। ਪੂਰੀ ਧੁੱਪ, ਭਰ ਦੁਪਹਿਰ, ਕੰਮ ਦੇ ਥੱਕੇ ਹੋਏ ਅਤੇ ਪਾਣੀ ਤੋਂ ਪਿਆਸਿਆਂ ਨੂੰ ਬੇਹੋਸ਼ੀ ਹੋ ਗਈ ਪਰ ਸਿਦਕੋਂ ਨਾ ਡੋਲੇ। ਹਿਰਦੇ ਦੀ ਪੁਕਾਰ ਨੇ ਗੁਰੂ ਦੀ ਦਹਿਲੀਜ਼ 'ਤੇ ਦਸਤਕ ਕੀਤੀ। ਸਾਹਿਬ ਜੀ ਭਰ ਦੁਪਹਿਰ ਵਿੱਚ ਹੀ ਘੋੜੇ 'ਤੇ ਸਵਾਰ ਹੋ ਹਾਜ਼ਰ ਹੋ ਕੇ ਮੂੰਹਾਂ ਉਪਰ ਪਾਣੀ ਦੇ ਛਿੱਟੇ ਮਾਰਨ ਲੱਗੇ। ਕੁਝ ਹੋਸ਼ ਪਰਤੀ ਤੇ ਪੁੱਛਿਆ ਕੌਣ? ਸਤਿਗੁਰੂ ਜੀ ਹੱਸ ਕੇ ਆਖਣ ਲੱਗੇ ਹੁਣ ਸੱਦ ਕੇ ਆਪ ਹੀ ਪੁੱਛਦੇ ਹੋ ਕਿ ਕੌਣ? ਮੈਂ ਉਹੋ ਹੀ ਹਾਂ ਜਿਸਨੂੰ ਯਾਦ ਕਰਦੇ ਸੀ। ਭਾਈ ਸਾਧੂ ਰਾਮ ਤੇ ਰੂਪਾ ਜੀ ਨੂੰ ਚਾਅ ਚੜ੍ਹ ਗਿਆ। ਗੁਰੂ ਜੀ ਨੂੰ ਜਲ ਛਕਾ ਕੇ ਸ਼ਰਧਾ ਨਾਲ ਪਿਆਸ ਬੁਝਾਈ ਤੇ ਮਗਰੋਂ ਗੁਰੂ ਜੀ ਹੱਥੋਂ ਆਪ ਵੀ ਛਕਿਆ। ਕੋਈ ਪ੍ਰੇਮ ਨਾਲ ਯਾਦ ਕਰੇ ਤਦ ਹਾਜ਼ਰ ਹੋਏ ਸਤਿਗੁਰੂ ਜੀ ਲਈ ਜ਼ਬਾਨ ਪਰਉਪਕਾਰੀ ਵਰਗੇ ਸਰਬ ਉੱਚ ਬਚਨ ਕਹਿ ਸ਼ੁਕਰਾਨਾ ਕਰਦੀ ਹੈ।

ਗੁਰੂ ਘਰ ਦੀ ਇਕ ਮਹਾਨ ਵੱਡਿਆਈ ਇਹ ਵੀ ਹੈ ਕਿ ਇਥੇ ਕੇਵਲ 'ਤੂੰ' ਕਹਿਣ ਵਾਲੀ ਆਤਮਾ ਹੀ ਗੁਰੂ ਇਤਿਹਾਸ ਦਾ ਸ਼ਿੰਗਾਰ ਬਣੀ। 'ਮੈਂ' ਕਹਿਣ ਵਾਲਾ ਇਥੇ ਕਬੂਲ ਨਹੀਂ। ਇਥੇ ਤਾਂ ਹੁਕਮ ਰਜਾਈ ਚੱਲ ਕੇ ਹੀ "***ਜੋ ਤੁਧੁ ਭਾਵੈ ਸਾਈ ਭਲੀ ਕਾਰ***" ਕਹਿਣਾ ਪੈਂਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹੀ ਸਾਹਿਬਜ਼ਾਦੇ ਬਾਬਾ ਅਟੱਲ ਰਾਏ ਜੀ ਨੇ ਆਪਣੀ ਬਾਜ਼ੀ ਲੈਣ ਦੀ ਖ਼ਾਤਰ ਅਧਿਆਤਮਿਕ ਤਾਕਤ ਨਾਲ ਮੋਹਨ ਜੀ ਨੂੰ ਜਿੰਦਾ ਕਰਕੇ ਹੁਕਮ ਰਜ਼ਾਈ ਵਿੱਚ ਵਿਘਨ ਪਾਇਆ। ਗੁਰੂ ਸਾਹਿਬ ਜੀ ਨੇ ਅਜਿਹਾ ਸੁਣ ਕੇ ਬਾਬਾ ਅਟੱਲ ਰਾਏ

ਜੀ ਨਾਲੋਂ ਮਾਨੋ ਰਿਸ਼ਤਾ ਹੀ ਤੋੜ ਲਿਆ ਫਿਰ ਬਾਬਾ ਅਟੱਲ ਰਾਏ ਜੀ ਵੀ ਚੜ੍ਹਾਈ ਕਰ ਗਏ। ਸਤਿਗੁਰੂ ਜੀ ਦੀ ਅਡੋਲਤਾ ਵੇਖ ਕੇ ਸਾਈਂ ਦਾਸ ਦੇ ਸੁਆਲ ਦਾ ਜੁਵਾਬ ਦਿੰਦਿਆਂ ਸਾਹਿਬ ਜੀ ਨੇ ਆਖਿਆ ਸੀ ਕਿ ਸਾਈਂ ਦਾਸ ਜੀ, ਜ਼ਮੀਨ ਉਪਰ ਇਕ ਲਕੀਰ ਵਾਹ ਦਿਉ। ਸਾਈ ਦਾਸ ਜੀ ਨੇ ਅਜਿਹਾ ਹੀ ਕੀਤਾ। ਸਾਹਿਬ ਜੀ ਨੇ ਆਖਿਆ ਕਿ ਮਿਟਾ ਦਿਉ ਤਦ ਸਾਈਂ ਦਾਸ ਜੀ ਨੇ ਮਿਟਾ ਦਿੱਤੀ। ਸਤਿਗੁਰੂ ਜੀ ਨੇ ਸਮਝਾਇਆ ਕਿ ਲਕੀਰ ਖਿਚਿਆਂ ਜਾਂ ਮਿਟਾਇਆਂ ਕੋਈ ਖੁਸ਼ੀ ਜਾਂ ਗ਼ਮੀ ਹੋਈ ? ਸਾਈਂ ਦਾਸ ਜੀ ਨੇ ਆਖਿਆ ਕਿ ਨਹੀਂ ਬਲਕਿ ਇਹ ਤਾਂ ਗੁਰੂ ਹੁਕਮ ਸੀ। ਸਾਹਿਬਾਂ ਆਖਿਆ ਬਸ ਇਸੇ ਤਰ੍ਹਾਂ ਪ੍ਰਮੇਸ਼ਵਰ ਦੀ ਰਜ਼ਾ ਨਾਲ ਪੁੱਤਰ ਪੈਦਾ ਹੋਇਆ ਤੇ ਰਜ਼ਾ ਨਾਲ ਮਿਟ ਗਿਆ। ਖੁਸ਼ੀ ਜਾਂ ਗ਼ਮੀ ਕਿਉਂ ? ਧੰਨ ਸਨ ਸਤਿਗੁਰੂ ਜੀ ਜਿਨ੍ਹਾਂ ਨੇ ਪੁੱਤਰਾਂ ਤੋਂ ਵਧੀਕ ਅਸੂਲਾਂ ਨੂੰ ਪਿਆਰ ਕਰਕੇ ਇਨਸਾਨੀਅਤ ਲਈ ਪਰਉਪਕਾਰ ਕੀਤੇ।

ਗੁਰੂ ਜੀ ਦੇ ਪਰਉਪਕਾਰ ਗਿਣਦਿਆਂ ਇਹ ਪੰਕਤੀਆਂ ਸਾਹਮਣੇ ਆ ਜਾਂਦੀਆਂ ਹਨ। ਮਾਨੋ "*ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥*" ਸਾਹਿਬ ਜੀ ਦੇ ਪਰਉਪਕਾਰਾਂ ਦਾ ਅੰਤ ਨਹੀਂ। ਕਾਜ਼ੀ ਰੁਸਤਮ ਖ਼ਾਨ ਦੇ ਕੋਲ ਇਕ ਦਾਸੀ ਜਿਸ ਨੂੰ ਬਹੁਤਿਆਂ ਨੇ ਧੀ ਵੀ ਆਖਿਆ, ਉਹ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਪੜ੍ਹਦੀ। ਅਜਿਹਾ ਕਾਜ਼ੀ ਦੇਖ ਨਾ ਸਹਾਰ ਸਕਿਆ, ਤਸੀਹੇ ਦੇਣ ਲੱਗਾ। ਸਾਈਂ ਮੀਆਂ ਮੀਰ ਜੀ ਰਾਹੀਂ ਇਹ ਬੀਬੀ ਕੌਲਾਂ ਸਾਹਿਬ ਜੀ ਦੀ ਸ਼ਰਣ ਵਿੱਚ ਆ ਕੇ ਇਕ ਜਗਿਆਸੂ ਵਾਲਾ ਜੀਵਨ ਗੁਜ਼ਾਰਨ ਲੱਗੀ। ਸਿੱਖ ਜਗਤ ਅੰਦਰ ਇਨ੍ਹਾਂ ਨੂੰ ਮਾਤਾ ਕੌਲਾਂ ਜੀ ਕਰਕੇ ਸਨਮਾਨ ਦਿੱਤਾ ਜਾਂਦਾ ਸੀ। ਇਕ ਦਿਨ ਸਤਿਗੁਰੂ ਜੀ ਨੇ ਕੋਲ ਬੁਲਾ ਕੇ ਸਗੋਂ ਪੁੱਛਿਆ ਕਿ ਹਰ ਇਸਤਰੀ ਅੰਦਰ ਅੰਮ੍ਰਿਤ ਵਰਗਾ ਸ਼ਬਦ ਸੁਣਨ ਦੀ ਖਾਹਿਸ਼ ਹੁੰਦੀ ਹੈ। ਹੇ ਕੌਲਾਂ, ਉਹ ਕਾਮਨਾ ਤੇਰੇ ਅੰਦਰ ਵੀ ਹੋਵੇਗੀ। ਮਾਤਾ ਕੌਲਾਂ ਜੀ ਨੇ ਹੱਥ ਜੋੜ ਕੇ ਆਖਿਆ ਕਿ ਆਪ ਜੀ ਦਾ ਹੀ ਬਚਨ ਹੈ ਕਿ ਪੁੱਤਰ ਨਿਸ਼ਾਨ ਹੁੰਦੇ ਹਨ। ਇਸ ਔਲਾਦ ਦੀ ਨਿਸ਼ਾਨੀ ਨੇ ਤਾਂ ਇਕ ਨਾ ਇਕ ਦਿਨ ਮਿਟ ਹੀ ਜਾਣਾ ਹੈ ਜੇ ਕਰ ਨਿਸ਼ਾਨੀ ਹੀ ਬਖਸ਼ਣੀ ਚਾਹੁੰਦੇ ਹੋ ਤਾਂ ਆਪਣੀ ਸਿੱਖੀ ਦੀ ਦਾਤ ਹੋਰ ਬਖਸ਼ੋ। ਸਾਹਿਬ ਜੀ ਨੇ ਪਵਿੱਤਰ ਨਦਰਿ ਨਾਲ ਨਿਹਾਲ ਕੀਤਾ। ਸਿੱਖਾਂ ਨੂੰ ਉਪਦੇਸ਼ ਕੀਤਾ ਕਿ ਇਥੇ ਇਕ ਸਰ ਬਣਾ ਕੇ ਉਸ ਦਾ ਨਾਂ ਕੌਲਸਰ ਰੱਖੋ ਤਾਂ ਕਿ ਕੌਲਾਂ ਦੀ ਸੱਚੀ ਸੁੱਚੀ ਨਿਸ਼ਾਨੀ ਜਗਤ ਅੰਦਰ ਸਿਦਕ ਤੇ ਗੁਰੂ ਪ੍ਰੇਮ ਦੀ ਮਿਸਾਲ ਕਾਇਮ ਕਰਦੀ ਰਵੇ।

ਗੁਰੂ ਹਰਿ ਗੋਬਿੰਦ ਸਾਹਿਬ ਦੀ ਇਕਲੌਤੀ ਪੁੱਤਰੀ ਦੀ ਸ਼ਾਦੀ ਦੀਆਂ ਤਿਆਰੀਆਂ ਬੜੇ ਉਤਸ਼ਾਹ ਤੇ ਉਮਾਹ ਨਾਲ ਹੋ ਰਹੀਆਂ ਸਨ। ਇਨ੍ਹਾਂ ਦਿਨਾਂ ਵਿੱਚ ਹੀ ਸਾਹਿਬ ਜੀ ਸਿੱਖਾਂ

ਸਮੇਤ ਹੀ ਸ਼ਿਕਾਰ ਖੇਡਣ ਗਏ ਹੋਏ ਸਨ, ਕਿ ਆਕਾਸ਼ ਵਿੱਚ ਦੇਖਿਆ ਲਾਹੌਰੀ ਫ਼ੌਜਾਂ ਵੀ ਸ਼ਿਕਾਰ ਲਈ ਆਈਆਂ ਹੋਈਆਂ ਸਨ। ਇਨ੍ਹਾਂ ਫੌਜਾਂ ਦਾ ਬਾਜ਼ ਸ਼ਿਕਾਰ ਕਰਨ ਦੀ ਬਜਾਇ ਪੰਛੀ ਨੂੰ ਤੜਫਾ ਤੜਫਾ ਕੇ ਆਪ ਵੀ ਤੇ ਇਨ੍ਹਾਂ ਨਿਰਦਈ ਹਾਕਮਾਂ ਤੇ ਫੌਜੀਆਂ ਦਾ ਮਨ ਪ੍ਰਚਾ ਰਿਹਾ ਸੀ ਪਰ ਕਿਸੇ ਮਹਾਨ ਪਰਉਪਕਾਰੀ ਦਾ ਹਿਰਦਾ ਇਹ ਕਿਵੇਂ ਪੰਛੀਆਂ ਨੂੰ ਤੜਫਦਾ ਦੇਖ ਸਕਦਾ ਸੀ ? ਸਿੱਖਾਂ ਨੇ ਵੀ ਆਪਣਾ ਬਾਜ਼ ਛੱਡਿਆ ਜਿਹੜਾ ਸ਼ਾਹੀ ਬਾਜ਼ ਨੂੰ ਅਧਮੋਇਆ ਕਰਕੇ ਆਪਣੇ ਸਿੱਖਾਂ ਕੋਲ ਸੁੱਟ ਗਿਆ। ਸ਼ਾਹੀ ਫੌਜਾਂ ਨੇ ਬਾਜ ਮੰਗਿਆ ਪਰ ਸਿੱਖਾਂ ਨੇ ਅਜਿਹੀ ਕਰਤੂਤ ਅੱਗੇ ਤੋਂ ਨਾ ਕਰਨ ਦੀ ਸ਼ਰਤ 'ਤੇ ਬਾਜ ਦੇਣ ਲਈ ਕਿਹਾ। ਸ਼ਾਹੀ ਫੌਜ਼ ਨੇ ਇਸ ਨੂੰ ਚੰਗਾ ਨਾ ਸਮਝ ਕੇ ਦਖਲ ਅੰਦਾਜ਼ੀ ਜਾਣੀ। ਇਸ ਇਕ ਚੰਗਿਆੜੀ ਤੋਂ ਭੜਕੀ ਅੱਗ ਇਕ ਦਿਨ ਭਾਰੀ ਫੌਜਾਂ ਦਾ ਰੂਪ ਧਾਰ ਕੇ ਆਹਮੋ ਸਾਹਮਣੇ ਖਲੋ ਯੁੱਧ ਦਾ ਰੂਪ ਧਾਰਨ ਕਰ ਗਈ। ਸਿੱਖ ਜਗਤ ਦੀ ਭਾਵੇਂ ਪਹਿਲੀ ਲੜਾਈ ਸੀ ਪਰ ਸਿੱਖਾਂ ਨੇ ਜੰਮ ਕੇ ਲੜੀ ਕਿਉਂਕਿ ਛੇਵੇਂ ਪਾਤਿਸ਼ਾਹ ਦੇ ਕੀਤੇ ਹੋਏ ਐਲਾਨ ਕਿ ਚੰਗੀਆਂ ਜੁਆਨੀਆਂ ਤੇ ਹਥਿਆਰ ਹੁਣ ਗੁਰੂ ਘਰ ਦੀ ਪਿਆਰੀ ਭੇਟਾ ਹੋਵੇਗੀ, ਅੱਜ ਪੂਰਨ ਸਹਿਯੋਗੀ ਸਨ। ਇਸ ਜੰਗ ਵਿੱਚ ਪੈਂਦੇ ਖ਼ਾਂ, ਬਾਬਾ ਬਿਧੀ ਚੰਦ ਜੀ ਅਤੇ ਹੋਰ ਅਨੇਕਾਂ ਗੁਰਸਿੱਖ ਸੂਰਮੇ ਜਾਨਾਂ ਹੂਲ ਕੇ ਲੜੇ, ਆਖਿਰ ਜਿੱਤ ਗੁਰੂ ਜੀ ਦੀ ਝੋਲੀ ਦਾ ਸ਼ਿੰਗਾਰ ਬਣੀ। ਇਧਰ ਸਾਰੀ ਤਿਆਰੀ ਵਿਆਹ ਦੀ ਵੀ ਹੋ ਚੁੱਕੀ ਸੀ। ਜੰਗ ਦੇ ਖਾਤਮੇ ਤੋਂ ਅਗਲੀ ਹੀ ਸਵੇਰੇ ਝਬਾਲ ਵਿਖੇ ਬੀਬੀ ਵੀਰੋ ਜੀ ਦੀ ਸ਼ਾਦੀ ਹੋਣੀ ਸੀ। ਇਸ ਕਰਕੇ ਸਤਿਗੁਰੂ ਜੀ ਅੰਮ੍ਰਿਤਸਰ ਸਾਹਿਬ ਤੋਂ ਜੰਗ ਖਤਮ ਹੁੰਦਿਆਂ ਸਾਰ ਹੀ ਝਬਾਲ ਪਹੁੰਚ ਕੇ ਬੀਬੀ ਵੀਰੋ ਜੀ ਦਾ ਵਿਆਹ ਕੀਤਾ।

ਚੰਦੂ ਦੀਆਂ ਚਾਲਾਕੀਆਂ ਨੇ ਉਸਦੇ ਨੱਕ ਵਿੱਚ ਨੱਥ ਪਵਾ ਕੇ ਉਸਨੂੰ ਬੁਰੀ ਮੌਤੇ ਮਰਵਾ ਦਿੱਤਾ ਸੀ। ਚੰਦੂ ਦਾ ਪੁੱਤਰ ਕਰਮ ਚੰਦ ਕੁਝ ਨਾ ਕਰ ਸਕਿਆ। ਪਰ ਹਿਰਦੇ ਅੰਦਰ ਦਿਨ ਰਾਤ ਜ਼ਹਿਰ ਘੋਲਦਾ ਰਹਿੰਦਾ ਸੀ, ਕੋਈ ਪੇਸ਼ ਨਹੀਂ ਸੀ ਜਾਂਦੀ। ਇਸ ਕਰਮ ਚੰਦ ਦਾ ਟਿਕਾਣਾ ਵੀ ਜਲੰਧਰ ਸੀ। ਅਚਾਨਕ ਭਗਵਾਨ ਦਾਸ ਘੇਰੜ ਆਪਣੇ ਹੰਕਾਰ ਅਤੇ ਹਾਕਮੀ ਨਸ਼ੇ ਕਰਕੇ ਸਿੱਖਾਂ ਨੂੰ ਮਾੜੇ ਬਚਨ ਬੋਲਦਾ ਰਹਿੰਦਾ ਸੀ। ਸਤ ਤੇ ਸੰਤੋਖ ਦੇ ਧਾਰਨੀ ਸਿੱਖਾਂ ਨੇ ਕਈ ਵਾਰੀ 'ਆਸਾ ਦੀ ਵਾਰ' ਦਾ ਬਚਨ ਸੁਣਾਉਣਾ ਕਿ ਫਿੱਕਾ ਬੋਲਣਾ ਮਾੜਾ ਹੁੰਦਾ ਹੈ। ਹਮੇਸ਼ਾ ਕਬੋਲ ਹੀ ਹਥਿਆਰਾਂ ਤਕ ਪਹੁੰਚਦੇ ਹੁੰਦੇ ਹਨ। ਪਰ ਇਸ ਨੇ ਇਕ ਨਾ ਜਾਣੀ। ਸਿੱਖਾਂ ਨੇ ਇਕ ਦਿਨ ਇਸ ਦੀ ਭੈੜੀ ਜ਼ਬਾਨ ਕਾਰਨ ਸਿਰ ਧੜ ਤੋਂ ਹੀ ਅਲੱਗ ਕਰ ਦਿੱਤਾ। ਭਗਵਾਨ ਦਾਸ ਘੇਰੜ ਦਾ ਪੁੱਤਰ ਜਲੰਧਰ ਦੇ ਸੂਬੇਦਾਰ ਅਬਦੁਲਾ ਖ਼ਾਨ ਕੋਲ ਆਪਣੀ ਦਰਦ ਭਰੀ ਦਾਸਤਾਂ ਸੁਣਾਉਣ ਲਈ ਗਿਆ। ਇਨ੍ਹਾਂ ਸਾਰਿਆਂ ਭਾਵ ਕਰਮ ਚੰਦ, ਚੰਦੂ ਦੇ ਪੁੱਤਰ ਤੇ ਭਗਵਾਨ

ਦਾਸ ਦੇ ਰਿਸ਼ਤੇਦਾਰ ਲਾਲ ਚੰਦ ਅਤੇ ਭਗਵਾਨ ਦਾਸ ਦੇ ਪੁੱਤਰ ਨੇ ਅਬਦੁੱਲਾ ਖਾਨ ਦੇ ਅਜਿਹੇ ਕੰਨ ਭਰੇ ਕਿ ਉਸ ਨੇ ੪,੦੦੦ ਦੀ ਫੌਜ ਸਤਿਗੁਰੂ ਜੀ ਵਿਰੁੱਧ ਜੰਗ ਲੜਨ ਲਈ ਭੇਜ ਦਿੱਤੀ।

ਜਲੰਧਰ ਦੇ ਹੀ ਲਾਗੇ ਕਰਤਾਰਪੁਰ ਸਾਹਿਬ ਵਿਖੇ ਇਹ ਜੰਗ ਲੜੀ ਗਈ। ਬਡ ਜੋਧੇ ਦਾ ਜਾਂ ਜੋਧੇ ਦੇ ਜੋਧਿਆਂ ਦਾ ਮੁਕਾਬਲਾ ਭਲਾ ਕੌਣ ਕਰ ਸਕਦਾ ਸੀ ? ਕਿਸੇ ਧੀਰਜ ਨਾ ਬੰਨ੍ਹਿਆ। ਆਖਿਰ ਇਸ ਜੰਗ ਵਿੱਚ ਵੀ ਗੁਰੂ ਘਰ ਦੀ ਹੀ ਜਿੱਤ ਹੋਈ। ਜ਼ਾਲਮਾਂ ਨੂੰ ਹਾਰ ਹੀ ਨਹੀਂ ਬਲਕਿ ਸ਼ਾਹ ਜਹਾਨ ਤੋਂ ਝਿੜਕਾਂ ਵੀ ਖਾਣੀਆਂ ਪਈਆਂ ਜਿਸ ਕਰਕੇ ਹਰ ਪਾਸੇ ਤੋਂ ਨਮੋਸ਼ੀ ਪੱਲੇ ਪਈ।

ਜੀਵਨ ਦੀ ਅਸਲ ਜੁਗਤੀ ਗੁਰੂ ਨਾਨਕ ਸਾਹਿਬ ਜੀ ਨੇ ਹੀ 'ਜਪੁਜੀ ਸਾਹਿਬ' ਅੰਦਰ ਬਿਆਨ ਕਰ ਦਿੱਤੀ ਸੀ ਕਿ ਕਿਵੇਂ ਜਗਿਆਸੂ ਸਚਿਆਰ ਦੇ ਮਾਰਗ ਉਪਰ ਚੱਲ ਕੇ "*ਸਚ ਖੰਡਿ ਵਸੈ ਨਿਰੰਕਾਰੁ*" ਵਿਚ ਅਭੇਦਤਾ ਪਾ ਸਕਦਾ ਹੈ। ਇਸੇ ਬਾਣੀ ਨੂੰ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਵੀ ਸਭ ਤੋਂ ਪ੍ਰਥਮ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰ ਦਿੱਤਾ। ਭਾਈ ਗੁਰਦਾਸ ਜੀ ਮੁਤਾਬਿਕ ਇਹੋ ਬਾਣੀ ਸਿੱਖਾਂ ਸ਼ਰਧਾਲੂਆਂ ਵਿੱਚ ਨਿਤਨੇਮ ਵਜੋਂ ਵੀ ਪੜ੍ਹੀ ਜਾਂਦੀ ਸੀ। "*ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥*" ਸੋ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵੀ ਇਸੇ ਦੀ ਪਰਪੱਕਤਾ ਵਾਸਤੇ ਹਰਿ ਗੋਬਿੰਦ ਪੁਰੇ ਵਿੱਚ ਇਕ ਦਿਨ ਬਚਨ ਕੀਤੇ ਕਿ ਭਾਈ ਕੋਈ ਅਜਿਹਾ ਗੁਰਸਿੱਖ ਉਠੇ ਜਿਹੜਾ 'ਜਪੁਜੀ ਸਾਹਿਬ' ਜੀ ਦਾ ਪਾਠ ਜ਼ੁਬਾਨੀ ਤੇ ਸ਼ੁੱਧਤਾ ਨਾਲ ਸੁਣਾਏ। ਭਾਈ ਗੁਪਾਲਾ ਜੀ ਉਠੇ ਤੇ ਸੋਹਣੇ ਬਣੇ ਆਸਣਾਂ 'ਤੇ ਬਿਰਾਜਮਾਨ ਹੋ ਕੇ 'ਜਪੁਜੀ ਸਾਹਿਬ' ਦਾ ਪਾਠ ਕਰਨ ਲੱਗੇ। ਜਿਤਨਾ ਸਮਾਂ ਧਿਆਨ ਗੁਰੂ ਚਰਨਾਂ ਵਿੱਚ ਰਿਹਾ ਉਤਨਾ ਸਮਾਂ ਬਾਣੀ ਦਾ ਪ੍ਰਵਾਹ ਠੀਕ ਚਲਦਾ ਰਿਹਾ। ਦੂਜੇ ਪਾਸੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵੀ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਜੇ ਕਰ ਪਾਠ ਨਿਰਵਿਘਨਤਾ ਨਾਲ ਸੁਣਾ ਦਿੱਤਾ ਤਦ ਕੀ ਭੇਟ ਕੀਤਾ ਜਾਏ। ਸੋਚ ਵੀਚਾਰ ਕੀਤੀ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਬਾਣੀ ਪੜ੍ਹਨ ਵਾਲੇ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਘਰ ਹੀ ਸੌਂਪ ਦਿੱਤਾ ਜਾਵੇ। ਪਰ ਅਚਾਨਕ ਭਾਈ ਗੋਪਾਲਾ ਜੀ ਦਾ ਧਿਆਨ ਉਖੜ ਗਿਆ। 'ਜਪੁਜੀ ਸਾਹਿਬ' ਦਾ ਸਲੋਕ ਪੜ੍ਹਦਿਆਂ ਸੋਚਣ ਲੱਗੇ ਕਿ ਜੇ ਕਰ ਸਾਹਿਬ ਜੀ ਨੇ ਆਖਿਆ, ਮੰਗ ਕੀ ਮੰਗਣਾ ਹੈ ? ਤਦ ਮੈਂ ਆਖ ਦਿਆਂਗਾ ਕਿ ਇਕ ਚੰਗਾ ਜਿਹਾ ਘੋੜਾ ਬਖਸ਼ਿਸ਼ ਕਰ ਦਿਉ। ਇਧਰ ਸਾਹਿਬ ਜੀ ਨੇ ਅੰਦਰ ਦੀ ਗੱਲ ਜਾਣ ਕੇ ਆਖਿਆ ਕਿ ਭਾਈ ਇਸ ਨੂੰ ਘੋੜਿਆਂ ਦੇ ਤਬੇਲੇ ਵਿੱਚ ਲਿਜਾ ਕੇ ਚੰਗਾ ਜਿਹਾ ਘੋੜਾ ਦਿਉ। ਇਹ ਹਮੇਸ਼ਾ ਯਾਦ

ਰੱਖਣਾ ਚਾਹੀਦਾ ਹੈ ਕਿ ਸਿਦਕ ਤੇ ਇਕਾਗਰਤਾ ਨਾਲ ਪੜ੍ਹੀ ਬਾਣੀ ਸਾਈਂ ਦਾ ਰੂਪ ਹੀ ਬਣਾ ਦਿੰਦੀ ਹੈ।

ਸਤਿਗੁਰੂ ਜੀ ਦੇ ਘਰ ਦੀ ਮਹਾਨ ਵੱਡਿਆਈ ਵੇਖ ਕੇ ਕਈਆਂ ਦਾ ਮਨ ਲਲਚਾ ਉੱਠਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਮੈਂ ਆਪਣਾ ਪ੍ਰਭਾਵ ਪਾ ਕੇ ਇਥੋਂ ਦੇ ਧਨ ਅਤੇ ਧੰਨਤਾ ਹਾਸਲ ਕਰ ਲਵਾ। ਪਰ ਇਥੇ ਤਾਂ ਹਮੇਸ਼ਾ ਮਨ ਦੀਆਂ ਚਾਲਾਕੀਆਂ ਨੂੰ ਤਿਆਗ ਕੇ ਨਿਮਰਤਾ ਦੇ ਧਾਰਨੀ ਹੀ ਕਬੂਲ ਪੈਂਦੇ ਹਨ। ਬਟਾਲੇ ਦੇ ਇਲਾਕੇ ਦਾ ਇਕ ਪੰਡਿਤ ਸੀ ਜਿਸ ਨੂੰ ਆਪਣੀ ਅਕਲ 'ਤੇ ਬਹੁਤ ਮਾਣ ਸੀ। ਆਪਣੀ ਜਾਤ ਦਾ ਹੰਕਾਰ ਸੀ। ਹੰਕਾਰ ਦੀ ਤੀਬਰ ਇੱਛਾ ਹੈ ਕਿ ਮੇਰਾ ਹੀ ਜਸ ਹੋਵੇ। ਵੀਚਾਰ ਭਾਵੇਂ ਮੇਰੀ ਠੀਕ ਹੈ ਜਾਂ ਗਲਤ, ਇਸ ਗੱਲ ਦਾ ਵਾਸਤਾ ਨਹੀਂ ਪਰ ਸ਼ੋਭਾ ਮੇਰੀ ਹੀ ਹੋਵੇ। ਇਸ ਹੰਕਾਰੀ ਵਿਦਵਾਨ ਨੇ ਆ ਕੇ ਸਤਿਗੁਰੂ ਜੀ ਕੋਲੋਂ ਟਾਇਮ ਮੰਗਿਆ ਕਿ ਮੈਂ ਕੁਝ ਦਿਨ ਧਰਮ ਦੀ ਵੀਚਾਰ ਕਰਨੀ ਹੈ। ਤਦ ਸਤਿਗੁਰੂ ਜੀ ਨੇ ਵਕਤ ਦੇ ਦਿੱਤਾ। ਇਕ ਗੱਲ ਧਿਆਨ ਯੋਗ ਹੈ ਕਿ ਗੁਰੂ ਘਰ ਵਲੋਂ ਕਦੇ ਕਿਸੇ ਦੇ ਧਰਮ ਅਤੇ ਧਾਰਮਿਕ ਗ੍ਰੰਥਾਂ ਨੂੰ ਮਾੜਾ ਨਹੀਂ ਕਿਹਾ। ਹਾਂ ਇਹ ਜ਼ਰੂਰ ਹੈ ਜਿੱਥੇ ਜਿੱਥੇ ਵੀਚਾਰ ਗੁਰਮਤਿ ਦਾ ਮਾਰਗ ਛੱਡ ਬੈਠੀ, ਉਥੇ ਉਥੇ ਸਾਹਿਬ ਜੀ ਨੇ ਉਦਾਹਰਣਾਂ ਰਾਹੀਂ ਸਪੱਸ਼ਟਤਾ ਭਾਵੇਂ ਪ੍ਰਗਟ ਕੀਤੀ ਹੈ ਪਰ ਉੱਕਾ ਹੀ ਕਿਸੇ ਦੇ ਧਰਮ ਨੂੰ ਨਿਕਾਰਾ ਨਹੀਂ ਕੀਤਾ। ਗੁਰੂ ਘਰ ਦਾ ਇਹ ਦਸਤੂਰ ਸੀ। ਅਕਸਰ ਗੁਰੂ ਘਰ ਵਿੱਚ ਵਿਦਵਾਨ ਪੁਰਸ਼ ਆ ਕੇ ਵੀਚਾਰਾਂ ਕਰਦੇ ਰਹਿੰਦੇ ਸਨ। ਬਟਾਲਾ ਨਿਵਾਸੀ ਪੰਡਿਤ ਨਿਤਾ ਨੰਦ ਨੇ ਵੀਚਾਰ ਕੀਤੀ ਕਿ ਜੀਵ ਦੇ ਸਰੀਰ ਚੋਲਾ ਛੱਡਣ ਮਗਰੋਂ ਪ੍ਰਮਾਤਮਾ ਦੇਵ ਦੇ ਘਰ ਪਹੁੰਚਣ ਤਕ ਕਰੀਬ ੩੬੦ ਦਿਨ ਲੱਗ ਜਾਂਦੇ ਹਨ। ਇਹ ਅਸਲ ਵਿੱਚ ਬ੍ਰਾਹਮਣੀ ਜੂਲਾ ਸੀ ਤਾਂ ਕਿ ਕਿਸੇ ਨਾ ਕਿਸੇ ਤਰ੍ਹਾਂ ਸਾਡੀ ਪੁੱਛ ਗਿੱਛ ਬਣੀ ਰਵੇ। ਗੁਰੂ ਘਰ ਬ੍ਰਾਹਮਣੀ ਮਤ ਤੋਂ ਕੋਹਾਂ ਦੂਰ ਸੀ। ਇਥੇ ਤਾਂ ਗੁਰੂ ਅਮਰਦਾਸ ਜੀ ਮਹਾਰਾਜ ਵੇਲੇ ਰਾਮਕਲੀ ਸੱਦ ਵਿੱਚ ਸਪੱਸ਼ਟ ਕਰ ਦਿੱਤਾ ਸੀ। ਇਸ ਲਈ ਸਿਦਕੀ ਸਿੱਖਾਂ ਨੇ ਕਥਾ ਵੀਚਾਰ ਮਗਰੋਂ ਪੰਡਿਤ ਜੀ ਨੂੰ ਬਚਨ ਕੀਤਾ ਕਿ ਹੇ ਪੰਡਿਤ ਜੀ, ੩੬੦ ਦਿਨ ਬਹੁਤ ਜ਼ਿਆਦਾ ਹਨ। ਗੁਰੂ ਉਪਰ ਭਰੋਸਾ ਰੱਖਣ ਵਾਲਾ ਤਾਂ ਕੁਝ ਹੀ ਘੰਟਿਆਂ ਵਿੱਚ ਪਹੁੰਚ ਜਾਂਦਾ ਹੈ। ਇਕ ਸਿੱਖ ਹੋਰ ਉਠਿਆ ਤੇ ਆਖਣ ਲੱਗਾ, ਕੁਝ ਘੰਟੇ ਤਾਂ ਬਹੁਤ ਹਨ ਪਰ ਮੈਂ ਤਾਂ ਗੁਰੂ ਬਖਸ਼ਿਸ਼ ਨਾਲ ਕੁਝ ਹੀ ਮਿੰਟਾਂ ਵਿੱਚ ਪਹੁੰਚ ਜਾਵਾਂਗਾ। ਇਹ ਵੀਚਾਰ ਚੱਲੀ ਸੀ ਕਿ ਸਿਦਕੀ ਸਿੱਖ ਜੀ ਉਠੇ ਤੇ ਆਖਣ ਲੱਗੇ ਕਿ ਨਹੀਂ ਭਾਈ, ਸਿੱਖ ਦੀ ਬ੍ਰਿਤੀ ਤਾਂ ਗੁਰੂ ਚਰਣਾਂ ਨਾਲ ਜੁੜੀ ਹੋਣੀ ਚਾਹੀਦੀ ਹੈ। ਫਿਰ ਤਾਂ ਇਕ ਅੱਖ ਦੇ ਝਲਕਾਰੇ ਦੀ ਲੋੜ ਹੈ। ਅੰਮ੍ਰਿਤ ਬਚਨਾਂ 'ਤੇ ਵਿਸ਼ਵਾਸ ਕਰੋ "*ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ ਸਮੁੰਦੁ ਸਾਗਰੁ ਜਿਨਿ*

ਖਿਨ ਮਹਿ ਤਾਰਾ ॥" ਇਹ ਸੁਣ ਕੇ ਨਿਤਾ ਨੰਦ ਹੈਰਾਨ ਹੀ ਨਹੀਂ ਬਲਕਿ ਨਾਰਾਜ਼ ਹੋ ਕੇ ਆਖਣ ਲੱਗਾ ਕਿ ਮੇਰੀ ਤੌਹੀਨ ਕੀਤੀ ਗਈ ਹੈ - ਪਰ ਜਦੋਂ ਸਤਿਗੁਰੂ ਜੀ ਨੇ ਸਮਝਾਇਆ, ਪੰਡਿਤ ਨਿਤਾ ਨੰਦ ਦਾ ਸ਼ੰਕਾ ਹੀ ਨਵਿੱਰਤ ਨਹੀਂ ਹੋਇਆ ਬਲਕਿ ਹੰਕਾਰ ਗਵਾ ਕੇ ਗੁਰੂ ਕਾ ਸਿੱਖ ਬਣ ਗਿਆ। ਕਿਸੇ ਵਿਦਵਾਨ ਪੁਰਸ਼ ਦਾ ਵੀ ਬੜਾ ਸੁੰਦਰ ਕਥਨ ਹੈ ਕਿ "*ਇਲਮ ਗੋ ਆਸਤਾਂ ਸੇ ਦੂਰਿ ਨਹੀਂ। ਮਗਰ ਇਸ ਕੀ ਕਿਸਮਤ ਮੇਂ ਹਜ਼ੂਰ ਨਹੀਂ।*" ਵਿਦਵਾਨ ਪੁਰਸ਼ ਦੀ ਵਿਦਿਆ ਭਾਵੇਂ ਰੱਬੀ ਦਹਿਲੀਜ਼ ਤੋਂ ਦੂਰ ਨਹੀਂ ਹੁੰਦੀ ਪਰ ਇਸ ਅਕਲ ਲਤੀਫ ਦੀ ਕਿਸਮਤ ਵਿੱਚ ਕਦੇ ਰੱਬੀ ਮਿਲਾਪ ਨਹੀ ਹੁੰਦਾ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਇਕ ਪ੍ਰੇਮ ਭਰਿਆ ਸੱਦਾ ਮਿਲਿਆ ਕਿ ਆਪ ਜੀ ਦੇ ਹੁਕਮਾਂ ਮੁਤਾਬਿਕ ਅੱਜ ਆਪ ਜੀ ਦੇ ਦਰ ਦਾ ਸੇਵਕ ਬਾਬਾ ਬੁੱਢਾ ਜੀ ਆਪ ਜੀ ਨੂੰ ਉਡੀਕ ਰਹੇ ਹਨ ਜਿਨ੍ਹਾਂ ਨੇ ਨਿਕੜੀ ਉਮਰ ਤੋਂ ਹੀ ਅੱਜ ਤਕ ਹਰ ਕੰਮ ਗੁਰੂ ਜੀ ਦੇ ਦਰਸ਼ਨ ਪਾ ਕੇ ਕੀਤਾ ਹੈ। ਅੱਜ ਵੀ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਕਰਮ ਹੈ। ਉਹ ਦੁਨੀਆਂ ਤੋਂ ਜਾਣ ਤੋਂ ਪਹਿਲੋਂ ਗੁਰੂ ਦੀਦਾਰਾਂ ਰਾਹੀਂ ਤੜਪਦੇ ਨੇਤਰਾਂ ਦੀ ਪਿਆਸ ਬੁਝਾਉਣੀ ਚਾਹੁੰਦੇ ਹਨ, ਆਪ ਜੀ ਕਿਰਪਾ ਕਰੋ। ਇਹ ਸੁਣ ਕੇ ਸਤਿਗੁਰੂ ਜੀ ਜਲਦੀ ਨਾਲ ਰਮਦਾਸ ਪਹੁੰਚੇ। ਕੁਝ ਅਗੰਮੀ ਵਿਚਾਰ ਵਟਾਂਦਰਾ ਹੋਇਆ। ਬਾਬਾ ਬੁੱਢਾ ਜੀ ਆਖਿਰਕਾਰ ੧੨੫ ਸਾਲਾਂ ਦੀ ਉਮਰ ਭੋਗ ਕੇ ਸਰੀਰਕ ਚੋਲਾ ਛੱਡ ਕੇ ਪ੍ਰਮਾਤਮਾ ਵਿੱਚ ਅਭੇਦ ਹੋ ਗਏ ਜਦੋਂ ਮ੍ਰਿਤਕ ਦੇਹੀ ਦੇ ਸਸਕਾਰ ਲਈ ਪ੍ਰਬੰਧ ਕੀਤਾ ਤਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਕ ਬਚਨ ਬਹੁਤ ਹੀ ਬੈਰਾਗ ਦੀ ਅਵੱਸਥਾ ਵਿੱਚ ਕਿਹਾ ਕਿ "ਬਾਬਾ ਜੀ ਮੈਂ ਕਦੋਂ ਦਾ ਤਰਸਦਾ ਰਿਹਾ, ਆਪ ਜੀ ਦੀ ਪਾਲਕੀ ਨੂੰ ਮੋਢਾ ਲਾਉਣ ਲਈ ਪਰ ਤੁਸੀਂ ਹਰ ਵਾਰੀ ਰੋਕ ਦਿੱਤਾ। ਅੱਜ ਮੈਂ ਆਪ ਜੀ ਦੀ ਪਾਲਕੀ ਨਾ ਸਹੀ ਪਰ ਅਰਥੀ ਨੂੰ ਜ਼ਰੂਰ ਮੋਢਾ ਲਾਉਣਾ ਚਾਹੁੰਦਾ ਹਾਂ।" ਇਥੇ ਤਾਂ ਪਵਿੱਤਰ ਜੀਵਨ ਦੀ ਕਰਨੀ ਨੂੰ ਨਮਸਕਾਰ ਹੈ। ਅੰਮ੍ਰਿਤ ਬਚਨ ਵੀ ਹਨ ਕਿ "*ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥*" ਗੁਰੂ ਘਰ ਵਿੱਚ ਜੋਸ਼ੀਲਾ ਪ੍ਰਚਾਰ ਹੋਣ ਕਰਕੇ ਅਤੇ ਸਾਹਿਬ ਜੀ ਨੇ ਵੀ ਅਜਿਹੀਆਂ ਭੇਟਾਵਾਂ ਦਾ ਹੁਕਮ ਦੇ ਕੇ ਸੰਗਤਾਂ ਅੰਦਰ ਬਹੁਤ ਹੀ ਉਤਸ਼ਾਹ ਭਰ ਦਿੱਤਾ ਸੀ। ਦੂਜਾ ਇਨ੍ਹਾਂ ਹੋਈਆਂ ਦੋ ਜੰਗਾਂ ਅੰਦਰ ਗੁਰੂ ਘਰ ਦੀ ਜਿੱਤ ਨੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਸਨ। ਹੁਣ ਹਰ ਇਕ ਪ੍ਰੇਮੀ ਦਾ ਹੀ ਸ਼ੌਕ ਬਣ ਗਿਆ ਸੀ ਕਿ ਜਦੋਂ ਵੀ ਫੁਰਸਤ ਮਿਲੇ, ਉਦੋਂ ਹੀ ਗੁਰੂ ਜੀ ਦੇ ਮਨ ਭਾਉਂਦੀ ਭੇਟਾ ਅਰਪਨ ਕਰਕੇ ਖੁਸ਼ੀਆਂ ਤੇ ਗੁਰੂ ਜੀ ਦੀ ਸਵੱਲੀ ਨਦਰਿ ਦਾ ਭਾਗੀ ਬਣਾਂ। ਇਸੇ ਹੀ ਤਰ੍ਹਾਂ ਕਾਬਲ ਦੀ ਸੰਗਤ ਗੁਰੂ ਦਰਸ਼ਨਾਂ ਲਈ ਆ ਰਹੀ ਸੀ। ਨਾਲ ਹੀ ਭਾਈ ਕਰੋੜੀ ਮਲ ਜੀ ਬਹੁਤ ਹੀ ਅਦਬ ਸਤਿਕਾਰ

ਨਾਲ ਗੁਰੂ ਜੀ ਦੀ ਹੀ ਅਮਾਨਤ ਜਾਣ ਕੇ ਦੋ ਸੋਹਣੇ ਘੋੜੇ ਲਿਆ ਰਿਹਾ ਸੀ। ਇਕ ਦਿਲਬਾਗ ਤੇ ਦੂਜਾ ਗੁਲਬਾਗ। ਸਿੱਖ ਆਖਣ ਲੱਗਾ ਕਿ ਅਨਾਇਤ ਉਲਾ ਨੇ ਸ਼ਰਾਰਤ ਨਾਲ ਉਹ ਦੋਵੇਂ ਘੋੜੇ ਖੋਹ ਲਏ। ਆਪ ਜੀ ਦੀ ਆਗਿਆ ਤੋਂ ਬਿਨਾਂ ਅਸਾਂ ਕੁਝ ਕਹਿਣਾ ਮੁਨਾਸਿਬ ਨਾ ਸਮਝਿਆ। ਸੰਗਤਾਂ ਦੇ ਦਿਲ ਦੇ ਦਰਦ ਨੂੰ ਸਤਿਗੁਰੂ ਜੀ ਚੰਗੀ ਤਰ੍ਹਾਂ ਜਾਣਦੇ ਸਨ ਜਿਸ ਕਰਕੇ ਸਾਹਿਬਾਂ ਨੇ ਉਸ ਵਕਤ ਹੌਸਲਾ ਦਿੱਤਾ ਕਿ ਭਾਈ ਤੁਹਾਡੇ ਭੇਜੇ ਘੋੜੇ ਤਾਂ ਮੈਨੂੰ ਮਿਲ ਗਏ ਹਨ। ਉਥੋਂ ਲੈ ਕੇ ਆਉਣਾ ਹੁਣ ਗੁਰੂ ਘਰ ਦਾ ਕੰਮ ਹੈ। ਸਤਿਗੁਰੂ ਜੀ ਨੇ ਉਸੇ ਵਕਤ ਬਾਬਾ ਬਿਧੀ ਚੰਦ ਜੀ ਨੂੰ ਸੱਦ ਕੇ ਡਿਊਟੀ ਲਗਾ ਦਿੱਤੀ। ਬਾਬਾ ਬਿਧੀ ਚੰਦ ਜੀ ਨੇ ਨਮਸਕਾਰ ਕਰਕੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਨ ਲਈ ਤੁਰ ਪਏ। ਪਹਿਲੀ ਵਾਰੀ ਅਤਿਅੰਤ ਪਹਿਰੇ ਵਿੱਚ ਰੱਖੇ ਘੋੜਿਆਂ ਤਕ ਪਹੁੰਚਣ ਵਾਸਤੇ ਘਾਹੀ ਦਾ ਰੂਪ ਧਾਰਨ ਕੀਤਾ। ਘੋੜਿਆਂ ਤਕ ਪਹੁੰਚ ਕੇ ਸ਼ੁਕਰਾਨੇ ਦੀ ਅਰਦਾਸ ਕੀਤੀ। ਬਾਬਾ ਬਿਧੀ ਚੰਦ ਜੀ ਹਰ ਰੋਜ਼ ਹੀ ਘਾਹ ਲਿਆਉਂਦੇ ਸਨ। ਇਹੋ ਹੀ ਘਾਹ ਖਾ ਕੇ ਘੋੜੇ ਵੀ ਤੰਦਰੁਸਤ ਨਜ਼ਰ ਆਉਂਦੇ ਸਨ ਕਿਉਂਕਿ ਗੁਰੂ ਚਰਣਾਂ ਦਾ ਵਿਛੋੜਾ ਪਾ ਕੇ ਘੋੜੇ ਵੀ ਦੁੱਖੀ ਸਨ। ਬਾਬਾ ਬਿਧੀ ਚੰਦ ਜੀ ਨੂੰ ਪੱਕਾ ਹੀ ਘਾਹੀ ਰੱਖ ਲਿਆ। ਇਕ ਦਿਨ ਸਾਰੀ ਵੀਚਾਰ ਕਰਕੇ ਤਿਆਰੀ ਕਰ ਲਈ। ਰਾਤ ਨੂੰ ਘੋੜਾ ਕੱਢ ਕੇ ਗੁਰੂ ਚਰਣਾਂ ਵਿੱਚ ਪਹੁੰਚਾ ਦਿੱਤਾ। ਸਤਿਗੁਰੂ ਜੀ ਨੇ ਬਾਬਾ ਬਿਧੀ ਚੰਦ ਜੀ ਨੂੰ ਅਸੀਸਾਂ ਬਖਸ਼ੀਆਂ।

ਘੋੜਾ ਚੋਰੀ ਹੋ ਜਾਣ ਕਾਰਨ ਹਰ ਪਾਸੇ ਪੜਤਾਲ ਹੋ ਰਹੀ ਸੀ। ਇਥੋਂ ਤਕ ਵੱਡੇ ਵੱਡੇ ਜੋਤਿਸ਼ੀਆਂ ਕੋਲੋਂ ਵੀ ਪੁੱਛਿਆ ਜਾ ਰਿਹਾ ਸੀ। ਬਾਬਾ ਬਿਧੀ ਚੰਦ ਜੀ ਵੀ ਦੂਜੇ ਘੋੜੇ ਦੀ ਪ੍ਰਾਪਤੀ ਲਈ ਜੋਤਿਸ਼ੀ ਦਾ ਹੀ ਰੂਪ ਧਾਰ ਕੇ ਚਲੇ ਗਏ। ਸਾਰੀਆਂ ਗੱਲਾਂ ਦੱਸੀਆਂ ਕਿ ਪਹਿਲਾ ਘੋੜਾ ਇਸ ਤਰ੍ਹਾਂ ਸਾਰੇ ਮੁਲਾਜ਼ਮ ਅੰਦਰ ਸ਼ਰਾਬਾਂ ਪੀ ਰਹੇ ਸਨ, ਚੋਰੀ ਹੋ ਗਿਆ। ਸਭ ਦੇ ਮਨ ਨੂੰ ਇਹ ਗੱਲ ਭਾਈ ਕਿਉਂਕਿ ਸੱਚੀ ਸੀ। ਬਾਬਾ ਬਿਧੀ ਚੰਦ ਜੀ ਨੇ ਆਖਿਆ ਕਿ ਅੱਗੋ ਪਤਾ ਨਹੀਂ ਚੱਲਦਾ, ਇਸ ਲਈ ਵੈਸਾ ਹੀ ਮਹੌਲ ਬਣਾਉਣਾ ਪਵੇਗਾ। ਸਾਰਿਆਂ ਨੂੰ ਫਿਰ ਅੰਦਰ ਕੈਦ ਕਰਕੇ ਉਸੇ ਤਰ੍ਹਾਂ ਘੋੜੇ ਉਪਰ ਕਾਠੀ ਪਾ ਕੇ ਆਪ ਉਪਰ ਸੁਆਰ ਹੋ ਕੇ ਜਾਣ ਲੱਗੇ ਕਹਿ ਦਿੱਤਾ ਕਿ ਪਹਿਲਾ ਘੋੜਾ ਵੀ ਇਸੇ ਤਰ੍ਹਾਂ ਗਿਆ ਸੀ ਤੇ ਦੂਜਾ ਘੋੜਾ ਵੀ ਗੁਰੂ ਘਰ ਲਿਆ ਹਾਜ਼ਰ ਕੀਤਾ।

ਦੂਜੇ ਘੋੜੇ ਨੂੰ ਲਿਆਉਣ ਵੇਲੇ ਬਾਬਾ ਬਿਧੀ ਚੰਦ ਜੀ ਇਹ ਵੀ ਕਹਿ ਆਏ ਸਨ ਕਿ ਇਹ ਗੁਰੂ ਘਰ ਦੀ ਅਮਾਨਤ ਸੀ ਅਤੇ ਗੁਰੂ ਘਰ ਹੀ ਜਾ ਰਹੀ ਹੈ ਜਿਸ ਕਰਕੇ ਜ਼ਾਲਮਾਂ ਦਾ ਸੜ ਬਲ ਜਾਣਾ ਲਾਜ਼ਮੀ ਸੀ। ਹੋਰ ਕੋਈ ਚਾਰਾ ਨਾ ਦੇਖ ਕੇ ਅਨਾਇਤ ਉਲਾ ਨੇ ਗੁਰੂ

ਜੀ ਵਿਰੁੱਧ ਜੰਗ ਲੜ ਕੇ ਜਿੱਤ ਹਾਸਲ ਕਰਨੀ ਚਾਹੀ। ਅਨਾਇਤ ਉਲਾ ਆਪਣੇ ਹੰਕਾਰ ਵਿੱਚ ਬਡ ਜੋਧੇ ਦੀ ਮਹਿਮਾ ਭੁੱਲੀ ਹੀ ਬੈਠਾ ਸੀ। ਬਡ ਜੋਧੇ ਦੇ ਮੁਕਾਬਲੇ ਲਈ ਲੱਲਾ ਬੇਗ, ਕਮਰ ਬੇਗ ਅਤੇ ਕਾਬਲੀ ਬੇਗ ਆਦਿਕ ਮੁਖੀਆਂ ਦੀ ਕਮਾਂਡ ਹੇਠ ੧੦,੦੦੦ ਫੌਜੀਆਂ ਨੂੰ ਕਾਫੀ ਸਹੂਲਤਾਂ ਆਦਿਕ ਦੇ ਕੇ ਤੋਰਿਆ ਕਿ ਹਰ ਤਰ੍ਹਾਂ ਨਾਲ ਗੁਰੂ ਕੀ ਵੱਡਿਆਈ ਖ਼ਤਮ ਕਰ ਆਉਣਾ। ਇਧਰ ਸਾਹਿਬ ਜੀ ਵੀ ਪੂਰਨ ਤਿਆਰੀ ਵਿੱਚ ਸਨ ਜਿਸ ਕਰਕੇ ਪੂਰਨ ਤੌਰ 'ਤੇ ਮਾਲਵੇ ਦੇ ਇਲਾਕੇ ਦੇ ਵੀ ਸਾਰੇ ਸੇਵਕ ਜਨ ਨਾਲ ਸਨ। ਨਥਾਣੇ ਨਗਰ ਲਾਗੇ ਹੀ ਆਪਸੀ ਟਾਕਰੇ ਹੋਏ। ਚੰਡੀ ਨਾਲ ਚੰਡੀ ਖੜਕੀ। ਧਰਤੀ 'ਤੇ ਜੋਧਿਆਂ ਦੇ ਖ਼ੂਨ ਡੁੱਲ੍ਹੇ। ਮੌਤ ਨੇ ਮਾਨੋ ਕਾਸਾ ਫੜ ਯੋਧਿਆਂ ਦੇ ਖ਼ੂਨ ਨਾਲ ਪਿਆਸ ਬੁਝਾਈ। ਆਖਿਰਕਾਰ ਜਿੱਤ ਫਿਰ ਵੀ ਗੁਰੂ ਘਰ ਦੀ ਹੋਈ। ਇਹ ਜੰਗ ਨਥਾਣੇ ਅਤੇ ਮਿਹਰਾਜ ਦੇ ਦਰਮਿਆਨ ਜੂਹ ਵਿੱਚ ਲੜਿਆ ਗਿਆ ਸੀ। ਤੀਸਰੀ ਜੰਗ ਵਿੱਚ ਫਤਹਿ ਪਾ ਕੇ ਸਤਿਗੁਰੂ ਜੀ ਸਿੱਖ ਸੰਗਤਾਂ ਨੂੰ ਦਰਸ਼ਨ ਦਿੰਦਿਆਂ ਗੁਰਮੁਖ ਗਾਡੀ ਰਾਹ 'ਤੇ ਤੋਰਦਿਆਂ ਤੋਰਦਿਆਂ ਕਰਤਾਰਪੁਰ ਸਾਹਿਬ ਆ ਗਏ। ਸਤਿਗੁਰੂ ਜੀ ਦੇ ਘਰ ਹੀ ਰਹਿ ਗੁਰੂ ਘਰ ਦਾ ਹੀ ਪ੍ਰਸ਼ਾਦ ਪਾਣੀ ਛੱਕ ਕੇ ਵੱਡਾ ਹੋਇਆ; ਪੈਂਦੇ ਖ਼ਾਂ ਪਹਿਲੀ ਹੀ ਜੰਗ ਲੜ ਕੇ ਆਪਣੇ ਅੰਦਰ ਹਉਮੈ ਦਾ ਕੰਡਾ ਪਾਲ ਬੈਠਾ। ਸਤਿਗੁਰੂ ਜੀ ਦਾ ਕਰਮ ਇਹ ਹੀ ਹੈ ਕਿ "*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*" ਸਤਿਗੁਰੂ ਜੀ ਨਾਮ ਵੀ ਦ੍ਰਿੜ੍ਹ ਕਰਵਾਉਂਦੇ ਹਨ ਤੇ ਹਉਮੈ ਦਾ ਰੋਗ ਵੀ ਕੱਟਦੇ ਹਨ। ਇਸ ਲਈ ਸਤਿਗੁਰੂ ਜੀ ਨੇ ਪੈਂਦੇ ਖ਼ਾਂ ਨੂੰ ਉਸਦੇ ਨਗਰ ਵੱਡੇ ਮੀਰ ਭੇਜ ਦਿੱਤਾ ਤੇ ਬਚਨ ਕੀਤਾ ਕਿ ਤੁਹਾਡਾ ਗੁਜ਼ਰਾਨ ਵੀ ਘਰ ਹੀ ਪਹੁੰਚਦਾ ਰਹੇਗਾ। ਪੈਂਦੇ ਖ਼ਾਂ ਤੋਂ ਬਿਨਾਂ ਦੋ ਜੰਗ ਗੁਰੂ ਘਰ ਨੇ ਜਿੱਤ ਲਏ ਸਨ। ਪੈਂਦੇ ਖ਼ਾਂ ਦਾ ਹੰਕਾਰ ਟੁੱਟ ਗਿਆ। ਪਰ ਸਤਿਗੁਰੂ ਜੀ ਦੇ ਘਰ ਆਉਣ ਦੀ ਬਜਾਇ ਜਲੰਧਰ ਦੇ ਫੌਜਦਾਰ ਨਾਲ ਗੰਢ ਜੋੜ ਕਰਕੇ ਲਾਹੌਰ ਦੇ ਸੂਬੇਦਾਰ ਤਕ ਪਹੁੰਚ ਕੀਤੀ। ਕਾਲੇ ਖ਼ਾਂ ਦੀ ਕਮਾਂਡ ਹੇਠ ਫਿਰ ਫ਼ੌਜ ਭੇਜ ਦਿੱਤੀ। ਇਸ ਵਾਰੀ ਪੈਂਦੇ ਖਾਂ ਤੇ ਹੋਰ ਹੰਕਾਰੀਆਂ ਦਾ ਪੈਰ ਜ਼ਮੀਨ ਉਪਰ ਨਹੀਂ ਸੀ ਟਿਕਦਾ ਕਿ ਹੁਣ ਸਾਡਾ ਮੁਕਾਬਲਾ ਕੌਣ ਕਰ ਸਕਦਾ ਹੈ? ਸਾਡੇ ਵਰਗੀ ਫੌਜ ਦਾ ਇਕ ਸਿਪਾਹੀ ਗੁਰੂ ਕੋਲ ਨਹੀਂ। ਹੰਕਾਰੀਆਂ ਨੇ ਸੱਚ ਨਾ ਪਹਿਚਾਣ ਕੇ ਕੂੜਾ ਮਾਣ ਕਰਕੇ ਕਰਤਾਰਪੁਰ ਸਾਹਿਬ ਜਾ ਕੇ ਗੁਰੂ ਜੀ ਨੂੰ ਜਾ ਲਲਕਾਰਿਆ। ਸਤਿਗੁਰੂ ਜੀ ਨੇ ਬਚਨ ਕੀਤੇ ਕਿ ਪੈਂਦੇ ਖ਼ਾਂ ਤੇਰਾ ਸਾਡਾ ਰਿਸ਼ਤਾ ਕੁਝ ਹੋਰ ਤਰ੍ਹਾਂ ਦਾ ਰਿਹਾ, ਤੂੰ ਜੰਗ ਨਾ ਕਰ, ਇਸੇ ਤਰ੍ਹਾਂ ਚਲਾ ਜਾ। ਪੈਂਦੇ ਖ਼ਾਂ ਦੇ ਹੰਕਾਰ ਨੇ ਆਵਾਜ਼ ਦਿੱਤੀ ਕਿ ਸਤਿਗੁਰੂ ਜੀ ਤੇਰੇ ਕੋਲੋਂ ਡਰਦੇ ਹਨ। ਇਸੇ ਲਈ ਜੰਗ ਨਹੀਂ ਲੜਨਾ ਚਾਹੁੰਦੇ। ਜਦੋਂ ਪੈਂਦੇ ਖ਼ਾਂ ਦੀ ਮਲੀਨ ਮਤਿ ਨੇ ਸਤਿਗੁਰੂ ਜੀ ਦਾ ਬਚਨ ਨਾ

ਮੰਨਿਆ ਤਾਂ ਜੰਗ ਆਰੰਭ ਹੋ ਗਿਆ। ਸਾਹਿਬ ਜੀ ਨੇ ਪੈਂਦੇ ਖ਼ਾਂ ਨੂੰ ਪਹਿਲੇ ਤਿੰਨ ਵਾਰ ਦੇ ਦਿੱਤੇ, ਪੈਂਦੇ ਖ਼ਾ ਨੇ ਤਿੰਨ ਵਾਰ ਕੀਤੇ ਪਰ ਸਾਹਿਬ ਜੀ ਨੇ ਸਾਰੇ ਹੀ ਬਚਾ ਲਏ। ਅਖੀਰ ਸਤਿਗੁਰੂ ਜੀ ਨੇ ਆਖਿਆ ਕਿ ਪੈਂਦੇ ਖ਼ਾਂ ਮੈਂ ਸਿਰਫ ਇਕ ਹੀ ਵਾਰ ਕਰਾਂਗਾ। ਸੱਚੇ ਪਾਤਿਸ਼ਾਹ ਜੀ ਨੇ ਇਕ ਵਾਰ ਕੀਤਾ, ਨਾਲ ਹੀ ਬਚਨ ਆਖਿਆ "*ਚੁਨਾ ਨਾ ਬਾਸ਼ਿਦ ॥*" ਚੁਨੀ ਬਾਸ਼ਿਦ ਵਾਰ ਇਸ ਤਰ੍ਹਾਂ ਨਹੀਂ, ਵਾਰ ਇਸ ਤਰ੍ਹਾਂ ਕਰੀਦਾ ਹੈ। ਪੈਂਦੇ ਖ਼ਾਂ ਮੂਰਛਿਤ ਹੋ ਕੇ ਡਿੱਗਿਆ। ਡਿੱਗਦੇ ਪੈਂਦੇ ਖ਼ਾਂ ਨੂੰ ਵੀ ਸਾਹਿਬ ਜੀ ਨੇ ਸੰਭਾਲ ਕੇ, ਬਚਨ ਕੀਤਾ ਕਿ ਤੇਰਾ ਜਨਮ ਤੁਰਕਾਂ ਦੇ ਘਰ ਦਾ ਹੈ। ਸਾਡੇ ਨਾਲੋਂ ਤਾਂ ਤੂੰ ਰਿਸ਼ਤਾ ਤੋੜ ਬੈਠਾ ਹੈਂ। ਇਸ ਲਈ ਕਲਮਾਂ ਪੜ੍ਹ ਲੈ। ਜਿਤਨਾ ਚਿਰ ਤੇਰਾ ਕਲਮਾਂ ਪੂਰਾ ਨਹੀਂ ਹੁੰਦਾ, ਉਤਨਾ ਚਿਰ ਤੇਰੇ ਨੇੜੇ ਮੌਤ ਨਹੀਂ ਆਵੇਗੀ। ਹਰ ਪਾਪ ਦਾ ਅੰਤ ਪਛਤਾਵਾ ਹੁੰਦਾ ਹੈ। ਪੈਂਦੇ ਖ਼ਾਂ ਦੀਆਂ ਅੱਖਾਂ ਭਰ ਆਈਆਂ, ਕਹਿਣ ਲੱਗਾ, ਸਾਹਿਬ ਜੀ! ਤੁਹਾਡੇ ਘਰ ਦੇ ਟੁੱਕੜੇ ਖਾ ਕੇ ਪਲਿਆਂ। ਤੁਹਾਡੇ ਤੋਂ ਸਾਰੀ ਵਿਦਿਆ ਲਈ, ਤੁਹਾਡੇ ਹੀ ਵਿਰੁੱਧ ਚੜ੍ਹ ਆਇਆ ਅਤੇ ਤੁਹਾਡੀ ਹੀ ਕਿਰਪਾਨ ਨਾਲ ਅੱਜ ਇਹ ਹਾਲ ਹੋਇਆ ਹੈ। ਸਤਿਗੁਰੂ ਜੀ ਪਤਾ ਨਹੀਂ ਕੋਈ ਕਿੰਨਾ ਕਿੰਨਾ ਚਿਰ ਤਪ ਕਰਦਾ ਹੋਏਗਾ ਫਿਰ ਵੀ ਉਨ੍ਹਾਂ ਨੂੰ ਗੁਰੂ ਗੋਦ ਨਹੀਂ ਨਸੀਬ ਹੁੰਦੀ, ਮੈਂ ਤਾਂ ਸਗੋਂ ਸੁਭਾਗਾ ਹਾਂ ਜਿਸਨੂੰ ਗੁਰੂ ਗੋਦ ਪ੍ਰਾਪਤ ਹੋਈ ਹੈ। ਹੁਣ ਮੈਨੂੰ ਹੋਰ ਕਿਸੇ ਕਲਮਾਂ ਪੜ੍ਹਨ ਦੀ ਜ਼ਰੂਰਤ ਨਹੀਂ। ਜ਼ਾਲਮ ਤਾਂ ਭਾਵੇਂ ਜੰਗ ਹਾਰ ਗਏ ਪਰ ਪੈਂਦੇ ਖ਼ਾਂ ਜੀਵਨ ਦੀ ਜੰਗ ਜਿੱਤ ਗਿਆ ਸੀ ਜਿਸਨੂੰ ਗੁਰੂ ਜੀ ਦਾ ਗੁਆਚਾ ਅਥਾਹ ਪ੍ਰੇਮ ਪਿਆਰ ਫਿਰ ਪ੍ਰਾਪਤ ਹੋ ਗਿਆ ਸੀ। ਪੈਂਦੇ ਖ਼ਾਂ ਗੁਰੂ ਜੀ ਦੀ ਪਵਿੱਤਰ ਗੋਦ ਵਿੱਚ ਹੀ ਅੰਤਲਾ ਸੁਆਸ ਲੈਂਦਿਆਂ ਇਹ ਕਹਿ ਰਿਹਾ ਸੀ ਕਿ "*ਵਡ ਜੋਧਾ ਬਹੁ ਪਰਉਪਕਾਰੀ ॥*"

ਸ੍ਰੀ ਗੁਰੂ ਹਰਿਗੋਬਿੰਦ ਜੀ ਸੰਗਤਾਂ ਨੂੰ ਅਲਾਹੀ ਸੁਨੇਹਾ ਦਿੰਦਿਆਂ ਕੀਰਤਪੁਰ ਸਾਹਿਬ ਆਏ। ਇਥੇ ਹੀ ਸਾਹਿਬ ਜੀ ਨੇ ਆਪਣੇ ਪੋਤਰੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਗੁਰ ਗੱਦੀ ਬਖਸ਼ ਕੇ ਆਪ ਜੀ ਕੀਰਤਪੁਰ ਸਾਹਿਬ ਹੀ ਜੋਤੀ ਜੋਤਿ ਸਮਾ ਗਏ।

ਧੰਨ ਅਜਿਹੇ ਸਤਿਗੁਰੂ ਜੀ ਦੀ ਮਹਿਮਾ ਜਿਹੜੇ ਆਪਣੇ ਪੁੱਤਰ ਸ੍ਰੀ ਤਿਆਗ ਮੱਲ ਜੀ ਨੂੰ ਤੇਗ ਵਾਹਉਂਦਿਆਂ ਤੱਕ ਕੇ ਤਿਆਗ ਮੱਲ ਤੋਂ ਤੇਗ ਬਹਾਦਰ ਨਾਂ ਰੱਖ ਦਿੰਦੇ ਹਨ ਪਰ ਦੂਜੇ ਪਾਸੇ ਸ੍ਰੀ ਹਰਿ ਰਾਏ ਜੀ ਨੂੰ ਨਿੱਕੜੀ ਉਮਰ ਵਿੱਚ ਹੀ ਚੋਲੇ ਨਾਲ ਲੱਗ ਕੇ ਟੁੱਟੇ ਫੁੱਲ ਨੂੰ ਦੇਖ ਕੇ ਤਾੜਨਾ ਕਰਦੇ ਹਨ। ਹਥਿਆਰ ਚਲਾਉਣ ਵਾਲੇ ਦੀ ਪਰਖ ਕਰਨ ਵਾਲਾ ਕੋਈ ਮਹਾਨ ਯੋਧਾ ਹੀ ਹੋ ਸਕਦਾ ਹੈ ਪਰ ਫੁੱਲ ਟੁੱਟਣ 'ਤੇ ਵੀ ਦੁੱਖ ਮੰਨਣ ਵਾਲਾ ਕੋਈ ਪਰਉਪਕਾਰੀ ਹੋ ਸਕਦਾ ਹੈ ਤਾਂ ਫਿਰ ਆਪਾਂ ਵੀ ਰਸਨਾ ਸੁੱਚੀ ਕਰ ਲਈਏ ਤੇ ਆਖੀਏ -

"*ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥*"

ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ

ਗਜਨੀ ਵਿੱਚ ਵਸਦੇ ਭਾਈ ਮੁਨਸ਼ੀ ਛੱਜੂ ਰਾਮ ਦੇ ਘਰ ਭਾਈ ਨੰਦ ਲਾਲ ਜੀ ਦਾ ਜਨਮ ਹੋਇਆ। ਇਹ ਸਮਾਂ ਕਰੀਬ ੧੬੩੩ ਈ: ਦਾ ਵਿਦਵਾਨ ਪੁਰਸ਼ਾਂ ਨੇ ਪਰਵਾਨਿਆ ਹੈ। ਭਾਈ ਨੰਦ ਲਾਲ ਜੀ ਦੀ ਗਹਿਰੀ ਸੋਚ ਦਾ ਸਦਕਾ ਵਿਦਿਆ ਵਿੱਚ ਬਹੁਤ ਹੀ ਮੁਹਾਰਤ ਹਾਸਿਲ ਹੋਈ। ਇਨ੍ਹਾਂ ਦੀ ਵਿਦਿਆ ਦਾ ਸਦਕਾ ਹੀ ਕਿ ਕਈ ਸਤਿਕਾਰ ਯੋਗ ਅਹੁੱਦੇ ਵੀ ਪ੍ਰਾਪਤ ਹੋਏ। ਇਸੇ ਹੀ ਵਿਦਵਤਾ ਭਰੀ ਅੱਖ ਨੇ ਜਦੋਂ ਦੇਖਿਆ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਕੁਰਾਨ ਸ਼ਰੀਫ ਦੀਆਂ ਆਇਤਾਂ ਦੇ ਅਰਥ ਕਰਨ ਵਾਸਤੇ ਰੱਖੇ ਹੋਏ ਵਿਦਵਾਨਾਂ ਵਿਚੋਂ ਇਕ ਆਇਤ ਦੇ ਅਰਥ ਨਾ ਹੋ ਸਕੇ, ਜਦ ਕਿ ਅਰਥ ਕਰਨਾ ਉਨ੍ਹਾਂ ਦਾ ਨਿਤ ਕਰਮ ਸੀ। ਪਰ ਇਹ ਅਰਥ ਭਾਈ ਨੰਦ ਲਾਲ ਜੀ ਨੇ ਬਹੁਤ ਹੀ ਪਿਆਰ ਨਾਲ ਅਤੇ ਸਮਝ ਗੋਚਰੇ ਆ ਜਾਣ ਵਾਲੇ ਸ਼ਬਦਾਂ ਵਿੱਚ ਕੀਤੇ ਤਦ ਔਰੰਗਜ਼ੇਬ ਮਤੱਸਬੀ ਹੋਣ ਕਰਕੇ ਕਹਿਣ ਲੱਗਾ ਜਾਂ ਤਾਂ ਇਸਨੂੰ ਮੁਸਲਮਾਨ ਬਣਾ ਦਿਉ ਜਾਂ ਫਿਰ ਇਸ ਨੂੰ ਖ਼ਤਮ ਕਰ ਦਿਉ। ਬਹਾਦਰ ਸ਼ਾਹ ਜਿਸਨੂੰ ਪੜ੍ਹਾਉਣ ਦੀ ਡਿਊਟੀ ਭਾਈ ਨੰਦ ਲਾਲ ਜੀ ਕਰਦੇ ਸਨ, ਨੇ ਆ ਕੇ ਸਾਰੀ ਵਿਚਾਰ ਦੱਸੀ ਕਿ ਆਪ ਜੀ ਨੂੰ ਪਿਤਾ ਦੀਆਂ ਦੋਨਾਂ ਸ਼ਰਤਾਂ ਵਿੱਚੋਂ ਇਕ ਹਰ ਹਾਲਤ ਵਿਚ ਕਬੂਲਣੀ ਪਵੇਗੀ। ਪਰ ਭਾਈ ਨੰਦ ਲਾਲ ਜੀ ਸੁਣ ਕੇ ਸ੍ਰੀ ਅਨੰਦਪੁਰ ਸਾਹਿਬ ਆ ਗਏ। ਇਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਿਦਵਾਨ ਪੁਰਸ਼ਾਂ ਨੂੰ ਮੌਤ ਨਹੀਂ ਬਲਕਿ ਉੱਚਤਮ ਸਤਿਕਾਰ ਦੇ ਕੇ ਨਿਵਾਜਦੇ ਸਨ। ਅਤਿ ਦੇ ਪਿਆਰੇ ਸਤਿਕਾਰੇ ਵਿਦਵਾਨ ਭਾਈ ਨੰਦ ਲਾਲ ਜੀ ਜਿਨ੍ਹਾਂ ਨੇ ਸੱਚ ਸੰਸਾਰ ਦੀ ਝੋਲੀ ਪਾਇਆ। ਉਹ ਸੀ ਕਿ ਧੰਨ ਗੁਰੂ ਹਰਿ ਰਾਏ ਸਾਹਿਬ ਜੀ "*ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ ॥*" ਭਾਵ ਸਮੁੱਚੀ ਕਾਇਨਾਤ ਦੇ ਕਾਨੂੰਨ ਦੇ ਮਾਲਕ ਭਾਵ ਲੋਕ ਪ੍ਰਲੋਕ ਦੇ ਮਾਲਕ ਹਨ।

ਭਾਈ ਨੰਦ ਲਾਲ ਜੀ ਦੀਆਂ ਅੱਖਾਂ ਨੇ ਜ਼ਿੰਦਗੀ ਦੇ ਅਨੇਕਾਂ ਦੁੱਖ ਸੁਖ ਅਤੇ ਉਤਰਾ ਚੜ੍ਹਾ ਦੇਖੇ ਹਨ। ਇਸ ਲਈ ਭਾਈ ਨੰਦ ਲਾਲ ਜੀ ਦੀਆਂ ਅੱਖਾਂ ਬਹੁਤ ਤਜ਼ਰਬੇਕਾਰ ਹਨ। ਕੇਵਲ ਇਹੋ ਹੀ ਨਹੀਂ ਬਲਕਿ ਉਨ੍ਹਾਂ ਕੋਲ ਬਿਅੰਨ ਅੱਖੜੀ ਵੀ ਹੈ ਜਿਸ ਨਾਲ ਮਾਂ ਪਿਰੀ ਦਾ ਦੀਦਾਰ ਨਸੀਬ ਹੁੰਦਾ ਹੈ। ਆਉ ਆਪਾਂ ਵੀ ਕੋਸ਼ਿਸ਼ ਕਰੀਏ ਕਿ ਸਾਨੂੰ ਵੀ ਉਹ ਦੀਦਾਰ ਹੋ ਜਾਣ ਜਿਸ ਨਾਲ "*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥*" ਦੀ ਅਵੱਸਥਾ ਪ੍ਰਾਪਤ ਹੋ ਜਾਵੇ।

ਭਾਈ ਨੰਦ ਲਾਲ ਜੀ ਨੇ ਜਿਥੇ ਗੁਰੂ ਹਰਿ ਰਾਏ ਸਾਹਿਬ ਜੀ ਬਾਰੇ ਹੋਰ ਅਨੇਕਾਂ

ੴ

ਬਚਨ ਆਖਦੇ ਹੋਏ ਸਿਫਤ ਸਲਾਹ ਦੀ ਐਸੀ ਤਸਬੀ (ਮਾਸ) ਬਣਾਈ ਹੈ ਕਿ ਜਿਹੜਾ ਵੀ ਆਪਣੀ ਰਸਨਾ ਨਾਲ ਅਤੇ ਸ਼ਰਧਾ ਨਾਲ ਇਹ ਜਪਨੀ ਜਪ ਲਵੇ ਤਾਂ ਇਕ ਦਿਨ ਆਪਣੇ ਅਸਲੇ ਵਿੱਚ ਅਭੇਦ ਹੋ ਜਾਏਗਾ, ਉਥੇ ਇਕ ਬਚਨ ਆਖਿਆ ਹੈ ਕਿ ਗੁਰੂ ਹਰਿ ਰਾਏ ਸਾਹਿਬ ਜੀ ਲੋਕ ਪ੍ਰਲੋਕ ਦੇ ਮਾਲਕ ਹਨ।

"ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ ॥"

ਗੁਰੂ ਹਰਿ ਗੋਬਿੰਦ ਸਾਹਿਬ ਜੀ ਗ੍ਰਹਿ ਵਿਖੇ ਪੰਜ ਪੁੱਤਰ ਸਨ ਜਿਨ੍ਹਾਂ ਵਿੱਚ ਸਭ ਤੋਂ ਵੱਡੇ ਸਨ ਬਾਬਾ ਗੁਰਦਿੱਤਾ ਜੀ। ਅੱਗੇ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਅਨੰਤੀ ਜੀ ਦੀ ਕੁੱਖੋਂ ਜਨਵਰੀ ੧੬੨੯ ਨੂੰ ਬਾਬਾ ਧੀਰਮਲ ਜੀ ਦਾ ਜਨਮ ਹੋਇਆ। ਜਨਵਰੀ ੧੬੩੦ ਫਿਰ ਧੰਨ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਗੁਰੂ ਹਰਿ ਗੋਬਿੰਦ ਜੀ ਨੇ ਦੋਨਾਂ ਦੇ ਹੀ ਦੀਦਾਰ ਕਰਕੇ ਬਚਨ ਆਖੇ ਸਨ ਜਿਵੇਂ ਅੱਗੇ ਵੀ ਗੁਰੂ ਪਾਤਿਸ਼ਾਹੀਆਂ ਨੇ ਅਜਿਹਾ ਕੀਤਾ ਸੀ। ਬਾਬਾ ਧੀਰਮਲ ਜੀ ਦੇ ਦਰਸ਼ਨ ਕਰਕੇ ਆਖਿਆ ਸੀ ਕਿ ਪ੍ਰਿਥੀ ਚੰਦ ਜੀ ਦੀ ਬ੍ਰਿਤੀ ਦਾ ਮਾਲਕ ਹੀ ਬਣੇਗਾ। ਜਦੋਂ ਕੀਰਤਪੁਰ ਸਾਹਿਬ ਤੋਂ ਖੁਸ਼ੀਆਂ ਭਰਿਆ ਪ੍ਰੇਮ ਸੱਦਾ ਗਿਆ ਕਿ ਆਪ ਜੀ ਦੀ ਅਸੀਸ ਦਾ ਸਦਕਾ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਵਿਖੇ ਬਾਲੜੇ ਦਾ ਪ੍ਰਕਾਸ਼ ਹੋਇਆ ਹੈ ਤਦ ਦੀਦਾਰ ਕਰਨ ਆਏ। ਦਰਸ਼ਨ ਕਰਕੇ ਕਹਿ ਉਠੇ ਸਨ ਕਿ ਪ੍ਰਮੇਸ਼ਵਰ ਦਾ ਨਿਵਾਸ ਹੈ, ਕਪਟ ਨਹੀਂ। ਇਸੇ ਲਈ ਆਪ ਨੇ ਨਾਮ ਵੀ ਰੱਖਿਆ ਕਿ ਇਨ੍ਹਾਂ ਨੂੰ ਹਰਿ ਰਾਏ ਦੇ ਨਾਮ ਨਾਲ ਪੁਕਾਰਨਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਬੇਹੱਦ ਖੁਸ਼ੀ ਜ਼ਾਹਿਰ ਕੀਤੀ ਤਦ ਹੀ ਭਾਈ ਨੰਦ ਲਾਲ ਜੀ ਆਖਦੇ ਹਨ ਸ੍ਰੀ ਹਰਿ ਰਾਇ ਜੀ ਨੇ ਸਰੀਰ ਨਹੀਂ ਬਲਕਿ ਰੱਬੀ ਬਖਸ਼ਿਸ਼ਾਂ ਦੀ ਪੌਸ਼ਾਕ ਪਹਿਨੀ ਹੋਈ ਹੈ। "ਸਰਵਰਿ ਕੌਨਨ ..."

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਨਸ਼ੀਨ ਕਰਦਿਆਂ ਹੀ ਦੋ ਕਿਰਪਾਨਾਂ ਪਹਿਨਾ ਦਿੱਤੀਆਂ ਸਨ - ਇਕ ਮੀਰੀ ਦੀ, ਦੂਜੀ ਪੀਰੀ ਦੀ। ਸਾਹਿਬ ਜੀ ਨੇ ਮੀਰੀ ਦੀ ਕਿਰਪਾਨ ਹੀ ਨਹੀਂ ਪਹਿਨੀ ਬਲਕਿ ਚਾਰ ਜੰਗਾਂ ਵੀ ਲੜੀਆਂ ਤੇ ਜ਼ਾਲਮਾਂ ਨੂੰ ਦੱਸ ਦਿੱਤਾ ਕਿ ਜੇ ਕਰ ਪੀਰੀ ਦੀ ਹੱਦ ਹੈ ਕਿ ਤੱਤੀ ਤਵੀ ਵੀ ਸਬਰ ਨਾ ਤੋੜ ਸਕੀ ਤਦ ਮੀਰੀ ਦੀ ਵੀ ਸਿਖਰ ਦਿਖਾ ਦਿੱਤੀ। ਚਾਰ ਜੰਗਾਂ ਲੜੀਆਂ, ਚਾਰਾਂ ਵਿਚੋਂ ਹੀ ਫਤਹਿ ਪਾਈ। ਚੌਥੀ ਜੰਗ ਤੋਂ ਬਾਅਦ ਸਤਿਗੁਰੂ ਜੀ ਨੇ ਇਕ ਤੜਪਦੀ ਰੂਹ ਨੂੰ ਦੀਦਾਰ ਬਖਸ਼ਣ ਵਾਸਤੇ ਅਗਲੇ ਮਹੱਲ ਭਾਵ ਘਰ ਦੀ ਤਿਆਰੀ ਲਈ ਜਿਥੇ ਜੋਤ ਟਿਕਾਉਣੀ ਸੀ, ਆਪਣਾ ਟਿਕਾਣਾ ਬਦਲ ਕੇ ਹੁਣ ਕੀਰਤਪੁਰ ਸਾਹਿਬ ਹੀ ਕਰਨਾ ਚਾਹਿਆ। ਜਿਥੇ ਲੰਮੇ ਸਮੇਂ ਦੀਦਾਰਾਂ ਦੀ ਉਡੀਕ ਲਾਈ ਬੈਠੇ ਬਾਬਾ ਬੁੱਢਣ ਸ਼ਾਹ ਨੂੰ ਵੀ ਮਿਲਾਪ ਬਖਸ਼ਣਾ ਸੀ ਕਿਉਂਕਿ ਪਹਿਲੇ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਜੀ ਜਦੋਂ ਬਾਬਾ ਬੁੱਢਣ ਸ਼ਾਹ ਕੋਲ ਗਏ ਸਨ ਤਦ ਉਨ੍ਹਾਂ ਵੱਲੋਂ ਭੇਟਾ ਕੀਤਾ ਦੁੱਧ

ਇਹ ਕਹਿ ਕੇ ਛੱਡ ਆਏ ਸਨ ਕਿ ਇਕ ਦਿਨ ਅਜਿਹਾ ਆਵੇਗਾ, ਮੈਂ ਖੁਦ ਮੰਗ ਕੇ ਪੀਵਾਂਗਾ। ਬਾਬਾ ਬੁੱਢਣ ਸ਼ਾਹ ਨੇ ਇਸ ਆਸ ਨਾਲ ਕਿ ਇਕ ਦਿਨ ਪ੍ਰੀਤਮ ਪਿਆਰਾ ਜ਼ਰੂਰ ਆਏਗਾ ਅਤੇ ਦੁੱਧ ਪੀਆਉਣ ਜੋਗਾ ਹੋਣ ਵਾਸਤੇ ਬਹੁਤ ਬੰਦਗੀ ਕੀਤੀ ਸੀ। ਇਸ ਲਈ ਗੁਰੂ ਘਰ ਦਾ ਤਾਂ ਹੋਕਾ ਰਿਹਾ ਹੈ ਕਿ "*ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥*" ਫਿਰ ਚੌਥੀ ਜੰਗ ਮਗਰੋਂ ਸਾਹਿਬ ਜੀ ਨੇ ਇਥੇ ਬਾਬਾ ਗੁਰਦਿੱਤਾ ਜੀ ਨੂੰ ਹੀ ਕਹਿ ਕੇ ਵਸਾਇਆ ਨਗਰ ਕੀਰਤਪੁਰ ਸਾਹਿਬ ਹੀ ਆ ਕੇ ਪੱਕਾ ਡੇਰਾ ਕਰ ਲਿਆ ਸੀ। ਸ੍ਰੀ ਹਰਿ ਰਾਏ ਜੀ ਦੀ ਉਹ ਘਾੜਤ ਵੀ ਸ਼ੁਰੂ ਹੋ ਗਈ ਜਿਸਨੇ ਇਕ ਦਿਨ ਗੁਰਗੱਦੀ ਦੇ ਮੁਕਾਮ 'ਤੇ ਪਹੁੰਚਣਾ ਸੀ।

"*ਸਚਿਆਰ ਸਿਖ ਬਹਿ ਸਤਿਗੁਰ ਪਾਸਿ*" ਦੇ ਮਹਾਂਵਾਕ ਅਨੁਸਾਰ ਹਰਿ ਰਾਏ ਜੀ ਪਵਿੱਤਰ ਬ੍ਰਿਤੀ ਦੇ ਮਾਲਕ ਹੋਣ ਕਰਕੇ ਦਿਨ ਰਾਤ ਗੁਰੂ ਹਜ਼ੂਰੀ ਵਿੱਚ ਹੀ ਰਹਿਣ ਲੱਗੇ। ਬਹੁਤਾ ਸਮਾਂ ਗੁਰੂ ਜੀ ਨਾਲ ਹੀ ਗੁਜ਼ਾਰਦੇ ਸਨ।

ਕਈ ਵਾਰੀ ਬਾਹਰੀ ਅੱਖ ਗੁਰੂ ਨੂੰ ਵੀ ਸੰਸਾਰੀ ਸਮਝ ਲੈਂਦੀ ਹੈ ਪਰ ਗੁਰੂ ਨੇ ਤਾਂ ਸੰਸਾਰੀ ਚੋਲਾ ਇਸ ਲਈ ਪਾਇਆ ਹੁੰਦਾ ਹੈ ਕਿ ਭੁੱਲੜਾਂ ਨੂੰ ਸਮਝਾ ਕੇ "*ਅਵਰ ਤਿਆਗਿ ਹਰਿ ਭਗਤੀ ਲਾਇਆ*" ਦਾ ਕਰਮ ਹੋ ਸਕੇ। ਇਸ ਲਈ ਗੁਰੂ ਸੰਸਾਰੀ ਨਹੀਂ ਬਲਕਿ ਨਿਰੰਕਾਰੀ ਹੁੰਦਾ ਹੈ। ਸੋ ਗੁਰੂ ਦਾ ਸੰਬੰਧ ਵੀ ਸੰਸਾਰੀ ਨਹੀਂ ਹੁੰਦਾ। ਸੰਬੰਧ ਵੀ ਨਿਰੰਕਾਰੀ ਹੀ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦਾ ਨਿਰਮਲ ਬਚਨ ਹੈ ਕਿ ਗੁਰੂ ਦਾ ਸਿੱਖ, ਸਖਾ ਜਾਂ ਰਿਸ਼ਤੇਦਾਰ ਕੇਵਲ ਉਹੋ ਹੀ ਹੈ ਜਿਹੜਾ ਗੁਰੂ ਭਾਣੇ ਨੂੰ ਸਵੀਕਾਰਦਾ ਹੈ ਜਿਸ ਨੇ ਗੁਰੂ ਭਾਣਾ ਛੱਡ ਕੇ ਆਪਣਾ ਆਪਾ ਜ਼ਾਹਿਰ ਕੀਤਾ। ਉਸਦਾ ਸੰਬੰਧ ਗੁਰੂ ਨਾਲੋਂ ਟੁੱਟ ਜਾਇਆ ਕਰਦਾ ਹੈ। "*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥*" ਇਸ ਵਾਸਤੇ ਗੁਰੂ ਤਾਂ ਸਦੀਵ ਮਰਯਾਦਾ ਦਾ ਧਾਰਨੀ ਹੋ ਕੇ ਇਸੇ ਹੀ ਮਾਰਗ 'ਤੇ ਜੀਵਾਂ ਨੂੰ ਪਾਉਂਦਾ ਹੈ ਭਾਵੇਂ ਮਰਯਾਦਾ ਦੀ ਖ਼ਾਤਰ ਕੁਰਬਾਨੀਆਂ ਵੀ ਕਰਨੀਆਂ ਪੈਣ। ਅਜਿਹਾ ਵੀ ਦੋ ਵਾਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਕਤ ਹੋਇਆ, ਪਹਿਲੀ ਵਾਰੀ ਬਾਬਾ ਅਟੱਲ ਰਾਏ ਜੀ ਨੇ ਸਾਥੀ ਨੂੰ ਮੁੜ ਜੀਵਾ ਦਿੱਤਾ ਸੀ ਜਿਸ ਕਰਕੇ ਗੁਰੂ ਪਾਤਿਸ਼ਾਹ ਨੇ ਨਾ ਪ੍ਰਵਾਨਿਆ ਫਿਰ ਦੂਜੀ ਵਾਰੀ ਬਾਬਾ ਗੁਰਦਿੱਤਾ ਜੀ ਸ਼ਿਕਾਰ ਖੇਡਦਿਆਂ ਕਿਸੇ ਗਊ ਦੀ ਹੱਤਿਆ ਕਰ ਬੈਠੇ। ਜੇ ਤਾਂ ਵਾਪਸ ਆ ਕੇ ਪਿਤਾ ਗੁਰੂ ਜੀ ਨੂੰ ਦੱਸ ਦਿੰਦੇ ਤਦ ਹੋ ਸਕਦਾ ਜਿਸ ਦਾ ਨੁਕਸਾਨ ਹੋਇਆ ਸੀ, ਉਸ ਦਾ ਨੁਕਸਾਨ ਪੂਰਾ ਕਰ ਦਿੱਤਾ ਜਾਂਦਾ ਪਰ ਬਾਬਾ ਜੀ ਨੇ ਮਰੀ ਗਊ ਨੂੰ ਮੁੜ ਜੀਵਾਲ ਦਿੱਤਾ। ਜਿਸ ਕਰਕੇ ਬਾਬਾ ਗੁਰਦਿੱਤਾ ਜੀ ਨੂੰ ਗੁਰੂ ਸਾਹਿਬ ਜੀ ਨੇ ਆਖਿਆ ਕਿ ਭਾਈ ਇਸ ਘਰ ਵਿੱਚ ਗੁਰੂ ਭਾਣੇ ਅਨੁਸਾਰ ਚਲਣ ਵਾਲਾ ਹੀ ਸਮਾ

ਸਕਦਾ ਹੈ ਤਦ ਬਾਬਾ ਗੁਰਦਿੱਤਾ ਜੀ ਨੇ ਬਾਬਾ ਬੁੱਢਣ ਸ਼ਾਹ ਜੀ ਦੀ ਸਮਾਧ ਲਾਗੇ ਹੀ ਜਾ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਇਕ ਵੀਚਾਰ ਹੋਰ ਖ਼ਿਆਲ ਕਰਨ ਯੋਗ ਹੈ ਕਿ ਸੰਸਾਰਕ ਰੀਤ ਹੈ ਜਿਤਨਾ ਚਿਰ ਤਕ ਕੁਝ ਮਿਲਦਾ ਨਹੀਂ ਤਾਂ ਇਹ ਮਨੁੱਖ ਹੁਕਮ ਮੰਨਦਾ ਹੈ ਪਰ ਕੁਝ ਪਾ ਕੇ ਹੁਕਮ ਕਰਨ ਦੀ ਕੋਸ਼ਿਸ਼ ਕਰਦਾ ਹੈ ਫਿਰ ਹੁਕਮ ਮੰਨਣਾ ਬਿਖਮ ਲੱਗਦਾ ਹੈ। ਗੁਰੂ ਕੀ ਰੀਤ ਨਿਰਾਲੀ ਹੁੰਦੀ ਹੈ ਇਥੇ ਕੁਝ ਪਾ ਕੇ ਵੀ ਹੁਕਮ ਰਜ਼ਾਈ ਹੀ ਚੱਲਣਾ ਹੈ। "***ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥***" ਦੇ ਮਹਾਂਵਾਕ ਅਨੁਸਾਰ ਜਨਮ ਤੇ ਮੌਤ ਰੱਬੀ ਨਿਯਮ ਹੈ। ਜੇ ਕਰ ਕੁਝ ਅਧਿਆਤਮਕ ਤਾਕਤ ਪਾ ਲਈ ਤਾਂ ਇਸ ਦਾ ਭਾਵ ਇਹ ਨਹੀਂ ਕਿ ਰੱਬੀ ਹੁਕਮ ਹੀ ਉਲਟਾ ਕੇ ਆਪ ਹਾਕਮ ਬਣ ਬੈਠਣਾ ਹੈ। ਗੁਰੂ ਨਾਨਕ ਪਾਤਿਸ਼ਾਹ ਦੇ ਘਰ ਦੀ ਸਮੁੱਚੀ ਮਰਯਾਦਾ ਤਾਂ ਇਸੇ ਹੀ ਧੁਰੇ ਦੁਆਲੇ ਘੁੰਮਦੀ ਹੈ ਕਿ "***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***" ਸ੍ਰੀ ਹਰਿ ਰਾਏ ਜੀ ਸਭ ਕੁਝ ਬਹੁਤ ਗਹਿਰੀ ਸੋਚ ਨਾਲ ਸਮਝ ਰਹੇ ਸਨ ਕਿ ਇਥੇ ਰੱਬੀ ਬਖਸ਼ਿਸ਼ਾਂ ਪਾ ਕੇ ਵੀ ਸਦੀਵ ਸੱਚ 'ਤੇ ਪਹਿਰਾ ਦੇਣਾ ਪੈਂਦਾ ਹੈ। ਗੁਰੂ ਮਰਯਾਦਾ ਉਲਟਾਉਣ ਵਾਲਾ ਭਾਵੇਂ ਗੁਰੂ ਸੁਤ ਹੀ ਕਿਉਂ ਨਾ ਹੋਵੇ ਫਿਰ ਸੰਬੰਧ ਕੋਈ ਵੀ ਨਹੀਂ।

ਬਖਸ਼ਿਸ਼ ਪਾ ਗਰੀਬੀ ਦਾ ਸਦੀਵ ਪਲੂ ਪਕੜੀ ਰੱਖਣਾ ਇਸ ਦੀ ਘਾੜਤ ਲਈ ਇਕ ਦਿਨ ਇਕ ਅਦੁੱਤੀ ਸਬਕ ਗੁਰੂ ਹਰਿ ਗੋਬਿੰਦ ਜੀ ਪਾਸੋਂ ਪ੍ਰਾਪਤ ਹੋਇਆ। ਗੁਰੂ ਹਰਿ ਗੋਬਿੰਦ ਸਾਹਿਬ ਜੀ ਬਗੀਚੇ ਵਿੱਚ ਸੈਰ ਕਰ ਰਹੇ ਸਨ। ਇਨ੍ਹਾਂ ਦੇ ਨਾਲ ਹੀ ਸ੍ਰੀ ਹਰਿ ਰਾਏ ਸਾਹਿਬ ਜੀ ਵੀ ਵਿਚਰ ਰਹੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਕ ਬਹੁਤ ਸੋਹਣਾ ਫੁੱਲ ਵੇਖਿਆ ਜਿਸ ਨੂੰ ਤੱਕਦਿਆਂ ਸਾਰ ਹੀ ਮਾਨੋ "***ਬਲਿਹਾਰੀ ਕੁਦਰਤਿ ਵਸਿਆ***" ਦਾ ਖ਼ਿਆਲ ਆ ਜਾਂਦਾ ਹੋਏ। ਸ੍ਰੀ ਹਰਿ ਰਾਏ ਜੀ ਦੇ ਨਾਲ ਵਿਚਰਦਿਆਂ ਅਚਾਨਕ ਚੋਲੇ ਦੀ ਕਲੀ ਨਾਲ ਇਹ ਫੁੱਲ ਟੁੱਟ ਗਿਆ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵੇਖਿਆ ਅਤੇ ਪੁੱਛਿਆ, ਸੇਵਕ ਨੇ ਦੱਸਿਆ, ਸ੍ਰੀ ਹਰਿ ਰਾਏ ਜੀ ਦੇ ਚੋਲੇ ਨਾਲ ਫੁੱਲ ਟੁੱਟ ਗਿਆ। ਹਰਿ ਗੋਬਿੰਦ ਸਾਹਿਬ ਜੀ ਨੇ ਬਗੀਚੇ ਵਿੱਚ ਹੀ ਖਲੋ ਕੇ ਸ੍ਰੀ ਹਰਿ ਰਾਏ ਜੀ ਨੂੰ ਤਾਕੀਦ ਕੀਤੀ ਕਿ ਧਰਮੀ ਚੋਲਿਆਂ ਨਾਲ ਤੋੜਨਾ ਨਹੀਂ ਬਲਕਿ ਜੋੜਨਾ ਹੈ। ਅਧਰਮੀ ਤੋੜਦੇ ਨੇ ਤੇ ਧਰਮੀ ਤਾਂ ਜੋੜਨ ਲਈ ਆਉਂਦੇ ਹਨ। ਇਸ ਲਈ ਅੱਜ ਤੋਂ ਬਾਅਦ ਸਦਾ ਦਾਮਨ ਸੰਕੋਚ ਕੇ ਚਲੋ। ਸ੍ਰੀ ਹਰਿ ਰਾਏ ਜੀ ਨੇ ਇਹ ਬਚਨ ਸਾਰੀ ਜ਼ਿੰਦਗੀ ਪਾਲਿਆ। ਇਥੋਂ ਤਕ ਕਦੇ ਸ਼ਿਕਾਰ ਵੀ ਖੇਡਣ ਗਏ ਤਾਂ ਕਦੇ ਕਿਸੇ ਪੰਛੀ ਨੂੰ ਮੌਤ ਨਾ ਦਿੱਤੀ। ਜੇਕਰ ਕਿਧਰੇ ਕੋਈ ਜ਼ਖ਼ਮੀ ਹੋ ਜਾਂਦਾ ਤਦ ਉਸ ਦਾ ਵੀ ਇਲਾਜ ਕਰਦੇ। ਇਸੇ ਲਈ ਭਾਈ ਨੰਦ ਲਾਲ ਜੀ ਆਖਦੇ ਹਨ - "***ਸਰਵਰਿ ਕੌਨਨ*** ...."

ਕਾਦਰ ਨੇ ਸੰਸਾਰ ਦੀ ਖੇਡ ਨੂੰ ਸੁਹਾਵਣਾ ਬਣਾਉਣ ਵਾਸਤੇ ਦੋ ਤਾਕਤਾਂ ਪੈਦਾ ਕੀਤੀਆਂ ਹਨ - ਇਕ ਮਇਆ ਤੇ ਦੂਜੀ ਮਾਇਆ। ਮਾਇਆ ਦੀ ਬ੍ਰਿਤੀ ਸਦਾ ਚੰਚਲ ਈਰਖਾ, ਧੋਖਾ ਅਤੇ ਨਿਰੀਆਂ ਚਾਲਾਕੀਆਂ ਹੀ ਹਨ ਪਰ ਦੂਜੇ ਪਾਸੇ ਮਇਆ ਭਾਵ ਬਖਸ਼ਿਸ਼ ਸਦਾ ਅਡੋਲ, ਸਹਿਜਤਾ, ਨਿਰਛਲਤਾ ਅਤੇ ਕਪਟ ਵਿਹੂਣੀ ਹੁੰਦੀ ਹੈ। ਜਦੋਂ ਤੋਂ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਦੀ ਆਰੰਭਤਾ ਹੋਈ ਉਦੋਂ ਤੋਂ ਹੀ ਇਹ ਦੋਵੇਂ ਬ੍ਰਿਤੀਆਂ ਖੇਡਾਂ ਖੇਡਦੀਆਂ ਆਈਆਂ ਹਨ ਜਿਵੇਂ ਬਾਬਾ ਲਹਿਣਾ ਜੀ ਅਤੇ ਸ੍ਰੀ ਚੰਦ ਤੇ ਲਖਮੀ ਦਾਸ। ਅੱਗੇ ਬਾਬਾ ਅਮਰ ਦਾਸ ਜੀ ਅਤੇ ਬਾਬਾ ਦਾਤੂ ਜੀ। ਸ੍ਰੀ ਅਰਜਨ ਜੀ ਅਤੇ ਬਾਬਾ ਪ੍ਰਿਥੀਚੰਦ ਜੀ। ਸ੍ਰੀ ਹਰਿ ਗੋਬਿੰਦ ਜੀ ਅਤੇ ਬਾਬਾ ਮਿਹਰਵਾਨ ਜੀ ਆਦਿਕ। ਹੁਣ ਵੀ ਸ੍ਰੀ ਹਰਿ ਰਾਏ ਜੀ ਦੇ ਬਰਾਬਰ ਮਾਇਆ ਦੇ ਬ੍ਰਿਤੀ ਵਾਲੇ ਸਨ, ਬਾਬਾ ਧੀਰ ਮਲ ਜੀ ਜਿਹੜੇ ਹਮੇਸ਼ਾਂ ਕਪਟੀ ਮਨ ਨਾਲ ਚਾਲਾਕੀਆਂ, ਚਤੁਰਾਈਆਂ ਅਤੇ ਈਰਖਾ ਹੀ ਕਰਦੇ ਰਹੇ। ਸ੍ਰੀ ਹਰਿ ਰਾਏ ਜੀ ਦੀ ਸਹਿਜ ਅਡੋਲਤਾ ਤੇ ਧਰਮੀ ਬ੍ਰਿਤੀ ਦੇ ਕਾਰਨ ਇਕ ਦਿਨ ਅਜਿਹਾ ਆਇਆ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਭਰੇ ਦੀਵਾਨ ਵਿੱਚ ਹੁਕਮ ਕੀਤਾ ਕਿ ਜਿਵੇਂ ਗੁਰੂ ਨਾਨਕ ਸਾਹਿਬ ਜੀ ਆਪਣਾ ਹੀ ਸਰੂਪ ਬਾਬਾ ਲਹਿਣਾ ਜੀ ਨੂੰ ਬਖਸ਼ ਕੇ ਗੁਰੂ ਅੰਗਦ ਬਣਾ ਗਏ ਸਨ ਅਤੇ ਇਹੋ ਰੀਤ ਅੱਗੇ ਚਲਦੀ ਆਈ ਹੈ। ਅੱਜ ਅਸੀ ਵੀ ਆਪਣਾ ਹੀ ਸਰੂਪ ਸ੍ਰੀ ਹਰਿ ਰਾਏ ਜੀ ਨੂੰ ਬਖਸ਼ਿਸ਼ ਕਰਕੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀ ਪਵਿੱਤਰ ਪਦਵੀ 'ਤੇ ਸੁਸ਼ੋਭਿਤ ਕਰ ਦਿੱਤਾ। ਗੁਰੂ ਆਗਿਆ ਪਾ ਕੇ ਬਾਬਾ ਬੁੱਢਾ ਜੀ ਦੇ ਪੁੱਤਰ ਬਾਬਾ ਭਾਨਾ ਜੀ ਨੇ "*ਗੁਰੂ ਸਬਦੁ ਸਚੁ ਨੀਸਾਣੁ*" ਦਾ ਤਿਲਕ ਦਿੱਤਾ ਅਤੇ ਹੋਰ ਗੁਰਗੱਦੀ ਬਖਸ਼ਣ ਵੇਲੇ ਦੀ ਸਮੁੱਚੀ ਮਰਯਾਦਾ ਨਿਭਾਈ। ਗੁਰੂ ਹਰਿ ਗੋਬਿੰਦ ਸਾਹਿਬ ਜੀ "*ਮਤ ਮੈ ਪਿਛੈ ਕੋਈ ਰੋਵਸੀ*" ਦਾ ਪਵਿੱਤਰ ਗੁਰਵਾਕ ਦੁਹਰਾ ਕੇ ਆਖਰ ਤਿੰਨ ਮਾਰਚ ਦਿਨ ਐਤਵਾਰ ੧੬੪੪ ਈ: ਨੂੰ ਜੋਤੀ ਜੋਤ ਸਮਾ ਗਏ। ਇਨ੍ਹਾਂ ਦੀ ਸਰੀਰਕ ਅੰਤਿਮ ਕਿਰਿਆ ਪਾਤਾਲ ਪੁਰੀ ਹੀ ਦਰਿਆ ਕਿਨਾਰੇ ਸ਼ਰਧਾ ਭਾਵਨਾ ਨਾਲ ਸਮੁੱਚੀ ਗੁਰੂ ਸੰਗਤ ਸਮੇਤ ਗੁਰੂ ਹਰਿ ਰਾਏ ਸਾਹਿਬ ਜੀ ਮਹਾਰਾਜ ਨੇ ਕਰ ਦਿੱਤੀ। ਗੁਰੂ ਹਰਿ ਰਾਏ ਸਾਹਿਬ ਜੀ ਜੋ ਸਿਰ ਤੋਂ ਪੈਰਾਂ ਤਕ ਰੱਬੀ ਬਖਸ਼ਿਸ਼ਾਂ ਨਾਲ ਭਰਪੂਰ ਸਨ, ਨੂੰ ਇਹ ਖਜ਼ਾਨੇ ਸਮੁੱਚੀ ਮਨੁੱਖਤਾ ਨੂੰ ਵਰਤਾਉਣ ਲਈ ਤਖ਼ਤ 'ਤੇ ਬਿਰਾਜਮਾਨ ਕਰ ਗਏ ਸਨ।

ਗੁਰੂ ਹਰਿ ਰਾਇ ਸਾਹਿਬ ਜੀ ਵੀ ਚਲੀ ਆ ਰਹੀ ਰੀਤ ਅਨੁਸਾਰ ਨਿਤਾਪ੍ਰਤੀ ਦਰਬਾਰ ਸਜਾਉਂਦੇ ਜਿਥੇ ਅਨੇਕਾਂ ਹੀ ਜੀਵਾਂ ਦੇ ਉਧਾਰ ਵਾਸਤੇ ਨਿਰਮਲ ਉਪਦੇਸ਼ ਕਰਦੇ। ਸ਼ਰਧਾਲੂਆਂ ਅਤੇ ਸਿਦਕਵਾਨਾਂ ਨੇ ਵੇਖ ਲਿਆ ਸੀ ਕਿ ਗੁਰੂ ਹਰਿ ਰਾਇ ਸਾਹਿਬ ਜੀ ਹਰ ਪੱਖੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਹੀ ਰੂਪ ਹਨ।

ਗੁਰੂ ਘਰ ਵਿਚੋਂ ਜੀਵ ਦੀਆਂ ਸਾਰੀਆਂ ਭੁੱਖਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਜਿਵੇਂ ਚਾਰ ਤਰ੍ਹਾਂ ਦੀ ਭੁੱਖ ਜੀਵ ਨੂੰ ਸਤਾਉਂਦੀ ਹੈ। ਅੱਖਾਂ ਦੀ ਭੁੱਖ ਦੁਨਿਆਵੀ ਰੰਗ ਤਮਾਸ਼ੇ ਤੱਕਣਾ, ਦੂਜੀ ਕੰਨਾਂ ਨੂੰ ਨਿੰਦਾ ਸੁਣਨ ਦੀ, ਤੀਜੀ ਭੁੱਖ ਪੇਟ ਦੀ ਹੈ, ਚੌਥੀ ਅਧਿਆਤਮਿਕ ਸਾਰੇ ਨਾਮ ਕੀ ਭੂਖ ਹੈ। ਇਹ ਸਾਰੀਆਂ ਹੀ ਸਾਚੇ ਨਾਮ ਨੂੰ ਆਧਾਰ ਬਣਾਇਆਂ ਖ਼ਤਮ ਹੋ ਜਾਂਦੀਆਂ ਹਨ। "**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**" ਸਭ ਤੋਂ ਭੈੜੀ ਅਤੇ ਵੱਡੀ ਭੁੱਖ ਜੀਵ ਨੂੰ ਪੇਟ ਦੀ ਭੁੱਖ ਸਤਾਉਂਦੀ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਨੂੰ ਉਪਦੇਸ਼ ਕਰਨ ਤੋਂ ਪਹਿਲਾਂ ਭਾਵ ਉਦਾਸੀਆਂ ਤੋਂ ਵੀ ਪਹਿਲਾਂ ਵੀਹ ਰੁਪੈ ਖਰਚ ਕੇ, ਮੂੰਹ ਉਪਰ ਚਪੇੜਾਂ ਖਾ ਕੇ ਵੀ ਲੰਗਰ ਦੀ ਮਰਯਾਦਾ ਚਲਾਈ ਸੀ ਕਿਉਂਕਿ ਗੁਰੂ ਘਰ ਦਾ ਵੀਚਾਰ ਹੈ ਕਿ ਅੱਖਾਂ ਦੀ ਭੁੱਖ ਜਾਂ "**ਗੁਰੂ ਦੇਖਾ ਸਾਮਣੇ**" ਹੋਣ ਨਾਲ ਮਿਟ ਜਾਂਦੀ ਹੈ, ਕੰਨਾਂ ਦੀ ਭੁੱਖ ਸੱਚਾ ਸ਼ਬਦ ਸੁਣਿਆਂ, ਆਤਮਿਕ ਭੁੱਖ ਗੁਰੂ ਕੋਲੋਂ ਨਾਮ ਲਇਆਂ ਤੇ ਸਰੀਰਕ ਭੁੱਖ ਲੰਗਰ ਵਿਚੋਂ ਮਿਟ ਜਾਂਦੀ ਹੈ। ਇਹ ਅੱਜ ਭਾਵੇਂ ਦੁੱਖ ਦੀ ਗੱਲ ਹੈ ਕਿ ਜਿਥੇ ਲੰਗਰ ਤਾਂ ਛਕਾਇਆ ਜਾਂਦਾ ਹੈ ਪਰ ਉਪਦੇਸ਼ ਦਾ ਪ੍ਰਬੰਧ ਨਹੀਂ। ਇਸ ਲਈ ਲੰਗਰ ਗੁਰੂ ਘਰ ਦੀ ਮਰਯਾਦਾ ਹੋਣ ਕਰਕੇ ਸਾਹਿਬ ਜੀ ਦੇ ਦਰ ਜਦੋਂ ਇਹ ਪਤਾ ਲੱਗਾ ਕਿ ਪੰਜਾਬ ਅਤੇ ਮਾਲਵੇ ਦੇ ਇਲਾਕੇ ਵਿੱਚ ਕਾਲ ਪੈ ਗਿਆ ਹੈ ਤਦ ਰੱਬੀ ਬਖਸ਼ਿਸ਼ਾਂ ਦੇ ਭੰਡਾਰ ਰੱਬ ਦੀ ਲੋਕਾਈ ਨੂੰ ਤੜਪਦਾ ਕਿਵੇਂ ਦੇਖ ਸਕਦੇ ਸਨ ? ਉਸੇ ਹੀ ਵੇਲੇ ਹੁਕਮਨਾਮੇ ਭੇਜ ਦਿੱਤੇ ਕਿ ਹਰ ਯੋਗ ਥਾਂ ਲੰਗਰ ਲਗਾ ਦਿਉ ਜਿਥੋਂ ਹਰ ਕੋਈ ਆਰਾਮ ਨਾਲ ਛੱਕ ਸਕੇ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਨਗਾਰੇ 'ਤੇ ਜ਼ੋਰ ਦੀ ਚੋਟ ਲਗਾਉਣੀ ਤਾਂ ਕਿ ਹੋਰ ਵੀ ਕੋਈ ਭੁੱਖਾ ਤਿਹਾਇਆ ਸੁਣ ਕੇ ਆ ਜਾਏ। ਇਹ ਘਟਨਾ ਸੰਨ ੧੬੪੬ ਈ: ਦੀ ਹੈ। ਇਥੇ ਹੀ ਬਸ ਨਹੀਂ ਸਾਹਿਬ ਜੀ ਨੇ ਅਨੇਕਾਂ ਦਵਾਖਾਨੇ ਵੀ ਖੋਲ੍ਹੇ ਜਿਥੇ ਹਰ ਇਕ ਦਾ ਬਿਨਾਂ ਵਿਤਕਰੇ ਤੋਂ ਇਲਾਜ ਵੀ ਕੀਤਾ ਜਾਂਦਾ ਸੀ। ਜਿਸ 'ਤੇ ਵੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਬਖਸ਼ਿਸ਼ ਨਾਲ ਦੁੱਖ ਤੇ ਭੁੱਖ ਮਿਟ ਜਾਂਦੇ ਹੋਣਗੇ, ਉਹੋ ਹੀ ਕਹਿ ਉੱਠਦਾ ਹੋਏਗਾ। ਜਿਵੇਂ ਭਾਈ ਨੰਦ ਲਾਲ ਜੀ ਨੇ ਆਖਿਆ ਹੈ ਕਿ : "**ਸਰਵਰਿ ਕੌਨਨ ......**"

ਗੁਰੂ ਘਰ ਵਿੱਚ ਗ੍ਰਿਹਸਤ ਦੀ ਪ੍ਰਧਾਨਤਾ ਹੋਣ ਕਰਕੇ ਬਾਕੀ ਗੁਰੂ ਸਾਹਿਬ ਜੀ ਵੀ ਗ੍ਰਿਹਸਤੀ ਸਨ। ਸੋ ਗੁਰੂ ਹਰਿ ਰਾਏ ਸਾਹਿਬ ਜੀ ਦਾ ਵੀ ਆਨੰਦ ਕਾਰਜ ਭਾਈ ਦਇਆ ਰਾਮ ਦੀ ਪੁੱਤਰੀ ਸੁਲੱਖਣੀ ਜੀ ਨਾਲ ਯੂ ਪੀ ਦੇ ਅਨੂਪ ਸ਼ਹਿਰ ਵਿੱਚ ਹੋਇਆ। ਇਥੇ ਇਕ ਵੀਚਾਰ ਵੀਚਾਰਨ ਯੋਗ ਹੈ। ਇਤਿਹਾਸ ਨੂੰ ਹਮੇਸ਼ਾਂ ਦੋ ਬੰਦੇ ਹੀ ਵਿਗਾੜਦੇ ਹਨ - ਇਕ ਸ਼ਰਧਾਲੂ ਤੇ ਦੂਜਾ ਈਰਖਾਲੂ। ਸ਼ਰਧਾਲੂ ਸੋਚਦਾ ਹੈ ਕਿ ਮੇਰੇ ਮੁਰਸ਼ਿਦ ਦੀ ਵੱਡਿਆਈ ਵਿੱਚ ਕੋਈ ਕਮੀ ਨਾ ਰਹਿ ਜਾਏ। ਇਸ ਲਈ ਹਕੀਕਤ ਤੋਂ ਦੂਰ ਚਲਾ ਜਾਂਦਾ ਹੈ। ਦੂਜਾ ਈਰਖਾਲੂ ਕਲਮ ਹੀ ਇਹ ਸੋਚ ਕੇ ਚੁੱਕਦਾ ਹੈ ਕਿ ਸੱਚ ਨੂੰ ਖਤਮ ਕਰਨਾ ਹੈ। ਅਸਲੀਅਤ ਦਾ ਨਾਸ

ਕਰਨਾ ਹੈ। ਇਸੇ ਤਰ੍ਹਾਂ ਗੁਰੂ ਹਰਿ ਰਾਏ ਸਾਹਿਬ ਜੀ ਦੇ ਬਾਰੇ ਵੀ ਕਿਸੇ ਈਰਖਾਲੂ ਦੀ ਕਲਮ ਨੇ ਇਹ ਦੋਸ਼ ਲਾਇਆ ਕਿ ਇਨ੍ਹਾਂ ਦੀਆਂ ਸੱਤ ਸ਼ਾਦੀਆਂ ਸਨ। ਪਰ ਪੜਚੋਲ ਕਰਿਆਂ ਹਕੀਕਤ ਸਾਹਮਣੇ ਆਉਂਦੀ ਹੈ ਕਿ ਕੇਵਲ ਇਕ ਹੀ ਸ਼ਾਦੀ ਸੀ। ਇਨ੍ਹਾਂ ਦੀ ਸ਼ਾਦੀ ਵੇਲੇ ਉਮਰ ੧੭ ਕੁ ਸਾਲਾਂ ਦੀ ਸੀ। ਇਹ ੧੬੪੭ ਈ: ਦਾ ਜ਼ਿਕਰ ਹੈ।

ਗੁਰੂ ਹਰਿ ਰਾਇ ਸਾਹਿਬ ਜੀ ਕੋਲੋਂ ਕਿੰਨੇ ਕੁ ਜੀਵਾਂ ਨੇ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ, ਇਹ ਦੱਸਣਾ ਤਾਂ ਇਕ ਸੰਸਾਰੀ ਜੀਵ ਦੇ ਵਸ ਨਹੀਂ ਪਰ ਕੁਝ ਕੁ ਦਾ ਜ਼ਿਕਰ ਇਸ ਭਾਵਨਾ ਨਾਲ ਕਿ ਜੇ ਕਿਧਰੇ ਸਾਡੇ ਅੰਦਰ ਵੀ ਭਰੋਸਾ ਬਝ ਜਾਵੇ। ਇਕ ਗੁਰੂ ਕਾ ਸਿੱਖ ਹੋਇਆ ਹੈ ਭਾਈ ਫੇਰੂ ਜੀ। ਇਹ ਫੇਰੂ ਨਾਮ ਵੀ ਗੁਰੂ ਸਾਹਿਬ ਜੀ ਨੇ ਹੀ ਬਖਸ਼ਿਸ਼ ਕੀਤਾ ਸੀ। ਮਾਪਿਆ ਵਲੋਂ ਤਾਂ ਸੰਗਤ ਨਾਮ ਮਿਲਿਆ ਸੀ। ਹਰ ਰੋਜ਼ ਗੁਜ਼ਰਾਨ ਲਈ ਫੇਰੀ ਲਗਾ ਕੇ ਕਿਰਤ ਵਿਹਾਰ ਕਰਦੇ ਸਨ। ਇਕ ਦਿਨ ਅਚਾਨਕ ਗੁਰੂ ਕੇ ਸੇਵਕ ਸਿੱਖ ਭਾਈ ਭਗਤੂ ਜੀ ਨਾਲ ਲੱਗ ਕੇ ਖੇਤਾਂ ਵਿੱਚ ਸੇਵਾ ਕਰਦੇ ਸਨ। ਪ੍ਰਸਾਦੇ ਦਾ ਵਕਤ ਹੋਇਆ ਤਦ ਸਾਰੇ ਸੇਵਕ ਪ੍ਰਸ਼ਾਦਾ ਛਕ ਰਹੇ ਸਨ ਕਿ ਅਚਾਨਕ ਭਾਈ ਫੇਰੂ ਜੀ ਆ ਗਏ। ਸੇਵਕਾਂ ਦੇ ਕਹਿਣ 'ਤੇ ਗੁਰੂ ਘਰ ਦੀ ਸੇਵਾ ਲਈ ਕੁਝ ਘਿਉ ਇਨ੍ਹਾਂ ਨੂੰ ਅਰਪਨ ਕਰ ਗਏ। ਅੰਮ੍ਰਿਤ ਗੁਰ ਵਾਕ ਅਨੁਸਾਰ

ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ॥
ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥ (ਸੁਖਮਨੀ ਸਾਹਿਬ)

ਉਸ ਦਿਨ ਮਗਰੋਂ ਘਰ ਵਿੱਚ ਬਰਕਤਾਂ ਹੀ ਬਰਕਤਾਂ ਹੋ ਗਈਆਂ। ਭਾਈ ਫੇਰੂ ਜੀ ਭਾਈ ਭਗਤੂ ਜੀ ਕੋਲ ਆ ਕੇ ਕਹਿਣ ਲੱਗੇ, ਭਲਿਆ, ਜਿਸ ਦਿਨ ਦਾ ਮੈਂ ਸ਼ਰਧਾ ਨਾਲ ਘਿਉ ਗੁਰੂ ਘਰ ਦੇ ਸੇਵਕਾਂ ਨੂੰ ਦਿੱਤਾ ਹੈ, ਉਸ ਦਿਨ ਦੀ ਘਰ ਦੀ ਕਹਾਣੀ ਕੁਝ ਹੋਰ ਹੀ ਹੋ ਗਈ ਹੈ। ਮੇਰੀ ਬੇਨਤੀ ਹੈ ਕਿ ਅਜਿਹੇ ਮੁਰਸ਼ਿਦ ਦੇ ਦੀਦਾਰ ਮੈਂ ਵੀ ਪਾ ਸਕਦਾ ਹਾਂ! ਸ਼ਰਧਾ ਅਤੇ ਸਿਦਕ ਇਕੱਠੇ ਹੋ ਜਾਣ ਤਾਂ ਮਨੁੱਖ ਦੀ ਮੰਜ਼ਿਲ ਬਹੁਤੀ ਦੂਰ ਨਹੀਂ ਹੁੰਦੀ। ਭਾਈ ਭਗਤੂ ਜੀ ਨਾਲ ਭਾਈ ਫੇਰੂ ਜੀ ਵੀ ਚਲੇ ਗਏ। ਅਜਿਹੇ ਦੀਦਾਰ ਪਾਏ ਕਿ ਸਦਾ ਲਈ ਗੁਰੂ ਜੀ ਦੇ ਹੀ ਹੋ ਗਏ। ਇਤਨੀ ਸ਼ਰਧਾ ਪੈਦਾ ਹੋ ਗਈ ਕਿ ਇਕ ਦਿਨ ਦਾ ਜ਼ਿਕਰ ਹੈ ਕਿ ਲੰਗਰ ਵਿੱਚ ਸੇਵਾ ਕਰਦੇ ਸਨ, ਕੁਝ ਰਾਹੀ ਬੇਵਕਤ ਆ ਗਏ। ਭਾਈ ਸਾਹਿਬ ਜੀ ਨੇ ਜਲਦੀ ਨਾਲ ਜੋ ਕੁਝ ਤਿਆਰ ਸੀ। ਛਕਾਉਣ ਦੀ ਭਾਵਨਾ ਨਾਲ ਵਰਤਾਉਣ ਲੱਗ ਪਏ। ਅਚਾਨਕ ਕਿਸੇ ਹੱਥ ਸਵੇਰ ਦਾ ਪ੍ਰਸ਼ਾਦਾ, ਕਿਸੇ ਹੱਥ ਪ੍ਰੌਂਠਾ, ਕਿਸੇ ਹੱਥ ਖੁਸ਼ਕ ਫੁਲਕਾ ਆ ਗਿਆ। ਇਹ ਦੇਖ ਕੇ ਇਕ ਰਾਹੀ ਦੀ ਜ਼ੁਬਾਨੋਂ ਨਿਕਲ ਗਿਆ ਕਿ ਭਾਈ ਸਾਹਿਬ ਜੀ, ਤੁਸੀ ਤਾਂ ਗੁਰੂ ਕਾ ਲੰਗਰ ਹੀ ਕਾਣਾ ਕਰ ਦਿੱਤਾ ਹੈ ਤਦ ਉਸੇ ਪਲ ਹੀ ਅੱਖਾਂ ਵਿੱਚ ਪਾਣੀ ਆ ਗਿਆ। ਹੱਥ ਜੋੜ ਕੇ ਕਹਿਣ ਲੱਗੇ, ਪਿਆਰਿਉ! ਮੇਰੀ ਗਲਤੀ ਹੈ। ਇਸ

ਲਈ ਭਾਵੇਂ ਮੈਨੂੰ ਹੀ ਕਾਣਾ ਕਹਿ ਲਵੇ। ਪਰ ਗੁਰੂ ਕੇ ਲੰਗਰਾਂ ਪ੍ਰਤੀ ਅਜਿਹੀ ਗੱਲ ਸੁਣੀ ਨਹੀਂ ਜਾਂਦੀ। ਕਿਤਨਾ ਸਿਦਕ ਹੋਵੇਗਾ! ਇਹੋ ਹੀ ਭਾਈ ਫੇਰੂ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਮਸੰਦਾਂ ਨੂੰ ਤਾਂ ਤੇਲ ਪਾ ਕੇ ਸਾੜਿਆ ਪਰ ਇਨ੍ਹਾਂ ਪ੍ਰਤੀ ਬਚਨ ਕੀਤੇ ਸਨ "*ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ॥*" ਭਾਈ ਫੇਰੂ ਜੀ ਆਪ ਨੂੰ ਸਦੀਵ ਸਤਿਕਾਰ ਮਿਲੇਗਾ ਕਿਉਂਕਿ ਤੁਸੀਂ ਹਮੇਸ਼ਾਂ ਗੁਰੂ 'ਤੇ ਸਿਦਕ ਭਰੋਸਾ ਰੱਖਿਆ ਹੈ। ਭਾਈ ਫੇਰੂ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰ ਤੋਂ ਹੀ ਇਹ ਰੱਬੀ ਬਖਸ਼ਿਸ਼ਾਂ ਦੀ ਝੋਲੀ ਭਰੀ ਸੀ। ਭਾਈ ਨੰਦ ਜੀ ਦੇ ਬਚਨ ਆਪ ਵੀ ਯਾਦ ਕਰੀਏ : "*ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ॥*"

ਸ਼ਾਹ ਜਹਾਨ ਦੇ ਪੁੱਤਰ ਔਰੰਗਜ਼ੇਬ ਨੇ ਆਪਣੇ ਹੀ ਵੱਡੇ ਭਰਾ ਦਾਰਾ ਸ਼ਿਕੋਹ ਨੂੰ ਇਹ ਜਾਣ ਕੇ ਕਿ ਇਹ ਸ਼ਾਹ ਜਹਾਨ ਦੇ ਜ਼ਿਆਦਾ ਨੇੜੇ ਹੈ, ਕਿਧਰੇ ਕੱਲ ਨੂੰ ਮੈਨੂੰ ਗੱਦੀ ਲੈਣ ਵੇਲੇ ਮੁਸ਼ਕਿਲ ਨਾ ਬਣੇ ਤਦ ਕਪਟੀ ਬ੍ਰਿਤੀ ਵਾਲੇ ਨੇ ਧੋਖੇ ਨਾਲ ਪਲਾਅ ਵਿੱਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ। ਦਾਰਾ ਸ਼ਿਕੋਹ ਦਿਨ ਰਾਤ ਦੁਖੀ ਰਹਿਣ ਲੱਗਾ। ਸ਼ਾਹ ਜਹਾਨ ਦਾ ਲਾਡਲਾ ਹੋਣ ਕਰਕੇ ਸਾਰੇ ਵੈਦ ਹਕੀਮਾਂ ਨੇ ਜ਼ੋਰ ਲਾਇਆ ਪਰ ਕੁਝ ਵੀ ਆਰਾਮ ਨਾ ਆਵੇ ਤਦ ਇਕ ਵੈਦ ਨੇ ਆਖਿਆ ਕਿ ਜੇਕਰ ਵੱਡੀ ਹਰੜ, ਲੌਂਗ ਮਜਮੋਤੀ ਆਦਿਕ ਰਲਾ ਕੇ ਦਿੱਤੇ ਜਾਣ ਤਦ ਹੀ ਜਾਨ ਬਚ ਸਕਦੀ ਹੈ। ਵੈਦ ਨੇ ਇਹ ਵੀ ਦੱਸ ਦਿੱਤਾ ਕਿ ਇਹ ਚੀਜ਼ਾਂ ਕੇਵਲ ਤੇ ਕੇਵਲ ਬਖਸ਼ਿਸ਼ਾਂ ਦੇ ਘਰ ਗੁਰੂ ਹਰਿ ਰਾਏ ਸਾਹਿਬ ਜੀ ਦੇ ਹੀ ਦਵਾਖਾਨੇ ਤੋਂ ਮਿਲ ਸਕਦੀਆਂ ਹਨ। ਸ਼ਾਹ ਜਹਾਨ ਹਰ ਕੀਮਤ 'ਤੇ ਆਪਣੇ ਪੁੱਤਰ ਦੀ ਜ਼ਿੰਦਗੀ ਚਾਹੁੰਦਾ ਸੀ। ਇਸ ਲਈ ਉਸਨੇ ਆਪ ਖੁਦ ਗੁਰੂ ਚਰਣਾਂ ਵਿੱਚ ਅਰਜ਼ ਲਿਖ ਭੇਜੀ। ਸਾਹਿਬ ਸਤਿਗੁਰੂ ਜੀ ਨੇ ਬਿਨਾਂ ਕਿਸੇ ਵਿਤਕਰੇ ਦੇ ਦਵਾਈਆਂ ਭੇਜ ਦਿੱਤੀਆਂ ਕਿਉਂਕਿ ਰੱਬੀ ਫੁਰਮਾਨ ਹੈ "*ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥*" ਦਾਰਾ ਸ਼ਿਕੋਹ ਆਰੋਗ ਹੋ ਕੇ ਗੁਰੂ ਦਰਬਾਰ ਵਿੱਚ ਸ਼ੁਕਰਾਨੇ ਦੇ ਬਚਨ ਕਹਿਣ ਆਇਆ ਸੀ। ਹੋ ਸਕਦਾ ਦਾਰਾ ਸ਼ਿਕੋਹ ਦੀ ਜ਼ੁਬਾਨ ਵਿੱਚੋਂ ਵੀ ਅਜਿਹੇ ਹੀ ਬਚਨ ਨਿਕਲੇ ਹੋਣ ਜਿਹੋ ਜਿਹੇ ਭਾਈ ਨੰਦ ਲਾਲ ਜੀ ਆਖਦੇ ਹਨ ਕਿ ਆਪ ਤਾਂ ਸਰਵਰਿ ਕੌਨਨ ਲੋਕ ਪ੍ਰਲੋਕ ਦੇ ਮਾਲਕ ਹੋ।

ਗੁਰੂ ਜੀ ਦੇ ਚਰਣਾਂ ਦੀ ਛੋਹ ਪ੍ਰਾਪਤ ਕਰਕੇ ਅਜਿਹੀ ਕਰਨੀ ਦੇ ਸੂਰਮੇ ਹੋਏ ਹਨ ਕਿ ਜਿਨ੍ਹਾਂ ਉਤੇ ਦੁਨਿਆਵੀ ਲੋਭ ਲਾਲਚ ਵੀ ਅਸਰ ਨਹੀਂ ਕਰ ਸਕਿਆ। ਆਮ ਦੇਖਣ ਵਿੱਚ ਹਰ ਬੰਦਾ ਮਾਇਆ ਦੀ ਗ਼ੁਲਾਮੀ ਕਰਦਾ ਹੈ ਪਰ ਜਿਸ ਨੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਮੁਬਾਰਿਕ ਚਰਣ ਪਰਸ ਲਏ, ਉਸ ਨੇ ਉਲਟਾ ਮਾਇਆ ਨੂੰ ਗ਼ੁਲਾਮ ਬਣਾ ਕੇ "*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥*" ਦਾ ਬਚਨ ਸੱਚ ਕਰ ਵਿਖਾਇਆ। ਐਸੇ ਸੇਵਕ ਦਾ ਨਾਂ ਇਤਿਹਾਸ ਨੇ ਭਾਈ ਪੁੰਗਰ ਕਰਕੇ ਲਿਖਿਆ ਹੈ। ਗੁਰੂ ਘਰ ਦੀ ਮਰਯਾਦਾ ਅਨੁਸਾਰ ਜਿਥੇ

ਵੀ ਕਿਧਰੇ ਸਿੱਖ ਦਾ ਘਰ ਹੋਵੇ, ਉਥੋਂ ਕਦੇ ਕੋਈ ਖ਼ਾਲੀ ਨਹੀਂ ਜਾਣਾ ਚਾਹੀਦਾ। ਇਸ ਲਈ ਭਾਈ ਪੁੰਗਰ ਜੀ ਦੇ ਘਰ ਅਕਸਰ ਲੋਕਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ। ਭਾਈ ਸਾਹਿਬ ਆਪ ਵੀ ਬਹੁਤ ਚਿੱਤ ਲਾ ਕੇ ਸੇਵਾ ਕਰਦੇ ਸਨ। ਇਕ ਦਿਨ ਇਕ ਸਾਧੂ ਆਇਆ। ਭਾਈ ਪੁੰਗਰ ਜੀ ਦੀ ਸਾਧਾਰਣ ਜ਼ਿੰਦਗੀ ਦੇਖ ਕੇ ਕਹਿਣ ਲੱਗਾ ਕਿ ਭਾਈ ਸਾਹਿਬ ਜੀ ਆਹ ਮੇਰੇ ਕੋਲ ਇਕ ਰਸਾਇਣ ਹੈ ਜਿਸ ਦੀ ਛੋਹ ਨਾਲ ਲੋਹਾ ਸੋਨੇ ਦਾ ਰੂਪ ਵਟਾ ਲੈਂਦਾ ਹੈ। ਤੁਸੀਂ ਇਸ ਨੂੰ ਵਰਤ ਲੈਣਾ। ਸਾਧੂ ਨੇ ਇਕ ਥਾਂ ਯੋਗ ਜਾਣ ਰੱਖ ਦਿੱਤਾ। ਸਮਾਂ ਆਪਣੀ ਟੋਰ ਟੁਰਦਾ ਗਿਆ। ਕੁਝ ਸਮੇਂ ਮਗਰੋਂ ਇਹੋ ਹੀ ਸਾਧੂ ਫਿਰ ਭਾਈ ਸਾਹਿਬ ਦੇ ਘਰ ਆਇਆ ਪਰ ਉਸ ਸੋਚ ਦੇ ਉਲਟ ਉਥੇ ਪਹਿਲੇ ਵਾਲਾ ਘਰ ਤੇ ਸਾਦਗੀ ਭਰੀ ਜ਼ਿੰਦਗੀ ਦੇਖ ਕੇ ਪੁੱਛਣ ਲੱਗਾ ਕਿ ਤੁਸੀਂ ਰਸਾਇਣ ਕਿਉਂ ਨਹੀਂ ਵਰਤਿਆ ? ਤਦ ਭਾਈ ਪੁੰਗਰ ਜੀ ਨੇ ਬਹੁਤ ਪਿਆਰ ਨਾਲ ਜਵਾਬ ਦਿੱਤਾ ਕਿ ਮੇਰੇ ਸਤਿਗੁਰੂ ਜੀ ਦਾ ਬਚਨ ਹੈ ਕਿ ਜੇਕਰ ਰੱਬ ਦੇ ਘਰ ਦਾ ਰਸਤਾ ਜਾਣਨਾ ਚਾਹੁੰਦੇ ਹੋ ਤਾਂ ਫਿਰ ਦਸਾਂ ਨਹੁੰ ਦੀ ਘਾਲ ਕਮਾਈ ਵੰਡ ਛਕਣਾ। "***ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥***" ਅਜਿਹੀ ਵੀਚਾਰ ਨੇ ਕੇਵਲ ਲਿਬਾਸ ਧਾਰਨ ਕਰਕੇ ਸਾਧ ਕਹਿਲਾ ਰਹੇ ਸਾਧੂ ਨੂੰ ਸੱਚ ਦਾ ਸਾਧੂ ਬਣਾ ਦਿੱਤਾ ਕਿਉਂਕਿ ਭਾਈ ਪੁੰਗਰ ਜੀ ਨੂੰ ਬਖਸ਼ਿਸ਼ਾਂ ਦੇ ਖ਼ਜ਼ਾਨੇ ਗੁਰੂ ਹਰਿ ਰਾਏ ਸਾਹਿਬ ਜੀ ਦੇ ਦਰ ਤੋਂ ਨਿਵਾਜ਼ੇ ਹੋਏ ਸਨ। ਭਾਈ ਨੰਦ ਲਾਲ ਦੀ ਅੱਖ ਨੇ ਸੱਚ ਵੇਖਿਆ ਤੇ ਸੱਚ ਹੀ ਵਿਖਾਇਆ ਹੈ : "***ਸਰਵਰਿ ਕੌਨਨ*** ......"

ਗੁਰੂ ਘਰ ਵਿੱਚ ਲੰਗਰ ਦੀ ਸੇਵਾ ਨਿਭਾ ਰਹੇ ਸਿੱਖ ਦੀ ਸੇਵਾ ਸਿਮਰਨ ਦਾ ਸਦਕਾ ਬਖਸ਼ਿਸ਼ ਦਾ ਫਲ ਲੱਗਣਾ ਸ਼ੁਰੂ ਹੀ ਹੋਇਆ ਸੀ ਕਿ ਅਚਾਨਕ ਹਉਂ ਨੇ ਆਪਣਾ ਪ੍ਰਭਾਵ ਪਾ ਕੇ ਰੱਬੀ ਰਾਹ ਤੋਂ ਭਟਕਾਉਣਾ ਚਾਹਿਆ। ਗੁਰੂ ਦੇ ਦੋ ਕੰਮ ਹਨ - ਨਾਮ ਵੀ ਜਪਾਉਣਾ ਅਤੇ ਹਉਂ ਦਾ ਰੋਗ ਵੀ ਕੱਟਣਾ। ਇਕ ਦਿਨ ਗਰੀਬ ਨਿਵਾਜ਼ ਪਾਤਿਸ਼ਾਹ ਗੁਰ ਹਰਿ ਰਾਇ ਸਾਹਿਬ ਜੀ ਦੇ ਮਨ ਵਿੱਚ ਵੀਚਾਰ ਜਾਗੀ ਕਿ ਅੱਜ ਸਿੱਖਾਂ ਸੇਵਕਾਂ ਲਈ ਮਿੱਸੇ ਪ੍ਰਸ਼ਾਦੇ ਮੱਖਣ, ਦਹੀਂ, ਲੱਸੀ ਆਦਿਕ ਨਾਲ ਛਕਾਏ ਜਾਣ। ਮੱਛੀ ਨੂੰ ਤ੍ਰਿਪਤੀ ਆਉਂਦੀ ਹੈ ਜੇ ਪਾਣੀ ਵਿੱਚ ਅਠਖੇਲੀਆਂ ਕਰਦੀ ਹੋਵੇ, ਮਾਤਾ ਦੇ ਮਨ ਦਾ ਵਿਗਾਸ ਹੈ ਕਿ ਮੈਂ ਭਾਵੇਂ ਭੁੱਖੀ ਹੀ ਰਹਿ ਲਵਾਂ ਪਰ ਮੇਰਾ ਸੁਖਾਂ ਲੱਧਾ ਪੁੱਤਰ ਰੱਜ ਕੇ ਖਾਵੇ। ਇਸੇ ਤਰ੍ਹਾਂ ਸਤਿਗੁਰੂ ਜੀ ਦੇ ਵੀ ਚਿੱਤ ਦੀ ਪ੍ਰੀਤ ਹੈ ਕਿ ਮੇਰਾ ਸਿੱਖ ਰੱਜ ਖਾਵੇ। ਗੁਰਵਾਕ ਹੈ "***ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲਿ ਨਾਇ ॥ ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥***" (ਪੰਨਾ ੧੬੪)

ਲਾਂਗਰੀ ਸਿੱਖ ਨੂੰ ਅਧਿਆਤਮਿਕਤਾ ਦਾ ਸਦਕਾ ਬੋਧ ਹੋ ਗਿਆ। ਉਸ ਨੇ ਸਤਿਗੁਰੂ ਜੀ ਦੇ ਆਖੇ ਤੋਂ ਬਿਨਾਂ ਹੀ ਸਾਰੀ ਰਸਦ ਰਲਾ ਕੇ ਪ੍ਰਸ਼ਾਦੇ ਬਣਾਉਣੇ ਆਰੰਭ ਕਰ ਦਿੱਤੇ।

ਸਤਿਗੁਰੂ ਜੀ ਨੇ ਦੇਖ ਲਿਆ ਕਿ ਦਾਤ ਪਾ ਕੇ ਸੰਭਾਲਣ ਦੀ ਜਾਚ ਨਹੀਂ ਆਈ। ਮੇਰੇ ਸਾਹਿਬ ਜੀ ਨੇ ਬਹੁਤ ਹੀ ਪ੍ਰੇਮ ਨਾਲ ਸਮਝਾਇਆ ਕਿ ਕਦੇ ਦਾਤ ਪਾ ਹੰਕਾਰ ਨਹੀਂ ਕਰਨਾ। ਗੁਰੂ ਜੀ ਦੇ ਚਰਣ ਪਕੜ ਕੇ ਸਿੱਖ ਨੇ ਅਰਜੋਈ ਕੀਤੀ, ਸਤਿਗੁਰੂ ਜੀ ! ਆਪ ਧੰਨ ਹੋ ਜਿਹੜੇ ਬਾਹਰੀ ਹੀ ਦਵਾਖਾਨੇ ਨਾਲ ਦਵਾਈਆਂ ਦੇ ਕੇ ਅਰੋਗਤਾ ਨਹੀ ਬਖਸ਼ਦੇ ਬਲਕਿ ਅੰਦਰੂਨੀ ਹਉਮੈ ਦਾ ਰੋਗ ਵੀ ਕੱਟਦੇ ਹੋ। ਲਾਂਗਰੀ ਸਿੱਖ ਦੀ ਰਸਨਾ ਗੁਰੂ ਹਰਿ ਰਾਇ ਜੀ ਦੇ ਸ਼ੁਕਰਾਨੇ ਵਿੱਚ ਭਿਜੀ ਹੋਈ ਸੀ। ਭਾਈ ਨੰਦ ਲਾਲ ਜੀ ਨੇ ਅਜਿਹੇ ਕੌਤਕ ਤੱਕ ਕੇ ਹੀ ਆਖਿਆ -
"*ਸਰਵਰਿ ਕੌਨਨ* ......"

ਗੁਰੂ ਹਰਿ ਰਾਇ ਸਾਹਿਬ ਜੀ ਦੇ ਬਖਸ਼ਿਸ਼ਾਂ ਭਰੇ ਕੌਤਕ ਤੱਕ ਕੇ ਸਮੁੱਚਾ ਆਲਮ ਹੀ ਸਾਹਿਬ ਜੀ ਨੂੰ ਸਿਦਕ ਦਾ ਸਿਜਦਾ ਕਰਦਾ ਸੀ। ਬਾਬਾ ਧੀਰਮਲ ਜੀ ਰਹਿ ਤਾਂ ਭਾਵੇਂ ਕਰਤਾਰਪੁਰ ਸਾਹਿਬ ਰਹੇ ਸਨ ਪਰ ਕਰਤਾਰ ਦੀ ਯਾਦ ਤੋਂ ਬਹੁਤ ਦੂਰ ਸਨ। ਇਕ ਵਾਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਕਰਤਾਰਪੁਰ ਸਾਹਿਬ ਆਉਣਾ ਸੁਣ ਕੇ ਕਪਟੀ ਮਨ ਨਾਲ ਕਪਟ ਦੀ ਇਕ ਖੇਡ ਖੇਡੀ। ਚਾਹੁੰਦਾ ਤਾਂ ਇਹ ਸੀ ਕਿ ਗੁਰੂ ਘਰ ਦੀ ਵੱਧਦੀ ਵੱਡਿਆਈ ਨੂੰ ਮਿੱਟੀ ਵਿੱਚ ਮਿਲਾ ਦੇਵਾਂ "*ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥*" ਹੋ ਗਈ। ਹੋਇਆ ਇਸ ਤਰ੍ਹਾਂ ਕਿ ਅਚਾਨਕ ਜਦੋਂ ਗੁਰੂ ਹਰਿ ਰਾਇ ਸਾਹਿਬ ਜੀ ਕਰਤਾਰਪੁਰ ਆਏ ਤਾਂ ਇਕ ਪੰਡਿਤ ਦਾ ਪੁੱਤਰ ਚੜ੍ਹਾਈ ਕਰ ਗਿਆ। ਅਜਿਹੇ ਲੋਕ ਤਾਂ ਪਹਿਲਾਂ ਹੀ ਖਾਰ ਖਾਂਦੇ ਸਨ। ਬਾਬਾ ਧੀਰ ਮੱਲ ਜੀ ਨੇ ਮੌਕਾ ਦੇਖ ਕੇ ਲਾਭ ਉਠਾਉਣਾ ਚਾਹਿਆ। ਜਾ ਕੇ ਆਖਣ ਲੱਗਾ ਕਿ ਜਾਵੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਕਹਿ ਕੇ ਪੁੱਤਰ ਜੀਵਾ ਲਵੇ। ਪੰਡਿਤਾਂ ਨੇ ਅਜਿਹਾ ਹੀ ਕੀਤਾ। ਸਤਿਗੁਰੂ ਜੀ ਦੇ ਸੇਵਕ ਅਜਿਹਾ ਸੋਚਦੇ ਸਨ ਕਿ ਜੇ ਕਰ ਪੁੱਤਰ ਜੀਵ ਜਾਵੇ ਤਾਂ ਗੁਰੂ ਘਰ ਦੀ ਵੱਡਿਆਈ ਹੋਰ ਵੀ ਵਧੇਗੀ। ਇਸ ਦੇ ਨਾਲ ਹੀ ਬਾਬਾ ਧੀਰਮਲ ਨੂੰ ਵੀ ਪ੍ਰਤੱਖ ਹੋ ਜਾਇਗਾ।

ਗੁਰੂ ਹਰਿ ਰਾਇ ਸਾਹਿਬ ਜੀ ਦੇ ਸਾਹਮਣੇ ਇਨ੍ਹਾਂ ਦੇ ਹੀ ਪਿਤਾ ਜੀ ਗਾਂ ਨੂੰ ਜੀਵਾਲਣ ਖਾਤਰ ਆਪਣੀ ਜਾਨ ਦੇ ਗਏ ਸਨ। ਇਕ ਹੋਰ ਵੀ ਪ੍ਰਸਿੱਧ ਘਟਨਾ ਸੀ ਜਦੋਂ ਬਾਬਾ ਅਟੱਲ ਰਾਏ ਜੀ ਨੇ ਵੀ ਸਾਥੀ ਨੂੰ ਜੀਵਾਉਣ ਖਾਤਰ ਆਪਾ ਗੁਰੂ ਦੇ ਬਚਨਾਂ ਤੋਂ ਵਾਰਿਆ ਸੀ। ਇਸ ਲਈ ਗੁਰੂ ਹਰਿ ਰਾਏ ਜੀ ਦੇ ਸਾਹਮਣੇ ਸੀ ਕਿ ਇਸ ਤਰ੍ਹਾਂ ਤਾਂ ਹਰ ਕੋਈ ਆਪਣਾ ਪੁੱਤਰ ਗੁਰੂ ਘਰ ਲੈ ਕੇ ਆ ਜਾਇਆ ਕਰੇਗਾ। ਰੱਬ ਦੇ ਉਪਾਸ਼ਕ ਬਣਨ ਦੀ ਬਜਾਇ ਰੱਬ ਦੇ ਸਰੀਕ ਬਣ ਜਾਵਾਂਗੇ। ਸਾਹਿਬ ਜੀ ਆਖਣ ਲੱਗੇ, ਭਾਈ, ਸਾਰੀ ਸੰਗਤ ਚਾਹੁੰਦੀ ਹੈ ਕਿ ਪੰਡਿਤ ਜੀ ਦਾ ਲੜਕਾ ਜੀਵ ਜਾਵੇ ? ਸਾਰਿਆਂ ਉਤਸ਼ਾਹ ਨਾਲ ਹਾਮੀ ਭਰੀ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਾਨ ਦੇ ਬਦਲੇ ਜਾਨ ਦੇਣੀ ਪਵੇਗੀ ਤਦ ਭਾਈ ਭਗਤੂ ਜੀ ਦੇ ਪੁੱਤਰ ਭਾਈ ਜੀਵਨ

ਜੀ ਨੇ ਬਾਹਰ ਜਾ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਇਧਰ ਪੰਡਿਤ ਦਾ ਪੁੱਤਰ ਜੀਉਂਦਾ ਹੋ ਗਿਆ। ਕੱਪਟੀ ਮਨ ਦੀਆਂ ਮਨ ਵਿੱਚ ਹੀ ਰਹਿ ਗਈਆਂ। ਹਰ ਉਹ ਗੁਰੂ ਦੀ ਨਿੰਦਾ ਕਰਨ ਵਾਲਾ ਵੀ ਉਲਟਾ ਸਿਦਕ ਨਾਲ ਕਹਿ ਰਿਹਾ ਸੀ ਕਿ ਗੁਰੂ ਹਰਿ ਰਾਇ ਸਾਹਿਬ ਜੀ ਤਾਂ ਬਖਸ਼ਿਸ਼ਾਂ ਹੀ ਬਖਸ਼ਿਸ਼ਾਂ ਵਰਤਾ ਰਹੇ ਹਨ। ਭਾਈ ਨੰਦ ਲਾਲ ਜੀ ਦੀ ਪਵਿੱਤਰ ਅੱਖ ਨੇ ਅਜਿਹੀ ਹੀ ਬਖਸ਼ਿਸ਼ਾਂ ਦੀ ਤਸਵੀਰ ਤੱਕ ਕੇ ਕਿਹਾ ਸੀ ਕਿ *"ਸਰਵਰਿ ਕੌਨੈਨ* .... "

ਸੁਥਰੇ ਸ਼ਾਹ ਜੀ ਜਿਨ੍ਹਾਂ ਨੇ ਸੰਸਾਰ ਨੂੰ ਖੁਸ਼ੀਆਂ ਹੀ ਨਹੀਂ ਬਲਕਿ ਗੁਰੂ ਘਰ ਦਾ ਸੁਨੇਹਾ ਵੀ ਅਨੋਖੇ ਢੰਗ ਨਾਲ ਦਿੱਤਾ ਹੈ, ਇਹ ਵੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰੋਂ ਹੀ ਵਰੋਸਾਇ ਹੋਏ ਸਨ। ਮਾਪੇ ਇਸ ਲਈ ਜੰਮਦਿਆਂ ਸਾਰ ਬਾਹਰ ਸੁੱਟ ਗਏ ਸਨ ਕਿਉਂਕਿ ਜੰਮਦਿਆਂ ਹੀ ਮੂੰਹ ਵਿੱਚ ਦੰਦ ਸਨ ਜਿਸਨੂੰ ਸੰਸਾਰ ਦੁਸ਼ਮਣ ਮੰਨਦਾ ਹੈ। ਮਾੜਾ ਕਹਿ ਕੇ ਸੁਟ ਦੇਣ ਵਾਲੇ ਨੂੰ ਸਾਹਿਬ ਜੀ ਨੇ ਅਜਿਹੀ ਛੋਹ ਬਖਸ਼ੀ ਕਿ ਦਸਮੇਸ਼ ਪਿਤਾ ਜੀ ਤਕ ਗੁਰੂ ਦਰਬਾਰ ਦਾ ਲਾਡਲਾ ਪਿਆਰਾ ਸੇਵਕ ਰਿਹਾ ਹੈ। ਜਿਸ ਨੂੰ ਅੱਜ ਇਤਿਹਾਸ ਸੁਥਰਾ ਸ਼ਾਹ ਕਹਿ ਕੇ ਸਤਿਕਾਰਦਾ ਹੈ। ਬਖਸ਼ਿਸ਼ਾਂ ਦੇ ਦਾਤੇ ਕੋਲੋਂ ਠੋਕਰਾਂ ਨਹੀਂ ਬਲਕਿ ਅਜਿਹੀ ਬਖਸ਼ਿਸ਼ ਮਿਲਦੀ ਹੈ ਕਿ *"ਸਰਣਿ ਆਵੈ ਤਾਂ ਨਿਰਮਲ ਹੋਈ ॥"* ਭਾਈ ਨੰਦ ਲਾਲ ਜੀ ਦੇ ਬਚਨ ਫਿਰ ਯਾਦ ਰਖ ਲਈਏ ਕਿ *"ਸਰਵਰਿ ਕੌਨੈਨ* .... "

ਸੰਸਾਰਕ ਦ੍ਰਿਸ਼ਟੀ ਅਨੁਸਾਰ ਇਕ ਦਿਨ ਸਤਿਗੁਰੂ ਜੀ ਸੈਰ ਕਰ ਰਹੇ ਸਨ। ਇਕ ਤੜਪਦੇ ਸੱਪ ਨੂੰ ਤੀਰ ਨਾਲ ਖਲਾਸੀ ਬਖਸ਼ੀ। ਸਿੱਖਾਂ ਨੇ ਇਕ ਸੁਆਲ ਕੀਤਾ, ਪਾਤਿਸ਼ਾਹ! ਇਸਨੂੰ ਕਿਉਂ ਮਾਰ ਦਿੱਤਾ ਤਾਂ ਸਾਹਿਬ ਜੀ ਹੱਸ ਕੇ ਆਖਣ ਲੱਗੇ, ਭਾਈ ਮਾਰਿਆ ਨਹੀਂ ਤਾਰਿਆ ਹੈ। ਇਹ ਇਕ ਪਾਖੰਡੀ ਗੁਰੂ ਕਹਿਲਾਉਂਦਾ ਸੀ ਆਪਣੇ ਆਪ ਨੂੰ। ਇਹ ਕੀੜੀਆਂ ਇਸ ਦੇ ਮੁਰੀਦ ਹਨ ਜਿਹੜੇ ਇਸ ਦੀ ਜਾਨ ਤੋੜ ਤੋੜ ਕੇ ਖਾ ਰਹੇ ਸਨ। ਇਸ ਦੀ ਤੜਪ ਦੇਖ ਕੇ ਤਰਸ ਆ ਗਿਆ। ਸਾਰੇ ਸਿੱਖ ਕਹਿ ਉਠੇ ਧੰਨ ਗੁਰੂ ਹਰਿ ਰਾਇ ਸਾਹਿਬ ਜੀ! ਜਿਹੜੇ ਸੈਰ ਕਰਦਿਆਂ ਵੀ ਜੀਵਾਂ ਦੇ ਉਧਾਰ ਕਰ ਰਹੇ ਸਨ। ਸੰਸਾਰੀ ਦ੍ਰਿਸ਼ਟੀ ਭਾਵੇ ਸੈਰ ਮਨਦੀ ਹੋਵੇ ਪਰ ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ ਤਾਂ ਕਹਿ ਰਹੀ ਹੈ ਕਿ ਸੈਰ ਨਹੀਂ ਬਲਕਿ ਬਖਸ਼ਿਸ਼ ਕਰਨ ਗਏ ਸਨ ਕਿਉਂਕਿ ਗੁਰੂ ਹਰਿ ਰਾਇ ਜੀ ਹੈ ਹੀ *"ਸਰਵਰਿ ਕੌਨੈਨ* ...... "

ਇਕ ਮਾਤਾ ਦੀ ਜ਼ੁਬਾਨੋਂ ਨਿਕਲੇ ਅਰਦਾਸ ਦੇ ਬਚਨਾਂ ਨੇ ਪ੍ਰੇਮ ਦੀ ਡੋਰੀ ਪਾ ਕੇ ਅਜਿਹੀ ਖਿੱਚ ਪਾਈ ਕਿ ਸੰਸਾਰ ਨੂੰ ਦਾਤਾਂ ਦੇਣ ਵਾਲਾ ਅੱਜ ਮਾਤਾ ਦੇ ਬੂਹੇ 'ਤੇ ਖਲੋ ਕੇ ਇਕ ਮੰਗਤੇ ਵਾਂਗ ਆਖਣ ਲੱਗੇ, ਮਾਤਾ ਜੀ, ਕੋਈ ਪ੍ਰਸ਼ਾਦਾ ਛਕਾ ਦਿਉ, ਭੁੱਖ ਲੱਗੀ ਹੋਈ ਹੈ। ਮਾਤਾ ਜੀ ਨੇ ਪ੍ਰਸ਼ਾਦਾ ਛਕਾਇਆ। ਦੂਜੇ ਦਿਨ ਜਦੋਂ ਸਤਿਗੁਰੂ ਜੀ ਕਿਸੇ ਹੋਰ ਰੁਝੇਵੇਂ ਲਈ ਗਏ

ਤਦ ਕੱਲ੍ਹ ਵਾਲਾ ਵਕਤ ਵੇਖ ਕੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਪਾਤਿਸ਼ਾਹ ਜੀ! ਜੇਕਰ ਭੁੱਖ ਲੱਗੀ ਹੈ ਤਾਂ ਅੱਜ ਅਸੀਂ ਪ੍ਰਸ਼ਾਦਾ ਲੈ ਕੇ ਆਏ ਹਾਂ ਕਿਉਂਕਿ ਕੱਲ ਤੁਸੀਂ ਮਾਤਾ ਦੇ ਬੂਹੇ 'ਤੇ ਖਲੋ ਕੇ ਪ੍ਰਸ਼ਾਦਾ ਛਕਿਆ ਸੀ। ਸਾਹਿਬ ਜੀ ਸੁਣ ਕੇ ਹੱਸ ਪਏ ਤੇ ਆਖਣ ਲੱਗੇ, ਭਾਈ, ਮੇਰੀ ਭੁੱਖ ਦੀ ਗੱਲ ਨਹੀਂ ਸੀ ਬਲਕਿ ਮਾਤਾ ਜੀ ਦਾ ਸਿਦਕ ਸੀ, ਭਰੋਸਾ ਸੀ। ਅਮੀਰਾਂ ਜਾਂ ਉਚਿਆਂ ਦੇ ਤਾਂ ਹਰ ਕੋਈ ਚਲਾ ਜਾਂਦਾ ਹੈ ਪਰ ਕਿਸੇ ਗਰੀਬਣੀ ਦੇ ਬੂਹੇ 'ਤੇ ਜਾ ਕੇ ਆਪ ਦਰਵੇਸ਼ ਬਣ ਮੰਗ ਕੇ ਪ੍ਰਸ਼ਾਦਾ ਛੱਕਣ ਵਾਲਾ ਕੇਵਲ ਪਿਆਰੇ ਗੁਰੂ ਹਰਿ ਰਾਇ ਸਾਹਿਬ ਹੀ ਹੋ ਸਕਦੇ ਹਨ। ਇਨ੍ਹਾਂ ਤੋਂ ਬਿਨਾਂ ਅਜਿਹੀ ਬਖਸ਼ਿਸ਼ ਹੋਰ ਕਰ ਵੀ ਕੌਣ ਸਕਦਾ ਸੀ?

"ਸਰਵਰਿ ਕੌਨਨ ......"

ਮਾਲੀ ਦਾ ਫਰਜ਼ ਕੇਵਲ ਬੂਟਾ ਲਾਉਣਾ ਹੀ ਨਹੀਂ ਹੁੰਦਾ ਬਲਕਿ ਮੁੜ ਬੂਟੇ ਦੀ ਸੰਭਾਲ ਵੀ ਕਰਨੀ ਪੈਂਦੀ ਹੈ। ਕਦੇ ਪਾਣੀ ਦੇਣਾ, ਕਦੇ ਖਾਦ ਪਾਉਣੀ, ਕਦੇ ਕੀੜੇ ਕਾਢਿਆਂ ਤੋਂ ਬਚਾਉਣਾ ਆਦਿਕ। ਇਸੇ ਤਰ੍ਹਾਂ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਿੱਖੀ ਦੀ ਖਿੜੀ ਫੁੱਲਵਾੜੀ ਦੀ ਸਤਿਗੁਰੂ ਜੀ ਘੁੰਮ ਵਿਚਰ ਕੇ ਵੀ ਸੇਵਾ ਸੰਭਾਲ ਕਰਦੇ ਰਹੇ ਸਨ। ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਰੱਬੀ ਬਖਸ਼ਿਸ਼ਾਂ ਵੰਡਣ ਲਈ ਸਿੱਖਾਂ ਸੇਵਕਾਂ ਨਾਲ ਸਲਾਹ ਕਰਕੇ ਇਕ ਪ੍ਰਚਾਰ ਦੌਰਾ ਕਰਨਾ ਚਾਹਿਆ। ਪਤਾ ਨਹੀਂ ਕਿਹੜੀਆਂ ਕਿਹੜੀਆਂ ਰੂਹਾਂ ਕਿਥੇ-ਕਿਥੇ ਬੈਠੀਆਂ ਗੁਰੂ ਦੀਦਾਰਾਂ ਲਈ ਤੜਪਦੀਆਂ ਸਨ। ਇਸ ਲਈ ਸਤਿਗੁਰੂ ਜੀ ਨੇ ਕੀਰਤਪੁਰ ਸਾਹਿਬ ਦਰਬਾਰ ਦੀ ਸੇਵਾ ਸੰਭਾਲ ਲਈ ਕੁਝ ਪ੍ਰਮੁੱਖ ਸਿੱਖਾਂ ਦੀ ਸੇਵਾ ਲਾ ਕੇ ਆਪ ਕੁਝ ਸ਼ਰਧਾਲੂ ਸਿੱਖਾਂ ਸਮੇਤ ਕੀਰਤਪੁਰ ਸਾਹਿਬ ਤੋਂ ਚੱਲ ਪਏ। ਰੋਪੜ ਤੋਂ ਹੋ ਕੇ ਅੱਗੇ ਗੜ੍ਹਸ਼ੰਕਰ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਜਿਸ ਅਸਥਾਨ ਨੂੰ ਅੱਜ ਕੱਲ ਹਰੀਆਂ ਵੇਲਾਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ, ਜਾ ਡੇਰਾ ਕੀਤਾ। ਹੁਸ਼ਿਆਰਪੁਰ ਰਾਹੀਂ ਜਲੰਧਰ ਹੁੰਦਿਆਂ ਹੋਇਆਂ ਕਰਤਾਰਪੁਰ ਸਾਹਿਬ ਪਹੁੰਚ ਆਸਣ ਲਾਏ। ਇਥੇ ਹੀ ਨਾਂ ਤੋਂ ਵੀ ਅਤੇ ਜੀਵਨ ਪਖੋਂ ਵੀ ਅਸਲੀ ਭਗਤ ਭਾਈ ਭਗਤੂ ਜੀ ਦੇ ਚਲਾਣੇ ਉਪਰੰਤ ਹੱਥੀਂ ਸਸਕਾਰ ਕੀਤਾ। ਇਥੋਂ ਚੱਲ ਕੇ ਅਨੇਕਾਂ ਪ੍ਰੇਮੀਆਂ ਨੂੰ ਉਪਦੇਸ਼ ਬਖਸ਼ਦੇ ਡਰੋਲੀ ਪਹੁੰਚੇ ਜਿੱਥੇ ਕਿਸੇ ਵੇਲੇ ਭਾਈ ਰੂਪਾ ਅਤੇ ਭਾਈ ਸਾਧੂ ਜੀ ਨੇ ਗੁਰੂ ਜੀ ਨੂੰ ਜਲ ਛਕਾ ਕੇ, ਪਰ ਪਿਆਸ ਆਪਣੀ ਸੁਝਾਈ ਸੀ। ਇਥੇ ਫਿਰ ਗੁਰੂ ਦੀਦਾਰ ਪਾ ਪ੍ਰਸੰਨ ਹੋਏ ਸਨ। ਇਧਰੋਂ ਵਿਚਰਦਿਆਂ ਫਿਰ ਗੁਰੂ ਜੀ ਦੇ ਮੁਬਾਰਿਕ ਚਰਣ ਮੇਹਰਾਜ ਦੀ ਧਰਤੀ ਨੇ ਚੁੰਮੇ। ਇਥੇ ਹੀ ਇਕ ਦਿਨ ਕਾਲੇ ਨੇ ਆਪਣੇ ਭਰਾ ਕਰਮ ਚੰਦ ਦੇ ਦੋ ਪੁੱਤ ਫੂਲ ਅਤੇ ਸੰਦਲੀ ਨਾਲ ਲਿਆਂਦੇ ਸਨ। ਇਨ੍ਹਾਂ ਬੱਚਿਆਂ ਦਾ ਪਿਤਾ ਚੜ੍ਹਾਈ ਕਰ ਜਾਣ ਕਾਰਨ ਜ਼ਿੰਦਗੀ ਦੇ ਦਿਨ ਬਹੁਤ ਔਖੇ ਗੁਜ਼ਾਰਦੇ ਸਨ। ਸਭ ਦੇ ਸਾਹਮਣੇ ਗੁਰੂ ਜੀ ਨੂੰ ਅਪਣਾ ਦੁੱਖ ਦੱਸਣਾ ਵੀ ਚਾਹੁੰਦੇ ਸਨ। ਪਰ ਮਤਰੇਇਆਂ ਦੇ ਡਰ ਦੇ ਕਾਰਨ ਕੁਝ ਕਹਿਣ ਤੋਂ ਵੀ

ਅਸਮਰਥ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਬਹੁਤ ਮੁਸ਼ਕਿਲ ਗੁਜ਼ਰਾਨ ਕਰਦੇ ਹਨ। ਬਖਸ਼ਿਸ਼ਾਂ ਦੇ ਦਾਤੇ ਨੇ ਗੋਦ ਵਿੱਚ ਲੈ ਕੇ ਆਖਿਆ, ਭਾਈ ਤੁਸੀਂ ਇਥੇ ਰਾਜ ਕਰਨਾ ਹੈ। ਸੋਚ ਕੇ ਦੇਖੀਏ ਤਦ ਹੀ ਤਾਂ ਸਤਿਗੁਰੂ ਜੀ ਨੂੰ ਬਖਸ਼ਿਸ਼ਾਂ ਦਾ ਭੰਡਾਰ ਕਹਿੰਦੇ ਹਨ ਭਾਈ ਨੰਦ ਲਾਲ ਜੀ। ਅਜਿਹੇ ਗਰੀਬਾਂ ਨੂੰ ਕੌਣ ਗਲ ਲਾਉਂਦਾ ਪਰ ਗੁਰੂ ਹਰਿ ਰਾਇ ਸਾਹਿਬ ਜੀ ਤਾਂ ਗਲ ਲਗਾਉਣਾ ਤਾਂ ਇਕ ਪਾਸੇ ਸਗੋਂ ਰਾਜ ਭਾਗ ਬਖਸ਼ ਦਿੱਤਾ।

ਕਾਲੇ ਖਾਂ ਦੀ ਘਰ ਵਾਲੀ ਸੁਣ ਕੇ ਘਰ ਵਿੱਚ ਕਲੇਸ਼ ਕਰਨ ਲੱਗੀ ਕਿ ਜਿਹੜੀ ਦਾਤ ਆਪਣੇ ਪੁੱਤਰਾਂ ਨੂੰ ਮਿਲਣੀ ਚਾਹੀਦੀ ਸੀ, ਤੁਸੀਂ ਉਹ ਭਤੀਜਿਆਂ ਨੂੰ ਦਵਾ ਦਿੱਤੀ ਹੈ। ਦੂਜੇ ਦਿਨ ਨਾਲ ਆਪਣੇ ਪੁੱਤਰਾਂ ਨੂੰ ਲੈ ਆਇਆ। ਚੋਜ਼ੀ ਪ੍ਰੀਤਮ ਨੇ ਦੇਖਦਿਆਂ ਹੀ ਕਹਿ ਦਿੱਤਾ, ਇਹ ਵੀ ਕਿਸੇ ਦੇ ਮੁਥਾਜ ਨਹੀਂ ਹੋਣਗੇ।

ਇਸ ਤਰ੍ਹਾਂ ਸਤਿਗੁਰੂ ਜੀ ਭੁੱਲਿਆਂ ਨੂੰ ਰਾਹੇ ਪਾਉਂਦਿਆਂ, ਟੁੱਟਿਆਂ ਨੂੰ ਰੱਬ ਨਾਲ ਜੋੜਦਿਆਂ, ਅਟਕਿਆਂ ਨੂੰ ਅੱਗੇ ਤੋਰਦਿਆਂ ਆਖਰਕਾਰ ਪਹੋਆ ਅਤੇ ਥਾਨੇਸਰ ਤੋਂ ਹੁੰਦਿਆਂ ਹੋਇਆਂ ਵਾਪਸ ਕੀਰਤਪੁਰ ਸਾਹਿਬ ਡੇਰੇ ਕੀਤੇ। ਕੁਝ ਦਿਨ ਰੁਕ ਕੇ ਫਿਰ ਪੰਜਾਬ ਦਾ ਇਕ ਦੌਰਾ ਕੀਤਾ। ਇਸ ਵਾਰੀ ਮਾਛੀਵਾੜਾ, ਸਮਰਾਲਾ, ਫਗਵਾੜਾ, ਕਰਤਾਰਪੁਰ, ਬਾਬਾ ਬਕਾਲਾ, ਗੋਇੰਦਵਾਲ, ਅੰਮ੍ਰਿਤਸਰ ਸਾਹਿਬ, ਨਨਕਾਣਾ ਸਾਹਿਬ, ਸਿੱਖੀ ਦੇ ਮੁੱਢ ਦੇ ਦਰਸ਼ਨ ਕੀਤੇ। ਇਥੋਂ ਸਿਆਲਕੋਟ ਰਾਹੀਂ ਕਸ਼ਮੀਰ ਅਤੇ ਫਿਰ ਸਿਫਤ ਸਲਾਹ ਦੀਆਂ ਬਖਸ਼ਿਸ਼ਾਂ ਵਰਤਾ ਕੇ ਵਾਪਸ ਕੀਰਤ ਪੁਰ ਸਾਹਿਬ ਪਧਾਰੇ ਸਨ।

ਸ਼ਾਹ ਜਹਾਨ, ਦੇ ਬਿਮਾਰ ਹੋਣ ਕਾਰਨ ਰਾਜ ਦਰਬਾਰ ਵਿੱਚ ਭਗਦੜ ਮੱਚ ਗਈ। ਆਖਿਰ ਔਰੰਗਜ਼ੇਬ ਭਰਾਵਾਂ ਨੂੰ ਲਤਾੜਦਿਆਂ ਪਿਤਾ ਨੂੰ ਕੈਦੀ ਬਣਾ ਤਖ਼ਤ 'ਤੇ ਕਾਬਜ਼ ਹੋ ਗਿਆ। ਔਰੰਗਜ਼ੇਬ ਨੇ ਗੁਰੂ ਦਰਬਾਰ ਲਈ ਇਕ ਸੱਦਾ ਭੇਜਿਆ ਕਿ ਇਥੇ ਆ ਕੇ ਕੁਝ ਸ਼ੰਕਿਆਂ ਦੀ ਨਵਿਰਤੀ ਕਰੋ। ਪਹਿਲਾਂ ਵੀ ਐਸਾ ਅਕਸਰ ਹੁੰਦਾ ਰਹਿੰਦਾ ਸੀ। ਗੁਰੂ ਅਮਰਦਾਸ ਜੀ ਮਹਾਰਾਜ ਦੇ ਵਕਤ ਵੀ ਬਾਬਾ ਜੇਠਾ ਜੀ ਲਾਹੌਰ ਅਕਬਰ ਦੇ ਦਰਬਾਰ ਸ਼ੰਕਾਵਾਦੀਆਂ ਦੀ ਤਸੱਲੀ ਕਰਵਾ ਕੇ ਆਏ ਸਨ। ਇਸ ਵਾਰੀ ਇਸ ਸੇਵਾ ਦੀ ਡਿਊਟੀ ਬਾਬਾ ਰਾਮ ਰਾਏ ਜੀ ਦੀ ਲੱਗੀ। ਬਾਬਾ ਰਾਮਰਾਏ ਜੀ ਗੁਰੂ ਹੁਕਮ ਮੰਨ ਔਰੰਗਜ਼ੇਬ ਦੇ ਦਰਬਾਰ ਗਏ। ਸ਼ੰਕਾ ਕਰਨ ਵਾਲਿਆਂ ਦੇ ਹਰ ਸੁਆਲ ਦਾ ਜਵਾਬ ਬਾਬਾ ਜੀ ਨੇ ਗੁਰੂ ਚਰਣਾਂ ਦਾ ਧਿਆਨ ਧਰ ਦਿੱਤਾ। ਜਿਸ ਕਰਕੇ ਬਾਬਾ ਜੀ ਦਾ ਰਾਜ ਦਰਬਾਰੇ ਬਹੁਤ ਸਤਿਕਾਰ ਵੱਧ ਗਿਆ। ਜਦੋਂ ਦੁਨਿਆਵੀ ਆਦਰ ਸਤਿਕਾਰ, ਮਾਣ ਵੱਡਿਆਈ ਵੱਧ ਜਾਵੇ ਤਦ ਵਿਰਲੇ ਹੀ ਹੁੰਦੇ ਹਨ ਜਿਹੜੇ ਸਾਬਤ ਰਹਿ ਸਕਣ ਨਹੀਂ ਤੇ ਖੁਦਾ ਦਾ ਰਾਹ ਛੱਡ ਕੇ ਖੁਦੀ ਦੇ ਰਾਹ 'ਤੇ

ਤੁਰ ਪੈਂਦੇ ਹਨ। ਅਜਿਹਾ ਹੀ ਬਾਬਾ ਰਾਮ ਰਾਏ ਜੀ ਨਾਲ ਵਰਤਿਆ। ਔਰੰਗਜ਼ੇਬ ਦੇ ਦਰਬਾਰ ਵਿੱਚ ਇਕ ਸਵਾਲ ਕੀਤਾ ਗਿਆ ਕਿ ਇਹ ਕਿਉਂ ਲਿਖਿਆ ਹੈ ਕਿ "***ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥***" ਬਾਬਾ ਰਾਮ ਰਾਏ ਜੀ ਸੋਚਣ ਲੱਗ ਪਏ ਕਿ ਜੇਕਰ ਮੈਂ ਸੱਚ ਕਹਿ ਦਿੱਤਾ, ਹੋ ਸਕਦਾ ਇਹ ਮਾਣ ਸਤਿਕਾਰ ਗੁਆਚ ਜਾਵੇ, ਇਸ ਲਈ ਸੱਚ ਦਾ ਪੱਲੂ ਛੱਡ ਝੂਠ ਦਾ ਦਾਮਨ ਪਕੜ ਲਿਆ। ਕਿੰਨਾ ਚੰਗਾ ਹੁੰਦਾ ਜੇ ਸਮਝ ਜਾਂਦੇ ਕਿ "***ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥***" ਇਸ ਪੰਗਤੀ ਦੇ ਅਰਥ ਜਾਣਦਿਆਂ ਬੁਝਦਿਆਂ ਹੋਇਆਂ ਵੀ ਕਹਿ ਦਿੱਤਾ ਕਿ ਅਸਲ ਵਿੱਚ ਇਹ ਲਿਖਾਰੀ ਦੀ ਗਲਤੀ ਹੈ। ਅਸਲ ਪੰਕਤੀ ਤਾਂ ਇਹ ਸੀ ਕਿ 'ਮਿੱਟੀ ਬੇਈਮਾਨ ਕੀ ਪੇੜੇ ਪਈ ਘੁਮਿਆਰ। ਬਸ ਗੁਰੂ ਜੀ ਦਾ ਪੱਲਾ ਛੱਡਣ ਦੀ ਦੇਰ ਹੀ ਸੀ ਕਿ ਫਿਰ ਤਾਂ ਹੋਰ ਅਨੇਕਾਂ ਤਰ੍ਹਾਂ ਦੀਆਂ ਕਰਾਮਾਤਾਂ ਵੀ ਦਰਸਾਈਆਂ। "***ਸੋ ਸਿਖੁ ਸਖਾ ਬੰਧਪੁ ਹੈ ਭਾਈ***" ਦੇ ਮਾਰਗ ਤੋਂ ਖਿਤਕ ਕੇ "***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ***" ਦੇ ਰਾਹ ਦੇ ਰਾਹੀ ਬਣ ਗਏ।

ਇਕ ਵਾਰੀ ਪਹਿਲਾਂ ਵੀ ਗੁਰੂ ਹਰਿ ਰਾਇ ਸਾਹਿਬ ਜੀ ਪਲੰਘ ਉਪਰ ਬਿਰਾਜ-ਮਾਨ ਸਨ। ਅਚਾਨਕ ਇਕ ਪ੍ਰੇਮੀ ਗੁਰਸਿੱਖਾਂ ਦਾ ਸੰਗ ਗੁਰੂ ਦੀਦਾਰਾਂ ਲਈ ਬਾਣੀ ਪੜ੍ਹਦਾ ਆ ਰਿਹਾ ਸੀ। ਬਾਣੀ ਦੀ ਆਵਾਜ਼ ਸੁਣ ਕੇ ਸਤਿਗੁਰੂ ਜੀ ਅਬੜਵਾਹੇ ਉਠੇ। ਉਠਦਿਆਂ ਗੋਡੇ ਉਪਰ ਕਾਫੀ ਸੱਟ ਲੱਗ ਗਈ। ਇਕ ਸਿੱਖ ਸਭ ਕੁਝ ਵੇਖ ਹੈਰਾਨ ਹੋਇਆ। ਸਤਿਗੁਰੂ ਜੀ ਨੂੰ ਪੁੱਛਣ ਲੱਗਾ। ਪਾਤਿਸ਼ਾਹ ਜੀ! ਆਪ ਜੀ ਇਤਨਾ ਤ੍ਰਬਕ ਕੇ ਕਿਉਂ ਉਠੇ ਤਦ ਸਾਹਿਬ ਜੀ ਨੇ ਆਖਿਆ, ਭਾਈ, ਬਾਣੀ ਦੇ ਸਤਿਕਾਰ ਲਈ ਜਲਦੀ ਖੜਾ ਹੋਣਾ ਸੀ। ਇਸ ਬ੍ਰਹਮ ਦੀ ਬਾਣੀ ਦਾ ਜਿੰਨਾ ਵੀ ਸਤਿਕਾਰ ਕਰੀਏ, ਉਤਨਾ ਹੀ ਚੰਗਾ ਹੈ। ਪਰ ਸਿੱਖ ਨੇ ਆਖਿਆ ਕਿ ਇਤਨਾ ਵੀ ਕਿ ਸਰੀਰ 'ਤੇ ਸੱਟਾਂ ਖਾਣੀਆਂ ਪੈਂਦੀਆਂ ਹਨ? ਸਤਿਗੁਰੂ ਜੀ ਨੇ ਉਸ ਵਕਤ ਤਾਂ ਸਿਰਫ ਹਾਂ ਹੀ ਕਿਹਾ ਸੀ ਪਰ ਜਦੋਂ ਪਤਾ ਲੱਗਾ ਕਿ ਬਾਬਾ ਰਾਮ ਰਾਏ ਜੀ ਨੇ ਗੁਰਬਾਣੀ ਦੀ ਪੰਕਤੀ ਹੀ ਬਦਲ ਦਿੱਤੀ ਤਦ ਉਸੇ ਸਿੱਖ ਨੂੰ ਬੁਲਾ ਕੇ ਕਹਿਣ ਲੱਗੇ, ਕਦੇ ਆਖਦਾ ਸੀ ਕਿ ਬਾਣੀ ਦੇ ਸਤਿਕਾਰ ਲਈ ਚੋਟਾਂ ਵੀ ਖਾਣੀਆਂ ਪੈਂਦੀਆਂ ਹਨ ਉਦੋਂ ਤਾਂ ਕੇਵਲ ਤਨ ਦੀ ਹੀ ਚੋਟ ਸੀ ਪਰ ਬਾਣੀ ਦੇ ਸਤਿਕਾਰ ਲਈ ਤਾਂ ਮਨ ਦੀਆਂ ਵੀ ਚੋਟਾਂ ਖਾਣੀਆਂ ਪੈਂਦੀਆਂ ਹਨ। ਜਾਹ ਤੂੰ ਹੀ ਰਾਮ ਰਾਏ ਨੂੰ ਕਹਿ ਦੇ ਕਿ ਅੱਜ ਤੋਂ ਬਾਅਦ ਤੇਰਾ ਗੁਰੂ ਘਰ ਨਾਲ ਕੋਈ ਰਿਸ਼ਤਾ ਨਹੀਂ, ਜਿਧਰ ਮੂੰਹ ਹੈ ਭਾਵ ਜਿਧਰ ਚਿਤ ਕਰੇ ਚਲਾ ਜਾਵੇ। ਅਜਿਹੀ ਸਖਸ਼ੀਅਤ ਦੇ ਮਾਲਕ ਸਨ ਗੁਰੂ ਹਰਿ ਰਾਇ ਜੀ ਕਿ ਬਾਣੀ ਭਾਵੇਂ ਨਹੀਂ ਉਚਾਰੀ ਪਰ ਬਾਣੀ ਦਾ ਸਤਿਕਾਰ ਤੇ ਪਿਆਰ ਕਰਨ ਦੀ ਅਦੁੱਤੀ ਮਿਸਾਲ ਕਾਇਮ ਕਰ ਦਿੱਤੀ ਸੀ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਸਰੀਰ ਤਿਆਗਣ ਦਾ ਸਮਾਂ ਨੇੜੇ ਜਾਣ ਦੂਸਰੇ ਪੁੱਤਰ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਸਾਰੀ ਤਿਆਰੇ ਕਰਕੇ ਤਖ਼ਤ ਉਪਰ ਬਿਠਾ ਦਿੱਤਾ। ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਭਾਨਾ ਜੀ ਮਗਰੋਂ ਇਸ ਵਾਰੀ ਭਾਈ ਗੁਰਦਿੱਤਾ ਜੀ ਨੇ ਸਮੁੱਚੀ ਗੁਰਗੱਦੀ ਬਖਸ਼ਣ ਵੇਲੇ ਦੀ ਮਰਯਾਦਾ ਨਿਭਾਹੀ। ਸਤਿਗੁਰੂ ਜੀ ਨੇ ਆਪ ਮੱਥਾ ਟੇਕ ਕੇ ਸਿੱਖ ਸੰਗਤਾਂ ਪ੍ਰਤੀ ਨਮਸਕਾਰ ਕਰਨ ਲਈ ਬਚਨ ਕੀਤਾ ਜਿਸਨੂੰ ਸਿੱਖਾਂ ਨੇ ਸ਼ਰਧਾ ਨਾਲ ਪਾਲਿਆ। ਸੰਗਤਾਂ ਨੂੰ ਰੱਬੀ ਬਾਣੀ ਨਾਲ ਜੁੜ ਕੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਉਸੇ ਤਰ੍ਹਾਂ ਸਮਝਣ ਦਾ ਉਪਦੇਸ਼ ਕਰਕੇ ਆਪ ੬ ਅਕਤੂਬਰ ੧੬੬੧ ਈਸਵੀ ਨੂੰ ਜੋਤੀ ਜੋਤਿ ਸਮਾ ਗਏ। ਇਸ ਤਰ੍ਹਾਂ ਗੁਰੂ ਹਰਿ ਰਾਏ ਸਾਹਿਬ ਜੀ ਦੁਨੀਆਂ ਦੇ ਤਖ਼ਤੇ 'ਤੇ ਸਰੀਰਕ ਤੌਰ 'ਤੇ ਕਰੀਬ ਪੌਣੇ ਬੱਤੀ ਕੁ ਸਾਲ ਇਸ ਸੰਸਾਰ ਨੂੰ ਰੱਬੀ ਰਹਿਮਤਾਂ ਨਾਲ ਨਿਵਾਜਦੇ ਰਹੇ। ਆਉ ਆਪਾਂ ਵੀ ਭਾਈ ਨੰਦ ਲਾਲ ਜੀ ਨਾਲ ਰਲ ਕੇ ਆਖੀਏ, ਹੋ ਸਕਦਾ ਸਾਡੀ ਵੀ ਸੱਖਣੀ ਝੋਲੀ ਗੁਰੂ ਹਰਿ ਰਾਇ ਸਾਹਿਬ ਜੀ ਦੀਆਂ ਸਖਸ਼ਿਸ਼ਾਂ ਨਾਲ ਭਰ ਜਾਵੇ ਅਤੇ ਸਾਡਾ ਵੀ ਲੋਕ ਪ੍ਰਲੋਕ ਸੁਹੇਲਾ ਹੋ ਜਾਵੇ। "*ਸਰਵਰਿ ਕੌਨਨ ਗੁਰੂ*"

ਗੁਰੂ ਹਰਿ ਰਾਏ ਸਾਹਿਬ ਜੀ ਲੋਕ ਪ੍ਰਲੋਕ ਦੇ ਮਾਲਕ ਹਨ।

ੴ

ਜਿਸੁ ਡਿਠੈ ਸਭਿ ਦੁਖਿ ਜਾਇ

ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਖਸ਼ਿਸ਼ਾਂ ਭਰੀ ਅੱਖ ਜਿਸ ਨਾਲ ਇਕ ਵਾਰੀ ਤੱਕਿਆਂ ਅਣਗਿਣਤ ਲੋਕਾਂ ਦੀ ਜ਼ਿੰਦਗੀ ਦੇ ਲਿਖੇ ਅੱਖਰ ਤਬਦੀਲ ਹੋ ਜਾਂਦੇ ਹਨ। ਪੀਰ ਬੁਧੂ ਸ਼ਾਹ ਵਰਗੇ, ਭਾਈ ਨੰਦ ਲਾਲ ਜੀ ਵਰਗੇ ਅਨੇਕਾਂ ਹੀ ਹੋਰ ਸ਼ਰਧਾਲੂ ਹਨ ਜਿਹੜੇ ਇਸ ਅੱਖ ਦੀ ਇਕ ਸੁਭਾਗੀ ਨਦਰਿ ਨੂੰ ਤਰਸਦੇ ਹਨ, ਉਹ ਅੱਖ ਆਪ ਖੁਦ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕਰਕੇ ਜੋ ਪ੍ਰਾਪਤ ਕੀਤਾ, ਦਾ ਪ੍ਰਗਟਾਵਾ ਕਰਨ ਲੱਗੀ ਤਾਂ ਕਲਗੀਧਰ ਦੇ ਹੱਥ ਵਿੱਚ ਪਕੜੀ ਹੋਈ ਕਲਮ ਨੂੰ ਮਾਨੋ ਜ਼ੁਬਾਨ ਲੱਗ ਗਈ ਜਿਹੜੀ ਕਾਗਜ਼ ਦੀ ਹਿੱਕ 'ਤੇ ਇਹ ਕਹਿ ਉਠੀ "***ਸ੍ਰੀ ਹਰਿਕ੍ਰਿਸਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ॥***" ਅਸਲ ਗੁਰੂ ਤਾਂ ਦੁਨੀਆਂ ਵਿੱਚ ਪ੍ਰਮੁੱਖ ਕੰਮ ਹੀ ਇਹ ਲੈ ਕੇ ਆਉਂਦੇ ਹਨ ਕਿ ਜਿਹੜੇ ਲੋਕ ਦੁਖੀ ਹਨ, ਉਨ੍ਹਾਂ ਦੇ ਦੁੱਖ ਆਪਣੀ ਝੋਲੀ ਵਿੱਚ ਪਵਾ ਕੇ ਸੁਖੀ ਕਰ ਦਿੰਦੇ ਹਨ। ਸਤਿਗੁਰੂ ਜੀ ਤੋਂ ਬਿਨਾ ਵੈਸੇ ਤਾਂ ਸਾਰਾ ਸੰਸਾਰ ਹੀ ਦੁੱਖਾਂ ਦਾ ਘਰ ਹੈ ਕਿਉਂਕਿ 'ਸੰਸਾਰੁ ਰੋਗੀ ਨਾਮ ਦਾਰੂ' ਹੈ ਪਰ ਨਾਮ ਦਾਰੂ ਕੇਵਲ ਸਤਿਗੁਰੂ ਜੀ ਕੋਲ ਹੀ ਹੈ। ਇਸ ਲਈ "***ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***" ਸਤਿਗੁਰੂ ਇਕ ਜਨਮ ਦੇ ਨਹੀਂ ਬਲਕਿ ਕਈ ਜਨਮਾਂ ਦੇ ਦੁੱਖ ਮਿਟਾ ਦਿੰਦਾ ਹੈ। "***ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ॥ ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ॥੧॥ ਮੇਰਾ ਬੈਦੁ ਗੁਰੂ ਗੋਵਿੰਦਾ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥***" ਅਸਲ ਵਿੱਚ ਦੁੱਖ ਹੈ ਕੀ? ਸਤਿਗੁਰੂ ਜੀ ਕਿਵੇਂ ਨਵਿਰਤ ਕਰਦੇ ਹਨ? ਆਉ ਵੀਚਾਰੀਏ -

ਸਭ ਤੋਂ ਪਹਿਲਾਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਰੋਗਾਂ ਦੀ ਵੀਚਾਰ ਆਖੀ ਸੀ। ਮਸਤ ਸੁਭਾਅ ਦੇ ਆਦੀ ਹੋਣ ਕਰਕੇ ਮਾਤਾ ਪਿਤਾ ਨੇ ਚਿੰਤਤ ਹੋ ਕੇ ਇਕ ਵੈਦ ਬੁਲਾਇਆ ਸੀ ਜਿਸ ਨੇ ਜਦੋਂ ਪੁੱਛਿਆ ਕਿ ਦੱਸੋ ਤੁਹਾਨੂੰ ਕੀ ਰੋਗ ਹੈ? ਤਾਂ ਸਾਹਿਬਾਂ ਜੀ ਨੇ ਜੁਵਾਬ ਦਿੱਤਾ ਸੀ -

ਦੁਖੁ ਵੇਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥ ਵੈਦ ਨ ਭੋਲੇ ਦਾਰੂ ਲਾਇ॥ (ਪੰਨਾ ੧੨੫੬)

ਸਭ ਤੋਂ ਵੱਡਾ ਦੁੱਖ ਰੱਬ ਤੋਂ ਵਿਛੋੜੇ ਦਾ ਹੈ। ਵਿਛੋੜੇ ਕਾਰਨ ਜੂਨੀਆਂ ਦੀ ਭਟਕਣਾ ਬਣ ਗਈ ਤੇ ਜੂਨੀਆਂ ਅੰਦਰ ਵੱਡਾ ਦੁੱਖ, ਭੁੱਖ ਬਣ ਗਿਆ, ਭੁੱਖ ਦੀ ਤ੍ਰਿਪਤੀ ਲਈ ਭਟਕੇ ਹੋਏ ਚੰਗੇ ਮੰਦੇ ਕਰਮ ਕਰਨ ਲੱਗ ਪਿਆ ਜਿਸ ਕਰਕੇ ਫਿਰ ਦੁਨੀਆਂ ਦੇ ਦੁੱਖਾਂ ਮਗਰੋਂ ਜਮਦੂਤ ਦਾ

ਦੁੱਖ ਸਹਾਰਨਾ ਔਖਾ ਹੋ ਗਿਆ। ਹੇ ਭੋਲੇ ਵੈਦ, ਇਨ੍ਹਾਂ ਦੁੱਖਾਂ ਦੀ ਨਿਵਿਰਤੀ ਲਈ ਤੇਰੇ ਕੋਲ ਕੋਈ ਦਵਾਈ ਨਹੀਂ। ਇਹ ਤਾਂ ਵਿਛੋੜਾ ਸਤਿਗੁਰੂ ਜੀ ਹੀ ਖਤਮ ਕਰਕੇ ਮਿਲਾਪ ਬਖਸ਼ ਸਕਦੇ ਹਨ। ਭਾਈ ਗੁਰਦਾਸ ਜੀ ਨੇ ਸੁੰਦਰ ਵੀਚਾਰ ਲਿਖੀ ਹੈ ਕਿ ਸਤਿਗੁਰੂ ਕਿਵੇਂ ਭਟਕਦੇ ਜੀਵਾਂ ਨੂੰ ਪਾਰ ਕਰਦੇ ਹਨ। ਇਨ੍ਹਾਂ ਵਿੱਚ ਕੋਈ ਗੁਣ ਨਹੀਂ, ਬਖਸ਼ੇ ਨਹੀਂ ਸੀ ਜਾ ਸਕਦੇ, ਪਾਪਾਂ ਲਈ ਜ਼ਿੰਦਗੀ ਦੇ ਮਾਲਕ ਸਨ।

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ ॥
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥
ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ ॥
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ ॥
ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ ॥
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ ॥
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧੁਲੇ ਉਧਾਰੇ ॥
ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥

ਭੱਟ ਟੱਲ ਜੀ ਨੇ ਦ੍ਰਿੜ੍ਹਤਾ ਨਾਲ ਇਹ ਵੀਚਾਰ ਆਖੀ ਕਿ ਗੁਰੂ ਜੀ ਦੇ ਦਰਸ਼ਨ ਕਿਵੇਂ ਸਾਡੀ ਜ਼ਿੰਦਗੀ ਦੇ ਪਾਪ ਰੋਗ ਦੁੱਖ ਦਲਿਦਰਾਂ ਨੂੰ ਧੋ ਕੇ ਜੰਮਣ ਮਰਨ ਤੋਂ ਵੀ ਮੁਕਤ ਕਰ ਦਿੰਦੇ ਹਨ।

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥
ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥
ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥ (ਪੰਨਾ ੧੩੯੨)

ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਪ੍ਰਮੇਸ਼ਵਰ ਵਲੋਂ ਦੋ ਪੁੱਤਰਾਂ ਦੀ ਦਾਤ ਬਖਸ਼ਿਸ਼ ਹੋਈ। ਇਕ ਬਾਬਾ ਰਾਮ ਰਾਏ ਜੀ ਤੇ ਦੂਜੇ ਬਾਬਾ ਸਤਿਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਸਨ। ਜਿਵੇਂ ਪਹਿਲੇ ਗੁਰੂ ਸਹਿਬਾਨ ਜੀ ਦੇ ਸਮੇਂ ਵੀ ਰਿਹਾ ਹੈ ਕਿ ਇਕ ਬ੍ਰਿਤੀ ਸੰਸਾਰੀ ਤੇ ਦੂਜੀ ਨਿੰਰਕਾਰੀ ਹੁੰਦੀ ਸੀ। ਇਸੇ ਤਰ੍ਹਾਂ ਇਥੇ ਵੀ ਬਾਬਾ ਰਾਮ ਰਾਏ ਜੀ ਸੰਸਾਰੀ ਬ੍ਰਿਤੀ ਸਨ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਪ੍ਰਮਾਰਥੀ ਬ੍ਰਿਤੀ ਦੇ ਸਨ। ਭਾਵੇਂ ਬਾਬਾ ਰਾਮ ਰਾਏ ਜੀ ਉਮਰੋਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਤੋਂ ਵੱਡੇ ਸਨ ਪਰ ਕਰਮ ਕਰਕੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਗੁਰੂ ਬਖਸ਼ਿਸ਼ ਦੇ ਪਾਤਰ ਬਣੇ। ਬਚਪਨ ਵਿੱਚ ਹੀ ਇਕ ਦਿਨ ਕੁਝ ਪ੍ਰੇਮੀਆਂ

ਨੇ ਸੁਆਲ ਕੀਤਾ ਕਿ ਸਤਿਗੁਰੂ ਕਿਰਪਾ ਕਰੋ ਇਸ ਇਲਾਹੀ ਦਾਤ ਦਾ ਵਾਰਿਸ ਕੌਣ ਹੋਵੇਗਾ ? ਦੋਵੇਂ ਹੀ ਪੁੱਤਰ ਸੰਸਾਰੀ ਲੋਕਾਂ ਲਈ ਅਤਿ ਸਨੇਹ ਦੇ ਪਾਤਰ ਹਨ ਤਾਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਬਚਨ ਆਖੇ ਸਨ ਕਿ ਭਾਈ ਜਿਨ੍ਹਾਂ ਦੇ ਹਿਰਦੇ ਘਰ ਵਿੱਚ ਗੁਰੂ ਉਪਦੇਸ਼ ਸਮਾ ਗਿਆ ਪਰ ਜਿਹੜੇ ਕੇਵਲ ਸਰੀਰ ਕਰਕੇ ਹੀ ਕੁਝ ਬਣੇ ਹੋਣਗੇ, ਉਹ ਇਸ ਦਾਤਿ ਨੂੰ ਪ੍ਰਾਪਤ ਨਹੀ ਕਰ ਸਕਦੇ। ਸੰਗਤਾਂ ਨੇ ਬੇਨਤੀ ਕੀਤੀ ਕਿ ਇਹ ਵੀ ਸ਼ੰਕਾ ਨਵਿਰਤ ਕਰ ਦਿਓ ਕਿ ਉਪਦੇਸ਼ ਕਿਸਦੇ ਹਿਰਦੇ ਵਿੱਚ ਸਮਾ ਗਿਆ ਹੈ ਤਾਂ ਸਾਹਿਬ ਜੀ ਨੇ ਕਿਰਪਾ ਕਰਕੇ ਇਕ ਸੂਈ ਦਿੱਤੀ ਕਿ ਜਦੋਂ ਦੋਵੇਂ ਜਣੇ ਬਾਣੀ ਪੜ੍ਹਦੇ ਹੋਵਣ, ਚੋਭ ਕੇ ਦੇਖਣਾ ਜਿਹੜਾ ਸਰੀਰ ਤਕ ਹੀ ਦਾਸ ਹੋਵੇਗਾ, ਉਹ ਜ਼ਰੂਰ ਤੜਪੇਗਾ ਪਰ ਜਿਹੜਾ ਗੁਰੂ ਕੇ ਭਾਣੇ ਵਿੱਚ ਆ ਗਿਆ, ਉਹ ਅਡੋਲ ਰਹੇਗਾ। ਸਾਖੀਕਾਰ ਬੜਾ ਸੁੰਦਰ ਲਿਖਦੇ ਹਨ ਕਿ ਸ੍ਰੀ ਹਰਿ ਕ੍ਰਿਸ਼ਨ ਜੀ ਅਡੋਲ ਰਹੇ ਤੇ ਬਾਬਾ ਰਾਮ ਰਾਏ ਜੀ ਤੜਪ ਗਏ ਸਨ। ਜਿਸ ਤੋਂ ਸਪਸ਼ਟ ਹੈ ਕਿ ਇਸ ਦਾਤ ਦਾ ਮਾਲਕ ਉਹੋ ਹੀ ਹੈ ਜਿਹੜਾ ਆਪ ਦੁੱਖ ਦੀ ਪਕੜ ਤੋਂ ਬਾਹਰ ਹੋਵੇ ਕਿਉਂਕਿ ਉਹੋ ਹੀ ਕਿਸੇ ਦੇ ਦੁੱਖ ਨੂੰ ਮਿਟਾ ਸਕਦਾ ਹੈ। ਅਜਿਹਾ ਪਹਿਲਾਂ ਵੀ ਜਗਤ ਸਾਹਮਣੇ ਗੁਰੂ ਜੋਤੀ ਨੇ ਪ੍ਰਗਟ ਕੀਤਾ ਸੀ ਜਦੋਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਮੱਕੇ ਲੱਤ ਮਾਰੀ ਪਰ ਸਤਿਗੁਰੂ ਜੀ ਨਹੀਂ ਤੜਪੇ। ਫਿਰ ਗੁਰੂ ਅਮਰਦਾਸ ਜੀ ਦੇ ਲੱਤ ਮਾਰੀ ਤਾਂ ਤੜਪਣ ਦੀ ਬਜਾਏ ਨਿਮਰਤਾ ਦੇ ਬਚਨਾਂ ਨੇ ਬਾਬਾ ਦਾਤੂ ਜੀ ਦੇ ਤਪਦੇ ਹਿਰਦੇ 'ਚ ਠੰਡ ਵਰਤਾਈ ਸੀ। ਇਸੇ ਤਰ੍ਹਾਂ ਹੁਣ ਵੀ ਇਹੋ ਪਰਖ ਕੇ ਵੇਖਿਆ ਕਿ ਜੇ ਕੋਈ ਚੋਭ ਲਾਵੇ ਤਾਂ ਕੀ ਸਿਧਾਂਤ ਤੋਂ ਥਿੜਕ ਤਾਂ ਨਹੀਂ ਜਾਣਗੇ। ਇਸ ਲਈ ਪਰਪੱਕਤਾ ਸ੍ਰੀ ਹਰਿ ਕ੍ਰਿਸ਼ਨ ਜੀ ਵਿੱਚੋਂ ਪਾਈ ਸੀ।

ਇਸ ਪਰਖ ਦਾ ਪ੍ਰਤੱਖ ਸਬੂਤ ਉਦੋਂ ਮਿਲਿਆ ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਗੁਰੂ ਦੀ ਮਹਾਨ ਵੱਡਿਆਈ ਦਰਸਾਉਣ ਲਈ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਭੇਜਿਆ। ਉਨਾਂ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਅਨੇਕਾਂ ਸੁਆਲਾਂ ਦੇ ਜਵਾਬ ਗੁਰੂ ਚਰਣਾਂ ਵਿੱਚ ਬ੍ਰਿਤੀ ਜੋੜ ਕੇ ਦਿੱਤੇ। ਹਰ ਪਾਸੇ ਤੋਂ ਜਿੱਤ ਹਾਸਿਲ ਹੋਈ ਪਰ ਸਮਝ ਇਹ ਬੈਠੇ ਕਿ ਇਹ ਜਿੱਤ ਮੇਰੀ ਅਕਲ ਕਰਕੇ ਹੋਈ, ਬਸ ਉਦੋਂ ਹੀ ਠੋਕਰ ਖਾ ਗਏ। ਸੁਆਲ ਹੋਇਆ ਕਿ 'ਆਸਾ ਦੀ ਵਾਰ' ਵਿੱਚ ਇਹ ਬਚਨ ਕਿਉਂ ਲਿਖੇ ਗਏ ਕਿ "*ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿ੍ਆਰ ॥*" ਆਪਣੀ ਸਿਆਣਪ ਦਾ ਪੱਲਾ ਪਕੜ ਲਿਆ ਤੇ ਸਤਿਗੁਰੂ ਜੀ ਦੀ ਬਖਸ਼ਿਸ਼ ਦਾ ਦਾਮਨ ਛੱਡ ਦਿੱਤਾ ਤੇ ਜਵਾਬ ਦਿੱਤਾ ਕਿ ਲਿਖਾਰੀ ਦੀ ਭੁੱਲ ਹੈ। ਅਸਲ ਪੰਕਤੀ ਬਦਲ ਕੇ ਕਹਿ ਦਿੱਤਾ ਕਿ "*ਮਿਟੀ ਬਈਮਾਨ ਕੀ ਪੇੜੈ ਪਈ ਘੁਮਿ੍ਆਰ*" ਸ਼ਬਦ ਸੀ। ਦੁਨਿਆਵੀ ਮਾਣ ਸਤਿਕਾਰ ਦੀ ਖ਼ਾਤਰ ਸਤਿਗੁਰੂ ਜੀ ਵਲੋਂ ਪਿੱਠ ਕਰ ਲਈ। ਰਿਸ਼ਤਾ ਟੁੱਟ ਗਿਆ ਸੀ। ਜਿਵੇਂ ਜਿੰਨਾ ਚਿਰ ਤਕ ਸ਼ੀਸ਼ਾ ਸੂਰਜ ਦੇ ਸਨਮੁਖ ਰਹਿੰਦਾ

ਹੈ ਤਾਂ ਉਸ ਵਿਚੋਂ ਸੂਰਜੀ ਕਿਰਨਾਂ ਦੀ ਲਿਸ਼ਕ ਐਨੀ ਤੇਜ਼ ਹੁੰਦੀ ਹੈ ਕਿ ਕੋਈ ਦੇਖ ਵੀ ਨਹੀਂ ਸਕਦਾ ਪਰ ਜਦੋਂ ਸੂਰਜ ਤੋਂ ਲਾਂਭੇ ਹੋ ਗਿਆ ਤਾਂ ਉਹ ਤੇਜ਼ ਪ੍ਰਤਾਪ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਬਾਬਾ ਰਾਮ ਰਾਏ ਜੀ ਨਾਲ ਹੋਇਆ ਜਿਸ ਕਰਕੇ ਮਗਰੋਂ ਫਿਰ ਕਰਾਮਾਤਾਂ ਹੀ ਕਰਾਮਾਤਾਂ ਦਿਖਾਉਂਦੇ ਚਲੇ ਗਏ ਪਰ ਮਾਣ ਸਤਿਕਾਰ ਵੀ ਨਾ ਰੱਖ ਸਕੇ ਕਿਉਂਕਿ ਗੁਰੂ ਹਰਿ ਰਾਏ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਭਾਈ ਦੁਨਿਆਵੀ ਨਿੱਕੀ ਜਿਹੀ ਚੋਭ ਵੀ ਨਾ ਸਹਾਰ ਸਕੇ। ਗੁਰਬਾਣੀ ਸਿਧਾਂਤ ਬਦਲ ਕੇ ਹਾਕਮਾਂ ਦੀ ਖੁਸ਼ਾਮਦ ਕਰਨ ਲੱਗ ਪਏ ਹਨ। ਇਸ ਲਈ ਅੱਜ ਤੋਂ ਬਾਅਦ ਜਿਹੜਾ ਇਸ ਰਾਮ ਰਾਏ ਦੇ ਮੱਥੇ ਲੱਗੇਗਾ, ਉਸਦਾ ਵੀ ਗੁਰੂ ਘਰ ਨਾਲੋਂ ਨਾਤਾ ਟੁੱਟ ਜਾਏਗਾ। ਬਾਬਾ ਰਾਮ ਰਾਏ ਜੀ ਨੂੰ ਸੁਨੇਹਾ ਭੇਜ ਦਿੱਤਾ ਕਿ ਜਿਧਰ ਵੀ ਜੀ ਆਵੇ ਚੱਲਾ ਜਾਵੇ ਪਰ ਗੁਰੂ ਘਰ ਵਿੱਚ ਉਸਦੀ ਕੋਈ ਥਾਂ ਨਹੀਂ।

ਇਧਰ ਗੁਰੂ ਹਰਿ ਰਾਏ ਸਾਹਿਬ ਜੀ ਨੇ ਆਪਣੇ ਪਵਿੱਤਰ ਅਸਥਾਨ 'ਤੇ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਸੁਸ਼ੋਭਿਤ ਕਰਕੇ ਚਲੀ ਆ ਰਹੀ ਮਰਯਾਦਾ ਮੁਤਾਬਿਕ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਕੋਲੋਂ ਗੁਰਗੱਦੀ ਦੀ ਰਸਮ ਕਰਵਾ ਕੇ ਆਪ ਮੱਥਾ ਟੇਕ ਦਿੱਤਾ ਤੇ ਸਮੁੱਚੇ ਸਿੱਖ ਜਗਤ ਨੂੰ ਆਪਣੀ ਥਾਂ ਹੁਣ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅੱਠਵੇਂ ਗੁਰੂ ਮਹਾਰਾਜ ਮੰਨਣ ਦਾ ਹੁਕਮ ਕਰਕੇ ਆਪ ਕੁਝ ਸਮੇਂ ਵਿੱਚ ਹੀ ਜੋਤੀ ਜੋਤ ਸਮਾ ਗਏ।

ਦੁਨੀਆਂ ਵਿੱਚ ਸਭ ਤੋਂ ਵੱਡਾ ਦੁੱਖ ਸ਼ੰਕੇ ਦਾ ਹੁੰਦਾ ਹੈ। ਪ੍ਰੇਮ ਦਾ ਮਹੱਲ ਬਣਦਾ ਵੀ ਜਲਦੀ ਹੈ ਪਰ ਜੇ ਕਰ ਸ਼ੰਕੇ ਦਾ ਛੇਕ ਹੋ ਜਾਵੇ ਤਾਂ ਢਹਿ ਢੇਰੀ ਵੀ ਜਲਦੀ ਹੀ ਹੋ ਜਾਂਦਾ ਹੈ। ਹੁਣ ਤਕ ਗੁਰੂ ਗੱਦੀ ਦੀ ਪਵਿੱਤਰ ਦਾਤਿ ਕਰੀਬ ਇਤਨੀ ਛੋਟੀ ਉਮਰ ਕੋਲ ਨਹੀਂ ਸੀ ਆਈ। ਇਹ ਸ਼ੰਕਾ ਕਿ "ਬੱਚਾ" ਗੁਰੂ ਨਾਨਕ ਪਾਤਿਸ਼ਾਹ ਜੀ ਤੋਂ ਚਲੇ ਆ ਰਹੇ ਸਿੱਖ ਜਗਤ ਦੀ ਅਗਵਾਈ ਕਿਵੇਂ ਕਰ ਸਕੇਗਾ। 'ਆਸਾ ਦੀ ਵਾਰ' ਵਿੱਚ ਇਆਣੇ ਨਾਲ ਦੋਸਤੀ ਦਾ ਸਬਕ ਵੀ ਰੋਜ਼ ਪੜ੍ਹਦੇ ਸਨ ਕਿ ਜੇ ਕਰ ਇਕ ਅੱਧੀ ਚੰਗੀ ਕਰ ਵੀ ਲਵੇਗਾ ਪਰ ਆਖਿਰ ਵਿਗਾੜ ਹੀ ਪਾਵੇਗਾ। ਇਹ ਚਰਚਾ ਚਾਰੇ ਪਾਸੇ ਫੈਲ ਗਈ। ਗੁਰੂ ਘਰ ਦੇ ਦੋਖੀਆਂ ਨੇ ਸਮਾਂ ਪਾ ਕੇ ਹੁਣ ਸਿੱਖੀ ਦੇ ਬੂਟੇ ਨੂੰ ਪੁਟਣਾ ਚਾਹਿਆ ਪਰ ਇਹ ਭੁੱਲ ਹੀ ਗਏ ਸਨ। ਉੱਤੇ ਫੁੱਟੀ ਕਰੂੰਬਲ ਵੇਖਣ ਨੂੰ ਭਾਵੇਂ ਨਾਜ਼ਕ ਦਿੱਸਦੀ ਹੈ ਪਰ ਜੋਤਿ ਤੇ ਜੁਗਤਿ ਉਹੋ ਹੋਣ ਕਰਕੇ ਥੱਲੇ ਜੜ੍ਹਾਂ ਬਹੁਤ ਡੂੰਘੀਆਂ ਹਨ। ਇਕ ਦਿਨ ਇਕ ਚਾਲ ਖੇਡੀ - ਇਕ ਕੁਸ਼ਟੀ ਰੋਗ ਨਾਲ ਪੀੜਤ ਮਨੁੱਖ ਨੂੰ ਧੰਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਰਾਹ ਵਿੱਚ ਬਿਠਾ ਦਿੱਤਾ ਤੇ ਆਖ ਦਿੱਤਾ ਕਿ ਤੁਹਾਡੀ ਹੀ ਜੋਤਿ ਨੇ ਪਹਿਲੇ ਜਾਮਿਆਂ ਵਿੱਚ ਕਈ ਕੋਹੜ ਦੇ ਰੋਗੀਆਂ ਨੂੰ ਰਾਹਤ ਬਖਸ਼ੀ ਹੈ। ਸੋ ਗੁਰੂ ਨਾਨਕ ਸਾਹਿਬ ਜੀ ਦਾ ਹੀ ਘਰ ਜਾਣ ਕੇ ਮੈਂ ਆਇਆ ਹਾਂ, ਮੇਰਾ ਦੁੱਖ ਨਵਿਰਤ

ਕਰੋ। ਦੋਖੀਆਂ ਦੀ ਚਾਲ ਸੀ ਕਿ ਹੁਣ ਅਜਿਹਾ ਹੋ ਨਹੀਂ ਸਕਦਾ। ਸੋ ਗੁਰੂ ਘਰ ਦੀ ਬਦਨਾਮੀ ਹੀ ਜੜ੍ਹ ਪੁੱਟਣ ਦਾ ਕਾਰਨ ਬਣ ਜਾਵੇਗੀ। ਪਰ ਸਤਿਗੁਰੂ ਮਹਾਰਾਜ ਜੀ ਨੇ ਬੜੇ ਅਦਬ ਸਤਿਕਾਰ ਨਾਲ ਕੋਲ ਸੱਦ ਕੇ ਔਸ਼ਧੀ ਬਖਸ਼ੀ। ਇਕ ਗੱਲ ਚੇਤਾ ਰੱਖਣ ਯੋਗ ਹੈ ਕਿ ਜਿਹੜੀ ਦਵਾਈ ਸ਼ਾਹ ਜਹਾਨ ਆਪਣੇ ਪੁੱਤਰ ਲਈ ਰਾਜਾ ਹੋ ਕੇ ਵੀ ਪ੍ਰਾਪਤ ਨਹੀਂ ਸੀ ਕਰ ਸਕਿਆ ਤਾਂ ਉਹੀ ਦਵਾਈ ਗੁਰੂ ਹਰਿ ਰਾਏ ਸਾਹਿਬ ਜੀ ਦੇ ਦਵਾਖਾਨੇ ਵਿਚੋਂ ਸਹਿਜੇ ਹੀ ਪ੍ਰਾਪਤ ਹੋ ਗਈ ਸੀ ਜਿਸ ਕਰਕੇ ਦਾਰਾ ਸ਼ਿਕੋਹ ਅਰੋਗ ਹੀ ਨਹੀਂ ਹੋਇਆ ਬਲਕਿ ਗੁਰੂ ਘਰ ਦਾ ਦਾਸ ਬਣ ਗਿਆ ਸੀ। ਕਿਸੇ ਇਕ ਵਿਦਵਾਨ ਪੁਰਸ਼ ਦਾ ਬਚਨ ਵੀ ਹੈ ਕਿ ਜਿਥੋਂ ਦਵਾ ਤੇ ਦੁਆ ਮਿਲ ਜਾਣ ਫਿਰ ਕੋਈ ਅਜਿਹਾ ਕਾਰਨ ਨਹੀਂ ਕਿ ਜੀਵ ਦੇ ਦੁੱਖ ਨਾ ਕੱਟੇ ਜਾਣ –

ਜੋ ਬਾਤ ਦੁਆ ਸੇ ਬਨ ਸਕੇ ਵੋ ਬਾਤ ਦੁਆ ਸੇ ਹੋਤੀ ਹੈ।
ਜਬ ਮੁਰਸ਼ਿਦ ਕਾਮਿਲ ਮਿਲਤਾ ਹੈ ਤਬ ਬਾਤ ਖੁਦਾ ਸੇ ਹੋਤੀ ਹੈ।

ਜਦੋਂ ਦਵਾਈ ਵੀ ਹੋਵੇ ਤੇ ਪ੍ਰਮੇਸ਼ਵਰ ਦੇ ਚਰਨਾਂ ਵਿੱਚ ਦੁਆ ਵੀ ਹੋਵੇ ਤਾਂ ਆਉਖਧ ਵੀ ਰਾਸ ਆ ਜਾਂਦੀ ਹੈ। ਗੁਰਬਾਣੀ.ਦਾ ਮਹਾਂਵਾਕ ਵੀ ਹੈ।

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

ਇਸ ਲਈ ਇਹ ਕੁਸ਼ਟੀ ਰੋਗ ਨਾਲ ਪੀੜਤ ਰੋਗੀ ਠੀਕ ਹੀ ਨਹੀਂ ਹੋਇਆ ਬਲਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਮਹਾਰਾਜ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਕਾਮਿਲ ਹਨ, ਦਾ ਸਬੂਤ ਬਣ ਕੇ ਦੋਖੀਆਂ ਦੇ ਮੂੰਹ ਉਪਰ ਚਪੇੜ ਬਣ ਵੱਜਾ ਸੀ ਜਿਸ ਨਾਲ ਗੁਰੂ ਘਰ ਦੀ ਕੀਰਤੀ ਘਰ ਘਰ ਹੋਈ। ਗੁਰੂ ਗੋਬਿੰਦ ਸਿੰਘ ਜੀ ਦੀ ਅੱਖ ਨਾਲ ਤੱਕਦਿਆਂ ਸਪਸ਼ਟ ਦਿਸੇਗਾ ਕਿ "*ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥*"

ਗੁਰੂ ਸਾਹਿਬ ਜੀ ਨੇ ਹੋਰ ਵੀ ਅਨੇਕਾਂ ਸਮਾਜਿਕ ਦੁੱਖਾਂ ਤੋਂ ਵੀ ਇਸ ਦੁੱਖੀ ਸਮਾਜ ਨੂੰ ਛੁਟਕਾਰਾ ਦਿਵਾਇਆ ਸੀ ਜਿਸ ਦੀ ਸਪਸ਼ਟ ਮਿਸਾਲ ਹੈ ਜਿਸ ਇਸਤ੍ਰੀ ਲਈ ਗੁਰੂ ਨਾਨਕ ਸਾਹਿਬ ਜੀ ਨੇ "*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*" ਕਹਿ ਕੇ ਹੋਕਾ ਲਾਇਆ ਸੀ ਤੇ ਗੁਰੂ ਅਮਰਦਾਸ ਜੀ ਨੇ ਇਸਤ੍ਰੀ ਜਾਤੀ ਉਪਰ ਸਤੀ ਹੋਣ ਦੇ ਨਾਂ ਹੇਠ ਹੋ ਰਹੇ ਘੋਰ ਪਾਪ ਨੂੰ ਬੰਦ ਕਰਵਾ ਕੇ ਦੁਬਾਰਾ ਵਿਆਹ ਦੀ ਰਸਮ ਨੂੰ ਪ੍ਰਚਲਿਤ ਕੀਤਾ ਸੀ ਤਾਂ ਉਸੇ ਹੀ ਇਸਤ੍ਰੀ ਉਪਰ ਹੁਣ ਇਕ ਅਜੀਬੋ ਗਰੀਬ ਪਾਪ ਹੋਣ ਲੱਗ ਪਿਆ ਸੀ। ਜਿਸ ਘਰ ਵੀ ਲੜਕੀ ਜੰਮਦੀ ਤਾਂ ਜੰਮਦੀ ਨੂੰ ਹੀ ਮਾਰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਇਕ ਰੋਪੜ ਦੇ ਇਲਾਕੇ ਵਿਚ ਇਕ ਰਾਜਾ ਰਾਮ ਨਾਂ ਦਾ ਮਸ਼ਹੂਰ ਸੀ ਜਿਹੜਾ ਜੰਮਦੀਆਂ ਹੀ ਲੜਕੀਆਂ ਮਾਰ ਦਿੰਦਾ ਸੀ ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਸਾਹਿਬਾਂ ਨੇ ਸਪਸ਼ਟ ਹੀ ਕਹਿ

ਦਿੱਤਾ ਕਿ ਭਾਈ ਤੈਨੂੰ ਮੱਥਾ ਟੇਕਣ ਦਾ ਕੋਈ ਹੱਕ ਨਹੀ ਕਿਉਂਕਿ ਜਿਥੇ ਤੂੰ ਮੱਥਾ ਟੇਕਣ ਲੱਗਾ ਹੈਂ, ਇਸ ਘਰੋਂ ਤਾਂ ਜ਼ਿੰਦਗੀ ਬਖਸ਼ੀ ਜਾਂਦੀ ਹੈ ਪਰ ਜਿਹੜਾ ਜ਼ਿੰਦਗੀ ਖੋਤਣੀ ਹੀ ਜਾਣਦਾ ਹੋਵੇ, ਉਸ ਨਾਲ ਕਿਵੇਂ ਨਿਭੇਗੀ ਤਾਂ ਸ਼ਾਹੂਕਾਰ ਨੇ ਮੱਥਾ ਟੇਕਣ ਲਈ ਮਿੰਨਤਾਂ ਕੀਤੀਆਂ ਪਰ ਸਾਹਿਬ ਜੀ ਨੇ ਆਖਿਆ ਕਿ ਭਾਈ ਤੂੰ ਜੰਮਦੀ ਹੀ ਲੜਕੀ ਨੂੰ ਮਾਰ ਦਿੰਦਾ ਹੈ ਜੇਕਰ ਅੱਗੋਂ ਲਈ ਇਸ ਕੁਕਰਮ ਤੋਂ ਤੋਬਾ ਕਰੇਂ ਤਾਂ ਹੀ ਮੱਥਾ ਟੇਕ ਸਕਦਾ ਹੈਂ। ਸ਼ਾਹੂਕਾਰ ਨੇ ਰੋ ਰੋ ਕੇ ਪ੍ਰਣ ਹੀ ਨਹੀਂ ਕੀਤਾ ਸਗੋਂ ਕੀਤੇ ਪਾਪਾਂ ਦੀ ਖਿਮਾ ਵੀ ਮੰਗੀ। ਸ਼ਰਧਾਲੂ ਸਿੱਖ ਬਣ ਗਿਆ। ਕੇਵਲ ਸ਼ਾਹੂਕਾਰ ਦਾ ਹੀ ਦੁੱਖ ਹੀ ਨਹੀਂ ਕੱਟਿਆ ਬਲਕਿ ਸਮਾਜ ਦਾ ਹੀ ਕੋਹੜ ਵੱਢ ਦਿੱਤਾ ਸੀ ਜਿਸ ਨਾਲ ਇਸਤ੍ਰੀ ਜਾਤੀ ਉਪਰ ਹੋ ਰਹੇ ਜ਼ੁਲਮ ਨੂੰ ਠੱਲ੍ਹ ਪਾਈ।

ਬਾਬਾ ਰਾਮ ਰਾਏ ਜੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਗਵਾ ਕੇ ਦੁਨਿਆਵੀ ਮਿਲੀ ਜਾਗੀਰ ਨੂੰ ਸੰਭਾਲਣ ਅਤੇ ਗੁਰੂ ਤੋਂ ਵਿਛੋੜੇ ਦੇ ਦੁੱਖ ਨੂੰ ਭੁਲਾਉਣ ਵਾਸਤੇ ਡੇਹਰਾਦੂਨ ਚਲੇ ਗਏ। ਜਿਵੇਂ ਇਆਣੀ ਮਤਿ ਵਾਲਾ ਕਿਸੇ ਜ਼ਖਮ ਨੂੰ ਖੁਰਕ ਕੇ ਰਾਹਿਤ ਮਹਿਸੂਸ ਕਰਦਾ ਹੈ ਪਰ ਅਸਲ ਵਿੱਚ ਇਹ ਹੋਰ ਦੁੱਖ ਵਿੱਚ ਵਾਧਾ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਬਾਬਾ ਰਾਮ ਰਾਏ ਜੀ ਨੂੰ ਡੇਹਰਾਦੂਨ ਵੀ ਚੈਨ ਨਾ ਆਇਆ। ਥੋੜ੍ਹਾ ਸਮਾਂ ਸਬਰ ਵੀ ਇਸ ਲਈ ਕਰਨਾ ਪਿਆ ਕਿਉਂਕਿ ਔਰੰਗਜ਼ੇਬ ਕਸ਼ਮੀਰ ਗਿਆ ਹੋਇਆ ਸੀ ਜਦੋਂ ਵਾਪਿਸ ਪਰਤਿਆ ਤਾਂ ਬਾਬਾ ਰਾਮ ਰਾਏ ਜੀ ਫਿਰ ਸੁਆਲੀ ਬਣ ਖੜੇ ਹੋ ਗਏ। ਜਿਸ ਗੁਰੂ ਦੇ ਦਰਸ਼ਨ ਕਰਕੇ ਅਨੇਕਾਂ ਲੋਕੀਂ ਆਪਣੇ ਦੁੱਖ ਮਿਟਾ ਰਹੇ ਸਨ ਪਰ ਬਾਬਾ ਰਾਮ ਰਾਏ ਜੀ ਉਨ੍ਹਾਂ ਨਾਲ ਹੀ ਈਰਖਾ ਕਰਨ ਕਰਕੇ ਆਪਣੇ ਜ਼ਖਮਾਂ ਨੂੰ ਖੁਰਕ ਕੇ ਮਾਨੋ ਹੋਰ ਦੀਰਘ ਬਣਾ ਰਹੇ ਸਨ। ਔਰੰਗਜ਼ੇਬ ਨੂੰ ਬੇਨਤੀ ਕੀਤੀ ਕਿ ਕਿਸੇ ਵੀ ਤਰ੍ਹਾਂ ਕਰੋ ਜਾਂ ਤਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਇਥੇ ਬੁਲਾ ਕੇ ਆਪਣੇ ਜਾਲ ਵਿੱਚ ਫਸਾ ਕੇ ਕਰਾਮਾਤਾਂ ਕਰਵਾ ਲਵੋ ਜਿਸ ਨਾਲ ਮੇਰੇ ਉਪਰ ਲੱਗਿਆ ਕਲੰਕ ਧੋਤਾ ਜਾ ਸਕੇ ਜਾਂ ਫਿਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਖ਼ਤਮ ਕਰਕੇ ਮੈਨੂੰ ਗੁਰਗੱਦੀ ਦਾ ਵਾਰਿਸ ਬਣਾ ਦਿੱਤਾ ਜਾਵੇ। ਬਾਬਾ ਰਾਮ ਰਾਏ ਜੀ ਨੇ ਵਾਸਤਾ ਪਾਇਆ ਕਿ ਤੁਹਾਡੀ ਖ਼ਾਤਰ ਮੈਂ ਸਭ ਨੂੰ ਛੱਡ ਦਿੱਤਾ ਹੈ ਪਰ ਹੁਣ ਤੁਸੀਂ ਮੇਰੀ ਮਦਦ ਜ਼ਰੂਰ ਕਰੋ। ਔਰੰਗਜ਼ੇਬ ਨੇ ਵੀ ਘਰ ਦੇ ਝਗੜੇ ਵਿੱਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਵਧਦੀ ਕੀਰਤੀ ਨੂੰ ਦੇਖ ਕੇ ਲਾਭ ਖੱਟਣਾ ਚਾਹਿਆ। ਇਸ ਲਈ ਦਰਬਾਰ ਵਿੱਚ ਵੀਚਾਰ ਕੇ ਮਿਰਜ਼ਾ ਜੈ ਸਿੰਘ ਦੀ ਡਿਊਟੀ ਲੱਗੀ, ਸਤਿਗੁਰੂ ਜੀ ਨੂੰ ਦਿੱਲੀ ਸੱਦਣ ਲਈ। ਅੱਗੋਂ ਮਿਰਜ਼ਾ ਜੈ ਸਿੰਘ ਨੇ ਇਕ ਅਦਬੀ ਬੰਦੇ ਪਰਸ ਰਾਮ ਨੂੰ ਇਸ ਕਾਰਜ ਲਈ ਚੁਣਿਆ।

ਪਰਸ ਰਾਮ ਨੇ ਕੀਰਤਪੁਰ ਸਾਹਿਬ ਹਾਜ਼ਰ ਹੋ ਕੇ ਸਾਰੀ ਵਾਰਤਾ ਕਹਿ ਸੁਣਾਈ ਸੰਗਤਾਂ

ਵਿਚਾਰਨ ਲੱਗ ਪਈਆਂ ਸਨ ਕਿਉਂਕਿ ਬਾਬਾ ਰਾਮ ਰਾਇ ਜੀ ਦਿੱਲੀ ਔਰੰਗਜ਼ੇਬ ਕੋਲ ਗਏ ਹੋਏ ਸਨ ਜਿਹੜੇ ਹੁਣ ਗੁਰੂ ਘਰ ਦੇ ਦੋਖੀਆਂ ਵਿਚ ਸ਼ਾਮਿਲ ਸਨ। ਗੁਰੂ ਅਰਜਨ ਸਾਹਿਬ ਜੀ ਦੇ ਵੇਲੇ ਜਦੋਂ ਸੁਲਹੀ ਖ਼ਾਂ ਚੜ੍ਹ ਕੇ ਆਇਆ ਸੀ ਤਾਂ ਕੁਝ ਪ੍ਰੇਮੀਆਂ ਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਸੀ ਕਿ ਪਹਿਲੀ ਅਰਜ਼ ਹੈ ਕਿ ਇਕ ਚਿੱਠੀ ਭੇਜ ਦਿਉ ਕਿ ਇਹ ਘਰ ਦਰਵੇਸ਼ਾਂ ਦਾ ਹੈ, ਇਸ ਲਈ ਜੰਗ ਨਹੀਂ ਲੜਨਾ ਚਾਹੁੰਦੇ। ਦੂਜੇ ਬੇਨਤੀ ਇਹ ਕੀਤੀ ਕਿ ਜੇ ਕਰ ਕੋਈ ਲਿਖਤੀ ਸਬੂਤ ਨਹੀਂ ਦੇਣਾ ਤਾਂ ਕੋਈ ਸਿਆਣੇ ਦੋ ਗੁਰਸਿੱਖ ਭੇਜ ਦਿਉ ਜਿਹੜਾ ਗੱਲਬਾਤ ਨਾਲ ਹੀ ਕਾਰਜ ਰਾਸ ਕਰ ਲੈਣ। ਤੀਜੀ ਸਲਾਹ ਇਹ ਹੋਈ ਕਿ ਕੋਈ ਨਾ ਕੋਈ ਉਪਰਾਲਾ ਜ਼ਰੂਰ ਹੀ ਕਰਨਾ ਚਾਹੀਦਾ ਹੈ ਪਰ ਹੁਣ ਤੁਸੀ ਹੀ ਦੱਸੋ ? ਤਦ ਸਾਹਿਬ ਜੀ ਨੇ ਅਡੋਲ ਬੈਠ ਕੇ ਸਰੰਦਾ ਚੁੱਕ ਸ਼ਬਦ ਗਾਇਆ ਸੀ "*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥ ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥*" ਇਸੇ ਤਰ੍ਹਾਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਵੀ ਸੰਗਤਾਂ ਨੂੰ ਧੀਰਜ ਦਿੱਤਾ ਅਤੇ ਆਪ ਚੱਲਣ ਲਈ ਤਿਆਰੀ ਕਰ ਲਈ।

ਅਣਗਿਣਤ ਸੰਗਤਾਂ ਦੇ ਇਕੱਠ ਵਿੱਚ ਬਾਲਾ ਪ੍ਰੀਤਮ ਦਿੱਲੀ ਦੇ ਦੁੱਖੜੇ ਦੂਰ ਕਰਨ ਲਈ ਚੱਲ ਪਏ ਸਨ। ਰਸਤੇ ਵਿੱਚ ਅਨੇਕਾਂ ਜੀਵਾਂ ਨੂੰ ਦੀਦਾਰ ਬਖਸ਼ ਕੇ ਆਖਿਰ ਪੰਜੋਖਰਾ ਸਾਹਿਬ ਦੇ ਅਸਥਾਨ 'ਤੇ ਪਹੁੰਚ ਗਏ। ਗੁਰੂ ਜੀ ਦਾ ਆਗਮਨ ਸੁਣ ਕੇ ਅਨੇਕਾਂ ਹੀ ਸੰਗਤਾਂ ਵਹੀਰਾਂ ਘੱਤ ਕੇ ਰਸਤੇ ਵਿੱਚ ਇਕੱਠੀਆਂ ਹੋ ਜਾਂਦੀਆਂ ਸਨ ਫਿਰ ਸਤਿਗੁਰੂ ਜੀ ਵੀ ਉਥੇ ਹੀ ਪੜਾਅ ਕਰਕੇ ਉਪਦੇਸ਼ ਕਰਦੇ ਅਤੇ ਅਗਲੇ ਮਾਰਗ ਦੀ ਤਿਆਰੀ ਕਰਦੇ ਸਨ। ਪੰਜੋਖਰਾ ਸਾਹਿਬ ਤਕ ਪਹੁੰਚਦਿਆਂ ਕਾਫੀ ਸੰਗਤਾਂ ਦਾ ਇਕੱਠ ਹੋ ਗਿਆ ਸੀ। ਇਥੇ ਵੀ ਇਕ ਪ੍ਰਮੇਸ਼ਵਰ ਦੇ ਪਿਆਰੇ ਦੇ ਦੁੱਖੜੇ ਦੂਰ ਕਰਨੇ ਸਨ। ਜਿਸ ਦੀ ਵਿਧਿ ਦਾ ਕਾਰਣ ਪੰਡਿਤ ਲਾਲ ਚੰਦ ਦਾ ਹੰਕਾਰ ਬਣ ਗਿਆ ਸੀ। ਕਾਫੀ ਇਕੱਠ ਵੇਖ ਕੇ ਕੋਲ ਆ ਗਿਆ ਤੇ ਇਕੱਠ ਦਾ ਕਾਰਨ ਪੁੱਛਿਆ। ਕਿਸੇ ਸਿਦਕਵਾਨ ਨੇ ਕਿਹਾ ਕਿ ਧੰਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਆਏ ਹੋਏ ਹਨ। ਇਹ ਗੱਲ ਸੁਣ ਕੇ ਪੰਡਿਤ ਜੀ ਨੇ ਹੰਕਾਰ ਦਾ ਹਾਸਾ ਹੱਸਿਆ ਤੇ ਆਖਣ ਲੱਗਾ ਕਿ ਸਾਡੇ ਕ੍ਰਿਸ਼ਨ ਭਗਵਾਨ ਜੀ ਹੋਏ ਹਨ ਪਰ ਇਨ੍ਹਾਂ ਨੇ ਤਾਂ ਕ੍ਰਿਸ਼ਨ ਦੀ ਥਾਂ 'ਤੇ ਸਗੋਂ ਹਰਿ ਕ੍ਰਿਸ਼ਨ ਨਾਂ ਰੱਖਿਆ ਹੋਇਆ ਹੈ। ਕ੍ਰਿਸ਼ਨ ਜੀ ਨੇ ਤਾਂ ਗੀਤਾ ਉਚਾਰੀ ਸੀ ਪਰ ਇਹ ਉਚਾਰ ਤਾਂ ਨਹੀਂ ਸਕਦੇ ਸੋ ਉਚਾਰੀ ਦੇ ਹੀ ਇਕ ਬਚਨ ਦੇ ਅਰਥ ਕਰ ਦੇਣ। ਸਾਹਿਬ ਜੀ ਤਕ ਜਦੋਂ ਇਹ ਬਚਨ ਗਿਆ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਜੇ ਕਰ ਅਰਥ ਅਸੀਂ ਕਰ ਦਿੱਤੇ ਤਾਂ ਸ਼ੰਕਾ ਬਣਿਆਂ ਹੀ ਰਵੇਗਾ ਕਿਉਂਕਿ ਮਨ ਵਿੱਚ ਭਰਮ ਰਹਿ ਜਾਵੇਗਾ ਕਿ ਗੁਰੂ

ਘਰ ਵਿੱਚ ਰਹੇ ਹਨ, ਹੋ ਸਕਦਾ ਹੈ, ਕਦੇ ਸੁਣ ਹੀ ਲਏ ਹੋਣ। ਇਸ ਲਈ ਤੁਸੀਂ ਕੋਈ ਸਿੱਖ ਲੈ ਆਵੋ, ਅਸੀਂ ਉਸ ਕੋਲੋਂ ਅਰਥ ਕਰਵਾ ਲਵਾਂਗੇ। ਪੰਡਿਤ ਨੇ ਸਲਾਹ ਕਰਕੇ ਇਕ ਝਿਊਰ ਜਾਤੀ ਨਾਲ ਸੰਬੰਧਿਤ ਇਕ ਛੱਜੂ ਨਾਂ ਦੇ ਬੰਦੇ ਨੂੰ ਲੈ ਆਏ ਜਿਸ ਵਿੱਚ ਦੋ ਔਗੁਣ ਸਨ। ਕਹਿੰਦੇ ਹਨ ਕਿ ਨਾ ਇਹ ਸੁਣ ਸਕਦਾ ਸੀ ਤੇ ਨਾ ਹੀ ਬੋਲ ਸਕਦਾ ਸੀ ਪਰ ਜਦੋਂ ਸਤਿਗੁਰੂ ਜੀ ਦੇ ਹਜ਼ੂਰ ਪਕੜ ਲੈ ਆਏ ਤਾਂ ਦੁੱਖੀਆਂ ਦੇ ਦੁੱਖੜੇ ਦੂਰ ਕਰਨ ਆਏ ਬਾਲਾ ਪ੍ਰੀਤਮ ਨੇ ਕਿਰਪਾ ਕਰ ਦਿੱਤੀ। ਜਿਸ ਦਾ ਪਵਿੱਤਰ ਸਬੂਤ ਪਹਿਲਾਂ ਹੀ ਗੁਰੂ ਅਰਜਨ ਸਾਹਿਬ ਜੀ ਨੇ ਅੰਮ੍ਰਿਤ ਬਾਣੀ ਵਿੱਚ ਅੰਕਿਤ ਕਰ ਦਿੱਤਾ ਸੀ। ਬਿਲਾਵਲ ਰਾਗ ਵਿਚ ਬਚਨ ਹੈ -

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥(ਪੰਨਾ ੮੦੯)

ਰਹਿਮਤਾਂ ਦੇ ਸਾਈਂ ਨੇ ਰਹਿਮਤਾਂ ਦੀ ਵਰਖਾ ਕੀਤੀ ਤਾਂ ਪੰਡਿਤ ਲਾਲ ਚੰਦ ਵਲੋਂ ਬੋਲਿਆ ਸਲੋਕ ਸੁਣਿਆ ਹੀ ਨਹੀਂ ਬਲਕਿ ਉਸਦੇ ਅਰਥ ਵੀ ਕਰਾ ਦਿੱਤੇ। ਲੋਕ ਹੈਰਾਨ ਸਨ ਜਿਹੜਾ ਬੋਲ ਨਹੀਂ ਸੀ ਸਕਦਾ, ਉਹ ਤਾਂ ਉਲਟਾ ਵਿਦਵਾਨ ਪੁਰਸ਼ਾਂ ਦੀ ਪੰਕਤੀ ਵਿੱਚ ਸ਼ਾਮਿਲ ਹੈ। ਇਸੇ ਲਈ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਵਿੱਤਰ ਅੱਖ ਨੇ ਤੱਕ ਕੇ ਜ਼ਾਹਿਰਾ ਹੋਕਾ ਦਿੱਤਾ ਸੀ ਕਿ "*ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥*" ਕੌੜੇ ਰੀਠਿਆਂ ਕੋਲ ਬੈਠ ਕੇ ਜਿਸ ਗੁਰੂ ਨਾਨਕ ਸਾਹਿਬ ਨੇ ਮਿੱਠੇ ਕਰ ਦਿੱਤੇ ਸਨ, ਅੱਜ ਤਕ ਵੀ ਮਾਣੀ ਛੋਹ ਦਾ ਸੁਨੇਹਾ ਦਿੰਦੇ ਹਨ। ਇਸੇ ਤਰ੍ਹਾਂ ਹੀ ਛੱਜੂ ਝਿਊਰ ਨੂੰ ਮਿਠੜੀ ਛੋਹ ਦੇ ਕੇ ਧੰਨ ਗੁਰੂ ਕੇ ਗੁਜ਼ਰਾਨ ਕਰਦੇ ਸੀ, ਉਹ ਅੱਜ ਭਾਈ ਛੱਜੂ ਜੀ ਦਾ ਪਾਣੀ ਭਰਨ ਵਿੱਚ ਧੰਨ ਭਾਗ ਸਮਝਦੇ ਸਨ।

ਇਥੋਂ ਸਾਹਿਬ ਜੀ ਨੇ ਸਾਰੀ ਸੰਗਤ ਨੂੰ ਪਿੱਛੇ ਪਰਤਣ ਦਾ ਬਚਨ ਆਖ ਕੇ ਆਪ ਨਾਲ ਕੁਝ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਅੱਗੇ ਕੂਚ ਕਰ ਗਏ। ਦਿੱਲੀ ਪਹੁੰਚਦਿਆਂ ਹੀ ਰਾਜਾ ਜੈ ਸਿੰਘ ਹਾਜ਼ਰ ਹੋ ਕੇ ਆਪਣੇ ਨਿਵਾਸ ਅਸਥਾਨ 'ਤੇ ਪ੍ਰਬੰਧ ਕਰਕੇ ਸਤਿਗੁਰੂ ਜੀ ਨੂੰ ਲੈ ਗਿਆ। ਔਰੰਗਜ਼ੇਬ ਨੂੰ ਬਰਾਬਰ ਸਾਰੀ ਖ਼ਬਰ ਪਹੁੰਚ ਰਹੀ ਸੀ ਕਿ ਕਿਵੇਂ ਸਤਿਗੁਰੂ ਜੀ ਦਾ ਸੰਗਤਾਂ ਵਿੱਚ ਪਿਆਰ ਸਤਿਕਾਰ ਹੈ। ਇਕ ਗੱਲ ਯਾਦ ਰੱਖਣ ਯੋਗ ਹੈ ਕਿ ਬਾਬਾ ਰਾਮ ਰਾਏ ਜੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਵੱਡੇ ਭਰਾ ਹੋਣ ਦੇ ਬਾਵਜੂਦ ਵੀ ਔਰੰਗਜ਼ੇਬ ਅੱਗੇ ਤਰਲੇ ਲੈ ਰਹੇ ਸਨ ਜਦਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਬੜੀ ਸਖਤੀ ਨਾਲ ਮਨਾਹੀ ਕੀਤੀ ਸੀ ਕਿ ਭਾਈ ਸਤਿਗੁਰੂ ਹਰਿ ਰਾਏ ਸਾਹਿਬ ਜੀ ਦੀਆਂ ਪਵਿੱਤਰ ਹਦਾਇਤਾਂ ਮੁਤਾਬਿਕ ਅਸੀਂ ਔਰੰਗਜ਼ੇਬ ਨੂੰ ਨਹੀਂ ਮਿਲਣਾ। ਪਰ ਦੂਜੇ ਪਾਸੇ ਇਕ

ੴ

ਤਾਂ ਬਾਬਾ ਰਾਮ ਰਾਏ ਜੀ ਉਤਾਵਲੇ ਸਨ ਆਪਣੇ ਮਕਸਦ ਦੀ ਪੂਰਤੀ ਲਈ ਤੇ ਦੂਜਾ ਔਰੰਗਜ਼ੇਬ ਸੰਗਤਾਂ ਵਿੱਚ ਇੰਨਾ ਉਤਸ਼ਾਹ ਵੇਖ ਕੇ ਮਿਲਣ ਦੀ ਸਿੱਕ ਰੱਖਦਾ ਸੀ।

ਵੈਸੇ ਤਾਂ ਇਸ ਘਰ ਦੀ ਮਰਜਾਦਾ ਰਹੀ ਹੈ ਕਿ ***"ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥"*** ਪਰ ਔਰੰਗਜ਼ੇਬ ਨੂੰ ਨਾ ਮਿਲਣਾ ਇਹ ਵੀ ਪੂਨ ਗੁਰੂ ਨਾਨਕ ਸਾਹਿਬ ਜੀ ਦਾ ਹੀ ਪਾਇਆ ਹੋਇਆ ਸੀ। ਜਦੋਂ ਮਲਕ ਭਾਗੋ ਦੇ ਬੰਦਿਆਂ ਨੇ ਆ ਕੇ ਬੇਨਤੀ ਕੀਤੀ ਸੀ ਕਿ ਸਾਹਿਬ ਕਹਿਣ ਲੱਗੇ ਭਾਈ ਜਿਨ੍ਹਾਂ ਦੇ ਦਰਵਾਜ਼ੇ ਤੰਗ ਹੁੰਦੇ ਹਨ, ਅਸੀਂ ਉਥੇ ਨਹੀਂ ਜਾਂਦੇ। ਮਲਕ ਭਾਗੋ ਦੇ ਚਾਕਰਾਂ ਨੇ ਕਿਹਾ ਕਿ ਮਲਕ ਜੀ ਦਾ ਤਾਂ ਬਹੁਤ ਵੱਡਾ ਘਰ ਹੈ ਜਿਸ ਦਾ ਦਰ ਵੀ ਬਹੁਤ ਵੱਡਾ ਹੈ। ਭਾਈ ਲਾਲੋ ਦੀ ਗੱਲ ਨਹੀਂ ਗੱਲ ਤਾਂ ਦਿਲ ਦੇ ਦਰ ਦੀ ਹੈ ਜਿਹੜਾ ਹੰਕਾਰ ਕਾਰਨ ਸੌੜਾ ਹੋ ਗਿਆ ਹੈ। ਭਾਈ ਲਾਲੋ ਦੇ ਦਿਲ ਦਾ ਦਰ ਬਹੁਤ ਵੱਡਾ ਹੈ। ਸੋ ਇਹੋ ਹੀ ਵੀਚਾਰ ਇਥੇ ਸੀ ਕਿ ਨਾ ਤਾਂ ਅਸੀਂ ਔਰੰਗਜ਼ੇਬ ਕੋਲ ਜਾ ਸਕਦੇ ਹਾਂ ਅਤੇ ਨਾ ਹੀ ਉਹ ਇਥੇ ਆ ਸਕਦਾ ਹੈ ਕਿਉਂਕਿ ਗੁਰੂ ਦੇ ਦਰ ਵਿਚੋਂ ਵੀ ਸਿਰਫ ਉਹ ਹੀ ਲੰਘ ਸਕਦੇ ਹਨ ਜਿਹੜੇ ਨਿਮਰਤਾ ਦੇ ਧਾਰਨੀ ਹੋ ਆਉਂਦੇ ਹਨ। ਕ਼ਬੀਰ ਸਾਹਿਬ ਜੀ ਦਾ ਪਵਿੱਤਰ ਬਚਨ ਹੈ -

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏ ਭਾਇ॥
ਮਨੁ ਤਉ ਮੈ ਗਲੁ ਹੋਇ ਰਹਿਓ ਨਿਕਸਿ ਕਿਉ ਕੈ ਜਾਇ॥

ਰਾਜਾ ਜੈ ਸਿੰਘ ਨੇ ਬਾਬਾ ਰਾਮ ਰਾਇ ਜੀ ਦੀ ਸਲਾਹ ਨਾਲ ਇਕ ਚਾਲ ਖੇਡੀ ਕਿਉਂਕਿ ਉਹ ਗੁਰੂ ਜੀ ਨੂੰ ਇਕ ਬੱਚਾ ਸਮਝ ਬੈਠੇ ਸਨ ਪਰ ਇਥੇ ਤਾਂ ਜੋਤ ਦੀ ਗੱਲ ਹੈ। ਉਨ੍ਹਾਂ ਨੇ ਆਪਣੀ ਸਮਝ ਵਰਤੀ ਕਿ ਕੀ ਗੁਰੂ ਜੀ ਨੂੰ ਕੋਈ ਪਾਰਖੂ ਬੁਧ ਪ੍ਰਾਪਤ ਹੈ ? ਇਸ ਲਈ ਰਾਜਾ ਜੈ ਸਿੰਘ ਨੇ ਆਪਣੀ ਰਾਣੀ ਨੂੰ ਗੋਲੀ ਵਾਲੇ ਤੇ ਗੋਲੀ ਨੂੰ ਰਾਣੀ ਵਾਲੇ ਕੱਪੜੇ ਪਹਿਨਾ ਕੇ ਬੈਠਾ ਦਿੱਤਾ। ਇਧਰ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੀ ਰਾਣੀ ਆਪ ਜੀ ਦੇ ਮੁਬਾਰਿਕ ਦਰਸ਼ਨਾਂ ਦੀ ਅਭਿਲਾਸੀ ਹੈ। ਸੋ ਕਿਰਪਾ ਕਰੋ। ਸਤਿਗੁਰੂ ਮਹਾਰਾਜ ਜੀ ਗਏ, ਜਾਂਦਿਆਂ ਸਾਰ ਹੀ ਰਾਣੀ ਕੋਲ ਖਲੋ ਕੇ ਬਚਨ ਕਰਨ ਲੱਗੇ ਕਿ ਜਿਸ ਮਾਲਕ ਦੀ ਕਿਰਪਾ ਦਾ ਸਦਕਾ ਰਾਜ ਭਾਗ ਪ੍ਰਾਪਤ ਹੋਇਆ ਹੈ, ਤੁਹਾਨੂੰ ਉਸ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ, ਨਾ ਕਿ ਗੋਲੀਆਂ ਵਾਲੇ ਨਾਟਕ ਕਿਉਂਕਿ ਉਹ ਸਾਰਿਆਂ ਦੀਆਂ ਕਾਮਨਾਵਾਂ ਪੂਰਨਹਾਰ ਹੈ। ਇਸ ਲਈ ਰਾਣੀ ਤੋਂ ਗੋਲੀ ਬਣਾ ਦੇਣਾ ਉਸ ਲਈ ਕੋਈ ਮੁਸ਼ਕਿਲ ਖੇਡ ਨਹੀਂ। ਰਾਜਾ ਸ਼ਰਮਿੰਦਾ ਹੀ ਨਹੀਂ ਹੋਇਆ ਬਲਕਿ ਆਪਣੀ ਕੀਤੀ ਉਪਰ ਪਛਤਾ ਕੇ ਖਿਮਾ ਮੰਗਣ ਲੱਗ ਪਿਆ। ਰਾਜੇ ਦੇ ਮਨ ਵਿੱਚ ਇਸ ਸ਼ੰਕੇ ਦੇ ਰੋਗ ਨੂੰ ਗੁਰੂ ਜੀ ਨੇ ਆਪਣੀ ਬਖਸ਼ਿਸ਼ ਨਾਲ ਚਕਨਾਚੂਰ ਕਰ ਦਿੱਤਾ ਸੀ। ਇਸ ਸ਼ੰਕੇ ਨਾਲ ਹੀ ਮਨ ਮਲੀਨ ਹੋ ਕੇ ਗੁਰੂ ਦਰ ਤੋਂ

ਵਿਛੜ ਜਾਂਦਾ ਹੈ। ਇਸੇ ਲਈ ਹੀ ਸਾਹਿਬੇ ਕਮਾਲ ਦੀ ਪਾਰਖੂ ਨਜ਼ਰ ਨੇ ਤੱਕ ਆਖਿਆ ਕਿ *"ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥"*

ਜਦੋਂ ਇਹ ਚਾਲ ਵੀ ਸਿਰੇ ਨਾ ਚੜ੍ਹੀ ਤਾਂ ਔਰੰਗਜ਼ੇਬ ਆਪ ਹੀ ਕੁਝ ਭੇਟਾਵਾਂ ਲੈ ਕੇ ਹਾਜ਼ਰ ਹੋ ਗਿਆ ਪਰ ਸਤਿਗੁਰੂ ਜੀ ਨੇ ਆਉਣਾ ਸੁਣ ਕੇ ਦਰ ਭੇੜ ਲਏ ਜਿਸ ਦੇ ਮਿਲਾਪ ਲਈ ਲੋਕ ਉਡੀਕਦੇ ਸਨ, ਅੱਜ ਉਹ ਆਪ ਭੇਟਾਵਾਂ ਚੁੱਕੀ ਕਿਸੇ ਦੇ ਮਿਲਾਪ ਲਈ ਖਲੋਤਾ ਹੋਵੇ ਜਦ ਕਿ ਇਸੇ ਘਰ ਵਿਚੋਂ ਵੱਡਾ ਭਰਾ ਪਹਿਲਾਂ ਹੀ ਇਸ ਝੋਲੀ ਵਿੱਚ ਡਿੱਗ ਚੁੱਕਾ ਹੋਵੇ ਫਿਰ ਸਤਿਗੁਰੂ ਜੀ ਦੀਦਾਰ ਨਾ ਬਖਸ਼ਿਸ਼ ਕਰਨ, ਇਹ ਆਪਣੇ ਆਪ ਵਿੱਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਮਹਾਨ ਵੱਡਿਆਈ ਹੈ। ਆਖਿਰ ਔਰੰਗਜ਼ੇਬ ਬਿਨਾਂ ਦਰਸ਼ਨਾਂ ਤੋਂ ਅੱਜ ਹਾਰੇ ਹੋਏ ਜੁਆਰੀ ਵਾਂਗੂ ਵਾਪਸ ਜਾ ਰਿਹਾ ਸੀ ਜਿਥੇ ਉਸਦਾ ਧਨ ਦੌਲਤ, ਰਾਜ, ਹਕੂਮਤ, ਰੋਅਬ ਅਤੇ ਦਾਅਬ ਕੋਈ ਕੰਮ ਨਹੀਂ ਆਇਆ। ਅੱਜ ਪਹਿਲੀ ਵਾਰ ਪਤਾ ਲੱਗਾ ਕਿ ਕੋਈ ਮੇਰੇ ਤੋਂ ਬੇਮੁਹਤਾਜ ਵੀ ਹੈ। ਉਧਰ ਦੇਹਰਾਦੂਨ ਵਿੱਚ ਕਰਾਮਾਤ ਕਹਿਰ ਦਾ ਰੂਪ ਧਾਰਨ ਕਰ ਗਈ ਜਦੋਂ ਬਾਬਾ ਰਾਮ ਰਾਇ ਜੀ ਦੇ ਹੀ ਸਾਥੀਆਂ ਨੇ ਉਨ੍ਹਾਂ ਨੂੰ ਰਜਾਈ ਵਿੱਚ ਲਪੇਟ ਕੇ ਅੱਗੇ ਲਾ ਕੇ ਮੌਤ ਦੇ ਮੂੰਹ ਸੁਆਂ ਦਿੱਤਾ।

ਇਨ੍ਹਾਂ ਹੀ ਦਿਨਾਂ ਵਿੱਚ ਅਚਾਨਕ ਚੇਚਕ ਦੀ ਬਿਮਾਰੀ ਨੇ ਅਨੇਕਾਂ ਹੀ ਲੋਕਾਂ ਨੂੰ ਘਰਾਂ ਵਿਚੋਂ ਚੁੱਕ ਮੌਤ ਦੇ ਘਰ ਪਹੁੰਚਾ ਦਿੱਤਾ। ਅਨੇਕਾਂ ਮਾਵਾਂ ਦੀਆਂ ਗੋਦਾਂ ਸੁੰਨੀਆਂ ਕਰ ਮੌਤ ਆਪਣੀ ਗੋਦ ਭਰਨ ਲੱਗੀ ਤਾਂ ਸਤਿਗੁਰੂ ਜੀ ਨੇ ਜਿੱਥੇ ਬਿਨਾਂ ਕਿਸੇ ਭਿੰਨ ਭੇਦ ਲਾਸ਼ਾਂ ਦਾ ਸਸਕਾਰ ਕਰਵਾਇਆ। ਆਪ ਜੀ ਦਿਨ ਰਾਤ ਰੋਗੀਆਂ ਦੇ ਦੁੱਖੜੇ ਦੂਰ ਕਰਨ ਲੱਗੇ। ਦਵਾਈਆਂ ਵੀ ਵੰਡੀਆਂ ਗਈਆਂ। ਜਦੋਂ ਬਿਮਾਰੀ ਨੂੰ ਚੰਗੀ ਤਰ੍ਹਾਂ ਠੱਲ੍ਹ ਪਾ ਦਿੱਤੀ ਤਾਂ ਆਪ ਜੀ ਖੁਦ ਇਨ੍ਹਾਂ ਰੋਗੀਆਂ ਦੀ ਚਾਦਰ ਬਣ ਗਏ ਭਾਵ ਆਪਣੇ ਸਿਰ ਦੁੱਖ ਲੈ ਲੋਕਾਂ ਦੇ ਘਰ ਵਸਾ ਦਿੱਤੇ ਜਿਨ੍ਹਾਂ ਨੂੰ ਉਜਾੜਨ ਦਾ ਮੌਤ ਨੇ ਬਿਮਾਰੀ ਨਾਲ ਮਿਲ ਕੇ ਤਹੀਆ ਕਰ ਚੁੱਕੀ ਸੀ। ਆਖਰ ਚੋਜੀ ਪ੍ਰੀਤਮ ਨਿੱਕੜੀ ਉਮਰੇ ਵੱਡੇਰੇ ਕਰਮ ਕਰਕੇ ਜੀਵਨ ਦੀ ਯਾਤਰਾ ਪੂਰੀ ਹੋਈ ਜਾਣ ਕੇ ਸੇਵਕਾਂ ਨੂੰ ਹੁਕਮ ਕੀਤਾ ਕਿ ਗੁਰਆਈ ਦੀ ਸਮੱਗਰੀ ਤਿਆਰ ਕਰੋ। ਜਲਦੀ ਨਾਲ ਸਾਰੀ ਸਮੱਗਰੀ ਲਿਆਂਦੀ ਗਈ। ਸਮੱਗਰੀ 'ਤੇ ਹੱਥ ਰੱਖ ਕੇ ਬਚਨ ਆਖੇ *"ਬਾਬਾ ਬਸੇ ਜਿ ਗਰਾਮ ਬਕਾਲੇ ॥ ਬਨ ਗੁਰ ਸੰਗਤਿ ਸਕਲ ਸਮਾਲੇ ॥"* ਗੁਰਸਿੱਖ ਕੋਈ ਹੋਰ ਬਚਨ ਪੁੱਛਦੇ ਪਰ ਉਸ ਤੋਂ ਪਹਿਲਾਂ ਹੀ *"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥"* ਹੋ ਚੁੱਕਾ ਸੀ।

ਬਕਾਲੇ ਵਿਖੇ ਬਾਬਾ ਜੀ ਦਾ ਇਸ਼ਾਰਾ ਕਰਕੇ ਨਿੱਕੜੇ ਪ੍ਰੀਤਮ ਨੇ ਵੱਡੀ ਪ੍ਰੀਖਿਆ ਪਾ ਦਿੱਤੀ ਸੀ ਕਿਉਂਕਿ ਹੁਣ ਤਕ ਸਾਰੇ ਗੁਰੂ ਸਾਹਿਬਾਨ ਆਪਣਾ ਜਾਨਸ਼ੀਨ ਚੁਣ ਕੇ ਦੇ ਕੇ

ਜਾਂਦੇ ਸਨ ਸਿਰਫ ਇਕ ਹੀ ਸਮਾਂ ਆਇਆ ਜਦੋਂ ਸਾਨੂੰ ਸਿਰਫ ਇਸ਼ਾਰਾ ਹੀ ਮਿਲਿਆ ਸੀ ਪਰ ਚੋਣ ਆਪ ਕਰਨੀ ਸੀ। ਉਦੋਂ ਹੀ ੨੨ ਦੁਕਾਨਦਾਰੀਆ ਵਿਚੋਂ ਮੱਖਣ ਸ਼ਾਹ ਲੁਬਾਣਾ ਹੀ ਲੱਭ ਸਕਿਆ ਸੀ। ਪਰ ਧੰਨ ਸਿਦਕ, ਇਕ ਮੱਖਣ ਸ਼ਾਹ ਲੁਬਾਣੇ ਦੀ ਗੱਲ ਸੁਣੀ। ਸਮੁੱਚੀ ਸਿੱਖ ਕੌਮ ਦੀਦਾਰਾਂ ਦੀ ਭੁੱਖ ਲੈ ਹਾਜ਼ਰ ਹੋ ਗਈ।

ਦਿੱਲੀ ਵਿਖੇ ਸਤਿਗੁਰੂ ਜੀ ਦੀ ਕੰਚਨ ਕਾਇਆਂ ਦਾ ਸਸਕਾਰ ਬੜੇ ਸ਼ਰਧਾ ਸਤਿਕਾਰ ਨਾਲ ਸਮੁੱਚੇ ਪ੍ਰੇਮੀਆਂ ਨੇ ਕੀਤਾ ਜਿਸ ਦੀ ਯਾਦ ਗੁਰੂ ਦੁਆਰਾ ਬਾਲਾ ਸਾਹਿਬ ਸਮਾਈ ਬੈਠਾ ਹੈ। ਧੰਨ ਸਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜਿਹੜੇ ਦਰਸ਼ਨ ਦੇ ਕੇ ਅਣਗਿਣਤ ਦੁਖੀਆਂ ਦੇ ਦੁੱਖੜੇ ਦੂਰ ਕਰਦੇ ਰਹੇ ਤੇ ਆਖਿਰ ਆਪ ਵੀ ਦੁੱਖੀਆਂ ਦੀ ਚਾਦਰ ਬਣ ਸੰਸਾਰ ਨੂੰ ਖੁਸ਼ਹਾਲ ਕਰ ਆਪ ਅਕਾਲ ਪੁਰਖ ਵਿੱਚ ਜਾ ਬਿਰਾਜੇ ਸਨ।

ਜਿਸ ਪਵਿੱਤਰ ਅੱਖ ਨਾਲ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਕੀਤੇ ਸਨ, ਆਪਾਂ ਵੀ ਉਹੋ ਜਿਹੀ ਅੱਖ ਮੰਗ ਕੇ ਦਰਸਨ ਕਰੀਏ। ਜਿਵੇਂ ਸਾਹਿਬਾਂ ਦੀ ਕਲਮ ਨੇ ਦੁਹਾਈ ਪਾ ਦਿੱਤੀ ਸੀ, ਅਤੇ ਸਾਡੀ ਵੀ ਆਪਣੀ ਜ਼ੁਬਾਨ ਦਿਨ ਰਾਤ ਕਹਿਣ ਲੱਗ ਪਵੇਗੀ।

ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ ॥

ਸੀਸੁ ਦੀਆ ਪਰ ਸਿਰਰੁ ਨ ਦੀਆ

ਆਮ ਸੰਸਾਰੀ ਬੰਦੇ ਨਾਲੋਂ, ਗੁਰੂ ਦੀ ਅੱਖ ਤਾਂ ਵੈਸੇ ਹੀ ਅਗਾਧ, ਬੋਧ ਅਤੇ ਦਿੱਬ ਦ੍ਰਿਸ਼ਟੀ ਦੀ ਮਾਲਕ ਹੁੰਦੀ ਹੈ ਪਰ ਸਾਹਿਬੇ ਕਮਾਲ, ਬਾਦਸ਼ਾਹ, ਦਰਵੇਸ਼, ਅਤੇ ਸਾਹਿਬੇ ਦਿਮਾਗ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਅੱਖ ਤਾਂ ਬਹੁਤ ਹੀ ਨਿਰਾਲੀ ਸੀ ਜਿਸਨੇ ਸਦੀਵ ਸੱਚ ਤੇ ਝੂਠ ਦੀ ਪਰਖ ਵਿੱਚ ਕਦੀ ਕਮੀ ਨਹੀਂ ਆਉਣ ਦਿੱਤੀ। ਸ੍ਰੀ ਗੋਬਿੰਦ ਰਾਏ ਜੀ ਜਦੋਂ ਪਹਿਲੀ ਵਾਰੀ ਆਨੰਦਪੁਰ ਸਾਹਿਬ ਆਏ ਸਨ, ਤਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਚਨ ਕੀਤਾ ਸੀ ਕਿ ਪੁੱਤਰ ਜੀ ਪਿਤਾ ਨੂੰ ਮਿਲਣ ਲੱਗੇ ਹੋ ਪਰ ਸਭ ਤੋਂ ਪਹਿਲਾਂ ਕੋਈ ਅਮ੍ਰਿਤ ਬਾਣੀ ਦਾ ਸ਼ਬਦ ਸੁਣਾਓ। ਸ੍ਰੀ ਗੋਬਿੰਦ ਰਾਂਏ ਜੀ ਨੇ ਉਦੋਂ ਹੀ ਆਖ ਦਿੱਤਾ ਸੀ "*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*" ਸ਼ਬਦ ਸਣਾਉਣ ਦਾ ਅਰਥ ਸੀ ਕਿ ਮੈਨੂੰ ਪਿਤਾ ਨੂੰ ਮਿਲਣ ਦੀ ਸ਼ਾਇਦ ਇਤਨੀ ਖੁਸ਼ੀ ਨਹੀਂ ਜਿੰਨੀ ਸਤਿਗੁਰੂ ਜੀ ਦੇ ਮਿਲਾਪ ਅਤੇ ਦਰਸ਼ਨਾਂ ਦੀ ਖੁਸ਼ੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਰਖ ਲਿਆ ਸੀ ਕਿ ਉਮਰ ਭਾਵੇਂ ਛੋਟੀ ਹੈ ਪਰ ਦ੍ਰਿਸ਼ਟੀ ਪਾਰਖੂ ਹੈ।

ਇਸ ਪਾਰਖੂ ਦ੍ਰਿਸ਼ਟੀ ਵਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਿਤਾ ਦੇ ਰਿਸ਼ਤੇ ਵਜੋਂ ਨਹੀਂ ਬਲਕਿ ਇਨਸਾਨੀਅਤ ਦੇ ਰਾਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਜੋ ਕੁਝ ਤੱਕਿਆ ਉਹ ਆਖ ਦਿੱਤਾ। ਗੁਰੂ ਦੀ ਤਾਰੀਫ ਹੈ ਕਿ ਜੋ ਦੇਖਦੇ ਹਨ ਉਹੋ ਹੀ ਸੱਚ ਬਿਆਨਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਿਖੇ ਇਸ ਸੱਚ ਤੱਥ ਨੂੰ ਵਿਚਾਰ ਕੇ ਦੀਦਾਰ ਕਰੀਏ, ਹੋ ਸਕਦਾ ਫਿਰ ਸਾਡੇ ਅੰਦਰ ਵੀ ਸਿਦਕ ਦੀ ਭਾਵਨਾ ਪੈਦਾ ਹੋ ਜਾਏ ਕਿਉਂਕਿ ਗੁਰੂ ਜੀ ਨੇ "*ਸੀਸੁ ਦੀਆ ਪਰ ਸਿਰਰੁ ਨ ਦੀਆ ॥*" ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਸ ਵੱਖਰੀ ਅੱਖ ਨਾਲ ਦੀਦਾਰ ਕਰਿਆਂ ਹਰ ਬਸ਼ਰ ਦੀ ਝੋਲੀ ਭਰਪੂਰ ਹੋ ਜਾਂਦੀ ਹੈ। ਤਦ ਹੀ ਤਾਂ ਜਗਤ ਹੱਥ ਜੋੜ ਅਰਦਾਸਾਂ ਕਰਦਾ ਹੈ ਕਿ "*ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥*"

ਸੰਸਾਰ ਵਿੱਚ ਹਰ ਬੰਦੇ ਦੇ ਜੀਵਨ ਝਰੋਖੇ ਵਿੱਚ ਨਜ਼ਰ ਮਾਰਿਆਂ ਇਕ ਗੱਲ ਦਾ ਪਤਾ ਲੱਗਦਾ ਹੈ ਕਿ ਹਰ ਮਨੁੱਖ ਕੁਝ ਲੈਣ ਦੀ ਹੀ ਚਾਹਤ ਰੱਖਦਾ ਹੈ। ਕਿਸੇ ਨੂੰ ਕੁਝ ਦੇਣਾ ਬਹੁਤ ਔਖਾ ਹੁੰਦਾ ਹੈ। ਦੇਣ ਕੁਝ ਦੇਣ ਦਾ ਚਾਅ ਤਾਂ ਕੇਵਲ ਸੰਤੋਖੀ ਮਨੁੱਖਾਂ ਦਾ ਹੀ ਹੁੰਦਾ ਹੈ। "*ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥*" ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਦੋਂ ਇਕ

ੴ

ਸ਼ਰਧਾਲੂ ਅੱਖ ਦੀਦਾਰ ਕਰਦੀ ਹੈ ਤਾਂ ਇਨ੍ਹਾਂ ਦੇ ਦਰ ਤੋਂ ਸਭ ਦੇਣਾ ਹੀ ਤੱਕਦੀ ਹੈ। ਸੰਸਾਰ ਦੀ ਸੱਖਣੀ ਝੋਲੀ ਵਿੱਚ ਕਿਧਰੇ ਸਬਰ, ਸੰਤੋਖ, ਭਾਣਾ, ਸਹਿਨਸ਼ੀਲਤਾ, ਅਡੋਲਤਾ, ਕੁਝ ਪਾ ਕੇ ਛੁਪਾ ਰੱਖਣ ਦੀ ਜਾਚ, ਕਿਧਰੇ ਆਪਾ ਵਾਰਨਾ, ਸੁਪਤਨੀ, ਪੁੱਤਰ, ਪੋਤਰੇ, ਘਰ ਬਾਰ, ਸਭ ਕੁਝ ਦਿੰਦੇ ਹੀ ਚਲੇ ਗਏ। ਇਹ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਘਰ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਸਭ ਕੁਝ ਦੇਣ ਵਾਲੇ ਨੇ ਕਦੇ ਆਪਣਾ ਸਿਦਕ ਨਹੀਂ ਦਿੱਤਾ ਜਿਸ ਦੀ ਪ੍ਰਾਪਤੀ ਲਈ ਔਰੰਗਜ਼ੇਬ ਥੱਕ ਗਿਆ। ਇਸ ਤਰ੍ਹਾਂ ਲੱਗਦਾ ਹੈ ਕਿ ਨਿਕੜੇ ਨਿਕੜੇ ਬਾਲ ਕਹਿਰਾਂ ਦੀ ਸਰਦੀ ਵਿੱਚ ਇਕੱਲੇ ਦਾਦੀ ਗੁਜਰੀ ਜੀ ਦੀ ਗੋਦ ਵਿੱਚ ਰਹਿੰਦੇ ਹੋਏ ਜਾਲਮਾਂ ਵਲੋਂ ਠੰਡੇ ਬੁਰਜ ਵਿੱਚ ਬੈਠਾਇਆਂ ਵੀ ਨਿਘ ਮਹਿਸੂਸ ਕਰਦੇ ਸਨ। ਜਦੋਂ ਨੀਹਾਂ ਵਿੱਚ ਚਿਣਿਆਂ ਗਿਆ ਜ਼ਾਲਮਾਂ ਸਾਰਾ ਜ਼ੋਰ ਭਰਮਾਉਣ ਲਈ ਲਗਾਇਆ ਜੇ ਕਰ ਇਹ ਬੱਚੜੇ (ਸਹਿਜ਼ਾਦੇ) ਨਹੀਂ ਡੋਲੇ ਤਾਂ ਉਸਦਾ ਕਾਰਨ, ਦਾਦੇ ਵਲੋਂ ਦਰਸਾਇਆ ਮਾਰਗ ਸੀ ਕਿ "*ਸੀਸੁ ਦੀਆ ਪਰ ਸਿਰਰੁ ਨ ਦੀਆ ॥*"

ਜੀਵ ਕਰਮਾਂ ਦੇ ਲੇਖੇ ਜੋਖੇ ਕਰਕੇ ਕਿਸੇ ਦਾ ਪੁੱਤਰ, ਕਿਸੇ ਦਾ ਭਰਾ, ਕਿਸੇ ਦੀ ਧੀ, ਕਿਸੇ ਦਾ ਕੁਝ ਬਣ ਕੇ ਲੇਖਾ ਲੈਣ ਲਈ ਆਉਂਦਾ ਹੈ। ਪਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਪਵਿੱਤਰ ਕੁਖੋਂ ਜਿਹੜੇ ਪੰਜਵੇਂ ਸਾਹਿਬਜ਼ਾਦੇ ਨੇ ਪ੍ਰਕਾਸ਼ ਧਾਰਿਆ, ਉਸਦੀ ਖ਼ਬਰ ਸੁਣ, ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪੂੰ ਦੀਦਾਰ ਕਰ ਆਖਿਆ ਸੀ ਕਿ ਲੈਣ ਵਾਲਾ ਨਹੀਂ ਬਲਕਿ ਦੇਣ ਵਾਲਾ ਆਇਆ ਹੈ। ਇਸ ਪਵਿੱਤਰ ਦਿਨ ਨੂੰ ਸ਼ੁਕਰਵਾਰ ਇਕ ਅਪ੍ਰੈਲ, ੧੬੨੧ ਈ: ਕਹਿ ਕੇ ਇਤਿਹਾਸ ਵਿੱਚ ਖ਼ਾਸ ਮੁਕਾਮ ਤੇ ਸਤਿਕਾਰ ਹਾਸਲ ਹੈ। ਹੁਣ ਤਕ ਮਾਤਾ ਨਾਨਕੀ ਜੀ ਨੂੰ ਗੁਰੂ ਮਾਤਾ ਹੋਣ ਦਾ ਆਦਰ ਹਾਸਲ ਸੀ। ਪਰ ਇਸੇ ਹੀ ਸਾਹਬਿਜ਼ਾਦੇ ਦੇ ਪ੍ਰਕਾਸ਼ ਨੇ ਮਗਰੋਂ ਗੁਰੂ ਜਣਨੀ ਦਾ ਖਿਤਾਬ ਵੀ ਬਖਸ਼ਿਸ਼ ਕਰਵਾਇਆ ਸੀ।

ਕਿਸੇ ਕੋਲੋਂ ਹਮੇਸ਼ਾਂ ਕੁਝ ਲੈਣ ਦੀ ਆਸ ਰੱਖਣ ਵਾਲਾ ਲੋਭੀ ਕਹਿਲਾਉਂਦਾ ਹੈ ਪਰ ਪਤਾ ਨਹੀਂ ਕਿਹੜੇ ਸ਼ੋਭਾ ਦੇ ਅੱਖਰ ਪੜ੍ਹ ਕੇ ਕੁਝ ਦੇਣ ਵਾਲਾ ਜਾਣ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਾਂ ਵੀ ਤਿਆਗ ਮਲ ਰੱਖ ਦਿੱਤਾ ਕਿਉਂਕਿ ਦੇਣ ਦਾ ਸੰਬੰਧ ਹਮੇਸ਼ਾਂ ਤਿਆਗ ਨਾਲ ਹੀ ਹੁੰਦਾ ਹੈ। ਸਮੇਂ ਦੀ ਅਨੰਤ ਟੋਰ ਮੁਤਾਬਿਕ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਯੋਗ ਵਕਤ ਜਾਣ ਵਿਦਿਆ ਦਾ ਪ੍ਰਬੰਧ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਦੇ ਜ਼ਿਮੇਂ ਲਾਇਆ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਸਨ। ਇਨ੍ਹਾਂ ਦੀ ਸ਼ਾਦੀ ਦਾ ਕਾਰਜ ਰੱਖ ਦਿੱਤਾ ਗਿਆ। ਗੁਰੂ ਘਰ ਦੀ ਖੁਸ਼ੀ ਹਰ ਗਰੀਬ ਅਮੀਰ ਆਪਣੀ ਹੀ ਖੁਸ਼ੀ ਜਾਣ ਕੇ ਹੰਢਾਉਂਦਾ ਸੀ। ਬਾਬਾ ਗੁਰਦਿੱਤਾ ਜੀ ਲਈ

ਅਤੇ ਹੋਰ ਅਨੇਕਾਂ ਸੇਵਕਾਂ ਲਈ ਵੀ ਬਹੁਤ ਸੁੰਦਰ ਬਸਤਰ ਬਣਵਾਏ ਗਏ। ਸ੍ਰੀ ਤਿਆਗ ਮਲ ਜੀ ਲਈ ਨਿੱਕੜੇ ਜਿਹੇ ਹੋਣ ਕਰਕੇ ਬਹੁਤ ਸੁੰਦਰਤਾ ਭਰਪੂਰ ਪੋਸ਼ਾਕ ਬਣਵਾਈ ਗਈ। ਜਦੋਂ ਬਾਰਾਤ ਦੀ ਸਾਰੀ ਤਿਆਰੀ ਹੋ ਗਈ ਤਦ ਗੁਰੂ ਹਰਿ ਗੋਬਿੰਦ ਸਾਹਿਬ ਜੀ ਸਮੇਤ ਸਾਰੀਆਂ ਸੰਗਤਾਂ ਆਨੰਦ ਮਾਣ ਰਹੀਆਂ ਸਨ ਪਰ ਸ੍ਰੀ ਤਿਆਗ ਮਲ ਜੀ ਦਾ ਧਿਆਨ ਇਕ ਅਜਿਹੇ ਬੱਚੇ ਵਿੱਚ ਸੀ ਜਿਹੜਾ ਕਿ ਖੁਸ਼ੀ ਦੀ ਲਹਿਰ ਆਉਣ ਕਰਕੇ ਭੱਜ ਕੇ ਅੱਗੇ ਆਉਂਦਾ ਪਰ ਸਰੀਰ 'ਤੇ ਕੋਈ ਕੱਪੜਾ ਨਾ ਪਾਇਆ ਹੋਣ ਕਰਕੇ ਸ਼ਰਮਿੰਦਗੀ ਮਹਿਸੂਸ ਕਰਦਾ ਫਿਰ ਸਾਥੀਆਂ ਦੇ ਇਕੱਠ ਵਿਚ ਪਿੱਛੇ ਹੋ ਜਾਂਦਾ। ਸ੍ਰੀ ਤਿਆਗ ਮੱਲ ਜੀ ਦੀ ਪਵਿੱਤਰ ਅੱਖ ਇਹ ਕਿਵੇਂ ਸਹਾਰ ਸਕਦੀ ਸੀ। ਸੋ ਉਨ੍ਹਾਂ ਨੇ ਉਸ ਬਾਲੜੇ ਨੂੰ ਬੁਲਾ ਕੇ ਆਪਣੀ ਪੋਸ਼ਾਕ ਲਾਹ ਕੇ ਉਸਦੇ ਗਲੇ ਪਾ ਦਿੱਤੀ। ਜਦੋਂ ਕਿ ਆਮ ਬੱਚਿਆਂ ਨੂੰ ਨਵੇਂ ਕੱਪੜਿਆਂ ਦਾ ਚਾਅ ਹੁੰਦਾ ਹੈ। ਸੁਭਾਵਿਕ ਗੱਲ ਹੈ ਕਿ ਜਦੋਂ ਸਾਰੀ ਬਾਰਾਤ ਦੀ ਤਿਆਰੀ ਸੀ ਤਦ ਉਸੇ ਵਕਤ ਸ੍ਰੀ ਤਿਆਗ ਮਲ ਜੀ ਲਈ ਕੀ ਪ੍ਰਬੰਧ ਹੋ ਸਕਦਾ ਸੀ। ਮਾਤਾ ਜੀ ਤਾੜਨਾ ਕਰਨ ਲੱਗੇ ਪਰ ਧੰਨ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚੁੱਕ ਘੁੱਟ ਕੇ ਸੀਨੇ ਨਾਲ ਲਾ ਕੇ ਬਚਨ ਆਖਿਆ ਕਿ ਜਿਹੜਾ ਕੰਮ ਕਰਨ ਆਏ ਹੋ, ਉਹ ਆਰੰਭ ਵੀ ਕਰ ਦਿੱਤਾ। ਬਾਕੀ ਤਾਂ ਕੁਝ ਨਾ ਸਮਝੇ ਪਰ ਸਾਹਿਬ ਜੀ ਤਾਂ ਜਾਣੀ ਜਾਣ ਸਨ। ਸੱਚ ਜਾਣਿਉਂ ਇਹੋ ਹੀ ਪੋਸ਼ਾਕ ਇਕ ਦਿਨ ਧਰਮ ਦੀ ਚਾਦਰ ਬਣ ਪੰਡਿਤਾਂ ਦੇ ਰੂਪ ਵਿੱਚ ਆਏ ਦੁਖਿਆਰਿਆਂ ਦੀ ਲਾਜਪਤ ਬਣ ਗਈ ਸੀ। ਸਭ ਕੁਝ ਨਿਛਾਵਰ ਕਰਨ ਵਾਲੇ ਆਪ ਨਗਨ ਹੋ ਸਕਦੇ ਹਨ ਪਰ ਕਿਸੇ ਨੂੰ ਬਸਤਰਹੀਨ ਨਹੀਂ ਦੇਖ ਸਕਦੇ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੁਬਾਰਕੇ ਦਸਤ ਵਿੱਚ ਪਕੜੀ ਕਲਮ ਨੇ ਆਖ ਦਿੱਤਾ ਕਿ ਇਨ੍ਹਾਂ ਨੇ ਤਾਂ ਸੀਸ ਤਕ ਵਾਰਿਆ "*ਸੀਸੁ ਦੀਆ ਪਰ ਸਿਰਰੁ ਨ ਦੀਆ ॥*"

ਇਕ ਸੰਸਾਰ ਦੀ ਹੋਰ ਹਕੀਕਤ ਹੈ ਕਿ ਕੁਝ ਦੇ ਕੇ ਨਸਰ ਜ਼ਰੂਰ ਕਰਦੇ ਹਨ 'ਸੋਭਾ ਕਰੇ ਸੰਸਾਰ", ਮਾਨੋ ਇਕ ਨਿਯਮ ਹੀ ਬਣ ਗਿਆ ਹੈ। ਸ੍ਰੀ ਤਿਆਗ ਮਲ ਜੀ ਨੇ ਇਹ ਵੀ ਸੁਭਾਵਿਕ ਹੀ ਗੁਰ ਘਰ ਦੀ ਮਰਯਾਦਾ ਵਿਚੋਂ ਸਿੱਖ ਲਿਆ ਕਿ ਇਥੇ ਨਿਰਮਾਣਤਾ ਦਾ ਮੁਕਾਮ ਉੱਚਾ ਹੈ। ਜਦੋਂ ਬਾਬਾ ਅਟੱਲ ਰਾਏ ਜੀ ਸਾਥੀ ਨੂੰ ਜੀਵਾਲਣ ਦੇ ਕਾਰਨ ਗੁਰੂ ਸਾਹਿਬ ਜੀ ਦੀ ਤਾੜਨਾ ਕਾਰਨ ਆਪ ਜਾ ਕੇ ਜਿੰਦ ਬਦਲੇ ਜਿੰਦ ਕੁਰਬਾਨ ਕਰ ਗਏ ਸਨ। ਇਹ ਅਜਿਹੀ ਉਦਾਹਰਣ ਸੀ ਕਿ ਇਥੇ ਨਿਮਰਤਾ ਹੀ ਵੱਡਾ ਹਥਿਆਰ ਹੈ। ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੀ ਅਰਜੋਈ ਕਰਨ ਉਪਰੰਤ ਸ੍ਰੀ ਤਿਆਗ ਮਲ ਜੀ ਦੀ ਸ਼ਾਦੀ ਕਰਤਾਰ ਪੁਰ ਸਾਹਿਬ ਵਿਖੇ ਇਨ੍ਹਾਂ ਦੀ ਲਾਡਲੀ ਪਿਆਰੀ ਬੱਚੀ ਗੁਜਰੀ ਜੀ ਨਾਲ ਹੋਈ। ਤਿਆਗੀ ਬਿਰਤੀ ਦੇ ਮਾਲਕ ਦੇ ਘਰ ਆਖਿਰਕਾਰ ਗੁਜ਼ਾਰਾ ਕਰਨ ਵਾਲੀ ਸੁਘੜ ਸਿਆਣੀ

ਦੀ ਹੀ ਜ਼ਰੂਰਤ ਸੀ। ਇਨ੍ਹਾਂ ਦਾ ਨਾਂ ਹੀ ਗੁਜਰੀ ਨਹੀ ਬਲਕਿ ਇਨ੍ਹਾਂ ਆਪਣੇ ਜੀਵਨ ਦੀ ਹਰ ਘੜੀ ਆਨੰਦ ਨਾਲ ਹੀ ਗੁਜ਼ਾਰੀ। ਹਰ ਘੜੀ ਇਮਤਿਹਾਨ ਦੇ ਕੇ ਪਾਸ ਹੋਣਾ ਗੁਜ਼ਰੀ ਵਰਗਿਆਂ ਦੇ ਹੀ ਹਿੱਸੇ ਆਇਆ ਹੈ। ਕਰਤੇ ਦਾ ਕ੍ਰਿਸ਼ਮਾ ਹੀ ਸੀ। ਇਹ ਸ਼ਾਦੀ ਕਰਤਾਰਪੁਰ ਸਾਹਿਬ ਕਰਨ ਦੇ ਕਾਰਨ ਗੁਰੂ ਹਰਿ ਗੋਬਿੰਦ ਪਾਤਿਸ਼ਾਹ ਜੀ ਕਰਤਾਰਪੁਰ ਸਾਹਿਬ ਹੀ ਸਨ ਕਿ ਪੈਂਦੇ ਖਾਂ ਦੇ ਹੰਕਾਰ ਕਾਰਨ ਉਸ ਦੀਆਂ ਕਰਤੂਤਾਂ ਦਾ ਚਿੱਖ ਗੁਰਦੇਵ ਜੀ ਕੋਲੋਂ ਗੁੱਝਾ ਨਹੀਂ ਸੀ ਜਿਸ ਕਰਕੇ ਸਤਿਗੁਰੂ ਜੀ ਨੇ ਇਥੇ ਹੀ ਥੋੜ੍ਹਾ ਜਿਹਾ ਹੋਰ ਰੁਕਣਾ ਠੀਕ ਸਮਝਿਆ। ਕੁਝ ਹੀ ਸਮਾਂ ਲੰਘਿਆ ਸੀ ਕਿ ਪੈਂਦੇ ਖਾਂ ਨੇ ਆ ਕੇ ਮਾਨੋਂ ਆਪਣੀ ਹੀ ਮੌਤ ਨੂੰ ਆਵਾਜ਼ ਮਾਰ ਬੈਠਾ। ਸਤਿਗੁਰੂ ਜੀ ਵਿਰੁੱਧ ਹੰਕਾਰ ਹੋ ਜਾਣ ਕਰਕੇ ਕਾਲੇ ਖ਼ਾਨ ਦੀ ਮਦਦ ਨਾਲ ਫੌਜ਼ ਲੈ ਕੇ ਆਇਆ ਸੀ। ਬਹੁ ਪਰਉਪਕਾਰੀ ਜੀ ਨੇ ਜੰਗ ਦੇ ਮੈਦਾਨ ਵਿੱਚ ਹੰਕਾਰੇ ਪੈਂਦੇ ਖਾਂ ਨੂੰ ਤਿੰਨ ਵਾਰ ਦਿੱਤੇ ਪਰ ਨਿਰੰਕਾਰ ਦੇ ਮੁਕਾਬਲੇ ਵਿੱਚ ਕੇਵਲ ਹੰਕਾਰ ਹੀ ਹਾਰਦਾ ਹੁੰਦਾ ਹੈ। ਪੈਂਦੇ ਖਾਂ ਉਪਰ ਇਕ ਹੀ ਵਾਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕੀਤਾ। ਪੈਂਦੇ ਖਾਂ ਮਾਰਿਆ ਗਿਆ। ਇਸ ਜੰਗ ਦੀ ਮਹਾਨਤਾ ਇਸ ਲਈ ਅਨੋਖੀ ਹੈ ਕਿ ੧੩ ਸਾਲਾਂ ਦੀ ਉਮਰ ਸੀ ਸ੍ਰੀ ਤਿਆਗ ਮਲ ਦੀ ਕਿ ਇੰਨੇ ਜ਼ੋਰ ਨਾਲ ਤੇਗ ਵਾਹੀ ਕਿ ਜ਼ਾਲਮਾਂ ਨੂੰ ਖ਼ੂਬ ਕੀਤੀ ਦਾ ਮਜ਼ਾ ਚਖਾਇਆ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਪਾਰਖੂ ਅੱਖ ਨੇ ਸਭ ਕੁਝ ਵੇਖ ਲਿਆ ਸੀ ਕਿਉਂਕਿ ਬਡ ਜੋਧੇ ਦੀ ਅੱਖ ਸੀ। ਇਸ ਲਈ ਇਕ ਭਰੇ ਦਰਬਾਰ ਅੰਦਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਤਿਆਗ ਮਲ ਜੀ ਨੂੰ ਸੱਦ ਕੇ ਅਦਬ ਨਾਲ ਬਚਨ ਕੀਤਾ ਕਿ ਤੁਸੀਂ ਤਿਆਗ ਮੱਲ ਨਹੀਂ ਬਲਕਿ ਤੁਹਾਡੇ ਤਾਂ ਤੇਗ ਦੇ ਜੋਹਰ ਵੇਖ ਕੇ ਅੱਜ ਤੋਂ ਮੈਂ ਤੁਹਾਡਾ ਨਾਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ ਹੈ। ਇਸ ਦਿਨ ਤੋਂ ਮਗਰੋਂ ਸ੍ਰੀ ਤਿਆਗ ਮਲ ਜੀ ਨੂੰ ਸ੍ਰੀ ਤੇਗ ਬਹਾਦਰ ਜੀ ਦੇ ਪਵਿੱਤਰ ਨਾਮ ਨਾਲ ਪੁਕਾਰਿਆ ਜਾਣ ਲੱਗ ਪਿਆ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਅਗੰਮੀ ਖੇਡਾਂ ਖੇਡਦਿਆਂ ਭੁੱਲੜੇ ਜੀਵਾਂ ਦਾ ਉਧਾਰ ਕਰਦਿਆਂ ਆਖਿਰ ਚਲੀ ਆ ਰਹੀ ਰਵਾਇਤ ਮੁਤਾਬਿਕ ਪਰਖ ਦੇ ਤਰਾਜੂ ਵਿੱਚ ਤੋਲ, ਪੂਰਾ ਜਾਣ ਗੁਰ ਗੱਦੀ ਦੀ ਪਵਿੱਤਰ ਦਾਤ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਧੰਨ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਬਖਸ਼ਿਸ਼ ਕਰਕੇ ਆਪ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਸ੍ਰੀ ਤੇਗ ਬਹਾਦਰ ਜੀ ਲਈ ਤਾਂ ਮਾਨੋਂ ਤਿਆਰੀ ਦੀ ਹੀ ਹਦਾਇਤ ਸੀ ਕਿਉਂਕਿ ਇਨ੍ਹਾਂ ਨੇ ਤਾਂ ਇਕ ਦਿਨ ਬਖਸ਼ਿਸ਼ ਦੀ ਚਾਦਰ ਬਨਣਾ ਸੀ। ਚਾਦਰ ਭਾਵ (ਕੱਪੜਾ) ਬੁਣਨ ਵਾਸਤੇ ਕਿਤਨੀ ਤਿਆਰੀ ਦੀ ਲੋੜ ਪੈਂਦੀ ਹੈ। ਇਹ ਗੱਲ ਭਾਈ ਗੁਰਦਾਸ ਜੀ ਦੇ ਇਹ ਬਚਨ ਵਿਚੋਂ ਸੁਭਾਵਿਕ ਹੀ ਪ੍ਰਗਟ ਹੋ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਕਪਾਹ ਦਾ ਬੀਜ ਵੜੇਵੇਂ ਬੀਜਣ ਵੇਲੇ ਹੀ ਕਿਰਸਾਨ

ਉਸ ਨੂੰ ਮਿੱਟੀ ਵਿੱਚ ਮਿਲਾਉਂਦਾ ਹੈ ਭਾਵ ਮਿੱਟੀ ਜਾਂ ਸੁਆਹ ਲੈ ਕੇ ਵੜੇਂਵਿਆਂ ਨੂੰ ਰਗੜਦਾ ਹੈ ਤਾਂ ਕਿ ਇਹ ਇਕੱਲੇ ਇਕੱਲੇ ਹੋ ਜਾਣ ਫਿਰ ਇਸ ਬੀਜ ਵਿਚੋਂ ਬੂਟਾ ਤਿਆਰ ਹੋਇਆ ਜਿਸ ਨੂੰ ਟੀਂਡੇ ਲੱਗੇ। ਉਹ ਟੀਂਡੇ (ਫੁੱਲ) ਵੀ ਖਿੜ ਗਏ। ਉਨ੍ਹਾਂ ਦੇ ਮੂੰਹ ਫੁੱਟ ਗਏ। ਇਨ੍ਹਾਂ ਟੀਂਡਿਆਂ ਵਿਚੋਂ ਸਵਾਣੀਆਂ ਨੇ ਇਕੱਠੀਆਂ ਹੋ ਰੂੰ ਚੁੱਗ ਲਈ। ਰੂੰ ਨੇ ਤੇ ਵੇੜੇਵਿਆਂ ਨੂੰ ਫਿਰ ਵੱਖਰੇ-ਵੱਖਰੇ ਕਰਨ ਲਈ ਪਿੰਜਿਆ ਗਿਆ। ਫਿਰ ਇਸ ਰੂੰ ਨੂੰ ਵੇਲਣਿਆਂ ਵਿਚੋਂ ਨਿਕਲਣ ਮਗਰੋਂ ਤੂੰਬਿਆਂ ਗਿਆ। ਇਸ ਰੂੰ ਦੇ ਗੋਹੜੇ ਕਰ ਕੱਤਿਆ। ਇਥੇ ਹੀ ਬਸ ਨਹੀਂ ਇਸ ਨੂੰ ਕੱਤਣ ਮਗਰੋਂ ਕਿਸੇ ਜੁਲਾਹੇ ਨੇ ਕੱਪੜਾ ਬੁਣਿਆ। ਫਿਰ ਪਾਣੀ ਵਿੱਚ ਉਬਾਲ ਕੇ ਪਾਹ ਲਾਈ ਰੰਗ ਚਾੜ੍ਹਿਆ। ਦਰਜ਼ੀ ਕੋਲ ਗਿਆ ਤਦ ਕੈਂਚੀ ਨਾਲ ਕੱਟਿਆ ਗਿਆ ਫਿਰ ਸੂਈ ਨਾਲ ਸੀਤਾ ਗਿਆ। ਇਤਨੀ ਦੁੱਖਾਂ ਭਰੀ ਯਾਤਰਾਂ ਨੂੰ ਤਹਿ ਕਰਕੇ ਕਿਤੇ ਜਾ ਕੇ ਕਿਸੇ ਦੀ ਲੱਜ਼ਾ ਨੂੰ ਕੱਜਣ ਵਾਲਾ ਬਣਿਆ।

ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ ॥
ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪੁ ਖਿੜਾਇਆ ॥
ਦੂਹ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਕਰਿ ਤੁੰਬੁ ਤੁੰਬਾਇਆ ॥

ਪਰ ਇਹ ਤਾਂ ਸਿਰਫ ਇਕ ਦੀ ਪੱਤ ਕੱਜਣ ਵਾਲਾ ਹੈ। ਜਿਸਨੇ ਧਰਮ ਦੀ ਚਾਦਰ ਤਿਆਰ ਕਰਨੀ ਸੀ, ਉਸ ਲਈ ਤਾਂ ਹੋਰ ਵੀ ਵਧੀਕ ਮਿਹਨਤ ਦੀ ਲੋੜ ਸੀ। ਸ੍ਰੀ ਤੇਗ ਬਹਾਦਰ ਜੀ ਨੇ ਵੀ ਮਾਨੋ ਸਭ ਤੋਂ ਪਹਿਲਾਂ ਆਪਣਾ ਆਪ ਹੀ ਮਿੱਟੀ ਵਿੱਚ ਮਿਲਾ ਦਿੱਤਾ। ਬਾਕੀ ਦਾਅਵੇ ਬੰਨ੍ਹਦੇ, ਲੜਦੇ, ਝਗੜਦੇ, ਪਰ ਇਨ੍ਹਾਂ ਨੇ ਪਿਤਾ ਜੀ ਦੀ ਆਗਿਆ ਮੰਨ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਮੱਥਾ ਟੇਕ ਕੇ ਬਕਾਲੇ ਇਕਾਂਤ ਵਿੱਚ ਰਹਿ ਕੇ ਮਨੁੱਖਤਾ ਲਈ ਅਤੇ ਆਪਣੇ ਸ਼ੁੱਭ ਕਰਮ ਅਤੇ ਸਿਮਰਨ ਕਰਨ ਲੱਗ ਪਏ। ਸਮੇਂ ਦੀ ਪਹਿਚਾਣ ਕਰ ਲਈ ਸੀ ਕਿ ਕੱਲ ਬਹੁਤ ਵੱਡੀ ਮੰਗ ਪੂਰੀ ਕਰਨੀ ਸੀ। ਦੇਣ ਵਾਲਾ ਹਮੇਸ਼ਾਂ ਆਪਣੇ ਭੰਡਾਰੇ ਵੀ ਸੰਭਾਲਦਾ ਰਹਿੰਦਾ ਹੈ ਜਿਥੋਂ ਹਰ ਕੋਈ ਵਰੋਸਾਇਆ ਜਾ ਸਕੇ। ਤਦ ਹੀ ਤਾਂ ਸੰਸਾਰ ਉਨ੍ਹਾਂ ਦੇ ਪਰਉਪਕਾਰਾਂ ਨੂੰ ਯਾਦ ਕਰ ਰਿਹਾ ਹੈ ਜਿਨ੍ਹਾਂ ਸਭ ਕੁਝ ਸਾਡੀ ਝੋਲੀ ਵਿੱਚ ਪਾ ਦਿੱਤਾ।

ਧੰਨ ਸਤਿਗੁਰੂ ਗੁਰੂ ਹਰਿ ਰਾਏ ਸਾਹਿਬ ਜੀ ਵੀ ਅਥਾਹ ਬਖਸ਼ਿਸ਼ਾਂ ਕਰਦਿਆਂ ਗੁਰਗੱਦੀ ਦੀ ਪਵਿੱਤਰ ਦਾਤ ਆਪਣੇ ਹੀ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਬਖਸ਼ਿਸ਼ ਕਰਕੇ ਆਪ ਜੋਤੀ ਜੋਤਿ ਸਮਾ ਗਏ। ਸ੍ਰੀ ਹਰਿ ਕ੍ਰਿਸ਼ਨ ਜੀ ਮਹਾਰਾਜ ਨੇ ਕਰੀਬ ਪੌਣੇ ਕੁ ਤਿੰਨ ਸਾਲ ਗੁਰ ਗੱਦੀ ਦੀ ਸੇਵਾ ਨਿਭਾ ਕੇ ਦਿੱਲੀ ਲੁਕਾਈ ਦੀ ਸੇਵਾ ਕਰਦਿਆਂ ਔਰੰਗਜ਼ੇਬ ਦੀ ਕੱਟੜਤਾਈ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਬਾਬਾ ਬਕਾਲੇ ਦੇ ਬਚਨ ਕਹਿ ਕੇ ਜੋਤੀ ਜੋਤਿ ਸਮਾ ਗਏ। ਇਕ ਵਪਾਰੀ ਜਿਸ ਦਾ ਨਾਂ ਮੱਖਣ ਸ਼ਾਹ ਲੁਬਾਣੇ ਦੇ ਨਾਮ ਨਾਲ

ੴ

ਵਿਦਿਤ ਹੈ। ਇਹ ਬਹੁਤ ਹੀ ਸਰਧਾਲੂ ਗੁਰੂ ਸਿੱਖ ਸੀ। ਇਨ੍ਹਾਂ ਹੀ ਸਮਿਆਂ ਵਿੱਚ ਇਸ ਦਾ ਬੇੜਾ ਮਾਲ ਨਾਲ ਭਰਿਆ ਹੋਇਆ ਸੀ ਕਿ ਤੂਫਾਨ ਵਿੱਚ ਘਿਰ ਗਿਆ। ਹੁਣ ਜਿਨ੍ਹਾਂ ਦਾ ਜੀਵਨ ਹੀ "*ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬਿਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥*" ਹੋਵੇ ਉਨ੍ਹਾਂ ਲਈ ਅਰਦਾਸ ਹੀ ਜੀਵਨ ਦਾ ਸਹਾਰਾ ਹੁੰਦੀ ਹੈ। ਹੱਥ ਜੋੜ ਬ੍ਰਿਤੀ ਟਿਕਾ ਗੁਰੂ ਘਰ ਅਰਦਾਸ ਕੀਤੀ, ਬੇੜਾ ਪਾਰ ਹੋ ਗਿਆ। ਦਸਵੰਧ ਤਾਂ ਹਰ ਵਾਰੀ ਕੱਢਦੇ ਹੀ ਸਨ ਮੱਖਣ ਸ਼ਾਹ ਜੀ, ਪਰ ਇਸ ਵਾਰੀ ਆਪਣੇ ਗੁਰੂ ਤੋਂ ਸਦਕੇ ਕੁਰਬਾਨ ਜਾਣ ਲਈ ਭਾਵ ਸ਼ੁਕਰਾਨਾ ਕਰਨ ਲਈ ਦਸਵੰਧ ਦੀ ਮਾਇਆ ਵੀ ਨਾਲ ਹੀ ਲੈ ਗੁਰੂ ਘਰ ਨੂੰ ਤੁਰ ਪਏ। ਪਤਾ ਲੱਗਾ ਕਿ ਸਤਿਗੁਰੂ ਜੀ ਤਾਂ ਦਿੱਲੀ ਬਾਬਾ ਬਕਾਲਾ ਕਹਿ ਕੇ ਜੋਤੀ ਜੋਤਿ ਸਮਾ ਗਏ ਹਨ। ਤਦ ਸੰਗਤਾਂ ਸਮੇਤ ਹੀ ਸਸਕਾਰ ਆਦਿਕ ਦੀ ਕਿਰਿਆ ਕਰਮ ਕਰਦਿਆਂ ਕੁਝ ਦਿਨ ਲੱਗ ਗਏ। ਜਦੋਂ ਮੱਖਣ ਸ਼ਾਹ ਜੀ ਸੰਗਤਾਂ ਸਮੇਤ ਹੀ ਬਾਬਾ ਬਕਾਲਾ ਪਹੁੰਚੇ ਤਦ ਦੇਖ ਕੇ ਹੈਰਾਨ ਹੋਏ ਕਿ ਇਥੇ ਤਾਂ ੨੨ ਮੰਜੀਆਂ ਲੱਗੀਆਂ ਹੋਈਆਂ ਸਨ। ਇਥੇ ਇਕ ਇਤਿਹਾਸਕ ਨੁਕਤਾ ਵਰਣਨ ਯੋਗ ਹੈ ਕਿ ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਅਰਜਨ ਸਾਹਿਬ ਜੀ ਤਕ ਕਈਆਂ ਦੀਆਂ ਨਜ਼ਰਾਂ ਵਿੱਚ ਗੁਰੂ ਘਰ ਕੇਵਲ ਤੇ ਕੇਵਲ ਇਕ ਸੁੱਖਾਂ ਦਾ ਸਾਧਨ ਹੀ ਹੈ ਤਦ ਬਹੁਤ ਦਾਅਵੇਦਾਰ ਬਣੇ ਪਰ ਜਦੋਂ ਵੇਖਿਆ ਗੁਰੂ ਨੂੰ ਤਾਂ ਤੱਤੀ ਤਵੀ 'ਤੇ ਬੈਠ ਕੇ ਵੀ "*ਤੇਰਾ ਕੀਆ ਮੀਠਾ ਲਾਗੈ ॥*" ਦਾ ਬਚਨ ਪੜ੍ਹਨਾ ਪੈਂਦਾ ਹੈ ਤਦ ਛੇਵੇਂ ਪਾਤਿਸ਼ਾਹ ਦੇ ਵੇਲੇ ਕੋਈ ਦਾਅਵੇਦਾਰ ਨਾ ਰਿਹਾ। ਫਿਰ ਗੁਰੂ ਹਰਿ ਰਾਏ ਸਾਹਿਬ ਜੀ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੇਲੇ ਅਜਿਹੇ ਲੋਕਾਂ ਦੀ ਨਜ਼ਰ ਫਿਰ ਧੋਖਾ ਖਾ ਗਈ ਕਿ ਔਖਾ ਸਮਾਂ ਲੰਘ ਗਿਆ। ਪਰ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਦੇਖਿਆ ਕਿ ਗੁਰੂ ਨੂੰ ਤਾਂ ਕਿਸੇ ਦੀ ਖ਼ਾਤਰ ਆਪਾ ਵੀ ਵਾਰਨਾ ਪੈਂਦਾ ਹੈ ਤਦ ਦਸਵੇਂ ਪਾਤਿਸ਼ਾਹ ਦੇ ਵੇਲੇ ਫਿਰ ਕੋਈ ਦਾਅਵੇਦਾਰ ਨਾ ਰਿਹਾ। ਮੱਖਣ ਸ਼ਾਹ ਨੇ ਬਕਾਲੇ ਪਹੁੰਚ ਕੇ ਫਿਰ ਅਰਦਾਸ ਕੀਤੀ ਕਿ ਉਥੇ ਤਾਂ ਕੇਵਲ ਮੱਖਣ ਸ਼ਾਹ ਦਾ ਬੇੜਾ ਸੀ ਪਰ ਇਥੇ ਤਾਂ ਅਨੇਕਾਂ ਸ਼ਰਧਾਲੂਆਂ ਦਾ ਸ਼ਰਧਾ ਦਾ ਬੇੜਾ ਹੈ ਜੇ ਮੇਰਾ ਬੇੜਾ ਪਾਰ ਕੀਤਾ ਸੀ ਤਦ ਅੱਜ ਇਸ ਨੂੰ ਵੀ ਪਾਰ ਲੰਘਾਉ, ਅਰਦਾਸ ਕਰਕੇ ਸਾਰਿਆਂ ਦੇ ਅੱਗੇ ਦੋ-ਦੋ ਮੋਹਰਾਂ ਰੱਖ ਕੇ ਨਮਸਕਾਰ ਕਰਨ ਲੱਗਾ, ਹਰ ਕੋਈ ਆਖੇ ਤੇਰਾ ਪੁੱਤ ਜੀਵੇ, ਕੋਈ ਆਖੇ ਤੇਰਾ ਕਾਰਜ ਵਧੇ, ਕੋਈ ਕੁਝ ਆਖੇ , ਕੋਈ ਕੁਝ ਆਖੇ। ਸਾਰੇ ਮੰਜੀਦਾਰ ਪਰਖ ਲਏ ਪਰ ਮੱਖਣ ਸ਼ਾਹ ਦੀ ਤਸੱਲੀ ਨਾ ਹੋਈ। ਮੇਰਾ ਸਤਿਗੁਰੂ ਤਾਂ ਸਿਰਫ ਦੋ ਹੀ ਗੱਲਾਂ ਆਖਦਾ ਹੈ - ਪਹਿਲੀ ਗੱਲ ਸਿੱਖਾ ਤੈਨੂੰ ਨਾਮ ਚਿੱਤ ਆਵੇ ਫਿਰ ਦੂਜੀ ਵਾਰੀ ਸਿੱਖਾ ਤੂੰ ਨਿਹਾਲ ਹੋ ਜਾਵੇਂ, ਅਜਿਹੀਆਂ ਕੱਚੀਆਂ ਗੱਲਾਂ ਮੇਰਾ ਮਾਲਕ ਨਹੀਂ ਕਰਦਾ। ਇਕ ਮਾਤਾ ਕੋਲੋਂ ਪੁੱਛ ਕੇ ਥੱਲੇ ਦਰਸਾਈ ਥਾਂ

'ਤੇ ਜਾ ਕੇ ਪਤਾ ਕਰ ਨਮਸਕਾਰ ਕੀਤੀ, ਇਥੋਂ ਮਿਲੀ ਅਸੀਸ ਅਤੇ ਤਸੱਲੀਬਖਸ਼ ਹੋਏ ਬਚਨਾਂ ਨੇ ਸੱਚ ਪ੍ਰਗਟ ਕਰ ਦਿੱਤਾ ਸੀ। ਇਨ੍ਹਾਂ ੨੨ ਮੰਜੀਆਂ ਕੋਲੋਂ ਲੁੱਟੀ ਜਾਂਦੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਪਵਿੱਤਰ ਫੁੱਲਵਾੜੀ ਨੂੰ ਬਚਾਉਣ ਵਾਸਤੇ ਇਹ ਹੋਕਾ ਲਾ ਦਿੱਤਾ ਕਿ "*ਗੁਰੂ ਲਾਧੋ ਰੇ ਗੁਰੂ ਲਾਧੋ ਰੇ।*" ਅਜਿਹੀ ਵੀਚਾਰ ਸੁਣਨ ਦੀ ਦੇਰ ਸੀ ਕਿ ਸਮੁੱਚੀ ਸੰਗਤ ਹੀ ਗੁਰੂ ਚਰਨਾਂ ਵਿੱਚ ਹਾਜ਼ਰ ਹੋਈ ਜਿਸ ਨੂੰ ਪਾਖੰਡੀ ਭਰਮਾ ਕੇ ਲੁੱਟ ਰਹੇ ਸਨ।

ਇਨ੍ਹਾਂ ੨੨ ਮੰਜੀਆਂ ਵਿਚ ਹੀ ਇਕ ਮੰਜੀ ਧੀਰ ਮਲ ਦੀ ਵੀ ਸੀ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਕੋਲ ਹੋਣ ਕਰਕੇ ਗੁਰੂ ਬਣ ਬੈਠਣ ਦੀ ਬਹੁਤ ਆਸ ਸੀ ਪਰ ਕੂੜ ਸੱਚ ਦੇ ਸਾਹਮਣੇ ਠਹਿਰ ਨਾ ਸਕਿਆ। ਇਨ੍ਹਾਂ ਨੂੰ ਤਾਂ ਪਹਿਲਾਂ ਹੀ ਗੁਰੂ ਘਰ ਦੀ ਵੱਡਿਆਈ ਵੇਖ ਨਹੀਂ ਸੀ ਸਿਖਾਂਦੀ। ਹੁਣ ਤਾਂ ਹਰ ਪਾਸੇ ਤੋਂ ਸੰਗਤਾਂ ਅਨੇਕਾਂ ਭੇਟਾਵਾਂ ਸਮੇਤ ਗੁਰੂ ਦੀਦਾਰਾਂ ਲਈ ਉਮੰਡ ਪਈਆਂ ਸਨ ਜਿਸ ਕਰਕੇ ਪਹਿਲਾ ਵਾਰ ਖਾਲੀ ਗਿਆ ਹੋਣ ਕਰਕੇ ਧੀਰ ਮਲ ਨੇ ਆਪਣੇ ਕੁਝ ਕੱਪਟੀਆਂ ਸਮੇਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉਪਰ ਸੀਂਹੇ ਮਸੰਦ ਦੀ ਮਦਦ ਨਾਲ ਗੋਲੀ ਚਲਾ ਦਿੱਤੀ। ਕੁਝ ਗੁਰੂ ਘਰ ਦਾ ਸਾਮਾਨ ਵੀ ਲੁੱਟ ਕੇ ਲੈ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਾਂ ਅਡੋਲ ਰਹੇ ਪਰ ਮੱਖਣ ਸ਼ਾਹ ਸਮੇਤ ਸੰਗਤਾਂ ਨੇ ਧੀਰ ਮਲ ਨੂੰ ਸੋਧਾ ਵੀ ਲਾਇਆ ਅਤੇ ਗੁਰੂ ਘਰ ਦੀਆਂ ਅਨੇਕਾਂ ਭੇਟਾਵਾਂ ਵੀ ਵਾਪਸ ਲਿਆਂਦੀਆਂ। ਧੰਨ ਹਨ ਸਤਿਗੁਰੂ ਜੀ ਜਿਹਨਾਂ ਨੇ ਇਸ ਗੱਲ ਦੀ ਤਾੜਨਾ ਵੀ ਕੀਤੀ ਅਤੇ ਉਹ ਭੇਟਾਵਾਂ ਧੀਰ ਮਲ ਜੀ ਨੂੰ ਫਿਰ ਵਾਪਸ ਕਰਵਾਈਆਂ ਤਦ ਹੀ ਤਾਂ ਸਭ ਕੁਝ ਦੇਣ ਵਾਲੇ ਦੇ ਸਮੁੱਚੀ ਕਾਇਨਾਤ ਗੀਤ ਗਾਉਂਦੀ ਹੈ। ਜਿਹਨਾਂ ਨੇ ਹਰ ਵਾਰੀ ਸਿਰਰ ਬਚਾ ਕੇ ਬਾਕੀ ਸਭ ਕੁਝ ਲੁਟਾ ਦਿੱਤਾ "*ਸੀਸੁ ਦੀਆ ਪਰ ਸਿਰਰੁ ਨ ਦੀਆ ॥*"

ਜੇਕਰ ਬਾਬੇ ਬਕਾਲੇ ਜਿੱਥੇ ਗੁਰੂ ਜੀ ਬਿਰਾਜੇ ਹੋਏ ਸਨ, ਉਥੇ ੨੨ ਮੰਜੀਦਾਰਾਂ ਨੇ ਅਜਿਹੀ ਲੁੱਟ ਮਚਾਈ ਹੋਈ ਸੀ ਤਦ ਸੁਭਾਵਿਕ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਲੋਕਾਂ ਨੇ ਸਿੱਖੀ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਕੀ ਕੀਤਾ ਹੋਏਗਾ। ਸ਼ਰਧਾਲੂਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਪ੍ਰਿਥੀ ਚੰਦ ਜੀ ਦਾ ਪੋਤਰਾ ਬਾਬਾ ਹਰਿ ਜੀ ਆਪਣੇ ਵਲੋਂ ਕਵਿਤਾ ਰਚ ਕੇ ਬਾਣੀ ਰਚਣ ਵਾਲਾ ਕਹਿਲਾ ਰਿਹਾ ਹੈ। ਪਵਿੱਤਰ ਅਸਥਾਨ ਦੀ ਵੀ ਬੇਅਦਬੀ ਹੋ ਰਹੀ ਹੈ। ਆਪ ਜੀ ਸਾਡੇ ਜੀਵਾਂ ਉਪਰ ਕਿਰਪਾ ਕਰਕੇ ਬਾਹਰ ਵਿਚਰ ਕੇ ਪ੍ਰਚਾਰ ਵੀ ਕਰੋ, ਪਰ ਸਭ ਤੋਂ ਪਹਿਲਾਂ ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਜਿਥੇ ਕਿ ਸੰਗਤਾਂ ਦੀ ਅਥਾਹ ਸ਼ਰਧਾ ਹੋਣ ਕਰਕੇ ਆਵਾਜਾਈ ਬਣੀ ਰਹਿੰਦੀ ਹੈ, ਉਥੋਂ ਕੂੜ ਦਾ ਵਿਨਾਸ ਕਰਕੇ ਸੱਚ ਪ੍ਰਗਟ ਕਰੋ ਜੀ। ਇਸੇ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਭ ਤੋਂ ਪਹਿਲਾਂ ਬਕਾਲੇ ਦੀ ਧਰਤੀ ਤੋਂ ਸੰਗਤਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਗਏ ਅਤੇ

ਸ਼ਰਧਾ ਨਾਲ ਸਰੋਵਰ ਵਿੱਚ ਇਸ਼ਨਾਨ ਕੀਤਾ। ਇਤਨੇ ਸਮੇਂ ਵਿੱਚ ਮਸੰਦਾਂ ਦੀ ਮਦਦ ਨਾਲ ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬੰਦ ਕਰਵਾ ਦਿੱਤਾ। ਪਰ ਸੰਗਤਾਂ ਤਾਂ ਹੁਣ ਸੁਚੇਤ ਹੋ ਚੁਕੀਆਂ ਸਨ "*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥*" ਇਸ ਲਈ ਸੰਗਤਾਂ ਸਮੇਤ ਹੀ ਥੜ੍ਹੇ ਕੋਲ ਦੀਵਾਨ ਲੱਗ ਗਿਆ। ਅੱਜ ਵੀ ਥੜ੍ਹੇ ਦੀ ਯਾਦ ਦਿਲਵਾਉਂਦੀ ਹੈ ਕਿ ਸੁਆਰਥੀ ਤੇ ਲੋਭੀ ਕੂੜੇ ਮਨੁੱਖ ਹਮੇਸ਼ਾ ਲੋਚਾ ਰੱਖਦੇ ਹਨ ਕਿ ਸਾਡੇ ਤੋਂ ਸੱਚ ਦੂਰ ਹੀ ਰਹੇ ਕਿਉਂਕਿ ਸੱਚ ਸਾਹਮਣੇ ਕੂੜ ਵਿੱਚ ਸਾਹਸ ਨਹੀਂ। ਸਾਹਿਬ ਜੀ ਇਥੋਂ ਹੀ ਸੰਗਤਾਂ ਦੀ ਬੇਨਤੀ 'ਤੇ ਇਕ ਨੇੜੇ ਹੀ ਨਗਰ ਸੀ, ਵੱਲਾ ਉਥੇ ਜਾ ਬਿਰਾਜੇ। ਸਤਿਗੁਰੂ ਜੀ ਦੀ ਆਮਦ ਸੁਣ ਕੇ ਦਰਸ਼ਨਾਂ ਲਈ ਤਰਸਦੀਆਂ ਰੂਹਾਂ ਨੇ ਭੇਟਾਵਾਂ ਸਮੇਤ ਵੱਲੇ ਵੱਲ ਨੂੰ ਕੂਚ ਕਰ ਦਿੱਤਾ। ਇਨ੍ਹਾਂ ਲੋਭੀਆਂ ਨੂੰ ਪ੍ਰਗਟ ਹੋ ਗਿਆ ਕਿ ਜਿਸ ਧਨ ਪਦਾਰਥਾਂ ਦੀ ਖ਼ਾਤਰ ਐਡਾ ਵੱਡਾ ਪਾਪ ਕੀਤਾ ਸੀ ਉਹ ਤਾਂ ਫਿਰ ਵੀ ਸਾਡੇ ਹੱਥ ਨਹੀਂ ਆਇਆ ਤਦ ਇਨ੍ਹਾਂ ਨੇ ਦਰਵਾਜ਼ੇ ਖੋਲ੍ਹ ਦਿੱਤੇ। ਇਧਰੋਂ ਮਾਤਾਵਾਂ ਨੇ ਜਾ ਕੇ ਗੁਰੂ ਜੀ ਦੀ ਸੇਵਾ ਸਤਿਕਾਰ ਚਿੱਤ ਲਾ ਕੇ ਕੀਤੀ। ਜਿਸ ਦੇ ਸਤਿਕਾਰ ਵਜੋਂ ਗੁਰਦੇਵ ਜੀ ਨੇ ਬਚਨ ਆਖੇ "*ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ*" ਭਾਵ ਮਾਈਆਂ ਰੱਬ ਦੀ ਰਜ਼ਾ ਵਿੱਚ ਚੱਲਣ ਵਾਲੀਆਂ ਹਨ ਤੇ ਰੱਬੀ ਬਖਸ਼ਿਸ਼ਾਂ ਸਦਕਾ ਬੰਦਗੀ ਵਿੱਚ ਸਮਾਂ ਬਤੀਤ ਕਰਨਗੀਆਂ। ਦੂਜੇ ਪਾਸੇ ਇਹ ਮਸੰਦ ਵੀ ਖਿਮਾ ਮੰਗਣ ਆ ਗਏ ਸਨ। ਸਾਹਿਬਾਂ ਨੇ ਬਚਨ ਕੀਤੇ ਕਿ ਭਾਈ ਜਿੱਥੇ ਅੰਮ੍ਰਿਤਸਰ ਵਿਚ ਰਹਿ ਕੇ ਤੁਸਾਂ ਅਮਰ ਹੋਣਾ ਸੀ ਪਰ ਤੁਸੀਂ ਤਾਂ ਉਲਟਾ ਤ੍ਰਿਸ਼ਨਾ ਦੇ ਕਾਰਨ ਅੰਦਰੋਂ ਸੜ ਕੇ ਮਾਨੋ ਸੁਆਹ ਹੀ ਹੋ ਚੁੱਕੇ ਹੋ। ਅੰਮ੍ਰਿਤਸਰ ਦੇ ਮਸੰਦ ਅਜਿਹੇ ਨਹੀਂ ਹੁੰਦੇ। "*ਕਹਿ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸਨਾ ਅਗਨਿ ਤੇ ਅੰਤਰਿ ਸੜੀਏ ॥*" ਇਥੋਂ ਹੀ ਸਾਹਿਬ ਜੀ ਤਰਨ ਤਾਰਨ ਸਾਹਿਬ ਜੀ ਵੱਲ ਚਲੇ ਗਏ। ਉਥੋਂ ਹੀ ਗੋਇੰਦਵਾਲ, ਸਾਬੋ ਕੀ ਤਲਵੰਡੀ, ਧਰਮਸ਼ਾਲਾ ਆਦਿਕ ਅਨੇਕਾਂ ਥਾਵਾਂ 'ਤੇ ਵਿਚਰ ਕੇ ਕੱਲਜੁਗੀ ਜੀਵਾਂ ਦਾ ਉਧਾਰ ਕਰਿਦਿਆਂ ਬਕਾਲੇ ਦੀ ਥਾਂ ਤੋਂ ਕੀਰਤਪੁਰ ਸਾਹਿਬ ਆ ਗਏ। ਛੇਵੇਂ ਪਾਤਿਸ਼ਾਹ ਜੀ ਮਹਾਰਾਜ ਮਗਰੋਂ ਕਰੀਬ ਹੁਣ ਕੀਰਤਪੁਰ ਸਾਹਿਬ ਹੀ ਸੀ ਜਿਥੇ ਸੱਤਵੇਂ ਤੇ ਅੱਠਵੇਂ ਪਾਤਿਸ਼ਾਹ ਜੀ ਨੇ ਸਮਾਂ ਗੁਜ਼ਾਰਿਆ ਸੀ। ਜਿਵੇਂ ਪਹਿਲਾਂ ਹਰਿਮੰਦਰ ਸਾਹਿਬ ਲਈ ਵਾਰੀ-ਵਾਰੀ ਪੰਜ ਪਾਤਿਸ਼ਾਹੀਆਂ ਤਕ ਯੋਗਦਾਨ ਪਾਇਆ ਸੀ, ਇਸੇ ਤਰ੍ਹਾਂ ਇਥੇ ਵੀ ਆਨੰਦ ਦੀ ਪ੍ਰਾਪਤੀ ਕਰ ਸਦੀਵ ਆਨੰਦ ਵਿੱਚ ਵਿਚਰਨ ਵਾਲੇ ਮਾਨੋ ਖ਼ਾਲਸੇ ਲਈ ਆਨੰਦਪੁਰ ਅਸਥਾਨ ਦੀ ਤਿਆਰੀ ਲਈ ਵਾਰੋ-ਵਾਰੀ ਯੋਗਦਾਨ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਇਸ ਇਲਾਕੇ ਵਿੱਚ ਵਿਚਰ ਕੇ ਦੇਖ ਰਹੇ ਸਨ ਕਿ ਕਿਹੜੇ ਥਾਂ 'ਤੇ ਅਜਿਹਾ ਅਸਥਾਨ ਬਣਾਇਆ ਜਾਵੇ। ਆਖਰ ਦੀਪ ਚੰਦ ਰਾਜੇ ਦੇ

ਪਰਿਵਾਰ ਪਾਸੋਂ ਇਹ ਮਾਖੋਵਾਲ (ਆਨੰਦਪੁਰ) ਨਾਂ ਦਾ ਅਸਥਾਨ ਪੰਜ ਸੌ ਰੁਪਏ ਦੇ ਕੇ ਖਰੀਦ ਲਿਆ। ਜਲਦੀ ਨਾਲ ਸਾਰੀ ਤਿਆਰ ਕਰਵਾ ਕੇ ਬਾਬਾ ਬੁੱਢਾ ਜੀ ਦੇ ਪੋਤਰੇ ਭਾਈ ਭਾਨਾ ਜੀ ਦੇ ਪੁੱਤਰ ਕੋਲੋਂ ਨੀਂਹ ਰਖਵਾ ਕੇ ਉਸਾਰੀ ਸ਼ੁਰੂ ਕਰਵਾ ਦਿੱਤੀ। ਹਰ ਪੱਖ ਤੋਂ ਖਿਆਲ ਰੱਖ ਕੇ ਸਤਿਗੁਰੂ ਜੀ ਆਪ ਹੀ ਉਸਾਰੀ ਦਾ ਸਾਰਾ ਪ੍ਰਬੰਧ ਦੇਖ ਰਹੇ ਸਨ ਕਿਉਂਕਿ ਇਹ ਉਹ ਅਸਥਾਨ ਬਣ ਰਿਹਾ ਜਿਥੇ ਗੁਰੂ ਨਾਨਕ ਸਾਹਿਬ ਜੀ ਦਾ ਉਹ ਬਾਟਾ ਜਿਹੜਾ ਚਿੱਕੜ ਵਿੱਚ ਸੁੱਟਿਆ ਸੀ, ਮਾਨੋ ਉਹੋ ਬਾਟਾ ਇਸ ਨੂੰ ਸੰਭਾਲਣਾ ਸੀ। ਜਦੋਂ ਤਕ ਇਹ ਜਗਿਆਸੂ ਬਾਟਾ ਸੰਭਾਲਣ ਜੋਗ ਨਹੀਂ ਸੀ ਹੋਇਆ ਉਦੋਂ ਤਕ ਗੁਰੂ ਜੀ ਨੇ ਜੀਵ ਦੀ ਤਿਆਰੀ ਵੀ ਕਰਵਾਈ ਅਤੇ ਇੰਤਜ਼ਾਰ ਵੀ ਕੀਤਾ। ਇਸ ਲਈ ਇਥੋਂ ਦੀ ਤਿਆਰੀ ਵਿਚ ਵੀ ਕੋਈ ਕਮੀ ਨਹੀ ਰਹਿਣ ਦਿੱਤੀ।

ਦਰਸ਼ਨਾਂ ਦੀ ਪਿਆਸ ਵਿੱਚ ਤੜਪਣ ਵਾਲਿਆਂ ਦੀਆਂ ਅਰਦਾਸਾਂ ਨੇ ਫਿਰ ਪ੍ਰੇਮ ਦੀਆਂ ਖਿੱਚਾਂ ਪਾ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਲੋਕਾਈ ਦੇ ਉਧਾਰ ਵਾਸਤੇ ਬਿਰਹੇ ਬੈਰਾਗ ਵਿੱਚ ਕੁਠੀਆਂ ਰੂਹਾਂ ਦੀ ਪਿਆਸ ਬੁਝਾਉਣ ਲਈ ਸਤਿਗੁਰੂ ਜੀ ਫਿਰ ਦੁਬਾਰੇ ਵਿਚਰਨ ਦਾ ਮਨ ਬਣਾ ਕੇ, ਆਨੰਦਪੁਰ ਸਾਹਿਬ ਦੀ ਰਹਿੰਦੀ ਤਿਆਰੀ ਦੀ ਸੇਵਾ ਪ੍ਰਮੁੱਖ ਸਿੱਖਾਂ ਨੂੰ ਸੌਂਪ ਕੇ ਆਪ ਜੀ ਫਿਰ ਤੁਰ ਪਏ। ਸਤਿਗੁਰੂ ਜੀ ਅਕਤੂਬਰ, ੧੬੬੫ ਈ: ਨੂੰ ਚੱਲ ਪਏ ਸਨ। ਕਈ ਥਾਵਾਂ 'ਤੇ ਅਟਕਦਿਆਂ, ਸ਼ਰਧਾਲੂਆਂ ਦੀਆਂ ਇੱਛਾਵਾਂ ਪੂਰੀਆਂ ਕਰਦਿਆਂ ਕੁਰਾਲੀ, ਘੜੂੰਏ ਆਦਿਕ ਨਗਰਾਂ ਵਿਚੋਂ ਹੁੰਦੇ ਹੋਇਆਂ ਪ੍ਰੇਮ ਭਿੱਜੀ ਰੂਹ ਸੈਫ ਅਲੀ ਖਾਂ ਕੋਲ ਪਟਿਆਲੇ ਦੇ ਲਾਗੇ ਬਹਾਦਰ ਗੜ੍ਹ ਪਹੁੰਚੇ। ਸੈਫ ਖ਼ਾਨ ਨੇ ਚਿੱਤ ਲਾ ਕੇ ਸੇਵਾ ਕੀਤੀ। ਗੁਰੂ ਸਾਹਿਬ ਜੀ ਲਈ ਇਕ ਘੋੜਾ ਅਤੇ ਮਾਤਾ ਜੀ ਲਈ ਵੀ ਰੱਥ ਭੇਟਾ ਕੀਤਾ। ਇਸ ਫੇਰੀ ਵਿੱਚ ਸਤਿਗੁਰੂ ਜੀ ਦਾ ਪਰਿਵਾਰ ਵੀ ਨਾਲ ਹੀ ਸੀ। ਸੈਫ ਅਲੀ ਖ਼ਾਂ ਨੇ ਗੁਰੂ ਜੀ ਦਾ ਆਉਣਾ ਸੁਣ ਕੇ ਆਪ ਭਾਵੇਂ ਖ਼ੁਦਾ ਦੀ ਇਬਾਦਤ ਲਈ ਮਸੀਤ ਬਣਾਈ ਹੋਈ ਸੀ ਪਰ ਫਿਰ ਵੀ ਮਸੀਤ ਦੇ ਸਾਹਮਣੇ ਗੁਰਦੁਆਰਾ ਬਣਾ ਦਿੱਤਾ। ਸਾਹਿਬ ਜੀ ਨੇ ਜਦੋਂ ਪੁੱਛਿਆ ਕਿ ਮਨ ਵਿੱਚ ਵਿਚਾਰ ਸੀ ਕਿ ਆਪ ਜੀ ਸ਼ਾਇਦ ਗੁਰਦੁਆਰੇ ਵਿੱਚ ਹੀ ਟਿਕਾਣਾ ਕਰੋਗੇ ਤਦ ਸਾਹਿਬ ਜੀ ਨੇ ਆਖਿਆ ਕਿ ਸੈਫ ਜੀ ਇਹ ਤਾਂ ਭਰਮ ਗੁਰੂ ਨਾਨਕ ਸਾਹਿਬ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਨਮਾਜ਼ ਅਦਾ ਕਰਨੀ ਸਿਖਾ ਕੇ ਤੇ ਜਗਨ ਨਾਥ ਪੁਰੀ ਵਿਖੇ ਸੱਚੀ ਆਰਤੀ ਦਾ ਵਲ ਸਿਖਾ ਕੇ ਭਰਮ ਤੋੜ ਦਿੱਤਾ ਸੀ। ਧਰਮ ਨਿਰੀ ਇਮਾਰਤ ਵਿੱਚ ਨਹੀਂ ਹੁੰਦਾ। ਸੈਫ ਦਰਸ਼ਨ ਪਾ ਨਿਹਾਲ ਹੋਇਆ। ਪ੍ਰੇਮ ਭਿੱਜੇ ਨੇਤਰਾਂ ਨਾਲ ਸਤਿਗੁਰੂ ਜੀ ਨੂੰ ਅਗਲੇ ਪੰਧ ਲਈ ਵਿਦਾਇਗੀ ਦਿੱਤੀ। ਧੰਨ ਸਨ ਸਤਿਗੁਰੂ ਜੀ ਜਿਨ੍ਹਾਂ ਨੇ ਬਿਨਾਂ ਕਿਸੇ ਵਿਤਕਰੇ ਦੇ ਸਾਰਿਆਂ ਨੂੰ ਦਰਸ਼ਨ ਦੀਦਾਰ ਦੇ ਕੇ ਬਖਸ਼ਿਆ ਸੀ। ਪਟਿਆਲਾ ਦੂਖ ਨਿਵਾਰਨ

ਤੋਂ ਹੋ ਕੇ ਨਗਰਾਂ ਰਾਹੀਂ ਪਿਆਸੀ ਧਰਤੀ ਨੂੰ ਚਰਨਾਂ ਦੀ ਛੋਹ ਦੇ ਕੇ ਆਪ ਜੀ ਭੂਪਾਲ ਪਹੁੰਚੇ। ਇਧਰੋਂ ਫਿਰ ਭੀਖੀ ਦੇ ਇਲਾਕੇ ਵਿੱਚ ਇਕ ਸੇਵਕ ਸ਼ਰਧਾਲੂ ਰਹਿੰਦਾ ਸੀ ਜਿਸ ਨੇ ਸਿਦਕ ਪਾਇਆ ਸੀ ਕਿ ਜ਼ਿੰਦਗੀ ਦੇ ਦਿਨ ਤਾਂ ਆਪ ਦੇ ਭਾਣੇ ਅਨੁਸਾਰ ਗੁਜ਼ਰ ਗਏ ਪਰ ਹੁਣ, ਆਖਰੀ ਸੁਆਸ ਆਪ ਜੀ ਦੇ ਹੀ ਦੀਦਾਰ ਕਰਕੇ ਛੱਡਣਾ ਚਾਹੁੰਦਾ ਹਾਂ। ਐਸੇ ਸੇਵਕ ਧੰਨ ਹਨ ਨਹੀਂ ਤਾਂ ਮਨੁੱਖ ਵਿਕਾਰਾਂ ਦੀ ਭੁੱਖ ਵਿੱਚ ਜਾਂ ਮਾਇਆ ਦੀ ਹੀ ਪਿਆਸ ਵਿੱਚ ਸੁਆਸ ਤਿਆਗਦਾ ਹੈ। ਉਨ੍ਹਾਂ ਦਾ ਜੀਵਨ ਕਿੰਨਾ ਪਵਿੱਤਰ ਹੋਵੇਗਾ, ਜਿਹੜੇ ਆਖਰੀ ਪਲ ਧੀਆਂ ਪੁੱਤਰਾਂ, ਧਨ ਦੌਲਤ ਜਾਂ ਹੋਰ ਵਿਕਾਰਾਂ ਦੀ ਥਾਂ ਗੁਰੂ ਦੀ ਸਿਮਰਤੀ ਵਿੱਚ ਧਿਆਨ ਰੱਖਦੇ ਹਨ। ਸਤਿਗੁਰੂ ਜੀ ਨੇ ਜਾ ਕੇ ਇਨ੍ਹਾਂ ਨੂੰ ਦਰਸ਼ਨ ਦੇ ਕੇ ਸੰਸਾਰ ਵਿੱਚ ਪ੍ਰਗਟ ਕਰ ਦਿੱਤਾ ਕਿ ਸਿਦਕ ਨਾਲ ਕੋਈ ਜੀਵਨ ਗੁਜ਼ਾਰੇ ਤਾਂ ਸਹੀ ਗੁਰੂ ਤਾਂ ਸਦੀਵ ਉਸ ਦੇ ਅੰਗ ਸੰਗ ਰਹਿੰਦਾ ਹੈ। ਅੰਮ੍ਰਿਤ ਬਚਨ ਵੀ ਹਨ "***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥***" ਗੁਰੂ ਤੇਗ ਬਹਾਦਰ ਸਾਹਿਬ ਜੀ ਤਾਂ ਹੈ ਹੀ ਅਜਿਹੇ ਸਨ ਜਿਨ੍ਹਾਂ ਜੋ ਮੰਗਿਆ, ਸੋ ਪਾਇਆ ਕਿਉਂਕਿ ਸਾਹਿਬ ਜੀ ਤਾਂ ਆਏ ਹੀ ਦੇਣ ਸਨ।

ਸਤਿਗੁਰੂ ਜੀ ਇਸ ਤਰ੍ਹਾਂ ਤਲਵੰਡੀ ਰਾਹੀਂ ਧਮਧਾਨ ਪਹੁੰਚੇ। ਇਥੋਂ ਫਿਰ ਕਰਨਾਲ ਆਦਿਕ ਤੋਂ ਹੁੰਦਿਆਂ ਦਿੱਲੀ ਪਹੁੰਚੇ। ਇਧਰੋਂ ਹੀ ਆਗਰਾ ਵਿਖੇ ਪਹੁੰਚ ਕੇ ਇਕ ਸ਼ਰਧਾਲੂ ਮਾਤਾ ਜੀ ਦਾ ਹੱਥੀਂ ਤਿਆਰ ਕੀਤਾ ਪੋਸ਼ਾਕਾ ਪਹਿਨ ਕੇ ਸਪਸ਼ਟ ਕਰ ਦਿੱਤਾ ਕਿ "***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥***" ਫਿਰ ਕਾਨ੍ਹਪੁਰ ਤੋਂ ਇਲਾਹਾਬਾਦ ਵੱਲ ਕੂਚ ਕੀਤਾ। ਬਨਾਰਸ ਵਿਚੋਂ ਦੀ ਹੁੰਦਿਆਂ ਹੋਇਆਂ ਗਯਾ, ਪਟਨਾ ਸਾਹਿਬ ਪਰਿਵਾਰ ਨੂੰ ਛੱਡ ਕੇ ਆਪ ਜੀ ਢਾਕਾ ਵਿੱਚ ਸੰਗਤਾਂ ਨੂੰ ਪਵਿੱਤਰ ਨਾਮ ਨਾਲ ਜੋੜ ਰਹੇ ਸਨ। ਇਥੇ ਹੀ ਲੰਮੇਰੇ ਸਮੇਂ ਮਗਰੋਂ ਜਨਮੇ ਬਾਲੜੇ ਸ੍ਰੀ ਗੋਬਿੰਦ ਰਾਇ ਜੀ ਦਾ ਸੁਨੇਹਾ ਮਿਲਿਆ ਸੀ। ਯਾਦ ਰੱਖਣ ਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਾਦੀ ਨੂੰ ਕਾਫੀ ਸਮਾਂ ਗੁਜ਼ਰਨ ਮਗਰੋਂ ਇਸ ਬਾਲੜੇ ਸ੍ਰੀ ਗੋਬਿੰਦ ਰਾਏ ਜੀ ਦਾ ਪ੍ਰਕਾਸ਼ ਹੋਇਆ ਸੀ। ਦਾਤ ਮਿਲੀ ਤੇ ਰੱਬ ਦਾ ਸ਼ੁਕਰਾਨਾ ਕਰ ਸਾਰੇ ਸੰਸਾਰ ਨੂੰ ਦਾਤ ਦੀ ਥਾਂ ਦਾਤੇ ਨਾਲ ਜੁੜਨ ਦੀ ਜੁਗਤਿ ਦਰਸਾ ਰਹੇ ਸਨ।

ਕਹਿਣ ਲਈ ਤਾਂ ਬੁਲਾਕੀ ਦਾਸ ਵੀ ਇਕ ਮਸੰਦ ਹੀ ਸੀ ਪਰ ਬਹੁਤ ਵਿਸਵਾਸੀ ਸੀ। ਜਦੋਂ ਕਦੇ ਆਪ ਪਾਠ ਕਰਨ ਲੱਗਦਾ ਤਾਂ ਚੰਗਾ ਜਿਹਾ ਬਿਸਤਰਾ ਵਿਛਾ ਕੇ ਰੱਖ ਛੱਡਦਾ ਅਤੇ ਸਾਦੀ ਜਿਹੀ ਚਾਦਰ ਹੇਠਾਂ ਹੀ ਵਿਛਾ ਕੇ ਪਾਠ ਕਰਨ ਲੱਗ ਜਾਂਦਾ। ਜਦੋਂ ਕਿਸੇ ਨੇ ਕਹਿਣਾ ਕਿ ਭਾਈ ਬਿਸਤਰੇ ਉਪਰ ਬੈਠ ਕੇ ਪਾਠ ਕਰਿਆ ਕਰ ਤਦ ਆਖਦਾ ਜੇਕਰ ਪਾਠ ਕਰਦਿਆਂ ਸਤਿਗੁਰੂ ਜੀ ਆ ਜਾਣ ਤਦ ਮੈਂ ਉਸ ਵਕਤ ਖੜਾ ਹੋ ਕੇ ਕਿਵੇਂ ਬਿਸਤਰਾ

ਵਿਛਾਵਾਂਗਾ। ਇਸ ਲਈ ਪਹਿਲਾਂ ਹੀ ਵਿਛਾ ਦਿੰਦਾ ਹਾਂ। ਖਿਆਲ ਕਰਨਾ ਰੱਬ ਦੇ ਬੰਦਿਆਂ ਦਾ ਹੀ ਵਿਸ਼ਵਾਸ ਦੇਖ ਕੇ ਸੰਸਾਰ ਧਰਮੀ ਬਣਿਆ ਹੈ। ਨਾਸਤਕ ਲੋਕ ਵੀ ਧਰਮ ਦੀ ਪੌਸ਼ਾਕ ਪਾ ਕੇ ਗਲਤ ਕੰਮ ਕਰਨ ਵਾਲਿਆਂ ਨੇ ਹੀ ਪੈਦਾ ਕੀਤੇ ਹਨ। ਅਜਿਹੇ ਵਿਸ਼ਵਾਸੀ ਦੀ ਯਾਦ ਵਿੱਚ ਗੁਰੂ ਦੀਦਾਰਾਂ ਦੀ ਕਾਮਨਾ ਹੋਵੇ, ਉਹ ਭਲਾ ਗੁਰੂ ਜੀ ਕਿਵੇਂ ਨਾ ਪੂਰੀ ਕਰਨ। ਇਸ ਲਈ ਸਾਹਿਬ ਜੀ ਦੇ ਮੁਬਾਰਿਕ ਕ਼ਦਮ ਇਸ ਸਿਦਕੀ ਸਿੱਖ ਤਕ ਆਣ ਪਹੁੰਚੇ। ਭਾਈ ਬੁਲਾਕੀ ਦਾਸ ਹੀ ਨਹੀਂ ਬਲਕਿ ਇਸ ਦੀ ਮਾਤਾ ਵੀ ਬਹੁਤ ਸਿਦਕ ਪਿਆਰ ਨਾਲ ਗੁਰੂ ਜੀ ਦੀ ਯਾਦ ਵਿੱਚ ਜੁੜਦੀ ਸੀ। ਭਾਈ ਬੁਲਾਕੀ ਦਾਸ ਅਤੇ ਮਾਤਾ ਜੀ ਦੀ ਸ਼ਰਧਾ ਪੂਰੀ ਹੋਈ। ਕੁਝ ਦਿਨ ਰਹਿ ਕੇ ਗੁਰੂ ਜੀ ਨੇ ਮਾਤਾ ਜੀ ਕੋਲੋਂ ਆਗਿਆ ਮੰਗੀ ਅਤੇ ਕਿਹਾ ਕਿ ਤੁਹਾਡੀ ਕੋਈ ਕਾਮਨਾ ਹੋਵੇ ਤਾਂ ਮਾਤਾ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਸੰਸਾਰੀ ਬੰਦੇ ਦੀ ਕਦੇ ਕਾਮਨਾ ਖਤਮ ਨਹੀਂ ਹੁੰਦੀ, ਤੁਸੀਂ ਹੀ ਕਿਰਪਾ ਕਰ ਸਕਦੇ ਹੋ। ਸਤਿਗੁਰੂ ਜੀ ਨੇ ਪ੍ਰੇਮ ਨਾਲ ਪੁੱਛਿਆ, ਮਾਤਾ ਜੀ ਕੀ ਕਾਮਨਾ ਹੈ ? ਮਾਤਾ ਜੀ ਨੇ ਹੱਥ ਜੋੜ ਕੇ ਆਖਿਆ ਕਿ ਤੁਸੀਂ ਸਾਡੇ ਘਰੋਂ ਕਦੇ ਵੀ ਨਾ ਜਾਵੋ ਇਥੇ ਹੀ ਰਹੋ। ਸਤਿਗੁਰੂ ਜੀ ਨੇ ਪ੍ਰੇਮ ਨਾਲ ਆਖਿਆ ਕਿ ਮਾਤਾ ਜੀ ਜਦੋਂ ਤਕ ਮੈਂ ਨਹੀਂ ਸੀ ਆਇਆ। ਤੁਸੀਂ ਦੀਦਾਰਾਂ ਲਈ ਬਹੁਤ ਤੜਪਦੇ ਸੀ। ਮਾਤਾ ਜੀ ਨੇ ਸਿਰ ਹਿਲਾ ਕੇ ਹੀ ਹਾਂ, ਆਖੀ। ਤਦ ਸਾਹਿਬ ਆਖਣ ਲੱਗੇ ਮਾਤਾ ਜੀ ਇਸੇ ਤਰ੍ਹਾਂ ਹੋਰ ਵੀ ਜੀਵ ਆਪ ਜੀ ਦੀ ਹੀ ਤਰ੍ਹਾਂ ਤੜਪਦੇ ਹਨ। ਤਦ ਮਾਤਾ ਜੀ ਦੇ ਕਹਿਣ 'ਤੇ ਸਾਹਿਬ ਜੀ ਦੀ ਤਸਵੀਰ ਬਣਾਈ ਗਈ। ਕੋਈ ਪ੍ਰੀਤ ਨਾਲ ਯਾਦ ਕਰੇ ਫਿਰ ਇਹ ਕਿਵੇਂ ਹੋ ਸਕਦਾ ਕਿ ਉਸ ਦੇ ਪ੍ਰੇਮ ਬੂਟੇ ਨੂੰ ਗੁਰੂ ਜੀ ਆ ਕੇ ਦੀਦਾਰਾਂ ਦਾ ਪਾਣੀ ਨਾ ਪਾਉਣ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਹੀ ਐਸਾ ਹੈ ਕਿ ਸ਼ਰਧਾ ਦੀ ਝੋਲੀ ਅੱਡੀ ਨਹੀਂ ਅਤੇ ਸਾਹਿਬ ਦਰੋਂ ਭਰੀ ਨਹੀਂ ਭਾਵ ਕਦੇ ਕੋਈ ਨਿਰਾਸ਼ ਨਹੀਂ ਪਰਤਿਆ।

ਭਾਵੇਂ ਕਿ ਅਨੇਕਾਂ ਸੇਵਕ ਗੁਰੂ ਜੀ ਦੇ ਦੀਦਾਰਾਂ ਲਈ ਲੋਚਾ ਰੱਖਦੇ ਸਨ ਪਰ ਫਿਰ ਵੀ "**ਪਰਮ ਪੁਰਖ ਕੋ ਦਾਸਾ**" ਦਾ ਘਰ ਵਿੱਚ ਪ੍ਰਕਾਸ਼ ਹੋਣ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਬਾਲੜੇ ਨੂੰ ਮਿਲੇ। ਸੰਗਤਾਂ ਦੀਆਂ ਵਧਾਈਆਂ ਕਬੂਲੀਆਂ। ਕੁਝ ਦਿਨ ਰਹਿ ਕੇ ਆਪ ਜੀ ਆਨੰਦਪੁਰ ਸਾਹਿਬ ਵਾਪਸ ਆ ਗਏ ਅਤੇ ਪਰਿਵਾਰ ਲਈ ਬਚਨ ਕਰ ਗਏ ਸਨ ਕਿ ਸਾਡੇ ਸੁਨੇਹੇ ਨਾਲ ਮਾਖੋਵਾਲ (ਆਨੰਦਪੁਰ ਸਾਹਿਬ) ਆਉਣਾ।

ਗੁਰੂ ਹੁਕਮ ਕਮਾ ਕੇ ਭਾਵੇਂ ਸੰਗਤਾਂ ਆਨੰਦ ਮਾਣ ਰਹੀਆਂ ਸਨ ਪਰ ਫਿਰ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਾਪਸੀ ਨੇ ਕੁਝ ਵਖਰਾ ਹੀ ਰੰਗ ਬਖਸ਼ਿਆ ਕਿਉਂਕਿ ਅਰਦਾਸ ਤਾਂ ਇਹੋ ਹੀ ਹੁੰਦੀ ਸੀ।

ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੇ ॥

ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਣੇ ॥

ਇਕ ਥਾਂ 'ਤੇ ਟਿਕਾ ਹੋਣ ਕਰਕੇ ਫਿਰ ਦੂਰੋਂ ਪਾਰੋਂ ਵੀ ਸੰਗਤਾਂ ਦੀ ਆਵਜਾਈ ਵੱਧ ਜਾਂਦੀ ਸੀ। ਹਰ ਦਿਨ ਆਨੰਦਪੁਰ ਸਾਹਿਬ ਵਿੱਚ ਸਵੱਰਗ ਦੀ ਨਗਰੀ ਵਰਗਾ ਲੰਘਦਾ ਸੀ। ਗੁਰੂ ਜੀ ਦੀ ਪਵਿੱਤਰ ਨਦਰਿ ਦਾ ਸਦਕਾ ਮਾਨੋ ਸਮੁੱਚੇ ਮਾਨਸ ਤੋਂ ਦੇਵਤਾ ਰੂਪ ਹੋ ਗਏ ਸਨ। ਹਰ ਪਾਸੇ ਕਰਤੇ ਦੀ ਸਿਫਤ ਸਲਾਹ, ਬਾਨੀ ਦਾ ਹੀ ਪ੍ਰਕਾਸ਼, ਸੇਵਾ ਸਿਮਰਨ - ਇਹ ਸਭ ਕੁਝ ਸਵੱਰਗ ਹੀ ਤਾਂ ਸੀ। ਆਨੰਦਪੁਰ ਸਾਹਿਬ ਦੀ ਧਰਤੀ ਨੇ ਵੀ ਸੰਸਾਰ ਦੀ ਝੋਲੀ ਵਿੱਚ ਬਹੁਤ ਕੁਝ ਪਾਇਆ ਹੈ। ਦੇਖੋ ਇਕ ਉਦਾਹਰਣ, ਇਥੇ ਹੀ ਇਕ ਜਗਿਆਸੂ ਸੱਚੀ ਜਗਿਆਸਾ ਲੈ ਹਾਜ਼ਰ ਹੋਇਆ ਜਿਸ ਨੂੰ ਧਰਮ ਦੀ ਸਾਧਨਾ ਨੇ ਸਰੀਰ ਤੋਂ ਅੱਗੇ ਮਨ ਪਰ ਮਨ ਤੋਂ ਵੀ ਅੱਗੇ ਆਤਮਾ ਦੇਵ ਤਕ ਪਹੁੰਚਾ ਦਿੱਤਾ ਸੀ। ਨੇਤਰਾਂ ਰਾਹੀਂ ਗੁਰੂ ਤਸਵੀਰ ਦਿਲ ਦੇ ਪੰਨੇ 'ਤੇ ਉਕਰ ਲਈ ਜਿਸ ਕਰਕੇ ਨੈਣਾਂ ਦੇ ਦਰਵਾਜ਼ੇ ਜਦੋਂ ਬੰਦ ਹੁੰਦੇ ਤਦ ਅੰਦਰ ਤਸਵੀਰੇ ਯਾਰ ਦੇ ਦਰਸ਼ਨ ਹੁੰਦੇ। ਜਦੋਂ ਨੈਣਾਂ ਰਾਹੀਂ ਬਾਹਰ ਤੱਕਦੇ ਫਿਰ ਉਹੋ ਦਿਸਦਾ ਜੋ ਅੰਦਰ ਹੈ ਕਿਉਂਕਿ "*ਅੰਤਰਿ ਬਸੇ ਬਾਹਰਿ ਭੀ ਓਹੀ ॥*" ਹਰ ਪਾਸੇ ਪ੍ਰੀਤਮ ਦਾ ਹੀ ਦੀਦਾਰ ਹੁੰਦਾ ਸੀ, ਅਜਿਹੇ ਖਿਆਲ ਭਾਈ ਵੀਰ ਸਿੰਘ ਜੀ ਦੀ ਕਵਿਤਾ ਵਿੱਚ ਵੀ ਹਨ।

"ਨੈਣਾਂ ਦੇ ਵਿੱਚ ਸੱਜਣ ਬਹਾਇਆ ਜਾ ਅੰਦਰ ਨੂੰ ਧੱਸਿਆ।
ਧਸਿਆ ਅੰਦਰਲੇ ਦੇ ਅੰਦਰ ਜਾ ਡੂੰਘਾਈ ਫਸਿਆ।
ਨੈਣ ਮੀਟਿਆਂ ਅੰਦਰ ਦਿਸੇ ਬਾਰ ਖੁਲ੍ਹਿਆ ਬਾਹਰ ਦਿਸੀਵੇ।
ਜਿੱਤ ਵੱਲ ਨਜ਼ਰ ਉਤੇ ਵਲ ਸਜਣ ਵਣ ਤ੍ਰਿਣ ਸੱਜਣ ਵੱਸਿਆ।"

ਇਸ ਜਗਿਆਸੂ ਕੋਲੋਂ ਸਾਹਿਬ ਜੀ ਨੇ ਇਕ ਘੜਾ ਪਾਨੀ ਦਾ ਮੰਗਵਾਇਆ। ਉਹ ਡੋਲ੍ਹ ਦਿੱਤਾ ਫਿਰ ਇਕ ਹੋਰ-ਹੋਰ, ਇਸ ਤਰ੍ਹਾਂ ਕਈ ਘੜੇ ਡੋਲ੍ਹ ਦਿੱਤੇ। ਪਰ ਇਸ ਪ੍ਰੇਮੀ ਦਾ ਮਨ ਕਾਹਲਾ ਨਾ ਪਿਆ। ਅਸਲ ਵਿੱਚ ਪ੍ਰੇਮਾ-ਭਗਤੀ ਪੈਦਾ ਹੀ ਉਦੋਂ ਹੁੰਦੀ ਹੈ ਜਦੋਂ ਸ਼ੰਕਾ ਮਿਟ ਸ਼ਰਧਾ ਬਣ ਜਾਵੇ। ਇਸ ਦੇ ਸਿਦਕ ਨੂੰ ਫਲ ਲੱਗਾ ਕਿ ਸਾਹਿਬ ਜੀ ਨੇ ਘੁੱਟ ਗਲਵਕੜੀ ਵਿੱਚ ਲੈ ਕੇ ਆਖਿਆ ਕਿ ਤੂੰ ਪਾਨੀ ਹੀ ਪਿਲਾਉਂਦਾ ਜਾਵੀਂ, ਤੇਰੀ ਇਹ ਗਾਗਰ ਹੀ ਉਧਾਰ ਬਣ ਜਾਵੇਗੀ। ਦੇਣ ਵਾਲੇ ਨੂੰ ਹਮੇਸ਼ਾ ਧੀਰਜ ਰੱਖਣਾ ਪੈਂਦਾ ਹੈ, ਦੇਣ ਵਾਲਾ ਕਦੇ ਕਾਹਲਾ ਨਹੀਂ ਪੈਂਦਾ। ਇਸ ਜਗਿਆਸੂ ਨੇ ਸਭ ਕੁਝ ਹੀ ਦੇਣ ਵਾਲੇ ਪ੍ਰੀਤਮ ਤੋਂ ਅਜਿਹੀ ਸਿੱਖਿਆ ਲਈ ਕਿ ਹਰ ਇਕ ਨੂੰ ਬਿਨਾਂ ਵਿਤਕਰੇ ਪਾਨੀ ਪਿਲਾ ਕੇ ਭਾਈ ਘਨੱਈਆ ਜੀ ਅਖਵਾਇਆ ਅਤੇ ਕਲਗੀਧਰ ਜੀ ਦਾ ਥਾਪੜਾ ਪ੍ਰਾਪਤ ਕੀਤਾ।

ਸਤਿਗੁਰੂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੁਨੇਹਾ ਭੇਜ ਕੇ ਸ੍ਰੀ ਗੋਬਿੰਦ ਰਾਏ ਜੀ ਅਤੇ ਸ੍ਰੀ ਗੁਜਰੀ ਜੀ ਨੂੰ ਸੱਦ ਲਿਆ। ਸ੍ਰੀ ਗੋਬਿੰਦ ਰਾਏ ਜੀ ਨੇ 'ਅਨੰਦੁ ਸਾਹਿਬ' ਦੀ ਬਾਨੀ

ਸੁਣਾਈ। ਜਿਸ ਤੋਂ ਖੁਸ਼ ਹੋ ਕੇ ਉਹ ਮਾਖੋਵਾਲ ਦਾ ਨਾਂ ਬਦਲ ਕੇ ਗੁਰੂ ਸਾਹਿਬ ਜੀ ਨੇ ਆਨੰਦਪੁਰ ਸਾਹਿਬ ਰੱਖ ਦਿੱਤਾ।

ਵਕਤੀ ਹਾਕਮ ਔਰੰਗਜ਼ੇਬ ਨੇ ਮਾਨੋ ਤਖ਼ਤ ਹੀ ਭਰਾਵਾਂ ਦੇ ਖ਼ੂਨ ਦਾ ਖੱਪ ਦੇ ਕੇ ਅਤੇ ਪਿਤਾ ਨੂੰ ਕੈਦ ਵਿੱਚ ਸਤਾ ਕੇ ਡਾਹਿਆ ਸੀ ਜਿਸ ਦੀ ਜ਼ਮੀਰ ਆਪਣੇ ਭਰਾਵਾਂ, ਪਿਤਾ 'ਤੇ ਭੈਣ ਆਦਿਕ 'ਤੇ ਜ਼ੁਲਮ ਕਰਕੇ ਕਦੇ ਨਹੀਂ ਕੰਬੀ, ਉਸਦਾ ਹੋਰਾਂ ਪ੍ਰਤੀ ਵਿਹਾਰ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਸ਼ਰਹ ਦਾ ਅਖੌਤੀ ਕੱਟੜ ਹੋਣ ਕਰਕੇ ਇਕ ਖ਼ਿਆਲ ਮਨ ਵਿੱਚ ਧਾਰਨ ਕਰ ਬੈਠਾ ਕਿ ਜੇ ਕਰ ਇਨ੍ਹਾਂ ਹਿੰਦੂਆਂ ਨੂੰ ਮੁਸਲਮਾਨ ਬਣਾ ਦਿਆਂ ਜਾਂ ਖ਼ਤਮ ਹੀ ਕਰ ਦਿਆਂ ਤਦ ਅੱਲਾਹ ਦਾ ਕਰਮ ਮੇਰੇ 'ਤੇ ਹੋਵੇਗਾ। ਬਾਕੀ ਨਸ਼ਿਆਂ ਨਾਲੋਂ ਰਾਜ ਦਾ ਨਸ਼ਾ ਬਹੁਤ ਖ਼ਤਰਨਾਕ ਹੁੰਦਾ ਹੈ। ਬਾਕੀ ਨਸ਼ੇ ਤਾਂ ਕਦੇ ਨਾ ਕਦੇ ਉਤਰ ਕੇ ਥੋੜ੍ਹੀ ਬਹੁਤ ਸਮਝ ਸੋਚ ਦੇ ਹੀ ਦਿੰਦੇ ਹਨ ਪਰ ਰਾਜ ਦਾ ਨਸ਼ਾ ਤਾਂ ਦਿਨ ਰਾਤ ਦਾ ਹੋਣ ਕਰਕੇ ਬੰਦਾ ਕਦੇ ਸੋਚ ਵੀ ਨਹੀਂ ਸਕਦਾ ਕਿ ਮੈਂ ਕੀ ਚੰਗਾ ਤੇ ਕੀ ਮਾੜਾ ਕਰ ਰਿਹਾ ਹਾਂ।

ਇਸ ਖ਼ਿਆਲ ਨੇ ਔਰੰਗਜ਼ੇਬ ਦਾ ਧਿਆਨ ਕਸ਼ਮੀਰੀ ਪੰਡਿਤਾਂ ਵੱਲ ਕਰ ਦਿੱਤਾ ਕਿਉਂਕਿ ਬਹੁਤਾ ਹਿੰਦੂ ਧਰਮ ਦਾ ਪ੍ਰਚਾਰਕ ਇਥੇ ਹੀ ਬੈਠਾ ਸੀ। ਜੇ ਕਰ ਇਹ ਪ੍ਰਚਾਰਕ ਹੀ ਮੁਸਲਮਾਨ ਬਣ ਜਾਣ ਤਦ ਆਮ ਬੰਦੇ ਦਾ ਇਸ ਦਾ ਧਾਰਨੀ ਹੋਣਾ ਮਾਮੂਲੀ ਕਰਮ ਸੀ। ਕਸ਼ਮੀਰੀ ਪੰਡਿਤਾਂ ਉਪਰ ਔਰੰਗਜ਼ੇਬ ਦਾ ਕਹਿਰ ਟੁੱਟ ਗਿਆ। ਹਰ ਰੋਜ਼ ਢੇਰਾਂ ਦੇ ਢੇਰ ਜਨੇਊ ਉਤਾਰਨ ਲੱਗ ਪਿਆ। ਕੁਝ ਧਰਮੀ ਸੋਚ ਵਾਲਿਆਂ ਨੇ ਰਲ ਮਿਲ ਸੋਚ ਵੀਚਾਰ ਕੀਤੀ ਕਿ ਇਸ ਵਕਤ ਕਿਹੜਾ ਅਜਿਹਾ ਮਹਾਂਪੁਰਸ਼ ਹੈ ਜਿਹੜਾ ਔਰੰਗਜ਼ੇਬ ਨਾਲ ਟੱਕਰ ਲੈ ਸਕਦਾ ਸੀ। ਸੰਸਾਰ ਦੇ ਸਾਹਮਣੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਕਿਵੇ ਜ਼ੁਰਅਤ ਨਾਲ ਜਿਉਣਾ ਦੱਸ ਦਿੱਤਾ ਸੀ ਕਿ ਹਾਕਮੀ ਰੋਅਬ ਦਾਅਬਾ ਨਹੀਂ ਸੀ ਕਬੂਲਿਆ ਜਾਂਦਾ। ਸੱਤਵੇਂ ਪਾਤਿਸ਼ਾਹ ਜੀ ਨੇ ਅਣਖ ਰੱਖੀ; ਅੱਠਵੇਂ ਪਾਤਿਸ਼ਾਹ ਦੇ ਤਾਂ ਦਰ 'ਤੇ ਔਰੰਗਜ਼ੇਬ ਦਰਸ਼ਨਾਂ ਲਈ ਤਰਲੇ ਕੱਢਣ ਗਿਆ ਸੀ ਪਰ ਦੀਦਾਰ ਨਸੀਬ ਨਹੀਂ ਸਨ ਹੋਏ। ਅਜਿਹਾ ਅਣਖ ਗੈਰਤ ਤੇ ਸੂਰਬੀਰਤਾ ਨਾਲ ਭਰਪੂਰ ਕੇਵਲ ਇਕੋ ਘਰ ਨਜ਼ਰ ਆਉਂਦਾ ਸੀ। ਫਿਰ ਇਥੇ ਬਿਨਾਂ ਕਿਸੇ ਭੇਦ ਭਾਵ ਦੇ ਹਰ ਇਕ ਦਾ ਦੁੱਖ ਸੁੱਖ ਸੁਣਿਆਂ ਜਾਂਦਾ ਸੀ। ਅਜਿਹੀ ਵੀਚਾਰ ਮਗਰੋਂ ਕਿਰਪਾ ਰਾਮ ਦੀ ਅਗਵਾਈ ਵਿੱਚ ਇਕ ਜੱਥਾ ਸਮੁੱਚੀ ਕੌਮ ਦਾ ਦੁੱਖ ਦਰਦ ਦੱਸਣ ਲਈ ਆਨੰਦਪੁਰ ਸਾਹਿਬ ਗੁਰੂ ਦਰਬਾਰ ਹਾਜ਼ਰ ਹੋਇਆ।

ਕਿਰਪਾ ਰਾਮ ਕਾਫ਼ੀ ਸਿਆਣਾ ਪੁਰਖ ਸੀ ਜਿਸ ਨੇ ਆਪਣੀ ਕੌਮ ਦੀ ਦੁੱਖ ਵਾਰਤਾ ਬਹੁਤ ਸੋਹਣੇ ਅੱਖਰਾਂ ਵਿੱਚ ਸਤਿਗੁਰੂ ਜੀ ਦੇ ਦਰਬਾਰ ਵਿੱਚ ਦਰਸਾਈ। ਸਤਿਗੁਰੂ ਜੀ ਜਦੋਂ ਬੰਨ੍ਹਾ ਟੁੱਟ ਜਾਏ ਤਦ ਕਦੇ ਤੀਲਿਆਂ ਨਾਲ ਨਹੀ ਲੱਗਦਾ ਬਲਕਿ ਇਕ ਵੱਡਾ ਸਾਰਾ ਸਹਾਰਾ

ੴ

ਚਾਹੀਦਾ ਹੈ ਜਿਹੜਾ ਇਸ ਵਗਦੇ ਵਹਾ ਨੂੰ ਰੋਕੇ। ਸਾਡੇ ਵਰਗੇ ਤੀਲੇ ਇਸ ਵਹਾ ਨੂੰ ਰੋਕ ਸਕਦੇ ਬਲਕਿ ਹਰ ਰੋਜ਼ ਰੁੜੀ ਜਾ ਰਹੇ ਹਾਂ। ਕਿਰਪਾ ਕਰਕੇ ਸਾਡੀ ਡੁੱਬਦੀ ਕੌਮ ਦਾ ਬੇੜਾ ਤਾਰੋ। ਇਕ ਆਪ ਜੀ ਦਾ ਹੀ ਦਰ ਹੈ ਜਿਹੜਾ ਕਦੇ ਮੱਖਣ ਸ਼ਾਹ ਦੇ, ਕਦੇ ਸ਼ਰਧਾਲੂ ਸਿੱਖਾਂ ਦੇ ਬਾਈ ਮੰਜੀਆਂ ਵਿਚੋਂ ਪ੍ਰਗਟ ਹੋ ਕੇ ਪਾਰ ਕਰ ਰਹੇ ਹੋ। ਸਾਡੀ ਵੀ ਡੁੱਬਦੀ ਬੇੜੀ ਨੂੰ ਪਾਰ ਕਰੋ ਜੀ। ਦਰਦ ਭਰੀ ਵਾਰਤਾ ਕਹਿੰਦਿਆਂ ਇਨ੍ਹਾਂ ਪੰਡਿਤਾਂ ਦੀਆਂ ਅੱਖਾਂ ਵੀ ਸਿਲ੍ਹੀਆਂ ਹੋ ਗਈਆਂ ਸਨ। ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਬਚਨ ਹੀ ਇਨ੍ਹਾਂ ਲਈ ਜ਼ਿੰਦਗੀ ਜਾਂ ਮੌਤ ਸਨ ਕਿਉਂਕਿ ਜੇ ਗੁਰੂ ਜੀ ਕਹਿ ਦੇਣ ਕਿ ਤੁਹਾਡੀ ਸਹਾਇਤਾ ਹੋਵੇਗੀ ਤਾਂ ਇਹੋ ਹੀ ਦਰ ਹੈ ਜਿਥੋਂ ਬਾਬਰ ਨੂੰ ਜਾਬਰ ਕਹਿਣ ਦੀ ਦਲੇਰੀ ਦੀ ਰੀਤ ਗੁਰੂ ਨਾਨਕ ਪਾਤਿਸ਼ਾਹ ਨੇ ਪਾਈ ਸੀ। ਪਰ ਜੇਕਰ ਗੁਰੂ ਜੀ ਇਨ੍ਹਾਂ ਦੀ ਸਹਾਇਤਾ ਨਹੀਂ ਕਰਦੇ ਤਾਂ ਇਨ੍ਹਾਂ ਦੀ ਮੌਤ ਕੁਝ ਹੀ ਪੰਧ 'ਤੇ ਖਲੋਤੀ ਸਪਸ਼ਟ ਰੂਪ ਵਿਚ ਦਿਸ ਰਹੀ ਸੀ। ਸਤਿਗੁਰੂ ਜੀ ਵੀ ਗੰਭੀਰਤਾ ਨਾਲ ਵੀਚਾਰ ਕਰ ਰਹੇ ਸਨ ਕਿ ਅਚਾਨਕ ਹੀ ਸ੍ਰੀ ਗੋਬਿੰਦ ਰਾਏ ਜੀ ਬਾਹਰੋਂ ਆ ਗਏ। ਦਰਬਾਰ ਦੀ ਕੁਝ ਅਜਿਹੀ ਹਾਲਤ ਵੇਖ ਕੇ ਚਲਦੀ ਵੀਚਾਰ ਪੁੱਛੀ। ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਹੁਣ ਸਮਾਂ ਬਹੁਤ ਥੋੜ੍ਹਾ ਸੀ, ਇਸ ਲਈ ਪਰਖ ਵਾਸਤੇ ਸਿਰਫ ਇੰਨਾ ਹੀ ਪੁੱਛਿਆ ਕਿ ਇਹ ਪੰਡਿਤ ਗੁਰੂ ਨਾਨਕ ਪਾਤਿਸ਼ਾਹ ਦੇ ਦਰ ਤੋਂ ਕੋਈ ਮਹਾਨ ਪੁਰਖ ਚਾਹੁੰਦੇ ਹਨ ਜਿਸ ਦੀ ਸ਼ਹਾਦਤ ਔਰੰਗਜ਼ੇਬ ਦੇ ਜ਼ੁਲਮ ਦੇ ਹੜ ਨੂੰ ਰੋਕ ਸਕਦੀ ਹੈ ਭਾਵੇਂ ਬਾਲਕ ਬੁਧੀ ਅਚੇਤ ਦਾ ਬਚਨ ਗੁਰਬਾਣੀ ਵਿੱਚ ਦਰਜ ਹੈ ਪਰ ਪਰਮ ਪੁਰਖ ਦੇ ਦਾਸ ਲਈ ਉਮਰ ਤਰਾਜਾਂ ਨਹੀਂ ਹੋਇਆ ਕਰਦੀ। ਇਸ ਲਈ ਉਸੇ ਵੇਲੇ ਬਚਨ ਕੀਤਾ ਕਿ ਪਿਤਾ ਜੀ ਆਪ ਜੀ ਜਾ ਕੇ ਇਨ੍ਹਾਂ ਗਰੀਬਾਂ ਨਿਮਾਣਿਆਂ ਦੀ ਬਾਂਹ ਪਕੜੋ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਦਾ ਅਰਥ ਸੀ ਕਿ ਆਪ ਜੀ ਹੁਣ ਇਸ ਘਰ ਦਾ ਵਜ਼ਨ ਚੁੱਕ ਸਕਦੇ ਹੋ। ਸ੍ਰੀ ਗੋਬਿੰਦ ਰਾਏ ਜੀ ਦਾ ਇਹ ਆਖਣਾ ਮਾਨੋ ਪ੍ਰਗਟ ਜਵਾਬ ਸੀ ਕਿ ਹੁਣ ਇਸ ਘਰ ਦੀ ਪੂਰੀ ਜ਼ਿੰਮੇਵਾਰੀ ਦਿਆਨਤਦਾਰੀ ਨਾਲ ਨਿਭੇਗੀ। ਇਹ ਬਚਨ ਮਾਨੋ ਪ੍ਰੀਖਿਆ ਵਿਚੋਂ ਪਾਸ ਹੋਣ ਦੀ ਨਿਸ਼ਾਨੀ ਸੀ ਕਿਉਂਕਿ ਮਮਤਾ ਕਦੇ ਵਿਛੋੜਾ ਨਹੀਂ ਚਾਹੁੰਦੀ ਪਰ ਇਹ ਬਚਨ ਤਾਂ ਮਮਤਾ ਤੋਂ ਬਹੁਤ ਦੂਰ ਬਲਕਿ ਨੌਂ ਸਾਲਾਂ ਦੀ ਉਮਰ ਤੋਂ ਹੀ ਪਿਤਾ ਦਾ ਸਾਇਆ ਆਪਣੇ ਸਿਰ ਤੋਂ ਚੁੱਕ ਕਿਸੇ ਦੇ ਸੀਸ 'ਤੇ ਰੱਖਣ ਵਾਲੀ ਗੱਲ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਨ੍ਹਾਂ ਆਇਆਂ ਹੋਇਆਂ ਦੁਖਿਆਰਿਆਂ ਨੂੰ ਸੁੱਖ ਬਖਸ਼ਣ ਲਈ ਅੱਜ ਆਪਣਾ ਆਪ ਹੀ ਇਨ੍ਹਾਂ ਲਈ ਭੇਟ ਕਰ ਦਿੱਤਾ ਸੀ। ਇਥੋਂ ਤਾਂ ਜੋ ਮੰਗਿਆ ਸੋ ਪਾਇਆ।

ਜਲਦੀ ਨਾਲ ਸਾਰੀ ਤਿਆਰੀ ਆਰੰਭ ਹੋ ਗਈ ਕਿਉਂਕਿ ਸ਼ਹਾਦਤ ਲਈ ਜਾਣ ਤੋਂ ਪਹਿਲਾਂ ਗੁਰਗੱਦੀ ਦੀ ਰਸਮ ਵੀ ਅਦਾ ਕਰਨੀ ਸੀ। ਕੁਝ ਸਿੱਖ ਵੀ ਨਾਲ ਜਾਣੇ ਸਨ।

ਇਹ ਉਹ ਯਾਤਰਾ ਸੀ ਜਿਥੋਂ ਮੁੜ ਨਹੀਂ ਸੀ ਆਉਣਾ। ਇਸ ਲਈ ਸਿੱਖ ਵੀ ਉਹ ਜਿਹੜੇ ਸਿਦਕ ਦੇ ਆਸ਼ਿਕ, ਗੁਰੂ ਜੀ ਲਈ ਆਪਾ ਨਿਛਾਵਰ ਕਰਨ ਵਾਲੇ ਹੋਵਣ। ਇਸ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਇਆਲਾ ਜੀ ਅਤੇ ਕੁਝ ਹੋਰ ਗੁਰਸਿੱਖ ਸੂਰਮੇ ਨਾਲ ਜਾਣ ਲਈ ਤਿਆਰ ਹੋ ਗਏ। ਉਧਰ ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਤਕ ਆਪਣਾ ਸੰਦੇਸ਼ ਭੇਜ ਦਿੱਤਾ ਕਿ ਇਸ ਤਰ੍ਹਾਂ ਰੋਜ਼ ਦਿਹਾੜੇ ਜ਼ੁਲਮ ਕਰਨ ਦੀ ਬਜਾਇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮੁਸਲਮਾਨ ਬਣਾ ਲਵੇ ਅਸੀਂ ਸਾਰੇ ਆਪੇ ਹੀ ਇਹ ਰਾਹ ਅਖਿਤਿਆਰ ਕਰ ਲਵਾਂਗੇ। ਇਕ ਗੱਲ ਬਹੁਤ ਧਿਆਨ ਮੰਗਦੀ ਹੈ ਕਿ ਗੁਰੂ ਸਾਹਿਬ ਦੇ ਦਰ ਵੀਚਾਰ ਕੋਈ ਮੁਸਲਮਾਨ ਦੇ ਵਿਰੁੱਧ ਨਹੀਂ ਬਲਕਿ ਇਥੇ ਥਾਂ ਹਰਿ ਮੰਦਰ ਸਾਹਿਬ ਦੀ ਨੀਂਹ ਰੱਖਣ ਵਾਲਾ ਵੀ ਮੁਸਲਮਾਨ ਫਕੀਰ ਹੈ। ਸ੍ਰੀ ਆਦਿ ਗ੍ਰੰਥ ਜੀ ਦੀ ਬਾਣੀ ਵਿੱਚ ਵੀ ਬਾਬਾ ਫਰੀਦ ਜੀ ਦੇ ਬਚਨ ਦਰਜ਼ ਹੋਣਾ ਇਸ ਦਾ ਪ੍ਰਤੱਖ ਸਬੂਤ ਸਨ। ਬਹਾਦਰ ਗੜ ਸੈਫ ਖਾਂ ਕੋਲ ਗੁਰੂ ਜੀ ਦਾ ਰੁਕ ਕੇ ਉਸਦੇ ਪ੍ਰੇਮ ਸੱਦੜੇ ਨੂੰ ਕਬੂਲਣਾ ਇਹ ਸਭ ਕੁਝ ਸਪਸ਼ਟ ਕਰਦਾ ਹੈ ਕਿ ਇਸ ਦਰ ਤੋਂ ਸਰਬਤ ਦਾ ਭਲਾ ਹੀ ਲੋਚਿਆ ਜਾਂਦਾ ਹੈ। ਪਰ ਔਰੰਗਜ਼ੇਬ ਜ਼ਬਰੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਗੁਰੂ ਘਰ ਦਾ ਤਾਂ ਸੁਨਿਹਰੀ ਨਿਰਮਲ ਸੰਦੇਸ਼ ਹੀ ਇਹ ਹੈ ਕਿ "*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥*" ਇਥੇ ਭੈਅ ਦਿੱਤਾ ਵੀ ਨਹੀਂ ਜਾਂਦਾ ਅਤੇ ਭੈਅ ਸਹਾਰਿਆ ਵੀ ਨਹੀਂ ਜਾਂਦਾ। ਗੁਰੂ ਘਰ ਹਮੇਸ਼ਾ ਸਿਧਾਂਤਾਂ 'ਤੇ ਪਹਿਰਾ ਦਿੰਦਾ ਹੈ। ਇਥੇ ਤਾਂ ਸਿਰੜ ਨੂੰ ਸੀਸ ਤੋਂ ਵੀ ਪਿਆਰਾ ਸਮਝਿਆ ਜਾਂਦਾ ਹੈ। ਇਸੇ ਹੀ ਲੜੀ ਦੀਆਂ ਸਾਰੀਆਂ ਕੁਰਬਾਨੀਆਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ।

ਆਮ ਕਰਕੇ ਮੌਤ ਸਾਥੋਂ ਸਭ ਕੁਝ ਖੋਹ ਕੇ ਲੈ ਜਾਂਦੀ ਹੈ ਪਰ ਅਸੀਂ ਦਿੰਦੇ ਨਹੀਂ ਪਰ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਗੋਂ ਸਭ ਕੁਝ ਆਪ ਦਿੱਤਾ। ਅਜੀਬ ਪੂਰਨੇ ਪਾਏ ਹਨ। ਮਕਤੂਲ ਕਾਤਲ ਵੱਲ ਚੱਲਿਆ ਸੀ। ਸਤਿਗੁਰੂ ਜੀ ਨੇ ਸਾਰੀ ਤਿਆਰੀ ਕਰਕੇ ਪ੍ਰੇਮ ਭਿੱਜੀਆਂ ਅੱਖਾਂ ਵਾਲੀਆਂ ਸਾਰੀਆਂ ਸੰਗਤਾਂ ਕੋਲੋਂ ਵਿਦਾਇਗੀ ਲਈ। ਹਰ ਇਕ ਦੀਆਂ ਅੱਖਾਂ ਸੱਜਲ ਹੋਣੀਆਂ ਹੀ ਸਨ। ਜਿਹੜੇ ਪਲ ਦਾ ਵਿਛੋੜਾ ਕੱਲਜੁਗ ਸਮਝਦੇ ਸਨ ਉਨ੍ਹਾਂ ਕੋਲੋਂ ਪ੍ਰੀਤਮ ਲੰਮੇ ਵਿਛੋੜੇ ਲਈ ਚਲੇ ਸਨ। ਹਰ ਇਕ ਨੂੰ ਧੀਰਜ ਦਿੰਦਿਆਂ ਸ੍ਰੀ ਗੋਬਿੰਦ ਰਾਏ ਜੀ ਦੀ ਆਗਿਆ ਦਾ ਪਾਲਣ ਕਰਨਾ ਆਖ ਕੇ ਆਪ ਜੀ ਅੱਗੇ ਜੀਵਨ ਸਾਥਣ ਮਾਤਾ ਗੁਜ਼ਰੀ ਜੀ ਨੂੰ ਮਿਲੇ ਤਦ ਇਕ ਬਚਨ ਹੋਇਆ, ਸਾਹਿਬ ਜੀ ਆਖਣ ਲੱਗੇ, ਗੁਜ਼ਰੀ ਜੀ ਹਿਰਦਾ ਬਲਵਾਨ ਕਰਕੇ ਰੱਖਣਾ, ਤਕੜੇ ਜਿਗਰੇ ਨਾਲ ਵਿਚਰਨਾ ਜਿਸ ਨਾਲ ਇਨ੍ਹਾਂ ਦੇ ਤਿਲਕ ਜੰਞੂ ਦੀ ਖਾਤਰ ਅਜੀਬ ਰਿਸ਼ਤਾ ਜੋੜਨ ਚਲੇ ਹਾਂ। ਉਸ ਨੇ ਕੇਵਲ ਮੈਨੂੰ ਹੀ ਨਹੀਂ

ਬਲਕਿ ਅਨੇਕਾਂ ਹੋਰ ਵੀ ਪਰਿਵਾਰਾਂ ਦੇ ਜੀਆਂ ਨੂੰ ਲੈ ਕੇ ਲਹੂ ਦੀ ਪਿਆਸ ਬਝਾਉਣੀ ਹੈ। ਤੁਸੀਂ ਸਾਰੀਆਂ ਕੁਰਬਾਨੀਆਂ ਹਿਰਦਾ ਤਕੜਾ ਕਰਕੇ ਦੇਣੀਆਂ। ਮਾਤਾ ਗੁਜ਼ਰੀ ਜੀ ਨੇ ਹੱਥ ਜੋੜ ਅਰਜ਼ ਗੁਜਾਰੀ, ਸਾਹਿਬ ਜੀਉ! ਇਨ੍ਹਾਂ ਨੇਤਰਾਂ ਨੇ ਕਦੀ ਸ਼ਹਾਦਤ ਦਾ ਸਬਕ ਨਹੀਂ ਪੜ੍ਹਿਆ। ਆਪ ਜੀ ਬਿਨਾਂ ਪੜ੍ਹਾਏ ਹੀ ਇਤਨਾ ਕਰੜਾ ਪਰਚਾ ਪਾ ਚੱਲੇ ਹੋ। ਸਤਿਗੁਰੂ ਮਹਾਰਾਜ ਜੀ ਨੇ ਫ਼ੁਰਮਾਇਆ ਕਿ ਹੁਣ ਵਕਤ ਨਹੀਂ ਪਰ ਫਿਰ ਵੀ ਮੈਂ ਆਪਣਾ ਸੀਸ ਇਥੇ ਹੀ ਭੇਜਾਂਗਾ। ਮੇਰੇ ਚਿਹਰੇ ਤੋਂ ਸ਼ਹਾਦਤ ਦਾ ਸਬਕ ਪੜ੍ਹ ਲੈਣਾ ਫਿਰ ਕਦੇ ਹਿਰਦਾ ਨਹੀਂ ਡੋਲੇਗਾ। ਇਸੇ ਲਈ ਡਿਊਟੀ ਲੱਗੀ ਸੀ ਬਾਬਾ ਜੈਤਾ ਜੀ ਦੀ। ਸ੍ਰੀ ਗੁਰੂ ਗੋਬਿੰਦ ਰਾਏ ਜੀ ਨੂੰ ਮਿਲ ਕੇ ਸਾਹਿਬ ਜੀ ਕਾਂਇਆਂ ਰੂਪੀ ਭਾਂਡਾ ਦਿੱਲੀ ਸਿਰ ਭੰਨਣ ਲਈ ਤੁਰ ਪਏ। ਸਤਿਗੁਰੂ ਜੀ ਦੇ ਲਈ ਅਨੇਕਾਂ ਸੇਵਕਾਂ ਨੇ ਰਾਹਾਂ ਵਿੱਚ ਗੁਰਮਤਿ ਪ੍ਰਚਾਰ ਲਈ ਜਾਂ ਜਾਗ੍ਰਿਤੀ ਲਈ ਦੀਵਾਨ ਲਗਾਏ ਜਿਸ ਦੀ ਖ਼ਬਰ ਔਰੰਗਜ਼ੇਬ ਤਕ ਪਹੁੰਚਣ ਕਰਕੇ ਸਤਿਗੁਰੂ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਜਿਨ੍ਹਾਂ ਨੇ ਹਰ ਪਲ ਕੁਝ ਵੰਡਿਆ ਹੀ ਸੀ, ਉਨ੍ਹਾਂ ਦੇ ਪਰਉਪਕਾਰਾਂ ਵਿੱਚ ਮਹਾਨ ਪਰਉਪਕਾਰ ਇਹ ਵੀ ਸੀ ਕਿ ਕਿਸੇ ਆਜੜੀ ਦਾ ਮਾਇਆ ਪੱਖੋਂ ਕੁਝ ਕਾਰਜ ਰੁਕਿਆ ਹੋਇਆ ਸੀ। ਅੰਤਰਜਾਮੀ ਪਾਤਿਸ਼ਾਹ ਨੇ ਉਸ ਆਜੜੀ ਹੱਥੋਂ ਗ੍ਰਿਫ਼ਤਾਰੀ ਦੇ ਕੇ ਇਨਾਮ ਦੀ ਰਕਮ ਆਪਣੇ ਕਾਰਜਾਂ ਵਿੱਚ ਲਗਾਉਣ ਲਈ ਉਸਨੂੰ ਆਖ ਦਿੱਤਾ ਸੀ।

ਡਰ ਜਾਣਾ ਮਨੁੱਖ ਦੀ ਇਕ ਬਹੁਤ ਵੱਡੀ ਕਮਜ਼ੋਰੀ ਹੈ। ਡਰ ਦੇ ਕਾਰਣ ਵੀ ਈਮਾਨ ਬਦਲ ਜਾਇਆ ਕਰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਲਈ ਵੀ ਦੋ ਤਰ੍ਹਾਂ ਦਾ ਡਰ ਵਰਤ ਕੇ ਵੇਖਿਆ ਗਿਆ। ਪਹਿਲਾ ਸੀ- ਇਕ ਡਰਾਉਣੀ ਹਵੇਲੀ ਵਿੱਚ ਰੱਖਿਆ ਗਿਆ ਪਰ ਜਿਨ੍ਹਾਂ ਦੇ ਅੰਦਰ ਪ੍ਰਮੇਸ਼ਵਰ ਦਾ ਨਿਵਾਸ ਹੋਵੇ ਅਤੇ "*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥*" ਹੋਕਾ ਲਾਉਣ ਵਾਲੇ ਭੂਤਾਂ ਪ੍ਰੇਤਾਂ ਵਾਲੀ ਹਵੇਲੀ ਤੋਂ ਭਲਾ ਕਿਵੇਂ ਡਰ ਸਕਦੇ ਸਨ। ਦੂਜਾ ਡਰ ਇਹ ਦਿੱਤਾ ਗਿਆ ਕਿ ਸਤਿਗੁਰੂ ਜੀ ਨੂੰ ਤਿੱਖੇ ਸੂਏ ਵਾਲੇ ਪਿੰਜਰੇ ਵਿੱਚ ਰੱਖਿਆ ਗਿਆ। ਇਹੋ ਹੀ ਪਿੰਜਰੇ ਦੇ ਸਾਹਮਣੇ ਬਹੁਤੇ ਪਿਆਰੇ ਗੁਰਸਿੱਖ ਭਾਈ ਸਾਹਿਬ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਬੰਨ੍ਹ ਕੇ ਚੀਰਨ ਲੱਗੇ ਤਾਂ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਨਾ ਤਾਂ ਭਾਈ ਮਤੀ ਦਾਸ ਜੀ ਨੂੰ ਡਰਾ ਸਕੇ ਅਤੇ ਨਾ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ। ਭਾਈ ਮਤੀ ਦਾਸ ਜੀ ਨੇ ਆਰੇ ਨਾਲ ਆਪਣੇ ਆਪ ਨੂੰ ਚਿਰਾ ਲਿਆ ਪਰ ਸਿਦਕੋਂ ਅਡੋਲ ਰਹੇ।

ਦੂਜੀ ਵਾਰੀ ਫਿਰ ਅਥਾਹ ਪਿਆਰ ਦੇ ਪਾਤਰ ਭਾਈ ਦਿਆਲਾ ਜੀ ਨੂੰ ਉਬਲੀ ਦੇਗ ਵਿੱਚ ਬਿਠਾ ਦਿੱਤਾ। ਦੇਗ ਵਿੱਚ ਉਬਲਦੇ ਹੋਏ ਕੋਲ ਵੀ ਜ਼ਾਲਮਾਂ ਜਾ ਕੇ ਵਾਸਤਾ

ਪਾਇਆ ਕਿ ਜੇਕਰ ਤੁਸੀਂ ਚਾਹਵੋ ਤਾਂ ਹੁਣ ਵੀ ਬਾਹਰ ਕੱਢ ਕੇ ਤੁਹਾਡੀ ਦੇਹ ਅਰੋਗਤਾ ਲਈ ਇਲਾਜ ਕੀਤਾ ਜਾ ਸਕਦਾ ਹੈ। ਪਰ ਭਾਈ ਦਿਆਲਾ ਜੀ ਕਹਿਣ ਲੱਗੇ, ਭਲਿਓ, ਜਿਹੜਾ ਰੰਗ ਪੱਕਾ ਕਰਨਾ ਹੋਵੇ, ਉਸਨੂੰ ਪਾਣੀ ਵਿੱਚ ਉਬਾਲਿਆ ਜਾਂਦਾ ਹੈ। ਇਸ ਲਈ ਮੈਨੂੰ ਤੁਸੀਂ ਪਾਣੀ ਵਿੱਚ ਉਬਾਲ ਕੇ ਇਤਨਾ ਪੱਕਾ ਰੰਗ ਕਰ ਦਿੱਤਾ ਜਿਹੜਾ ਕਿਸੇ ਵੀ ਸੂਰਤ ਵਿੱਚ ਉਤਰ ਨਹੀਂ ਸਕਦਾ। ਭਾਈ ਦਿਆਲਾ ਜੀ ਵੀ ਗੁਰੂ ਜੀ ਦੀ ਬਖਸ਼ਿਸ਼ ਸਦਕਾ ਸਿਦਕ ਤੋਂ ਨਾ ਡੋਲ ਕੇ ਸ਼ਹਾਦਤ ਪ੍ਰਾਪਤ ਕਰ ਗਏ। ਤੀਜੀ ਵਾਰੀ ਭਾਈ ਸਤੀ ਦਾਸ ਜੀ ਦੀ ਆਈ। ਇਨ੍ਹਾਂ ਨੂੰ ਸਾਰੇ ਸਰੀਰ ਨਾਲ ਰੂੰ ਬੰਨ੍ਹ ਕੇ ਅੱਗ ਲਾ ਕੇ ਸਹਿਜੇ-ਸਹਿਜੇ ਸਾੜ ਕੇ ਸ਼ਹੀਦ ਕਰ ਦਿੱਤਾ। ਸਤਿਗੁਰੂ ਜੀ ਅਡੋਲ ਹੀ ਰਹੇ। ਜਿਹੜਾ ਹੋਰਨਾਂ ਨੂੰ *"ਨਿਰਭਉ ਜਪੈ ਸਗਲ ਭਉ ਮਿਟੈ"* ਦਾ ਮੁਕਾਮ ਹਾਸਿਲ ਕਰਵਾਉਂਦੇ ਹੋਣ, ਉਨ੍ਹਾਂ ਨੂੰ ਕੋਈ ਕਿਵੇਂ ਡਰਾ ਸਕਦਾ ਸੀ। ਪਹਿਲਾ ਹਥਿਆਰ ਅਸਫਲ ਰਿਹਾ ਫਿਰ ਦੂਜਾ ਵਰਤ ਕੇ ਵੇਖਿਆ ਕਿ ਕਰਾਮਾਤ ਦਿਖਾਉ। ਸਤਿਗੁਰੂ ਜੀ ਨੇ ਕਰਾਮਾਤ ਕਹਿਰ ਆਖ ਨਕਾਰ ਦਿੱਤਾ। ਤੀਜਾ ਇਕੋ ਇਕ ਸਾਧਨ ਸੀ ਕਿ ਸ਼ਹਾਦਤ ਲਈ ਤਿਆਰ ਹੋ ਜਾਵੋ। ਨਵੰਬਰ ਦੀ ਗਿਆਰ੍ਹਾਂ ਤਾਰੀਕ ਸੰਨ ੧੬੭੫ ਈ: ਨੂੰ ਸਤਿਗੁਰੂ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ ਕਾਜ਼ੀ ਨੇ ਫਿਰ ਪੁੱਛਿਆ ਪਰ ਸਤਿਗੁਰੂ ਜੀ ਦਾ ਉਹੋ ਜਵਾਬ ਸੀ। ਸ਼ਹਾਦਤ ਲਈ ਜਲਾਲ ਆ ਗਿਆ। ਕਾਜ਼ੀ ਦਾ ਹੰਕਾਰ ਸਿਰ ਚੜ੍ਹ ਬੋਲਿਆ, ਕਹਿਣ ਲੱਗਾ ਕਿ ਮੇਰੀ ਜ਼ੁਬਾਨ ਫਤਵਾ ਸੁਣਾਉਂਦਿਆਂ ਨਹੀਂ ਕੰਬੇਗੀ ਕਿਉਂਕਿ ਸਾਡਾ ਤੇ ਮਾਨੋ ਖਾਨਦਾਨੀ ਹੀ ਕਰਮ ਹੈ। ਜਲਾਲ ਵੀ ਛੁਪਿਆ ਨਾ ਰਿਹਾ, ਉਸ ਨੇ ਵੀ ਆਖਿਆ ਕਿ ਇਹ ਭਰਮ ਵੀ ਕੱਢ ਦੇਣਾ ਕਿ ਮੇਰੀ ਤਲਵਾਰ ਥਿੜ੍ਹਕ ਜਾਵੇਗੀ। ਅਸੀਂ ਤਾਂ ਪੁਸ਼ਤ ਦਰ ਪੁਸ਼ਤ ਇਹ ਕਰਮ ਕਰਦੇ ਆ ਰਹੇ ਹਾਂ। ਅਸੀਂ ਖਾਨਦਾਨੀ ਜਲਾਲ ਹਾਂ। ਸਤਿਗੁਰੂ ਜੀ ਜਿਹੜੇ ਉਸੇ ਤਰ੍ਹਾਂ ਰੱਬੀ ਨੂਰ ਵਿੱਚ ਰੰਗੇ ਹੋਏ ਸਨ , ਆਖਣ ਲੱਗੇ ਫਿਰ ਤਾਂ ਸ਼ੁਕਰਾਨਾ ਕਰੀਏ ਮਾਲਕ ਦਾ ਜਿਨ੍ਹਾਂ ਨੇ ਐਸਾ ਮਿਲਾਪ ਬਖਸ਼ਿਆ ਹੈ। ਤੁਸੀਂ ਖਾਨਦਾਨੀ ਕਾਜ਼ੀ ਤੇ ਤੁਸੀਂ ਖਾਨਦਾਨੀ ਜਲਾਲ। ਹੁਣ ਮੇਰੀ ਵੀ ਸੁਣ ਲੈਣਾ, ਅਸੀਂ ਵੀ ਖ਼ਾਨਦਾਨੀ ਸ਼ਹੀਦ ਹਾਂ। ਮੇਰਾ ਵੀ ਦਾਦਾ ਅਡੋਲ ਰਹਿ ਕੇ ਸ਼ਹੀਦ ਹੋਣਾ ਦੱਸ ਗਿਆ ਸੀ। ਇਹ ਸੁਣ ਕੇ ਕਰੋਧ ਹੱਦ ਬੰਨੇ ਟੱਪ ਗਿਆ ਸੀ। ਜਲਾਦ ਦੀ ਤਲਵਾਰ ਚਮਕੀ। ਕਰੋਧ ਵਿੱਚ ਅੰਨ੍ਹੇ ਹੋਏ ਨੇ ਤਲਵਾਰ ਚਲਾਈ ਅਤੇ ਗੁਰੂ ਜੀ ਸ਼ਹਾਦਤ ਦਾ ਜਾਮ ਪੀ ਗਏ। ਹਿੰਦੂਆਂ ਦੇ ਤਿਲਕ ਜੰਞੂ ਦੇ ਐਸੇ ਰਾਖੇ ਬਣ ਗਏ ਕਿ ਆਪਣੀਆਂ ਆਂਦਰਾਂ ਦਾ ਜਨੇਊ ਵੱਟ ਪਾ ਦਿੱਤਾ ਜਿਸ ਨੂੰ ਫੇਰ ਕੋਈ ਔਰੰਗਜ਼ੇਬ ਉਤਾਰ ਤਾਂ ਕੀ ਸਕਦਾ ਸੀ ਬਲਕਿ ਉਤਾਰਨ ਬਾਰੇ ਸੋਚ ਵੀ ਨਹੀਂ ਸਕਿਆ। ਇਹੋ ਜਿਹੀ ਅਵੱਸਥਾ ਦੇਖ ਕੇ ਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਅੱਖ ਨੇ ਜੋ ਤੱਕਿਆ ਉਹੋ ਕੁਝ ਕਲਮ ਨੇ ਸੱਚ ਫੁਰਮਾਇਆ ਕਿ *"ਠੀਕਰਿ ਫੋਰਿ ਦਿਲੀਸਿ ਸਿਰਿ*

ਪ੍ਰਭ ਪੁਰ ਕੀਆ ਪਯਾਨ ॥ ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥"

ਭਾਈ ਜੈਤਾ ਜੀ ਨੇ ਆਪਣੀ ਲੱਗੀ ਡਿਊਟੀ ਪੂਰੀ ਕਰਨੀ ਸੀ ਜਿਸ ਕਰਕੇ ਉਹਨਾਂ ਨੇ ਇਸ ਤਰ੍ਹਾਂ ਦੀ ਤਕੜਾਈ ਵੇਖ ਕੇ ਅਰਦਾਸ ਕੀਤੀ। ਪ੍ਰਮੇਸ਼ਵਰ ਦਾ ਅਜਿਹਾ ਭਾਣਾ ਵਰਤਿਆ ਇਤਿਹਾਸ ਸਾਖੀ ਭਰਦਾ ਹੈ ਕਿ ਬਹੁਤ ਝਖੜ ਝੁਲ ਪਿਆ, ਕੁਝ ਵੀ ਥਹੁ ਪਤਾ ਨਹੀ ਸੀ ਲੱਗਦਾ। ਭਾਈ ਜੈਤਾ ਜੀ ਨੇ ਸੀਸ ਚੁੱਕ ਕੇ ਫਿਰ ਅਰਜੋਈ ਕੀਤੀ, ਸਤਿਗੁਰੂ ਜੀ! ਜੈਤੇ ਨੂੰ ਆਨੰਦਪੁਰ ਸਾਹਿਬ ਪਹੁੰਚਾਵੋ। ਮੈਂ ਤੁਹਾਡਾ ਸੀਸ ਨਹੀਂ ਲਿਜਾ ਸਕਦਾ ਬਲਕਿ ਤੁਸੀਂ ਜੈਤੇ ਨੂੰ ਲਿਜਾਣਾ ਹੈ। ਧੜ ਦੀ ਸੇਵਾ ਵਾਸਤੇ ਲਖੀ ਸ਼ਾਹ ਵਣਜਾਰੇ ਨੇ ਗੱਡੇ ਜੋੜ ਲਿਆਂਦੇ ਸਨ। ਉਨ੍ਹਾਂ ਵਿੱਚ ਲੱਦੀ ਰੂੰ ਵਿੱਚ ਧੜ ਟਕਾ ਕੇ ਘਰ ਲਿਜਾ ਕੇ ਘਰ ਵਿੱਚ ਹੀ ਰੱਖ ਕੇ ਪਹਿਲਾਂ ਜੋ ਲੱਕੜ ਦਾ ਸਾਮਾਨ ਸੀ ਉਸ ਨਾਲ ਸਸਕਾਰ ਕੀਤਾ ਫਿਰ ਸਾਰੇ ਘਰ ਨੂੰ ਅੱਗ ਲਾ ਦਿੱਤੀ। ਸੰਸਾਰ ਵਿਚ ਵਪਾਰੀ ਹੋਰ ਵੀ ਬਹੁਤ ਹੋਵਨਗੇ ਪਰ ਭਾਈ ਲਖੀ ਸ਼ਾਹ ਵਰਗੇ ਵਿਉਪਾਰੀ (ਵਣਜਾਰੇ) ਦਾ ਨਾਂ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ। ਇਥੇ ਹੀ ਬਸ ਨਹੀਂ ਬਲਕਿ ਹਰ ਸ਼ਰਧਾਲੂ ਦੇ ਹਿਰਦੇ ਵਿੱਚ ਹੀ ਲਿਖਿਆ ਗਿਆ।

ਇਧਰ ਭਾਈ ਜੈਤਾ ਜੀ ਸੀਸ ਲੈ ਕੇ ਜਾਂਦਿਆਂ ਰਸਤੇ ਵਿੱਚ ਆਈਆਂ ਅਨੇਕਾਂ ਮੁਸੀਬਤਾਂ ਦਾ ਟਾਕਰਾ ਕਰਦਿਆਂ ਆਖਰ ਕੀਰਤਪੁਰ ਸਾਹਿਬ ਪਹੁੰਚ ਗਏ ਜਿਥੇ ਕਿ ਪਹਿਲਾਂ ਹੀ ਸ੍ਰੀ ਗੋਬਿੰਦ ਰਾਏ ਜੀ, ਮਾਤਾ ਗੁਜਰੀ ਜੀ ਅਤੇ ਹੋਰ ਅਨੇਕਾਂ ਸਿੱਖ ਸੇਵਕ ਸ਼ਰਧਾਲੂ ਹਾਜ਼ਰ ਸਨ। ਸਾਰਿਆਂ ਨੇ ਦੀਦਾਰ ਕਰਕੇ ਸ਼ੋਕ ਨਹੀਂ ਬਲਕਿ ਸਿਦਕ ਪੂਰਾ ਨਿਭ ਜਾਣ ਕਾਰਨ ਸ਼ੁਕਰਾਨਾ ਕੀਤਾ। ਇਹ ਸੀਸ ਬੜੀ ਸ਼ਰਧਾ ਭਾਵਨਾ ਨਾਲ ਆਨੰਦਪੁਰ ਸਾਹਿਬ ਹੀ ਸਸਕਾਰਿਆ ਗਿਆ। ਧੰਨ ਸਨ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਜਿਨ੍ਹਾਂ ਨੇ ਧਰਮ ਦੀ ਖ਼ਾਤਰ ਅਨੋਖਾ ਅਤੇ ਨਿਰਾਲਾ ਕੌਤਕ ਕੀਤਾ।

ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਇਕ ਹੰਕਾਰੀ ਅਤੇ ਅਭਿਮਾਨੀ ਪੁਰਖ ਨਾ ਤਾਂ ਕਦੇ ਆਪ ਸੁਖ ਮਾਣਦਾ ਹੈ ਅਤੇ ਨਾ ਹੀ ਕਿਸੇ ਨੂੰ ਸੁਖ ਦੇ ਸਕਦਾ ਹੈ। ਅਜਿਹਾ ਹੰਕਾਰੀ ਤਾਂ ਸਗੋਂ ਹਰ ਖੇਡ ਬਰਬਾਦ ਕਰਕੇ, ਭਾਂਡਾ ਭੰਨ ਕੇ ਅਤੇ ਰੂਪ ਮਹਿਕਦੇ ਮਾਲਕ ਫੁੱਲ ਤੋੜ ਕੇ ਹੀ ਸੁਖ ਮਹਿਸੂਸ ਕਰਦਾ ਹੈ। ਅਜਿਹਾ ਹੀ ਔਰਗਜ਼ੇਬ ਨੇ ਭਾਈ ਨੰਦ ਲਾਲ ਜੀ ਦੀ ਵਿਦਿਆ ਪਰਖ ਕੇ ਕਰਨਾ ਚਾਹਿਆ। ਭਾਈ ਨੰਦ ਲਾਲ ਜੀ ਨੇ ਔਰਗਜ਼ੇਬ ਜੀ ਦੇ ਦਰ ਨੂੰ ਠੋਕਰ ਮਾਰ ਧੰਨ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਆ ਕੇ ਸਿਦਕ ਦਾ ਸਿਜਦਾ ਕੀਤਾ। ਭਾਈ ਨੰਦ ਲਾਲ ਜੀ ਇਤਨੇ ਸਿਦਕੀ ਸਿੱਖ ਤੇ ਵਿਦਵਾਨ ਸਨ ਕਿ ਉਨ੍ਹਾਂ ਨੇ ਆਪਣੀ ਲਿਖਤ ਜਦੋਂ ਗੁਰੂ ਦੇਵ ਜੀ ਦੇ ਦਰ ਭੇਟ ਕੀਤੀ ਤਾਂ ਸਤਿਗੁਰੂ ਜੀ ਨੇ ਪੜ੍ਹ ਕੇ ਉਸ ਕਿਤਾਬ ਦਾ ਨਾਂ ਹੀ ਖੁਸ਼ ਹੋ ਕੇ ''*ਬੰਦਗੀ ਨਾਮਾ*'' ਦੀ ਥਾਂ ''*ਜ਼ਿੰਦਗੀ ਨਾਮਾ*'' ਰੱਖ ਦਿੱਤਾ।

ਇਥੇ ਹੀ ਬਸ ਨਹੀਂ ਇਤਨੇ ਆਲਮ ਫਾਜ਼ਲ ਹੋਣ ਦੇ ਬਾਵਜੂਦ ਵੀ ਹਰ ਰੋਜ਼ ਲੰਗਰ ਵਿਚ ਬੜੀ ਸ਼ਰਧਾ ਨਾਲ ਸੇਵਾ ਕਰਦੇ। ਬਹਾਦਰ ਸ਼ਾਹ ਜਦੋਂ ਭਾਈ ਨੰਦ ਲਾਲ ਜੀ ਨੂੰ ਮਿਲਿਆ ਤਦ ਪੁੱਛਣ ਲੱਗਾ ਕਿ ਜਦੋਂ ਤੁਸੀਂ ਮੈਨੂੰ ਪੜ੍ਹਾਉਂਦੇ ਸੀ ਤਾਂ ਸੋਹਣੇ ਬਿਸਤਰਿਆਂ ਉਪਰ ਸੌਂਦੇ ਸੀ, ਸੋਹਣੇ ਖਾਣੇ ਖਾਂਦੇ ਸੀ, ਸ਼ਾਹੀ ਕੁਰਸੀਆਂ ਉਪਰ ਬੈਠਦੇ ਸੀ, ਸੁੰਦਰ ਪੋਸ਼ਾਕਾਂ ਤਨ ਦਾ ਸ਼ਿਕਾਰ ਹੁੰਦੀਆਂ ਸਨ ਪਰ ਅੱਜ ਦਰਵੇਸ਼ੀ ਬਾਣੇ ਵਿਚ ਤਹਾਨੂੰ ਇਹ ਸਭ ਕੁਝ ਯਾਦ ਨਹੀਂ ਆਉਂਦਾ ? ਭਾਈ ਨੰਦ ਲਾਲ ਜੀ ਹੱਸ ਕੇ ਆਖਣ ਲੱਗੇ ਕਿ ਇਹਨਾਂ ਸਭਨਾਂ ਦੇ ਨਾਲ ਉਸ ਦਰ ਤੋਂ ਮੌਤ ਵੀ ਮਿਲੀ ਸੀ ਪਰ ਇਸ ਦਰ ਤੋਂ ਅਜਿਹਾ ਕੁਝ ਮਿਲਿਆ ਜਿਸ ਨੇ ਪਹਿਲਾ ਸਭ ਭੁਲਾ ਮਿਟਾ ਦਿੱਤਾ। ਬਹਾਦਰ ਸ਼ਾਹ ਨੇ ਆਖਿਆ ਕਿ ਅਜਿਹਾ ਕੁਝ ਕੀ ਦਿੱਤਾ ਹੈ, ਮੈਨੂੰ ਵੀ ਦੱਸ ਦਿਉ ? ਭਾਈ ਨੰਦ ਲਾਲ ਜੀ ਨੇ ਆਖਿਆ ਸੀ ਕਿ ਮਿਹਰਾਂ ਦੇ ਸਾਈਂ ਨੇ ਆਪਣੇ ਦਰ ਦਾ ਕੂਕਰ ਕਬੂਲ ਕਰ ਲਿਆ। ਸਾਹਿਬ ਦੇ ਦਰ ਦਾ ਕੂਕਰ ਬਣ ਕੇ ਮੈਂ ਸਦਾ ਲਈ ਅਮਰ ਹੋ ਗਿਆ ਹਾਂ।

ਲਾਅਲ ਸਗੇ ਗੁਲਾਮਿ ਗੁਰੂ ਗੋਬਿੰਦ ਸਿੰਘ ॥
ਦਾਗ ਦਾਰਿ ਨਾਮਿ ਗੁਰੂ ਗੋਬਿੰਦ ਸਿੰਘ ॥੧੫੭॥

ਹੁਣ ਤਾਂ ਮੈਂ ਹਵਾ ਅੱਗੇ ਵੀ ਅਰਦਾਸ ਕਰਦਾ ਹਾਂ ਕਿ ਮੇਰੇ ਮਰਨ ਮਗਰੋਂ ਵੀ ਮੇਰੀ ਰਾਖ ਚੁੱਕ ਕੇ ਕੇਵਲ ਸਤਿਗੁਰੂ ਜੀ ਦੇ ਹੀ ਦਰ 'ਤੇ ਸੁੱਟੀਂ। ਗੁਰੂ ਗੋਬਿੰਦ ਸਿੰਘ ਜੀ ਦੇ

ਦਰ ਦੇ ਸੱਚੇ ਆਸ਼ਿਕ ਗੁਰੂ ਦੇ ਦੀਦਾਰ ਕਰਕੇ ਕਿਵੇਂ ਵਾਰਨੇ ਬਲਿਹਾਰਨੇ ਜਾਂਦੇ ਹਨ, ਇਹ ਤਾਂ ਕਥਨ ਕਰਨਾ ਔਖਾ ਹੈ ਪਰ ਉਨ੍ਹਾਂ ਦੇ ਇਕ ਬਚਨ ਰਾਹੀਂ ਉਸ ਬਿਅੰਨਿ ਅਖੜੀਂ ਰਾਹੀਂ ਦਰਸ਼ਨ ਕਰੀਏ ਜਿਸ ਨਾਲ ਮਾਂ ਪਿਰੀ ਦੇ ਦੀਦਾਰ ਵਿਚ ਸਮਾ ਜਾਈਦੇ। ਬਚਨ ਹਨ -

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥

ਧਰਤੀ ਧਰਮਸ਼ਾਲਾ ਦੇ ਚੌਧਰੀ ਹੀ ਜਦੋਂ ਦਿਨ ਰਾਤ ਪਾਪ ਕਰਨ ਲੱਗ ਪਏ ਤਾਂ ਲੋਕਾਈ ਦੀ ਪੁਕਾਰ ਪ੍ਰਮੇਸ਼ਵਰ ਦੇ ਘਰ ਪਹੁੰਚੀ। ਜਿਸ ਦੇ ਜਵਾਬ ਵਿਚ "***ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥***" ਵਾਹਿਗੁਰੂ ਜੀ ਨੇ ਆਪ ਭੇਜਿਆ ਸੀ ਜਿਸ ਨਾਲ ਸਿੱਖੀ ਮਾਰਗ ਦੀ ਆਰੰਭਤਾ ਹੋਈ। ਦਸਮ ਪਾਤਿਸ਼ਾਹ ਵੇਲੇ ਵੀ ਪ੍ਰਮੇਸ਼ਵਰ ਆਪ ਆ ਕੇ ਕਹਿਣ ਲੱਗੇ "***ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਉ ਸਾਜਾ ॥***" ਪ੍ਰਭ ਜੀ ਵਲੋਂ ਭੇਜੀ ਇਸ ਪਾਕ ਰੂਹ ਨੇ ਜਦੋਂ ਸੰਸਾਰ ਵਿਚ ਆਪਣੀ ਜਾਣ ਪਹਿਚਾਣ ਬਖਸ਼ੀ ਤਾਂ ਸਿਰਫ ਇਤਨਾ ਹੀ ਕਿਹਾ ਕਿ "***ਮੈ ਹੋ ਪਰਮ ਪੁਰਖ ਕਉ ਦਾਸਾ ॥ ਦੇਖਨ ਆਇਓ ਜਗਤ ਤਮਾਸਾ ॥***" ਗੁਰੂ ਨਾਨਕ ਸਾਹਿਬ ਜੀ ਨੇ ਵੀ -

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲ ਕਮਾਈ ॥
ਰੇਤੁ ਅੱਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪੱਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ ॥

ਇਧਰ ਬਾਦਸ਼ਾਹ ਦਰਵੇਸ਼ ਬਾਰੇ ਵੀ "***ਚੂਭੀ ਰਹੀ ਸ੍ਰਤਿ ਪ੍ਰਭੁ ਚਰਨਨ ਮਹਿ ॥***"

ਇਸ ਲਈ ਲੱਗੀ ਡਿਊਟੀ ਨੂੰ ਨਿਭਾਉਣ ਲਈ ਦੋ ਕਰਮ ਨਿਭਾਉਣ ਵਾਲੇ ਤਾਂ ਬਾਦਸ਼ਾਹ ਦਰਵੇਸ਼ ਦੀ ਹੀ ਲੋੜ ਸੀ ਕਿਉਂਕਿ ਹੁਣ "***ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥*** ਧਰਮ ਚਲਾਉਣ ਵਾਲਾ ਦਰਵੇਸ਼ ਤੇ ਦੁਸ਼ਟਾਂ ਦੀ ਜੜ੍ਹ ਪੁੱਟਣ ਵਾਲਾ ਬਾਦਸ਼ਾਹ ਇਸ ਉਦੇਸ਼ ਦੀ ਪੂਰਤੀ ਲਈ ਇਕ ਪਵਿੱਤਰ ਆਤਮਾ ਨੇ ਪਟਨਾ ਸ਼ਹਿਰ ਵਿਖੇ ਪ੍ਰਵੇਸ਼ ਕੀਤਾ। ਰੱਬੀ ਆਤਮਾ ਦਾ ਇਸ ਧਰਤੀ 'ਤੇ ਆਉਣ ਨਾਲ ਮਹਾਨ ਆਤਮਾਵਾਂ ਨੇ ਜਿਥੇ ਪ੍ਰਮੇਸ਼ਵਰ ਦਾ ਸ਼ੁਕਰ ਕੀਤਾ, ਉਥੇ ਇਸ ਮਹਾਨ ਆਤਮਾ ਨੂੰ ਵੀ ਨਮਸਕਾਰ ਕੀਤੀ। ਇਸ ਨਮਸਕਾਰ ਦਾ ਜ਼ਿਕਰ ਇਤਿਹਾਸ ਵਿਚ ਵਿਦਿਤ ਹੈ। ਪੰਜਾਬ ਦੀ ਹੀ ਧਰਤੀ 'ਤੇ ਇਕ ਪਾਕ ਰੂਹ ਦਾ ਨਿਵਾਸ ਹੈ ਜਿਸਦਾ ਕਰਮ ਹਰ ਰੋਜ਼ ਖੁਦਾ ਦੀ ਇਬਾਦਤ ਕਰ ਸਿਜਦਾ ਕਰਨਾ। ਪੰਜਾਬ ਜਾਂ ਹਿੰਦੋਸਤਾਨ ਵਿਚ ਵਸਣ ਵਾਲੇ ਸਾਰੇ ਮੁਸਲਮਾਨ ਪੱਛਮ ਨੂੰ ਸਿੱਜਦਾ ਕਰਦੇ ਹਨ ਪਰ ਅੱਜ ਇਸ ਪਵਿੱਤਰ ਆਤਮਾ ਭੀਖਨ ਸ਼ਾਹ ਨੇ ਪੂਰਬ ਨੂੰ ਨਮਸਕਾਰ ਕੀਤੀ। ਮੁਰੀਦਾਂ ਨੇ ਇਕ ਬਚਨ ਪੁੱਛਿਆ ਕਿ ਇਕ ਆਮ ਵਿਅਕਤੀ ਇਹ ਗਲਤੀ ਕਰੇ ਤਾਂ ਮੁਆਫ ਹੋ ਸਕਦੀ ਹੈ ਪਰ ਆਪ ਜੀ ਵਰਗੇ ਮਹਾਨ ਪੁਰਸ਼ ਸਿਜਦਾ ਪੂਰਬ ਨੂੰ ਕਰਨ

ਤਾਂ ਇਹ ਗੱਲ ਬਰਦਾਸ਼ਤਿ ਕਬੂਲ ਨਹੀਂ। ਭੀਖਨ ਸ਼ਾਹ ਜੀ ਨੇ ਬੜੇ ਪਿਆਰ ਨਾਲ ਜਵਾਬ ਦਿੱਤਾ ਕਿ ਪੱਛਮ ਨੂੰ ਸਿਜਦਾ ਕਿਉਂ ਕਰਦੇ ਹੋ ? ਸਿਰਫ ਇਸ ਲਈ ਕਿ ਖੁਦਾ ਦਾ ਨੂਰ ਪੱਛਮ ਵਿਚ ਮੰਨਦੇ ਹੋ। ਜੇ ਸਿਜਦਾ ਖੁਦਾ ਦੇ ਨੂਰ ਨੂੰ ਹੀ ਕਰਦੇ ਹੋ ਤਾਂ ਫਿਰ ਅੱਜ ਖੁਦਾ ਦਾ ਨੂਰ ਪੂਰਬ ਵਿਚ ਪ੍ਰਕਾਸ਼ਿਆ ਹੈ। ਇਸ ਮਹਾਨ ਹਸਤੀ ਦੇ ਦੀਦਾਰਾਂ ਲਈ ਮੁਰੀਦਾਂ ਨੇ ਬੇਨਤੀ ਕੀਤੀ। ਭੀਖਨ ਸ਼ਾਹ ਜੀ ਤਿਆਰੀ ਕਰਕੇ ਚੇਲਿਆਂ ਸਮੇਤ ਪਟਨਾ ਸਾਹਿਬ ਦੇ ਰਾਹ ਪੈ ਗਏ।

ਕਦਮ ਦਰ ਕਦਮ ਚੱਲ ਪੰਧ ਮੁਕਾ ਦਿੱਤਾ। ਪਟਨਾ ਸਾਹਿਬ ਪਹੁੰਚ ਕੇ ਬੇਨਤੀ ਕੀਤੀ। ਜਦੋਂ ਦੀਦਾਰ ਹੋਏ ਤਾਂ ਚੇਲਿਆਂ ਦਾ ਸ਼ੰਕਾ ਨਿਵਿਰਤ ਕਰਨ ਲਈ ਦੋ ਕੁੱਜੀਆਂ - ਇਕ ਵਿਚ ਪਾਣੀ ਤੇ ਇਕ ਵਿਚ ਦੁੱਧ ਪਾ ਕੇ ਅੱਗੇ ਕਰ ਦਿੱਤੀਆਂ। ਬਾਲਾ ਪ੍ਰੀਤਮ ਜਿਸ ਨੇ ਗੁਰੂ ਨਾਨਕ ਪਾਤਿਸ਼ਾਹ ਦੀ ਜੋਤ ਦਾ ਵਾਰਿਸ ਬਣਨਾ ਹੈ, ਇਨ੍ਹਾਂ ਨੇ ਉਹੋ ਕੁਝ ਕੀਤਾ ਜੋ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜ਼ਾਹਿਰ ਕੀਤਾ ਸੀ ਕਿ ਨਿਮਾਜ਼ ਲਈ ਸੁਲਤਾਨਪੁਰ ਮਸਜਦ ਗਏ ਸਨ ਪਰ ਆਰਤੀ ਵਾਲਿਆਂ ਨਾਲ ਜਗਨਨਾਥਪੁਰੀ ਗਏ ਸਨ। ਇਸ ਲਈ ਸਤਿਗੁਰੂ ਜੀ ਨੇ ਦੋਨਾਂ ਹੀ ਕੁੱਜੀਆਂ 'ਤੇ ਹੱਥ ਰੱਖ ਕੇ ਸਾਂਝੀਵਾਲਤਾ ਦਾ ਪ੍ਰਗਟਾਵਾ ਕੀਤਾ। ਇਸ ਤਰ੍ਹਾਂ ਇਨਸਾਨੀਅਤ ਦੀ ਅਲੰਬਰਦਾਰੀ ਕਰਨ ਵਾਲੇ ਨੂੰ ਭਾਈ ਨੰਦ ਲਾਲ ਜੀ ਬਾਦਸ਼ਾਹ ਦਰਵੇਸ ਆਖ ਰਹੇ ਹਨ।

ਪਟਨੇ ਦੀ ਧਰਤੀ ਸਿਰਫ ਇਸ ਲਈ ਹੀ ਸੁਭਾਗੀ ਕਹੀ ਕਿ ਇਥੇ ਪ੍ਰੀਤਮ ਮਾਹੀ ਦਾ ਪ੍ਰਕਾਸ਼ ਹੋਇਆ ਬਲਕਿ ਇਸ ਪਟਨੇ ਤੋਂ ਪਟਨਾ ਸਾਹਿਬ ਬਣੀ ਸੁਭਾਗੀ ਨਗਰੀ ਵਿਚ ਸਾਹਿਬ ਜੀ ਨੇ ਕਰੀਬ ਛੇ ਸਾਲ ਅਜੀਬੋ ਗਰੀਬ ਕੌਤਕ ਕਰਕੇ ਕੇਵਲ ਇਤਿਹਾਸ ਨੂੰ ਹੀ ਅਮੀਰ ਨਹੀਂ ਕੀਤਾ ਬਲਕਿ ਸੁਚੱਜੀ ਸੇਧ ਵੀ ਬਖਸ਼ੀ। ਇਸ ਸ਼ੱਕ ਦਾ ਪੁਜਾਰੀ ਗੰਗਾ ਕੰਢੇ ਬੈਠ ਨਿਰੰਕਾਰ ਦੀ ਇਬਾਦਤ ਕਰਿਆ ਕਰਦਾ ਸੀ। ਇਸ ਦੀ ਝੋਲੀ ਸ਼ਾਇਦ ਗੰਗਾ ਕੰਢੇ ਬੈਠ ਕੇ ਵੀ ਸੱਚ ਨਾ ਪੈਂਦਾ ਜੇ ਕਿਧਰੇ ਨਿੱਕੇ ਜਿਹੇ ਮਾਹੀ ਦੇ ਦੀਦਾਰ ਨਾ ਪਾਉਂਦਾ। ਬੱਚਿਆਂ ਨਾਲ ਖੇਡਾਂ ਖੇਡਦਿਆਂ ਹੀ ਸ਼ਿਵ ਦੱਤ ਨੂੰ ਪ੍ਰਮਾਰਥੀ ਮਾਰਗ ਦੇ ਭੇਤ ਦੱਸ ਕੇ ਨਿਹਾਲ ਕਰ ਦਿੱਤਾ ਸੀ। ਇਕ ਗੱਲ ਹੋਰ ਯਾਦ ਰੱਖਣ ਯੋਗ ਹੈ ਕਿ ਜਿਨ੍ਹਾਂ ਦੀ ਪੂਜਾ ਲੋਕ ਕਰਦੇ ਸਨ ਪਰ ਉਹ ਖੁਦ ਆਪ ਗੋਬਿੰਦ ਰਾਏ ਦੀ ਚਾਕਰੀ ਕਰਨ ਵਿਚ ਆਪਣੇ ਆਪ ਨੂੰ ਸੁਭਾਗਾ ਸਮਝਦੇ ਸਨ। ਇਸ ਤਰ੍ਹਾਂ ਸ਼ਿਵ ਦੱਤ ਦਾ ਵੀ ਆਮ ਲੋਕਾਂ ਵਿਚ ਬਹੁਤ ਪਿਆਰ ਸਤਿਕਾਰ ਸੀ। ਫਤਹਿ ਚੰਦ ਮੈਣੀ ਤੇ ਉਸਦੀ ਘਰ ਵਾਲੀ ਦੁਨਿਆਵੀ ਦੌਲਤ ਨਾਲ ਤਾਂ ਮਾਲੋ ਮਾਲ ਸਨ, ਪਰ ਘਰ ਦਾ ਆਂਗਨ ਖਾਲੀ ਸੀ। ਇਹ ਸ਼ਿਵ ਦੱਤ ਦੀ ਪ੍ਰਤਿਸ਼ਟਾ, ਸੁਣ ਕੇ ਔਲਾਦ ਦੀ ਪ੍ਰਾਪਤੀ ਲਈ ਬੇਨਤੀ ਕਰਨ ਆਏ ਤਾਂ ਸ਼ਿਵ ਦੱਤ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਜਿਥੋਂ ਮੈਨੂੰ ਵੀ ਸੁਖ ਸ਼ਾਂਤੀ

ਮਿਲੀ ਹੈ, ਤੁਸੀਂ ਉਸ ਕੋਲ ਹੀ ਚਲੇ ਜਾਓ। ਰਾਜੇ ਤੇ ਰਾਣੀ ਨੇ ਟਿਕਾਣਾ ਪੁੱਛਿਆ ਤਾਂ ਸ਼ਿਵ ਦੱਤ ਕਹਿਣ ਲੱਗੇ ਕਿ ਘਰ ਬੈਠ ਕੇ ਹੀ ਉਡੀਕ ਕਰੋ। ਉਹ ਜ਼ਰੂਰ ਹੀ ਸ਼ਰਧਾ ਪੂਰੀ ਕਰਨਗੇ, ਉਸਦਾ ਨਾਂ ਬਾਲਾ ਪ੍ਰੀਤਮ ਗੋਬਿੰਦ ਰਾਏ ਹੈ। ਰਾਜਾ ਤੇ ਰਾਣੀ ਘਰ ਚਲੇ ਗਏ। ਇੰਤਜ਼ਾਰ ਤੇ ਯਾਦ ਕਰਨ ਲੱਗੇ। ਦਿਨ ਰਾਤ ਦੀ ਲਗਨ ਨੇ ਬੈਰਾਗ ਪੈਦਾ ਕਰ ਦਿੱਤਾ। ਇਕ ਦਿਨ ਬਹਿਬਲ ਹੋਈ ਅਰਦਾਸਾਂ ਕਰ ਰਹੀ ਸੀ ਰਾਣੀ, ਕਿ ਅਚਾਨਕ ਸਾਹਿਬ ਨੇ ਪਿੱਛੋਂ ਗਲਵੱਕੜੀ ਪਾ ਕੇ ਕੰਨਾਂ ਕੋਲ ਅੰਮ੍ਰਿਤ ਚੋ ਦਿੱਤਾ ਜਦੋਂ ਇਹ ਸ਼ਬਦ ਕਹੇ, "ਮਾਂ ਮੈਂ ਆ ਗਿਆ।" ਜਿਸ ਸ਼ਬਦ ਸੁਣਨ ਨੂੰ ਸਾਲਾਂ ਦੇ ਸਾਲ ਲੰਘ ਗਏ ਸਨ, ਉਸ ਜਦੋਂ ਸੁਣਿਆ ਤਾਂ ਪ੍ਰੇਮ ਮਗਨ ਹੋਈ ਮੂਰਤ ਵਿਚੋਂ ਬਚਨ ਨਿਕਲੇ, ਇਕ ਵਾਰੀ ਫਿਰ ਕਹਿ ਦਿਓ, ਮੇਰੇ ਪੁੱਤਰ ਜੀ! ਸਾਹਿਬਾਂ ਫਿਰ ਆਖਿਆ ਕਿ "ਮਾਂ ਮੈਂ ਆ ਗਿਆ।" ਗੋਦੀ ਵਿਚ ਲੈ ਕੇ ਘੁੱਟ ਲਿਆ ਤੇ ਪਤਾ ਨਹੀਂ ਕਿੰਨੀ ਕੁ ਵਾਰੀ ਮੂੰਹ ਚੁੰਮਿਆ ਪਰ ਮਮਤਾ ਰੱਜਦੀ ਹੀ ਨਹੀਂ ਸੀ। ਰਾਣੀ ਪੁੱਤਰ ਹੀ ਨਹੀਂ ਪ੍ਰਮੇਸ਼ਵਰ ਦੀ ਜੋਤਿ ਨੂੰ ਗੋਦ ਵਿਚ ਲੈ ਕੇ ਕੇਵਲ ਮਨਸਾ ਹੀ ਪੂਰੀ ਨਹੀਂ, ਆਸਾਂ ਵੀ ਪੂਰੀਆਂ ਕਰ ਚੁੱਕੀ ਸੀ। ਇਸ ਤੋਂ ਮਗਰੋਂ ਮਾਂ ਪੁੱਤ ਦੀ ਇਕੋ ਹੀ ਲਗਨ ਬਣ ਗਈ ਕਿ ਹਰ ਰੋਜ਼ ਪੂਰੀਆਂ ਛੋਲੇ ਬਣਾ ਲਿਆ ਕਰੇ ਤੇ ਉਡੀਕ ਕਰਨ ਲੱਗ ਪਵੇ, ਪਰ ਦੂਜੇ ਪਾਸੇ ਗੋਬਿੰਦ ਰਾਏ ਜੀ ਆਉਣ ਤੇ ਸਾਥੀਆਂ ਸਮੇਤ ਛੱਕ ਕੇ ਮਾਂ ਦੀ ਮਮਤਾ ਨੂੰ ਸਬਰ ਦੇ ਕੇ ਚਲੇ ਜਾਂਦੇ ਸਨ। ਭਾਈ ਨੰਦ ਜੀ ਦੀ ਅੱਖ ਦਰਸ਼ਨ ਕਰਕੇ ਆਪਣੀ ਕਲਮ ਦੀ ਜ਼ਬਾਨ ਬਣ ਕੇ ਆਖ ਰਹੀ ਹੈ ਕਿ **"ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥"**

ਧਰਮ ਚਲਾਵਨ ਦਾ ਕੰਮ ਕਰ ਰਹੇ ਸਤਿਗੁਰੂ ਜੀ ਦਾ ਇਕ ਪੱਖ ਦੁਸ਼ਟ ਦੋਖੀਆਂ ਨੂੰ ਪਛਾੜਨਾ ਵੀ ਸੀ। ਇਸ ਲਈ ਛੋਟੇ-ਛੋਟੇ ਬੱਚੇ ਜਿੱਥੇ ਖਿਡੌਣਿਆਂ ਨਾਲ ਜਾਂ ਮਿੱਟੀ ਨਾਲ ਹੀ ਖੇਡਦੇ ਸਨ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਮਿੱਟੀ ਦੀ ਜਾਂ ਖਿਡੌਣਿਆਂ ਦੀ ਖੇਡ ਦੀ ਥਾਂ ਜੀਵਨ ਦੀ ਖੇਡ ਖੇਡਣ ਦੀ ਜੁਗਤਿ ਸਿਖਾਣ ਲਈ ਦੋ ਹਿੱਸੇ ਕਰ ਲੈਣੇ ਅਤੇ ਬੱਚਿਆਂ ਵਿਚ ਅਣਖ ਤੇ ਗੈਰਤ ਭਰਨ ਲਈ ਲੜਾਈ ਦੀ ਤਿਆਰੀ ਵੀ ਕਰਵਾਉਣੀ ਤੇ ਸਿਖਾਉਣੀ। ਧਰਮੀ ਪੁਰਸ਼ਾਂ, ਬਜ਼ੁਰਗਾਂ ਤੇ ਮੋਹਤਬਰ ਬੰਦਿਆਂ ਦਾ ਸਤਿਕਾਰ ਕਰਨਾ ਸਿਖਾਉਂਦੇ। ਨਾਲ-ਨਾਲ ਪਾਖੰਡੀ ਹਉਮੈ ਹੰਕਾਰ ਵਿਚ ਖਚਤ ਹਾਕਮੀ ਬਿਰਤੀਆਂ ਦੇ ਲੋਕਾਂ ਲਈ ਉਨ੍ਹਾਂ ਦੇ ਮੂੰਹ ਚਿੜਾ ਕੇ ਇਹ ਸਪੱਸ਼ਟ ਕਰਨਾ ਸੀ ਕਿ ਭੋਲੀ-ਭਾਲੀ ਜਨਤਾ 'ਤੇ ਜ਼ੁਲਮ ਕਰਨ ਵਾਲਿਓ ਆਪਣੇ ਤਾਜ਼ ਸੰਭਾਲ ਲਵੋ ਕਿਉਂਕਿ ਇਕ ਉਹ ਬਾਦਸ਼ਾਹ ਪ੍ਰਗਟ ਹੋ ਰਿਹਾ ਸੀ ਜਿਸਨੂੰ ਆਪਣੀ ਬਾਦਸ਼ਾਹਿਤ ਲਈ ਨਹੀਂ, ਕਿਸੇ ਧਰਤੀ ਦੇ ਹਿੱਸੇ ਲਈ ਨਹੀਂ, ਕਿਸੇ ਲੜਕੀ ਦੇ ਕਾਰਨ ਨਹੀਂ ਬਲਕਿ ਇਨਸਾਨੀਅਤ ਖਾਤਰ ਜੰਗ ਲੜਨੀ ਹੈ ਕਿਉਂਕਿ ਇਹ ਬਾਦਸ਼ਾਹ ਅਤੇ ਦਰਵੇਸ਼ ਜੋ ਹੋਏ।

ਨਿਤ ਦੀ ਕਿਰਿਆ ਸੀ ਮਾਤਾ ਗੁਜਰੀ ਜੀ ਨੇ ਰਾਤ ਦੇ ਵਕਤ ਸੁਲਾਣ ਲੱਗਿਆਂ ਮਿੱਠੀ ਪਿਆਰੀ ਲੋਰੀ ਜ਼ਰੂਰ ਦੇਣੀ ਤੇ ਬਚਨ ਪੜ੍ਹਦਿਆਂ ਰਹਿਣਾ "*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥*" ਇਹ ਸ਼ਬਦ ਸੁਣਦਿਆਂ-ਸੁਣਦਿਆਂ ਗੋਬਿੰਦ ਰਾਏ ਜੀ ਸੌਂ ਜਾਇਆ ਕਰਦੇ ਸਨ। ਇਕ ਦਿਨ ਇਕ ਮਾਈ ਨੇ ਬਹੁਤ ਸੋਹਣੀ ਇਕ ਕੰਗਣਾਂ ਦੀ ਜੋੜੀ ਗੋਬਿੰਦ ਰਾਏ ਜੀ ਲਈ ਭੇਟਾ ਕੀਤੀ। ਸਾਹਿਬ ਜੀ ਬਾਹਰ ਗੰਗਾ 'ਤੇ ਖੇਡਣ ਚਲੇ ਗਏ, ਬੱਚੇ ਗੰਗਾ ਕਿਨਾਰੇ ਬੈਠ ਕੇ ਮਿੱਟੀ ਦੀਆਂ ਕੁਝ ਗੀਟੀਆਂ ਪਾਣੀ ਵਿਚ ਸੁੱਟ ਰਹੇ ਸਨ ਤਾਂ ਸਾਹਿਬ ਜੀ ਨੇ ਗੀਟੀ ਦੀ ਥਾਂ ਆਪਣੇ ਕੰਗਣਾਂ ਵਿਚੋਂ ਇਕ ਕੰਗਣ ਪਾਣੀ ਵਿਚ ਸੁੱਟ ਦਿੱਤਾ। ਮਾਤਾ ਜੀ ਨੂੰ ਪਤਾ ਲੱਗਾ ਤੇ ਸੇਵਕਾਂ ਸਮੇਤ ਗੰਗਾ ਘਾਟ ਪਹੁੰਚੇ, ਅਤੇ ਪੁੱਛਿਆ ਕਿ ਕੰਗਣ ਕਿੱਥੇ ਸੁੱਟਿਆ ਹੈ ਤਾਂ ਸਾਹਿਬ ਜੀ ਨੇ ਦੂਸਰਾ ਵੀ ਉਤਾਰ ਕੇ ਸੁੱਟ ਦਿੱਤਾ ਤੇ ਕਿਹਾ ਕਿ ਐਥੇ ਸੁੱਟਿਆ ਸੀ। ਸੇਵਕ ਹੈਰਾਨ ਹੋਏ ਤੇ ਆਖਿਆ ਕਿ ਕੰਗਣ ਸੋਨੇ ਦੇ ਸਨ ਪਰ ਬੇਪ੍ਰਵਾਹ ਪਾਤਿਸ਼ਾਹ ਨੇ ਆਖਿਆ ਸੀ ਕਿ ਮੇਰੀ ਮਾਂ ਦੀ ਲੋਰੀ ਹੁੰਦੀ ਹੈ ਕਿ "*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥*" ਅਸਲ ਮਨੁੱਖ ਉਹੋ ਹੀ ਹੈ ਜਿਹੜਾ ਦੁੱਖ ਵਿਚ ਦੁੱਖੀ ਨਾ ਹੋ ਕੇ ਸੁਖ ਨਾਲ ਸਨੇਹ ਨਾ ਕਰਦਾ ਹੋਵੇ ਅਤੇ ਸੋਨਾ ਮਿੱਟੀ ਇਕ ਬਰਾਬਰ ਸਮਝਦਾ ਹੋਵੇ, ਇਸ ਲਈ ਮੇਰੇ ਸਾਥੀ ਮਿੱਟੀ ਸੁੱਟਦੇ ਹਨ ਜੇ ਇਨ੍ਹਾਂ ਦੇ ਘਰ ਵਾਲੇ ਨਹੀਂ ਆਏ ਤਾਂ ਤੁਸੀਂ ਵੀ ਚਲੇ ਜਾਉ ਕਿਉਂਕਿ ਮੈਂ ਵੀ ਮਿੱਟੀ ਹੀ ਸੁੱਟੀ ਹੈ। ਅਸਲ ਵਿਚ ਸੋਨੇ ਦੇ ਗਹਿਣੇ ਤਾਂ ਕੇਵਲ ਉਹ ਹੀ ਪਹਿਨਦਾ ਹੈ ਜਿਹੜਾ ਕੇਵਲ ਰਾਜਾ ਹੋਵੇ, ਇਹ ਤਾਂ ਬਾਦਸ਼ਾਹ ਦਰਵੇਸ਼ ਹਨ ਜਿਸ ਕਰਕੇ ਸੋਨੇ ਦੇ ਕੰਗਣ ਸੁੱਟ ਕੇ ਲੋਹੇ ਦੇ ਕੜੇ ਸਿੰਗਾਰ ਬਣਾ ਕੇ ਆਪ ਵੀ ਪਹਿਨੇ ਤੇ ਸੇਵਕਾਂ ਨੂੰ ਵੀ ਪਹਿਨਾਏ।

ਨਿਆਰੇ-ਨਿਆਰੇ ਕੌਤਕਾਂ ਕਰਕੇ ਗੋਬਿੰਦ ਰਾਏ ਜੀ ਅਨੇਕਾਂ ਹੀ ਪਟਨਾ ਨਿਵਾਸੀਆਂ ਦੇ ਅੱਖਾਂ ਦਾ ਨੂਰ ਬਣ ਗਏ ਸਨ। ਕਿਧਰੇ ਫਤਹਿ ਚੰਦ ਤੇ ਉਸਦੀ ਘਰ ਵਾਲੀ, ਕਿਧਰੇ ਸ਼ਿਵਦੱਤ, ਕਿਧਰੇ ਨਿੱਕੜੇ ਸਾਥੀ, ਕਿਧਰੇ ਰਹੀਮ ਬਖਸ਼ ਤੇ ਜਗਤਾ ਸੇਠ ਜਾਂ ਹਰ ਕੋਈ ਭੀਖਨ ਸ਼ਾਹ ਵਰਗਿਆਂ ਦੇ ਦਰਸ਼ਨ ਕਰਨ ਆਉਣ ਨਾਲ ਮਹਾਨਤਾ ਸਮਝਦਾ ਸੀ ਤੇ ਦਰਸ਼ਨ ਕਰਕੇ ਸੁਭਾਗਾ ਹੁੰਦਾ ਸੀ।

ਜਿਸ ਗੁਰੂ ਨਾਨਕ ਦੀ ਜੋਤ ਦੇ ਦੀਦਾਰ ਕਰਨ ਲਈ ਹਰ ਇਕ ਦੇ ਮਨ ਦੀ ਤਾਂਘ ਬਣ ਗਈ ਸੀ, ਭਲਾ ਇਹ ਕਿਵੇਂ ਹੋ ਸਕਦਾ ਹੈ ਕਿ ਉਨ੍ਹਾਂ ਦੇ ਦਰਸ਼ਨਾਂ ਦੀ ਤਮੰਨਾ ਛੇ ਸਾਲ ਇੰਤਜ਼ਾਰ ਕਰ ਰਹੇ ਗੋਬਿੰਦ ਰਾਏ ਜੀ ਦੇ ਹਿਰਦੇ ਵਿੱਚ ਨਾ ਹੋਵੇ, ਇਸ ਲਈ ਹੁਣ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਦਾਰਾਂ ਲਈ ਚਿਤ ਦੀ ਤੜਪ ਪੈਦਾ ਹੋ ਗਈ। ਅਰਦਾਸ ਵਿਸ਼ਵਾਸ ਵਿੱਚ ਬਦਲ ਗਈ ਜਦੋਂ ਨਵੇਂ ਵਸਾਏ ਨਗਰ ਮਾਖੋਵਾਲ ਤੋਂ ਸੁਨੇਹਾ ਆ ਗਿਆ

ੴ

ਤੇ ਸੇਵਕਾਂ ਸਮੇਤ ਤਿਆਰੀ ਵੀ ਹੋਣ ਲੱਗ ਪਈ। ਜਿਸ ਦੇ ਪਵਿੱਤਰ ਚਰਣਾਂ ਕਰਕੇ ਪਟਨਾ, ਪਟਨਾ ਸਾਹਿਬ ਬਣ ਗਿਆ ਸੀ। ਅੱਜ ਉਸਨੂੰ ਆਪਣੇ ਕੋਲੋਂ ਤੋਰਨਾ ਕਿਸੇ ਦੀ ਜ਼ਿੰਦਗੀ ਦਾ ਸਵੱਰਗ ਖੋਹ ਲੈਣ ਦੇ ਬਰਾਬਰ ਸੀ। ਇਸ ਲਈ ਸਾਰੇ ਪਟਨਾ ਸਾਹਿਬ ਵਿਚ ਕਿਸੇ ਦੀਆਂ ਅੱਖਾਂ ਰੋ ਰਹੀਆਂ ਸਨ ਤੇ ਕਿਸੇ ਦਾ ਦਿਲ। ਪਰ ਸਾਰਿਆਂ ਨੂੰ ਧੀਰਜ ਦਿੱਤਾ, ਮੈਨੂੰ ਆਪਣੀ ਯਾਦ ਵਿੱਚ ਰੱਖਣਾ, ਮੈਂ ਤੁਹਾਡੇ ਤੋਂ ਦੂਰ ਨਹੀਂ ਹੋਵਾਂਗਾ। ਸਾਰੇ ਪੰਧ ਦਾ ਹਾਲ ਬਹੁਤ ਵੱਡਾ ਹੈ ਪਰ ਕੁਝ ਅਸਥਾਨ ਐਸੇ ਵੀ ਹਨ ਜਿਥੋਂ ਨਿਕੜੇ ਮਾਹੀ ਦੇ ਕਦਮ ਨਾ ਲੰਘੇ ਸਗੋਂ ਰੁਕ ਕੇ ਵਿਗੜੀ ਸੁਆਰਦੇ ਗਏ ਕਲਯੁੱਗੀ ਜੀਵਾਂ ਦੀ ਜ਼ਿੰਦਗੀ। ਇਨ੍ਹਾਂ ਵਿਚੋਂ ਹੀ ਪਿੰਡ ਦਾਨਾ ਪੁਰ ਵਿੱਚ ਇਕ ਮਾਤਾ ਦਾ ਨਿਵਾਸ ਸੀ ਜਿਸਦੇ ਹਿਰਦੇ ਵਿਚੋਂ ਕੁਝ ਸ਼ਬਦ ਅਰਦਾਸ ਬਣ ਨਿਕਲੇ ਸਨ ਕਿ ਤੁਹਾਡੇ ਉਸ ਘਰ ਨਾਲ ਰਿਸ਼ਤਾ ਹੈ ਜਿਹੜਾ ਭਾਈ ਲਾਲੋ ਦੀਆਂ ਕੋਧਰੇ ਦੀਆਂ ਫੁਲਕੀਆਂ ਛੱਕ ਕੇ ਆਪਣੇ ਨਗਰ ਵਿੱਚ ਨਾ ਜਾਣੇ ਜਾਂਦੇ (ਭਾਵ ਲਾਲੋ) ਨੂੰ ਜਗਤ ਤੋਂ ਨਮਸਕਾਰਾਂ ਕਰਵਾ ਗਿਆ ਸੀ। ਮਾਤਾ ਜੀ ਨੇ ਇਕ ਹਾਂਡੀ ਵਿੱਚ ਖਿਚੜੀ ਪਕਾਈ। ਜਿਵੇਂ ਮੈਣੀ ਦੀ ਘਰ ਵਾਲੀ ਦੀਆਂ ਪੂੜੀਆਂ ਖਾਧੀਆਂ ਸਨ ਉਵੇਂ ਹੀ ਸੰਗਤਾਂ ਸਮੇਤ ਮਾਤਾ ਜੀ ਕੋਲ ਬੈਠ ਕੇ ਖਿਚੜੀ ਖਾਧੀ। ਜਿਸ ਕਰਕੇ ਅੱਜ ਤਕ ਲੋਕੀਂ ਹਾਂਡੀ ਵਾਲੀ ਸੰਗਤ ਕਰਕੇ ਜਾਣਦੇ ਹਨ। ਖਿਚੜੀਆਂ ਖਾਣੀਆਂ ਤਾਂ ਬਾਦਸ਼ਾਹ ਦਰਵੇਸ਼ ਦਾ ਹੀ ਕੰਮ ਹੋ ਸਕਦਾ ਹੈ।

ਆਖਿਰਕਾਰ ਸਾਰਾ ਪੰਧ ਮੁਕਾ ਕੇ ਜਦੋਂ ਨਿੱਤ ਦੀਆਂ ਅਰਦਾਸਾਂ ਦੀ ਕਾਮਨਾ ਪੂਰੀ ਹੋਈ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨ ਕਰਕੇ ਜੋ ਕੁਝ ਮਿਲਿਆ, ਉਹ ਆਪ ਮੁਹਾਰੇ ਹੀ ਮੂੰਹੋ ਨਿਕਲ ਗਿਆ। "*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*" ਕਿਉਂਕਿ ਇਹ ਕੋਈ ਦੁਨਿਆਵੀ ਪਿਉ ਪੁੱਤ ਦਾ ਹੀ ਮਿਲਾਪ ਨਹੀਂ ਸੀ। ਇਹ ਬਚਨ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਖੋਵਾਲ ਤੋਂ ਜਿਥੋਂ ਇਕ ਡਾਕੂ ਲੋਕਾਂ ਨੂੰ ਲੁੱਟਦਾ ਸੀ, ਉਸ ਦਾ ਨਾਂ ਹੀ ਬਦਲ ਕੇ ਰੱਖ ਦਿੱਤਾ। ਮਾਖੋਵਾਲ "ਆਨੰਦਪੁਰ" ਸਾਹਿਬ ਹੋ ਗਿਆ ਸੀ। ਜਿਥੋਂ ਲੁੱਟਣਾ ਤਾਂ ਇਕ ਪਾਸੇ ਪਰ ਲੁੱਟਣ ਵਾਲਿਆਂ ਲਈ ਵੀ ਇਕ ਵੰਗਾਰ ਬਣ ਇਥੋਂ ਬੇਸਹਾਰਿਆਂ ਲਈ ਸਹਾਰਾ ਮਿਲੇਗਾ। ਜਿਸ ਕਾਰਜ ਲਈ ਪ੍ਰਭੂ ਨੇ ਪਠਾਇਆ ਸੀ, ਉਸ ਕਾਰਜ ਦੀ ਪੂਰਤੀ ਵਾਸਤੇ ਸਾਹਿਬ ਜੀ ਨੇ ਆਪਣੀ ਤਿਆਰੀ ਆਰੰਭ ਕਰ ਦਿੱਤੀ ਸੀ। ਸਭ ਤੋਂ ਪਹਿਲੀ ਗੱਲ ਆਨੰਦਪੁਰ ਸਾਹਿਬ ਪਹੁੰਚ ਕੇ ਸਾਹਿਬ ਜੀ ਬਹੁਤ ਸਮਾਂ ਪਿਤਾ ਜੀ ਨਾਲ ਹੀ ਗੁਜ਼ਾਰਦੇ ਸਨ। ਜਿਸ ਸਦਕਾ ਅਨੇਕਾਂ ਹੀ ਹਰ ਰੋਜ਼ ਲੈਣ ਦੇਣ ਇਨ੍ਹਾਂ ਨੇਤਰਾਂ ਦੀ ਭਾਸ਼ਾ ਵਿਚ ਕੀਤੇ ਜਾਂਦੇ। ਸੇਵਕ ਅੱਖਾਂ ਰਾਹੀਂ ਹੀ ਅਰਦਾਸਾਂ ਕਰ ਜਾਂਦੇ ਅਤੇ ਸਾਹਿਬ ਗੁਰੂ ਤੇਗ ਬਹਾਦਰ ਜੀ ਨਦਰਿ ਨਾਲ ਹੀ ਨਿਹਾਲ ਕਰ ਦਿੰਦੇ ਸਨ। ਧੰਨ ਗੁਰੂ ਤੇਗ ਬਹਾਦਰ

ਸਾਹਿਬ ਜੀ ਨੇ ਦੁਨਿਆਵੀ ਵਿਦਿਆ ਦਾ ਪ੍ਰਬੰਧ ਕੀਤਾ ਜਿਸ ਰਾਹੀਂ ਫਾਰਸੀ, ਅਰਬੀ ਤੇ ਹੋਰ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ। ਸ੍ਰੀ ਗਰੰਥ ਸਾਹਿਬ ਜੀ ਦੀ ਜਿਹੜੀ ਪੋਥੀ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਸਾਹਿਬ ਜੀ ਕਰ ਗਏ ਸਨ ਉਸ ਵਿਚੋਂ ਸੰਥਯਾ ਕਰਨੀ। ਸਹਿਜ-ਸਹਿਜ ਨਾਲ ਬਾਣੀ ਵੀ ਹਰ ਰੋਜ਼ ਜ਼ੁਬਾਨੀ ਯਾਦ ਕਰਿਆ ਕਰਦੇ ਸਨ । ਇਸ ਤਰ੍ਹਾਂ ਹਰ ਤਰ੍ਹਾਂ ਦੀ ਸਿੱਖਿਆ ਨੇ ਦਰਵੇਸ਼ ਦੀ ਪੂਰਨ ਘਾੜਤ ਘੜ ਦਿੱਤੀ ਪਰ ਬਾਦਸ਼ਾਹ ਦੀ ਸੰਪੂਰਨਤਾ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਸਤ੍ਰ ਵਿਦਿਆ ਤੇ ਘੋੜ ਸਵਾਰੀ ਆਦਿ ਦਾ ਖ਼ਾਸ ਪ੍ਰਬੰਧ ਕਰਵਾ ਕੇ ਇਸ ਵਿੱਚ ਵੀ ਮੁਹਾਰਤ ਹਾਸਿਲ ਕਰਵਾ ਦਿੱਤੀ ਸੀ। ਇਕ ਗੁੱਝਾ ਭੇਦ ਸਿਰਫ ਦੋ ਹੀ ਆਤਮਾਂ ਜਾਣਦੀਆਂ ਸਨ ਜਿਸ ਦੀ ਸਾਰੀ ਇਹ ਤਿਆਰੀ ਸੀ। ਆਖਿਰ ਉਹ ਦਿਨ ਵੀ ਆਣ ਖਲੋਤਾ ਜਦੋਂ ਕੁਝ ਲੋਕ ਧਰਮ ਮੰਗਣ ਲਈ ਆਨੰਦਪੁਰ ਸਾਹਿਬ ਆਏ। ਚੇਤੇ ਰੱਖਣਯੋਗ ਗੱਲ ਹੈ ਕਿ ਜਿਥੋਂ ਧਰਮ ਦੀ ਨਿਸ਼ਾਨੀ ਬਰਬਾਦ ਹੋਣ ਤੋਂ ਬਚਾਈ ਸੀ। ਸਤਿਗੁਰੂ ਜੀ ਨੇ ਇਥੋਂ ਹੀ ਧਰਮ ਦੀਆਂ ਨਿਸ਼ਾਨੀਆਂ ਭਾਵ ਪੰਜ ਕਕਾਰ ਬਖਸ਼ੇ ਸਨ। ਮਹਾਨ ਬਾਦਸ਼ਾਹ ਤੇ ਦਰਵੇਸ਼ ਦੀ ਪਦਵੀ ਦੇ ਮਾਲਿਕ ਨੇ ਇਨ੍ਹਾਂ ਆਏ ਹੋਏ ਕਸ਼ਮੀਰੀ ਪੰਡਿਤਾਂ ਦੀ ਝੋਲੀ ਵਿੱਚ ਸਭ ਤੋਂ ਪਹਿਲਾ ਦਾਨ ਆਪਣੇ ਪਿਤਾ ਜੀ ਦਾ ਬਲੀਦਾਨ ਪਾਇਆ ਸੀ। ਦੁਨਿਆਵੀ ਬਾਦਸ਼ਾਹ ਤਾਂ ਟੈਕਸ ਲੈਂਦੇ ਹਨ। ਦਾਨ ਵਿੱਚ ਵੀ ਬਹੁਤ ਕੁਝ ਦੇ ਸਕਦੇ ਹਨ, ਇਹੋ ਅਜਿਹਾ ਬਾਦਸ਼ਾਹ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਮਿਲਦਾ ਜਿਹੜਾ ਕਿਸੇ ਦੇ ਧਰਮ ਦੀ ਖ਼ਾਤਰ ਆਪਣੇ ਪਿਤਾ ਦਾ ਦਾਨ ਦੇਵੇ। ਨੌਂ ਸਾਲਾਂ ਦੀ ਉਮਰ ਸੀ ਜਦੋਂ ਅਨੋਖਾ ਦਾਨ ਕੀਤਾ ਕਿਉਂਕਿ ਧਰਮ ਦਾ ਚਿਰਾਗ ਜਗਾਉਣਾ ਸੀ। ਧਰਮ ਦੇ ਚਿਰਾਗ ਹਮੇਸ਼ਾ ਰੱਤ ਤੇ ਚਰਬੀ ਦੇ ਤੇਲ ਨਾਲ ਹੀ ਜਗਿਆ ਕਰਦੇ ਹਨ। ਇਸ ਲਈ ਕਸ਼ਮੀਰੀ ਪੰਡਿਤਾਂ ਉਪਰ ਢਾਹੇ ਜਾ ਰਹੇ ਔਰੰਗਜ਼ੇਬ ਵਲੋਂ ਇਹ ਜ਼ੁਲਮ ਕਿ ਮੈਂ ਕਿਸੇ ਦੇ ਗਲ ਜਨੇਊ ਨਹੀਂ ਰਹਿਣ ਦੇਣਾ, ਨੂੰ ਖ਼ਤਮ ਕਰਨ ਵਾਸਤੇ ਗੋਬਿੰਦ ਰਾਏ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹਾਦਤ ਦੇਣ ਵਾਸਤੇ ਤੋਰਿਆ ਜਦ ਸਿੱਖ ਧਰਮ ਦਾ ਜਨੇਊ ਨਾਲ ਕੋਈ ਰਿਸ਼ਤਾ ਨਹੀਂ ਸੀ। ਇਹ ਵੀ ਗੱਲ ਯਾਦ ਰੱਖਣ ਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਰਾਏ ਜੀ ਦਾ ਮਿਸ਼ਨ *"ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥"* ਕਰਨਾ ਸੀ, ਇਸ ਲਈ ਦੋਖੀ ਦੁਸ਼ਟ ਭਾਵੇਂ ਮੁਸਲਮਾਨ ਹੋਣ ਤੇ ਭਾਵੇਂ ਹਿੰਦੂ ਹੋਣ। ਹਿੰਦੂ ਧਰਮ ਦੀ ਰੱਖਿਆ ਲਈ ਸਾਹਿਬ ਜੀ ਨੇ ਆਪਾ ਕੁਰਬਾਨ ਨਹੀਂ ਕੀਤਾ ਬਲਕਿ ਧਰਮ ਪਿੱਛੇ ਆਪਾ ਕੁਰਬਾਨ ਕੀਤਾ ਸੀ। ਉਸ ਵੇਲੇ ਭਾਵੇਂ ਕੋਈ ਵੀ ਹੁੰਦਾ, ਇਸ ਮਕਸਦ ਦੀ ਪੂਰਤੀ ਸਤਿਗੁਰੂ ਜੀ ਨੇ ਕਰਨੀ ਹੀ ਕਰਨੀ ਸੀ।

"ਬਾਂਹ ਜਿਨਾ ਦੀ ਪਕੜੀਐ ਸਿਰ ਦੀਜੈ ਬਾਹ ਨ ਛੋਡੀਐ ॥" ਭਟ ਚਾਂਦ ਜੀ ਦੇ ਬਚਨ

ਅਨੁਸਾਰ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਕੀਤੇ ਬਚਨ ਤੋੜ ਨਿਭਾਉਣ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਸਮੇਤ ਸ਼ਹਾਦਤ ਦਾ ਜਾਮ ਪੀ ਕੇ ਜਨੇਊ ਦੀ ਰੱਖਿਆ ਕੀਤੀ। ਇਹ ਸਾਕਾ ਦਿੱਲੀ ਚਾਂਦਨੀ ਚੌਂਕ ਵਿਚ ਵਰਤਿਆ। ਧਰਮ ਸੋਚ ਵਿਚ ਵਸਿਆ ਕਰਦਾ ਹੈ। ਜੇ ਕਰ ਧਰਮ ਸੋਚ ਤਕ ਨਹੀਂ ਪਹੁੰਚਿਆ ਤਾਂ ਅਜਿਹਾ ਧਰਮੀ ਕਿਸੇ ਵੇਲੇ ਵੀ ਡੋਲ ਸਕਦਾ ਹੈ। ਦੂਜੀ ਗੱਲ ਗ਼ੁਲਾਮ ਦੋ ਤਰ੍ਹਾਂ ਦੇ ਹੁੰਦੇ ਹਨ। ਜਗਤ ਵਿੱਚ ਪਹਿਲੇ ਉਹ ਜਿਨ੍ਹਾਂ ਦੀ ਸੋਚ ਗ਼ੁਲਾਮ ਹੋ ਗਈ। ਪਰ ਅਜਿਹੇ ਗ਼ੁਲਾਮ ਕਦੇ ਆਜ਼ਾਦੀ ਦਾ ਮੂੰਹ ਨਹੀਂ ਵੇਖਿਆ ਕਰਦੇ। ਦੂਜੇ ਗ਼ੁਲਾਮ ਉਹ ਹੁੰਦੇ ਹਨ ਜਿਹੜੇ ਵਕਤੀ ਤੌਰ 'ਤੇ ਸਰੀਰਕ ਗ਼ੁਲਾਮ ਹੁੰਦੇ ਹਨ। ਪਰ ਅਜਿਹੇ ਆਜ਼ਾਦ ਹੋ ਜਾਂਦੇ ਹਨ ਕਿਉਂਕਿ ਆਜ਼ਾਦ ਹੋਣਾ ਉਨ੍ਹਾਂ ਦੀ ਸੋਚ ਦਾ ਅੰਗ ਬਣ ਚੁੱਕਾ ਹੁੰਦਾ ਹੈ। ਕਿਧਰੇ ਸਿੱਖੀ ਸੋਚ ਕਰਕੇ ਗ਼ੁਲਾਮ ਨਾ ਹੋ ਸਕੇ, ਇਸ ਲਈ ਭਾਈ ਜੈਤਾ ਜੀ ਦੀ ਡਿਊਟੀ ਬਾਦਸ਼ਾਹ ਦਰਵੇਸ਼ ਨੇ ਸੀਸ ਵਾਪਿਸ ਆਨੰਦਪੁਰ ਸਾਹਿਬ ਲਿਆਉਣ ਦੀ ਲਾਈ ਅਤੇ ਧੜ ਸਿਦਕੀ ਸਿੱਖ ਭਾਈ ਲੱਖੀ ਸ਼ਾਹ ਵਣਜਾਰੇ ਦੇ ਘਰ ਸਸਕਾਰ ਕਰਵਾ ਦਿੱਤਾ ਗਿਆ ਸੀ। ਜਿਸ ਸੋਚ ਵਿਚੋਂ ਅਕਾਲ ਪੁਰਖ ਦੀ ਫੌਜ ਨੂੰ ਪੈਦਾ ਕਰਨਾ ਸੀ ਭਾਵ ਸੀਸ ਆਨੰਦਪੁਰ ਸਾਹਿਬ ਆ ਗਿਆ ਸੀ।

ਇਹ ਵੀ ਇਤਿਹਾਸ ਵਿਚ ਇਕ ਅਨੋਖਾ ਹੀ ਵਾਕਿਆ ਹੈ। ਜਦੋਂ ਕਿਸੇ ਗੱਦੀ ਦੇ ਮਾਲਕ ਨੂੰ ਜਿਸ ਦੀ ਉਮਰ ਵੀ ਕੇਵਲ ਨੌਂ ਸਾਲ ਦੀ ਹੋਵੇ, ਗੱਦੀ ਉਪਰ ਬੈਠਦਿਆਂ ਸਾਰ ਹੀ ਦੁਨੀਆਂ ਦਾ ਅਜੀਬ ਨਜ਼ਰਾਨਾ ਭੇਟ ਹੋਇਆ ਹੋਵੇ ਅਤੇ ਇਹ ਨਜ਼ਰਾਨਾ ਆਪਣੇ ਹੀ ਪਿਤਾ ਦਾ ਬਿਨਾਂ ਧੜ ਤੋਂ ਸੀਸ ਹੋਵੇ। ਇਹ ਬਾਦਸ਼ਾਹ ਦਰਵੇਸ਼ ਦਾਨ ਵੀ ਅਜੀਬ ਦਿੰਦਾ ਹੈ ਤੇ ਨਜ਼ਰਾਨੇ ਵੀ ਅਜੀਬ ਲੈਂਦਾ ਹੈ। ਪਿਤਾ ਜੀ ਦੇ ਸੀਸ ਦਾ ਸਸਕਾਰ ਆਨੰਦਪੁਰ ਸਾਹਿਬ ਹੀ ਸ਼ਰਧਾ ਅਤੇ ਸ਼ੁਕਰ ਨਾਲ ਕੀਤਾ। ਜਦੋਂ ਸੇਵਕਾਂ ਨੇ ਕੁਝ ਕਰਨ ਲਈ ਪੁੱਛਿਆ ਤਾਂ ਸਾਹਿਬ ਜੀ ਨੇ ਕਿਰਪਾ ਕੀਤੀ ਕਿ ਅਜਿਹੇ ਦੁੱਸ਼ਟ ਦੋਖੀ ਦੀ ਜੜ ਪੁੱਟਣ ਲਈ ਤਿਆਰੀ ਕਰੀਏ । ਇਸ ਤਿਆਰੀ ਦੀ ਆਰੰਭਤਾ ਸਤਿਗੁਰੂ ਜੀ ਨੇ ਚੰਗੀਆਂ ਜੁਆਨੀਆਂ, ਚੰਗੇ ਹਥਿਆਰ ਤੇ ਉੱਤਮ ਨਸਲ ਦੇ ਘੋੜੇ ਭੇਟਾ ਕਰਨ ਲਈ ਕਿਹਾ। ਹਿਰਦੇ ਦੇ ਅੰਦਰ ਛੁਪਿਆ ਭੈਅ ਕੱਢਣ ਲਈ ਰਣਜੀਤ ਨਗਾਰਾ ਤਿਆਰ ਕਰਕੇ ਐਸੀਆਂ ਚੋਟਾਂ ਲਾਈਆਂ ਕਿ ਜਿਸ ਦੀ ਆਵਾਜ਼ ਨੇ ਔਰੰਗਜ਼ੇਬ ਨੂੰ ਵੀ ਖ਼ਬਰਦਾਰ ਕਰ ਦਿੱਤਾ।

ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਹ ਧਰਮ ਹੇਤ ਸਾਕਾ ਸੁਣ ਕੇ ਬਹੁਤ ਗੁਰੂ ਘਰ ਦੇ ਸੇਵਕ ਸਿੱਖ ਸ਼ਰਧਾਲੂ ਆਦਿਕ ਸ੍ਰੀ ਗੁਰੂ ਗੋਬਿੰਦ ਰਾਏ ਜੀ ਕੋਲ ਆਏ। ਅਨੇਕਾਂ ਤਰ੍ਹਾਂ ਦੀਆਂ ਭੇਟਾਵਾਂ ਵੀ ਲਿਆਉਂਦੇ ਸਨ। ਇਨ੍ਹਾਂ ਸ਼ਰਧਾਲੂਆਂ ਵਿਚੋਂ ਹਰ ਇਕ ਦਾ

ਜ਼ਿਕਰ ਤਾਂ ਸੰਭਵ ਨਹੀਂ, ਕੀਤਾ ਜਾ ਸਕੇ। ਪਰ ਕੁਝ ਅਜਿਹੇ ਹਨ ਜਿਨ੍ਹਾਂ ਦੀ ਔਖਰੀ ਦੀਦਾਰ ਵੀ ਜ਼ਰੂਰੀ ਬਣ ਜਾਂਦੀ ਹੈ। ਅਜਿਹਾ ਹੀ ਇਕ ਸੇਵਕ ਰਾਜਾ ਰਤਨ ਰਾਏ ਸੀ ਜਿਹੜਾ ਆਪਣੀ ਮਾਂ ਦੀ ਸਿੱਖਿਆ ਸੁਣ ਕੇ ਕਿ ਮੇਰਾ ਜਨਮ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਾਮ ਵਿਚ ਆਏ ਸਨ ਤਾਂ ਉਨ੍ਹਾਂ ਦੇ ਆਸ਼ੀਰਵਾਦ ਨਾਲ ਹੋਇਆ ਸੀ। ਮਾਂ ਸਮੇਤ ਕੁਝ ਜ਼ਰੂਰੀ ਭੇਟਾਵਾਂ ਲੈ ਕੇ ਗੁਰੂ ਦਰਬਾਰ ਵਿੱਚ ਹਾਜ਼ਰ ਹੋਇਆ ਸੀ। ਜਿਹੜੀਆਂ ਭੇਟਾਵਾਂ ਰਤਨ ਰਾਏ ਲੈ ਕੇ ਆਇਆ ਸੀ ਉਹ ਵੀ ਬੜੀਆਂ ਅਜੀਬ ਸਨ। ਇਕ ਪ੍ਰਸਾਦੀ ਹਾਥੀ ਜਿਹੜਾ ਕਈ ਤਰੀਕਿਆਂ ਨਾਲ ਸੇਵਾ ਕਰਦਾ ਸੀ। ਦੂਜਾ ਪੰਜ-ਕਲਾ ਸ਼ਾਸਤਰ ਜਿਹੜਾ ਹਰ ਵਾਰੀ ਕਲਾ ਦਬਾਉਣ ਨਾਲ ਵੱਖਰੇ ਵੱਖਰੇ ਰੂਪ ਅਖਤਿਆਰ ਕਰ ਲੈਂਦਾ ਸੀ।

ਇਨ੍ਹਾਂ ਹੀ ਸਮਿਆਂ ਵਿੱਚ ਗੁਰੂ ਜੀ ਦੀ ਹਜ਼ੂਰੀ ਵਿੱਚ ਭਾਈ ਨੰਦ ਲਾਲ ਜੀ ਵੀ ਆਏ। ਇਹ ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਸਨ। ਇਕ ਦਿਨ ਔਰੰਗਜ਼ੇਬ ਦੇ ਦਰਬਾਰ ਵਿੱਚ ਕੁਰਾਨ ਸ਼ਰੀਫ ਦੀ ਇਕ ਆਇਤ ਦੇ ਤਰਜ਼ਮੇ ਦੀ ਵੀਚਾਰ ਚੱਲੀ, ਅਨੇਕਾਂ ਆਲਮਾਂ ਨੇ ਅਕਲਾਂ ਦੀਆਂ ਉਡਾਰੀਆਂ ਮਾਰੀਆਂ ਪਰ ਔਰੰਗਜ਼ੇਬ ਦੀ ਤਸੱਲੀ ਨਾ ਹੋਈ ਪਰ ਭਾਈ ਨੰਦ ਲਾਲ ਜੀ ਨੇ ਇਹ ਸਹਿਜੇ ਹੀ ਤਸੱਲੀ ਕਰਵਾ ਦਿੱਤੀ ਜਿਸ ਤੋਂ ਚਿੜ ਕੇ ਔਰੰਗਜ਼ੇਬ ਨੇ ਬਚਨ ਕੀਤਾ ਕਿ ਜਾਂ ਤਾਂ ਇਸਨੂੰ ਮੁਸਲਮਾਨ ਬਣਾਉ ਜਾਂ ਫਿਰ ਇਸ ਨੂੰ ਖ਼ਤਮ ਕਰ ਦਿਉ। ਭਾਈ ਨੰਦ ਲਾਲ ਜੀ ਬਹਾਦਰ ਸ਼ਾਹ ਨੂੰ ਵਿਦਿਆ ਪੜ੍ਹਾਉਂਦੇ ਸਨ। ਸਭ ਕੁਝ ਛੱਡ ਕੇ ਆਨੰਦਪੁਰ ਸਾਹਿਬ ਆ ਗਏ ਸਨ। ਇਨ੍ਹਾਂ ਨੇ ਵੀ ਜਿੱਥੇ ਲੋਕ ਬਾਦਸ਼ਾਹ ਸਮਝ ਕੇ ਭੇਟਾਵਾਂ ਅਰਪਨ ਕਰਦੇ ਸਨ, ਇਹ ਜਾਣਦੇ ਸਨ ਕਿ ਇਕੱਲਾ ਬਾਦਸ਼ਾਹ ਹੀ ਨਹੀਂ, ਦਰਵੇਸ਼ ਵੀ ਹੈ। ਇਸ ਲਈ ਆਪਣੇ ਵਲੋਂ ਪਹਿਲੀ ਭੇਟ ਹੀ ਇਕ ਪੁਸਤਕ ਰੂਪ ਵਿੱਚ ਰੱਖੀ ਜਿਸ ਦਾ ਨਾਂ 'ਬੰਦਗੀ ਨਾਮਾ' ਰੱਖਿਆ ਸੀ ਪਰ ਸਾਹਿਬ ਜੀ ਨੇ ਵਾਚ ਕੇ ਮੁਸਕਰਾ ਕੇ ਕਹਿਣ ਲੱਗੇ, ਭਾਈ ਨੰਦ ਲਾਲ, ਇਹ 'ਬੰਦਗੀ ਨਾਮਾ' ਨਹੀਂ ਬਲਕਿ 'ਜ਼ਿੰਦਗੀ ਨਾਮਾ' ਹੈ। ਭਾਈ ਨੰਦ ਲਾਲ ਜੀ ਆਲਮ ਫਾਜ਼ਿਲ ਹੋਣ ਦੇ ਬਾਵਜੂਦ ਵੀ ਲੰਗਰ ਦੀ ਸੇਵਾ ਬਹੁਤ ਸ਼ੁੱਧ ਸਪੱਸ਼ਟ ਤੇ ਪ੍ਰੇਮ ਸ਼ਰਧਾ ਭਰੀ ਲਗਨ ਨਾਲ ਕਰਦੇ ਸਨ।

ਸਮੇਂ ਦੀ ਟੋਰ ਨੇ ਕੁਝ ਹੀ ਪੰਧ ਤਹਿ ਕੀਤਾ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਨੂੰ ਨਿਮਾਣਿਆਂ ਤੇ ਨਿਆਸਰਿਆਂ ਦਾ ਸਹਾਰਾ ਜਾਣ ਕੇ ਰਾਜਾ ਮੇਦਨੀ ਪ੍ਰਕਾਸ਼ ਨੇ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਦਿਨ ਰਾਤ ਹੀ ਫਤਹਿ ਸ਼ਾਹ ਗੜ੍ਹਵਾਲ ਦਾ ਰਾਜਾ ਤੰਗ ਕਰਦਾ ਹੈ, ਇਸ ਨੇ ਰਾਜਾ ਭੀਮ ਚੰਦ ਦੇ ਲੜਕੇ ਅਜਮੇਰ ਚੰਦ ਨਾਲ ਆਪਣੀ ਲੜਕੀ ਦਾ ਰਿਸ਼ਤਾ ਕਰਕੇ ਹੋਰ ਵੀ ਪੈਰ ਪੱਕੇ ਕਰ ਲਏ ਹਨ। ਆਪ ਜੀ ਦੇ ਅੰਦਰ ਰੱਬੀ ਗੁਣ ਤੇ ਅਧਿਆਤਮਿਕ ਤਾਕਤ ਕਰਕੇ ਹਰ ਕੋਈ ਨਮਸਕਾਰਾਂ ਕਰਦਾ ਹੈ। ਤੁਸੀਂ ਕਿਰਪਾ

ਕਰਕੇ ਮੇਰੀ ਮਦਦ ਜ਼ਰੂਰ ਹੀ ਕਰੋ। ਸਾਹਿਬ ਜੀ ਨੇ ਇਹ ਗੱਲ ਪ੍ਰਵਾਨ ਕਰ ਲਈ ਕਿਉਂਕਿ ਇਥੇ ਤਾਂ ਬਾਦਸ਼ਾਹ ਦਰਵੇਸ਼ ਦੀ ਸੇਵਾ ਨਿਭਾ ਰਹੇ ਸਨ। ਇਸ ਲਈ ਸਤਿਗੁਰੂ ਜੀ ਮੇਦਨੀ ਪ੍ਰਕਾਸ਼ ਦੇ ਘਰ ਨਾਹਨ ਗਏ ਤੇ ਕੁਝ ਦਿਨ ਠਹਿਰੇ। ਇਥੇ ਹੀ ਬਚਨ ਕੀਤਾ ਕਿ ਕੁਝ ਦਿਨਾਂ ਵਿਚ ਇਹ ਮਸਲਾ ਵਿਚਾਰਾਂਗੇ। ਪਾਉਂਟਾ ਸਾਹਿਬ ਜਾ ਕੇ ਹਜ਼ੂਰ ਨੇ ਫਤਹਿ ਸ਼ਾਹ ਨੂੰ ਸਮਝਾਇਆ ਪਰ ਹੰਕਾਰੀ ਭੀਮ ਚੰਦ ਦੀ ਸ਼ਹਿ ਨੇ ਸੱਚ ਸਮਝਣ ਨਾ ਦਿੱਤਾ।

ਇਧਰ ਇਲਾਕੇ ਵਿੱਚ ਵਿਚਰਦਿਆਂ ਹੀ ਸਾਹਿਬ ਜੀ ਪਾਉਂਟਾ ਸਾਹਿਬ ਗਏ। ਇਹ ਪਵਿੱਤਰ ਅਸਥਾਨ ਗੁਰੂ ਜੀ ਦੇ ਵਰਤੇ ਅਨੇਕਾਂ ਕੌਤਕਾਂ ਦੀ ਅਨੋਖੀ ਯਾਦ ਸੰਭਾਲੀ ਬੈਠਾ ਹੈ। ਇਸ ਅਸਥਾਨ 'ਤੇ ਹੀ ਸਤਿਗੁਰੂ ਜੀ ਨੇ ਜਿਥੇ ਅਹੰਕਾਰੀ ਨਿੰਦਕਾਂ ਨੂੰ ਪਿੱਠ ਦੇ ਕੇ ਤੇ ਨਾਮ ਦੇ ਜਪਣ ਵਾਲਿਆਂ ਨੂੰ ਮੁਖ ਲਾਇਆ ਸੀ। ਇਥੇ ਗੁਰੂ ਜੀ ਦੇ ਬਵੰਜਾ ਕਵੀਆਂ ਵਿਚੋਂ ਉਘੇ ਕਵੀ ਚੰਦਨ ਨੂੰ ਮਾਣ ਹੋ ਗਿਆ ਸੀ। ਉਸਦੀ ਕਵਿਤਾ ਦੇ ਅਰਥ ਭਾਈ ਧੰਨਾ ਸਿੰਘ ਜੀ ਕੋਲੋਂ, ਜਿਹੜੇ ਘੋੜਿਆਂ ਦੀ ਸੇਵਾ ਕਰਦੇ ਸਨ, ਕਰਵਾ ਕੇ ਹੰਕਾਰ ਤੋੜਿਆ ਸੀ। ਸਤਿਗੁਰੂ ਪਾਤਿਸ਼ਾਹ ਜੀ ਨੇ ਸਭ ਤੋਂ ਪਹਿਲਾਂ ਹੋਈ ਭੰਗਾਣੀ ਦੀ ਜੰਗ ਵਿੱਚ ਅਥਾਹ ਪ੍ਰੇਮ ਤੇ ਸਤਿਕਾਰ ਦੀ ਮੂਰਤੀ ਪੀਰ ਬੁਧੂ ਸਾਹਿਬ ਜੀ ਨਾਲ ਅਮੋਲਕ ਵੀਚਾਰ ਕੀਤੇ ਸਨ।

ਰਾਜਾ ਭੀਮ ਚੰਦ ਦੇ ਲੜਕੇ ਅਜ਼ਮੇਰ ਚੰਦ ਦੀ ਸ਼ਾਦੀ ਫਤਹਿ ਸ਼ਾਹ ਦੀ ਲੜਕੀ ਨਾਲ ਰੱਖ ਦਿੱਤੀ। ਆਪਣੇ ਲੜਕੇ ਦੀ ਸ਼ਾਦੀ ਦਾ ਬਹਾਨਾ ਪਾ ਕੇ ਗੁਰੂ ਜੀ ਕੋਲੋਂ ਕੀਮਤੀ ਭੇਟਾਵਾਂ ਉਧਾਰੀਆਂ ਲੈਣ ਵਾਸਤੇ ਭੀਮ ਚੰਦ ਨੇ ਕੁਝ ਆਪਣੇ ਸੇਵਕ ਭੇਜੇ ਪਰ ਸਤਿਗੁਰੂ ਜੀ ਭੀਮ ਚੰਦ ਦੇ ਮਨ ਦੀ ਪਹਿਲਾਂ ਹੀ ਜਾਣਦੇ ਸਨ। ਬਾਦਸ਼ਾਹ ਬਾਦਸ਼ਾਹ ਨੂੰ ਧੋਖਾ ਦੇ ਸਕਦਾ ਹੈ ਪਰ ਬਾਦਸ਼ਾਹ ਦਰਵੇਸ਼ ਨੂੰ ਕੌਣ ਧੋਖਾ ਦੇ ਸਕਦਾ ਸੀ। ਇਸੇ ਹੀ ਕਰੋਧ ਕਰਕੇ ਭੀਮ ਚੰਦ ਹੋਰ ਵੀ ਸੜਨ ਲੱਗਾ। ਇਧਰ ਫਤਹਿ ਸ਼ਾਹ ਦੀ ਲੜਕੀ ਦੀ ਸ਼ਾਦੀ ਕਾਰਨ ਸਤਿਗੁਰੂ ਜੀ ਨੇ ਕੁਝ ਸ਼ਗਨ ਭੇਜਿਆ ਪਰ ਭੀਮ ਚੰਦ ਦੀ ਸ਼ਰਤ ਕਾਰਨ ਫਤਹਿ ਸ਼ਾਹ ਨੇ ਇਹ ਸ਼ਗਨ ਵਾਪਿਸ ਕਰ ਦਿੱਤਾ। ਭੀਮ ਚੰਦ ਦੀ ਬਦਨੀਤੀ ਦੇ ਕਾਰਨ ਭੇਜੇ ਕੁਝ ਸਿਪਾਹੀਆਂ ਨੇ ਇਨ੍ਹਾਂ ਸਾਮਾਨ ਲੈ ਕੇ ਆਏ ਗੁਰਸਿੱਖਾਂ 'ਤੇ ਹਮਲਾ ਕਰ ਦਿੱਤਾ ਪਰ ਮੂੰਹ ਦੀ ਖਾ ਵਾਪਸ ਮੁੜ ਗਏ। ਭੀਮ ਚੰਦ ਨੇ ਔਰੰਗਜ਼ੇਬ ਦੀ ਚੁੱਕ ਹਾਸਿਲ ਕੀਤੀ ਹੋਈ ਸੀ। ਇਸ ਲਈ ਚੈਨ ਨਹੀਂ ਸੀ ਆ ਰਿਹਾ, ਆਖਿਰ ਬਾਰਾਤੋਂ ਮੁੜਦਿਆਂ ਜੰਗ ਸ਼ੁਰੂ ਹੋ ਗਈ ਕਿਉਂਕਿ ਔਰੰਗਜ਼ੇਬ ਵੀ ਬਰਾਬਰ ਤੱਕ ਰਿਹਾ ਸੀ ਜਿਸ ਦੇ ਪਿਤਾ ਨੂੰ ਬੇਦਰਦੀ ਨਾਲ ਸ਼ਹੀਦ ਕੀਤਾ ਸੀ ਕਿ ਹੁਣ ਕੀ ਹੁੰਦਾ ਹੈ ? ਇਸ ਲਈ ਗੁਰੂ ਘਰ 'ਤੇ ਕਹਿਰੀ ਨਜ਼ਰ ਪਹਿਲੋਂ ਹੀ ਸੀ। ਜੰਗ ਡੱਟ ਕੇ ਹੋਇਆ। ਭਾਵੇਂ ਇਹ ਪਹਿਲਾ ਹੀ ਜੰਗ ਸੀ ਜਿਸ ਵਿਚ ਪੀਰ ਬੁਧੂ ਸ਼ਾਹ ਨੇ ਸਿਫਾਰਸ਼ ਕਰਕੇ ਔਰੰਗਜ਼ੇਬ ਦੀ ਫੌਜ ਵਿਚੋਂ ਕੱਢੇ ਹੋਏ ਪੰਜ ਸੌ ਪਠਾਣ ਗੁਰੂ ਜੀ ਪਾਸ ਨੌਕਰ ਰਖਾਏ

ਸਨ, ਉਨ੍ਹਾਂ ਵਿਚੋਂ ਚਾਰ ਸੌ ਪਹਾੜੀ ਰਾਜਿਆਂ ਦੀ ਫੌਜ ਵਿਚ ਜਾ ਰਲੇ ਸਨ ਪਰ ਫਿਰ ਵੀ ਪਤਾ ਲੱਗਣ 'ਤੇ ਪੀਰ ਬੁੱਧੂ ਸ਼ਾਹ ਜੀ ਆਪਣੇ ਪੁੱਤਰਾਂ ਤੇ ਭਤੀਜਿਆਂ ਅਤੇ ਮੁਰੀਦਾਂ ਸਮੇਤ ਆ ਗਏ ਸਨ। ਆਖਿਰਕਾਰ ਜਿੱਤ ਗੁਰੂ ਘਰ ਦੀ ਹੋਈ।

ਇਸੇ ਹੀ ਪਾਉਂਟਾ ਸਾਹਿਬ ਵਿਖੇ ਜਦੋਂ ਜੰਗ ਤੋਂ ਕੁਝ ਦਿਨਾਂ ਮਗਰੋਂ ਪੀਰ ਬੁਧੂ ਸ਼ਾਹ ਜੀ ਰਾਤ ਦੇ ਵਕਤ ਸਤਿਗੁਰੂ ਜੀ ਕੋਲੋਂ ਆਗਿਆ ਲੈਣ ਵਾਸਤੇ ਗਏ ਤਾਂ ਕਹਿਣ ਲੱਗੇ ਕਿ ਕੱਲ੍ਹ ਗੁਰੂ ਦਰਬਾਰ ਵਿੱਚ ਮੱਥਾ ਟੇਕ ਕੇ ਚਲਾ ਜਾਵਾਂਗਾ ਜੀ। ਸਤਿਗੁਰੂ ਜੀ ਆਪਣੇ ਬਿਸਤਰ 'ਤੇ ਬਿਰਾਜਮਾਨ ਕੰਘਾ ਕਰ ਰਹੇ ਸਨ ਤਾਂ ਪੀਰ ਬੁਧੂ ਸ਼ਾਹ ਜੀ ਨੂੰ ਬੜੇ ਪ੍ਰੇਮ ਨਾਲ ਆਖਣ ਲੱਗੇ, ਪੀਰ ਜੀ, ਆਪ ਜੀ ਨੇ ਗੁਰੂ ਆਸ਼ੇ ਤੋਂ ਪੁੱਤਰ ਸ਼ਹੀਦ ਕਰਵਾ ਲਏ ਹਨ। ਹੁਣ ਗੁਰੂ ਨਾਨਕ ਸਾਹਿਬ ਜੀ ਦੇ ਦਰ ਤੋਂ ਵੀ ਕੁਝ ਮੰਗ ਲਵੋ। ਪੀਰ ਬੁਧੂ ਸ਼ਾਹ ਜੀ ਨੇ ਅਦਬ ਸਤਿਕਾਰ ਨਾਲ ਕਿਹਾ ਕਿ ਦੋ ਪ੍ਰੇਮੀਆਂ ਵਿੱਚ ਵਿਛੋੜੇ ਸਮੇਂ ਇਕ ਦੂਜੇ ਨਾਲ ਨਿਸ਼ਾਨੀਆਂ ਵਟਾਈਆਂ ਜਾਂਦੀਆਂ ਹਨ। ਮੇਰੇ ਪੁੱਤਰ ਨਿਸ਼ਾਨੀ ਵਜੋਂ ਇਸ ਨਿਮਾਣੇ ਦੀ ਪ੍ਰੇਮ ਭੇਟਾ ਸਮਝ ਕੇ ਕਬੂਲ ਕਰ ਲਉ, ਮੈਨੂੰ ਆਪਣੀ ਪ੍ਰੇਮ ਭੇਟਾ ਆਹ ਆਪਣੀ ਨਿਸ਼ਾਨੀ ਦੇ ਦਿਉ ਜਿਹੜਾ ਆਪ ਜੀ ਦੇ ਹੱਥ ਵਿੱਚ ਪਕੜਿਆ ਕੰਗਾ ਤੇ ਕੇਸ ਹਨ। ਸਾਹਿਬ ਜੀ ਨੇ ਕੰਗਾ ਤੇ ਕੇਸ ਭੇਟਾ ਕਰ ਦਿੱਤੇ। ਪੀਰ ਬੁਧੂ ਸ਼ਾਹ ਜੀ ਨੇ ਘਰ ਜਾ ਕੇ ਆਪਣੀ ਘਰ ਵਾਲੀ ਨਸੀਰਾਂ ਨੂੰ ਆਖਿਆ ਸੀ ਕਿ ਮੈਂ ਕਲਗੀਆਂ ਵਾਲੇ ਨਾਲ ਪ੍ਰੇਮ ਦੀਆਂ ਨਿਸ਼ਾਨੀਆਂ ਵਟਾ ਲਿਆਇਆ ਹਾਂ। ਆਪਣੀਆਂ ਨਿਸ਼ਾਨੀਆਂ ਦੇ ਕੇ ਗੁਰੂ ਦੀਆਂ ਨਿਸ਼ਾਨੀਆਂ ਲਿਆਂਦੀਆਂ ਹਨ। ਇਹ ਕੇਸ ਤੇ ਕੰਘਾ ਪੀਰ ਬੁਧੂ ਸ਼ਾਹ ਜੀ ਨੇ ਸਾਰੀ ਜ਼ਿੰਦਗੀ ਸੰਭਾਲ ਕੇ ਰੱਖਿਆ।

ਇਥੇ ਹੀ ਪਾਉਂਟਾ ਸਾਹਿਬ ਬੈਠ ਕੇ ਅਗੰਮੀ ਸਮਾਧੀਆਂ ਲਾ ਕੇ ਗੁਰੂ ਨਾਨਕ ਸਾਹਿਬ ਜੀ ਦੇ ਮੋਦੀ ਖਾਨੇ ਵਿਚ ਉਚਾਰੇ 'ਤੇਰਾ ਤੇਰਾ' ਨੂੰ 'ਤੂਹੀ ਤੂਹੀ' ਕਹਿ ਕੇ ਐਸਾ ਗਾਇਆ ਕਿ ਹਰ ਪਾਸੇ ਹਰੀ ਹੀ ਹਰੀ ਮਾਨੋ ਪ੍ਰਗਟ ਕਰ ਦਿੱਤਾ। ਦਸਮੇਸ਼ ਜੀ ਨੇ ਬਹੁਤ ਸਾਰੀ ਬਾਣੀ ਵੀ ਇਥੇ ਹੀ ਰਚੀ ਸੀ।

ਆਮ ਕਰਕੇ ਜੰਗ ਜਿੱਤਣ ਮਗਰੋਂ ਬਾਦਸ਼ਾਹ ਦੇ ਜਸ਼ਨਾਂ ਦੀ ਤਿਆਰੀ ਹੋਇਆ ਕਰਦੀ ਹੈ ਪਰ ਇਥੇ ਜੰਗ ਜਿੱਤਣ ਮਗਰੋਂ ਪ੍ਰੀਤਮ ਪਾਤਿਸ਼ਾਹ ਖੁਸ਼ੀ ਨਾਲ ਗਾਉਂਦੇ ਫਿਰ ਰਹੇ ਹਨ। " ***ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥ ਬਾਦਸ਼ਾਹ ਦਰਵੇਸ਼ ਜੋ ਹੋਏ ॥***"

ਪਾਉਂਟਾ ਸਾਹਿਬ ਵਿਖੇ ਅਨੇਕਾਂ ਬਖਸ਼ਿਸ਼ਾਂ ਕਰਕੇ ਸਤਿਗੁਰੂ ਜੀ ਫਿਰ ਆਨੰਦਪੁਰ ਸਾਹਿਬ ਵਿਖੇ ਆ ਗਏ। ਇਥੇ ਆਉਂਦਿਆਂ ਸਾਰ ਹੀ ਜ਼ਾਲਮਾਂ ਨੇ ਪੈਰ ਉਖੇੜਨ ਵਾਸਤੇ ਇਕ ਤੋਂ ਬਾਅਦ ਇਕ ਜੰਗ ਆਰੰਭ ਹੀ ਕਰੀ ਰੱਖੀ। ਇਸ ਆਨੰਦਪੁਰ ਸਾਹਿਬ ਜੀ ਦੀ ਧਰਤੀ ਉਪਰ ਕਈ ਜੰਗ ਹੋਏ, ਸਾਰਿਆਂ ਦਾ ਵਿਸਥਾਰ ਵਡੇਰਾ ਹੋ ਜਾਣ ਕਾਰਨ ਨਹੀਂ ਕੀਤਾ ਜਾ

ਸਕਦਾ ਪਰ ਫਿਰ ਵੀ ਕਲਗੀਆਂ ਵਾਲੇ ਇਸ ਪ੍ਰੀਤਮ ਦੀ ਕੀ ਨੀਤੀ ਸੀ, ਇਸ ਲਈ ਇਕ ਦੋ ਜੰਗਾਂ ਦਾ ਨਿੱਕਾ ਜਿਹਾ ਹਵਾਲਾ ਸਾਂਝਾ ਕਰਦੇ ਹਾਂ। ਇਕ ਦਿਨ ਸ਼ਾਮ ਨੂੰ ਜੰਗ ਦੀ ਸਮਾਪਤੀ ਤੋਂ ਮਗਰੋਂ ਕੁਝ ਗੁਰਸਿੱਖਾਂ ਨੇ ਆਪਣੀਆਂ ਆਪਣੀਆਂ ਕਿਰਪਾਨਾਂ ਸਾਹਿਬ ਜੀ ਕੋਲ ਰੱਖ ਕੇ ਆਖਣ ਲੱਗੇ ਕਿ ਅਸੀਂ ਹੁਣ ਜੰਗ ਨਹੀਂ ਲੜਨਾ ਚਾਹੁੰਦੇ ਕਿਉਂਕਿ ਅਸੀਂ ਕਦੇ ਵੀ ਜਿੱਤ ਨਹੀਂ ਸਕਦੇ ਤਾਂ ਸਾਹਿਬ ਜੀ ਨੇ "*ਨਿਸਚੈ ਕਰ ਆਪਨੀ ਜੀਤ ਕਰੋ*" ਦਾ ਸ਼ਬਦ ਪੜ੍ਹਨ ਵਾਲਿਆਂ ਨੂੰ ਇਹ ਭੁਲੇਖਾ ਕਿਉਂ ਪੈ ਗਿਆ, ਜਦੋਂ ਸਤਿਗੁਰੂ ਜੀ ਨੇ ਪੁੱਛਿਆ ਤਾਂ ਕਹਿਣ ਲੱਗੇ ਜਦੋਂ ਆਪਣੇ ਹੀ ਬੰਦੇ ਜ਼ਾਲਮਾਂ ਨਾਲ ਰਲ ਜਾਣ ਤਾਂ ਜਿੱਤ ਮੁਸ਼ਕਿਲ ਹੀ ਨਹੀਂ ਅਸੰਭਵ ਹੋ ਜਾਂਦੀ ਹੈ। ਸਤਿਗੁਰੂ ਜੀ ਨੂੰ ਆਖਣ ਲੱਗੇ ਕਿ ਸਾਡਾ ਹੀ ਬੰਦਾ ਭਾਈ ਘਨੱਈਆ ਜੀ ਜ਼ਾਲਮਾਂ ਨੂੰ ਪਾਣੀ ਪਿਲਾ ਰਹੇ ਸਨ, ਅੱਜ ਅਸਾਂ ਆਪ ਤੱਕਿਆ। ਭਾਈ ਸਾਹਿਬ ਜੀ ਨੂੰ ਬੁਲਾ ਕੇ ਪੁੱਛਿਆ ਤਾਂ ਕਹਿਣ ਲੱਗੇ ਕਿ ਮੈਂ ਕਿਸੇ ਜ਼ਾਲਮ ਨੂੰ ਪਾਣੀ ਨਹੀਂ ਪਿਲਾਇਆ। ਸਿੱਖਾਂ ਨੇ ਕਿਹਾ ਕਿ ਅਸੀ ਝੂਠ ਬੋਲਦੇ ਹਾਂ ? ਭਾਈ ਸਾਹਿਬ ਆਖਣ ਲੱਗੇ ਆਪ ਵੀ ਸੱਚ ਕਹਿੰਦੇ ਹੋ ਕਿਉਂਕਿ ਗੁਰੂ ਕੇ ਸਿੱਖ ਦਾ ਝੂਠ ਨਾਲ ਕੀ ਵਾਸਤਾ। ਭਾਈ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਜਿਸ ਗੁਰੂ ਦੀ ਆਗਿਆ ਨਾਲ ਤੁਸੀ ਕਿਰਪਾਨਾਂ ਚਲਾਉਂਦੇ ਹੋ, ਮੈਂ ਵੀ ਉਸ ਗੁਰੂ ਦੀ ਆਗਿਆ ਨਾਲ ਮਸ਼ਕ ਚੁੱਕੀ ਹੋਈ ਹੈ ਤੇ ਪਾਣੀ ਪਿਲਾ ਰਿਹਾ ਹਾਂ। ਤਾਤ ਪਰਾਏ ਵਿਸਾਰ ਕੇ ਪਾਣੀ ਪਿਲਾਉਣ ਦੇ ਹੁਕਮ ਦੀ ਪਾਲਣਾ ਕਰ ਰਿਹਾ ਸਾਂ ਤਾਂ ਸਾਹਿਬ ਜੀ ਨੇ ਗਲਵਕੜੀ ਵਿੱਚ ਲੈ ਕੇ ਪਿਆਰ ਕੀਤਾ। ਜੰਗ ਆਮ ਕਰਕੇ ਲੋਕੀਂ ਉਥੇ ਕਰਦੇ ਹਨ ਜਿਥੇ ਪਾਣੀ ਆਪਣੇ ਕਬਜ਼ੇ ਵਿੱਚ ਹੋਵੇ ਤੇ ਵਿਰੋਧੀ ਪਾਣੀ ਤੋਂ ਪਿਆਸੇ ਮਰ ਜਾਣ ਪਰ ਧੰਨ ਹਨ ਇਹ ਬਾਦਸ਼ਾਹ ਦਰਵੇਸ਼ ਜਿਹੜੇ ਕਿਰਪਾਨ ਨਾਲ ਮਸ਼ਕ ਵੀ ਦੇ ਕੇ ਜੰਗ ਵਿਚ ਬਿਨਾਂ ਵਿਤਕਰੇ ਪਾਣੀ ਪਿਲਾਉਣ ਲਈ ਭੇਜਦੇ ਹਨ।

ਜੰਗ ਦੀ ਇਕ ਹੋਰ ਘਟਨਾ ਦੀ ਵੀਚਾਰ ਕੇ ਔਰੰਗਜ਼ੇਬ ਕਲਪ ਗਿਆ, ਕਿਸੇ ਤਰ੍ਹਾਂ ਆਪਣੀ ਈਨ ਨਹੀਂ ਸੀ ਮੰਨਵਾ ਸਕਿਆ। ਅੱਜ ਭਰੇ ਦਰਬਾਰ ਵਿੱਚ ਇਕ ਐਲਾਨ ਕੀਤਾ ਕਿ ਮੇਰੀ ਫੌਜ ਵਿਚ ਕੋਈ ਅਜਿਹਾ ਸੂਰਮਾ ਹੈ ਹੀ ਨਹੀਂ, ਸਾਰੇ ਖੁਸਰੇ ਹੀ ਹੋ। ਰੋਹ ਵਿਚ ਆ ਕੇ ਇਹ ਗੱਲ ਆਖੀ ਕਿ ਕੋਈ ਮਰਦ ਸੂਰਮਾ ਉਠੇ ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਿੰਦਾ ਜਾਂ ਸੀਸ ਲੈ ਕੇ ਹਾਜ਼ਰ ਹੋਵੇ। ਇਹ ਸੁਣ ਕੇ ਪੀਰ ਬੁਧੂ ਸ਼ਾਹ ਦਾ ਹੀ ਸਾਲਾ ਸੈਦ ਖ਼ਾਂ ਉਠਿਆ। ਤਲਵਾਰ ਚੁਕ ਪ੍ਰਣ ਕੀਤਾ ਕਿ ਮੈਂ ਸੀਸ ਲੈ ਕੇ ਹੀ ਹਾਜ਼ਰ ਹੋਵਾਂਗਾ। ਬਹੁਤ ਸਾਰੀ ਫੌਜ ਨਾਲ ਤਿਆਰੀ ਕਰਕੇ ਸੌਢੇਰੇ ਆਪਣੀ ਭੈਣ ਕੋਲ ਮਿਲ ਕੇ ਆਨੰਦਪੁਰ ਸਾਹਿਬ ਵੱਲ ਤੁਰ ਪਿਆ। ਭੈਣ ਨਸੀਰਾਂ ਨੇ ਬੇਨਤੀ ਕੀਤੀ ਕਿ ਕਿਰਪਾ ਕਰੋ, ਤੁਹਾਡੀ ਅਰਦਾਸ ਤੁਹਾਡੇ ਹੀ ਚਰਨਾਂ ਵਿਚ ਹੈ ਕਿ ਮੇਰੀ ਇਕ ਬਾਂਹ ਅੰਮੀ ਜਾਏ ਵੀਰੇ ਦੀ ਮਮਤਾ ਨੇ ਪਕੜੀ ਹੋਈ ਹੈ

ਤੇ ਦੂਜੀ ਆਪ ਜੀ ਦੇ ਪ੍ਰੇਮ ਤੇ ਸਿਦਕ ਨੇ। ਆਪ ਚਾਹੋ ਤਾਂ ਇਸ ਵੀਰੇ ਦੀ ਬੇੜੀ ਵੀ ਪਾਰ ਕਰ ਦਿਉ। ਸੈਦ ਖ਼ਾਂ ਨੇ ਆਨੰਦਪੁਰ ਸਾਹਿਬ ਪਹੁੰਚ ਕੇ ਕੁਝ ਸਮਾਂ ਉਡੀਕ ਕੀਤੀ ਪਰ ਮਗਰੋਂ ਵੰਗਾਰਾਂ ਪਾਉਣ ਲੱਗ ਪਿਆ ਕਿ ਆਪਾਂ ਦੋਵੇਂ ਹੀ ਜੰਗ ਦੇ ਮੈਦਾਨ ਵਿਚ ਦੋ ਹੱਥ ਕਰੀਏ। ਸੁਣ ਕੇ ਕਲਗੀਆਂ ਵਾਲੇ ਮੈਦਾਨ ਵਿੱਚ ਆਏ। ਸੈਦ ਖ਼ਾਂ ਦਾ ਸਾਹਮਣਾ ਹੋਇਆ ਤਾਂ ਅਹੰਕਾਰ ਵਿਚ ਚੁੱਕੀ ਤਲਵਾਰ ਨੂੰ ਬਖਸਿਸ਼ ਤੇ ਭੈਣ ਨਸੀਰਾਂ ਦੀ ਅਰਦਾਸ ਨੇ ਮਾਨੋ ਖੋਹ ਕੇ ਸੁੱਟ ਦਿੱਤਾ। ਸੈਦ ਖ਼ਾਂ ਨੇਤਰਾਂ ਨਾਲ ਨੇਤਰ ਮਿਲਦੇ ਹੀ ਇਸ ਬਾਦਸ਼ਾਹ ਦਰਵੇਸ਼ ਦੀ ਤਾਬ ਨਾ ਝੱਲ ਸਕਿਆ ਜਿਹੜਾ ਗੁਰੂ ਜੀ ਦਾ ਸੀਸ ਲੈਣ ਆਇਆ ਸੀ। ਪਰ ਇਸ ਨੇ ਬਖਸ਼ਿਸ਼ਾਂ ਦੇ ਦਾਤੇ ਕੋਲ ਆਪਣਾ ਸਿਰ ਭੇਟਾ ਕਰ ਔਰੰਗਜ਼ੇਬ ਦੀ ਚਾਦਰ ਛੱਡ ਕੇ ਮੌਜੀ ਪ੍ਰੀਤਮ ਦੇ ਚਰਨਾਂ ਵਿਚ ਹੀ ਰਹਿਣ ਦਾ ਪ੍ਰਣ ਕਰ ਲਿਆ। ਐਸੀਆਂ ਇਕ ਨਹੀਂ ਹੋਰ ਵੀ ਅਨੇਕ ਮਿਸਾਲਾਂ ਹਨ।

ਧੰਨ ਗੁਰੂ ਨਾਨਕ ਸਾਹਿਬ ਜੀ ਵਲੋਂ ਆਰੰਭੇ ਹੋਏ ਇਸ ਮਹਾਨ ਕਾਰਜ ਦੀ ਸੰਪੂਰਨਤਾ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਜਿਵੇਂ ਪਹਿਲਾਂ ਹੁੰਦਾ ਸੀ ਕਿ ਜੋਤਿ ਤੇ ਜੁਗਤਿ ਉਹੋ ਹੀ ਰਵੇ ਪਰ "*ਸਹਿ ਕਾਇਆ ਫੇਰਿ ਪਲਟੀਐ ॥*" ਇਸੇ ਹੀ ਤਰ੍ਹਾਂ ਹੁਣ ਦੇਹੀ ਰੂਪ ਵਿੱਚ ਗੁਰੂ ਦੀ ਪ੍ਰਥਾ ਵੀ ਖ਼ਤਮ ਕਰਨੀ ਸੀ, ਹਰ ਕਾਰਜ ਕਦਮ ਦਰ ਕਦਮ ਕਰਦੇ ਜਾ ਰਹੇ ਸਨ। ਇਸ ਲਈ ਹੁਣ ਅਜਿਹੀ ਕਾਂਇਆਂ ਦੀ ਜ਼ਰੂਰਤ ਸੀ ਜਿਹੜੀ ਪੰਥ ਦੀ ਅਗਵਾਈ ਕਰ ਸਕੇ। ਇਸ ਲਈ ਦੇਹੀ ਰੂਪ ਵਿਚ ਜੋਤਿ ਤੇ ਜੁਗਤਿ ਉਹੋ ਹੀ ਰੱਖ ਕੇ ਵਰਤਣ ਲਈ ਇਕ ਮਹਾਨ ਕੌਤਕ ਕੀਤਾ। ਸੰਗਤਾਂ ਨੂੰ ਦੂਰੋਂ ਪਾਰੋਂ ਹੁਕਮਨਾਮੇ ਭੇਜ ਕੇ ਬੁਲਵਾ ਲਿਆ। ਵਿਸਾਖੀ ਵਾਲੇ ਦਿਨ ਬਹੁਤ ਸਾਰਾ ਇਕੱਠ ਆਨੰਦਪੁਰ ਸਾਹਿਬ ਦੀ ਧਰਤੀ ਉਪਰ ਸ਼ੋਭਾ ਪਾ ਰਿਹਾ ਸੀ। ਇਹ ਸੁਭਾਗਾ ਦਿਨ ੩੦ ਮਾਰਚ ੧੬੯੯ ਦੀ ਵਿਸਾਖੀ ਦਾ ਸੀ। 'ਆਸਾ ਦੀ ਵਾਰ' ਦਾ ਕੀਰਤਨ ਹੋਇਆ। ਪ੍ਰਥਮ ਰਹਿਤ ਮੁਤਾਬਿਕ ਹੀ ਪ੍ਰੀਖਿਆ ਲਈ ਗਈ। ਇਕ ਤੰਬੂ ਵਿਚੋਂ ਸਤਿਗੁਰੂ ਜੀ ਬੜੇ ਰੋਹ ਨਾਲ ਸਟੇਜ 'ਤੇ ਆ ਕੇ ਇਕ ਸੀਸ ਦੀ ਮੰਗ ਕਰਨ ਲੱਗੇ। ਸਾਰੇ ਪਾਸੇ ਹੈਰਾਨੀ ਪੈਦਾ ਹੋ ਗਈ ਸੀ। ਗੁਰੂ ਨਾਨਕ ਸਾਹਿਬ ਜੀ ਵੇਲੇ ਮੁਰਦਾ ਖਾਣ ਲਈ ਬਾਬਾ ਲਹਿਣਾ ਜੀ ਨੂੰ ਕਿਹਾ ਸੀ ਪਰ ਹੁਣ "*ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ*" ਸੀ। ਹੁਣ ਖਾਣ ਲਈ ਨਹੀਂ ਮੁਰਦਾ ਮੁਰੀਦ ਹੋ ਕੇ ਅਮਰ ਕਰਨਾ ਸੀ। ਸਭ ਤੋਂ ਪਹਿਲਾਂ ਦਇਆ ਰਾਮ ਜੀ ਜਿਹੜੇ ਗੁਰੂ ਜੀ ਦੇ ਹੁਕਮਨਾਮੇ ਅਨੁਸਾਰ ਲਾਹੌਰ ਤੋਂ ਚੱਲ ਕੇ ਆਏ ਸਨ। ਆਪਣਾ ਆਪ ਭੇਟ ਕੀਤਾ। ਇਤਿਹਾਸ ਆਖਦਾ ਹੈ ਕਿ ਸਾਹਿਬ ਜੀ ਭਾਈ ਦਇਆ ਰਾਮ ਜੀ ਨੂੰ ਤੰਬੂ ਵਿੱਚ ਲਿਜਾ ਕੇ ਪਰ ਜਦੋਂ ਬਾਹਰ ਆਏ ਤਾਂ ਕਿਰਪਾਨ ਲਹੂ ਨਾਲ ਲੱਥ ਪੱਥ ਸੀ ਫਿਰ ਇਕ ਸੀਸ ਦੀ ਮੰਗ ਦੁਹਰਾਈ ਫਿਰ ਭਾਈ ਧਰਮ ਚੰਦ ਜੀ ਦਿੱਲੀ ਤੋਂ ਆਏ ਹੋਏ ਸਨ, ਮਾਹੀ ਦੇ ਦਰ ਨੂੰ ਕਦਮ

ਪੁੱਟ ਆਏ। ਵਾਰੀ -ਵਾਰੀ ਸਾਹਿਬ ਲਹੂ ਨਾਲ ਭਿੱਜੀ ਕਿਰਪਾਨ ਲੈ ਕੇ ਆਉਂਦੇ ਰਹੇ ਤੇ ਵਾਰੀ-ਵਾਰੀ ਜਗਨ ਨਾਥ ਪੁਰੀ ਤੋਂ ਹਿੰਮਤ ਜੀ, ਦੁਆਰਕਾ ਤੋਂ ਮੁਹਕਮ ਚੰਦ ਜੀ ਤੇ ਬਿਦਰ ਤੋਂ ਸਾਹਿਬ ਚੰਦ ਜੀ ਆਏ। ਪੰਜਾਂ ਨੂੰ ਅੰਦਰ ਲਿਜਾ ਕੇ ਅੰਮ੍ਰਿਤ ਤਿਆਰ ਕਰਕੇ ਸ਼ਸਤਰਾਂ ਬਸਤਰਾਂ ਨਾਲ ਸਜਾ ਕੇ ਬਾਹਰ ਲੈ ਕੇ ਆਏ ਤਾਂ ਸਾਰੇ ਹੈਰਾਨ ਰਹਿ ਗਏ ਸਨ। ਅੱਜ ਤਕ ਐਸਾ ਨਹੀਂ ਹੋਇਆ ਸੀ ਕਿ ਬਾਦਸ਼ਾਹ ਜਿਸਨੂੰ ਕੁਝ ਹੱਥੋਂ ਦਿੰਦਾ ਹੈ ਪਰ ਆਪ ਉਨ੍ਹਾਂ ਦੇ ਹੀ ਦਰ ਅਰਜ਼ੋਈਆਂ ਕਰਕੇ ਕਦੇ ਫਿਰ ਆਪ ਨਹੀਂ ਮੰਗਦਾ ਪਰ ਇਥੇ ਅਜੀਬ ਕਹਾਣੀ ਹੈ, ਆਪਣੇ ਹੱਥੀਂ ਪਰਖੇ, ਹੱਥੀਂ ਸਜਾਏ, ਸਵਾਰੇ ਤੇ ਅੰਮ੍ਰਿਤ ਛਕਾ ਕੇ ਨਿਹਾਲ ਕੀਤੇ ਪੰਜਾਂ ਪਿਆਰਿਆਂ ਅੱਗੇ ਆਪ ਗੋਡੇ ਟੇਕ ਕੇ ਅੰਮ੍ਰਿਤ ਦੀ ਦਾਤ ਮੰਗ ਰਹੇ ਹਨ ਤੇ ਬੇਨਤੀ ਕਰ ਰਹੇ ਸਨ ਕਿ ਮੇਰੇ 'ਤੇ ਵੀ ਕ੍ਰਿਪਾ ਕਰੋ ਜਿਵੇਂ ਤੁਸੀਂ ਦਇਆ ਰਾਮ ਤੋਂ ਦਇਆ ਸਿੰਘ , ਧਰਮ ਚੰਦ ਤੋਂ ਧਰਮ ਸਿੰਘ ਆਦਿ ਬਣ ਗਏ ਹੋ, ਹੁਣ ਮੈਨੂੰ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾ ਦਿਉ ਜੀ। ਆਪ ਨੇ ਵੀ ਆਪਣਾ ਆਪਾ ਤੇ ਪਰਿਵਾਰ ਭੇਟ ਚੜ੍ਹਾ ਕੇ ਪੰਜਾਂ ਕੋਲੋਂ ਅੰਮ੍ਰਿਤ ਛੱਕਿਆ। ਇਤਿਹਾਸ ਵਿੱਚ ਸਦਾ ਲਈ ਬਾਦਸ਼ਾਹ ਦਰਵੇਸ਼ ਦੀ ਮੋਹਰ ਲਾ ਦਿੱਤੀ ਸੀ। ਇਸੇ ਦਿਨ ਅਨੇਕਾਂ ਹੀ ਹੋਰ ਪ੍ਰੇਮੀਆਂ ਨੂੰ ਵੀ ਅੰਮ੍ਰਿਤ ਛਕਾ ਦਿੱਤਾ ਸੀ।

ਜਿਸ ਸਤਿਗੁਰੂ ਜੀ ਨੇ ਮੁਗਲਾਂ ਨਾਲ ਜੰਗ ਲੜਦਿਆਂ ਹੋਇਆਂ ਵੀ ਆਪਣੇ ਵਲੋਂ ਭਾਈ ਘਨ੍ਹਈਆ ਜੀ ਨੂੰ ਪਾਣੀ ਪਿਆਉਣ ਤੇ ਜ਼ਖਮਾਂ ਲਈ ਮਲ੍ਹਮ ਪੱਟੀ ਦੇ ਕੇ ਭੇਜਿਆ ਹੋਇਆ ਸੀ ਪਰ ਮਗਰੋਂ ਇਨ੍ਹਾਂ ਹੀ ਮੁਗਲਾਂ ਨੇ ਇਕੱਠੇ ਹੋ ਕੇ ਔਰੰਗਜ਼ੇਬ ਵਲੋਂ ਜ਼ਬਰਦਸਤ ਖ਼ਾਂ, ਸਰਹਿੰਦ ਤੋਂ ਵਜ਼ੀਰ ਖ਼ਾ ਤੇ ਹੋਰ ਅਨੇਕਾਂ ਫੌਜਾਂ ਦੇ ਇਕੱਠ ਲੈ ਕੇ ਆਨੰਦਪੁਰ ਸਾਹਿਬ ਘੇਰਾ ਪਾ ਕੇ ਕਿਲ੍ਹੇ ਅੰਦਰ ਅੰਨ ਪਾਣੀ ਜਾਣਾ ਬਿਲਕੁਲ ਰੋਕ ਦਿੱਤਾ। ਕਰੀਬ ਘੇਰਾ ਸੱਤ ਕੁ ਮਹੀਨੇ ਪਿਆ ਰਿਹਾ, ਸਿਦਕ ਦੀਆਂ ਮੂਰਤਾਂ ਨੇ ਆਪਣਾ ਸਿਦਕ ਨਿਭਾਇਆ ਪਰ ਫਿਰ ਵੀ "*ਅਤਿ ਹੀ ਰਨ ਮੈ ਤਬ ਜੂਝ ਮਰੋ*" ਦਾ ਪਾਠ ਕਰਨ ਵਾਲੇ ਇਸ ਤਰ੍ਹਾਂ ਨਿਰੀ ਭੁੱਖ ਹੱਥੋਂ ਹੀ ਆਪਣੀ ਮੌਤ ਨੂੰ ਕਿਵੇਂ ਸਵੀਕਾਰ ਕਰ ਲੈਂਦੇ, ਇਸ ਲਈ ਇਕ ਸਰਬ ਸਾਂਝੀ ਵੀਚਾਰ ਕਰਕੇ ਆਨੰਦਪੁਰ ਸਾਹਿਬ ਨੂੰ ਛੱਡ ਕੇ ੧੩ ਦਸੰਬਰ ੧੭੦੪ ਈ: ਦੀ ਰਾਤ ਜਦੋਂ ਕਿ ਅਤਿ ਦੀ ਸਰਦੀ ਕਾਰਨ ਲੋਕੀਂ ਬਾਹਰੋਂ ਵੀ ਘਰ ਨੂੰ ਆਉਂਦੇ ਹਨ ਪਰ ਧੰਨ ਹਨ ਸਤਿਗੁਰੂ ਜੀ ਜਿਨ੍ਹਾਂ ਇਨ੍ਹਾਂ ਕਾਲੀਆਂ, ਬੋਲੀਆਂ, ਕਹਿਰਾਂ ਭਰੀਆਂ, ਠੰਡ ਨਾਲ ਅਤਿ ਸੀਤ ਰਾਤਾਂ ਵਿਚ ਆਪਣਾ ਘਰ ਆਨੰਦਪੁਰ ਸਾਹਿਬ ਛੱਡ ਕੇ ਮਨੁੱਖਤਾ ਦੀ ਸੇਵਾ ਲਈ ਖਿਖੜੇ ਮਾਰਗ ਦੇ ਪਾਂਧੀ ਬਣ ਨਿਕਲੇ ਜਿਥੇ ਖਾਲਸੇ ਦਾ ਜਨਮ ਅਸਥਾਨ ਸੀ, ਜਿਥੋਂ ਗੁਰੂ ਜੀ ਨੇ ਵੀ ਅੰਮ੍ਰਿਤ ਛੱਕਿਆ ਸੀ, ਉਸ ਨਗਰੀ ਨੂੰ ਸਦਾ ਲਈ ਅਲਵਿਦਾ ਕਹਿ ਕੇ ਇਹ ਰਾਹੀ ਤੁਰ ਪਿਆ ਸੀ ਕਿਉਂਕਿ ਜ਼ਾਲਮ ਲੋਕਾਂ ਨੇ ਆਨੰਦਪੁਰ ਸਾਹਿਬ ਖਾਲੀ ਕਰਵਾਉਣ ਲਈ ਵਾਸਤੇ ਪਾਏ ਸਨ ਕਿ ਅਸੀਂ ਕਸਮਾਂ

ਖਾਂਦੇ ਹਾਂ ਆਪੋ ਆਪਣੇ ਧਰਮ ਦੀਆਂ ਪਰ ਆਨੰਦਪੁਰ ਸਾਹਿਬ ਛੱਡ ਜਾਉ। ਸਤਿਗੁਰੂ ਜੀ ਨੇ ਜਦੋਂ ਕਦੇ ਕਸ਼ਮੀਰੀ ਪੰਡਿਤਾਂ ਨੇ ਆ ਧਰਮ ਦਾ ਵਾਸਤਾ ਪਾਇਆ ਸੀ ਤਾਂ ਇਸੇ ਹੀ ਆਨੰਦਪਰ ਸਾਹਿਬ ਤੋਂ ਆਪਣੇ ਪਿਤਾ ਨੂੰ ਤੋਰ ਦਿੱਤਾ ਸੀ। ਅੱਜ ਫਿਰ ਕੋਈ ਭਾਵੇਂ ਪਾਖੰਡ ਨਾਲ ਹੀ ਸਹੀ ਪਰ ਧਰਮ ਦਾ ਵਾਸਤਾ ਪਾ ਰਿਹਾ ਸੀ। ਧਰਮ ਦੀ ਕਦਰ ਕੋਈ ਦਰਵੇਸ਼ ਵੀ ਨਾ ਕਰੇ ਤੇ ਹੋਰ ਕੌਣ ਕਰੇਗਾ। ਇਸ ਲਈ ਆਨੰਦਪੁਰ ਨੂੰ ਛੱਡ ਕੇ ਤੁਰ ਪਏ ਸਨ।

ਆਨੰਦਪੁਰ ਸਾਹਿਬ ਨੂੰ ਛੱਡ ਕੇ ਜਦੋਂ ਸਤਿਗੁਰੂ ਜੀ ਸਰਸਾ ਦੇ ਕਿਨਾਰੇ ਆਏ ਤਾਂ ਮਾਨੋ ਸਰਸਾ ਨੇ ਵੀ ਇਕ ਸੁਆਲ ਕੀਤਾ ਕਿ ਕਿਸੇ ਨੂੰ ਪਿਤਾ, ਕਿਸੇ ਨੂੰ ਅੰਮ੍ਰਿਤ, ਕਿਸੇ ਨੂੰ ਕੰਘਾ ਤੇ ਕੇਸ ਭਾਵ ਹਰ ਇਕ ਨੂੰ ਕੁਝ ਨਾ ਕੁਝ ਦੇ ਕੇ ਆਏ ਹੋ ਪਰ ਮੈਨੂੰ ਕੀ ਦਿਓਗੇ? ਸੱਚ ਜਾਣਿਉ ਸਰਸਾ ਨੂੰ ਬਹੁਤ ਵੱਡੀ ਭੇਟਾ ਦਿੱਤੀ ਸੀ ਕਲਗੀਆਂ ਵਾਲੇ ਨੇ, ਇਸੇ ਹੀ ਸਰਸਾ ਕੰਢੇ ਹੋਏ ਜੰਗ ਵਿੱਚ ਕਈ ਸੇਵਕ ਸ਼ਹੀਦ ਹੋ ਗਏ। ਇਸੇ ਹੀ ਸਰਸਾ ਭੇਟ ਵਿੱਚ ੯ ਮਣ ਵਜ਼ਨ ਦਾ ਪਵਿੱਤਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਉਚਾਰੇ ਅਲਾਹੀ ਕਲਾਮਾਂ ਨਾਲ ਭਰਪੂਰ ਗਰੰਥ 'ਵਿਦਿਆ ਸਾਗਰ' ਭੇਟ ਚੜ੍ਹ ਗਿਆ ਸੀ। ਸਰਸਾ ਦੇ ਕੰਢੇ ਤੋਂ ਹੀ ਪਰਿਵਾਰ ਦਾ ਐਸਾ ਵਿਛੋੜਾ ਪਿਆ ਜਿਨ੍ਹਾਂ ਵਿਚੋਂ ਬਹੁਤੇ ਮੁੜ ਨਾ ਮਿਲ ਸਕੇ। ਪਰਿਵਾਰ ਦੀਆਂ ਤਿੰਨ ਟੁੱਕੜੀਆਂ ਹੋ ਗਈਆਂ ਸਨ। ਇਕ ਪਾਸੇ ਕਲਗੀਧਰ ਪਿਤਾ ਤੇ ਨਾਲ ਕੁਝ ਸਿੱਖ ਸੇਵਕ ਤੇ ਦੋਵੇਂ ਵੱਡੇ ਸਾਹਿਬਜ਼ਾਦੇ, ਦੂਜੇ ਪਾਸੇ ਮਾਤਾ ਗੁਜਰੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ। ਤੀਜੇ ਪਾਸੇ ਮਾਤਾ ਸੁੰਦਰ ਕੌਰ ਜੀ ਤੇ ਅਤੇ ਪ੍ਰਮੁੱਖ ਸਿੱਖ ਸੇਵਕ ਮਾਤਾ ਸਾਹਿਬ ਕੌਰ ਜੀ।

ਅਨੋਖਾ ਰਾਹੀ ਬਿਖੜੇ ਪੈਂਡੇ ਦੀਆਂ ਮੰਜ਼ਲਾਂ ਮਾਰਦੇ ਕੁਝ ਸਾਥੀਆਂ ਸਮੇਤ ਆਖਰਕਾਰ ਚਮਕੌਰ ਦੀ ਗੜ੍ਹੀ ਜਾ ਪਹੁੰਚੇ। ਹਾਲੇ ਇਕ ਰਾਤ ਹੀ ਲੰਘੀ ਸੀ ਕਿ ਸਾਰਾ ਆਨੰਦਪੁਰ ਸਾਹਿਬ ਨੂੰ ਘੇਰੀ ਬੈਠਾ ਮੁਲੱਖੀਆ ਵੀ ਚਮਕੌਰ ਸਾਹਿਬ ਆ ਕੇ ਇਸ ਕੱਚੀ ਗੜ੍ਹੀ ਵਿੱਚ ਬਿਰਾਜੇ ਇਨ੍ਹਾਂ ਸਰਦੀਆਂ ਦੀਆਂ ਰਾਤਾਂ ਨੂੰ ਚੀਰ ਕੇ ਆਏ ਭੁੱਖ ਤੇ ਪਿਆਸ ਦੀਆਂ ਹੱਦਾਂ ਬੰਨੇ ਹੀ ਪਾਰ ਕਰ ਜਾਣ ਵਾਲੇ ਕਲਗੀਧਰ ਦੇ ੪੦ ਸ਼ੇਰਾਂ ਨੂੰ ਆ ਘੇਰਾ ਪਾ ਖਲੋ ਗਿਆ ਸੀ। ਜੰਗ ਆਰੰਭ ਹੋਈ। ਦਸ ਲੱਖ ਦੇ ਮੁਕਾਬਲੇ ਪੰਜ ਸਿੰਘ ਜਾਂਦੇ ਤੇ ਜ਼ਾਲਮਾਂ ਦੇ ਆਹੂ ਲਾਹ ਕੇ ਸ਼ਹਾਦਤੇ ਜਾਮ ਪੀ ਲੈਂਦੇ ਸਨ। ਸਤਿਗੁਰੂ ਜੀ ਗੜ੍ਹੀ ਅੰਦਰੋਂ ਹੀ ਸਾਰਾ ਹਾਲ ਦੇਖ ਰਹੇ ਸਨ। ਅਚਾਨਕ ਸਾਹਿਬ ਜੀ ਕੋਲ ਬਾਬਾ ਅਜੀਤ ਸਿੰਘ ਜੀ ਨੇ ਆ ਕੇ ਇਕ ਬੇਨਤੀ ਕੀਤੀ ਕਿ ਕਿਰਪਾ ਕਰੋ ਇਕ ਪੰਕਤੀ ਦੇ ਅਰਥ ਸਮਝਾ ਦਿਉ, ਪੰਕਤੀ ਹੈ -

"*ਸਿੱਖਾਂ ਇਕੋ ਪਿਆਰ ਗੁਰ ਮਿਤਾਂ ਪੁਤਾਂ ਭਾਈਆਂ ॥*" ਸਾਹਿਬ ਜੀ ਆਖਣ ਲੱਗੇ ਗੁਰੂ ਦਾ ਆਪਣੇ ਸਿੱਖਾਂ, ਪੁੱਤਰਾਂ, ਮਿੱਤਰਾਂ ਤੇ ਭਰਾਵਾਂ ਨਾਲ ਪਿਆਰ ਇਕੋ ਜਿਹਾ ਪਿਆਰ ਹੈ ਤਾਂ ਕਿਰਪਾ ਕਰੋ ਜਿਹੜੇ ਸ਼ਹਾਦਤਾਂ ਦੇ ਜਾਮ ਇਨ੍ਹਾਂ ਗੁਰਸਿੱਖਾਂ ਨੂੰ ਵੰਡ ਰਹੇ ਹੋ, ਉਹ ਮੈਨੂੰ ਵੀ

ਬਖਸ਼ੋ। ਸਾਹਿਬ ਜੀ ਨੇ ਘੁੱਟ ਕੇ ਗਲੇ ਦੇ ਨਾਲ ਲਾ ਕੇ ਹੱਥੀਂ ਸਜਾ ਕੇ ਜੰਗ ਦੇ ਮੈਦਾਨ ਵਿੱਚ ਭੇਜਿਆ ਜਦੋਂ ਜ਼ਾਲਮਾਂ ਨੂੰ ਸੋਧਦੇ ਸ਼ਹੀਦ ਹੋ ਗਏ ਤਾਂ ਕਲਗੀਆਂ ਵਾਲੇ ਨੇ ਅੱਜ ਆਪ ਹੀ ਜੈਕਾਰਾ ਗੁੰਜਾਇਆ। ਭਰਾ ਦੀ ਤੇ ਸਿੱਖਾਂ ਦੀ ਸ਼ਹਾਦਤ ਨੇ ਬਾਬਾ ਜੁਝਾਰ ਸਿੰਘ ਦੀ ਜ਼ੁਬਾਨ 'ਤੇ ਵੀ ਆਗਿਆ ਦੇ ਸ਼ਬਦ ਲੈ ਆਂਦੇ। ਪਿਤਾ ਜੀ ਨੇ ਬਾਬਾ ਜੁਝਾਰ ਸਿੰਘ ਜੀ ਨੂੰ ਵੀ ਜੰਗ ਦੇ ਮੈਦਾਨ ਵਿਚ ਤੋਰ ਦਿੱਤਾ। ਸ਼ਹੀਦ ਹੋਣ ਤਕ ਇਕੋ ਟੱਕ ਵੇਖਦੇ ਰਹੇ। ਆਖਿਰ ਸ਼ਹਾਦਤ ਸਮੇਂ ਫਿਰ ਜੈਕਾਰਾ ਲਾਇਆ ਮਗਰੋਂ ਸੰਖੇਪ ਅਰਦਾਸ ਕਰਕੇ ਆਪਣੇ ਪੁੱਤਰਾਂ ਦੀਆਂ ਸ਼ਹੀਦੀਆਂ ਵੇਲੇ ਪ੍ਰਮੇਸ਼ਵਰ ਦਾ ਸ਼ੁਕਰ ਕੀਤਾ। ਸੰਸਾਰ ਦੇ ਇਤਿਹਾਸ ਵਿੱਚ ਪੁੱਤਰ ਦਾ ਇਤਿਹਾਸ ਬਹੁਤ ਦੁਖਦਾਈ ਹੈ। ਦਸ਼ਰਥ ਨੇ ਕੇਵਲ ਚੌਦਾਂ ਸਾਲਾਂ ਲਈ ਬਨਵਾਸ ਹੀ ਭੇਜਿਆ ਸੀ ਰਾਮ ਚੰਦਰ ਜੀ ਨੂੰ ਪਰ ਗਸ਼ ਖਾ ਕੇ ਡਿੱਗ ਕੇ ਮਰ ਗਿਆ ਸੀ। ਇਬਰਾਹੀਮ ਨੇ ਬਚਨ ਆਖੇ ਸਨ, ਮੇਰੇ ਕੰਨਾਂ ਵਿੱਚ ਰੂੰ ਤੇ ਅੱਖਾਂ 'ਤੇ ਪੱਟੀ ਬੰਨ੍ਹ ਦਿਉ ਕਿਉਂਕਿ ਮੈਂ ਆਪਣੇ ਪੁੱਤਰ ਦੀ ਚੀਕ ਤੇ ਕੁਰਬਾਨੀ ਨਹੀਂ ਦੇਖ ਸਕਦਾ ਪਰ ਧੰਨ ਹਨ ਕਲਗੀਧਰ ਜੀ ਜਿਨ੍ਹਾਂ ਨੇ ਅੱਖ ਗਿੱਲੀ ਕਰਨ ਦੀ ਬਜਾਏ ਸ਼ੁਕਰ ਕੀਤਾ ਸੀ। ਇਸੇ ਲਈ ਤਾਂ ਭਾਈ ਨੰਦ ਲਾਲ ਜੀ ਅਨੇਕਾਂ ਰਾਜਿਆਂ ਕੋਲ ਰਹਿਣ ਦੇ ਬਾਵਜੂਦ ਕੇਵਲ ਤੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਬਾਦਸ਼ਾਹ ਦਰਵੇਸ਼ ਆਖਦੇ ਹਨ।

ਭਾਈ ਦਇਆ ਸਿੰਘ ਜੀ ਦੀ ਅਗਵਾਈ ਵਿੱਚ ਸਿੰਘਾਂ ਨੇ ਵੀਚਾਰ ਕੀਤੀ ਕਿ ਜੇ ਕਰ ਬਾਗ ਉਜੜ ਜਾਵੇ ਪਰ ਮਾਲੀ ਠੀਕ ਹੋਵੇ ਤਾਂ ਬਾਗ ਹੋਰ ਬਥੇਰੇ ਪਰ ਜੇਕਰ ਮਾਲੀ ਹੀ ਚਲਾ ਗਿਆ ਤਾਂ ਬਾਗ ਬਗੀਚੇ ਵੀ ਨਹੀਂ ਰਹਿਣੇ, ਇਸ ਲਈ ਸਾਰੀ ਸਲਾਹ ਕਰਕੇ ਅੱਜ ਕਲਗੀਧਰ ਨੂੰ ਪੰਜਾਂ ਦਾ ਰੂਪ ਲੈ ਕੇ ਆਪਣੇ ਹਜ਼ੂਰ ਸੱਦਿਆ ਤੇ ਬਚਨ ਆਖੇ ਕਿ ਅੰਮ੍ਰਿਤ ਛੱਕਣ ਲੱਗਿਆਂ ਪੰਜਾਂ ਅੱਗੇ ਪ੍ਰਣ ਕੀਤਾ ਸੀ ਕਿ ਗੁਰੂ ਜੀ ਦਾ ਭਾਵ ਪੰਜ ਪਿਆਰਿਆਂ ਦਾ ਹਰ ਹੁਕਮ ਸਿਰ ਮੱਥੇ 'ਤੇ ਹੋਵੇਗਾ। ਇਸ ਲਈ ਹੁਣ ਅਜਿਹਾ ਵਕਤ ਆ ਗਿਆ ਹੈ, ਹੁਕਮ ਸਵੀਕਾਰ ਕਰਨਾ ਪਵੇਗਾ। ਹੁਕਮ ਹੈ ਕਿ ਅੱਜ ਰਾਤ ਗੜ੍ਹੀ ਛੱਡ ਕੇ ਚਲੇ ਜਾਵੋ। ਸਾਹਿਬ ਜੀ ਨੇ ਆਪੇ ਗੁਰ ਚੇਲਾ ਦੀ ਪਈ ਪਿਰਤ ਨੂੰ ਨਿਭਾਇਆ। ਰਾਤ ਨੂੰ ਭਾਈ ਧਰਮ ਸਿੰਘ, ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਜੀ ਸਮੇਤ ਤਾੜੀ ਮਾਰ ਕੇ ਗੜ੍ਹੀ ਤੋਂ ਨਿਕਲ ਗਏ। ਇਕ ਗੱਲ ਯਾਦ ਰੱਖਣਾ, ਕਲਗੀਆਂ ਵਾਲੇ ਦਾ ਘੋੜਾ ਵੀ ਵਿਛੜ ਗਿਆ, ਜੋੜਾ ਭਾਵ ਦੋ ਪੁੱਤਰ ਵੀ ਵਿਛੜ ਗਏ ਤੇ ਇਥੇ ਆ ਕੇ ਪੈਰਾਂ ਵਿੱਚ ਪਹਿਨਿਆਂ ਜੋੜਾ ਵੀ ਵਿਛੜ ਗਿਆ। ਸਿੱਖਾਂ ਨੂੰ ਇਹ ਕਹਿ ਕੇ ਛੱਡ ਕੇ ਚਲੇ ਗਏ ਕਿ ਮੈਂ ਜਿਥੇ ਪੈਰ ਰੱਖਾਂਗਾ ਉਥੇ ਕਿਤੇ ਅਚਾਨਕ ਕਿਸੇ ਸਿੱਖ ਦਾ ਸੀਸ ਨਾ ਹੋਵੇ ਤੇ ਮੇਰਾ ਪੈਰ ਜੋੜੇ ਸਮੇਤ ਕਿਸੇ ਦੇ ਕੇਸਾਂ 'ਤੇ ਨਾ ਰੱਖਿਆ ਜਾਵੇ। ਇਸ ਲਈ ਨੰਗੇ ਪੈਰ ਹੀ ਚਲ ਪਏ ਸਨ।

ਪੰਥ ਦੇ ਵਾਲੀ ਚਮਕੌਰ ਸਾਹਿਬ ਦੀ ਗੜ੍ਹੀ ਛੱਡ ਦੇਣ ਮਗਰੋਂ ਸਹਿਜ ਸਹਿਜ ਨਾਲ ਇਕੱਲੇ ਹੀ ਚੱਲੇ ਸਨ ਤੇ ਆਖਿਰ ਮਾਛੀਵਾੜੇ ਦੇ ਅਸਥਾਨ 'ਤੇ ਪਹੁੰਚੇ। ਇਥੇ ਕੁਝ ਸਮਾਂ ਲੇਟ ਕੇ ਆਰਾਮ ਕੀਤਾ। ਆਨੰਦ ਦੀ ਪੁਰੀ ਦੇ ਮਾਲਕ ਅੱਜ ਸੱਖਣੀ ਧਰਤੀ 'ਤੇ ਹੀ ਇੱਟ ਦਾ ਸਿਰਹਾਣਾ ਲਾ ਕੇ ਲੇਟ ਗਏ ਸਨ। ਇਕ ਵਾਰੀ ਭਾਈ ਨੰਦ ਲਾਲ ਜੀ ਦੀ ਅੱਖ ਨਾਲ ਜਿਹੜੀ ਸ਼ਰਧਾ ਨਾਲ ਭਰਪੂਰ ਹੈ, ਤੱਕਣ ਦਾ ਯਤਨ ਕਰੀਏ। ਆਨੰਦਪੁਰ ਸਾਹਿਬ ਦੇ ਸਮੁੱਚੇ ਸੁੱਖਾਂ ਨੂੰ ਛੱਡ ਕੇ, ਆਪਣੇ ਪੁੱਤਰਾਂ ਦੀਆਂ ਲਾਸ਼ਾਂ ਜੰਗ ਦੇ ਮੈਦਾਨ ਵਿੱਚ ਉਵੇਂ ਹੀ ਛੱਡ ਕੇ, ਬਿਨਾਂ ਸਸਕਾਰ ਕੀਤਿਆਂ ਹੀ ਜਾਨ ਤੋਂ ਪਿਆਰੇ ਗੁਰਸਿੱਖਾਂ ਨੂੰ ਮੌਤ ਦੀ ਝੋਲੀ ਵਿੱਚ ਲੋਰੀਆਂ ਲੈਂਦਿਆਂ ਹੀ ਛੱਡ ਕੇ, ਸਰਦੀਆਂ ਦੀ ਰੁੱਤ ਵਿੱਚ, ਬਿਨਾਂ ਕਿਸੇ ਕੱਪੜੇ ਤੋਂ, ਬਿਨਾਂ ਕੁਝ ਖਾਧਿਆਂ, ਅਗਰ ਮਾਛੀਵਾੜੇ ਦੇ ਭਿਆਨਕ ਜੰਗਲ ਵਿੱਚ ਕਿਸੇ ਨੂੰ ਫਿਰ ਵੀ ਨੀਂਦ ਆ ਸਕਦੀ ਹੈ ਤਾਂ ਇਹ ਕੋਈ ਬਾਦਸ਼ਾਹ ਦਰਵੇਸ਼ ਹੀ ਹੋ ਸਕਦਾ ਹੈ। ਇਥੇ ਹੀ ਬਸ ਨਹੀਂ ਜਿਸਦੇ ਕੋਲ ਦਰਬਾਰ ਵਿੱਚ ਹਜ਼ਾਰਾਂ ਸਿੱਖ ਸ਼ਰਧਾਲੂਆਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਅੱਜ ਇਕੱਲਾ ਹੀ ਜਿਸਨੂੰ ਨਾ ਪਤਾ ਮੇਰੀ ਮਾਂ ਕਿੱਥੇ ਹੈ, ਨਾ ਪਤਾ ਮੇਰੇ ਨਿੱਕੜੇ ਲਾਡਲੇ ਕਿੱਥੇ ਹਨ, ਪਤਾ ਨਹੀਂ ਭੁੱਖੇ ਹਨ, ਪਤਾ ਨਹੀਂ ਠੰਡ ਵਿੱਚ ਹਨ ਜਾਂ ਨਿੱਘ ਵਿਚ, ਜ਼ਾਲਮਾਂ ਦੀ ਸਾਰੇ ਪਰਿਵਾਰ 'ਤੇ ਕਹਿਰੀ ਅੱਖ ਹੈ, ਕਿਹੜੇ ਹਾਲ ਵਿੱਚ ਹੋਣਗੇ। ਬਾਕੀ ਸਿੱਖ ਤੇ ਮਹਲਾਂ ਦੀ ਵੀ ਕੋਈ ਖ਼ਬਰ ਸੁਰਤ ਨਹੀਂ ਸੀ। ਇਹ ਸਾਰੇ ਅਨੇਕਾਂ ਦੁੱਖੜੇ ਰਲ ਕੇ ਵੀ ਪ੍ਰੀਤਮ ਸੱਚੇ ਪਾਤਿਸ਼ਾਹ ਜੀ ਦੇ ਚਿਹਰੇ ਤੋਂ ਬੇ-ਪ੍ਰਵਾਹੀ ਦਾ ਰੰਗ ਨਾ ਬਦਲ ਸਕੇ। ਮਾਛੀਵਾੜੇ ਦੇ ਜੰਗਲ ਵਿੱਚ ਨਿਰੰਕਾਰ ਦੀ ਯਾਦ ਵਿੱਚ ਸ਼ੁਕਰ, ਸਬਰ ਤੇ ਪ੍ਰੇਮ ਨਾਲ ਭਿੱਜੇ ਅੱਲਾਹੀ ਨਗਮੇ ਗਾਏ ਸਨ।

ਇਥੋਂ ਸਤਿਗੁਰੂ ਜੀ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਸਮੇਤ ਦੋ ਸਿਦਕੀ ਪ੍ਰੇਮੀ ਗਨੀ ਖ਼ਾਂ ਤੇ ਨਬੀ ਖ਼ਾਂ ਆ ਕੇ ਮਿਲੇ ਜਿਹੜੇ ਸਾਹਿਬ ਜੀ ਨੂੰ ਉੱਚ ਦਾ ਪੀਰ ਬਣਾ ਕੇ ਲੈ ਗਏ। ਇਸੇ ਤਰ੍ਹਾਂ ਹੀ ਸਤਿਗੁਰੂ ਜੀ ਰਾਇ ਕੱਲੇ ਦੇ ਘਰ ਪਿੰਡ ਜਟਪੁਰਾ ਪਹੁੰਚ ਗਏ। ਰਾਇ ਕੱਲੇ ਦੁਆਰਾ ਹੀ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਸੁਧ ਮੰਗਵਾਈ ਸੀ। ਜਦੋਂ ਮਾਹੀ ਨੂੰ ਆ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਰਾ ਹਾਲ ਸੁਣਾਇਆ ਤਾਂ ਸਤਿਗੁਰੂ ਜੀ ਨੇ ਪਿਆਰ ਨਾਲ ਤੀਰ ਦੀ ਨੋਕ ਦੇ ਸਹਾਰੇ ਕਾਹੀ ਦੇ ਬੂਟੇ ਦੀ ਜੜ ਪੁੱਟੀ ਕਿਉਂਕਿ ਇਹ ਜੜ ਬਹੁਤ ਲੰਮੀ ਹੁੰਦੀ ਹੈ। ਸੋ ਪੁੱਟ ਕੇ ਆਖਿਆ ਕਿ "**ਦੁਸਟ ਸਭਨ ਕੌ ਮੂਲ ਉਪਾਰਨ**" ਦਾ ਕਰਮ ਹੋ ਗਿਆ ਸੀ ਭਾਵ ਇਸ ਜ਼ਾਲਮ ਰਾਜ ਦੀ ਜੜ ਪੁੱਟ ਦਿੱਤੀ ਸੀ। ਇਥੋਂ ਹੀ ਸਾਹਿਬ ਜੀ ਸੰਸਾਰੀ ਜੀਵਾਂ 'ਤੇ ਅਥਾਹ ਬਖਸ਼ਿਸ਼ਾਂ ਕਰਦਿਆਂ ਦੀਨੇ ਕਾਂਗੜ ਦੇ ਇਲਾਕੇ ਵਿੱਚ ਪਹੁੰਚੇ। ਇਥੋਂ ਹੀ ਪਾਤਿਸ਼ਾਹ ਨੇ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਵੱਲ ਭੇਜਿਆ। ਸਪਸ਼ਟ ਕੀਤਾ ਕਿ ਮੇਰੀ ਜੰਗ ਇਨਸਾਨੀਅਤ ਦੀ ਹੈ, ਅਸੂਲਾਂ

ਦੀ ਹੈ। ਤੂੰ ਇਨਸਾਨੀਅਤ ਉਜਾੜਨਾ ਚਾਹੁੰਦਾ ਸੀ, ਮੈਂ ਉਜੜਨ ਨਹੀਂ ਦਿੱਤੀ। ਤੂੰ ਅਸੂਲ ਥਾਂ-ਥਾਂ 'ਤੇ ਤੋੜੇ ਪਰ ਮੈਂ ਹਰ ਥਾਂ ਅਸੂਲਾਂ ਦੀ ਪਾਲਣਾ ਕੀਤੀ ਜਿਸ ਕਰਕੇ ਮੈਂ ਆਪਣੀ ਜਿੱਤ ਦੀ ਚਿੱਠੀ ਤੈਨੂੰ ਲਿਖੀ ਹੈ।

ਦੀਨੇ ਤੋਂ ਚੋਜੀ ਪ੍ਰੀਤਮ ਚੱਲ ਕੇ ਕੋਟਕਪੂਰੇ ਹੁੰਦੇ ਹੋਈ ਮੁਕਤਸਰ ਦੇ ਇਲਾਕੇ ਵੱਲ ਆਏ। ਕਾਫੀ ਵੀਚਾਰਾਂ ਵੀ ਹੋਈਆਂ। ਪਰ ਸੂਹੀਏ ਨੇ ਆ ਕੇ ਖ਼ਬਰ ਕੀਤੀ ਕਿ ਮੁਗਲ ਫ਼ੌਜ ਫਿਰ ਪਿੱਛਾ ਕਰਕੇ ਪਹੁੰਚ ਗਈ ਹੈ। ਸਿੰਘਾਂ ਨੇ ਖਿਦਰਾਣੇ ਦੀ ਢਾਬ 'ਤੇ ਕਬਜ਼ਾ ਜਮਾਂ ਲਿਆ। ਦੋਨਾਂ ਪਾਸਿਆਂ ਤੋਂ ਜੰਗ ਆਰੰਭ ਹੋ ਗਿਆ। ਡੱਟ ਕੇ ਲੜਾਈ ਹੋਈ ਪਰ ਪਾਣੀ ਦਾ ਪ੍ਰਬੰਧ ਨਾ ਹੋਣ ਕਰਕੇ ਮੁਗਲ ਫ਼ੌਜ ਭੱਜ ਉਠੀ। ਸਤਿਗੁਰੂ ਜੀ ਨੇ ਇਹ ਵੀ ਮਾਨੋ ਸਪਸ਼ਟ ਕਰ ਦਿੱਤਾ ਸੀ ਜਿਨ੍ਹਾਂ ਨੂੰ ਸੱਤ ਮਹੀਨੇ ਘੇਰੇ ਵਿੱਚ ਬਿਨਾਂ ਅੰਨ ਜਲ ਤੋਂ ਰੱਖਿਆ ਸੀ, ਉਨ੍ਹਾਂ ਸਾਹਮਣੇ ਆਪ ਕੁਝ ਦਿਨ ਵੀ ਨਾ ਟਿੱਕ ਸਕੇ।

ਜੰਗ ਦੀ ਸਮਾਪਤੀ ਉਪਰੰਤ ਕਲਗੀਧਰ ਪਾਤਿਸ਼ਾਹ ਸਿੰਘਾਂ ਨੂੰ ਪਛਾਣ ਕੇ ਆਪਣੀ ਹਿੱਕ ਨਾਲ ਲਾ ਕੇ ਪ੍ਰੇਮ ਤੇ ਖਿਤਾਬ ਬਖਸ਼ ਰਹੇ ਸਨ। ਧੰਨ ਹਨ ਸਤਿਗੁਰੂ ਜੀ ਜਿਨ੍ਹਾਂ ਨੇ ਆਪਣੇ ਤਾਂ ਚਾਰੇ ਪੁੱਤਰਾਂ ਵਿਚੋਂ ਕਿਸੇ ਦਾ ਸਸਕਾਰ ਵੀ ਹੱਥੀਂ ਨਹੀਂ ਕੀਤਾ ਪਰ ਇਥੇ ਗੁਰਸਿੱਖਾਂ ਨਾਲ ਲਾਡ ਲਡਾ ਰਹੇ ਸਨ। ਇਨ੍ਹਾਂ ਗੁਰਸਿੱਖਾਂ ਵਿੱਚ ਹੀ ਇਕ ਧੜਕਦੀ ਜਾਨ ਆਪਣੀ ਜ਼ਬਾਨੋਂ ਇਹ ਵਾਰ-ਵਾਰ ਬਚਨ ਕਹਿ ਰਹੀ ਸੀ। "*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*" ਵਾਰ-ਵਾਰ ਇਸ ਪੰਗਤੀ ਦਾ ਪਾਠ ਸੁਣ ਕੇ ਕਲਗੀਧਰ ਪਾਤਿਸ਼ਾਹ ਨੇ ਹਿੱਕ ਨਾਲ ਲਾ ਕੇ ਜਦੋਂ ਇਸ ਗੁਰਸਿੱਖ ਨੂੰ ਵੀ ਪਿਆਰ ਕੀਤਾ ਤਾਂ ਸਿੱਖ ਨੇ ਪੁੱਛਿਆ ਕਿ ਕੌਣ ਹੋ ਤਾਂ ਪਾਤਿਸ਼ਾਹ ਨੇ ਆਖਿਆ, ਮੈਨੂੰ ਗੋਬਿੰਦ ਸਿੰਘ ਆਖਦੇ ਹਨ ਤਾਂ ਸਿੱਖ ਨੇ ਆਖਿਆ ਕਿ ਮੈਨੂੰ ਆਪਣੀ ਗੋਦ ਵਿੱਚ ਨਾ ਲੈਣਾ, ਮੈਂ ਆਪ ਜੀ ਤੋਂ ਵਿਛੜ ਗਿਆ ਸੀ। ਮੈਂ ਮਹਾਂ ਸਿੰਘ ਹਾਂ। ਪਰ ਸਾਹਿਬ ਜੀ ਨੇ ਬਖਸ਼ਿਸ਼ਾਂ ਭਰੇ ਹੱਥ ਨਾਲ ਇਸ ਸਿੱਖ ਦਾ ਮੂੰਹ ਪੂੰਝ ਕੇ ਆਖਿਆ ਕਿ ਮਹਾਂ ਸਿੰਘਾ, ਸਿੱਖ ਜਦੋਂ ਮਰਜ਼ੀ ਚਲਾ ਜਾਵੇ ਪਰ ਮੇਰੀਆਂ ਬਾਹਾਂ ਸਦਾ ਹੀ ਆਪਣੇ ਸਿੱਖ ਦੀ ਉਡੀਕ ਵਿੱਚ ਤੜਪਦੀਆਂ ਰਹਿੰਦੀਆਂ ਹਨ। ਪਿਆਰ ਨਾਲ ਆਗਿਆ ਲੈ ਕੇ ਗੁਰੂ ਗੋਦ ਵਿਚੋਂ ਪ੍ਰਮੇਸ਼ਵਰ ਦੀ ਗੋਦ ਵਿੱਚ ਜਾ ਬਿਰਾਜੇ। ਇਹ ਹੈ ਇਸ ਬਾਦਸ਼ਾਹ ਦਰਵੇਸ਼ ਦਾ ਅਥਾਹ ਪਿਆਰ।

ਵਿਛੜਿਆਂ ਦੇ ਮਿਲਾਪ ਤੋਂ ਬਾਅਦ ਸਤਿਗੁਰੂ ਜੀ ਤਲਵੰਡੀ ਪਹੁੰਚੇ। ਸਿੱਖੀ ਦਾ ਆਰੰਭ ਵੀ ਤਲਵੰਡੀ ਤੋਂ ਹੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕੀਤਾ ਸੀ। ਸਿੱਖੀ ਦੇ ਸਮੁੱਚੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਮਝ ਲਵੋ ਸਿੱਖੀ ਅਸਲ ਵਿੱਚ ਤਲਵੰਡੀ ਤੋਂ ਤਲਵੰਡੀ ਤਕ ਇਕ ਸਫ਼ਰ ਹੈ। ਪ੍ਰਮੇਸ਼ਵਰ ਨੇ ਪੁਕਾਰ ਸੁਣ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਤਲਵੰਡੀ ਹੀ ਪ੍ਰਕਾਸ਼

ਬਖ਼ਸ਼ਿਆ ਸੀ। ਇਹੀ ਜੋਤਿ ਦਸਾਂ ਜਾਮਿਆਂ ਰਾਹੀਂ ਫਿਰ ਇਥੇ ਤਲਵੰਡੀ ਨਾਂ ਦੇ ਹੀ ਅਸਥਾਨ 'ਤੇ ਪਹੁੰਚੀ। ਇਹ ਵੀ ਯਾਦ ਰੱਖਣ ਯੋਗ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰੀਆਂ ਜੰਗਾਂ ਮਗਰੋਂ ਇਥੇ ਪਹੁੰਚ ਕੇ ਹੀ ਸਾਹ ਲਿਆ ਸੀ ਜਿਸ ਕਰਕੇ ਇਥੋਂ ਦਾ ਨਾਂ ਦਮਦਮਾ ਸਾਹਿਬ ਪੈ ਗਿਆ ਕਿਉਂਕਿ ਇਥੇ ਤਕ ਕਾਰਜ ਸੰਪੂਰਨ ਹੋ ਗਿਆ ਸੀ। ਤਲਵੰਡੀ ਵਿੱਚ ਚਾਰ ਗੱਲਾਂ ਸਪਸ਼ਟ ਹੋ ਗਈਆਂ ਸਨ –

(੧) ਗੁਰੂ ਪੰਥ (੨) ਗੁਰੂ ਗ੍ਰੰਥ ਸਾਹਿਬ ਜੀ (੩) ਗੁਰਸਿੱਖ ਕੈਸਾ (੪) ਗੁਰੂ ਜੀ ਦੇ ਅਸਲ ਪੁੱਤਰ।

੧) **ਗੁਰੂ ਪੰਥ :** ਜਦੋਂ ਗੁਰੂ ਨਾਨਕ ਸਾਹਿਬ ਜੀ ਸਿੱਧਾਂ ਨਾਲ ਵੀਚਾਰ ਕਰਨ ਸੁਮੇਰ ਪਰਬਤ 'ਤੇ ਗਏ ਸਨ ਤਾਂ ਸਿੱਧਾਂ ਦੇ ਇਕ ਸੁਆਲ ਦਾ ਜਵਾਬ ਹਜ਼ੂਰ ਨੇ ਦਿੱਤਾ ਸੀ ਕਿ ਮੇਰੇ ਕੋਲ ਅਸਲ ਵਿੱਚ ਗੁਰ ਸੰਗਤ ਅਤੇ ਗੁਰ ਸ਼ਬਦ ਹੀ ਤਾਕਤ ਹੈ ਜਿਸ ਨੇ ਇਥੇ ਆਪ ਜੀ ਦੇ ਦਰਸ਼ਨ ਕਰਵਾਏ। ਉਸੇ ਸੰਗਤ ਵਿਚੋਂ ਸਾਜਿਆ ਹੋਇਆ ਖਾਲਸਾ ਪੰਥ ਨੇ ਇਥੇ ਹੀ ਤਲਵੰਡੀ ਵਿਖੇ ਸਪੱਸ਼ਟ ਕਰ ਦਿੱਤਾ ਕਿ ਮੇਰੇ ਕੋਲ ਕੁਝ ਨਹੀਂ ਸਾਰੀ ਤਾਕਤ ਇਸ ਗੁਰੂ ਪੰਥ ਕੋਲ ਹੀ ਹੈ। ਜਦੋਂ ਭਾਈ ਡੱਲਾ ਸਤਿਗੁਰੂ ਜੀ ਦੀਆਂ ਮਿੰਨਤਾ ਕਰਦਾ ਸੀ ਕਿ ਮੈਨੂੰ ਇਕ ਪੀੜੀ ਜਿੰਨੀ ਥਾਂ ਦੇ ਦਿਉ ਤਾਂ ਸਾਹਿਬ ਜੀ ਨੇ ਸਪਸ਼ਟ ਕੀਤਾ ਕਿ ਭਾਈ ਡੱਲਿਆ, ਮੇਰੇ ਕੋਲ ਤਾਂ ਇਕ ਸੂਈ ਜਿੰਨੀ ਵੀ ਥਾਂ ਨਹੀਂ, ਇਹ ਸਾਰਾ ਅਖਿਤਿਆਰ ਪੰਜਾਂ ਪਿਆਰਿਆਂ ਕੋਲ ਹੈ। ਜੇ ਕਰ ਗੁਰੂ ਚਰਨਾਂ ਵਿੱਚ ਕੋਈ ਥਾਂ ਚਾਹੁੰਦਾ ਹੈ ਤਾਂ ਫਿਰ ਹੁਣ ਇਹੋ ਹੀ ਤਰੀਕਾ ਜਗਤ 'ਤੇ ਰਹੇਗਾ ਕਿ ਅੰਮ੍ਰਿਤ ਛੱਕ ਕੇ ਮਾਲਕ ਦਾ ਹੋਣਾ। ਡੱਲੇ ਨੇ ਆਖਿਰ ਪਰਿਵਾਰ ਸਮੇਤ ਅੰਮ੍ਰਿਤ ਛੱਕਿਆ ਤੇ ਗੁਰੂ ਜੀ ਦਾ ਬਣਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਤਲਵੰਡੀ ਵਿਖੇ ਸਪਸ਼ਟ ਕਰ ਦਿੱਤਾ ਕਿ ਅੱਜ ਤੋਂ ਬਾਅਦ ਦੇਹੀ ਰੂਪ ਵਿੱਚ ਅਗਰ ਕਿਸੇ ਨੇ ਗੁਰੂ ਜੀ ਦੇ ਦਰਸ਼ਨ ਕਰਨੇ ਹਨ ਤਾਂ ਇਹ ਗੁਰੂ ਪੰਥ ਭਾਵ ਪੰਜ ਸਿੰਘਾਂ ਵਿਚੋਂ ਕਰ ਸਕੇਗਾ।

ਇਸੇ ਹੀ ਪਵਿੱਤਰ ਅਸਥਾਨ 'ਤੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਬਾਣੀ ਦਰਜ਼ ਕਰਾਈ। ਜਿਸ ਕਰਕੇ ਜਿਹੜੇ ਪਾਵਨ ਸਰੂਪ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸੀਂ ਦੀਦਾਰ ਕਰਦੇ ਹਾਂ, ਯਾਦ ਰੱਖਣਾ ਇਹ ਵੀ ਦਾਤ ਇਥੇ ਹੀ ਸੰਪੂਰਨ ਕੀਤੀ ਸੀ। ਗੁਰੂ ਗ੍ਰੰਥ ਤੇ ਗੁਰੂ ਪੰਥ ਇਥੇ ਮਾਨੋ ਮੁਕੰਮਲ ਹੋ ਗਿਆ ਸੀ।

ਤਲਵੰਡੀਉਂ ਚੱਲੇ ਗਰੀਬ ਨਿਵਾਜ਼ ਗੁਰੂ ਨਾਨਕ ਸਾਹਿਬ ਜੀ ਨੇ ਜਿਹੜਾ ਹੋਕਾ ਲਾਇਆ ਸੀ ਕਿ "***ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥***" ਇਸ ਹੋਕੇ ਦੀ ਪਰਪੱਕਤਾ ਵੀ ਇਥੇ

ਹੀ ਕੀਤੀ ਸੀ। ਭਾਈ ਡੱਲਾ ਜੀ ਨੇ ਸਤਿਗੁਰੂ ਜੀ ਨੂੰ ਕਿਹਾ ਸੀ ਕਿ ਕਿਧਰੇ ਮੈਂ ਜਾਂ ਮੇਰੇ ਜਵਾਨ ਹੁੰਦੇ ਤਾਂ ਇਤਿਹਾਸ ਦੇ ਪੰਨਿਆਂ 'ਤੇ ਲਿਖੇ ਅੱਖਰ ਕੁਝ ਹੋਰ ਹੀ ਹੁੰਦੇ। ਸਾਹਿਬ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਕੋਈ ਗੱਲ ਨਹੀਂ ਡੱਲਾ ਜੀ, ਜਿਉਂਦਿਆਂ ਦੇ ਕਈ ਵਕਤ ਬਣ ਜਾਂਦੇ ਹਨ। ਕੁਝ ਸਮੇਂ ਬਾਅਦ ਹੀ ਅਚਾਨਕ ਇਕ ਸ਼ਰਧਾਲੂ ਬੰਦੂਕ ਲੈ ਕੇ ਆ ਗਿਆ ਕਿ ਸਤਿਗੁਰੂ ਜੀ, ਆਪ ਜੀ ਲਈ ਪ੍ਰੇਮ ਭੇਟਾ ਹੈ, ਸਵੀਕਾਰ ਕਰੋ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਰਪਾ ਕੀਤੀ ਤੇ ਭਾਈ ਡੱਲੇ ਨੂੰ ਬੁਲਾ ਕੇ ਕਹਿਣ ਲੱਗੇ, ਭਾਈ ਡਲਿਆ, ਆਪਣੇ ਸਿਪਾਹੀ ਲਿਆ, ਮੈਂ ਬੰਦੂਕ ਪਰਖਣੀ ਹੈ ਤਾਂ ਭਾਈ ਡੱਲਾ ਸਿਪਾਹੀਆਂ ਨੂੰ ਜਾ ਕੇ ਕਹਿਣ ਲੱਗਾ ਤਾਂ ਕੋਈ ਵੀ ਨਾ ਆਇਆ। ਸਾਰੇ ਆਖਣ ਲੱਗੇ ਕਿ ਬੰਦੂਕਾਂ ਕਿਸੇ ਦੀ ਹਿੱਕ 'ਤੇ ਨਹੀਂ ਬਲਕਿ ਜੰਗਲਾਂ ਵਿੱਚ ਨਿਸ਼ਾਨੀਆਂ ਲਾ ਕੇ ਪਰਖੀਆਂ ਜਾਂਦੀਆਂ ਹਨ। ਭਾਈ ਡੱਲੇ ਨੇ ਆ ਕੇ ਜਆਬ ਦੇ ਦਿੱਤਾ। ਆਪਣੇ ਆਪ ਤੋਂ ਵੀ ਡਰ ਗਿਆ। ਆਪਾ ਹੀ ਵਾਰ ਦਿੰਦਾ ਪਰ ਅਜਿਹਾ ਨਾ ਹੋਇਆ। ਹੁਣ ਸਤਿਗੁਰੂ ਜੀ ਨੇ ਲੰਗਰ ਵਿੱਚ ਸੇਵਾ ਕਰ ਰਹੇ ਆਪਣੇ ਸਿੱਖਾਂ ਲਈ ਬਚਨ ਕੀਤਾ ਕਿ ਜਾ ਕੇ ਆਖੋ, ਗੁਰੂ ਜੀ ਨੇ ਬੰਦੂਕ ਪਰਖਣੀ ਹੈ, ਕਿਸੇ ਦੀ ਜਾਨ ਦੀ ਲੋੜ ਹੈ। ਦੋ ਗੁਰਸਿੱਖਾਂ ਨੇ ਸੁਣਿਆਂ, ਦੋਵੇਂ ਹੀ ਭੱਜ ਕੇ ਆਏ। ਸਤਿਗੁਰੂ ਜੀ ਦੇ ਸਨਮੁਖ ਖਲੋ ਕੇ ਬੇਨਤੀਆਂ ਕਰਨ ਲੱਗੇ ਕਿ ਪਹਿਲਾਂ ਮੈਂ ਸੁਣਿਆ, ਇਸ ਲਈ ਮੇਰਾ ਹੱਕ ਹੈ, ਦੂਜਾ ਆਖੇ ਪਹਿਲਾਂ ਮੈਂ ਸੁਣਿਆਂ, ਮੇਰਾ ਹੱਕ ਹੈ। ਸਾਹਿਬ ਜੀ ਨੇ ਕਿਰਪਾ ਕੀਤੀ, ਦੋਨਾਂ ਨੂੰ ਅੱਗੇ ਪਿੱਛੇ ਖਲਾਰ ਕੇ ਗੋਲੀ ਹਵਾ ਵਿੱਚ ਚਲਾ ਦਿੱਤੀ। ਇਸ ਤਰ੍ਹਾਂ ਪ੍ਰੇਮ ਖੇਲਣ ਕਾ ਚਾਉ ਵੀ ਇਥੇ ਪ੍ਰਗਟ ਕੀਤਾ ਤੇ ਭਾਈ ਡੱਲੇ ਨੂੰ ਆਖਿਆ ਕਿ ਮੇਰੇ ਕੋਲ ਤਾਂ ਅਜਿਹੇ ਗੁਰਸਿੱਖ ਸਨ ਜਿਨ੍ਹਾਂ ਦੀ ਕਿਰਪਾ ਸਦਕਾ ਮੇਰਾ ਸਿਰ ਉੱਚਾ ਹੈ ਤੇ ਰਹੇਗਾ। "***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਰੇਰੇ ॥***" ਆਖਿ ਸੁਣਾਇਆ ਸੀ।

ਇਸੇ ਹੀ ਪਵਿੱਤਰ ਅਸਥਾਨ ਨੂੰ ਇਕ ਮਾਣ ਹੋਰ ਪ੍ਰਾਪਤ ਹੈ ਕਿ ਇਥੇ ਹੀ ਗੁਰੂ ਜੀ ਦਾ ਵਿਛੜਿਆ ਪਰਿਵਾਰ ਮਿਲਿਆ ਸੀ। ਮਾਤਾ ਸੁੰਦਰ ਕੌਰ ਜੀ, ਭਾਈ ਮਨੀ ਸਿੰਘ ਜੀ ਸਮੇਤ ਆਏ ਸਨ। ਦਮਦਮਾ ਸਾਹਿਬ ਤਾਂ ਮਾਨੋ ਇਕ ਅਜਿਹਾ ਅਸਥਾਨ ਹੈ। ਜਿੱਥੇ ਸਮੁੱਚੀ ਸਿੱਖੀ ਦਾ ਨਤੀਜਾ ਕੱਢਿਆ ਸੀ। ਸਾਰੀ ਪ੍ਰੀਖਿਆ ਦਾ ਰਿਜ਼ਲਟ ਇਥੇ ਹੀ ਕੱਢਿਆ ਸੀ। ਗੁਰੂ ਜੀ ਨੇ ਕਦੇ ਬਚਨ ਕੀਤਾ ਸੀ ਕਿ ਗੁਰੂ ਅਮਰਦਾਸ ਜੀ ਦੇ ਰੂਪ ਵਿੱਚ ਕਿ "***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥***"

ਇਸ ਗੱਲ ਦਾ ਵੀ ਸਪੱਸ਼ਟ ਐਲਾਨ ਦਮਦਮਾ ਸਾਹਿਬ ਤਲਵੰਡੀ ਹੀ ਕੀਤਾ ਸੀ ਜਦੋਂ ਮਾਤਾ ਜੀ ਨੇ ਚਾਰੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ ਤਾਂ ਸਾਹਿਬ ਜੀ ਨੇ ਆਖਿਆ ਸੀ ਕਿ ਆਪਣੇ ਅਸਲ ਪੁੱਤਰ ਕੌਣ ਹਨ। ਸੰਸਾਰ ਵਿਦਤ ਹੈ। ਇਹ ਬਚਨ ਕਿ "***ਇਨ੍ਹ ਪੁਤਰਨ ਕੇ***

ਸੀਸ ਪੇ ਵਾਰ ਦੀਏ ਸੁਤ ਚਾਰ ॥ ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ ॥"

ਇਹ ਚਾਰ ਪੰਜ ਮਿੱਠੜੀਆਂ ਯਾਦਾਂ ਦਾ ਸੁਮੇਲ ਸੀ ਇਹ ਤਲਵੰਡੀ ਜਾਂ ਫਿਰ ਇਉਂ ਕਹਿ ਲਈਏ ਕਿ ਤਲਵੰਡੀ ਤੋਂ ਤਲਵੰਡੀ ਤਕ ਦਾ ਸਫਰ ਇਸ ਮੰਜਿਲ 'ਤੇ ਪਹੁੰਚ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ ? ਗੁਰੂ ਪੰਥ ਕੀ ਹੈ ? ਗੁਰਸਿੱਖ ਕੀ ਹੈ ? ਗੁਰੂ ਪੁੱਤਰ ਕੀ ਹੈ ? ਇਨ੍ਹਾਂ ਦਾ ਜਵਾਬ ਸੀ - ਤਲਵੰਡੀ ਵਿੱਚ ਵਰਤਾਏ ਹੋਏ ਚੋਜ਼ । ਸਿੱਖੀ ਹੁਣ ਤਕ ਪ੍ਰੀਖਿਆ ਦਿੰਦੀ ਆ ਰਹੀ ਸੀ । ਕਦੇ ਤੱਤੀਆਂ ਤਵੀਆਂ, ਕਦੇ ਮੀਰੀ ਪੀਰੀ, ਕਦੇ ਚਾਂਦਨੀ ਚੌਂਕ, ਕਦੇ ਭਾਈ ਦਿਆਲਾ ਜੀ ਦੇਗਾਂ ਵਿੱਚ ਉਬਾਲੇ ਗਏ, ਕਦੇ ਆਰੇ ਦੇ ਦੰਦਿਆਂ ਦੇ ਸੁਆਲ ਕਾਂਇਆਂ ਦੀ ਰੱਤ ਨਾਲ ਲਿਖੇ ਸਨ । ਸਿੱਖੀ ਨੂੰ ਸਿਖਰਤਾ 'ਤੇ ਪਹੁੰਚਾ ਕੇ ਸਪਸ਼ਟ ਕਰ ਦਿੱਤਾ ਸੀ । ਇਨ੍ਹਾਂ ਮਹਾਨ ਕਾਰਨਾਮਿਆਂ ਕਰਕੇ ਹੀ ਤਾਂ ਭਾਈ ਨੰਦ ਲਾਲ ਜੀ ਨੇ ਮਾਂ ਗੁਜਰੀ ਦੇ ਲਾਲ ਨੂੰ ਬਾਦਸ਼ਾਹ ਦਰਵੇਸ਼ ਕਹਿ ਦਿੱਤਾ ਸੀ ।

ਤਰਸਦੀ ਧਰਤੀ ਦੀ ਪਿਆਸ ਆਪਣੇ ਮੁਬਾਰਿਕ ਕਦਮਾਂ ਨਾਲ ਤ੍ਰਿਪਤ ਕਰਦੇ ਹੋਏ ਸਾਹਿਬ ਜੀ ਬਹਾਦਰ ਸ਼ਾਹ ਦੀ ਬੇਨਤੀ ਕਰਨ 'ਤੇ ਆਗਰੇ ਵਿਖੇ ਜਾ ਪਹੁੰਚੇ । ਇਥੇ ਬਹਾਦਰ ਸ਼ਾਹ ਨਾਲ ਮੁਲਾਕਾਤ ਹੋਈ । ਕੁਝ ਅਜਿਹੇ ਦੋਖੀ ਹਾਲੇ ਵੀ ਸਨ ਜਿਨ੍ਹਾਂ ਦੀਆਂ ਨਜ਼ਰਾਂ ਵਿੱਚ ਗੁਰੂ ਘਰ ਦੀ ਵੱਡਿਆਈ ਚੁੱਭਦੀ ਸੀ । ਇਸ ਲਈ ਉਨ੍ਹਾਂ ਨੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸਤਿਗੁਰੂ ਜੀ ਨਾਲ ਕੀਤੀਆਂ । ਬਹੁਤ ਮਹਾਨਤਾ ਸੁਣੀ ਹੋਈ ਸੀ ਪਰ ਦਰਸ਼ਨ ਨਹੀਂ ਸੀ ਕੀਤੇ ਤਾਂ ਫਿਰ ਦਰਬਾਰ ਵਿਚੋਂ ਕਿਸੇ ਸੁਆਲ ਕੀਤਾ ਕਿ ਕੋਈ ਨਾ ਕੋਈ ਕਰਾਮਤ ਜ਼ਰੂਰ ਹੀ ਵਿਖਾਉ ਕਿਉਂਕਿ ਉਨ੍ਹਾਂ ਸਾਰਿਆਂ ਦਾ ਇਹ ਦਸਤੂਰ ਹੀ ਸੀ ਤਾਂ ਕਿ ਅਸਲ ਕਾਮਿਲ ਉਸੇ ਨੂੰ ਮੰਨਦੇ ਸਨ ਜੋ ਕੋਈ ਕਰਾਮਾਤ ਵਿਖਾਵੇ। ਸਤਿਗੁਰੂ ਜੀ ਦੇ ਘਰ ਨਿਰੀ ਕਰਾਮਾਤ ਕਹਿਰ ਦਾ ਨਾਂ ਹੈ । ਕਿਸੇ ਦੇ ਪਰਉਪਕਾਰ ਲਈ ਈਸ਼ਵਰੀ ਤਾਕਤ ਨੂੰ ਵਰਤਣਾ ਇਕ ਵੱਖਰੀ ਗੱਲ ਹੈ ਪਰ ਕਿਸੇ ਸਾਹਮਣੇ ਤਮਾਸ਼ਬੀਨ ਬਣਨਾ ਪ੍ਰਮੇਸ਼ਵਰ ਦੀ ਸ਼ਰੀਕੇਬਾਜ਼ੀ ਮੰਨੀ ਜਾਂਦੀ ਹੈ । ਸਾਹਿਬ ਜੀ ਨੇ ਕਿਰਪਾ ਕਰਕੇ ਸਮਝਾਇਆ ਕਿ ਸਭ ਤੋਂ ਵੱਡੀ ਕਰਾਮਤ ਤਾਂ ਤੁਹਾਡਾ ਇਹ ਬਾਦਸ਼ਾਹ ਬਹਾਦਰ ਸ਼ਾਹ ਹੈ ਜਿਹੜਾ ਤਖਤੋ ਤਾਜ ਦਾ ਮਾਲਕ ਹੈ । ਇਸ ਕੋਲ ਇਤਨੀ ਵੀ ਸਮਰੱਥਾ ਹੈ ਜਿਹੜਾ ਤੁਸੀਂ ਮੇਰਾ ਵੀ ਸਤਿਕਾਰ ਕਰਦੇ ਹੋ ਪਰ ਜੇ ਕਰ ਬਾਦਸ਼ਾਹ ਆਖ ਦੇਵੇ ਕਿ ਮੈਨੂੰ ਵੀ ਗ੍ਰਿਫ਼ਤਾਰ ਕਰ ਲਵੋ ਤਾਂ ਤੁਸੀਂ ਬਾਦਸ਼ਾਹ ਦਾ ਹੀ ਆਖਾ ਮੰਨੋਗੇ ਕਿਉਂਕਿ ਤੁਹਾਡਾ ਬਾਦਸ਼ਾਹ ਜੁ ਹੋਇਆ । ਇਹ ਬਚਨ ਸੁਣ ਕੇ ਵੀ ਦੋਖੀਆਂ ਦੀ ਤਸੱਲੀ ਨਾ ਹੋਈ । ਫਿਰ ਆਖਣ ਲੱਗ ਪਏ ਕਿ ਕੋਈ ਹੋਰ ਕਰਾਮਾਤ ਵਿਖਾਉ ਤਾਂ ਦਤਾਰ ਜੀ ਨੇ ਆਪਣੇ ਬੋਝੇ ਵਿਚੋਂ ਇਕ ਮੋਹਰ ਕੱਢ ਕੇ ਤਲੀ 'ਤੇ ਰੱਖ ਕੇ ਆਖਿਆ ਕਿ ਭਾਈ ਦੂਜੀ ਕਰਾਮਾਤ ਦੁਨੀਆਂ ਦੀ ਇਹ ਹੈ । ਇਸ ਮਾਇਆ ਨਾਲ ਮਨੁੱਖ ਬਹੁਤ ਕੁਝ ਖਰੀਦ ਲੈਂਦਾ ਹੈ ਜਿਸ ਕੋਲ

ਮਾਇਆ ਹੈ ਇਹ ਵੀ ਜ਼ਾਹਿਰਾ ਕਰਾਮਾਤ ਹੈ ਜਿਹੜੀ ਸਿਆਸਤ ਨੂੰ ਵੀ ਕਦਮ ਚੁੰਮਣ 'ਤੇ ਮਜ਼ਬੂਰ ਕਰ ਦਿੰਦੀ ਹੈ। ਮਾਇਆ ਦੀ ਦੀਵਾਨਗੀ ਦਾ ਅਸਰ ਹਰ ਇਕ 'ਤੇ ਹੈ, ਜਗਤ ਨੂੰ ਕਮਲਾ ਕਰ ਦਿੱਤਾ ਹੈ। ਜਿਹੜਾ ਸੁਆਸ-ਸੁਆਸ ਮਾਇਆ ਦੇ ਹੀ ਗੁਣ ਗਾਉਂਦਾ ਰਹਿੰਦਾ ਹੈ। ਦੋਖੀਆਂ ਦੀ ਆਪਸੀ ਘੁਸਰ ਮੁਸਰ ਤੇ ਚਿਹਰੇ 'ਤੇ ਨਿਰਾਸ਼ਤਾ ਹਾਲੇ ਵੀ ਉਨ੍ਹਾਂ ਦੇ ਅੰਦਰ ਛੁਪੀ ਹੋਈ ਇਹ ਲਾਲਸਾ ਸਪਸ਼ਟ ਨਜ਼ਰ ਆਉਂਦੀ ਸੀ ਕਿ ਕਿਵੇਂ ਨਾ ਕਿਵੇਂ ਗੁਰੂ ਜੀ ਨੂੰ ਨੀਵਾਂ ਦਿਖਾਇਆ ਜਾਵੇ। ਆਖਿਰ ਦਿਲ ਦਾ ਦਰਦ ਜੁਬਾਨ 'ਤੇ ਆ ਹੀ ਗਿਆ ਅਤੇ ਕਹਿਣ ਲੱਗੇ ਕੋਈ ਅਜਿਹੀ ਕਰਾਮਾਤ ਦਿਖਾਉ ਜਿਸ ਨਾਲ ਤੁਸੀਂ ਇਤਨੀ ਮਹਾਨਤਾ ਪ੍ਰਾਪਤ ਕੀਤੀ, ਜਿਹੜੀ ਤੁਹਾਡੇ ਕੋਲ ਹੈ। ਸਾਹਿਬ ਜੀ ਕਿਰਪਾ ਕਰਕੇ ਸਮਝਾ ਰਹੇ ਸਨ ਕਿ ਜਿਥੇ ਮਨੁੱਖ ਨੇ ਆਪਣਾ ਅਮੋਲਿਕ ਜੀਵਨ ਗੁਜ਼ਾਰਨਾ ਹੈ, ਜਿਹੜੀਆਂ ਚੀਜ਼ਾਂ ਇਥੇ ਮਨੁੱਖੀ ਜੀਵਨ ਗੁਜ਼ਾਰਨ ਤੇ ਇਸ ਨੂੰ ਸੌਖਾ ਕਰਨ ਵਿੱਚ ਸਹਾਇਕ ਹਨ, ਉਹ ਹੀ ਦਰਸਾਈਆਂ ਜਾਣ। ਇਸ ਲਈ ਸਤਿਗੁਰੂ ਜੀ ਨੇ ਫਿਰ ਬਖਸ਼ਿਸ਼ ਕੀਤੀ। ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਸਪੱਸ਼ਟ ਕੀਤਾ ਕਿ ਸਭ ਤੋਂ ਪਹਿਲਾਂ ਸਿਆਸਤ ਪਰ ਸਿਆਸਤ ਵੀ ਮਾਇਆ ਦੀ ਗ਼ੁਲਾਮ। ਪਰ ਮਾਇਆ ਵੀ ਹਥਿਆਰ ਦੀ ਗ਼ੁਲਾਮ ਹੈ। ਇਹ ਮਾਇਆ ਨੂੰ ਵੀ ਚਰਣਾਂ ਵਿੱਚ ਰੱਖਦੀ ਹੈ, ਮੇਰੇ ਕੋਲ ਇਹ ਹੀ ਕਰਾਮਾਤ ਹੈ ਜਿਹੜੀ ਨਾ ਸਮਝਣ 'ਤੇ ਹੱਠੀਆਂ ਨੂੰ ਵੀ ਸਿੱਧੇ ਕਰ ਦਿੰਦੀ ਹੈ। ਸਾਰਿਆਂ ਦੀ ਨਿਸ਼ਚਾ ਹੋ ਗਈ ਸੀ ਤਦ ਹੀ ਤਾਂ ਭਾਈ ਨੰਦ ਲਾਲ ਜੀ ਦੀ ਕਲਮ ਨੇ ਮਿੱਠੜੇ ਕਲਾਮ ਆਖੇ ਹਨ। *"ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥"*

ਹੋਰ ਅਨੇਕਾਂ ਕਲਿਜੁਗੀ ਜੀਵਾਂ ਦੀਆਂ ਬੇੜੀਆਂ ਪਾਰ ਕਰਦਿਆਂ ਸਤਿਗੁਰੂ ਜੀ ਵਿਚਰਦਿਆਂ-ਵਿਚਰਦਿਆਂ ਇਸ ਇਲਾਕੇ ਵਿੱਚ ਕਾਫੀ ਚਰਚਾ ਦਾ ਕਾਰਨ ਬਣ ਮਾਧੋ ਦਾਸ ਬੈਰਾਗੀ ਦੇ ਡੇਰੇ ਨਾਂਦੇੜ ਆਣ ਪਹੁੰਚੇ। ਮਾਧੋ ਦਾਸ ਦੇ ਡੇਰੇ 'ਤੇ ਪਹੁੰਚਦਿਆਂ ਹੀ ਸਾਰਿਆਂ ਦਾ ਧਿਆਨ ਇਧਰ ਹੋ ਗਿਆ। ਸਾਹਿਬ ਜੀ, ਬਣਾਏ ਹੋਏ ਤਖ਼ਤ ਉਪਰ ਜਾ ਬਿਰਾਜੇ। ਚੇਲੇ ਕੁਝ ਕਲਪੇ, ਪਰ ਜਦੋਂ ਬੱਕਰਾ ਝਟਕਾਂਦਿਆਂ ਤੱਕਿਆ ਤਾਂ ਜਾ ਕੇ ਬੁਲਾ ਲਿਆਏ ਸਨ ਮਾਧੋ ਦਾਸ ਨੂੰ, ਇਥੇ ਪਹੁੰਚਦਿਆਂ ਸਾਰ ਹੀ ਆਪਣੀ ਅਧਿਆਤਮਿਕ ਤਾਕਤ ਨਾਲ ਤਖ਼ਤ ਪਲਟਣਾ ਚਾਹਿਆ ਪਰ ਸਭ ਕੁਝ ਬੇਅਰਥ ਹੋ ਗਿਆ। ਕੋਈ ਕਲਗੀ, ਸ਼ਾਹੀ ਲਿਬਾਸ ਤੇ ਹਥਿਆਰਾਂ, ਤੇਗਾਂ ਦਾ ਧਾਰਨੀ ਤੱਕ ਕੇ ਬਾਦਸ਼ਾਹ ਕਹਿ ਸਕਦਾ ਹੈ ਪਰ ਇਹ ਤਾਂ ਦਰਵੇਸ਼ ਵੀ ਹਨ, ਜਿਸ ਨੇ ਹੁਣੇ ਹੀ ਬਹਾਦਰ ਸ਼ਾਹ ਦੇ ਦਰਬਾਰ ਵਿੱਚ ਆਪ ਕੋਈ ਕਰਾਮਾਤ ਨਹੀਂ ਸੀ ਵਿਖਾਈ ਪਰ ਹੁਣ ਇਥੇ ਕਿਸੇ ਨੂੰ ਵਿਖਾਉਣ ਵੀ ਨਹੀਂ ਦਿੱਤੀ ਭਾਵ ਮਾਧੋ ਦਾਸ ਦੀ ਇਕ ਨਾ ਚੱਲੀ। ਆਖਿਰ ਚਰਣਾਂ 'ਤੇ ਢਹਿ ਪਿਆ। ਆਖਣ ਲੱਗਾ ਕਿਰਪਾ ਕਰੋ। ਮੈਨੂੰ ਆਪਣਾ ਬਣਾ ਲਵੋ, ਬਹੁਤ ਦਾ ਹੋ ਕੇ ਵੇਖ ਲਿਆ ਪਰ ਮੰਜ਼ਿਲ ਪ੍ਰਾਪਤ ਨਹੀਂ ਹੋਈ। ਜ਼ਿੰਦਗੀ ਦਾ

ਬਹੁਤਾ ਸਮਾਂ ਗੁਰੂ ਧਾਰਨ ਕਰਦਿਆਂ ਹੀ ਲੰਘ ਗਿਆ। ਸਤਿਗੁਰੂ ਜੀ ਨੇ ਕਿਰਪਾ ਕਰਕੇ ਬਚਨ ਆਖੇ ਕਿ ਭਾਈ ਬੰਦਗੀ ਕਰਨ ਵਾਲਾ ਹੀ ਅਸਲ ਵਿੱਚ ਬੰਦਾ ਹੈ ਜਿਹੜਾ ਮਾਲਕ ਦੇ ਘਰ ਕਬੂਲ ਹੁੰਦਾ ਹੈ। ਸਤਿਗੁਰੂ ਜੀ ਦੇ ਚਰਣ ਪਕੜ ਕੇ ਬੇਨਤੀ ਕੀਤੀ, ਸਾਹਿਬ ਜੀ ਤੁਸੀਂ ਆਪਣਾ ਹੀ ਬੰਦਾ ਬਣਾ ਲਵੋ। ਸਤਿਗੁਰੂ ਜੀ ਨੇ ਅੰਦਰਲਾ ਜਗਾਉਣ ਵਾਸਤੇ ਸਾਰੀ ਜ਼ੁਲਮੀ ਗਾਥਾ ਸੁਣਾਈ। ਬੰਦੇ ਦੇ ਡੌਲੇ ਫਰਕੇ ਅਤੇ ਕਹਿ ਉਠਿਆ, ਸਤਿਗੁਰੂ ਜੀ! ਜ਼ਿੰਦਗੀ ਲੇਖੇ ਲਾ ਦਿਉ, ਇਹ ਹੁਣ ਆਪ ਜੀ ਦਾ ਹੀ ਬੰਦਾ ਹੈ। ਸਾਹਿਬ ਜੀ ਦੇ ਹੁਕਮ ਨਾਲ ਅੰਮ੍ਰਿਤ ਸੰਚਾਰ ਹੋਇਆ ਤੇ ਸਿੰਘ ਸਜਾ ਕੇ ਬਾਬਾ ਗੁਰਬਖਸ਼ ਸਿੰਘ ਨਾਂ ਰੱਖ ਕੇ ਪੰਜਾਬ ਵੱਲ ਤੋਰਿਆ ਕਿ ਸਿਧਾਂਤ ਉਹੋ ਹੀ ਰੱਖਣਾ ਹੈ ਕਿ ***"ਧਰਮ ਚਲਾਵਨ ਸੰਤ ਉਬਾਰਨ ॥" "ਦੁਸਟ ਦੋਖੀਅਨਿ ਪਕਰਿ ਪਛਾਰੋ ॥"*** ਕਰਾਮਾਤਾਂ ਦਾ ਭਰਿਆ ਭਾਂਡਾ ਖਾਲੀ ਕਰਕੇ ਅੰਮ੍ਰਿਤ ਤੇ ਨਾਮ ਭਰਪੂਰ ਕਰਕੇ ਹੱਥ ਕਿਰਪਾਨ ਪਕੜਾ ਕੇ ਤੋਰਨ ਵਾਲੇ ਨੂੰ ਹੀ ਬਾਦਸ਼ਾਹ ਦਰਵੇਸ਼ ਆਖਦੇ ਹਨ। ਇਥੇ ਇਹ ਵੀ ਸਪਸ਼ਟ ਕਰ ਦਿੱਤਾ ਸੀ ਕਿ ***"ਸੋ ਗੁਰੁ ਕਰਹੁ ਜਿ ਬਹੁਰ ਨ ਕਰਨਾ ॥ ਐਸੇ ਮਰਹੁ ਜਿ ਬਹੁਰ ਨਾ ਮਰਨਾ ॥"*** ਬੰਦਾ ਸਿੰਘ ਬਹਾਦਰ ਨੇ ਪੰਜਾਬ ਆ ਕੇ ਜ਼ਾਲਮਾਂ ਨੂੰ ਸੋਧਿਆ।

ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖ਼ਾਨ ਨੇ ਬੜੀ ਬੇਦਰਦੀ ਦੇ ਨਾਲ ਸਰਹਿੰਦ (ਫਤਹਿਗੜ੍ਹ ਸਾਹਿਬ) ਜਿਉਂਦਿਆਂ ਹੀ ਨੀਹਾਂ ਵਿੱਚ ਚਿਣ ਦਿੱਤਾ ਸੀ। ਇਥੇ ਹੀ ਮਾਤਾ ਗੁਜਰੀ ਜੀ ਨੇ ਵੀ ਸ਼ਹਾਦਤ ਦਾ ਜਾਮ ਪੀਤਾ ਸੀ। ਵਜ਼ੀਰ ਖ਼ਾਂ ਹੁਣ ਤਕ ਤਾਂ ਇਸ ਲਈ ਚੁੱਪ ਕੀਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਜੰਗਾਂ ਵਿੱਚ ਆਪੇ ਕਿਧਰੇ ਨਾ ਕਿਧਰੇ ਖਤਮ ਹੋ ਜਾਣਗੇ ਕਿਉਂਕਿ ਉਨ੍ਹਾਂ ਦੀ ਸਾਰੀ ਤਾਕਤ ਤਾਂ ਮੈਂ ਕਰੀਬ ਖਤਮ ਹੀ ਕਰ ਦਿੱਤੀ ਹੈ ਪਰ ਬਾਦਸਾਹ ਨਾਲ ਮੁਲਾਕਾਤ, ਸਿੰਘਾਂ ਨੂੰ ਫਿਰ ਅੰਮ੍ਰਿਤ ਸੰਚਾਰ ਕਰ ਇਕੱਠੇ ਕਰਨਾ, ਵਜ਼ੀਰ ਖ਼ਾਂ ਨੂੰ ਆਪਣੀ ਮੌਤ ਦਾ ਸੱਦਾ ਪੱਤਰ ਨਜ਼ਰ ਆਉਣ ਲੱਗੇ। ਇਸ ਲਈ ਵਜ਼ੀਰ ਖ਼ਾਂ ਨੇ ਦੋ ਪਠਾਣ ਇਕ ਗੁੱਲ ਖ਼ਾਂ ਅਤੇ ਜਮਸ਼ੇਦ ਖ਼ਾਂ ਦੋਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਸਮਾਂ ਵੇਖ ਗੁਰੂ ਜੀ ਦੇ ਖਾਤਮੇ ਲਈ ਭੇਜਿਆ। ਚੋਜੀ ਪ੍ਰੀਤਮ ਇਕ ਦਿਨ ਆਪਣੇ ਹੀ ਰੰਗ ਵਿੱਚ ਰੰਗੇ ਹੋਏ ਸਨ। ਇਸ ਲਈ ਪਠਾਣਾਂ ਨੇ ਵਕਤ ਵੇਖ ਕੇ ਸਾਹਿਬ ਜੀ 'ਤੇ ਵਾਰ ਕੀਤਾ ਜਿਸ ਨਾਲ ਵੱਖੀ ਵਿੱਚ ਕਾਫੀ ਜ਼ਖ਼ਮ ਆਇਆ। ਪਰ ਸਤਿਗੁਰੂ ਜੀ ਨੇ ਕਿਰਪਾ ਕਰਕੇ ਕਿਰਪਾਨ ਨਾਲ ਵਾਰ ਕੀਤਾ। ਇਸ ਪਾਪੀ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਗੁਰਸਿੱਖਾਂ ਨੂੰ ਪਤਾ ਲੱਗਾ, ਜਲਦੀ ਨਾਲ ਆ ਕੇ ਕੱਪੜੇ ਉਤਾਰ ਕੇ ਜ਼ਖ਼ਮ ਸੀਤਾ ਤੇ ਮਹਰਮ ਪੱਟੀ ਕੀਤੀ। ਗੁਰਸਿੱਖਾਂ ਦੀ ਅਥਾਹ ਸੇਵਾ ਦਾ ਸਦਕਾ ਕੁਝ ਹੀ ਦਿਨਾਂ ਵਿੱਚ ਜ਼ਖ਼ਮ ਭਰਨਾ ਸ਼ੁਰੂ ਹੋ ਗਿਆ ਸੀ। ਇਕ ਦਿਨ ਅਚਾਨਕ ਸਾਹਿਬ ਜੀ ਨੇ ਇਕ ਕਮਾਨ 'ਤੇ ਚਿਲਾ ਚੜ੍ਹਾਇਆ। ਚਿਲਾ ਹਰ ਵਕਤ ਚੜ੍ਹਿਆ ਨਹੀਂ ਸੀ ਰੱਖਦੇ ਕਿਉਂਕਿ ਉਹ ਢਿੱਲਾ ਹੋ ਕੇ ਪੂਰਾ ਕੰਮ ਨਹੀਂ ਸੀ ਕਰਦਾ। ਜਦੋਂ ਜ਼ੋਰ ਨਾਲ ਚਿਲਾ ਚੜ੍ਹਿਆ ਤਾਂ ਸੀਤਾ ਜ਼ਖ਼ਮ ਫੱਟ

ਗਿਆ। ਸਾਰਾ ਚੋਲਾ ਖ਼ੂਨ ਨਾਲ ਭਰ ਗਿਆ। ਬੇਨਤੀ ਕੀਤੀ ਕਿ ਆਸਣ 'ਤੇ ਚਲੋ, ਜ਼ਖ਼ਮ ਫਿਰ ਸੀਣਾ ਹੈ, ਪਰ ਸਤਿਗੁਰੂ ਜੀ ਹੱਸ ਕੇ ਆਖਣ ਲੱਗੇ ਕਿ ਹੁਣ ਕਿੰਨਾ ਕੁ ਚਿਰ ਗੰਢ ਤੁਪ ਚਲਦੀ ਰਹਿਣੀ ਹੈ। ਇਸ ਲਈ ਹੁਣ ਜਾਣ ਦਾ ਵਕਤ ਹੈ ਫਿਕਰ ਨਾ ਕਰਨਾ। ਇਹ ਗੱਲ ਸੁਣ ਸਿੱਖਾਂ ਦੇ ਕਲੇਜੇ ਕੰਬ ਉਠੇ। ਸਾਹਿਬ ਜੀ ਨੇ ਆਖਿਆ ਕਿ ਜਲਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਚਲੀਏ। ਸੰਗਤਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪਹੁੰਚ ਕੇ ਆਪਣੇ ਹੱਥੀਂ ਚੌਰ ਕਰ ਮੱਥਾ ਟੇਕ ਕੇ ਗੁਰਸਿੱਖਾਂ ਨੂੰ ਬਚਨ ਕੀਤਾ ਕਿ ਗੁਰੂ ਦੀ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹੈ। ਸਰੀਰਕ ਤੌਰ 'ਤੇ ਦੀਦਾਰਾਂ ਦੀ ਕਾਮਨਾ ਲਈ ਪੁੱਛਣ 'ਤੇ ਦੱਸਿਆ ਕਿ ਜਿਸ ਦਾ ਹੁਕਮ ਮੈਂ ਆਨੰਦਪੁਰ ਸਾਹਿਬ, ਚਮਕੌਰ ਸਾਹਿਬ ਆਦਿ ਥਾਵਾਂ 'ਤੇ ਮੰਨ ਕੇ ਖੁਸ਼ੀ ਮਨਾਈ। ਉਹੋ ਹੀ ਪੰਜ ਸਿੰਘ ਖਾਲਸਾ ਰੂਪ ਸਰੀਰਕ ਰੂਪ ਵਿੱਚ ਪੰਥ ਗੁਰੂ ਦਾ ਦਰਜ਼ਾ ਰੱਖਦੇ ਹਨ ਭਾਵ ਅੱਜ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਅਗਵਾਈ ਵਿੱਚ ਸਿੱਖ ਦਾ ਜੀਵਨ ਚੱਲੇਗਾ।

ਇਕ ਭਾਵਨਾ ਭਰੇ ਹਿਰਦੇ ਨਾਲ ਗੁਰਸਿੱਖ ਨੇ ਬਚਨ ਆਖਿਆ ਕਿ ਪ੍ਰੀਤਮ ਜੀ! ਆਪ ਜੀ ਦੀ ਉਮਰ ਦਾ ਬਹੁਤਾ ਹਿੱਸਾ ਜੰਗਾਂ ਯੁੱਧਾਂ ਵਿੱਚ ਹੀ ਲੰਘ ਗਿਆ। ਹੁਣ ਕੁਝ ਚੈਨ ਕਰਨ ਦਾ ਵਕਤ ਸੀ, ਹਾਲੇ ਤਾਂ ਆਪ ਜੀ ਦੀ ਉਮਰ ਵੀ ਜੁਆਨੀ ਦੀ ਹੀ ਹੈ। ਸਾਹਿਬ ਜੀ ਨੇ ਆਖਿਆ ਕਿ ਜੋ ਕੁਝ ਮੇਰੇ ਕੋਲ ਸੀ ਮੈਂ ਸਭ ਕੁਝ ਖ਼ਾਲਸੇ ਦੀ ਝੋਲੀ ਪਾ ਚਲਾਂ ਹਾਂ, ਪਿਤਾ ਵੀ, ਮਾਤਾ ਵੀ, ਬੱਚੇ ਵੀ, ਜਿੰਦਗੀ ਦਾ ਸੁਖ ਵੀ, ਧਨ ਦੌਲਤ ਵੀ, ਆਨੰਦਪੁਰੀ ਵੀ, ਅੰਮ੍ਰਿਤ ਵੀ, ਗੁਰਿਆਈ ਵੀ, ਬਸ ਹੁਣ ਕੋਲ ਜੁਆਨੀ ਹੀ ਸੀ, ਮੈਂ ਸੋਚਿਆ, ਮੈਂ ਜੁਆਨੀ ਵਿੱਚ ਹੀ ਚਲਾ ਜਾਵਾਂ ਤੇ ਜੁਆਨੀ ਵੀ ਖ਼ਾਲਸੇ ਦੇ ਨਾਂ ਕਰ ਜਾਵਾਂ ਤਾਂ ਕਿ ਖ਼ਾਲਸਾ ਸਦਾ ਹੀ ਜੁਆਨ ਰਹੇ। ਮੇਰੀ ਜੁਆਨੀ ਖ਼ਾਲਸਾ ਹੀ ਹੰਢਾਵੇ।

"*ਚੁਭੀ ਰਹੀ ਸੂਤਿ ਪ੍ਰਭ ਚਰਨਨ ਮਾਹਿ*" ਦਾ ਮਾਲਕ ਆਖਿਰ ਅਕਤੂਬਰ ਮਹੀਨੇ ਦੀ ੬ ਤਰੀਖ ਦੀ ਅੱਧੀ ਰਾਤ ਨੂੰ "*ਦੇਖਨਿ ਆਯੋ ਜਗਤ ਤਮਾਸਾ*" ਦਾ ਸਬਕ ਦ੍ਰਿੜ੍ਹਾ ਕੇ ਆਪ ਫਿਰ ਸੁਰਤਿ ਜੋੜਿ ਅਭੇਦ ਹੋ ਗਏ। ਪ੍ਰੇਮ ਤੇ ਵੈਰਾਗ ਦੀਆਂ ਮੂਰਤਾਂ ਬਣੇ ਗੁਰਸਿੱਖਾਂ ਨੇ ਰਲ ਕੇ ਜਲਦੀ ਹੀ ਸੰਦਲ ਦੀ ਚਿਖਾ ਬਣਾ ਸਸਕਾਰ ਕਰ ਦਿੱਤਾ। ਜਿਸ ਵਿਚੋਂ ਅੰਗੀਠਾ ਸੰਭਾਲਣ ਵੇਲੇ ਕੇਵਲ ਸ੍ਰੀ ਸਾਹਿਬ ਹੀ ਮਿਲੀ ਸੀ ਜਿਸ ਨੂੰ ਹਰ ਵਕਤ ਕਹਿੰਦੇ ਰਹਿੰਦੇ ਸਨ, "ਤੂੰ ਹੀ ਨਿਸਾਨੀ ਜੀਤ ਕੀ।" ਇਸ ਤਰ੍ਹਾਂ ਜਗਤ ਦੇ ਤਖ਼ਤੇ 'ਤੇ ਦੋ ਪ੍ਰਭਾਵ ਪੈਦਾ ਕਰ ਦਿੱਤੇ ਕਿ ਇਕ ਦਰਵੇਸ਼ ਹੋਵੇ ਜਿਸ ਦੇ ਵੱਡੇ ਵੱਡੇ ਪੀਰ ਫਕੀਰ ਵੀ ਚਰਣ ਬੋਸੀ ਕਰਕੇ ਸੁਭਾਗ ਸਮਝਦੇ ਹੋਵਣ ਪਰ ਇਕ ਬਾਦਸ਼ਾਹ ਅਜਿਹਾ ਹੋਵੇ ਜਿਹੜਾ ਇਨਸਾਨੀਅਤ ਦੀ ਖਾਤਰ ਚੌਦਾਂ ਜੰਗਾਂ ਲੜ ਕੇ ਵੀ ਜਫ਼ਰਨਾਮਾ ਲਿਖੇ ਕਿ ਇਨਸਾਨੀਅਤ ਅਤੇ ਅਸੂਲਾਂ ਦੀ ਜਿੱਤ ਹੋਈ ਹੈ। ਆਉ ਆਪਾਂ ਵੀ ਪਿਆਰ ਨਾਲ ਆਖੀਏ -

"*ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ*"

ਖਾਲਸਾ ਕੀ ਹੈ ?

ਗੁਰੂ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਮਨੁੱਖ ਨੂੰ ਇਸ ਧਰਤੀ ਦਾ ਸਿਕਦਾਰ ਕਹਿ ਕੇ ਸਤਿਕਾਰਿਆ ਗਿਆ ਹੈ। ਪਾਵਨ ਬਚਨ ਹਨ, "*ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥*" ਪਰ ਇਹ ਧਰਤੀ ਦਾ ਚੌਧਰੀ ਭਾਵ ਮਾਲਿਕ ਗੁਲਾਮਾਂ ਵਰਗਾ ਜੀਵਨ ਬਸਰ ਕਰ ਰਿਹਾ ਸੀ। ਇਥੋਂ ਤਕ ਕੁੱਤੇ, ਬਿੱਲੇ, ਖੋਤਿਆਂ ਆਦਿ ਦਾ ਵੀ ਗ਼ੁਲਾਮ ਬਣ ਗਿਆ ਸੀ। ਬਿੱਲੀ ਲੰਘ ਜਾਏ, ਖੋਤਾ ਬੋਲ ਪਏ ਆਦਿਕ ਕਰਮਾਂ ਨੂੰ ਅਪਸ਼ਗਨ ਜਾਣਦਾ ਸੀ। ਅਜਿਹੀ ਹਾਲਤ ਵਿਚ ਡਿੱਗੇ ਮਨੁੱਖ ਤੋਂ ਸਤਿਗੁਰੂ ਜੀ ਨੇ ਖਾਲਸਾ ਬਣਾਇਆ। ਖਾਲਸੇ ਦਾ ਅੱਖਰੀ ਅਰਥ ਹੈ ਜਿਸਦਾ ਸਿੱਧਾ ਸੰਬੰਧ ਪ੍ਰਮੇਸ਼ਵਰ ਨਾਲ ਹੋਵੇ। ਇਸ ਖਾਲਸੇ ਦੇ ਤੇ ਪ੍ਰਮੇਸ਼ਵਰ ਦਰਮਿਆਨ ਹੋਰ ਕੋਈ ਦੂਸਰੀ ਚੀਜ਼ ਨਹੀਂ, ਨਾ ਹੀ ਕੋਈ ਦੇਵੀ ਦੇਵਤਾ ਤੇ ਨਾ ਹੀ ਕੋਈ ਹੋਰ ਦੁਨਿਆਵੀ ਤਾਕਤ, ਸ੍ਰਿਸ਼ਟੀ ਦਾ ਕਰਤਾ ਵਾਹਿਗੁਰੂ ਤੇ ਸਿਕਦਾਰ ਖਾਲਸਾ ਬਣਾਇਆ। ਖਾਲਸਾ ਸਾਰੀ ਸ੍ਰਿਸ਼ਟੀ ਦਾ ਸਿਕਦਾਰ ਤਦ ਹੀ ਹੋ ਸਕਦਾ ਹੈ ਜੇਕਰ ਇਸ ਅੰਦਰ ਗੁਰੂ ਜੀ ਵਲੋਂ ਬਖਸ਼ੇ ਉਹ ਅਗੰਮੀ ਗੁਣ ਸਮਾਏ ਹੋਣ ਜਿਸ ਨਾਲ ਇਹ ਸੰਸਾਰ ਦਾ ਸ਼੍ਰੋਮਣੀ ਰਹਿ ਸਕੇ। ਮੁੱਖੀਏ ਨੂੰ ਹਮੇਸ਼ਾ ਤਾਕਤ ਦੀ ਜ਼ਰੂਰਤ ਹੁੰਦੀ ਹੈ ਸੋ ਖਾਲਸੇ ਅੰਦਰ ਪੰਜ ਤਰ੍ਹਾਂ ਦੀ ਤਾਕਤ ਦਸਮੇਸ਼ ਜੀ ਨੇ ਰੱਖੀ। ਇਹ ਪੰਜ ਤਰ੍ਹਾਂ ਦੀ ਤਾਕਤ ਹੈ –**(੧) ਦਇਆ ਦੀ ਤਾਕਤ। (੨) ਧਰਮ ਦੀ ਤਾਕਤ। (੩) ਉੱਦਮ ਦੀ ਤਾਕਤ। (੪) ਦ੍ਰਿੜ੍ਹਤਾ ਦੀ ਤਾਕਤ। (੫) ਬੀਰ।**

ਦਇਆ ਦੀ ਤਾਕਤ

ਸੰਸਾਰ ਦੀ ਕੋਈ ਵਸਤੂ ਦੇਖਦੇ ਹਾਂ, ਕਰੀਬ ਕਰੀਬ ਦਇਆ ਤੋਂ ਉਪਜਦੀ ਹੈ। ਇਕ ਕਿਸਾਨ ਹੀ ਲੈ ਲਵੋ, ਬੀਜ ਬੀਜਣ ਤੋਂ ਪਹਿਲਾਂ ਧਰਤੀ ਨੂੰ ਕਈ ਵਾਰੀ ਵਾਹ ਕੇ ਪਾਣੀ ਦੇ ਦੇ ਕੇ ਸੁਆਰ ਕੇ ਪੋਲੀ ਕਰਦਾ ਹੈ ਤਾਂ ਬੀਜ ਪਾਉਂਦਾ ਹੈ। ਅਜਿਹਾ ਨਹੀਂ ਪੱਥਰ ਹੋਈ ਜ਼ਮੀਨ 'ਤੇ ਹੀ ਬੀਜ ਖਿਲਾਰ ਆਵੇ। ਹਰ ਇਕ ਪਾਸੇ ਉਤਪਤੀ ਦਇਆ ਤੋਂ ਹੀ ਹੈ। ਦੁਨੀਆਂ ਦੀ ਪ੍ਰਤਿਪਾਲਨਾ ਦਇਆ ਨਾਲ ਹੀ ਹੋ ਰਹੀ ਹੈ। ਪ੍ਰਮੇਸ਼ਵਰ ਬਾਰੇ ਗੁਰਬਾਣੀ ਵਿਚ ਅਨੇਕਾਂ ਵਾਰੀ ਜ਼ਿਕਰ ਆਉਂਦਾ ਹੈ ਕਿ ਉਹ ਅਤਿ ਦਾ ਦਇਆਲੂ ਹੈ। ਕਿਸੇ ਦੇ ਐਬ ਜਾਂ ਗੁਨਾਹ ਵੇਖ ਕੇ ਵੀ ਦਾਤਾਂ ਦੇਣ ਤੋਂ ਸੰਕੋਚ ਨਹੀਂ ਕਰਦਾ "*ਤੇਗ ਦੇਵਹੁ ਸਭੁ ਕਿਛੁ ਦਇਆਧਾਰਿ ਹਮ ਅਕ੍ਰਿਤਘਨਾਰ ॥*" ਕਿਸੇ ਜੀਵ ਦੀਆਂ ਭੁੱਲਾਂ ਨੂੰ ਮੁਆਫ ਕਰ ਦੇਣਾ ਵੀ ਇਕ ਦਇਆਵਾਨ ਹਿਰਦੇ ਦਾ ਹੀ ਕਾਰਜ ਹੈ ਜਿਸ ਕਰਕੇ ਖਾਲਸੇ ਨੂੰ ਪਹਿਲਾ ਗੁਣ ਸਤਿਗੁਰੂ ਜੀ ਨੇ ਦਇਆ

ਦਾ ਬਖਸ਼ਿਆ। ਗੁਰੂ ਨਾਨਕ ਸਾਹਿਬ ਜੀ ਹਿੰਦੂ ਵੀਰ ਨੂੰ ਮਿਲੇ ਤਾਂ ਦਇਆ ਦਾ ਜਨੇਊ ਪਹਿਨਣ ਦੀ ਵੀਚਾਰ ਆਖੀ। ਮੁਸਲਮਾਨ ਕੋਲ ਗਏ ਤਾਂ ਵੀ ਮਿਹਰ ਮਸੀਤ ਦਾ ਬਚਨ ਆਖਿਆ। ਇਥੋਂ ਤਕ ਸਭ ਤੋਂ ਪਹਿਲਾਂ ਮਨੁੱਖ ਉਦਾਸੀਆਂ ਦੌਰਾਨ ਘੜਿਆ ਤਾਂ ਉਹ ਮਲਕ ਭਾਗੋ ਵਰਗੇ ਨਿਰਦਈ ਹਿਰਦੇ ਵਿਚੋਂ ਘੜਿਆ। ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਪਹਿਲਾਂ ਸਭ ਤੋਂ ਦਇਆ ਰਾਮ ਤੋਂ ਦਇਆ ਲੈ ਕੇ ਅੱਜ ਖ਼ਾਲਸੇ ਦੀ ਸਾਜਨਾ ਆਰੰਭੀ। "*ਪ੍ਰੇਮ ਖੇਲਣ ਕਾ ਚਾਉ*"ਹੀ ਇਕ ਦਇਅਵਾਨ ਹਿਰਦੇ ਵਿਚ ਹੋ ਸਕਦਾ ਹੈ, ਕਠੋਰ ਹਿਰਦਾ ਪ੍ਰੇਮ ਦੀ ਬਖਸ਼ਿਸ਼ ਤੋਂ ਸੱਖਣਾ ਹੁੰਦਾ ਹੈ। ਸੋ ਸਤਿਗੁਰੂ ਜੀ ਨੇ ਦਇਆ ਦੀ ਬੀਰਤਾ ਭਰ ਕੇ ਦਇਆ ਦਾ ਸੂਰਮਾ ਬਣਾ ਦਿੱਤਾ। ਜਿਸ ਦੇ ਬੂਹੇ 'ਤੇ ਆਇਆ ਹਰ ਲੋੜਵੰਦ ਖੁਸ਼ੀ ਲੈ ਸਕੇ।

ਦਇਆਵਾਨ ਹੀ ਆਖ ਸਕਦਾ "*ਜਗਤੁ ਜਲੰਦਾ ਰਖਿ ਲੈ*"ਸਤਿਗੁਰੂ ਜੀ ਨੇ "*ਖਹਿ ਮਰਦੇ ਬਾਹਮਣ ਮਉਲਾਣੇ*"ਦੀ ਥਾਂ ਖਾਲਸੇ ਦਾ ਸਬਕ ਬਣਾ ਪੜ੍ਹਾ ਦਿੱਤਾ "*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥* ਆਮ ਕਰਕੇ ਪੂਜਾ ਕਰਨ ਵਾਲਿਆਂ ਦੀਆਂ ਪੂਜਾ ਭੰਗ ਹੀ ਕਰਨ ਦੀ ਸੰਸਾਰਕ ਰੀਤ ਦੇ ਕਿੱਸੇ ਪੜ੍ਹੇ ਸੁਣੇ ਜਾਂਦੇ ਹਨ ਪਰ ਇਥੇ ਤਾਂ ਪੂਜਾ ਭੰਗ ਕਰਨੀ ਤਾਂ ਇਕ ਪਾਸੇ ਤੱਤੀ ਤਵੀ 'ਤੇ ਬਿਠਾ ਕੇ ਵੀ ਦਇਆ ਦੀ ਮੂਰਤ ਗੁਰੂ ਅਰਜਨ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਤੱਤਾ ਬਚਨ ਨਾ ਕਢਵਾ ਸਕੇ। ਠੰਡੀਆ ਤੇ ਮਿੱਠੀਆ ਅਸੀਸਾਂ ਹੀ ਮਿਲੀਆਂ ਹੋ ਸਕਦਾ ਉਨ੍ਹਾਂ ਦੇ ਤਪਤ ਹਿਰਦਿਆਂ ਨੂੰ ਵੀ ਸੀਤਲਤਾ ਛੂਹੀ ਹੋਵੇ, ਜਦੋਂ ਕਿਸੇ ਨੂੰ ਸਰਾਪ ਦੀ ਥਾਂ "*ਤੇਰਾ ਕੀਆ ਮੀਠਾ ਲਾਗੈ ॥*"ਬਚਨ ਗਾਵਿਆ ਹੋਵੇ। ਇਥੇ ਹੀ ਬਸ ਨਹੀਂ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਪਿਤਾ ਨੂੰ ਧਰਮ ਦੀ ਚਾਦਰ ਬਣਾ ਕਿਸੇ ਦੇ ਧਰਮ ਦੀ ਖਾਤਰ ਸ਼ਹਾਦਤ ਲਈ ਤੋਰਨਾ ਦਇਆ ਦੀ ਜਿਉਂਦੀ ਜਾਗਦੀ ਮਿਸਾਲ ਹੈ। ਬਹੁਤ ਕੁਝ ਦਿੱਤਾ ਜਾ ਸਕਦਾ ਪਰ ਧੰਨ ਗੁਰੂ ਗੋਬਿੰਦ ਰਾਏ ਜੀ ਵਾਂਗ ਆਪ ਅਨਾਥ ਹੋ, ਆਪਣਾ ਪਿਤਾ ਕਿਸੇ ਖਾਤਰ ਕੋਈ ਨਾ ਤੋਰ ਸਕਿਆ। ਦਇਆ ਦਾ ਪੱਖ ਨਿਰੋਲ ਸੰਸਾਰੀ ਹੈ, ਕਿਉਂਕਿ ਸੰਸਾਰ ਵਿਚ ਰਹਿੰਦਿਆ ਹੀ ਦੂਜਿਆਂ ਨਾਲ ਦਇਆ ਦਾ ਵਰਤਾਰਾ ਹੋ ਸਕਦਾ ਹੈ। ਇਸ ਲਈ ਖਾਲਸਾ ਕਿਸੇ ਜੰਗਲਾਂ ਜਾਂ ਪਹਾੜਾਂ ਦੀਆਂ ਗੁਫਾਵਾਂ ਵਿੱਚ ਬੈਠ ਕੇ ਜੀਵਨ ਗੁਜ਼ਾਰਨ ਵਾਲਾ ਨਹੀਂ ਬਲਕਿ ਸੰਸਾਰ ਨਾਲ ਜੁੜ ਸਾਂਝ ਪਾਉਣ ਦਾ ਭਾਗੀ ਹੈ। ਘਰ ਗ੍ਰਹਿਸਤੀ ਵਿਚ ਰਹਿ ਕੇ ਜਗਤ ਜੋਤੀ ਦਾ ਪੁਜਾਰੀ ਹੈ। ਜਦੋਂ ਜ਼ਾਲਮ ਹਿੰਦੁਸਤਾਨ ਦੀਆਂ ਬਹੂ ਬੇਟੀਆਂ ਦੀ ਪੱਤ ਲੁੱਟਦਾ ਸੀ, ਇਥੇ ਹੀ ਬੱਸ ਨਹੀਂ ਬਲਕਿ ਮੰਡੀਆਂ ਲਗਾ ਲਗਾ ਕੇ ਟੱਕੇ ਟੱਕੇ ਵਿਚ ਵੇਚਦਾ ਸੀ ਤਦ ਅਜਿਹੇ ਜ਼ਾਲਮਾ ਨੂੰ ਨੱਥ ਪਾ ਕੇ ਬਾਇੱਜ਼ਤ ਇਨ੍ਹਾਂ ਬੱਚੀਆਂ ਨੂੰ ਮੁੜ ਘਰੀਂ ਭੇਜਣਾ

ਅਜਿਹੇ ਅਦੁੱਤੀ ਤੇ ਨਿਆਰੇ ਚੋਜ਼ ਦਇਆਵਾਨ ਖਾਲਸਾ ਹੀ ਕਰ ਸਕਦਾ ਸੀ। ਇਸ ਲਈ ਖਾਲਸੇ ਅੰਦਰ ਦਇਆ ਦਾ ਗੁਣ ਪ੍ਰਥਮ ਗੁਣ ਹੈ।

ਧਰਮ ਬੀਰਤਾ

ਇਕ ਮੁਕਾਮ 'ਤੇ ਪਹੁੰਚ ਕੇ ਦਇਆ ਵੀ ਹੰਕਾਰ ਦੀ ਖੁਰਾਕ ਬਣ ਬੈਠਦੀ ਹੈ, ਕਿਉਂਕਿ ਜਦੋਂ ਵੀ ਕੋਈ ਲੋੜਵੰਦ ਆਉਂਦਾ ਹੈ ਤਾਂ ਕੁਝ ਦੇਣ ਦੇ ਕਾਰਣ ਇਕ ਦਿਨ ਆਪਣੇ ਆਪ ਨੂੰ ਉੱਤਮ ਤੇ ਦੂਜੇ ਨੂੰ ਨੀਵਾਂ ਸਮਝਣ ਲੱਗ ਪੈਂਦਾ ਹੈਂ। ਜਿਸ ਮੰਗਤੇ ਨੂੰ ਇਕ ਦਿਨ ਕੁਝ ਨਾ ਮਿਲੇ ਤਾਂ ਉਹ ਉਤਨਾ ਦੁਖੀ ਨਹੀਂ ਹੁੰਦਾ ਜਿਨ੍ਹਾਂ ਕਿ ਕਿਸੇ ਦਿਨ ਕੋਈ ਕੁਝ ਲੈਣ ਨਾ ਆਵੇ, ਦਾਨੀ ਦੁੱਖੀ ਹੁੰਦਾ ਹੈ। ਇਬਰਾਹੀਮ ਦੀ ਗਾਥਾ ਇਸੇ ਗੁੱਝੇ ਭੇਦ ਨੂੰ ਖੋਲ੍ਹਦੀ ਹੈ। ਹਰ ਰੋਜ਼ ਕੁਝ ਨਾ ਕੁਝ ਦੇ ਕੇ ਹੀ ਪ੍ਰਸ਼ਾਦਾ ਛੱਕਣਾ। ਪਰ ਇਕ ਵਾਰੀ ਕੋਈ ਕੁਝ ਲੈਣ ਹੀ ਨਾ ਆਇਆ। ਬਚਨ ਨਿਭਾਉਣ ਲਈ ਅੱਜ ਆਪਣੇ ਚਾਕਰਾਂ ਨੂੰ ਲੋੜਵੰਦ ਲੱਭਣ ਲਈ ਭੇਜਿਆ। ਇਕ ਦਰਵੇਸ਼ੀ ਲਿਬਾਸ ਵਿਚ ਮਿਲਿਆ। ਉਸ ਨੂੰ ਘਰ ਬੁਲਾ ਪ੍ਰਸ਼ਾਦੇ ਦੀ ਥਾਲੀ ਅੱਗੇ ਰੱਖੀ। ਖਾਣ ਲੱਗਾ ਪਰ ਇਬਰਾਹੀਮ ਨੇ ਥਾਲੀ ਚੁੱਕ ਲਈ, ਕਹਿਣ ਲੱਗਾ ਜੇ ਕਰ ਮੇਰਾ ਨਹੀਂ ਤਾਂ ਘੱਟ ਤੋਂ ਘੱਟ ਪ੍ਰਮੇਸ਼ਵਰ ਦਾ ਤਾਂ ਸ਼ੁਕਰਾਨਾ ਕਰ, ਪਰ ਦਰਵੇਸ ਕਹਿਣ ਲੱਗਾ ਜੇ ਕਰ ਸ਼ੁਕਰਾਨਾ ਹੀ ਕਰਵਾਉਣਾ ਸੀ ਤਾਂ ਉਸ ਨੇ ਮੇਰੇ ਆਪਣੇ ਘਰ ਹੀ ਕਿਉਂ ਨਾ ਦਿੱਤਾ ? ਮੈਂ ਤੇਰੇ ਘਰ ਕਿਉਂ ਆਇਆ ? ਦਰਵੇਸ਼ ਥਾਲੀ ਛੱਡ ਚਲਾ ਗਿਆ। ਕਹਿੰਦੇ ਨੇ ਇਬਾਦਤ ਸਮੇਂ ਮਾਲਕ ਘਰੋਂ ਆਵਾਜ਼ ਆਈ ਇਬਰਾਹੀਮ ਇਸ ੬੦-੭੦ ਸਾਲ ਦੇ ਬੁੱਢੇ ਨੂੰ ਮੈਂ ਹੁਣ ਤਕ ਬਿਨਾਂ ਸ਼ੁਕਰਾਨੇ ਦੇ ਰਿਹਾ ਹਾਂ ਪਰ ਤੂੰ ਇਕ ਦਿਨ ਵੀ ਨਹੀਂ ਦੇ ਸਕਿਆ। ਕਿਉਂਕਿ ਤੂੰ ਆਪਣੇ ਆਪ ਨੂੰ ਦਾਨੀ ਤੇ ਦੂਜੇ ਨੂੰ ਮੰਗਤਾ ਸਮਝਦਾ ਹੈਂ। ਦਇਆ ਵੀ ਅਹੰਕਾਰ ਬਣ ਜਾਂਦੀ ਹੈ।

ਦੂਸਰੀ ਗੱਲ ਦਇਆ ਦਾ ਸਬਕ ਤਾਂ ਬਹੁਤ ਲੋਕ ਪੜ੍ਹਾ ਗਏ ਪਰ ਕਿਸੇ ਅੱਗੇ ਨਾ ਤੋਰਿਆ। ਮਹਾਤਮਾ ਬੁੱਧ ਨੇ ਦਇਆ ਦਾ ਹੋਕਾ ਲਾਇਆ ਸੀ। ਹਿੰਦੁਸਤਾਨ ਦੇ ਬਹੁਤੇ ਲੋਕੀਂ ਸ਼ਸਤਰਹੀਨ ਹੋ ਪਤਿ ਲੁਟਾਉਣ ਲੱਗ ਪਏ। ਜੈਨੀ ਕਿਸੇ ਦਾ ਕੀ ਸਵਾਰ ਸਕਦੇ ਸਨ, ਜਿਹੜੇ ਆਮ ਜਿਹੀ ਜਿੰਦਗੀ ਤੋਂ ਵੀ ਪੱਛੜ ਗਏ। ਖੇਤੀ ਪ੍ਰਧਾਨ ਦੇਸ਼ ਨੂੰ ਕਹਿ ਦਿੱਤਾ, ਖੇਤ ਵਿਚ ਹੱਲ ਚਲਾਉਣ ਨਾਲ ਜੀਵ ਹੱਤਿਆ ਹੁੰਦੀ ਹੈ। ਬੀਜ ਤਾਂ ਚੰਗਾ ਸੀ ਪਰ ਜਿਸ ਬੂਟੇ ਨੂੰ ਫੁੱਲ ਜਾਂ ਫਲ ਨਹੀਂ ਲੱਗਦਾ, ਮਾਲਕ ਪੁੱਟ ਦਿੰਦਾ ਹੈ। ਇਸੇ ਤਰ੍ਹਾਂ ਦਇਆ ਦਾ ਬੀਜ ਤਾਂ ਚੰਗਾ ਸੀ ਪਰ ਧਰਮ ਦਾ ਫੁੱਲ ਜਾਂ ਫਲ ਨਹੀਂ ਲੱਗਿਆ ਪਰ ਸਤਿਗੁਰੂ ਜੀ ਨੇ ਗੱਲ ਅੱਗੇ ਤੋਰੀ, ਨਿਰਾ ਦਇਆ ਦਾ ਹੀ ਹੋਕਾ ਲਾਉਣ ਵਾਲਿਆਂ ਨੂੰ ਸਮਝਾਇਆ ਜਿਵੇਂ ਇਸਤਰੀ ਔਲਾਦ ਨੂੰ ਜਨਮ ਦਿੱਤੇ ਬਿਨਾਂ ਆਪਣੀ ਜਿੰਦਗੀ ਦੀ ਮਮਤਾ ਨਹੀਂ ਪੈਦਾ ਕਰ ਸਕਦੀ ਭਾਵ ਮਾਂ

ਨਹੀਂ ਬਣ ਸਕਦੀ। ਇਸੇ ਤਰ੍ਹਾਂ ਦਇਆ ਵੀ ਮਾਂ ਹੈ ਜਿਸ ਦੀ ਕੁੱਖ ਤੋਂ ਧਰਮ ਨੇ ਜਨਮ ਲੈਣਾ ਹੈ। ਸੋ ਸਤਿਗੁਰੂ ਜੀ ਨੇ ਦੂਸਰਾ ਗੁਣ ਇਹ ਭਰ ਦਿੱਤਾ ਕਿ ਖਾਲਸਾ ਧਰਮ ਬੀਰਤਾ ਦਾ ਧਾਰਨੀ ਹੋਵੇਗਾ। ਭਾਵ ਅੰਦਰੋਂ ਬਾਹਰੋਂ ਸੰਪੂਰਨ ਧਰਮੀ ਹੋਵੇਗਾ। ਇਹ ਨਹੀਂ ਦਇਆ ਨਾਲ ਸੱਜਣ ਪਰ ਅਸਲ ਵਿੱਚ ਠੱਗ। ਮੂਲ ਮੰਤ੍ਰ ਵਿੱਚ ਵੀ ਖਾਲਸੇ ਲਈ ਅਜਿਹੀ ਸਿੱਖਿਆ ਭਰ ਦਿੱਤੀ। ਖਾਲਸਾ ਇਕ ਦਾ ਪੁਜਾਰੀ, ਜੋ ਸਾਰੀ ਦੁਨੀਆਂ ਵਿਚ ਵੱਸਦਾ ਹੈ ਤੇ ਉਸ ਤੋਂ ਬਿਨਾਂ ਕੋਈ ਦੂਸਰਾ ਸੱਚ ਨਹੀਂ। ਫਿਰ ਅਜਿਹਾ ਕਰਤਾ ਹੈ ਜਿਹੜਾ ਆਪਣੀ ਕਿਰਤ ਵਿਚ ਨਿਵਾਸ ਰੱਖਦਾ ਹੈ। ਕਿਸੇ ਤੋਂ ਡਰਦਾ ਨਹੀਂ, ਮਨੁੱਖ ਡਰ ਕੇ ਹੀ ਆਪਣੀ ਜ਼ਿੰਦਗੀ ਦੇ ਸੁਨਹਿਰੀ ਅਸੂਲਾਂ ਨੂੰ ਤਿਆਗਦਾ ਹੈ। ਜਿਹੜਾ ਡਰਦਾ ਨਹੀਂ, ਉਹ ਹੀ ਨਿਰਵੈਰ ਰਹਿ ਸਕਦਾ ਨੂੰ ਕਿਉਂਕਿ ਜਿਹੜਾ ਡਰਦਾ, ਉਹ ਡਰਾਉਂਦਾ ਵੀ ਹੈ। ਅਕਾਲ ਦਾ ਪੁਜਾਰੀ ਕਾਲ ਦੀ ਸੀਮਾ ਤੋਂ ਮੁਕਤੀ ਹਾਸਲ ਕਰ ਲੈਂਦਾ ਹੈ। ਭਾਵ ਫਿਰ ਜਨਮ ਮਰਨ ਤੋਂ ਆਜ਼ਾਦ ਹੋ ਜਾਂਦਾ ਹੈ। ਹੁਣ ਅਜਿਹੇ ਪ੍ਰਮੇਸ਼ਵਰ ਵਿਚ ਸਮਾ ਗਿਆ ਜਿਸ ਦਾ ਜਨਮ ਕਿਸੇ ਤੋਂ ਨਹੀਂ ਬਲਕਿ ਆਪਣੇ ਆਪ ਤੋਂ ਹੈ। ਇਸ ਮੰਜਿਲ 'ਤੇ ਪ੍ਹੁੰਚ ਕੇ, ਪਹੁੰਚਾਉਣ ਵਾਲੇ ਵਾਸਤੇ, ਸੁਭਾਵਿਕ ਹੀ ਬਚਨ 'ਗੁਰੂ ਕਿਰਪਾ'· ਨਿਕਲ ਆਉਂਦਾ ਹੈ। ਇਸ ਸੱਚ ਧਰਮ ਦੇ ਪਾਂਧੀ ਨੂੰ ਮੂਲ ਮੰਤ੍ਰ ਦੇ ਜਾਪ ਰਾਹੀਂ ਸੱਚਾ ਧਰਮ ਦ੍ਰਿੜ੍ਹ ਕਰਵਾ ਕੇ ਧਰਮ ਬੀਰਤਾ ਪੈਦਾ ਕਰ ਦਿੱਤੀ ਕਿਉਂਕਿ ਧਰਮ ਕਮਾਉਣਾ ਵੀ ਬੀਰਤਾ ਹੈ। ਮਾਇਆ 'ਤੇ ਫ਼ਤਹਿ ਪਾ ਸੰਸਾਰ ਨੂੰ ਜਿੱਤ ਮਾਹੀ ਦੇ ਘਰ ਵੱਲ ਕਦਮ ਪੁੱਟਣਾ ਬਿਖੜੀ ਵਾਟ ਹੈ।

ਮਨੁੱਖ ਦੀ ਐਸੀ ਦਸ਼ਾ ਸੀ ਕਿ ਧਰਮੀ ਬਣਾਂ ਨਾ, ਸਿਰਫ ਦਿਸਾਂ ਕਿਉਂਕਿ ਦਿਸਣ ਵਿਚ ਕੋਈ ਮੁਸ਼ਕਿਲ ਨਹੀਂ ਪਰ ਬਣਨਾ ਮੁਸ਼ਕਿਲ ਪੈਂਡਾ ਸੀ। ਇਸ ਲਈ ਸਤਿਗੁਰੂ ਜੀ ਨੇ ਨਿਰਾ ਧਰਮੀ ਦਿਸਣ ਵਾਲਾ ਹੀ ਨਹੀਂ ਬਲਕਿ ਅਸਲ ਦਾ ਧਰਮੀ ਬਣਾਇਆ। ਗੁਰੂ ਨਾਨਕ ਪਾਤਿਸ਼ਾਹ ਜੀ ਵੇਲੇ ਤਿੰਨ ਧਰਮੀ ਮੁੱਖੀਆਂ ਦਾ ਇਹ ਹਾਲ ਸੀ, ਆਮ ਜਨਤਾ ਦਾ ਕੀ ਹੋਵੇਗਾ ? ਅੰਦਾਜ਼ਾ ਲਗਾਉਣਾ ਔਖਾ ਹੈ ਅਤੇ ਉਹ ਤਿੰਨ ਧਰਮ ਸਨ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥

ਇਸ ਲਈ ਖਾਲਸਾ ਉਹ, ਜਿਹੜਾ ਸੱਚ ਧਰਮੀ ਦਾ ਧਾਰਨੀ ਹੋਵੇ।

ਇਸੇ ਲਈ ਸਤਿਗੁਰੂ ਜੀ ਨੇ ਕੇਵਲ ਗੁਰਬਾਣੀ ਵਿਚ ਆਖਿਆ ਹੀ ਨਹੀਂ ਕਿ "*ਧੌਲੁ ਧਰਮੁ ਦਇਆ ਕਾ ਪੂਤੁ*" ਬਲਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਇਆ ਤੋਂ ਮਗਰੋਂ ਧਰਮ ਚੰਦ ਪ੍ਰਗਟ ਕਰਨ ਦਾ ਅਰਥ ਹੀ ਸੀ ਕਿ ਇਸ ਖਾਲਸੇ ਵਿਚ ਦਇਆ ਦੇ ਨਾਲ ਨਾਲ ਦੂਜੀ ਪ੍ਰਮੁੱਖ ਬੀਰਤਾ ਧਰਮ ਬੀਰਤਾ ਹੋਵੇਗੀ ਕਿਉਂਕਿ ਧਰਮ ਦੀ ਮਰਜਾਦਾ

ਵਿਚ ਬੱਝੀ ਹੋਈ ਦਇਆ ਹੀ ਕਾਦਰ ਨਾਲ ਸਾਂਝ ਬਣਾ ਸਕਦੀ ਹੈ।

ਉੱਦਮ ਬੀਰਤਾ

ਸੰਸਾਰ ਵਿਚ ਬੜੀ ਅਜੀਬ ਜਿਹੀ ਵੰਡ ਪਾ ਦਿੱਤੀ ਜਿਹੜੇ ਕੰਮ ਕਰਕੇ ਆਪ ਵੀ ਨਿਰਬਾਹ ਕਰਦੇ ਸਨ ਤੇ ਦੂਜਿਆਂ ਦੀ ਜ਼ਿੰਦਗੀ ਲਈ ਵੀ ਕਰਮ ਕਰਦੇ ਸਨ। ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਉੱਦਮੀ ਲੋਕਾਂ ਨੂੰ ਇਨ੍ਹਾਂ ਕਠੋਰ ਲੋਕਾਂ ਨੇ ਕੰਮੀ ਜਾਂ ਸ਼ੂਦਰ ਕਹਿ ਕੇ ਦੁਰਕਾਰਿਆ ਤੇ ਵਿਹਲੜਾਂ ਨੂੰ ਧਰਮੀ ਤੇ ਉੱਚ ਕੁੱਲ ਵਾਲੇ ਕਹਿ ਕੇ ਸਤਿਕਾਰਿਆ। ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਜਿਹਨਾਂ ਨੇ ਵਿਹਲੜ ਮਲਕ ਭਾਗੋ ਨੂੰ ਠੋਕਰ ਮਾਰ ਭਾਈ ਲਾਲੋ ਦਾ ਅੰਮ੍ਰਿਤ ਪ੍ਰਸ਼ਾਦਾ ਛੱਕਿਆ। ਅਸਲ ਵਿਚ ਇਹ ਕੇਵਲ ਮਲਕ ਭਾਗੋ ਜਾਂ ਭਾਈ ਲਾਲੋ ਦੀ ਗੱਲ ਨਹੀਂ, ਇਹ ਤਾਂ ਇਨ੍ਹਾਂ ਪਾਖੰਡੀਆਂ ਲਈ ਅਸਹਿ ਸੱਟ ਸੀ ਕਿ ਸਾਡੇ ਘਰ ਤਾਂ ਭਾਈ "*ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥*" ਜਿਹੜੇ ਕਿਰਤ ਨਾਲ ਪਿਆਰ ਨਹੀਂ ਕਰਦੇ ਅਤੇ ਦੂਜਿਆਂ ਦੇ ਆਸਰੇ ਰਹਿ ਕੇ ਪਲਦੇ ਹਨ ਉਹ ਤਾਂ ਧਰਮ ਦੀ ਗੱਲ ਇਕ ਪਾਸੇ ਰੱਬ ਦੇ ਘਰ ਨੂੰ ਜਾਣ ਵਾਲਾ ਰਸਤਾ ਵੀ ਨਹੀਂ ਜਾਣਦੇ।

ਪਹਿਲੇ ਦੋ ਗੁਣ ਵੀ ਨਾਲ ਹੀ ਚਲੇ ਆ ਰਹੇ ਹਨ - ਆਪ ਕਿਰਤ ਕਰਕੇ ਵੰਡ ਕੇ ਛਕਣਾ ਦਇਆ ਹੈ ਤੇ ਕਿਰਤ ਵੀ ਧਰਮ ਦੀ ਕਰਨੀ ਜਿਹੜੀ ਗੁਰੂ ਦਰ ਕਬੂਲ ਪੈ ਸਕੇ - ਇਹ ਧਰਮ ਦਾ ਗੁਣ ਸੀ। ਧਰਮੀ ਉੱਦਮੀ ਹੋਵੇ, ਸਿਆਣੇ ਆਖਦੇ ਹਨ 'ਜੈਸਾ ਅੰਨ ਤੈਸਾ ਮਨ'। ਕਿਸੇ ਦੀ ਖਾ ਕੇ ਆਪ ਕਿਵੇਂ ਧਰਮੀ ਰਹਿ ਸਕਦਾ ਹੈ। ਸਿੱਖੀ ਨੂੰ ਜਿਨ੍ਹਾਂ ਨੇ ਕਮਾਇਆ, ਹੰਢਾਇਆ ਤੇ ਸਮਝਾਇਆ ਮਹਾਨ ਬੋਧੀ ਭਾਈ ਗੁਰਦਾਸ ਜੀ ਨੇ ਕਿੰਨੇ ਸੋਹਣੇ ਗੁਰਮਤਿ ਵਿਚ ਭਿੱਜੇ ਬਚਨ ਆਖੇ ਹਨ – "*ਕਿਰਤ ਵਿਰਤ ਕਰਿ ਧਰਮੁ ਦੀ ਲੈ ਪ੍ਰਸ਼ਾਦ ਆਣਿ ਵਰਤੰਦਾ।।*" ਜਾਂ ਫਿਰ "*ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ ॥*" ਸਤਿਗੁਰੂ ਪਾਤਿਸ਼ਾਹ ਨੇ ਇਸ ਗੱਲ ਦੀ ਪਰਪੱਕਤਾ ਲਈ ਕਈ ਥਾਈਂ ਸੁਚੇਤਤਾ ਬਖਸ਼ੀ ਹੈ ਅਤੇ ਕਿਰਤ ਤੇ ਕਿਰਤੀ ਨੂੰ ਇਕੱਠਾ ਕੀਤਾ "*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*" ਉੱਦਮ ਕਰਕੇ ਕਮਾਵੇਂਗਾ ਤਾਂ ਸੰਸਾਰਕ ਪੰਧ ਸੁਹੇਲਾ ਹੋ ਜਾਏਗਾ ਪਰ ਜੇਕਰ ਉੱਦਮ ਕਰਕੇ ਜਪਣ ਵੀ ਲੱਗ ਜਾਵੇਂ ਤਾਂ ਜਿਥੋਂ ਵਿਛੜਿਆ ਸੀ, ਉਥੇ ਮਿਲ ਯਾਤਰਾ ਪੂਰੀ ਹੋ ਜਾਏਗੀ। ਦੁਨੀਆਂ ਵਿਚ ਦੋ ਤਰ੍ਹਾਂ ਦੇ ਹੀ ਲੋਕ ਸਨ। ਇਕ ਉਹ ਜਿਹੜੇ ਸਿਰਫ ਕਿਰਤ ਨਾਲ ਜੁੜ ਗਏ, ਕਰਤਾ ਵਿਸਰ ਗਿਆ ਪਰ ਦੂਜੇ ਉਹ ਸਨ ਜਿਹੜੇ ਕਰਤੇ ਦੀ ਭਾਲ ਵਿਚ ਕਿਰਤ ਨੂੰ ਵਿਸਾਰ ਬੈਠੇ। ਸਤਿਗੁਰੂ ਜੀ ਨੇ ਕੈਸਾ ਸੁਮੇਲ ਬਖਸ਼ਿਆ ਕਿ ਖਾਲਸਾ ਕਿਰਤ ਤੇ ਕਰਤੇ ਦੀ ਕੀਰਤੀ ਦੋਨਾਂ ਦੀ ਸੰਭਾਲ ਕਰੇਗਾ। ਕਿੰਨਾ ਸਤਿਕਾਰ ਦਿੱਤਾ ਕਲਗੀਧਰ ਪਾਤਿਸ਼ਾਹ ਜੀ ਨੇ ਇਕ ਕੀਰਤੀ ਨੂੰ ਜਦੋਂ ਇਕ ਅਜਿਹਾ ਨੌਜਵਾਨ

ਸਤਿਗੁਰੂ ਜੀ ਨੂੰ ਪਾਣੀ ਪਿਆਉਣ ਲਈ ਲਿਆਇਆ ਤਾਂ ਪਾਤਿਸ਼ਾਹ ਜੀ ਨੇ ਨਾਜ਼ਕ ਜਿਹੇ ਹੱਥ ਵੇਖ ਪੁੱਛਿਆ, ਭਾਈ ਕਰਮ ਕੀ ਕਰਦਾ ਹੈਂ ? ਤਾਂ ਨੌਜਵਾਨ ਕਹਿਣ ਲੱਗਾ ਕਿ ਮੈਂ ਇਕ ਅਮੀਰ ਵਪਾਰੀ ਦਾ ਪੁੱਤਰ ਹਾਂ, ਕਦੇ ਹੱਥੀਂ ਕੰਮ ਨਹੀਂ ਕੀਤਾ ਤਾਂ ਸਤਿਗੁਰੂ ਜੀ ਨੇ ਜਲ ਨਹੀਂ ਸੀ ਛੱਕਿਆ। ਅਸਲ ਵਿਚ ਦਇਆ ਕਰਨੀ ਤੇ ਧਰਮ ਦੀ ਪਾਲਣਾ ਕੇਵਲ ਉਹ ਹੀ ਕਰ ਸਕਦਾ ਹੈ ਜਿਹੜਾ ਉੱਦਮੀ ਹੋਵੇ, ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਸਿਮਰਨ ਕਰਨਾ, ਨਿਤਨੇਮ ਕਰਨਾ, ਹਥਿਆਰ ਦਾ ਧਾਰਨੀ ਹੋਣਾ, ਦਸਾਂ ਨਹੁੰਆਂ ਦੀ ਕਿਰਤ ਕਰਨਾ, ਕਿਸੇ ਦੀ ਮਦਦ ਕਰਨਾ ਇਤਿਆਦਿਕ ਇਹ ਸਭ ਕੁਝ ਉੱਦਮ ਹੀ ਤਾਂ ਹੈ। ਅਸਲ ਵਿਚ ਇਹ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਇਨ੍ਹਾਂ ਤਿੰਨ ਸੁਨਹਿਰੀ ਅਸੂਲਾਂ ਦੀ ਵਿਆਖਿਆ ਹੀ ਤਾਂ ਇਹ ਖਾਲਸਾ ਹੈ। ਕਿਰਤ ਕਰਨੀ ਤੇ ਨਾਮ ਜਪਣਾ ਇਕ ਉੱਦਮ ਹੈ। ਵੰਡ ਛਕਣਾ ਇਕ ਦਇਆ ਹੈ। ਖਾਲਸਾ ਇਕ ਅਜਿਹੀ ਉੱਦਮ ਬੀਰਤਾ ਦੀ ਨਿਸ਼ਾਨੀ ਹੈ ਕਿ ਹਰ ਵਕਤ ਇਹੋ ਜਾਪ ਜਪਦਾ ਰਹਿੰਦਾ ਹੈ ਕਿ "*ਸ਼ੁਭ ਕਰਮਨ ਤੇ ਕਬਹੂੰ ਨ ਟਰੌਂ ॥*"

ਦ੍ਰਿੜ੍ਹ ਬੀਰਤਾ

ਜਿੰਨਾ ਚਿਰ ਕਿਸੇ ਦਾ ਹਿਰਦਾ ਦ੍ਰਿੜ੍ਹ ਵਿਸ਼ਵਾਸੀ ਨਹੀਂ ਬਣਦਾ ਓਨਾ ਚਿਰ ਸਫਲਤਾ ਦਾ ਮੁਕਾਮ ਨਸੀਬ ਨਹੀ ਹੋਇਆ ਕਰਦਾ। ਦ੍ਰਿੜ੍ਹ ਵਿਸ਼ਵਾਸ ਤੋਂ ਬਿਨਾਂ ਆਪਣੀ ਜ਼ਿੰਦਗੀ ਨੂੰ ਪਾਕ ਰੱਖਣਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਵੀ ਹੈ ਕਿਉਂਕਿ ਪੰਜ ਵਿਕਾਰਾਂ ਤੋ ਨਿਜ਼ਾਤ ਦ੍ਰਿੜ੍ਹਤਾ ਨਾਲ ਹੀ ਮਿਲਦੀ ਹੈ। ਘਰ ਪਰਿਵਾਰ ਤੇ ਸੰਸਾਰ ਦੇ ਮੋਹ ਚਿੱਕੜ ਤੋਂ ਉੱਠ ਪ੍ਰੇਮ ਖੇਲਣ ਕਾ ਚਾਉ ਦ੍ਰਿੜ੍ਹ ਵਿਸ਼ਵਾਸੀ ਵਿਚ ਹੀ ਹੋ ਸਕਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਨੇ ਤਿੰਨ ਵੱਡੇ ਅਹਿਮ ਸੁਆਲ ਕੀਤੇ ਸਨ। ਇਨ੍ਹਾਂ ਸਿੱਖਾਂ ਵੱਲ ਤੱਕ ਕੇ ਹੀ ਪਹਿਲਾ ਸੁਆਲ ਇਹ ਕੇ ਚੂਹੜੇ ਚਮਾਰ ਸਾਡੇ ਦਲੇਰ ਸੂਰਮਿਆਂ ਦਾ ਮੁਕਾਬਲਾ ਕਰ ਸਕਣਗੇ ? ਸਾਡਾ ਇਕ ਇਕ ਹੀ ਤੇਰੇ ਵੱਗ ਨੂੰ ਅੱਗੇ ਲਾ ਲਿਆ ਕਰੇਗਾ। ਦੂਸਰਾ ਸੁਆਲ ਸੀ ਕਿ ਜਿਹੜੇ ਆਪ ਗਰੀਬੀ ਨਾਲ ਘੋਲ ਘੁਲ ਰਹੇ ਹਨ ਜਿਨ੍ਹਾਂ ਦੇ ਘਰ ਚੰਗਾ ਟੁੱਕਰ ਵੀ ਨਹੀਂ ਪੱਕਦਾ, ਉਹ ਵੀ ਕਦੇ ਸਿਰ ਉਠਾ ਸਕਣਗੇ। ਤੀਜਾ ਸੁਆਲ ਸੀ ਕਿ ਇਹ ਲੋਕ ਹੁਣ ਤਕ ਤਾਂ ਅਸੀ ਗੁਲਾਮ ਹੀ ਬਣਾ ਕੇ ਰੱਖੇ ਹਨ, ਇਹ ਕਿਹੜਾ ਹਥਿਆਰ ਚਲਾਉਣਗੇ ਤਾਂ ਗੁਰੂ ਦੇਵ ਜੀ ਨੇ ਅਮੋਲਕ ਬਚਨ ਕਹੇ ਸਨ :-

(੧) *ਜਿਨ ਕੀ ਜਾਤਿ ਔਰ ਕੁਲ ਮਾਹੀਂ ॥ ਸਿਰਦਾਰੀ ਨ ਭਈ ਕਦਾਹੀਂ ॥*
ਤਿਨਹੀ ਕਉ ਸਰਦਾਰ ਬਨਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

(੨) *ਇਨ ਸਿਖਨ ਕਉ ਦੇਉ ਪਾਤਿਸ਼ਾਹੀ ॥ ਯਾਦ ਕਰਹਿ ਹਮਰੀ ਗੁਰਆਈ ॥*

(੩) *ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥*

ਖਾਲਸੇ ਵਿਚ ਅਜਿਹੀ ਦ੍ਰਿੜ੍ਹਤਾ ਭਰ ਦਿੱਤੀ ਕਿ ਇਸ ਨੇ ਰੇਲ ਗੱਡੀਆਂ ਦੇ ਮਾਰਗ ਰੋਕ ਦਿੱਤੇ, ਵਗਦੇ ਦਰਿਆ ਥੰਮ ਦਿੱਤੇ, ਖੋਪਰੀਆਂ ਦੇ ਛੰਨੇ ਆਪਣੀ ਕੌਮ ਨੂੰ ਦੇ ਗਏ। ਉਬਲਦੀਆਂ ਦੇਗਾਂ, ਭੱਖਦੀਆਂ ਭੱਠੀਆਂ ਆਦਿਕ ਕੋਈ ਵੀ ਇਸ ਦੀ ਦ੍ਰਿੜ੍ਹਤਾ ਨੂੰ ਡੁਲਾ ਨਾ ਸਕਿਆ। ਇਥੇ ਹੀ ਬੱਸ ਨਹੀਂ ਘਰ ਪਰਿਵਾਰ ਤੇ ਸਭ ਤੋਂ ਪਿਆਰੀ ਦਾਤ ਆਪਣੀ ਔਲਾਦ ਵੀ ਨਿਛਾਵਰ ਕਰਦਿਆਂ ਸ਼ਾਹ ਬਾਜ਼ ਸਿੰਘ, ਸੁਬੇਗ ਸਿੰਘ ਮਿਸਾਲਾਂ ਕਾਇਮ ਕਰ ਗਏ। ਹੋਰ ਤਾਂ ਹੋਰ ਜਿਸਨੂੰ ਪੈਰ ਦੀ ਜੁੱਤੀ ਹੀ ਕਿਹਾ ਜਾਂਦਾ ਸੀ, ਉਹ ਸਵਾ ਸਵਾ ਮਣ ਦੇ ਪੀਸਣ ਪੀਹ ਕੇ ਖੰਨਾ ਖੰਨਾ ਰੋਟੀ 'ਤੇ ਗੁਜ਼ਰ ਕਰ, ਆਪਣੇ ਬੱਚਿਆਂ ਦੇ ਟੋਟਿਆਂ ਦੇ ਹਾਰ ਗੱਲਾਂ ਵਿਚ ਪੁਆ ਕੇ ਸਦਾ ਸ਼ੁਕਰਾਨੇ ਦਾ ਗੀਤ ਗਾਉਂਦੀਆਂ ਰਹੀਆਂ। ਇਤਿਹਾਸ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਮਹਾਨ ਜਾਂ ਅਮੀਰ ਹੋਇਆ ਕਰਦੇ ਹਨ। ਦੇਖੋ ਦ੍ਰਿੜ੍ਹਤਾ ਦੀ ਜਿਉਂਦੀ ਜਾਗਦੀ ਉਦਾਹਰਣ ਜਦੋਂ ਦੋ ਬੰਦਿਆਂ ਨੂੰ ਆਪਸੀ ਗੱਲਬਾਤ ਕਰਦਿਆਂ ਸੁਣਿਆ ਕਿ ਸਿੱਖਾਂ ਦਾ ਬੀਜ ਨਾਸ ਹੋ ਗਿਆ। ਹੁਣ ਦੁਨੀਆਂ ਵਿਚ ਕੋਈ ਸਿੱਖ ਨਹੀਂ ਰਿਹਾ ਤਾਂ ਹੈਰਾਨੀ ਦੀ ਗੱਲ, ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਦੋਵੇਂ ਜਾਣੇ ਹੀ ਸੜਕ 'ਤੇ ਰਾਜ ਕਾਇਮ ਕਰਕੇ ਜ਼ਕਰੀਆ ਖ਼ਾਨ ਨੂੰ ਮਜ਼ਾਕ ਭਰੀ ਚਿੱਠੀ ਲਿਖ ਸਕਦੇ ਹਨ ਤੇ ਹੱਸ ਹੱਸ ਕੁਰਬਾਨੀਆਂ ਦੇ ਸਕਦੇ ਹਨ। ਦਰਅਸਲ ਦਇਆ, ਧਰਮ ਤੇ ਉੱਦਮ ਕਿਸੇ ਕੰਮ ਦਾ ਨਹੀਂ ਜੇਕਰ ਹੌਸਲਾ ਬੁਲੰਦ ਨਾ ਹੋਵੇ ਕਿਉਂਕਿ ਲੜਿਆਂ ਬਹੁਤੀ ਵਾਰੀ ਤਾਕਤ ਨਹੀਂ ਕਰਦੀ ਬਲਕਿ ਹੌਸਲਾ ਲੜਿਆ ਕਰਿਆ ਕਰਦਾ ਹੈ। ਨਹੀਂ ਤਾਂ ਦੱਸ ਲੱਖ ਦੀ ਫ਼ੌਜ ਤੇ ਕੇਵਲ, ਭੁੱਖੇ ਰਾਹਾਂ ਦੀਆਂ ਮੁਸੀਬਤਾਂ ਕੱਟ ਪਹੁੰਚੇ, ੫੦ ਸਿੱਖ ਹੋਵਣ, ਜਿਨ੍ਹਾਂ ਦੇ ਕੋਲ ਪੂਰਨ ਅਸਲਾ, ਰਸਤ ਜਾਂ ਟਿਕਾਣਾ ਵੀ ਨਾ ਹੋਵੇ ਤਾਂ ਉਹ ਫਿਰ ਵੀ ਆਪਣੇ ਪਿਆਰੇ ਮਾਹੀ ਨੂੰ ਅਡੋਲ ਬਿਨਾਂ ਗ੍ਰਿਫ਼ਤਾਰੀ ਤੋਂ ਭੇਜਣ ਵਿਚ ਕਾਮਯਾਬ ਹੋ ਜਾਣ। ਸੰਸਾਰ ਦੀ ਕਿਸੇ ਵੀ ਕੌਮ ਜਾਂ ਕਿਸੇ ਵੀ ਦੇਸ਼ ਨੇ ਅਜਿਹਾ ਇਤਿਹਾਸ ਨਹੀਂ ਸਿਰਜਿਆ। ਇਤਨਾ ਵਿਸ਼ਵਾਸ ਭਰ ਦਿੱਤਾ ਕਿ ***"ਨਿਸਚੈ ਕਰ ਆਪਣੀ ਜੀਤ ਕਰੋਂ"*** ਖਾਲਸੇ ਦਾ ਕੌਮੀ ਤਰਾਨਾ ਬਣ ਗਿਆ ਸੀ। ਇਕ ਵਾਰੀ ਮਾਤਾ ਗੁਜ਼ਰੀ ਜੀ ਨੇ ਚਾਰੇ ਪੋਤਰਿਆਂ ਨੂੰ ਪਿਆਰ ਕਰਦਿਆਂ ਇਹ ਬਚਨ ਕਿਹਾ ਸੀ ਕਿ ਹੁਣ ਮੇਰੇ ਘਰ ਦਾ ਚਿਰਾਗ ਇਕ ਨਹੀਂ ਬਲਕਿ ਚਾਰ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕੱਲੇ ਸਨ ਪਰ ਪੋਤਰੇ ਚਾਰ ਹਨ ਤਾਂ ਸਤਿਗੁਰੂ ਜੀ ਨੇ ਹੱਸ ਕੇ ਕਿਹਾ, ਮਾਤਾ ਜੀ ! ਤੁਹਾਨੂੰ ਭੁਲੇਖਾ ਹੈ, ਆਪਣੇ ਘਰ ਦਾ ਹੁਣ ਵੀ ਇਕੋ ਹੀ ਚਿਰਾਗ ਹੈ। ਇਹ ਗੱਲ ਵੱਖਰੀ ਹੈ ਕਿ ਇਸਨੂੰ ਬੁਝਾਉਣ ਵਾਲੇ ਤਾਂ ਸੜ ਮਰਨਗੇ ਪਰ ਇਹ ਨਹੀਂ ਬੁਝੇਗਾ, ਤਾਂ ਮਾਤਾ ਜੀ ਨੇ ਆਖਿਆ, ਸਤਿਗੁਰੂ ਜੀ ਸਮਝ ਨਹੀਂ ਲੱਗੀ ? ਫਿਰ ਪਾਤਿਸ਼ਾਹ ਜੀ ਨੇ ਸਮਝਾਇਆ ਸੀ ਕਿ ਇਹ ਤਾਂ ਸਿਰਫ ਚਾਰ ਗੁਣ ਹਨ ਜਿਨ੍ਹਾਂ ਦੀ ਰੱਤ ਨਾਲ ਘਰ ਦਾ ਚਿਰਾਗ ਜਗਾਉਣਾ ਹੈ। ਉਹ ਚਿਰਾਗ

ਹੈ ਖਾਲਸਾ। ਅਜੀਤ ਸਿੰਘ ਨੂੰ ਵਾਰ ਕੇ ਖਾਲਸੇ ਨੂੰ ਅਜਿਹਾ ਅਜੀਤ ਬਣਾਵਾਂਗਾ ਜਿਸ ਨੂੰ ਰਹਿੰਦੀ ਦੁਨੀਆਂ ਤੱਕ ਕੋਈ ਜਿੱਤ ਨਹੀਂ ਸਕੇਗਾ। ਦੂਜੀ ਗੱਲ ਅਜੀਤ ਰਹਿਣ ਵਾਸਤੇ ਜੂਝਣ ਦੀ ਲੋੜ ਨਹੀਂ। ਇਸ ਲਈ ਮੈਂ ਆਪਣੇ ਜੁਝਾਰ ਗਵਾ ਕੇ ਇਸ ਨੂੰ ਅਜਿਹਾ ਜੁਝਾਰੂ ਬਣਾਵਾਂਗਾ ਕਿ ਖੁਸ਼ੀ ਖੁਸ਼ੀ ਕਹਿ ਸਕੇ "*ਅਤਿ ਹੀ ਰਨ ਮੈ ਤਬ ਜੂਝ ਮਰੋਂ ॥ ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥*" ਤੀਜੀ ਗੱਲ ਮਾਂ ਜੂਝਣ ਲਈ ਜ਼ੋਰ ਬਹੁਤ ਜ਼ਰੂਰੀ ਹੈ। ਇਸ ਲਈ ਮੈਨੂੰ ਮੇਰਾ ਜ਼ੋਰਾਵਰ ਨਾ ਮਿਲੇ, ਮੈਂ ਸਬਰ ਕਰ ਲਵਾਂਗਾ ਪਰ ਇਸ ਦਾ ਜ਼ੋਰ ਕਦੇ ਖਤਮ ਨਾ ਹੋਵੇ, ਜਦੋਂ ਇਹ ਤਿੰਨ ਗੁਣ ਧਾਰਨ ਕਰਕੇ ਰੱਖੇਗਾ ਤਾਂ ਹਰਿ ਥਾਂ 'ਤੇ ਫ਼ਤਹਿ ਦਾ ਗੁਣ ਇਸ ਦੇ ਕੋਲ ਹੋਵੇਗਾ। ਇਹੋ ਹੀ ਕਾਰਨ ਹੈ ਖਾਲਸਾ ਸਿਰਫ ਫ਼ਤਹਿ ਹੀ ਜਾਣਦਾ ਹੈ, ਹਾਰ ਨਹੀਂ। ਹਰ ਵਾਰੀ ਵਾਹਿਗੁਰੂ ਜੀ ਕੀ ਫਤਹਿ ਹੀ ਆਖਦਾ ਹੈ। ਇਹ ਦ੍ਰਿੜ੍ਹਤਾ ਦੀ ਤਾਕਤ ਹੀ ਅਸਲ ਮੁਹਕਮ ਹੈ ਭਾਵ ਹਠੀਲਾ, ਦ੍ਰਿੜ੍ਹ ਵਿਸ਼ਵਾਸੀ।

ਖ਼ਾਲਸਾ ਅਕਾਲ ਪੁਰਖ ਦੀ ਫੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਸਿਕਦਾਰੀ ਦੀ ਤਾਕਤ

ਖ਼ਾਲਸਾ ਅਕਾਲ ਪੁਰਖ ਦੀ ਮੌਜ ਭਾਵ ਖੁਸ਼ੀ ਨਾਲ ਪ੍ਰਗਟ ਹੋਇਆ ਹੈ, ਜਿਵੇਂ ਅਕਾਲ ਪੁਰਖ ਕਿਸੇ ਦਾ ਗ਼ੁਲਾਮ ਨਹੀਂ, ਇਸੇ ਤਰ੍ਹਾਂ ਖ਼ਾਲਸਾ ਵੀ ਪੂਰਨ ਤੌਰ 'ਤੇ ਸਿਕਦਾਰ ਹੈ। ਇਸ ਖਾਲਸੇ ਨੂੰ ਆਜ਼ਾਦੀ ਹਰ ਪੱਖੋਂ ਹੈ। ਸਭ ਤੋਂ ਪਹਿਲੀ ਗੱਲ ਜਿਥੋਂ ਆਪਾਂ ਆਰੰਭ ਕੀਤਾ ਸੀ ਕਿ "*ਇਸ ਧਰਤੀ ਮਹਿ ਤੇਰੀ ਸਿਕਦਾਰੀ*", ਇਹ ਸਿਕਦਾਰੀ ਅਸਲ ਵਿਚ ਖਾਲਸੇ ਕੋਲ ਹੈ। ਖਾਲਸਾ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਆਜ਼ਾਦ ਹੈ। ਕਿਸੇ ਵੀ ਕਿਸਮ ਦਾ ਭਰਮ ਨਹੀਂ। "*ਭਰਮ ਭੇਖ ਤੇ ਰਹੈ ਨਿਆਰਾ ॥ ਸੋ ਖ਼ਾਲਸਾ ਸਤਿਗੁਰੂ ਹਮਾਰਾ ॥*" ਚੰਗੇ ਮੰਦੇ ਦਿਨ ਜਾਂ ਵਕਤ, ਦੇਵੀ ਦੇਵ ਪੂਜਨ, ਮਹੂਰਤ, ਜੰਗਲਾਂ ਵਿੱਚ ਭਟਕਣਾ, ਨੰਗੇ ਰਹਿਣਾ, ਤੀਰਥਾਂ ਦਾ ਕਰਨਾ, ਵਰਤ ਰੱਖਣੇ, ਮੜੀਆਂ ਮਸੀਤਾਂ ਦੀ ਪੂਜਾ ਇਤਿਆਦਿਕ ਸਭ ਕੁਝ ਛੱਡ ਕੇ ਇਹ ਪਵਿੱਤਰ ਬਚਨ ਪੜ੍ਹਦਾ ਹੈ ਕਿ "*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥ ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਇਓ ਪਰਲੋਕ ਗਵਾਇਓ ॥*" ਇਥੇ ਹੀ ਬਸ ਨਹੀਂ ਇਸ ਦੀ ਪੂਰਨ ਆਜ਼ਾਦੀ ਦਾ ਪੂਰਾ ਸ਼ਬਦ ਹੈ ਕਿ –

ਕਾਹੂ ਲੈ ਪਾਹਨ ਪੂਜ ਧਰਿਯੋ ਸਿਰ
ਕਾਹੂ ਲੈ ਲਿੰਗੁ ਗਰੇ ਲਟਕਾਇਓ ॥

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

ਇਥੋਂ ਤਕ ਕਿ ਸੰਸਾਰ ਦੇ ਵਿਕਾਰ ਵੀ ਇਸ ਆਜ਼ਾਦੀ ਵਿੱਚ ਰੁਕਾਵਟ ਨਹੀਂ ਬਣ ਸਕਦੇ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਆਦਿਕ ਦਾ ਵੀ ਮੁਕੰਮਲ ਜੇਤੂ ਹੈ। ਔਰੰਗਜ਼ੇਬ ਵਰਗੇ ਜ਼ੋਰ ਲਾਉਂਦੇ ਸਨ ਕਿ ਮੈਂ ਕਿਸੇ ਨੂੰ ਹਥਿਆਰ ਨਹੀਂ ਰੱਖਣ ਦਿਆਂਗਾ, ਕਿਸੇ ਨੂੰ ਘੋੜੇ 'ਤੇ ਚੜ੍ਹਨਾ, ਨਗਾਰਾ ਆਦਿਕ ਰੱਖਣਾ ਸਖ਼ਤ ਮਨਾਹੀ ਸੀ। ਕਮਾਲ ਕੀਤੀ ਕਲਗੀਧਰ ਪਾਤਿਸ਼ਾਹ ਜੀ ਨੇ, ਕਹਿ ਦਿੱਤਾ ਸੀ –

"*ਖਾਲਸਾ ਸੋ ਜੋ ਚੜੈ ਤੁਰੰਗ ॥ ਖਾਲਸਾ ਸੋ ਜੁ ਕਰੈ ਨਿਤ ਜੰਗ ॥*" ਕਿਰਪਾਨ ਦੀ ਨੋਕ ਨਾਲ ਖਾਲਸੇ ਦੀ ਤਕਦੀਰ ਲਿਖ, ਖੰਡਾ ਘੋਲ ਕੇ ਪਿਲਾ ਤੇ ਗਲ ਵਿੱਚ ਤੇਗ ਪਾ, ਫਿਰ ਵੀ ਕਦੇ ਸ਼ਸਤਰ ਨਾ ਭੁੱਲ ਜਾਵੇ, ਇਸ ਲਈ ਗੁਰੂ ਜੀ ਦੀ ਪ੍ਰਵਾਨਗੀ ਵੇਲੇ ਫਿਰ ਕੜਾਹ ਪ੍ਰਸ਼ਾਦਿ ਵਿੱਚ ਹਥਿਆਰ ਭਾਵ ਕਿਰਪਾਨ ਭੇਟ ਕਰ ਹਥਿਆਰ ਨਾਲ ਡੂੰਘੀ ਸਾਂਝ ਬਣਾ ਦਿੱਤੀ। ਰਣਜੀਤ ਨਗਾਰੇ ਨੇ ਨਿਰਭੈਤਾ ਦੀਆਂ ਲੋਰੀਆਂ ਦਿੱਤੀਆ। ਸੰਸਾਰ ਕੇਵਲ ਨਰਕ ਸਵੱਰਗ ਦੀ ਵੀਚਾਰ ਵਿੱਚ ਹੀ ਉਲਝਿਆ ਝਗੜ ਰਿਹਾ ਸੀ, ਕਿ ਜਿਥੋਂ ਖ਼ਾਲਸਾ ਆਪਣਾ ਨਿਵੇਕਲਾ ਮਾਰਗ ਬਣਾ ਕੇ ਸਿੱਧਾ ਪ੍ਰਮੇਸਵਰ ਦੇ ਘਰ ਇਹ ਕਹਿ ਕੇ ਨਿਕਲ ਜਾਂਦਾ ਹੈ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥

ਖ਼ਾਲਸਾ ਤਾਂ ਅਜਿਹਾ ਸਿਕਦਾਰ ਹੈ ਜਿਸ ਦੇ ਸਿਰ ਮੌਤ ਦਾ ਵੀ ਲੇਖ ਨਹੀਂ, ਜਿਸ ਦੀ ਗ੍ਰਿਫਤ ਵਿੱਚ ਸਾਰਾ ਸੰਸਾਰ ਹੈ ਕਿਉਂਕਿ ਖ਼ਾਲਸਾ ਅਕਾਲ ਦਾ ਪੁਜਾਰੀ ਹੈ। ਅਕਾਲ ਪੁਰਖ ਬਾਰੇ ਬਚਨ ਹਨ "*ਨਾ ਓਹੁ ਮਰੈ ਨ ਹੋਵੈ ਸੋਗੁ ॥*" ਫਿਰ ਖ਼ਾਲਸੇ ਦਾ ਗੁਰੂ ਸ਼ਬਦ ਗੁਰੂ ਹੈ ਜਿਸ ਬਾਰੇ ਬਚਨ ਹਨ "*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥*" ਕਿਉਂਕਿ ਸ਼ਬਦ ਕਦੇ ਜੰਮਦਾ ਮਰਦਾ ਨਹੀਂ ਤੇ ਖ਼ਾਲਸਾ ਵੀ ਜੰਮਦਾ ਮਰਦਾ ਨਹੀਂ। ਨਾ ਰੱਬ ਨੂੰ ਮੌਤ ਆਏਗੀ, ਸਿਰਫ ਸੈਭੰ ਹੀ ਕਿਹਾ ਜਾਏਗਾ, ਨਾ ਹੀ ਗੁਰੂ ਸ਼ਬਦ ਨੂੰ ਮੌਤ ਆਏਗੀ ,ਸ਼ਬਦ ਪ੍ਰਗਟਿਆ ਹੀ ਕਿਹਾ ਜਾਏਗਾ। ਇਸੇ ਤਰ੍ਹਾਂ ਖ਼ਾਲਸੇ ਦਾ ਵੀ ਸਿਰਫ ਜਨਮ ਦਿਨ ਹੀ ਮਨਾਇਆ ਜਾਂਦਾ ਹੈ, ਕਦੇ ਮੌਤ ਦਿਨ ਨਹੀਂ।

ਲੇਖ ਦੇ ਵੱਡੇ ਹੋਣ ਦੇ ਡਰੋਂ ਇਕ ਆਖਰੀ ਗੱਲ ਨਾਲ ਲੇਖ ਦੀ ਸਮਾਪਤੀ ਕਰੀਏ। ਇਕ ਗੱਲ ਚੇਤੇ ਦਾ ਸ਼ਿੰਗਾਰ ਬਣਾ ਲੈਣੀ ਚਾਹੀਦੀ ਹੈ ਕਿ ਖ਼ਾਲਸਾ ਮੁਕੰਮਲ

ਸਿਕਦਾਰ ਦੀ ਮੂਰਤੀ ਹੈ। ਦੇਖੋ ਗੁਰੂ ਨਾਨਕ ਪਾਤਿਸ਼ਾਹ ਗੁਰੂ ਜੀ ਸਨ ਪਰ ਇਕ ਦਿਨ ਅਜਿਹਾ ਆਇਆ ਕਿ ਉਹ ਵੀ ਗੁਰੂ ਅੰਗਦ ਸਾਹਿਬ ਜੀ ਅੱਗੇ ਝੁਕੇ। ਫਿਰ ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਗੁਰੂ ਅਮਰਦਾਸ ਜੀ ਅੱਗੇ ਤੇ ਗੁਰੂ ਅਮਰ ਦਾਸ ਜੀ ਅੱਗੇ ਗੁਰੂ ਰਾਮ ਦਾਸ ਜੀ ਅੱਗੇ। ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਗਿਆ। ਅੱਜ ਖ਼ਾਲਸੇ ਅੱਗੇ ਗੁਰੂ ਗੋਬਿੰਦ ਸਿੰਘ ਜੀ ਨੇ ਝੁਕ ਕੇ ਅੰਮ੍ਰਿਤ ਦੀ ਦਾਤ ਲਈ। ਪਰ ਧੰਨ ਹੈ ਖ਼ਾਲਸਾ ਜਿਹੜਾ ਅੱਜ ਤਕ ਨਹੀਂ ਝੁਕਿਆ। ਯਾਦ ਰੱਖਣਾ ਭਾਈ ਧਰਮ ਸਿੰਘ, ਭਾਈ ਦਇਆ ਸਿੰਘ ਜਾਂ ਕੋਈ ਹੋਰ ਸਿੰਘ ਲੈ ਲਵੋ। ਉਹ ਤਾਂ ਝੁਕੇ ਪਰ ਪੰਜਾਂ ਦੇ ਰੂਪ ਵਿੱਚ ਖਾਲਸਾ ਕਦੇ ਵੀ ਨਹੀਂ ਝੁਕਿਆ। ਇਸ ਲਈ ਇਸ ਖ਼ਾਲਸੇ ਵਿੱਚ ਪੂਰਨ ਸਿਦਕਾਰੀ ਦੀ ਤਾਕਤ ਭਰ ਦਿੱਤੀ ਕਿਉਂਕਿ ਖ਼ਾਲਸਾ ਕੇਵਲ ਗੁਰੂ ਹੈ, ਚੇਲਾ ਨਹੀਂ ਜਦਕਿ ਬਾਕੀ ਸਾਰੇ ਗੁਰੂ ਜੀ ਵੀ ਗੁਰੂ ਤੇ ਚੇਲਾ ਬਣਦੇ ਰਹੇ। ਖਾਲਸਾ ਕੇਵਲ ਗੁਰੂ ਹੈ।

ਇਹ ਪੰਜ ਤਰ੍ਹਾਂ ਦੀ ਤਾਕਤ ਹੀ ਅਸਲ ਵਿਚ ਪੰਜਾਂ ਪਿਆਰਿਆਂ ਦੇ ਨਾਮ ਸਨ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ। ਜਿਥੇ ਮੇਰੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਦਇਆ ਦੀ ਤਾਕਤ, ਧਰਮ ਦੀ ਤਾਕਤ, ਉੱਦਮ, ਦ੍ਰਿੜ੍ਹ ਅਤੇ ਸਿਕਦਾਰੀ ਦੀ ਤਾਕਤ ਬਣਾ ਕੇ ਭਰ ਦਿੱਤੀ ਸੀ। ਇਸ ਪੂਰਨ ਤਸਵੀਰ ਦਾ ਨਮੂਨਾ ਸੀ। "*ਜਾਗਤ ਜੋਤਿ ਜਪੈ .....*"

ਇਹ ਅਕਾਲ ਦੀ ਮੌਜ ਤੋਂ ਪ੍ਰਗਟਿਆ ਖ਼ਾਲਸਾ ਹੈ। ਖ਼ਾਲਸੇ ਅੰਦਰ ਸਮੁੱਚੀ ਮਨੁੱਖਤਾ ਦਾ ਦਰਦ ਭਰਨ ਵਾਸਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਵਿਚੋਂ ਦੋ ਉਦਾਹਰਣਾਂ ਬਹੁਤ ਸੁੰਦਰ ਢੰਗ ਦੀਆਂ ਮਿਲਦੀਆਂ ਹਨ। ਪਹਿਲੀ ਇਹ ਕਿ ਜਦੋਂ ਇਨ੍ਹਾਂ ਹਿੰਦੂਆਂ ਵਿਚੋਂ ਹੀ ਭੀਮ ਚੰਦ ਗੁਰੂ ਘਰ ਦੀਆਂ ਵਸਤੂਆਂ ਵੇਖ ਕੇ ਨੀਤੋਂ ਬਦਨੀਤ ਹੋ ਗਿਆ ਕਿ ਹੁਣ ਵਕਤ ਹੈ, ਮੈਂ ਗੁਰੂ ਘਰ ਨਾਲ ਧੋਖਾ ਕਰਕੇ ਆਪਣੇ ਸੁਆਰਥ ਦੀ ਪੂਰਤੀ ਕਰ ਸਕਦਾ ਹਾਂ ਪਰ ਇਸੇ ਹੀ ਈਰਖਾ ਨੇ ਲਾਲਚ ਨਾਲ ਰਲ ਕੇ ਗੁਰੂ ਘਰ ਨਾਲ ਜੰਗ ਲੜਿਆ ਜਿਸ ਵਿੱਚ ਗੁਰੂ ਘਰ ਦੀ ਜਿੱਤ ਹੋਈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਸੇ ਨਾਲ ਕੋਈ ਨਿਜੀ ਦੁਸ਼ਮਣੀ ਜਾਂ ਕਿਸੇ ਇਕ ਕੌਮ ਲਈ ਖ਼ਾਸ ਰਿਆਇਤ ਨਹੀਂ ਬਲਕਿ ਇਥੇ ਤਾਂ ਸਮੁੱਚੀ ਮਨੁੱਖਤਾ ਦਾ ਦਰਦ ਹੈ।

ਦੂਜੀ ਉਦਾਹਣ ਇਹ ਵੀਚਾਰੀਏ ਕਿ ਜਿਸ ਔਰੰਗਜ਼ੇਬ ਦੇ ਹੁਕਮ ਨਾਲ ਧੰਨ ਗੁਰੂ ਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦਿਆ ਨੂੰ ਸ਼ਹੀਦ ਕੀਤਾ ਗਿਆ ਭਾਵ ਨੀਹਾਂ ਵਿਚ ਚਿਣ ਦਿੱਤਾ ਗਿਆ ਪਰ ਉਹੋ ਹੀ ਗੁਰੂ ਗੋਬਿੰਦ ਸਿੰਘ ਜੀ ਔਰੰਗਜੇਬ ਦੇ ਪੁੱਤਰ ਪ੍ਰਤੀ ਕੋਈ ਈਰਖਾ ਜਾਂ ਸਾੜਾ ਨਾ ਪਾਲ ਕੇ ਮਨੁੱਖਤਾ ਦੀ ਖੈਰ ਮੰਗਣ ਵਾਲੇ ਉਸਨੂੰ ਰਾਜ ਭਾਗ ਦਿਵਾਉਣ ਵਿੱਚ

ਬਹਾਦਰ ਸ਼ਾਹ ਦੀ ਡਟ ਕੇ ਮਦਦ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਤਾਂ ਖਾਲਸੇ ਸਾਹਮਣੇ ਨਿਸ਼ਾਨਾ ਹੀ ਇਹ ਰੱਖਣਾ ਸੀ ਕਿ ਮਜ਼ਲੂਮ ਕੋਈ ਵੀ ਹੋਵੇ, ਉਸਦੀ ਮਦਦ ਕਰਨੀ ਤੇ ਜ਼ਾਲਿਮ ਕੋਈ ਵੀ ਹੋਵੇ, ਉਸਦਾ ਡਟਕੇ ਟਾਕਰਾ ਕਰਨਾ ਤੇ ਹੱਕ ਸੱਚ ਪ੍ਰਗਟ ਕਰਨਾ। ਖਾਲਸਾ ਅਕਾਲ ਦੀ ਮੌਜ ਵਿਚ ਪੈਦਾ ਹੋਣ ਕਰਕੇ ਅਕਾਲ ਪੁਰਖ ਦੇ ਹੀ ਗੁਣਾਂ ਦਾ ਧਾਰਨੀ ਹੈ। ਅਕਾਲ ਪੁਰਖ ਦੇ ਹੀ ਗੁਣਾਂ ਦੇ ਖਜ਼ਾਨੇ ਵਿਚੋਂ ਇਕ ਗੁਣ ਇਹ ਵੀ ਹੈ ਕਿ *"ਸੰਤ ਉਬਾਰ ਮਨੀਮਨ ਗਾਰੈ"* ਸੋ ਖਾਲਸਾ ਕਿਸੇ ਇਕ ਕੌਮ ਲਈ ਨਹੀਂ, ਬਲਕਿ ਸਮੁੱਚੀ ਮਨੁੱਖਤਾ ਲਈ ਹੈ।

ਖਾਲਸੇ ਦੀ ਲੋੜ

ਇਕ ਗੱਲ ਆਮ ਸੰਸਾਰੀ ਬੰਦਿਆਂ ਦੇ ਮੂੰਹ 'ਤੇ ਚੜ੍ਹ ਗਈ ਕਿ ਖਾਲਸਾ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਸਤਿਗੁਰੂ ਜੀ ਨੇ ਬਣਾਇਆ ਸੀ। ਪਰ ਥੋੜ੍ਹੀ ਜਿਹੀ ਵੀ ਸਿਆਣਪ ਦੀ ਅੱਖ ਨਾਲ ਵੇਖੀਏ ਤਾਂ ਫਿਰ ਇਹ ਗੱਲ ਜਚਦੀ ਨਹੀਂ। ਇਸ ਬਾਰੇ ਕੁਝ ਵਿਚਾਰਾਂ ਸਾਂਝੀਆਂ ਕਰਨ ਲਈ ਕੁਝ ਅੱਖਰਾਂ ਦੀ ਸਾਂਝ ਪਾ ਰਿਹਾ ਹਾਂ।

ਧੰਨ ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਦੀ ਪਵਿੱਤਰ ਬਾਣੀ ਵਿੱਚ ਇਕ ਸਚਿਆਰ ਮਨੁੱਖ ਦੀ ਘਾੜਤ ਦਾ ਜ਼ਿਕਰ ਕੀਤਾ ਹੈ। ਜਿਸ ਅੰਦਰ ਕਿਸੇ ਵੀ ਨਰਕ ਤੇ ਸਵੱਰਗ ਦੀ ਲਾਲਸਾ ਨਹੀਂ। ਖਾਲਸਾ ਇਸੇ ਹੀ ਸਚਿਆਰ ਮਨੁੱਖ ਦਾ ਸਿਖਰ ਹੈ। ਜੇਕਰ ਨਿਰਾ ਇਹੋ ਹੀ ਮੰਨ ਲਈਏ ਕਿ ਇਹ ਹਿੰਦੂ ਧਰਮ ਦੀ ਰੱਖਿਆ ਲਈ ਬਣਾਇਆ ਸੀ ਤਾਂ ਆਖਰ ਸੋਚਣਾ ਪਵੇਗਾ ਕਿ ਖਾਲਸਾ ਤੇ ਹਿੰਦੂ ਧਰਮ ਦੀ ਆਪਸੀ ਕੀ ਸਾਂਝ ਹੈ? ਪਰ ਇਹ ਗੱਲ ਤਾਂ ਕਿਧਰੇ ਨਜ਼ਰ ਵੀ ਨਹੀਂ ਆਉਂਦੀ। ਗੁਰੂ ਨਾਨਕ ਸਾਹਿਬ ਜੀ ਤੋਂ ਹੀ ਇਕ ਵੱਖਰੀ ਕੌਮ ਦਾ ਆਰੰਭ ਹੋਇਆ ਕਿਉਂਕਿ ਜਿੰਨੇ ਵੀ ਹਿੰਦੂਆਂ ਦੇ ਧਰਮ ਕਰਮ ਸਨ ਜਿਵੇਂ : ਜਨੇਊ ਪਹਿਨਣਾ, ਸੂਤਕ ਪਾਤਕ, ਸ਼ਰਾਧ ਕਰਨੇ, ਪੂਜਾ ਪਾਠ, ਮੁੰਡਨ ਕਰਨਾ, ਟੋਪੀ ਪਹਿਨਣੀ, ਤੀਰਥਾਂ ਦਾ ਇਸ਼ਨਾਨ, ਇਥੋਂ ਤਕ ਚਾਰ ਆਸ਼ਰਮਾਂ ਦੀ ਪਰੰਪਰਾ ਇਤਿਆਦਿਕ ਵਿਚੋਂ ਗੁਰੂ ਮਹਾਰਾਜ ਜੀ ਨੇ ਕਿਸੇ ਉਪਦੇਸ਼ ਨਿਵੇਕਲੀ ਵਿਚਾਰਧਾਰਾ ਨਾਲ ਉਪਦੇਸ਼ ਕਰ ਸੱਚੇ ਮਾਰਗ ਦੇ ਪਾਂਧੀ ਬਣਾਇਆ। ਇਥੋਂ ਤਕ ਇਨ੍ਹਾਂ ਬ੍ਰਾਹਮਣਵਾਦੀ ਲੋਕਾਂ ਵਲੋਂ ਸਤਾਏ ਭਗਤ ਜਨ ਜਿਨ੍ਹਾਂ ਨੇ ਸੱਚ ਪ੍ਰਗਟ ਕੀਤਾ ਸੀ, ਅਜਿਹੇ ਭਗਤਾਂ ਦੇ ਪਵਿੱਤਰ ਬਚਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਉਦਾਸੀਆਂ ਦੌਰਾਨ ਇਕੱਤਰ ਕੀਤੇ ਜਿਨ੍ਹਾਂ ਵਿਚੋਂ ਕਬੀਰ ਸਾਹਿਬ ਜੀ, ਬਾਬਾ ਨਾਮਦੇਵ ਜੀ, ਰਵਿਦਾਸ ਜੀ। ਇਕ ਦਿਨ ਇਨ੍ਹਾਂ ਭਗਤਾਂ ਨੂੰ ਬਰਾਬਰ ਦੇ ਤਖਤ 'ਤੇ ਸੁਸ਼ੋਭਿਤ ਕੀਤਾ।

ਇਥੇ ਹੀ ਬੱਸ ਨਹੀਂ, ਮਨੁੱਖੀ ਜਿੰਦਗੀ ਦੇ ਚਾਰ ਪ੍ਰਮੁੱਖ ਸੰਸਕਾਰ ਹਨ। ਇਨ੍ਹਾਂ ਚਾਰਾਂ ਤੋਂ ਇਹ ਹਿੰਦੂ ਧਰਮ ਦਾ ਫੈਲਾਇਆ ਬ੍ਰਾਹਮਣੀ ਜੂਲਾ ਲਾਹ ਸੁਟਿਆ ਸੀ। ਜਨਮ ਸੰਸਕਾਰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸੂਤਕ ਪਾਤਕ ਦੇ ਬਚਨ ਕਹਿ ਆਜ਼ਾਦ ਕਰ ਦਿੱਤਾ। ਰੋਜ਼ 'ਆਸਾ ਦੀ ਵਾਰ' ਦੇ ਬਚਨ ਪੜ੍ਹਦੇ ਹਾਂ –

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥

ਧੰਨ ਗੁਰੂ ਅਮਰਦਾਸ ਜੀ ਵਲੋਂ ਉਚਾਰਿਆ ਤੇ ਉਪਦੇਸ਼ਿਆ ਰਾਮਕਲੀ ਸੱਦ ਮੌਤ ਵੇਲੇ ਕੀਤੇ ਜਾਂਦੇ ਕਰਮ ਕਾਂਡਾਂ ਤੋਂ ਮੁਕਤ ਹੀ ਨਹੀਂ ਇਕ ਨਵਾਂ ਮਾਰਗ ਹੈ ਕਿ ਕੋਈ ਵੀ ਹਿੰਦੂ ਧਰਮ ਵਾਂਗ

ਕਰਮ ਕਾਂਡ ਨਹੀਂ ਕਰਨਾ। ਗੁਰੂ ਰਾਮਦਾਸ ਜੀ ਨੇ ਵਿਆਹ ਸੰਸਕਾਰ ਚਾਰ ਲਾਵਾਂ ਉਚਾਰ ਕੇ ਵੱਖਰਾ ਕਰ ਦਿੱਤਾ। ਚਰਨ ਪਾਹੁਲ ਦੀ ਦਾਤ ਬਖਸ਼ ਕੇ ਸਾਰੇ ਗੁਰੂ ਸਾਹਿਬਾਂ ਵੇਲੇ ਧਰਮ ਧਾਰਨ ਕਰਨ ਦਾ ਸੰਸਕਾਰ ਵੀ ਅਲੱਗ ਹੀ ਸੀ। ਕੇਵਲ ਤੇ ਕੇਵਲ ਇਹ ਕਹਿ ਦੇਣਾ ਕਿ ਖਾਲਸਾ ਕੇਵਲ ਹਿੰਦੂ ਧਰਮ ਦੀ ਰਾਖੀ ਲਈ ਹੈ ਜਿਸਦਾ ਆਪਣਾ ਕੋਈ ਮਨੋਰਥ ਨਹੀ, ਇਹ ਚਾਲਾਕ ਲੋਕਾਂ ਦੀ ਕਾਢ ਹੈ ਜਦਕਿ ਖਾਲਸਾ ਇਕ ਆਪਣੇ ਆਪ ਵਿਚ ਵੱਖਰਾ ਤੇ ਹਰ ਧਰਮ ਦੀ ਇੱਜ਼ਤ ਕਰਨ ਵਾਲਾ ਹੈ।

ਜਿਤਨੇ ਵੀ ਮੁਗਲ ਬਾਦਸ਼ਾਹ ਹੋਏ ਹਨ ਉਨ੍ਹਾਂ ਦੇ ਬੂਹੇ 'ਤੇ ਕਰੀਬ ਕਰੀਬ ਇਹ ਹਿੰਦੂ ਹੀ ਸਨ ਜਿਹੜੇ ਜਾ ਕੇ ਸਿੱਖ ਧਰਮ ਦੇ ਵਿਰੁੱਧ ਸ਼ਿਕਾਇਤਾਂ ਕਰਦੇ ਰਹੇ ਜਿਵੇਂ ਅਕਬਰ ਬਾਦਸ਼ਾਹ ਵੇਲੇ, ਜਹਾਂਗੀਰ ਬਾਦਸ਼ਾਹ ਵੇਲੇ, ਇਥੋਂ ਤਕ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਵੇਲੇ ਗੀਤਾ ਆਦਿ ਦੇ ਅਰਥ ਭਾਈ ਛੱਜੂ ਝਿਊਰ ਜੀ ਕੋਲੋਂ ਕਰਵਾ ਕੇ ਪੰਜੋਖਰਾ ਸਾਹਿਬ ਆਪਣੀ ਫੋਕੀ ਮਤਿ ਦਾ ਪ੍ਰਗਟਾਵਾ ਸੀ ਤੇ ਵਿਰੋਧਤਾ ਦੀ ਹੱਦ ਹੀ ਸੀ।

ਦਸਮ ਪਾਤਿਸ਼ਾਹ ਜੀ ਵੇਲੇ ਜੇ ਕੋਈ ਸ਼ੰਕਾ ਬਾਕੀ ਵੀ ਸੀ, ਉਹ ਵੀ ਖਤਮ ਹੋ ਜਾਂਦੀ ਹੈ ਜਦੋਂ ਇਹ ਬਚਨ ਸ਼ਰਧਾ ਨਾਲ ਪੜ੍ਹੀਏ ਕਿ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਸ਼ਹਾਦਤ ਹਿੰਦੂ ਧਰਮ ਲਈ ਨਹੀਂ ਬਲਕਿ ਇਕ ਇਨਸਾਨੀਅਤ ਨਾਤੇ ਧਰਮ ਦੀ ਰੱਖਿਆ ਕਰਨ ਬਦਲੇ ਹੋਈ। ਇਹ ਗੱਲ ਵੱਖਰੀ ਹੈ ਕਿ ਉਦੋਂ ਲੋੜ ਹਿੰਦੂ ਧਰਮ ਨੂੰ ਸੀ। ਸਤਿਗੁਰੂ ਜੀ ਨੇ ਸਪੱਸ਼ਟ ਬਚਨ ਕੀਤੇ ਹਨ ਕਿ –

ਤਿਲਕ ਜੰਞੂ ਰਾਖਾ ਪ੍ਰਭ ਤਾਂ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥
ਤਿਲਕੁ ਜੰਞੂ ਰਾਖਾ ਪ੍ਰਭ ਤਾਂ ਕਾ ॥

ਪ੍ਰਭ ਤਾਂ ਕਾ ਦਾ ਅਰਥ ਹੈ – ਉਨ੍ਹਾਂ ਦਾ ਜਿਸ ਨਾਲ ਸਾਡਾ ਕੋਈ ਦੂਰ ਦਾ ਵੀ ਸੰਬੰਧ ਨਹੀ ਕਿਉਂਕਿ ਇਹ ਜਨੇਊ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਹੀ ਨਹੀਂ ਸੀ ਪਰਵਾਨਿਆ ਤੇ ਮੁੜ ਕਿਸੇ ਗੁਰੂ ਸਾਹਿਬ ਜੀ ਵੇਲੇ ਇਹ ਗੱਲ ਆਈ ਹੀ ਨਹੀਂ। ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ। ਸੋ ਇਹ ਕਹਿ ਕੇ ਕਿ ਖਾਲਸਾ ਹਿੰਦੂ ਧਰਮ ਦੀ ਰੱਖਿਆ ਲਈ ਪੈਦਾ ਹੋਇਆ ਸੀ, ਖਾਲਸੇ ਦੀ ਮਹਾਨਤਾ ਨਹੀਂ ਬਲਕਿ ਇਸ ਦੀ ਸਖਸ਼ੀਅਤ ਨੂੰ ਛੋਟਾ ਕਰਨਾ ਹੈ।

ਦਸਮੇਸ਼ ਜੀ ਦੇ ਇਹ ਪਾਵਨ ਬਚਨ ਕਿੰਨਾ ਪਿਆਰਾ ਸੱਚ ਸਮਾਈ ਸੁਸ਼ੋਭਿਤ ਹਨ ਕਿ ਜਿਤਨਾ ਚਿਰ ਤਕ ਖਾਲਸਾ ਨਿਆਰਾ ਰਹੇਗਾ, ਉਤਨਾ ਚਿਰ ਮੈਂ ਇਸ ਦੀ ਪੂਰਨ ਹਮਾਇਤ ਕਰਦਾ ਰਹਾਂਗਾ ਪਰ ਜਦੋਂ ਇਹ ਬਿਪਰਨ ਕੀ ਰੀਤ ਅਪਣਾ ਲਵੇਗਾ, ਮੈਂ ਇਸ ਦੀ ਪ੍ਰਤੀਤ

ੴ

ਛੱਡ ਦੇਵਾਂਗਾ। ਬਾਕੀ ਵੀ ਕਿਤਨੇ ਧਰਮ ਸਨ ਪਰ ਹੋਰ ਕਿਸੇ ਦਾ ਵੀ ਜ਼ਿਕਰ ਨਹੀਂ ਬਲਕਿ ਸਪੱਸ਼ਟ ਸਿਮਰਨ ਕੀ ਰੀਤ ਦਾ ਹੈ। ਅਜਿਹਾ ਕਿਉਂ ਕੀਤਾ ਕਿਉਂਕਿ ਖਾਲਸੇ ਦਾ ਆਪਣਾ ਕੋਈ ਨਿਸ਼ਾਨ ਹੈ।

ਦੂਜਾ ਖਿਆਲ ਇਹ ਪ੍ਰਚਲਿਤ ਕਰ ਦਿੱਤਾ ਕਿ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਹੋਈ ਤਾਂ ਉਨ੍ਹਾਂ ਦਾ ਕੋਈ ਸੀਸ ਚੁੱਕਣ ਵਾਲਾ ਨਹੀਂ ਸੀ। ਸਾਰੇ ਸਿੱਖ ਲੁਕ ਗਏ ਸਨ ਤਾਂ ਜਦੋਂ ਬਾਬਾ ਜੈਤਾ ਜੀ ਨੇ ਸੀਸ ਚੁੱਕ ਕੇ ਆਨੰਦਪੁਰ ਸਾਹਿਬ ਲਿਆਂਦਾ ਤਾਂ ਸਤਿਗੁਰੂ ਗੋਬਿੰਦ ਰਾਏ ਜੀ ਅੱਗੇ ਇਹ ਦਾਸਤਾਂ ਰੋ-ਰੋ ਕੇ ਬਿਆਨ ਕੀਤੀ ਕਿ ਕੋਈ ਵੀ ਸਿੱਖ ਉਥੇ ਅੱਗੇ ਨਹੀਂ ਆਇਆ। ਇਹ ਗੱਲਾਂ ਅਜੀਬ ਅਜੀਬ ਸ਼ੰਕੇ ਪੈਦਾ ਕਰਦੀਆਂ ਹਨ। ਇਹ ਮੇਰਾ ਕੋਈ ਫੈਸਲਾ ਨਹੀਂ, ਵੀਚਾਰਾਂ ਦੀ ਸਾਂਝ ਹੈ। ਸੋਚੋ ਸਿੱਖ ਧਰਮ ਦੀ ਹਰੇਕ ਲਾਸਾਨੀ ਕੁਰਬਾਨੀ ਪਿਛੇ ਐਸੀਆਂ ਐਸੀਆਂ ਸਾਖੀਆ ਘੜ ਦਿੱਤੀਆਂ ਜਿਸ ਨਾਲ ਸ਼ਹਾਦਤ ਦਾ ਤੇ ਸਿੱਖ ਧਰਮ ਦਾ ਮੁੱਲ ਘਟ ਜਾਵੇ। ਇਕ ਪਾਸੇ ਤਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਆਦਿਕ ਮਹਾਨ ਕੁਰਬਾਨੀਆਂ ਕਰ ਰਹੇ ਹਨ ਤੇ ਗੁਰੂ ਜੀ ਤੋਂ ਸਿੱਖਾਂ ਨੇ ਆਪਾ ਵਾਰ ਕੇ ਵੀ ਸਿੱਖੀ ਨਿਭਾਉਣ ਦੀਆਂ ਤਸਵੀਰਾਂ ਪੇਸ਼ ਕਰ ਰਹੇ ਹਨ ਪਰ ਦੂਜੇ ਪਾਸੇ ਕੋਈ ਸੀਸ ਹੀ ਨਾ ਉਠਾ ਸਕਿਆ। ਜਿਸ ਸਤਿਗੁਰੂ ਜੀ ਨੇ ਨੌਂ ਸਾਲਾਂ ਦੀ ਉਮਰ ਵਿਚ ਸਾਰੀ ਸਿੱਖ ਕੌਮ ਦੀ ਵਾਗ ਡੋਰ ਸੰਭਾਲ ਲਈ ਸੀ ਕਿਉਂਕਿ ਪਹਿਲਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਵੇਲੇ ਉਮਰ ਦਾ ਸ਼ੰਕਾ ਸਿੱਖ ਜਗਤ ਅੰਦਰ ਖਤਮ ਹੋ ਚੁੱਕਾ ਸੀ ਤਾਂ ਫਿਰ ਗੁਰੂ ਗੋਬਿੰਦ ਰਾਏ ਜੀ ਦਾ ਇਹੋ ਹੀ ਪ੍ਰਬੰਧ ਸੀ ਕਿ ਸੀਸ ਰੁਲਦਾ ਰਵੇ ਤੇ ਕੋਈ ਚੁੱਕੇ ਹੀ ਨਾ? ਬਲਕਿ ਨਵੀਨ ਖੋਜ ਮੁਤਾਬਿਕ ਪੰਜ ਸਿੱਖ ਸਤਿਗੁਰੂ ਜੀ ਨਾਲ ਗਏ। ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਜੈਤਾ ਜੀ, ਭਾਈ ਗੁਰਦਿਤਾ ਜੀ। ਇਨ੍ਹਾਂ ਦੋਨਾਂ ਦੀ ਡਿਊਟੀ ਸੀ ਸਾਰਾ ਪ੍ਰਬੰਧ ਕਰਨਾ। ਇਸ ਲਈ ਸਤਿਗੁਰੂ ਜੀ ਨੇ ਕਿਸੇ ਬਦਲੇ ਦੀ ਭਾਵਨਾ ਨਾਲ ਕਿ ਐਸਾ ਪੰਥ ਚਲਾਵਾਂਗਾ ਜਿਹੜਾ ਛੁਪੇਗਾ ਨਹੀਂ, ਕਹਿ ਕੇ ਫਿਰ ਖਾਲਸਾ ਸਾਜਿਆ, ਹੋ ਨਹੀਂ ਸਕਦਾ। ਪਹਿਲੀ ਪਾਤਿਸ਼ਾਹੀ ਤੋਂ ਲੈ ਕੇ ਹੁਣ ਤਕ ਦੀ ਕੀਤੀ ਮਿਹਨਤ ਕਿਸ ਲੇਖੇ? ਜੇ ਹੁਣ ਤਕ ਸਿੱਖ ਐਨਾ ਡਰਪੋਕ ਸੀ ਕਿ ਸੀਸ ਵੀ ਨਹੀਂ ਸੀ ਚੁੱਕ ਸਕਦਾ ਆਪਣੇ ਮੁਰਸ਼ਦ ਦਾ। ਭਾਈ ਗੁਰਦਾਸ ਜੀ (ਦੂਜੇ) ਇਕ ਬੜੀ ਸੁੰਦਰ ਪੰਕਤੀ ਲਿਖਦੇ ਹਨ ਕਿ "*ਸਹਿਜੇ ਰਚਿਓ ਖਾਲਸਾ ॥*" ਖਾਲਸੇ ਦੀ ਉਤਪਤੀ ਕੇਵਲ ਇਕ ਦਿਨ ਦਾ ਫੈਸਲਾ ਨਹੀਂ ਇਹ ਤਾਂ ਵੇਈਂ ਨਦੀ ਦੇ ਕਿਨਾਰੇ ਬੈਠ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਕੀਤੇ ਸੰਕਲਪ ਦੀ ਸੰਪੂਰਨਤਾ ਹੈ। ਕਲਗੀਧਰ ਦੇ ਇਨ੍ਹਾਂ ਬਚਨਾਂ ਨੂੰ ਕਦੇ ਸ਼ਰਧਾ ਤੇ ਪਿਆਰ ਵਾਲੀ ਸੋਚ ਨਾਲ ਪੜ੍ਹ ਵੇਖੀਏ ਕਿ "*ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ*

ਮੌਜ ॥ " ਖਾਲਸਾ ਪਰਮਾਤਮਾ ਦੀ ਮੌਜ਼ ਵਿਚੋਂ ਪ੍ਰਗਟ ਹੋਇਆ ਹੈ। ਇਸ ਦੀ ਹਰ ਇਕ ਚੀਜ਼ ਅਦੁੱਤੀ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਪਾਤਿਸ਼ਾਹ ਪ੍ਰਮੇਸ਼ਵਰ ਦੇ ਘਰ ਗਏ, ਉਥੋਂ ਅੰਮ੍ਰਿਤ ਦਾ ਕਟੋਰਾ ਪੀਤਾ। ਹੁਣ ਇਹ ਅੰਮ੍ਰਿਤ ਦੇਹੀ ਰੂਪ ਵਿਚ ਰੱਖਿਆ ਗਿਆ ਸੀ, ਪਰ ਇਸ ਨੂੰ ਦੇਹੀ ਰੂਪ ਤੋਂ ਕੱਢ ਕੇ ਇਕ ਦਿਨ ਬਾਟੇ ਵਿਚ ਪਾਉਣ ਲਈ ਸਭ ਤੋਂ ਪਹਿਲਾਂ ਇਹ ਬਾਟਾ ਹੀ ਇਸ ਮੋਹ ਦੇ ਚਿੱਕੜ ਵਿਚੋਂ ਚੁੱਕਣਾ ਬਿਖਮ ਕਰਮ ਸੀ ਜਿਹੜਾ ਕੇ ਬਾਬਾ ਲਹਿਣਾ ਜੀ ਨੇ ਕੀਤਾ। ਇਹ ਹੀ ਬਾਟਾ ਸਿੱਖ ਦੇ ਹੱਥ ਵਿਚ ਦੇ ਦਿੱਤਾ ਪਰ ਹੋਕਾ ਇਹ ਹੀ ਲਾਇਆ ਕਿ ਹਾਲੇ ਅੰਮ੍ਰਿਤ ਬਾਟੇ ਵਿਚ ਨਹੀ, ਅੰਮ੍ਰਿਤ ਤਾਂ ਸਤਿਗੁਰੂ ਜੀ ਕੋਲ ਹੀ ਹੈ। ਬਚਨ ਪੜ੍ਹਦੇ ਹਾਂ –

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥

ਬਾਟੇ ਵਿਚ ਅੰਮ੍ਰਿਤ ਪਾ ਕੇ ਸਿੱਖ ਹੱਥ ਪਕੜਾਉਣ ਤੋਂ ਪਹਿਲਾਂ "*ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥*" ਦਾ ਤਿਆਗ ਕਰਨਾ ਸੀ। ਇਸ ਦੀ ਹੀ ਤਿਆਰੀ ਸੀ। ਫਿਰ ਬਚਨ ਆਖੇ "*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ*" ਭਾਵ ਅੰਮ੍ਰਿਤ ਦਾ ਖਜ਼ਾਨਾ ਸਤਿਗੁਰੂ ਜੀ ਕੋਲ ਹੈ। ਅੰਮ੍ਰਿਤ ਪ੍ਰਮੇਸ਼ਵਰ ਨੇ ਦਿੱਤਾ, ਬਾਟਾ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਬਾਬਾ ਲਹਿਣਾ ਜੀ ਕੋਲੋਂ ਮੋਹ ਦੇ ਚਿੱਕੜ ਵਿਚੋਂ ਕੱਢਵਾ ਲਿਆ ਤੇ ਖੰਡਾ ਛੇਵੇਂ ਪਾਤਿਸ਼ਾਹ ਦੀਆਂ ਪਹਿਨੀਆਂ ਦੋ ਕਿਰਪਾਨਾਂ ਰੂਪ ਧਾਰਨ ਕਰ ਗਈਆਂ। ਜਿਵੇਂ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਅਜੀਬ ਜਿਹਾ ਸਰੂਪ ਬਣਾ ਕੇ ਆਪਣੇ ਡੰਡੇ ਨਾਲ ਸਾਰਿਆਂ ਵਿਚੋਂ ਬਾਬਾ ਲਹਿਣਾ ਦੀ ਪਰਖ ਇਕ ਮੁਰਦਾ ਖਾਣ ਲਈ ਤਿਆਰ ਹੋਣ 'ਤੇ ਕੀਤੀ ਤਾਂ ਦਸਮ ਪਾਤਿਸ਼ਾਹ ਨੇ ਡੰਡੇ ਤੋਂ ਕਿਰਪਾਨ ਨਾਲ ਇਕ ਥਾਂ ਪੰਜ ਲਹਿਣੇ ਲਏ ਅਤੇ ਮੁਰਦਾ ਖਾਣ ਦੀ ਥਾਂ "*ਮੁਰਦਾ ਹੋਇ ਮੁਰੀਦ*" ਹੋਣਾ ਕਹਿ ਕੇ ਅੰਮ੍ਰਿਤ ਦਾ ਸੰਪੂਰਨ ਖਜ਼ਾਨਾ, ਖੰਡਾ ਬਾਟਾ ਤੇ ਜੁਗਤਿ ਖਾਲਸੇ ਨੂੰ ਬਖਸ਼ ਦਿੱਤੀ। ਆਪ ਵੀ ਮਿਨਤ ਨਾਲ ਮੰਗ ਕੇ ਛੱਕਿਆ ਸੀ। ਇਹ ਹੈ ਅਕਾਲ ਪੁਰਖ ਦੀ ਮੌਜ ਵਿਚੋਂ ਪੈਦਾ ਹੋਇਆ ਖਾਲਸਾ। ਇਸੇ ਕਰਕੇ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਸਾਜੇ ਖਾਲਸੇ ਨੂੰ "*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*" ਦੇ ਸੰਕਲਪ ਵਿਚ ਬੰਨ੍ਹਿਆਹੋਇਆਹੈ।

ਇਹ ਖਾਲਸਾ ਕਿਸੇ ਕੌਮ ਮਜ਼ਹਬ ਜਾਂ ਕਿਸੇ ਧਰਮ ਦੀ ਰਾਖੀ ਲਈ ਨਹੀਂ ਬਲਕਿ ਅਕਾਲ ਪੁਰਖ ਨੇ ਆਪਣੀ ਫੌਜ ਤਿਆਰ ਕੀਤੀ ਸੀ। ਰਾਜੇ ਦੀ ਫੌਜ ਦਾ ਅਰਥ ਰਾਜ ਵਿਚ ਕਿਸੇ ਨੂੰ ਵੀ ਲੋੜ ਪਵੇ, ਫੌਜ ਸਾਰੇ ਰਾਜ ਦੀ ਰਾਖੀ ਕਰਦੀ ਹੈ। ਕੋਈ ਵੀ ਰਾਜਾ ਆਪਣੀ ਫੌਜ ਕੇਵਲ ਇਕ ਤਰ੍ਹਾਂ ਦੇ ਹੀ ਲੋਕਾਂ ਲਈ ਨਹੀਂ ਬਣਾਉਂਦਾ। ਪ੍ਰਮੇਸ਼ਵਰ

ਦਾ ਰਾਜ ਸਾਰੀ ਲੋਕਾਈ 'ਤੇ ਹੈ, ਸੋ ਖਾਲਸਾ ਸਮੁੱਚੀ ਮਨੁੱਖਤਾ ਦਾ ਰਖਵਾਲਾ ਬਣਾਇਆ ਨਾ ਕਿ ਕਿਸੇ ਇਕ ਧਰਮ ਜਾਂ ਕੌਮ ਲਈ। ਇਹ ਤਾਂ ਗੋਕਲ ਚੰਦ ਨਰੰਗ ਦੇ ਕਥਨ ਮੁਤਾਬਿਕ ਜਿਹੜੀ ਕਿਰਪਾਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਭਾਲੀ, ਉਸਦਾ ਫੌਲਾਦ ਗੁਰੂ ਨਾਨਕ ਪਾਤਿਸ਼ਾਹ ਨੇ ਤਿਆਰ ਕੀਤਾ ਸੀ। ਖਾਲਸਾ ਕੇਵਲ ਇਕ ਦਿਨ ਦੀ ਗੱਲ ਨਹੀਂ, ਇਹ ਤਾਂ ਬਲਕਿ ਜਿਵੇਂ ਬੀਜ ਬੋ ਕੇ ਫਿਰ ਫਲ ਤਕ ਮਿਹਨਤ ਦਾ ਸਿੱਟਾ ਹੁੰਦਾ ਹੈ। ਇਸੇ ਤਰ੍ਹਾਂ ਮਾਨੋ ਇਹ ਤਾਂ ਇਕ ਅਜਿਹੀ ਖੇਤੀ ਤਿਆਰ ਕੀਤੀ ਸੀ। ਦਸਾਂ ਪਾਤਿਸ਼ਾਹੀਆਂ ਨੇ ਜਿਸ ਦੇ ਭੰਡਾਰੇ ਵਿੱਚ ਸਮੁੱਚੀ ਮਨੁੱਖਤਾ ਨੂੰ ਖੁਰਾਕ ਮਿਲਦੀ ਰਹੇ। ਇਕ ਵੱਖਰੀ ਸ਼ਰਧਾ ਵਾਲੀ ਅੱਖ ਨਾਲ ਵੇਖੋ ਤਾਂ ਸਪਸ਼ਟ ਦਿਸੇਗਾ। ਜਿਵੇਂ ਕਿਸਾਨ ਖੇਤ ਵਿਚ ਘੁੰਮ ਫਿਰ ਕੇ ਬੀਜ ਬੀਜਦਾ ਹੈ, ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਵਿਚ ਵਿਚਰਕੇ ਧਰਮ ਦਾ ਬੀਜ ਬੋਇਆ। ਗੁਰੂ ਅੰਗਦ ਸਾਹਿਬ ਜੀ ਨੇ ਇਸ ਬੀਜੀ ਖੇਤੀ ਦੀ ਗੋਡੀ ਕਰਕੇ ਕਰਤਾਰਪੁਰ ਸਾਹਿਬ ਵਿਖੇ ਨਦੀਨ ਚੁਣ ਕੱਢੇ। ਗੁਰੂ ਅਮਰਦਾਸ ਜੀ ਦੀ ਗਾਗਰ ਦਾ ਪਾਣੀ ਦਿੱਤਾ ਗਿਆ। ਫਿਰ ਜਦੋਂ ਫਸਲ ਵੱਡੀ ਹੋ ਜਾਵੇ ਤਾਂ ਬਾਹਰ ਰਾਖੀ ਲਈ ਬੈਠਣਾ ਪੈਂਦਾ ਹੈ ਫਿਰ ਗੁਰੂ ਰਾਮਦਾਸ ਜੀ ਨੇ ਥੜ੍ਹੇ ਬਣਾਏ ਜਿਥੇ ਬੈਠ ਕੇ ਸਿੱਖੀ ਦੀ ਸੰਭਾਲ ਕੀਤੀ। ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਛਾਲਿਆਂ ਤੇ ਹੱਡੀਆਂ ਦਾ ਚੂਰਮਾ ਪਾ ਕੇ ਖਾਦ ਪਾਈ। ਛੇਵੇਂ ਪਾਤਿਸ਼ਾਹ ਨੇ ਬਾਹਰੋਂ ਕੋਈ ਆਵਾਰਾ ਪਸ਼ੂਆਂ ਤੋਂ ਹਿਫਾਜ਼ਤ ਲਈ ਹਥਿਆਰਾਂ ਦੀ ਵਾੜ ਕਰ ਦਿੱਤੀ। ਪਰ ਜ਼ਰੂਰੀ ਨਹੀਂ ਖੇਤੀ ਬਾਹਰੋਂ ਉਜਾੜੀ ਜਾਏ, ਕਈ ਵਾਰੀ ਅੰਦਰੋਂ ਵੀ ਕੀੜਾ ਲੱਗ ਜਾਂਦਾ ਹੈ । ਸੋ ਸੱਤਵੇਂ ਪਾਤਿਸ਼ਾਹ ਜੀ ਨੇ ਅੰਦਰੋਂ ਹੀ ਖੇਤੀ ਲਈ ਪੈਦਾ ਹੋਏ ਖਤਰਨਾਕ ਕੀੜੇ ਬਾਬਾ ਰਾਮ ਰਾਏ ਜੀ ਨੂੰ ਪੁੱਟ ਕੇ ਖੇਤੋਂ ਹੀ ਬਾਹਰ ਕਰ ਦਿੱਤਾ। ਗੁਰੂ ਹਰਿ ਕ੍ਰਿਸ਼ਨ ਜੀ ਨੇ ਤੁਅਸਬ ਦੇ ਤੇਜ਼ ਤੋਂ ਬਚਾਉਣ ਲਈ ਬਾਲੜੀ ਉਮਰ ਵਿਚ ਹੀ ਔਰੰਗਜ਼ੇਬ ਵਰਗਿਆਂ ਤੋਂ ਬਚਾਈ ਰੱਖਿਆ ਤੇ ਕੋਈ ਮੇਲ ਜੋਲ ਨਾ ਕੀਤਾ ਜਦਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨਾਂ ਲਈ ਔਰੰਗਜੇਬ ਦਿੱਲੀ ਵਿਚ ਹੀ ਤੜਪਦਾ ਰਿਹਾ। ਇਸ ਸਾਰੀ ਤਿਆਰ ਹੋਈ ਖੇਤੀ ਨੂੰ ਮਨੁੱਖਤਾ ਦੇ ਹਵਾਲੇ ਕਰਨ ਤੋਂ ਪਹਿਲਾਂ ਇਕ ਸਿੱਟਾ (ਬਾਲੀ) ਤੋੜ ਕੇ ਸੰਪੂਰਨਤਾ ਵੇਖੀ ਗਈ ਜਦੋਂ ਕਿਸੇ ਦੀ ਥਾਂ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਿੱਤੀ। ਫਿਰ ਦਸਵੇਂ ਪਾਤਿਸ਼ਾਹ ਜੀ ਨੇ ਆਪਣਾ ਸਾਰਾ ਪਰਿਵਾਰ ਤੇ ਸਭ ਕੁਝ ਇਸ ਮਨੁੱਖਤਾ ਲਈ ਤਿਆਰ ਕੀਤੀ ਖੇਤੀ ਮਨੁੱਖਤਾ ਦੇ ਹਵਾਲੇ ਕਰ ਗਏ। ਇਹ ਖਾਲਸਾ ਅਕਾਲ ਦੀ ਮੌਜ ਵਿਚੋਂ ਪ੍ਰਗਟਿਆ ਹੈ। ਇਸੇ ਲਈ ਰੋਜ਼ ਬਚਨ ਪੜ੍ਹਦੇ ਹਾਂ, ਨਾ ਕਿ ਹਿੰਦੂ ਧਰਮ ਦੀ ਰਾਖੀ ਲਈ –

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥

ਅਨੰਦਪੁਰ ਵਾਸੀ

ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਹਰ ਸੁਭਾਗੇ ਜੀਵ ਨੂੰ ਗੁਰੂ ਜੀ ਪੰਜਾਂ ਪਿਆਰਿਆਂ ਦੇ ਰੂਪ ਵਿਚ ਇਕ ਉਪਦੇਸ਼ ਕਰਦੇ ਹਨ ਕਿ ਭਾਈ ਅੱਜ ਤੋਂ ਬਾਅਦ ਤੁਸੀਂ ਅਨੰਦਪੁਰ ਦੇ ਵਾਸੀ ਹੋ। ਇਕ ਵਿਚਾਰਨ ਯੋਗ ਗੱਲ ਹੈ ਕਿ ਮੈਂ ਅਨੰਦਪੁਰ ਦਾ ਵਾਸੀ ਕਿਵੇ 'ਹਾਂ ? ਸਰੀਰਕ ਤੌਰ 'ਤੇ ਮੇਰਾ ਨਿਵਾਸ ਕੁਝ ਵੱਖਰਾ ਹੈ, ਕਿਸੇ ਹੋਰ ਪਿੰਡ ਜਾਂ ਸ਼ਹਿਰ ਵਿਚ, ਇਹ ਵੀਚਾਰ ਹਰ ਪ੍ਰੇਮੀ ਨੇ ਸੁਣੀ ਹੋਵੇਗੀ, ਆਉ ਵੀਚਾਰੀਏ। ਆਪਾਂ ਅਨੰਦਪੁਰ ਵਾਸੀ ਕਿਵੇ 'ਹਾਂ ? ਸਤਿਗੁਰੂ ਜੀ ਨੇ ਅੰਮ੍ਰਿਤ ਛਕਾਣ ਲਈ ਜਿਨ੍ਹਾਂ ਪਵਿੱਤਰ ਪੰਜਾਂ ਬਾਣੀਆਂ ਦਾ ਪਾਠ ਕੀਤਾ ਇਨ੍ਹਾਂ ਵਿਚ ਹੀ ਅਸਲ ਵਿੱਚ ਅਨੰਦਪੁਰ ਵਾਸੀ ਹੋਣ ਦਾ ਸਬਕ ਦ੍ਰਿੜ੍ਹ ਕਰਵਾ ਦਿੱਤਾ। ਆਪਾਂ ਸੰਖੇਪ ਜਿਹੀ ਇਕ ਇਕ ਬਾਣੀ ਦੀ ਕੁਝ ਵੀਚਾਰ ਕਰਦੇ ਹਾਂ। ਸਭ ਤੋਂ ਪਹਿਲੀ ਬਾਣੀ 'ਜਪੁਜੀ ਸਾਹਿਬ' ਦੀ ਹੈ। ਇਹ ਬਾਣੀ ਪਹਿਲੇ ਪਾਤਿਸ਼ਾਹ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਪਹਿਲੇ ਸਥਾਨ 'ਤੇ ਸੁਸ਼ੋਭਿਤ ਹੈ। ਅੰਮ੍ਰਿਤ ਛਕਾਉਣ ਵੇਲੇ ਸਭ ਤੋਂ ਪਹਿਲਾਂ ਇਹ ਬਾਣੀ ਹੀ ਪੜ੍ਹੀ ਗਈ ਸੀ।

'ਜਪੁਜੀ ਸਾਹਿਬ' ਅੰਦਰ ਮਨੁੱਖੀ ਜੀਵਨ ਦੀ ਘਾੜਤ ਹੈ ਭਾਵ ਅਨੰਦਪੁਰੀ ਵੱਲ ਚਲਣ ਦੀ ਤਿਆਰੀ ਹੈ, ਕਿਉਂਕਿ ਮਨੁੱਖ ਸੁਣਨਾ, ਮੰਨਣਾ, ਹੁਕਮੀ ਬੰਦਾ ਬਣਨਾ, ਇਥੇ ਹੀ ਬਸ ਨਹੀਂ, ਦੁਨੀਆਂ ਦੇਖਣ ਦਾ ਢੰਗ ਵੱਖਰਾ ਕਰਨਾ, ਸਾਈ ਭਲੀਕਾਰ ਦਾ ਸਬਕ ਪੜ੍ਹਨਾ, ਬੇਅੰਤਤਾ ਦੇ ਅਗੰਮੀ ਸਰੂਰ ਵਿੱਚ ਪ੍ਰੋਤੇ ਜਾਣਾ, ਅਮੁੱਲ ਗੁਣ ਦਾ ਧਾਰਨੀ ਹੈ, ਅਮੁੱਲ ਦੇ ਦਰਬਾਰ ਦਾ ਪਾਂਧੀ ਬਣ ਜਾਣਾ, ਸਭ ਕੁਝ ਜੀਵਨ ਦੀ ਘਾੜਤ ਹੈ। ਤੁਰਨ ਤੋਂ ਪਹਿਲਾ ਬਹੁਤ ਤਿਆਰੀ ਦੀ ਜ਼ਰੂਰਤ ਹੁੰਦੀ ਹੈ। ਹੁਣ ਤਕ ਬਹੁਤੀ ਘਾੜਤ ਮਨ ਦੀ ਹੀ ਸੀ, ਪਰ ਇਸ ਤੋਂ ਅੱਗੇ ਸੁਰਤਿ ਮਤਿ ਬੁਧਿ ਇਹ ਵੀ ਘੜੇ ਗਏ। ਅੱਗੇ ਖੰਡਾਂ 'ਤੇ ਪਹੁੰਚ ਸਭ ਕੁਝ ਭਾਵ "*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ*" ਕਿਸੇ ਵਿਉਂਤਬੱਧ ਹੋ ਜਾਂਦਾ ਹੈ। ਜੀਵ ਸੱਚ ਖੰਡ ਦੇ ਵਾਸੀ ਦਾ ਦੀਦਾਰ ਕਰਕੇ ਦੁਨੀਆਂ ਤੋਂ ਬੇਗਮਪੁਰੇ ਤਕ ਪਹੁੰਚਣ ਲਈ ਮਾਨੋ ਆਪਣੀ ਯਾਤਰਾ ਆਰੰਭ ਕਰ ਦਿੰਦਾ ਹੈ।

'ਜਪੁਜੀ ਸਾਹਿਬ' ਤੋਂ ਅਗਲੀ ਬਾਣੀ ਦਸਮੇਸ਼ ਜੀ ਦੇ ਪਾਵਨ ਮੁਖਾਰਬਿੰਦ ਤੋਂ ਉਚਾਰੀ ਦਸਮ ਗ੍ਰੰਥ ਦੀ ਪਹਿਲੀ ਬਾਣੀ 'ਜਾਪੁ ਸਾਹਿਬ' ਹੈ। ਜਦੋਂ ਮਨੁੱਖ ਤੁਰਦਾ ਹੈ, ਤੁਰਨ ਲੱਗਿਆਂ ਦੁਨੀਆਂ ਦੀ ਮਮਤਾ ਮੋਹ ਅਤੇ ਵਿਕਾਰ ਆਦਿਕ ਵੀ ਰੁਕਾਵਟਾਂ ਹਨ ਪਰ ਜਦੋਂ ਤੁਰ ਪੈਂਦਾ ਹੈ ਤਾਂ ਹਰ ਜੀਵ ਦਾ ਧਿਆਨ ਮੰਜ਼ਿਲ ਵੱਲ ਹੋ ਜਾਇਆ ਕਰਦਾ ਹੈ। ਹਰ ਮਾਰਗ ਪਾਂਧੀ

ਵੀ ਬਹੁਤੀ ਵਾਰੀ ਇਹੋ ਹੀ ਪੁੱਛਦੇ ਹਨ ਕਿ ਕਿਥੇ ਜਾਣਾ ਹੈ ? ਇਸ ਜ਼ੁਬਾਨ ਉਪਰ ਕੇਵਲ ਤੇ ਕੇਵਲ ਮੰਜ਼ਿਲ ਹੀ ਰਹਿ ਜਾਂਦੀ ਹੈ। ਇਹੋ ਹੀ ਕਾਰਨ ਹੈ ਕਿ 'ਜਾਪ ਸਾਹਿਬ' ਵਿਚ ਕੇਵਲ ਪ੍ਰਮੇਸ਼ਵਰ ਵਾਹਿਗੁਰੂ ਜੀ ਦੀ ਹੀ ਵੱਖਰੇ ਵੱਖਰੇ ਨਾਂਵਾਂ ਨਾਲ ਉਸਤਤਿ ਹੈ। ਹੋਰ ਹੁਣ ਜੀਵਨ ਦੀ ਕੋਈ ਘਾੜਤ ਨਹੀਂ। ਇਥੇ ਮਨੁੱਖ ਪਹੁੰਚਦਿਆਂ ਸਾਰ "*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ*" ਦਾ ਧਾਰਨੀ ਹੋ ਗਿਆ। ਹੁਣ ਗੱਲ ਆਪਣੀ ਨਹੀਂ ਬਲਕਿ ਸੁਰਤਿ ਸਿਫਤੀ ਪ੍ਰੋਤੀ ਗਈ। ਜਪੁ ਦਾ ਅਰਥ ਅਭਿਆਸ ਪਰ ਜਾਪ ਦਾ ਅਰਥ ਅਭਿਆਸੀ ਹੋ ਚੁੱਕਾ ਹੈ, ਆਪ ਮੁਹਾਰੇ ਪ੍ਰਮੇਸ਼ਵਰ ਦੀ ਸਿਫਤ ਸਲਾਹ ਕਰਦਾ ਹੈ। ਇਥੇ ਪਹੁੰਚ ਕੇ ਹੰਕਾਰ ਦਾ ਕੋਈ ਵਜ਼ਨ ਨਹੀਂ, ਹਲਕਾ ਫੁਲਕਾ ਹੋ ਗੁਣ ਗਾਉਂਦਾ ਜਾ ਰਿਹਾ ਹੈ।

'ਜਾਪੁ ਸਾਹਿਬ' ਤੋਂ ਅਗਲੀ ਬਾਣੀ 'ਸਵੱਯੇ' ਹੈ। ਇਸ ਅਵਸਥਾ ਵਿਚ ਜੀਵ ਸੱਚ ਤੇ ਕੂੜ ਦੀ ਪੂਰੀ ਪਹਿਚਾਨ ਕਰ ਚੁੱਕਾ ਹੈ। ਅਸਲ ਵਿਚ ਪਹਿਚਾਨ ਕਰਨੀ ਹੀ ਔਖੀ ਹੁੰਦੀ ਹੈ। ਪਹਿਚਾਨ ਹੋ ਜਾਏ ਤਾਂ ਘਰ ਦਾ ਸਾਰਾ ਕੂੜਾ ਕਰਕਟ ਸਾਫ ਕਰਕੇ ਬਾਹਰ ਸੁੱਟ ਦਿੰਦਾ ਹੈ। ਕਿਸੇ ਨੂੰ ਪੁੱਛਣ ਦੱਸਣ ਦੀ ਲੋੜ ਨਹੀਂ। ਇਥੇ ਪਹੁੰਚ ਕੇ ਦੁਨੀਆਂ ਦੇ ਮਿਥੇ ਕਰਮ ਕਾਂਡ ਨਹੀ ਕਰਦਾ ਕਿਉਂਕਿ ਬੋਧ ਹੋ ਗਿਆ ਕਿ ਉਸ ਆਨੰਦ ਦੀ ਪ੍ਰਾਪਤੀ ਲਈ ਕੇਵਲ ਤੇ ਕੇਵਲ ਪ੍ਰੇਮ ਦਾ ਧਾਰਨੀ ਹੋਣਾ ਪੈਂਦਾ ਹੈ। ਇਹ ਤਾਂ ਹੁਕਮੀ ਅਤੇ ਪ੍ਰੇਮ ਦਾ ਪੈਂਡਾ ਹੈ। ਸਭ ਤੋਂ ਵੱਡੀ ਮੁਥਾਜਗੀ ਜੀਵ ਲਈ ਮਾਇਆ ਦੀ ਹੈ। ਤੀਸਰੀ ਬਾਣੀ ਦਾ ਪਵਿੱਤਰ ਉਪਦੇਸ਼ ਹਿਰਦੇ ਵਿਚ ਵੱਸ ਗਿਆ ਤਾਂ ਫਿਰ "*ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਇ ਪਧਾਰੇ*" ਗਾਉਣ ਵਾਲਾ ਇਹ ਸਭ ਤਿਆਗਦਾ ਨਹੀਂ ਬਲਕਿ ਆਪਣੇ ਆਪ ਨੂੰ ਇਨ੍ਹਾਂ ਤੋਂ ਮੁਕਤ ਕਰ ਜਾਣਨ ਲੱਗ ਪੈਂਦਾ ਹੈ। ਜਿਸ ਦਿਨ ਵੀ ਮਾਇਆ ਦਾ ਪ੍ਰਭਾਵ ਖਤਮ ਹੋ ਗਿਆ, ਉਸੇ ਦਿਨ ਹੀ ਮਾਇਆ ਮਿਲ ਪੈਂਦੀ ਹੈ। ਦੁਨੀਆਂ ਵਿਚ ਦੋ ਹੀ ਵੱਡੀਆਂ ਤਾਕਤਾਂ ਹਨ - ਇਕ ਮਇਆ, ਦੂਜੀ ਮਾਇਆ। ਜਿਹੜਾ ਮਾਇਆ ਦਾ ਗੁਲਾਮ ਹੈ, ਉਹ ਮਇਆ ਦਾ ਧਾਰਨੀ ਨਹੀਂ ਹੁੰਦਾ ਪਰ ਜਿਹੜਾ ਮਾਇਆ 'ਤੇ ਜਿੱਤ ਹਾਸਿਲ ਕਰ ਲੈਂਦਾ ਹੈ ਉਹ ਫਿਰ ਮਇਆ ਭਾਵ ਬਖਸਿਸ਼ ਦੇ ਰੰਗ ਵਿਚ ਰੰਗਿਆ ਜਾਂਦਾ ਹੈ।

ਇਸ ਪਾਂਧੀ ਦੀ ਜਿੰਦਗੀ ਦਾ ਅਗਲਾ ਪੜਾਅ ਹੁਣ "*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ*" ਹੁੰਦਾ ਹੈ। ਇਥੇ ਪਹੁੰਚ ਕੇ ਜੀਵ ਸੱਚੀ ਪ੍ਰੀਤ ਦਾ ਧਾਰਨੀ ਹੋ ਜਾਂਦਾ ਹੈ। ਸੱਚੀ ਪ੍ਰੀਤ ਪਾ ਕੇ ਹਿਰਦੇ ਦੀ ਦੁਨੀਆਂ ਵਿਚੋਂ ਅਰਜ਼ੋਈਆਂ ਨਿਕਲਦੀਆਂ ਹਨ ਜਿਹੜੀਆਂ ਇਸ ਚੌਥੀ ਬਾਣੀ ਵਿਚ ਅੰਕਿਤ ਹਨ, ਹੇ ਪ੍ਰਮੇਸ਼ਵਰ ! ਮੇਰੀ ਹੱਥ ਦੇ ਕੇ ਰੱਛਾ ਕਰ। ਰੱਛਾ ਕਿਸ ਗੱਲ ਦੀ ਕਿ ਮੇਰਾ ਮਨ ਸਦਾ ਹੀ ਆਪ ਜੀ ਦੇ ਚਰਣਾਂ ਵਿੱਚ ਨਿਵਾਸ ਕਰੇ। ਮੈਨੂੰ ਅਪਣਾ ਲੈ, ਮੇਰੇ ਮਾਲਕ ਜੀ ! ਹੁਣ ਮੈਂ ਤੇਰਾ ਹੀ ਹੋਣਾ ਚਾਹੁੰਦਾ ਹਾਂ ਬਾਕੀ ਤਾਂ ਜਗਤ ਦੀ ਪ੍ਰੀਤ ਹੁਣ ਝੂਠੀ

ਨਜ਼ਰ ਆਉਂਦੀ ਹੈ।

ਅਖੀਰ ਵਿੱਚ ਪੜ੍ਹੀ ਪਵਿੱਤਰ ਬਾਣੀ 'ਅਨੰਦੁ ਸਾਹਿਬ, ਆਨੰਦ, ਹਰਖ, ਸੋਗ, ਦੁੱਖ, ਕਲਿ ਕਲੇਸ਼ ਸਭ ਦੁਨੀਆਂ ਦੀ ਪਕੜ ਤੋਂ ਉੱਤੇ ਦਾ ਇਕ ਅਧਿਆਤਮਿਕ ਸਦੀਵੀ ਪੜਾਅ ਹੈ ਜਿਥੇ ਜ਼ਿੰਦਗੀ ਵਿੱਚ ਕੋਈ ਕਾਹਲਾਪਣ, ਉਲਾਰ ਨਹੀਂ ਸਗੋਂ ਇਕ ਰਸ ਗੁਰੂ ਨਾਲ ਅਭੇਦ ਹੋਈ ਜ਼ਿੰਦਗੀ ਦੀ ਰੁਮਕ ਹੈ। ਜ਼ੁਬਾਨ ਦਾ ਸ਼ਿੰਗਾਰ ਬਣ ਗਈਆਂ ਇਹ ਪੰਕਤੀਆਂ ਕਿ ਹੇ ਮੇਰੀ ਮਾਂ, ਮੈਂ ਆਨੰਦ ਪ੍ਰਾਪਤ ਕਰ ਲਿਆ। ਅਸਲ ਵਿਚ ਸਤਿਗੁਰੂ ਮੈਂ ਹੁਣ ਪਾਇਆ ਹੈ ਭਾਵ ਮੇਰੇ ਹਿਰਦੇ ਵਿੱਚ ਗੁਰੂ ਜੀ ਦਾ ਪਵਿੱਤਰ ਨਿਵਾਸ ਬਣ ਗਿਆ ਹੈ। *"ਅਨੰਦੁ ਭਇਆ ਮੇਰੀ ਮਾਏ"* ਤੋਂ ਸ਼ੁਰੂ ਹੋ ਕੇ *"ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ"* ਤਕ ਪੰਧ ਮੁਕਾ ਚੁੱਕਾ ਹੈ। ਅਸਲ ਆਨੰਦ ਜ਼ਿੰਦਗੀ ਦਾ ਮਿਲਦਾ ਹੀ ਉਦੋਂ ਹੈ ਜਦੋਂ ਕੋਈ ਵੀ ਮਨੋਰਥ ਅਧੂਰਾ ਨਾ ਹੋਵੇ। ਸਾਰੀਆਂ ਖਾਹਿਸ਼ਾਂ ਪੂਰੀਆਂ ਹੋ ਚੁੱਕੀਆਂ ਹਨ। ਕੇਵਲ ਖਾਹਿਸ਼ਾਂ ਹੀ ਨਹੀਂ ਸਗੋਂ *"ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ"* ਹੋ ਗਿਆ ਹੈ।

ਇਸ ਤਰ੍ਹਾਂ ਸਤਿਗੁਰੂ ਜੀ ਨੇ ਕਿਰਪਾ ਕਰ ਆਪਣੀ ਬਖਸ਼ਿਸ਼ ਦੀ ਉਂਗਲ ਪਕੜਾ ਕੇ ਜੀਵ ਨੂੰ ਇਸ ਤ੍ਰਿਸ਼ਨਾ ਦੀ ਅੱਗ ਵਿੱਚ ਸੜਦੀ ਭੁੱਜਦੀ ਦੁਨੀਆਂ ਵਿਚੋਂ ਅਨੰਦਪੁਰੀ ਦਾ ਵਾਸੀ ਬਣਾ ਦਿੱਤਾ। ਇਹ ਆਨੰਦਪੁਰੀ ਦਾ ਵਾਸੀ ਦੁਨੀਆਂ ਤਕ ਹੀ ਸੀਮਤ ਨਹੀਂ ਹੁੰਦਾ ਇਹ ਤਾਂ ਫਿਰ ਇਹ ਲੋਕ ਸੁਖੀਏ ਤੇ ਪ੍ਰਲੋਕ ਸੁਹੇਲੇ ਹੋਣ ਤਕ ਪੂਰਨ ਸਾਥ ਦਿੰਦਾ ਹੈ ਕਿਉਂਕਿ *"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥"* ਕਿਸੇ ਨਰਕ ਸਵੱਰਗ ਵਿਚ ਨਹੀਂ ਜਾਂਦੀ। ਅਜਿਹੀ ਪਵਿੱਤਰ ਆਤਮਾ ਇਹ ਤਾਂ *"ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥"* ਦੇ ਮੁਕਾਮ 'ਤੇ ਪਹੁੰਚ *"ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥"* ਹੋ ਜਾਂਦੀ ਹੈ। ਪਰ ਇਹ ਹਮੇਸ਼ਾਂ ਖ਼ਿਆਲ ਰੱਖਣਾ ਕਿ -

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

ਇਥੇ ਵੀ ਗੋਬਿੰਦ ਦੀ ਵਸਾਈ ਆਨੰਦ ਦੀ ਪੁਰੀ ਦਾ ਵਾਸੀ ਤੇ ਅਖੀਰ ਗੋਬਿੰਦ ਸਿਉ ਅਭੇਦਤਾ ਮਿਲ ਜਾਂਦੀ ਹੈ। ਇਸ ਤਰ੍ਹਾਂ ਇਨ੍ਹਾਂ ਪੰਜਾਂ ਬਾਣੀਆਂ ਵਿੱਚ ਸਦਾ ਅਨੰਦਪੁਰ ਦਾ ਵਾਸੀ ਹੋਣ ਦੀ ਜੁਗਤਿ ਤੇ ਮਾਰਗ ਪ੍ਰਦਾਨ ਕੀਤਾ ਹੋਇਆ ਹੈ ਜਿਹੜਾ ਇਕ ਵੱਖਰੀ ਅੱਖ ਨਾਲ ਤੱਕਿਆਂ ਸਪੱਸ਼ਟ ਨਜ਼ਰ ਆ ਜਾਂਦਾ ਹੈ।

ਵਿਕਾਰ ਤੋਂ ਸਾਕਾਰ

ਸਿੱਖ ਧਰਮ ਦੀ ਮਹਾਨ ਵਿਲੱਖਣਤਾ ਹੈ ਕਿ ਇਥੇ ਕਾਦਰ ਦੀ ਬਣਾਈ ਕੁਦਰਤ ਨਾਲ ਵਿਰੋਧਤਾ ਕਰਨ ਦੀ ਥਾਂ, ਕੁਦਰਤ ਦੇ ਮਾਲਿਕ ਦੀ ਆਗਿਆ ਦਾ ਪਾਲਣ ਕਰਕੇ ਸਾਈਂ ਦਾ ਰੂਪ ਹੋਣਾ ਹੈ। 'ਜਪੁਜੀ ਸਾਹਿਬ' ਵਿਚ "*ਹੁਕਮਿ ਰਜਾਈ ਚਲਣਾ*" ਕੇਵਲ ਹੁਕਮ ਮੰਨਣ ਤਕ ਹੀ ਸੀਮਿਤ ਨਹੀ ਹੈ। ਪ੍ਰਮੇਸ਼ਵਰ ਨੇ ਕੁਦਰਤ ਬਣਾ ਕੇ ਇਸ ਅੰਦਰ ਕਾਮ, ਕਰੋਧ, ਲੋਭ, ਮੋਹ ,ਅਹੰਕਾਰ ਪੈਦਾ ਕਰ ਦਿੱਤੇ। ਜਿਸ ਵਿਚ ਸਾਰਾ ਜਗਤ ਉਲਝ ਗਿਆ। ਅਸਲ ਵਿਚ ਇਹ ਵਿਕਾਰ ਜੀਵ ਨੇ ਬਣਾ ਲਏ, ਪਰ ਹੈ ਨਹੀਂ ਸਨ। ਇਨ੍ਹਾਂ ਨੂੰ ਕਾਬੂ ਕਰਕੇ ਤੁਰਨਾ ਵੀ ਹੁਕਮ ਰਜ਼ਾਈ ਪੈਂਡਾ ਹੈ। ਸਾਰੀ ਜਿੰਦਗੀ ਇਨ੍ਹਾਂ ਦੀ ਲੜਾਈ ਵਿਚ ਉਲਝ ਨਹੀਂ ਮਰਨਾ ਹੈ। ਜਿਵੇਂ ਬੰਦਗੀ ਕਰਨ ਵਾਲਾ ਪੁਰਸ਼ ਇਕ ਮੁਕਾਮ 'ਤੇ ਪਹੁੰਚ ਇਹ ਹੋਕਾ ਲਾਉਂਦਾ ਹੈ ਕਿ "*ਹਮ ਨਹੀ ਚੰਗੇ ਬੁਰਾ ਨਹੀ ਕੋਇ*" ਜਾਂ ਫਿਰ "*ਸਭੁ ਕੋ ਮੀਤੁ ਹਮ ਆਪਨ ਕੀਨਾ*" "*ਨਾ ਕੋ ਬੈਰੀ ਨਹੀ ਬਿਗਾਨਾ*" ਆਦਿਕ ਤਾਂ ਫਿਰ ਉਸਨੂੰ ਪ੍ਰਮਾਤਮਾ ਵੀ "*ਆਪਿ ਭਲਾ ਕਰਤੂਤਿ ਅਤਿ ਨੀਕੀ ॥*" ਨਜ਼ਰ ਆਉਣ ਲੱਗ ਪੈਂਦਾ ਹੈ। ਇਸੇ ਤਰ੍ਹਾਂ ਕਿਧਰੇ ਸਮਝਣ ਵਿਚ ਕਮੀ ਹੈ ਪਰ ਇਹ ਵਿਕਾਰ ਨਹੀਂ ਬਲਕਿ ਸਾਕਾਰ ਹਨ ਬਾਕੀ ਸਾਰੀ ਕਾਇਨਾਤ ਵਿਚ ਵੀ ਇਹ ਬ੍ਰਿਤੀਆਂ ਪਾਈਆਂ ਗਈਆਂ ਹਨ ਪਰ ਫਰਕ ਸਿਰਫ ਇਨ੍ਹਾਂ ਹੀ ਹੈ ਕਿ ਮਨੁੱਖ ਧਰਤੀ ਦਾ ਅਸ਼ਰਫ-ਉਲ-ਮਖਲੁਕਾਤ ਹੋਣ ਕਰਕੇ ਇਸ ਨੂੰ ਪੰਜ ਹੀ ਸੰਭਾਲ ਦਿੱਤੇ ਤੇ ਇਨ੍ਹਾਂ ਨੂੰ ਕਾਬੂ ਕਰਨਾ ਵੀ ਇਸੇ ਦੇ ਹੱਥ ਪਕੜਾ ਦਿੱਤਾ ਬਾਕੀ ਪਸ਼ੂ ਪੰਛੀਆਂ ਨੂੰ ਤੱਕਦੇ ਹਾਂ ਤਾਂ ਲੋਭ, ਮੋਹ, ਕਾਮ, ਕਰੋਧ ਆਦਿਕ ਬ੍ਰਿਤੀਆ ਸਾਰਿਆਂ ਦੀਆਂ ਹੀ ਹਨ। ਇਨ੍ਹਾਂ ਨੂੰ ਕਾਬੂ ਪ੍ਰਮੇਸ਼ਵਰ ਨੇ ਆਪ ਕੀਤਾ ਹੋਇਆ ਹੈ। ਇਸ ਲਈ ਪਸ਼ੂ ਪੰਛੀ ਕਿਸੇ ਹੱਦ ਤਕ ਹੀ ਇਨ੍ਹਾਂ ਨੂੰ ਧਾਰਨ ਕਰ ਸਕਦੇ ਹਨ ਫਿਰ ਆਪਣੇ ਆਪ ਹੀ ਖਤਮ ਹੋ ਜਾਂਦੀਆਂ ਹਨ ਜਾਂ ਫਿਰ ਜਿਨ੍ਹਾਂ ਜੀਵਾਂ ਨੇ ਇਹ ਕਮਜ਼ੋਰੀਆਂ ਬਣਾ ਲਈਆਂ ਉਨ੍ਹਾਂ ਦੀਆਂ ਉਦਾਹਰਣਾਂ ਨਾਲ ਮਨੁੱਖ ਨੂੰ ਸਮਝਾਇਆ ਗਿਆ

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥

ਜਾਂ ਫਿਰ

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ_......
ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥

ਅੰਮ੍ਰਿਤ ਬਾਣੀ ਵਿੱਚ ਅਜਿਹੇ ਬਹੁਤ ਸ਼ਬਦ ਹਨ ਜਿਥੇ ਇਨ੍ਹਾਂ ਦਾ ਜ਼ਿਕਰ ਚਲਦਾ ਹੈ ਕਿ ਕਿਵੇਂ ਇਹ ਵਿਕਾਰ ਬਣ ਕੇ ਜੀਵ ਨੂੰ ਲੁੱਟਦੇ ਹਨ। ਵੰਨਗੀ ਮਾਤਰ:-

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥

ਗੁਰੂ ਤੋਂ ਵਿਛੜ ਕੇ "*ਏਤੇ ਚਾਨਣ ਹੋਂਦਿਆ ਗੁਰੂ ਬਿਨ ਘੋਰ ਅੰਧਾਰ*" ਹੋਣ ਕਰਕੇ ਦੁਖੀ ਹੈ, ਕਿਉਂਕਿ ਹਨੇਰੇ ਵਿਚ ਪਹਿਚਾਣ ਖਤਮ ਹੋ ਜਾਂਦੀ ਹੈ। ਪੰਚਮ ਗੁਰੂ ਜੀ ਦਾ ਬਚਨ ਹੈ -

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥

ਸੋ ਇਹ ਵਿਕਾਰ ਜਿਹੜੇ ਜਗਤ ਵਿਚ ਭਟਕਣਾ ਦਾ ਕਾਰਨ ਹਨ। ਗੁਰੂ ਜੀ ਦੀ ਬਖਸ਼ਿਸ਼ ਸਦਕਾ ਸਾਕਾਰ ਹੋ ਕੇ ਮਿਲਾਪ ਦਾ ਸਾਧਨ ਬਣ ਜਾਂਦੇ ਹਨ। ਬਸ ਥੋੜ੍ਹਾ ਜਿਹਾ ਸਮਝਣ ਦੀ ਲੋੜ ਹੈ। ਆਉ ਇਕ-ਇਕ 'ਤੇ ਥੋੜ੍ਹਾ ਵਿਚਾਰ ਕਰਕੇ ਦੇਖੀਏ।

ਕਾਮ

ਸਭ ਤੋਂ ਪਹਿਲਾਂ ਤੇ ਪ੍ਰਮੁੱਖ ਕਾਮ ਹੈ। ਇਹ ਸਾਰੇ ਸੰਸਾਰ ਦੀ ਉਤਪਤੀ ਦਾ ਸਾਧਨ ਹੈ। ਨਰ ਤੇ ਮਾਦਾ ਦਾ ਮਿਲਾਪ ਪ੍ਰਮੇਸ਼ਵਰ ਨੇ ਆਪ ਹੀ ਇਕ ਖਿੱਚ ਦਾ ਕਾਰਨ ਬਣਾ ਦਿੱਤਾ, ਜਿਸ ਨਾਲ ਸੰਸਾਰ ਦੀ ਉਤਪਤੀ ਹੁੰਦੀ ਹੈ। ਅੱਜ ਸਾਇੰਸ ਨੇ ਸਾਡੇ ਸਾਹਮਣੇ ਕਰ ਦਿੱਤਾ ਕਿ ਬਨਾਸਪਤੀ ਵਿਚ ਵੀ ਨਰ ਤੇ ਮਾਦਾ ਹਨ ਜਿਨ੍ਹਾਂ ਦਾ ਮਿਲਾਪ ਸ਼ਹਿਦ ਦੀਆਂ ਮੱਖੀਆਂ ਜਾਂ ਫਿਰ ਹਵਾ ਰਾਹੀਂ ਹੁੰਦਾ ਹੈ। ਕਰੀਬ-ਕਰੀਬ ਮਾਦਾ ਦੀ ਹੀ ਡਿਊਟੀ ਪੈਦਾਇਸ਼ ਦੀ ਹੈ ਜਿਵੇਂ ਨਰ ਨੂੰ ਫਲ ਬਹੁਤ ਘੱਟ ਤੇ ਫੁੱਲ ਜ਼ਿਆਦਾ ਲੱਗਦੇ ਹਨ। ਪਸ਼ੂ ਪੰਛੀ ਵੀ ਗ੍ਰਹਿਸਤ ਨਿਭਾਉਂਦੇ ਹਨ। ਪਰ ਮਨੁੱਖ ਨੇ ਕਾਮ ਨੂੰ ਉਤੱਪਤੀ ਦੀ ਥਾਂ ਰਸ ਭੋਗਣ ਲਈ ਬਣਾ ਲਿਆ। ਜਿਸ ਕਾਰਨ ਭੋਗ ਵਿਲਾਸੀ ਬਣ ਕੇ ਜੀਵਨ ਦੀ ਬਾਜ਼ੀ ਹਾਰਨ ਲੱਗ ਪਿਆ। ਇਸ ਵੱਲ ਤੱਕ ਕੇ ਦੂਜੇ ਨੇ ਬਿਲਕੁਲ ਕਾਮ ਵੱਲ ਲੜਨਾ ਆਰੰਭ ਕਰ ਦਿੱਤਾ ਪਰ ਧੰਨ ਹਨ ਸਤਿਗੁਰੂ ਜੀ ਜਿਨ੍ਹਾਂ ਨੇ ਨਿਰਮਲ ਉਪਦੇਸ਼ ਨਾਲ ਦੋਨਾਂ ਨੂੰ ਸਮਝਾ ਦਿੱਤਾ ਕਿ ਹੇ ਕਾਮੀ ਮਨੁੱਖ, ਇਸੀ ਕਾਮ ਕਾਰਨ ਹੀ ਜੂਨੀਆਂ ਦੀ ਭਟਕਣਾ ਵਿੱਚ ਪੈ ਜਾਵੇਂਗਾ। ਕਾਮ ਦੀ ਫਿਤਰਤ ਸਮਝਾ ਦਿੱਤੀ।

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥

ਪਰ ਦੂਜੇ ਪਾਸੇ ਸਿਰਫ ਕਾਮ ਨਾਲ ਹੀ ਲੜ ਰਹੇ ਮਨੁੱਖ ਦੇ ਕੰਨੀਂ ਅੰਮ੍ਰਿਤ ਬੋਲ ਪਾਏ ਕਿ

ੴ

ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥

ਸਤਿਗੁਰੂ ਜੀ ਨੇ ਪ੍ਰਮੇਸ਼ਵਰ ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਗ੍ਰਹਿਸਤੀ ਮਾਰਗ ਦੀ ਪ੍ਰਧਾਨਤਾ ਬਖਸ਼ੀ ਜਿਸ ਨਾਲ ਸਰੀਰਕ ਲੋੜ ਜਾਂ ਉਤਪਤੀ ਤਾਂ ਹੋ ਸਕੇ ਪਰ ਮਨੁੱਖ ਵਿਕਾਰੀ ਹੋਣੋਂ ਬਚ ਜਾਵੇ ਇਸ "*ਏਕਾ ਨਾਰੀ ਜਤੀ ਦੇ*" ਕਿ ਵਿਧਾਨ ਵਿੱਚ ਬੰਨ੍ਹ ਦਿੱਤਾ। ਹੁਣ ਜਗਿਆਸੂ ਕਾਮ ਤੋਂ ਵੀ ਨਹੀਂ ਭੱਜਦਾ ਤੇ ਕਾਮ ਵਾਸਤੇ ਵੀ ਨਹੀਂ ਭੱਜਦਾ। ਆਪਣੇ ਮਾਰਗ 'ਤੇ ਤੁਰ ਪੈਂਦਾ ਹੈ।

ਅਸਲ ਵਿੱਚ ਧਰਮ ਜੀਵ 'ਤੇ ਥਪਣ ਵਾਲੀ ਚੀਜ਼ ਨਹੀਂ, ਧਰਮ ਤਾਂ ਇਕ ਪਹਿਚਾਣ ਹੈ ਜਿਸ ਨਾਲ ਜੀਵ ਹਰ ਇਕ ਦੀ ਪਹਿਚਾਣ ਕਰ ਸਕਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਮਨ ਨੂੰ ਸਮਝਾਉਂਦੇ ਹਨ -

ਮਨ ਰੇ ਕਉਨੁ ਕੁਮਤਿ ਤੈ ਲੀਨੀ ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥

ਮਨ ਹੀ ਅਸਲ ਵਿੱਚ ਬਾਗੀ ਹੋਣ ਕਰਕੇ ਵਿਕਾਰੀ ਬਣ ਬੈਠਾ ਹੈ ਤੇ ਕਾਮ ਦੀ ਪੂਰਤੀ ਲਈ ਅਨੇਕਾਂ ਸਾਧਨ ਜਟਾਉਂਦਾ ਹੈ।

ਕਰੋਧ

ਕਰੋਧ ਮਨੁੱਖੀ ਜ਼ਿੰਦਗੀ ਦਾ ਖਿਲਵਾੜ ਕਰਨ ਵਾਲਾ ਦੂਜਾ ਵੱਡਾ ਕਾਰਨ ਹੈ। ਕਰੋਧੀ ਮਨੁੱਖ ਦੇ ਜੀਵਨ ਅੰਦਰ ਸਿਆਣਪ ਖਤਮ ਹੋ ਜਾਂਦੀ ਹੈ। ਸੰਸਾਰ ਦੀ ਸਾਂਝ ਟੁੱਟ ਜਾਂਦੀ ਹੈ। ਗੁਰੂ ਅਮਰ ਦਾਸ ਜੀ ਦੇ ਅਮੋਲਕ ਬਚਨ ਹਨ ਕਿ ਹੇ ਭਾਈ, ਉਨ੍ਹਾਂ ਦੇ ਪਾਸ ਦੁਆਸ ਵੀ ਨਹੀਂ ਜਾਣਾ ਚਾਹੀਦਾ, ਇਸ ਨਾਲ ਜੀਵਨ ਦੇ ਸਭ ਗੁਣ ਗਲ ਜਾਂਦੇ ਹਨ। ਕਰੋਧੀ ਮਨੁੱਖ ਦੇ ਹਿਰਦੇ ਵਿੱਚ ਕਰੋਧ ਚੰਡਾਲ ਦਾ ਨਿਵਾਸ ਹੁੰਦਾ ਹੈ।

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥

ਗੁਰੂ ਅਰਜਨ ਸਾਹਿਬ ਜੀ ਪਵਿੱਤਰ ਬਚਨ ਕਰਦੇ ਹਨ ਕਿ ਹੇ ਕਲੇਸ਼ ਦੀ ਜੜ੍ਹ ਕਰੋਧ ਤੂੰ ਕੈਸਾ ਨਿਰਦਈ ਹੈਂ ? ਜੀਵ ਦੇ ਅੰਦਰ ਸਾਰੀ ਦਇਆ ਖਤਮ ਕਰ ਦਿੰਦਾ ਹੈਂ। ਜੀਵ ਸਿਆਣਪ ਤੋਂ ਸੱਖਣਾ ਹੋ ਕੇ ਕਰੋਧ ਵੱਸ ਹੋ ਬਾਂਦਰ ਦੀ ਤਰ੍ਹਾਂ ਟੱਪਦਾ ਹੈ।

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥

ਬਿਖਯੰਤ ਜੀਵੰ ਵਸੰ ਕਰੋਤਿ ਨਿਰਤੵੰ ਜਥਾ ਮਰਕਟਹ ॥

ਕਰੋਧ ਦਾ ਅੰਤ ਪਛਤਾਵੇ 'ਤੇ ਹੁੰਦਾ ਹੈ। ਕਰੋਧ ਸਥਿਰਤਾ ਨਹੀਂ ਰੱਖਦਾ, ਥੋੜ੍ਹੇ ਜਿਹੇ ਵਕਤ ਲਈ ਹੀ ਆਉਂਦਾ ਹੈ। ਪਰ ਜਦੋਂ ਵੀ ਆਉਂਦਾ ਹੈ ਤਾਂ ਉਦੋਂ ਕਰੀਬ ਕਰੀਬ ਬਿਨਾਂ

ਪਾਪ ਕਰਵਾਇਆ ਵਾਪਸ ਨਹੀ ਪਰਤਦਾ ਜਿਸ ਕਰਕੇ ਜੀਵ ਮੁੜ ਮੁੜ ਪਛਤਾਉਂਦਾ ਰਹਿੰਦਾ ਹੈ। ਬਹੁਤੀ ਵਾਰੀ ਜੇਲ ਦੀਆਂ ਸੀਖਾਂ ਪਿੱਛੇ ਕਰੋਧੀ ਹੀ ਡੱਕੇ ਜਾਂਦੇ ਹਨ। ਹਮਜ਼ਾ ਗੌਂਸ ਨੂੰ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਿਆਲ ਕੋਟ ਵਿਖੇ ਕਰੋਧ ਵਿੱਚ ਸੜਦੇ ਨੂੰ ਹੀ ਸਮਾਜ ਸੇਵਕ ਬਣਾਇਆ ਸੀ। ਕਰੋਧੀ ਹਮਾਯੂੰ ਨੇ ਗੁਰੂ ਅੰਗਦ ਸਾਹਿਬ ਜੀ 'ਤੇ ਤਲਵਾਰ ਕੱਢੀ ਤਾਂ ਗੁਰਦੇਵ ਦੇ ਠੰਡੇ ਤੇ ਮਿੱਠੇ ਬਚਨਾਂ ਨੇ ਠੰਡਾ ਠਾਰ ਕਰ ਦਿੱਤਾ ਸੀ। ਬਾਬਾ ਦਾਤੂ ਜੀ ਦਾ ਕਰੋਧ ਗੁਰੂ ਅਮਰਦਾਸ ਜੀ ਦੇ ਲੱਤ ਮਰਵਾ ਸਕਦਾ ਹੈ। ਜਿਸ ਦੇ ਅੱਗੇ ਗੁਰੂ ਅੰਗਦ ਸਾਹਿਬ ਜੀ ਪ੍ਰਮੇਸ਼ਵਰ ਰੂਪ ਤੇ ਬਾਬਾ ਦਾਤੂ ਜੀ ਦੇ ਹੀ ਪਿਤਾ ਜੀ ਮੱਥਾ ਟੇਕਦੇ ਹਨ। ਕਰੋਧੀ ਧੀਰ ਮੱਲ ਗੁਰੂ ਤੇਗ ਬਹਾਦਰ ਜੀ 'ਤੇ ਗੋਲੀ ਚਲਾ ਦਿੰਦੇ ਹਨ। ਐਸੇ ਹੋਰ ਵੀ ਅਨੇਕਾਂ ਵਾਰੀ ਵਕਤ ਆਏ ਜਦੋਂ ਕਰੋਧੀ ਅੱਖ ਸੱਚ ਨਾ ਪਹਿਚਾਣ ਸਕੀ।

ਸਤਿਗੁਰੂ ਜੀ ਨੇ ਕਿਰਪਾ ਕਰਕੇ ਮਨੁੱਖ ਦੀ ਜਿੰਦਗੀ ਦੇਵਤਾ ਵਤਰ ਬਣਾਉਣ ਵਾਸਤੇ ਇਸ ਕਰੋਧ ਨੂੰ ਵੀ ਖਤਮ ਕਰਕੇ ਇਸ ਦਾ ਇਕ ਵੱਖਰਾ ਰੂਪ ਬਣਾ ਦਿੱਤਾ। ਕਰੋਧ ਦੀ ਥਾਂ 'ਤੇ ਸਤਿਗੁਰੂ ਜੀ ਨੇ ਬੀਰ ਰਸ ਬਣਾ ਦਿੱਤਾ। ਕਰੋਧ ਤਿਆਗਣ ਦਾ ਅਰਥ ਇਹ ਨਹੀਂ ਕਿ ਆਪਣੀ ਅਣਖ ਤੇ ਗੈਰਤ ਗਵਾ ਲਵੇ। ਸਾਹਿਬ ਨੇ ਕਿਰਪਾ ਕਰਕੇ "***ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥***" ਦਾ ਪਵਿੱਤਰ ਉਪਦੇਸ਼ ਦਿੱਤਾ। ਜਿਸ ਦੇ ਨਾਲ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਰਗੇ ਮਹਾਨ ਸਤਿਗੁਰੂ ਜੀ ਨੇ ਪੈਂਦੇ ਖਾਂ ਵਰਗਿਆਂ ਨੂੰ ਵੀ ਦੁਨਿਆਵੀ ਚੜ੍ਹਾਈ ਕਰਨ ਲੱਗਿਆਂ ਨੂੰ ਵੀ ਆਪਣੀ ਗੱਲਵਕੜੀ ਵਿੱਚ ਲੈ ਕੇ ਕਵੀ ਸੰਤੋਖ ਸਿੰਘ ਅਨੁਸਾਰ ਬਚਨ ਕੀਤੇ "***ਜਬ ਗਿਰਨ ਲਾਗ ਤਬ ਕਹਿਯੋ ਉਚਾਰ। ਤੋਹਿ ਤੁਰਕ ਜਨਮ ਕਲਮੈ ਉਚਾਰ।***" ਪਰ ਪੈਂਦੇ ਖਾਂ ਦੀ ਮਤਿ ਟਿਕਾਣੇ ਆਈ ਤੇ ਭੁੱਲ ਦੀ ਖਿਮਾ ਮੰਗੀ ਸੀ। ਅੱਜ ਤਾਂ ਸਾਇੰਸ ਨੇ ਵੀ ਸਪੱਸ਼ਟ ਕਰ ਦਿੱਤਾ ਕਿ ਕਰੋਧੀ ਮਨੁੱਖ ਬਲੱਡ ਪ੍ਰੈਸ਼ਰ ਦਾ ਸ਼ਿਕਾਰ ਹੋ ਕੇ ਸੁੰਦਰ ਕਾਂਇਆਂ ਨੂੰ ਬਰਬਾਦ ਕਰ ਲੈਂਦਾ ਹੈ। ਇਸ ਲਈ ਬਾਬਾ ਫਰੀਦ ਜੀ ਦੇ ਪਵਿੱਤਰ ਬਚਨ ਪੜ੍ਹੀਏ -

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥

ਸੋ ਇਸ ਲਈ ਕਰੋਧੀ ਤੋਂ ਸਤਿਗੁਰੂ ਜੀ ਨੇ ਬੀਰ ਰਸ ਬਖਸ਼ ਦਿੱਤਾ। ਬਜੀਯਦ ਵੱਡਾ ਸੂਰਮਾ ਪਠਾਣ ਸੀ। ਸਭ ਕੁਝ ਲੁੱਟਣਾ ਹੀ ਜਿੰਦਗੀ ਦਾ ਮਨੋਰਥ ਸੀ ਪਰ ਇਕ ਐਸੀ ਮਨੋਰਥ ਚੋਟ ਲੱਗੀ ਜਿਸ ਨਾਲ ਜ਼ਿੰਦਗੀ ਦਾ ਪਾਸਾ ਹੀ ਪਰਤ ਗਿਆ। ਇਕ ਸਾਧਾਂ ਦੀ ਟੋਲੀ ਵਿੱਚ ਰਲ ਬੈਠਾ। ਇਕ ਦਿਨ ਇਥੇ ਵੀ ਕੁਝ ਡਾਕੂ ਆ ਕੇ ਲੁੱਟ ਕੇ ਲੈ ਗਏ। ਜਦੋਂ ਤਫਤੀਸ਼ ਲਈ ਵਕਤੀ ਹਾਕਮ ਆਏ ਤਾਂ ਬਜੀਯਦ ਨੂੰ ਵੇਖ ਹੈਰਾਨ ਰਹਿ ਗਏ ਤਾਂ ਪੁੱਛਣ ਲੱਗੇ ਤਾਂ ਬਜੀਯਦ

ਨੇ ਜੁਆਬ ਦਿੱਤਾ ਸੀ ਕਿ

ਜਬ ਥੇ ਪੂਤ ਪਠਾਣ ਕੇ ਦੇਤੇ ਥੇ ਦਲ ਮੋੜ।

ਅਬ ਸ਼ਰਨ ਪਰੇ ਰਘੁਨਾਥ ਕੀ ਸਕੇ ਨ ਤਿਲਕਾ ਤੋੜ।

ਕਰੋਧ ਵਿਕਾਰ ਹੈ ਪਰ ਬੀਰ ਰਸ ਇਕ ਨਾਕਾਰ ਰੂਪ ਹੈ ਜਿਸ ਨਾਲ ਮਨੁੱਖ ਕੁਝ ਗਵਾਉਂਦਾ ਨਹੀਂ ਬਲਕਿ ਕੁਝ ਪ੍ਰਾਪਤੀ ਕਰ ਨਿਰੰਕਾਰ ਦੇ ਧਾਮ ਜਾਂਦਾ ਹੈ।

ਕਰੋਧ ਚਾਰੇ ਹੀ ਵਿਕਾਰਾਂ ਦਾ ਅਰਦਲੀ ਹੈ ਭਾਵ ਚੋਬਦਾਰ ਹੈ ਜਦੋਂ ਇਨ੍ਹਾਂ ਚਾਰੇ ਕਾਮ, ਲੋਭ, ਮੋਹ, ਅਹੰਕਾਰ ਵਿੱਚੋਂ ਕਿਸੇ ਇਕ ਦੇ ਵੀ ਰਸਤੇ ਦੀ ਕੋਈ ਰੁਕਾਵਟ ਬਣਦਾ ਹੈ ਤਾਂ ਉਸੇ ਹੀ ਪੱਲ ਆ ਖਲੋਂਦਾ ਹੈ ਜਿਵੇਂ ਕਾਮ ਦੀ ਪੂਰਤੀ, ਲੋਭ ਦੀ ਪੂਰਤੀ, ਮੋਹ ਦੇ ਰਾਹ ਦੀ ਰੁਕਾਵਟ ਜਾਂ ਅਹੰਕਾਰ ਦੇ ਮਾਰਗ ਵਿੱਚ ਕੋਈ ਵੀ ਰੁਕਾਵਟ ਬਣਦੀ ਹੈ ਤਾਂ ਕਰੋਧ ਉਸੇ ਹੀ ਪਲ ਹਾਜ਼ਰ ਹੋ ਜਾਂਦਾ ਹੈ। ਜੇ ਕਰ ਇਨ੍ਹਾਂ ਵਿਕਾਰਾਂ ਦੇ ਭੋਗਣ ਵਿੱਚ ਕੋਈ ਰੁਕਾਵਟ ਨਹੀਂ ਤਾਂ ਕਰੋਧ ਆਪਣੇ ਆਪ ਹੀ ਨਹੀਂ ਆਉਂਦਾ। ਇਕਾਂਤ ਵਿੱਚ ਮਨੁੱਖ ਕਾਮ, ਲੋਭ, ਮੋਹ ਤੇ ਅਹੰਕਾਰ ਦੀਆਂ ਗੱਲਾਂ ਯਾਦ ਕਰਦਾ ਹੈ ਭਾਵ ਇਹ ਸਾਰੇ ਇਕਾਂਤ ਵਿੱਚ ਹੀ ਵਿਆਪਦੇ ਹਨ। ਪਰ ਕਰੋਧ ਆਪਣੇ ਆਪ ਇਕੱਲਾ ਤਾਂ ਨਹੀਂ ਆਉਂਦਾ ਇਨ੍ਹਾਂ ਚਾਰਾਂ ਦੀ ਰੁਕਾਵਟ ਕਾਰਨ ਹੀ ਬਹੁਤੀ ਵਾਰੀ ਆਉਂਦਾ ਹੈ। ਇਉਂ ਕਹਿ ਲਈਏ ਕਿ ਕਰੋਧ ਇਨ੍ਹਾਂ ਚਾਰਾਂ ਦੀ ਰਾਖੀ ਕਰਦਾ ਹੈ।

ਲੋਭ

ਪ੍ਰਮੇਸ਼ਵਰ ਦੇ ਮਿਲਾਪ ਲਈ ਇਸ ਧਰਮਸ਼ਾਲਾ ਵਿੱਚ ਆਏ ਮਨੁੱਖ ਦੀ ਜਿੰਦਗੀ ਨੂੰ ਕੈਦੀ ਬਣਾ ਵਿਛੋੜੇ ਦੇ ਨਰਕਾਂ ਵਿੱਚ ਧਕੇਲਣ ਵਾਲਾ ਇਹ ਤੀਸਰਾ ਤੇ ਤਾਕਤਵਰ ਵਿਕਾਰ ਹੈ। ਮਨੁੱਖ ਨੂੰ ਕਈ ਤਰ੍ਹਾਂ ਦੀਆਂ ਉਦਾਹਰਣਾਂ ਨਾਲ ਸਮਝਾਇਆ ਵੀ ਗਿਆ ਹੈ ਕਿ ਐ ਬੰਦੇ, ਦੁਨੀਆਂ ਵਿੱਚ ਆਉਣ ਲੱਗਿਆਂ ਵੀ ਕੁਝ ਨਹੀਂ ਸੀ ਲੈ ਕੇ ਆਇਆ ਤੇ ਜਾਣ ਲੱਗਿਆਂ ਵੀ ਕੁਝ ਨਹੀਂ ਲੈ ਕੇ ਜਾਣਾ । ਚੰਦ ਰੋਜ਼ ਦੁਨੀਆ ਦੇ ਮੇਲੇ ਵਿੱਚ ਇਨ੍ਹਾਂ ਖਿਡੌਣਿਆਂ ਨਾਲ ਖੇਡ ਕੇ ਤੁਰ ਜਾਣਾ ਹੈ। ਇਸ ਲੋਭ ਦੀ ਖਾਤਰ ਹੀ ਕਿੰਨੇ ਹੀ ਪਾਪ ਕਰਦਾ ਹੈਂ, ਝੂਠ ਬੋਲਦਾ ਹੈਂ ਪਰ ਆਖਿਰਕਾਰ –

ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥

ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥

ਲੋਭ ਅਸਲ ਵਿੱਚ ਉਸ ਅਵੱਸਥਾ ਦਾ ਜ਼ਿਕਰ ਹੈ ਜਦੋਂ ਮਨੁੱਖ ਦੀ ਅਵੱਸਥਾ ਇਕ ਹਲਕੇ ਹੋਏ ਕੁੱਤੇ ਵਰਗੀ ਹੋ ਜਾਂਦੀ ਹੈ। ਕੁੱਤਾ ਹਲਕਣ ਤੋਂ ਪਹਿਲਾਂ "*ਸੁਆਮੀ ਕੋ ਗ੍ਰਿਹ ਜਿਉ ਸਦਾ ਸੁਆਨ ਤਜਤ ਨਹੀ ਨਿਤ ॥*" ਦਾ ਧਾਰਨੀ ਸੀ ਪਰ ਹਲਕਣ ਦੇ ਕਾਰਨ ਹੁਣ ਹਰ ਕਿਸੇ ਨੂੰ ਭੱਖਣਾ ਚਾਹੁੰਦਾ ਹੈ ਕਿਉਂਕਿ ਹਲਕਣ ਕਾਰਨ ਚੰਗੇ ਮੰਦੇ ਦੀ ਪਹਿਚਾਣ ਵੀ ਭੁੱਲ

ਗਿਆ। ਇਸੇ ਤਰ੍ਹਾਂ ਜਿੰਨਾ ਚਿਰ ਜੀਵ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਲਈ ਉੱਦਮ ਕਰਦਾ ਹੈ, ਉਹ ਲੋਭੀ ਨਹੀਂ ਪਰ ਜਦੋਂ ਹਰ ਚੀਜ਼ ਦੀ ਪ੍ਰਾਪਤੀ ਦੀ ਖਾਤਰ ਲੰਮੀ ਦੌੜ ਦੌੜਨ ਦੌਰਾਨ ਕਿਸੇ ਨੂੰ ਵੀ ਨਹੀਂ ਬਖਸ਼ਦਾ ਤਾਂ ਫਿਰ ਹਲਕੇ ਕੁੱਤੇ ਵਰਗਾ ਬਣ ਜਾਂਦਾ ਹੈ।

ਜਿਉ ਕੂਕਰ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

ਇਕ ਤਾਂ ਮਨ ਪਹਿਲਾਂ ਹੀ ਜਨਮਾਂ ਦੀ ਮੈਲ ਕਾਰਨ ਮਲੀਨ ਹੋਇਆ ਸੀ, ਦੂਜੀ ਗੱਲ ਲੋਭ ਦਾ ਵਿਕਾਰ ਹੋਰ ਮਨ ਨੂੰ ਲੱਗਾ ਜਿਸ ਨਾਲ ਜੀਵ ਹੋਰ ਪ੍ਰਮਾਤਮਾ ਨੂੰ ਭੁੱਲ ਗਿਆ। *"ਲੋਭ ਵਿਕਾਰ ਜਿਨਾ ਮਨ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥"* ਰੱਬ ਨੂੰ ਭੁਲਾ ਦੇਣ ਕਾਰਨ *"ਨਿਸ ਦਿਨ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ "* ਥਾਂ- ਥਾਂ 'ਤੇ ਲੋਭ ਦੇ ਕਾਰਨ ਡੋਲਦਾ ਫਿਰਦਾ ਹੈ।

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥

ਮਨੁੱਖੀ ਜ਼ਿੰਦਗੀ ਦੀ ਵੱਡੀ ਦੌਲਤ ਭਰੋਸਾ ਹੈ ਜਿਸ ਮਨੁੱਖ ਦਾ ਭਰੋਸਾ ਖਤਮ ਹੋ ਗਿਆ, ਉਸਦਾ ਮਾਨੋ ਸਭ ਕੁੱਝ ਲੁੱਟ ਗਿਆ। ਘਰ ਪਰਿਵਾਰ ਸਭ ਕੁੱਝ ਭਰੋਸੇ ਦੇ ਆਸਰੇ ਹੈ। ਮਾਲਕ ਨੌਕਰ ਦਾ ਰਿਸ਼ਤਾ ਭਰੋਸੇ ਦਾ ਹੀ ਹੈ। ਸਾਰਾ ਵਪਾਰ ਭਰੋਸੇ ਦੇ ਆਸਰੇ ਖਲੋਤਾ ਹੈ, ਗੁਰੂ ਨਾਲ ਵੀ ਰਿਸ਼ਤਾ ਭਰੋਸੇ ਦਾ ਹੈ। ਭਾਵ ਹਰ ਥਾਂ ਭਰੋਸੇ ਦੀ ਲੋੜ ਹੈ ਤੇ ਭਰੋਸਾ ਲੋਭੀ ਮਨੁੱਖ ਦਾ ਗਵਾਚ ਜਾਂਦਾ ਹੈ, ਉਸ ਦਾ ਕੋਈ ਵਿਸਾਹ ਨਹੀਂ ਕਰਦਾ। ਲੋਭੀ ਮਨੁੱਖ ਤਾਂ ਆਪਣੇ ਮਾਤਾ ਪਿਤਾ, ਭੈਣ ਭਰਾ, ਸਭ ਕੁੱਝ ਨੂੰ ਖਤਮ ਕਰ ਸਕਦਾ ਹੈ। ਲੋਭ ਕਾਰਨ ਹੀ ਵਿਆਹ ਦੇ ਪਵਿੱਤਰ ਬੰਧਨ ਵਿੱਚ ਬੰਨ੍ਹ ਕੇ ਲੋਕ ਆਪਣੀਆਂ ਧੀਆਂ ਸਮਾਨ ਨੂੰਹਾਂ ਨੂੰ ਬੜੀ ਬੇਦਰਦੀ ਨਾਲ ਅੱਗ ਵਿੱਚ ਜਿੰਦਾ ਸਾੜ ਦਿੰਦੇ ਹਨ। ਗੁਰੂ ਅਮਰਦਾਸ ਜੀ ਦੇ ਪਵਿੱਤਰ ਬਚਨ ਹਨ,

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥

ਲਬ, ਲਾਲਚ, ਤ੍ਰਿਸਨਾ - ਇਨ੍ਹਾਂ ਰਾਹੀਂ ਲੋਭ ਆਪਣੀ ਪੂਰਤੀ ਕਰਦਾ ਹੈ। ਲੋਭ ਦੀ ਇਕ ਬਹੁਤ ਵੱਡੀ ਸਹਾਇਕ ਹੈ ਜਿਹੜਾ ਹਰ ਵਕਤ ਲੋਭ ਦਾ ਸਾਥ ਦਿੰਦੀ ਹੈ, ਇਹ ਤ੍ਰਿਸਨਾ ਹੈ। ਲੋਭ ਦਾ ਤੇ ਤ੍ਰਿਸਨਾ ਦਾ ਜਦੋਂ ਮਿਲਾਪ ਹੋ ਜਾਂਦਾ ਹੈ, ਮਨੁੱਖ ਸਾਰੀ ਜਿੰਦਗੀ ਕੇਵਲ ਪਾਪ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਕਰ ਸਕਦਾ ਕਿਉਂਕਿ ਤ੍ਰਿਸ਼ਨਾ ਕਿਸੇ ਵਿਰਲੇ ਮਨੁੱਖ ਦੀ ਹੀ ਬੁੱਝਦੀ ਹੈ। ਜਿਵੇਂ ਗਰਮੀ ਦੀ ਰੁੱਤ ਵਿੱਚ ਗਰਮੀ ਦੀਆਂ ਲਹਿਰਾਂ ਉਠਦੀਆਂ ਮਿਰਗ ਨੂੰ ਪਾਣੀ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਅਤੇ ਮਿਰਗ ਪਾਣੀ ਦੀ ਪ੍ਰਾਪਤੀ ਕਰ ਸੁੱਖ ਮਾਨਣ ਦੀ ਲਾਲਸਾ ਵੱਸ ਹੋਇਆ ਅੱਗੇ-ਅੱਗੇ ਭੱਜ-ਭੱਜ ਕੇ ਆਖਰ ਅੰਤ ਕਰ ਬੈਠਦਾ ਹੈ। ਇਸੇ ਤਰ੍ਹਾਂ ਜੀਵ

ਹੋਰ ਪ੍ਰਾਪਤੀ ਤੇ ਸੁੱਖ ਮਾਣਾਂਗਾ ਦੀ ਲਾਲਸਾ ਵੱਸ ਹੋ ਕੇ ਸਾਰੀ ਜ਼ਿੰਦਗੀ ਬਰਬਾਦ ਕਰ ਇਥੋਂ ਜਾਣ ਸਮੇਂ ਆਪਣੀ ਦੁੱਖਾਂ ਭਰੀ ਜ਼ਿੰਦਗੀ ਦਾ ਇਜ਼ਹਾਰ ਆਪਣੀਆਂ ਅੱਖਾਂ ਵਿੱਚ ਅੱਥਰੂ ਭਰ ਕਰਦਾ ਹੈ ਜਿਸ ਦੀ ਭਾਸ਼ਾ ਨੂੰ ਪੜ੍ਹ ਕੇ ਗੁਰੂ ਤੇਗ ਬਹਾਦਰ ਸਾਹਿਬ ਬਚਨ ਕਰਦੇ ਹਨ.

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥

ਇਸ ਵਿਕਾਰ ਨੂੰ ਸਾਕਾਰ ਬਣਾਉਣ ਲਈ ਗੁਰੂ ਗੋਦ ਵਿੱਚੋਂ ਸੰਤੋਖ ਦਾ ਤੋਹਫਾ ਮਿਲਦਾ ਹੈ ਜਿਸ ਨਾਲ ਜੀਵ ਤ੍ਰਿਪਤੀ ਨਾਲ ਉੱਦਮ ਕਰਕੇ ਜ਼ਿੰਦਗੀ ਦੇ ਚਾਰ ਦਿਨ ਬਹੁਤ ਸੁੱਖ ਨਾਲ ਗੁਜ਼ਾਰ ਕੇ ਮੁੜ "***ਜੋਤੀ ਮਹਿ ਜੋਤਿ ਰਲ ਜਾਇਆ***" ਹੋ ਜਾਂਦਾ ਹੈ। ਸੰਤੋਖ ਤੋਂ ਬਿਨਾਂ ਦੂਜਾ ਕੋਈ ਰਾਹ ਨਹੀਂ ਕਿਉਂਕਿ "***ਬਿਨਾ ਸੰਤੋਖ ਨਹੀ ਕੋ ਰਾਜੈ ॥***" ਸਿੱਖ ਇਤਿਹਾਸ ਦੇ ਪੰਨੇ ਐਸੇ ਸੰਤੋਖੀਆਂ ਦੇ ਗੀਤ ਬੜੇ ਮਾਣ ਨਾਲ ਗਾਉਂਦੇ ਹਨ ਜਦੋਂ ਇਕ ਪਾਸੇ ਮੌਤ ਤੇ ਦੂਜੇ ਪਾਸੇ ਜ਼ਿੰਦਗੀ ਦੀ ਹਰ ਸਹੂਲਤ ਹਾਜ਼ਰ ਸੀ, ਪਰ ਧਰਮ ਦੇ ਪ੍ਰਵਾਨਿਆਂ ਨੇ ਮੌਤ ਕਬੂਲ ਕਰ ਸੰਤੋਖੀ ਹੋਣ ਦੀ ਮੋਹਰ ਲਾ ਦਿੱਤੀ। ਇਥੇ ਹੀ ਬਸ ਨਹੀ, ਇਕ ਘਾਹੀ ਇਕ ਘਾਹ ਦੀ ਪੰਡ ਬਦਲੇ ਦੁਨਿਆਵੀ ਦੌਲਤ ਦੀ ਪੰਡ ਨੂੰ ਠੋਕਰ ਮਾਰ ਸੱਚੀ ਦੌਲਤ ਦਾ ਪੁਜਾਰੀ ਹੋਣ ਦਾ ਸਬੂਤ ਆਗਰੇ ਵਿੱਚ ਦਿੰਦਾ ਹੈ ਕਿਉਂਕਿ ਗੁਰੂ ਮਹਾਰਾਜ ਜੀ ਨੇ ਅਕਬਰ ਵਰਗਿਆਂ ਦੇ ਖਜ਼ਾਨਿਆਂ ਨੂੰ ਠੋਕਰ ਮਾਰ ਕੇ ਅਜਿਹੇ ਹੀ ਗੁਰ ਸਿੱਖਾਂ ਉਪਰ ਕਦੇ ਭਰੋਸਾ ਕੀਤਾ ਸੀ। ਧਰਮ ਤੋਂ ਮਨੁੱਖ ਲੋਭ ਕਾਰਨ ਹੀ ਡੋਲ ਜਾਂਦਾ ਹੈ। ਇਸੇ ਲਈ ਸਤਿਗੁਰੂ ਜੀ ਨੇ ਮਨੁੱਖੀ ਜ਼ਿੰਦਗੀ ਦੇ ਸ਼ਿੰਗਾਰ ਲਈ ਸੰਤੋਖ ਦਾ ਧਾਰਨੀ ਹੋਣ ਦਾ ਉਪਦੇਸ਼ ਦਿੱਤਾ ਸੀ। ਦੁਨਿਆਵੀ ਲੋੜਾਂ ਪੂਰੀਆਂ ਕਰਨੀਆਂ ਮਾਇਆ ਗੁਜ਼ਰਾਨ ਹੈ। ਸੰਤੋਖ ਨਾਲ ਕੀਤੇ ਕਰਮ, ਧਰਮ ਦੀ ਕਿਰਤ ਬਣ ਜਾਣਗੇ ਤੇ ਧਰਮ ਕਿਰਤ ਦੂਜਿਆਂ ਨਾਲ ਵੀ ਵੰਡ ਕੇ ਖਾਵੇਗਾ। ਫਿਰ ਪਵਿੱਤਰ ਹਿਰਦੇ ਵਿੱਚ ਨਾਮ ਵੀ ਜਪੇਗਾ। ਇਸ ਲਈ ਲੋਭ ਵਿਕਾਰ ਹੈ ਪਰ ਸੰਤੋਖ ਨਾਲ ਕੀਤੇ ਕਰਮ ਸਾਕਾਰ ਹਨ।

ਮੋਹ

ਮੋਹ ! ਮਨ ਦੀ ਪਸੰਦੀ ਦੀ ਅਵੱਸਥਾ ਹੈ। ਲੋਭ ਤੇ ਮੋਹ ਵਿੱਚ ਥੋੜ੍ਹਾ ਜਿਹਾ ਹੀ ਫਰਕ ਹੈ। ਲੋਭ ਹਰ ਇਕ ਚੀਜ਼ ਦਾ ਹੋ ਸਕਦਾ ਹੈ ਪਰ ਮੋਹ ਉਸੇ ਦਾ ਹੁੰਦਾ ਹੈ ਜਿਹੜੀ ਚੀਜ਼ ਮਨ ਨੂੰ ਮੋਹ ਜਾਏ ਭਾਵ ਭਾ ਜਾਏ। ਮੋਹ ਦੀ ਵੀ ਇਕ ਸਹਾਇਕ ਹੈ ਜਿਸ ਨੂੰ ਮਮਤਾ ਕਹਿੰਦੇ ਹਨ। ਮੋਹ ਆਪਣੀ ਪੂਰਤੀ ਮਮਤਾ ਰਾਹੀ ਕਰਦਾ ਹੈ। ਮੋਹ ਦਾ ਮੂਲ ਬਣਾ ਕੇ ਪ੍ਰਮੇਸ਼ਵਰ ਨੇ ਸੰਸਾਰ ਦੀ ਸਾਜਨਾ ਕੀਤੀ। ਮੋਹ ਤੋਂ ਬਿਨਾਂ ਮਾਂ ਬੱਚੇ ਦਾ ਪੈਦਾਇਸ਼ੀ ਦੁੱਖ ਨਾ ਸਹਾਰਦੀ

ਅਤੇ ਨਾ ਹੀ ਪ੍ਰਤਿਪਾਲਨਾ ਕਰਦੀ। ਪਸ਼ੂ ਪੰਛੀ ਵੀ ਦੇਖਦੇ ਹਾਂ ਕਿ ਮੋਹ ਦੀ ਫਾਹੀ ਵਿੱਚ ਜਕੜੇ ਆਪਣੇ ਬੱਚਿਆਂ ਲਈ ਉਪਰਾਲਾ ਕਰਦੇ ਹਨ। ਪਰ ਜੀਵ ਮੋਹ ਤੇ ਫਿਰ ਮਮਤਾ ਨਾਲ ਮਿਲ ਕੇ ਭਰਮ ਦਾ ਸ਼ਿਕਾਰ ਹੋ ਕੇ ਆਪਣੀ ਮੰਜ਼ਿਲ ਨੂੰ ਹੀ ਭੁੱਲ ਬੈਠਦਾ ਹੈ।

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥

ਇਸ ਭਰਮ ਦਾ ਹੀ ਕਾਰਨ ਬਣਿਆ ਕਿ ਆਪਣਿਆਂ ਲਈ ਪਾਪ ਕਰਨ ਲੱਗ ਪਿਆ। ਪਰ ਸੱਚ ਇਹ ਸੀ ਕਿ

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥

ਇਥੇ ਨਾ ਕੋਈ ਕਿਸੇ ਦਾ ਪੁੱਤਰ ਤੇ ਨਾ ਹੀ ਕਿਸੇ ਦਾ ਕੋਈ ਮਾਤਾ ਪਿਤਾ, ਇਹ ਤਾਂ ਇਕ ਝੂਠੇ ਭਰਮ ਵਿਚ ਪੈ ਕੇ ਦੁੱਖੀ ਹੋ ਰਿਹਾ ਹੈ। ਇਸ ਮੋਹ ਵਿੱਚੋਂ ਨਿਕਲ ਵੀ ਨਹੀ ਸਕਦਾ ਕਿਉਂਕਿ ਮੋਹ ਦੀ ਦਲਦਲ ਵਿੱਚੋਂ ਬਾਹਰ ਨਿਕਲਣ ਦੀ ਜਿਤਨੀ ਕੋਸ਼ਿਸ਼ ਕਰਦਾ ਹੈ, ਉਤਨਾ ਹੀ ਗਹਿਰਾ ਚਲਾ ਜਾਂਦਾ ਹੈ। ਰੋਜ਼ਾਨਾ ਹੀ ਪੜ੍ਹਦੇ ਹਾਂ -

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥

ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਕ ਸੁੰਦਰ ਮਿਸਾਲ ਸੰਸਾਰ ਨੂੰ ਦਿੱਤੀ ਸੀ ਜਦੋਂ ਬਾਟਾ ਚਿੱਕੜ ਵਿੱਚ ਸੁਟਿਆ ਸੀ। ਉਸ ਦਾ ਇਹੋ ਹੀ ਤਾਂ ਅਰਥ ਸੀ ਕਿ ਹੇ ਜੀਵ! ਸੰਸਾਰ ਇਕ ਚਿੱਕੜ ਹੈ ਮੋਹ ਦਾ, ਜਿਸ ਵਿੱਚ ਪ੍ਰਮੇਸ਼ਵਰ ਨੇ ਨਾਮ ਦਾ ਬਾਟਾ ਸੁੱਟਿਆ ਹੋਇਆ ਹੈ ਕਿਉਂਕਿ ਬਾਟਾ ਡਿੱਗਣਾ ਤੇ ਸੁੱਟਣਾ ਬਹੁਤ ਫਰਕ ਰੱਖਦਾ ਹੈ, ਜਿਹੜਾ ਇਸ ਬਾਟੇ ਨੂੰ ਕੱਢ ਕੇ ਲਿਆਵੇਗਾ ਤੇ ਗੁਰੂ ਨਾਨਕ ਪਾਤਿਸ਼ਾਹ ਦਾ ਰੂਪ ਬਣ ਜਾਵੇਗਾ। ਇਹ ਬਾਟਾ ਲਹਿਣਾ ਜੀ ਨੇ ਕੱਢਿਆ ਤੇ ਫਿਰ ਗੁਰੂ ਨਾਨਕ ਪਾਤਿਸਾਹ ਨੇ ਆਪਣਾ ਰੂਪ ਹੀ ਨਹੀਂ ਦਿੱਤਾ ਬਲਕਿ ਤਖ਼ਤ 'ਤੇ ਬਿਠਾ ਕੇ ਆਪ ਮੱਥਾ ਵੀ ਟੇਕ ਦਿੱਤਾ। ਜੀਵ ਨੇ ਸੰਸਾਰ ਦੇ ਚਿੱਕੜ ਵਿੱਚੋਂ ਨਾਮ ਦਾ ਬਾਟਾ ਕੱਢ ਕੇ ਲੈ ਜਾਣਾ ਹੈ। ਇਸੇ ਲਈ ਇਸ ਨੂੰ ਸੰਸਾਰ ਦੇ ਮੋਹ ਰੂਪੀ ਚਿੱਕੜ ਵਿੱਚ ਜਨਮ ਦਿੱਤਾ ਜਿਹੜੇ ਬਾਟਾ ਕੱਢ ਲੈ ਜਾਣਗੇ ਫਿਰ ਇਕ ਦਿਨ *"ਹਰਿ ਜਨ ਹਰਿ ਅੰਤਰੁ ਨਹੀਂ"* ਦੀ ਅਵੱਸਥਾ ਤਕ ਪਹੁੰਚ ਜਾਂਦੇ ਹਨ।

ਮੋਹ ਵਿੱਚ ਧੱਸਿਆ ਜੀਵ ਜਿਨ੍ਹਾਂ ਦੀ ਖਾਤਰ ਪਾਪ ਕਰਦਾ ਰਹਿੰਦਾ ਹੈ। ਉਨ੍ਹਾਂ ਵਿਚੋਂ ਕੋਈ ਵੀ ਸਹਾਈ ਨਹੀਂ ਹੁੰਦਾ। ਸੰਸਾਰ ਵਿੱਚ ਆਪਾਂ ਅਕਸਰ ਦੇਖਦੇ ਹਾਂ, ਮਰਨ ਮਗਰੋਂ ਤਾਂ ਦੂਰ ਦੀ ਗੱਲ ਹੈ, ਜੇਕਰ ਕੋਈ ਰੋਗ ਹੀ ਅਜਿਹਾ ਲੱਗ ਜਾਵੇ ਜਿਸ ਤੋਂ ਠੀਕ ਹੋਣ ਦੀ ਆਸ ਹੀ ਖਤਮ ਹੋ ਜਾਵੇ ਤਾਂ ਉਸ ਰੋਗੀ ਨੂੰ ਵੀ ਬਹੁਤੀ ਵਾਰੀ ਅਸੀ ਪਿੰਗਲਵਾੜਿਆਂ ਜਾਂ ਅਨਾਥ ਆਸ਼ਰਮਾਂ ਵਿੱਚ ਛੱਡ ਆਉਂਦੇ ਹਾਂ, ਜਾਂ ਫਿਰ ਉਸ ਪ੍ਰਤੀ ਅਰਦਾਸਾਂ ਕਰਦੇ ਹਾਂ ਕਿ ਇਸਨੂੰ ਤਾਂ ਹੁਣ ਮੌਤ ਹੀ ਆ ਜਾਵੇ। ਸੰਸਾਰ ਅੰਦਰ ਜਿਸ ਕੋਲ ਦੁਨਿਆਵੀ ਧਨ ਬਹੁਤ ਹੈ, ਉਸਦੇ

ਸਭ ਆਪਣੇ ਹਨ ਕਿਉਂਕਿ ਉਥੋਂ ਮੋਹ ਡੋਰੀ ਦਾ ਬੰਧਨ ਬੰਧਿਆ ਹੋਇਆ ਹੈ, ਪਰ ਜੇਕਰ ਉਹੋ ਹੀ ਬੰਦਾ ਕੱਲ ਨੂੰ ਕੰਗਾਲ ਹੋ ਜਾਵੇ ਤਾਂ ਕਿਸੇ ਨੇ ਨੇੜੇ ਨਹੀਂ ਢੁੱਕਣਾ।

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥

ਭਾਈ ਗੁਰਦਾਸ ਜੀ ਨੇ ਇਕ ਸੁੰਦਰ ਵੀਚਾਰ ਬਖਸ਼ੀ ਕਿ ਜਿਵੇਂ ਮਧੂ ਮੱਖੀ ਸ਼ਹਿਦ ਇਕੱਤਰ ਕਰਦੀ ਰਹਿੰਦੀ ਹੈ ਪਰ ਸ਼ਹਿਦ ਚੋਣ ਵਾਲਾ ਲੈ ਜਾਂਦਾ ਹੈ ਤੇ ਮੱਖੀਆਂ ਖਾਲੀ ਉੱਡ ਜਾਂਦੀਆਂ ਹਨ ਫਿਰ ਇਕ ਗਾਂ ਸਵੇਰ ਤੋਂ ਸ਼ਾਮ ਤਕ ਮੋਹ ਦੀ ਸਿਲਕ ਵਿੱਚ ਬੰਨ੍ਹੀ ਘਾਹ ਫੂਸ ਖਾ ਕੇ ਦੁੱਧ ਦਾ ਖਜ਼ਾਨਾ ਆਪਣੇ ਬੱਚੇ ਲਈ ਜੋੜਦੀ ਹੈ ਪਰ ਗੁਆਲਾ ਦੁੱਧ ਆਪ ਚੋ ਲੈਂਦਾ ਹੈ। ਇਕ ਚੂਹਾ ਬਿਲ ਬਣਾਉਂਦਾ ਹੈ ਪਰ ਬਣ ਜਾਣ ਮਗਰੋਂ ਸੱਪ ਮਾਲਕੀ ਕਰ ਚੂਹੇ ਨੂੰ ਮਾਰ ਕੇ ਖਾ ਜਾਂਦਾ ਹੈ। ਇਸੇ ਤਰ੍ਹਾਂ ਮੋਹ ਮਮਤਾ ਵਿੱਚ ਫਸਿਆ ਜੀਵ ਸਾਰੀ ਜ਼ਿੰਦਗੀ ਭਜਨ ਬੰਦਗੀ ਭੁਲਾ ਕੇ ਪਾਪ ਕਰ ਕਰ ਕੇ ਮਾਇਆ ਜੋੜਦਾ ਰਹਿੰਦਾ ਹੈ ਪਰ ਆਖਿਰਕਾਰ ਖਾਲੀ ਹੱਥੀਂ ਦੁਨੀਆਂ ਤੋਂ ਤੁਰ ਜਾਂਦਾ ਹੈ।

ਜੈਸੇ ਮਧੁ ਮਾਖੀ ਸੀਚਿ ਸੀਚਿ ਕੈ ਇਕਤ੍ਰ ਕਰੈ,
ਹਰੈ ਮਧੁ ਆਇ ਤਾਕੇ ਮੁਖ ਛਾਰੁ ਡਾਰਿ ਕੈ ॥
ਜੈਸੇ ਬਛ ਹੇਤ ਗਊ ਸੰਚਤ ਹੈ ਖੀਰ ਤਾਹਿ ,
ਲੇਤ ਹੈ ਅਹੀਰੁ ਦੁਹਿ ਬਛਰੇ ਬਿਡਾਰਿ ਕੈ ॥
ਜੈਸੇ ਧਰ ਖੋਦਿ ਖੋਦਿ ਨਹਿ ਬਿਲ ਸਾਜੈ,
ਮੂਸਾ, ਪੈਸਤ ਸਰਪੁ ਧਾਇ ਖਾਹਿ ਤਾਹਿ ਮਾਰਿ ਕੈ ॥
ਤੈਸੇ ਕੋਟ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ,
ਅੰਤਿ ਕਾਲਿ ਛਾਡਿ ਚਲੈ ਦੋਨੋ ਕਰ ਝਾਰਿ ਕੈ ॥੫੫੪॥

ਮੋਹ ਵਿਕਾਰ ਨੂੰ ਸਾਕਾਰ ਰੂਪ ਦੇਣ ਲਈ ਸਤਿਗੁਰੂ ਜੀ ਨੇ ਪ੍ਰੇਮ ਦੀ ਦਾਤ ਬਖਸ਼ੀ। ਮੋਹ ਖੋਹਣਾ ਚਾਹੁੰਦਾ, ਪ੍ਰੇਮ ਦੇਣਾ ਚਾਹੁੰਦਾ, ਮੋਹ ਆਪਣਾ ਬਣਾਉਣਾ ਚਾਹੁੰਦਾ, ਪ੍ਰੇਮ ਕਿਸੇ ਦਾ ਹੋਣਾ ਚਾਹੁੰਦਾ। ਮੋਹ ਪਾਪ ਕਰਵਾਉਂਦਾ, ਪ੍ਰੇਮ ਪੁੰਨ ਕਰਵਾਉਂਦਾ ਭਾਵ ਚੰਗੇ ਕੰਮ ਕਰਦਾ ਹੈ। ਮੋਹ ਵਿੱਚ ਫਸਿਆ ਜੀਵ ਭਾਈ ਮੂਲਾ ਬਣ ਜਾਂਦਾ ਹੈ ਜੋ ਗੁਰੂ ਨਾਨਕ ਪਾਤਿਸ਼ਾਹ ਨੂੰ ਲਿਖ ਕੇ ਦੇ ਕੇ ਵੀ ਕਿ ਮਰਨਾ ਸੱਚ ਤੇ ਜਿਉਣਾ ਝੂਠ ਪਰ ਆਪ ਮੋਹ ਵੱਸ ਹੋਣ ਕਾਰਨ ਗੁਰੂ ਨਾਨਕ ਪਾਤਿਸ਼ਾਹ ਜੀ ਜਿਨ੍ਹਾਂ ਨੂੰ ਸੰਸਾਰ ਆਪਣੇ ਘਰ ਬੁਲਾਉਣ ਲਈ ਤਰਲੇ ਕਰਦਾ ਪਰ ਭਾਈ ਮੂਲਾ ਘਰ ਆਇਆਂ ਨੂੰ ਮੋੜ ਦਿੰਦਾ ਹੈ। ਜਦੋਂ ਪ੍ਰੇਮ ਬਣ ਜਾਵੇ ਤਾਂ ਭਾਈ ਮੰਝ ਵਾਂਗੂੰ ਸਭ ਲੁਟਾ ਕੇ ਵੀ ਸਿੱਖੀ ਕਮਾਉਣ ਵਿੱਚ ਆਨੰਦ ਸਮਝਦਾ ਹੈ। ਸਤਿਗੁਰੂ ਜੀ ਨੇ ਪਹਿਲੇ ਜਾਮੇ ਵਿੱਚ ਹੀ ਹੋਕਾ ਦਿੱਤਾ "*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ*

ਮੇਰੀ ਆਉ ॥ "ਦਸਮੇਸ਼ ਜੀ ਨੇ ਇਸੇ ਨੂੰ ਸੰਪੂਰਨਤਾ ਬਖਸ਼ ਦਿੱਤੀ ਕਿਉਂਕਿ ਜਿਨ੍ਹਾਂ ਨੇ ਵੀ ਇਸ ਤਰ੍ਹਾਂ ਆਪਾ ਭਾਵ ਤਿਆਗ ਭਾਵ ਕੁਰਬਾਨ ਕਰਕੇ ਰੱਬੀ ਪ੍ਰੀਤ ਪਾਈ, ਉਹ ਪ੍ਰਮੇਸ਼ਵਰ ਦੀ ਪ੍ਰਾਪਤੀ ਤਕ ਪਹੁੰਚ ਗਏ। ਪ੍ਰੇਮ ਦਾ ਅਰਥ ਹੀ ਆਪੇ ਦਾ ਕੁਰਬਾਨ ਹੋ ਜਾਂਦਾ ਹੈ। ਬਚਨ ਆਖੇ ਹਨ- *"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥"* ਇਕ ਵਾਰੀ ਇਕ ਦਰੱਖਤ ਦੀ ਛਾਂ ਹੇਠ ਆ ਕੇ ਇਕ ਬੱਚਾ ਖੇਡਿਆ ਕਰਦਾ ਸੀ। ਦਰੱਖਤ ਦਾ ਤੇ ਬੱਚੇ ਦਾ ਪ੍ਰੇਮ ਬਣ ਗਿਆ। ਕੁੱਝ ਸਮੇਂ ਬਾਅਦ ਬੱਚਾ ਵੱਡਾ ਹੋ ਗਿਆ ਤੇ ਦਰੱਖਤ ਕੋਲ ਆਉਣਾ ਬੰਦ ਹੋ ਗਿਆ ਪਰ ਇਕ ਦਿਨ ਅਚਾਨਕ ਥੱਕਿਆ ਟੁੱਟਿਆ ਦਰੱਖਤ ਦੀ ਛਾਂ ਥੱਲੇ ਆ ਬੈਠਾ। ਦਰੱਖਤ ਨੇ ਪਹਿਚਾਣ ਕੇ ਠੰਡੀ ਤੇ ਮਿੱਠੀ ਹਵਾ ਦਿੱਤੀ। ਕਿਧਰੇ ਭੁੱਖਾ ਨਾ ਹੋਵੇ, ਮਿੱਠੜਾ ਫਲ ਵੀ ਦਿੱਤਾ, ਇਸ ਜੁਆਨ ਨੇ ਸਭ ਕੁੱਝ ਲੈ ਲਿਆ। ਜਾਣ ਲੱਗੇ ਜੁਆਨ ਨੂੰ ਬ੍ਰਿਛ ਨੇ ਆਖਿਆ, ਕਦੇ ਤੂੰ ਇਥੇ ਰੋਜ਼ ਆਉਂਦਾ ਸੀ ਪਰ ਹੁਣ ਕਿਉਂ ਨਹੀਂ ਆਉਂਦਾ, ਮੈਂ ਤੇਰਾ ਰਾਹ ਤੱਕਦਾ ਰਹਿੰਦਾ ਹਾਂ। ਜੁਆਨ ਕਹਿਣ ਲੱਗਾ ਕਿ ਮੈਂ ਹੁਣ ਵੱਡਾ ਹੋ ਗਿਆ ਹਾਂ, ਮੈਨੂੰ ਪੈਸੇ ਦੀ ਲੋੜ ਹੈ, ਜਿਹੜੀ ਤੇਰੇ ਕੋਲੋਂ ਪੂਰੀ ਨਹੀਂ ਹੋ ਸਕਦੀ ਤਾਂ ਬ੍ਰਿਛ ਨੇ ਕਿਹਾ, ਸਜਣਾ! ਮੈਂ ਪ੍ਰੇਮ ਕੀਤਾ ਹੈ, ਇਸ ਲਈ ਸਾਰੇ ਫਲ ਤੋੜ ਕੇ ਵੇਚ ਕੇ ਆਪਣੀ ਲੋੜ ਪੂਰੀ ਕਰ ਲੈ। ਬੰਦੇ ਨੇ ਇਵੇਂ ਹੀ ਕੀਤਾ ਫਿਰ ਕੁੱਝ ਸਮੇਂ ਬਾਅਦ ਆਇਆ ਤਾਂ ਦਰੱਖਤ ਨੇ ਪ੍ਰੇਸ਼ਾਨੀ ਪੁੱਛੀ। ਕਹਿਣ ਲੱਗਾ, ਕੰਮ ਤਾਂ ਚਲ ਪਿਆ ਹੈ ਪਰ ਘਰ ਨਹੀਂ। ਦਰੱਖਤ ਨੇ ਆਪਣੇ ਅੰਗ ਭਾਵ ਟਾਹਣੇ ਵੱਢਵਾ ਕੇ ਘਰ ਬਣਾ ਦਿੱਤਾ। ਫਿਰ ਇਕ ਦਿਨ ਆਇਆ, ਬ੍ਰਿਛ ਨੇ ਆਖਿਆ, ਹੁਣ ਕਿਉਂ ਪ੍ਰੇਸ਼ਾਨ ਹੈਂ ? ਕਹਿਣ ਲੱਗਾ, ਨਦੀਓਂ ਪਾਰ ਸ਼ਹਿਰ ਜਾਣ ਲਈ ਕੋਈ ਸਾਧਨ ਨਹੀਂ, ਦਰੱਖਤ ਨੇ ਤਣਾ ਵੀ ਦੇ ਕੇ ਬੇੜੀ ਬਣਵਾ ਦਿੱਤੀ। ਇਕ ਦਿਨ ਕੁੱਝ ਲੋਕ ਰੋਂਦੇ ਜਾ ਰਹੇ ਸਨ। ਬ੍ਰਿਛ ਨੇ ਪੁੱਛਿਆ, ਕੀ ਗੱਲ ? ਤਾਂ ਪਤਾ ਲੱਗਿਆ ਮੇਰਾ ਪ੍ਰੇਮੀ ਮਰ ਗਿਆ ਤਾਂ ਬ੍ਰਿਛ ਨੇ ਫਿਰ ਵੀ ਆਪਣੀਆਂ ਜੜ੍ਹਾਂ ਆਦਿ ਸੰਸਕਾਰ ਲਈ ਦੇ ਦਿੱਤੀਆਂ। ਬ੍ਰਿਛ ਲੁਟਾਉਂਦਾ ਗਿਆ, ਮਨੁੱਖ ਲੁੱਟਦਾ ਗਿਆ ਕਿਉਂਕਿ ਪ੍ਰੇਮ ਦਾ ਸੂਚਕ ਸੀ, ਪਰ ਮਨੁੱਖ ਮੋਹ ਦਾ ਸੂਚਕ ਸੀ। ਇਸੇ ਤਰ੍ਹਾਂ ਸਤਿਗੁਰੂ ਜੀ ਹਨ, ਸਭ ਕੁਝ ਲੁੱਟਾ ਦਿੱਤਾ ਸਾਡੇ ਵਾਸਤੇ, ਬੱਚੇ ਵੀ ਸ਼ਹੀਦ ਕਰਵਾ ਲਏ ਸਾਡੇ ਵਾਸਤੇ , ਆਨੰਦ ਦੀ ਪੁਰੀ ਵੀ ਛੱਡ ਦਿੱਤੀ, ਮਾਂ ਵੀ ਵਾਰੀ, ਪਿਤਾ ਵੀ ਵਾਰਿਆ, ਸਭ ਕੁਝ ਵਾਰ ਦਿੱਤਾ ਪਰ ਧੰਨ ਅਸੀਂ ਹਾਂ ਜਿਨ੍ਹਾਂ ਨੇ ਕਦੇ ਗੁਰੂ ਨਾਲ ਪ੍ਰੇਮ ਕੀਤਾ ਹੀ ਨਹੀਂ ਜਦੋਂ ਕੁਝ ਲੈਣਾ ਹੁੰਦਾ ਹੈ ਤਾਂ ਗੁਰੂ ਘਰ ਆ ਜਾਂਦੇ ਹਾਂ ਜੇ ਨਹੀਂ ਤਾਂ ਕਦੇ ਸਾਲਾਂ ਦੇ ਸਾਲ ਮਹੀਨੇ ਲੰਘ ਜਾਣ ਕਦੇ ਮੱਥਾ ਟੇਕਣ ਵੀ ਨਹੀਂ ਆਉਂਦੇ। ਪ੍ਰੇਮ ਕਦੇ ਮੁੱਲ ਨਹੀਂ ਮੰਗਦਾ ਪਰ ਸ਼ੁਕਰ ਕਰਨਾ ਤਾਂ ਫਰਜ਼ ਹੈ। ਕਦੇ ਤੂੰ ਵੀ ਕਿਹਾ ਕਰ —

ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥

ਗੁਰੂ ਕੇਵਲ ਪ੍ਰੇਮ ਦਾ ਭੁੱਖਾ ਹੈ। ਇਸ ਲਈ ਮੋਹ ਦੀ ਥਾਂ ਮੰਦਰ ਵਿੱਚ ਪ੍ਰੇਮ ਦਾ ਦੀਪਕ ਜਗਾ ਜਿਸ ਨਾਲ ਮੋਹ ਅਤੇ ਪ੍ਰੇਮ ਵਿੱਚ ਅੰਤਰ ਸਮਝਣ ਵਾਲੀ ਅੱਖ ਪ੍ਰਾਪਤ ਹੋ ਜਾਵੇਗੀ। ਫਿਰ ਮਨੁੱਖ ਕਦੇ ਮੋਹ ਨਹੀ ਕਰੇਗਾ ਬਲਕਿ ਪ੍ਰੇਮ ਕਰਕੇ ਆਪਣੇ ਅਸਲੇ ਵਿੱਚ ਸਮਾ ਜਾਵੇਗਾ।

ਅਹੰਕਾਰ

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

ਦੇ ਕਥਨ ਅਨੁਸਾਰ ਵੱਸਦੇ ਅੰਮ੍ਰਿਤ ਦੇ ਖਜ਼ਾਨੇ ਨੂੰ ਲੁੱਟਣ ਵਾਲੇ ਵਿੱਚੋਂ ਅਹੰਕਾਰ ਪੰਜਵਾਂ ਵਿਕਾਰ ਭਾਵ ਚੋਰ ਹੈ। ਹੰਕਾਰ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਦੀ ਭੁੱਖ ਦਾ ਨਾਂ ਹੈ। ਜਿਸ ਕਰਕੇ ਹਰ ਵਕਤ ਮੈਂ-ਮੈਂ ਦਾ ਹੋਕਾ ਲਾਈ ਰੱਖਣਾ, ਇਸ ਜੀਵ ਦੀ ਆਦਤ ਹੀ ਬਣ ਗਈ ਹੈ। ਵਿਕਾਰ ਤਾਂ ਸਾਰੇ ਹੀ ਮਾੜੇ ਹਨ ਪਰ ਕਾਮ, ਕਰੋਧ, ਲੋਭ, ਮੋਹ ਦੇ ਧਾਰਨੀ ਨੂੰ ਇਤਨੀਆ ਠੋਕਰਾਂ ਨਹੀਂ ਜਿੰਨੀਆਂ ਹੰਕਾਰੀਆਂ ਲਈ ਹਨ। ਹਰ ਰੋਜ਼ ਬਚਨ ਸਾਹਿਬ ਬਖਸ਼ਦੇ ਹਨ ਕਿ ਪ੍ਰਮੇਸ਼ਵਰ ਦਾ ਸੁਭਾਅ ਹੈ ਕਿ *"ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥"*
ਭਗਤ ਰਵੀ ਦਾਸ ਜੀ ਆਖਦੇ ਹਨ

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥

ਜਾਂ ਤਾਂ ਹੰਕਾਰ ਹੀ ਵੱਸਦਾ ਹੈ ਜਾਂ ਨਿਰੰਕਾਰ। ਸਿਆਣੇ ਆਖਦੇ ਹਨ ਕਿ ਖੁਦ ਤੇ ਖੁਦਾ ਦਾ ਵੈਰ ਹੁੰਦਾ ਹੈ। ਖੁਦਾ ਦੀ ਇਬਾਦਤ ਕਰਨ ਵਾਲਾ ਖੁਦ ਦਾ ਪੁਜਾਰੀ ਨਹੀਂ ਹੁੰਦਾ।

ਹੰਕਾਰੀ ਬੰਦਾ ਇਸ ਲਈ ਵੀ ਖਤਰਨਾਕ ਹੈ ਕਿ ਜਿੰਨੇ ਵੀ ਬਾਕੀ ਵਿਕਾਰ ਹਨ ਕਿਸੇ ਹੱਦ ਤਕ ਵੱਸ ਜਲਦੀ ਆ ਜਾਂਦੇ ਹਨ ਪਰ ਹੰਕਾਰ ਨਹੀਂ। ਜਿਵੇਂ ਕੋਈ ਕਾਮ ਵੱਸ ਵਿੱਚ ਕਰ ਲੈਂਦਾ ਹੈ ਪਰ ਹੰਕਾਰ ਹੋਰ ਪੱਕਾ ਹੋ ਗਿਆ ਕਿ ਮੈਂ ਕਾਮੀ ਨਹੀਂ। ਇਸੇ ਤਰ੍ਹਾਂ ਮੈਂ ਕਰੋਧੀ ਨਹੀਂ, ਮੈਂ ਲੋਭੀ ਨਹੀਂ, ਮੈਨੂੰ ਮੋਹ ਨਹੀਂ ਵਿਆਪਦਾ। ਇਥੋਂ ਤਕ ਹੰਕਾਰ ਕਰਕੇ ਵੀ ਕਹਿੰਦਾ ਹੈ ਕਿ ਮੈਂ ਹੰਕਾਰੀ ਨਹੀਂ। ਕਾਮ ਕਰੋਧ, ਲੋਭ, ਮੋਹ, ਹਰ ਚੀਜ ਨਾਲ ਨਹੀਂ ਪਰ ਹੰਕਾਰ ਹਰ ਚੀਜ ਨਾਲ ਸ਼ਾਮਲ ਕਰੀ ਬੈਠਾ ਹੈ। ਮੇਰਾ ਘਰ, ਮੇਰਾ ਸਾਮਾਨ, ਮੇਰੇ ਬੱਚੇ ਭਾਵ ਹਰ ਚੀਜ਼ 'ਤੇ ਹੰਕਾਰ ਪਾਲੀ ਬੈਠਾ ਹੈ।

ਦੂਜਾ ਹੰਕਾਰ ਇਸ ਲਈ ਵੀ ਖਤਰਨਾਕ ਹੈ ਕਿ ਬਾਕੀ ਵਿਕਾਰ ਆਪਣਾ ਰੂਪ ਨਹੀਂ ਵਟਾਉਂਦੇ ਪਰ ਜਿਉਂ-ਜਿਉਂ ਬੰਦਾ ਸਿਆਣਾ ਹੁੰਦਾ ਜਾਂਦਾ ਹੈ ਤੇ ਹੰਕਾਰ ਵੀ ਸਿਆਣਾ ਹੋ ਜਾਂਦਾ

ਹੈ ਜਿਵੇਂ ਪਹਿਲਾਂ ਪਹਿਲ ਕਹਿੰਦਾ ਹੈ ਕਿ ਆਹ ਕੰਮ ਮੈਂ ਕੀਤਾ। ਪਰ ਫਿਰ ਕਹਿਣ ਲੱਗ ਪੈਂਦਾ ਹੈ ਕਿ ਇਹ ਕੰਮ ਦਾਸ ਨੇ ਕੀਤਾ। ਪਰ ਫਿਰ ਸਿਆਣਾ ਹੋ ਜਾਂਦਾ ਹੈ ਕਿ ਇਹ ਸੇਵਾ ਦਾਸ ਕੋਲੋਂ ਗੁਰੂ ਸਾਹਿਬ ਜੀ ਨੇ ਲਈ ਹੈ। ਇਸ ਲਈ ਹੰਕਾਰ ਕੱਢਣਾ ਭਾਵ ਸੁਧਾਰਨਾ ਬਹੁਤ ਔਖਾ ਕੰਮ ਹੈ। ਹੈਰਾਨੀ ਦੀ ਗੱਲ ਕਦੇ ਕਾਮੀ ਕਰੋਧੀ ਵੀ ਬੰਦਗੀ ਦਾ ਰਸ ਲੈ ਸਕਦੇ ਹਨ ਪਰ ਹੰਕਾਰੀ ਬੰਦਾ ਕਦੇ ਵੀ ਰਸ ਨਹੀਂ ਲੈ ਸਕਦਾ। ਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਹਨ।

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥

ਹੰਕਾਰ ਦਾ ਕੰਡਾ ਚੁਭਦਾ ਪਰ ਕੱਢਦਾ ਨਹੀਂ, ਨਾ ਹੀ ਕੋਈ ਕੱਢ ਸਕਦਾ।

ਕਰਹਿ ਅਹੰਕਾਰ ਕੂੜੈ ਤਿਸ ਸੂਲਾ ਕੋ ਕਾਢਨ ਕੋ ਨਾਹੀ ॥

ਇਕ ਵਾਰੀ ਇਕ ਸਿਆਣੇ ਪੁਰਸ਼ ਨੇ ਤਬਲੇ (ਜੋੜੀ) ਨੂੰ ਪੁੱਛਿਆ, ਤੂੰ ਬੜੀ ਸੁਭਾਗੀ ਹੈਂ, ਹਰ ਵਕਤ ਤੂੰ ਤੂੰ ਹੀ ਕਰਦੀ ਰਹਿੰਦੀ ਹੈਂ ਪਰ ਜੋੜੀ ਨੇ ਆਖਿਆ, ਬੜੀ ਦੁੱਖਾਂ ਭਰੀ ਯਾਤਰਾ ਕਰਕੇ ਇਸ ਤੂੰ ਤੂੰ ਤਕ ਪਹੁੰਚੀ ਹਾਂ। ਆਲਮ ਪੁਰਸ਼ ਨੇ ਪੁੱਛਿਆ, ਉਹ ਕਿਵੇਂ ? ਜਵਾਬ ਦਿੱਤਾ, ਕਹਿਣ ਲੱਗੀ, ਕਦੇ ਮੈਂ ਬੱਕਰੇ ਦੀ ਜੂਨ ਵਿੱਚ ਆਈ ਸਾਂ ਜਦੋਂ ਵੀ ਮੇਰਾ ਮਾਲਕ ਪਿਆਰ ਕਰਦਾ ਸੀ, ਪੱਠੇ ਪਾਉਂਦਾ ਸੀ ਤਾਂ ਮੈਂ ਹਰ ਵਕਤ ਮੈਂ ਮੈਂ ਹੀ ਕਰਦੀ ਸਾਂ। ਇਸ ਮੈਂ ਮੈਂ ਦਾ ਕਾਰਨ ਬਣਿਆਂ ਕਿ ਮੈਨੂੰ ਕਸਾਈ ਕੋਲ ਆਪਣੀ ਗਰਦਨ ਕਟਵਾਉਣੀ ਪਈ। ਫਿਰ ਮੇਰਾ ਮਾਸ ਪੁੱਠਾ ਕਰ ਟੰਗਿਆ ਗਿਆ, ਲੋਕਾਂ ਨੇ ਬੋਟੀ ਬੋਟੀ ਕਰਕੇ ਖਾ ਲਿਆ। ਮੇਰੀ ਖੱਲ ਨੂੰ ਸਾਫ ਕਰਕੇ ਤਬਲੇ 'ਤੇ ਚੜ੍ਹਾ ਦਿੱਤਾ ਜਿਸ ਕਰਕੇ ਹੁਣ ਮੈਂ ਕਦੇ ਮੈਂ ਨਹੀਂ ਕਹਿੰਦੀ, ਸਿਰਫ ਤੂੰ ਹੀ ਕਹਿੰਦੀ ਹਾਂ। ਜਿਸ ਕਰਕੇ ਮੈਨੂੰ ਮਾਲਕ ਦੇ ਗੁਣ ਗਾਉਣ ਭਾਵ ਕੀਰਤਨ ਦਾ ਰਸ ਲੈਣਾ ਮਿਲਿਆ ਹੈ। ਅੰਮ੍ਰਿਤ ਬਾਣੀ ਦਾ ਬਚਨ ਵੀ ਯਾਦ ਕਰ ਲਈਏ, ਸਾਨੂੰ ਵੀ ਸੋਝੀ ਆ ਜਾਵੇ,

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥

ਸ਼ੇਖ ਸਾਅਦੀ ਨੇ ਵੀ ਇਕ ਬੜਾ ਸੁੰਦਰ ਖਿਆਲ ਦਿੱਤਾ ਹੈ, ਗੁਲਸਤਾ-ਬੋਸਤਾਂ ਅੰਦਰ। ਕਹਿੰਦੇ ਨੇ ਇਕ ਵਾਰੀ ਇਕ ਰਾਜੇ ਨੇ ਕੁਝ ਕੱਪੜਾ ਘਰ ਪਰਦਿਆਂ ਲਈ ਮੰਗਵਾਇਆ। ਪਰਦੇ ਬਣਾ ਕੇ ਲਾ ਦਿੱਤੇ ਪਰ ਥੋੜ੍ਹਾ ਜਿਹਾ ਕੱਪੜਾ ਬਚ ਗਿਆ ਜਿਸ ਦਾ ਦਰਜ਼ੀ ਨੇ ਝੰਡਾ ਬਣਾ ਦਿੱਤਾ, ਝੰਡਾ ਵੀ ਪਰਦੇ ਦੇ ਨਾਲ ਹੀ ਪਿਆ ਰਹਿੰਦਾ। ਅਚਾਨਕ ਰਾਜ ਵਿੱਚ ਕਿਧਰੇ ਬਗਾਵਤ ਉੱਠ ਖਲੋਤੀ। ਲੜਾਈ ਲੱਗ ਗਈ। ਝੰਡਾ ਚੁੱਕ ਕੇ ਫ਼ੌਜ ਤਿਆਰ ਕਰਕੇ ਰਾਜੇ ਨੇ ਚੜ੍ਹਾਈ ਕਰ ਦਿੱਤੀ। ਜਿੱਤ ਹਾਸਿਲ ਕਰ ਕੇ ਘਰ ਮੁੜਿਆ ਤਾਂ ਝੰਡੇ ਦਾ ਰੰਗ ਤਬਦੀਲ ਹੋ ਚੁੱਕਾ ਸੀ। ਪਰਦੇ ਦੇ ਕੋਲ ਫਿਰ ਖੜਾ ਕਰ ਦਿੱਤਾ। ਹੁਣ ਪਰਦੇ ਦਾ ਕੱਪੜਾ

ਝੰਡੇ ਦੇ ਕੱਪੜੇ ਨੂੰ ਪੁੱਛਦਾ, ਸੁਣਾ ਬਈ, ਤੂੰ ਕੌਣ ਹੈਂ ? ਝੰਡਾ ਹੈਰਾਨ ਹੋਇਆ, ਆਪਾਂ ਤਾਂ ਇਕੋ ਸਾਂ ਪਰ ਪਰਦਾ ਕਹਿਣ ਲੱਗਾ, ਤੇਰਾ ਇਹ ਹਾਲ ਕਿਵੇਂ ਹੋ ਗਿਆ ? ਪਰ ਝੰਡਾ ਕਹਿਣ ਲੱਗਾ, ਤੂੰ ਤਾਂ ਆਪਣਾ ਸਿਰ ਨੀਓਂ ਕਰ ਕੇ ਮਾਲਿਕ ਦੀ ਦਹਿਲੀਜ਼ 'ਤੇ ਲਟਕਦਾ ਹੈਂ ਜਿਸ ਕਰਕੇ ਤੂੰ ਵੈਸੇ ਦਾ ਵੈਸਾ ਹੀ ਹੈਂ ਪਰ ਮੈਨੂੰ ਇਕ ਡੰਡੇ ਵਿੱਚ ਪਾ ਕੇ ਮੇਰਾ ਸਿਰ ਉੱਚਾ ਹੋ ਗਿਆ ਜਿਸ ਕਰਕੇ ਮੈਨੂੰ ਵਰ੍ਹਦੀਆਂ ਤੇਗਾਂ, ਹਥਿਆਰਾਂ, ਵਿੱਚ ਤੇ ਕਹਿਰ ਦੀਆਂ ਗਰਮੀਆਂ ਵਿੱਚ ਜਾਣਾ ਪਿਆ ਜਿਸ ਨਾਲ ਮੇਰਾ ਇਹ ਹਾਲ ਹੋ ਗਿਆ।

ਜਿਹੜੇ ਹੰਕਾਰ ਛੱਡ ਕੇ ਗੁਰ ਕੇ ਗ੍ਰਿਹਿ ਰਹਿੰਦੇ ਹਨ ਉਹ ਤਾਂ ਨਿਰਮਲ ਆਤਮਾ ਰਖਦੇ ਹਨ ਪਰ ਜਿਹੜੇ ਝੰਡੇ ਵਾਂਗ ਹੰਕਾਰੀ ਹੋ ਜਾਂਦੇ ਹਨ, ਉਨ੍ਹਾਂ ਨੂੰ ਅਨੇਕਾਂ ਕਹਿਰਾਂ ਦਾ ਸਾਹਮਣਾ ਹੀ ਨਹੀ ਕਰਨਾ ਪੈਂਦਾ ਸਗੋਂ ਹੰਕਾਰ ਦੀ ਮੈਲ ਕਾਰਨ ਬੇਪਛਾਣ ਵੀ ਹੋ ਜਾਂਦੇ ਹਨ।

ਹੰਕਾਰ ਤੋਂ ਸਾਕਾਰ ਰੂਪੀ ਸ੍ਵੈਮਾਣ ਹੈ। ਅਸੀਂ ਰੋਜ਼ ਕਹਿੰਦੇ ਹਾਂ ਆਪਣਾ ਨਾਮ ਨਹੀ ਵਰਤਣਾ ਪਰ ਬਾਬਾ ਕਬੀਰ ਸਾਹਿਬ ਜੀ ਜਾਂ ਗੁਰੂ ਸਾਹਿਬ ਵੀ ਤਾਂ ਆਪਣਾ ਨਾਮ ਵਰਤਦੇ ਹਨ ਪਰ ਇਹੋ ਅੰਤਰ ਹੈ, ਉਨ੍ਹਾਂ ਨੇ ਇਸ ਹੰਕਾਰੀ ਕਬੀਰ ਨੂੰ ਮਾਰ ਕੇ ਉਹ ਕਬੀਰ ਜਗਾ ਲਿਆ ਜਿਹੜਾ ਕਹਿੰਦਾ ਹੈ,

"ਤੇਰੋ ਨਾਉ ਕਬੀਰ ॥"

ਇਸੇ ਤਰ੍ਹਾਂ ਉਸ ਗੁਰੂ ਨਾਨਕ ਸਾਹਿਬ ਜੀ ਦਾ ਕੋਈ ਜ਼ਿਕਰ ਨਹੀਂ ਜਿਹੜੇ ਤਲਵੰਡੀ ਵਿਖੇ ਮਹਿਤਾ ਕਾਲੂ ਜੀ ਦੇ ਘਰ ਜਨਮੇ। ਇਥੇ ਤਾਂ ਉਸ ਗੁਰੂ ਨਾਨਕ ਸਾਹਿਬ ਜੀ ਦੀ ਬਾਤ ਹੈ ਜਿਸਨੂੰ, ਪੁਕਾਰ ਸੁਣ ਕੇ *"ਜਗਿ ਮਾਹਿ ਪਠਾਇਆ"* ਸੀ। ਇਸੇ ਹੀ ਜੋਤਿ ਨੇ ਫਿਰ ਹੰਕਾਰ ਨੂੰ ਬਦਲਾ ਕੇ ਪ੍ਰਤੱਖ ਰੂਪ ਸ੍ਵੈਮਾਣ ਦਾ ਦਿੱਤਾ ਸੀ ਜਦੋਂ ਇਹ ਬਚਨ ਕਹੇ *"ਨਿਸਚੈ ਕਰ ਆਪਨੀ ਜੀਤ ਕਰੌਂ ॥"* ਜਾਂ *"ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥"*

ਸੋ ਹੰਕਾਰ ਵਿਕਾਰ ਹੈ ਤੇ ਸ੍ਵੈਮਾਣ ਸਾਕਾਰ ਹੈ। ਸਿੱਖਾਂ ਨੇ ਸ੍ਵੈਮਾਣ ਦੇ ਆਸਰੇ ਹੀ ਸਾਰਾ ਲਾਡ ਲਡਾਇਆ ਹੈ। ਹੰਕਾਰ ਵਾਲੀ ਅੱਖ ਰੱਬ ਤੋਂ ਦੂਰੀ ਹੀ ਨਹੀਂ ਬਲਕਿ ਵਿਛੋੜਾ ਵੀ ਪਾਈ ਰਖਦੀ ਹੈ। ਇਸੇ ਲਈ ਬਾਬਾ ਫਰੀਦ ਜੀ ਦਾ ਤਰਲਾ ਹੈ ਕਿ ਹੇ ਹੰਕਾਰ ਰੂਪੀ ਕਾਂ ਸਾਰੇ ਸਰੀਰ ਨੂੰ ਨੋਚ ਲਿਆ ਪਰ ਅੱਖਾਂ ਨਾ ਛੇੜੀਂ, ਮੈਂ ਪ੍ਰੀਤਮ ਮਾਹੀ ਦੇ ਦੀਦਾਰ ਕਰਨੇ ਹਨ,

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ ॥

ਇਹ ਅੱਖੜੀਆਂ ਬਿਅੰਨ ਹੀ ਹਨ ਜਿਹੜੀਆਂ ਮਾਂ ਪਿਰੀ ਨੂੰ ਦੇਖਦੀਆਂ ਹਨ

ਇਨ੍ਹਾਂ ਪੰਜੇ ਵਿਕਾਰਾਂ ਤੋਂ ਸਾਕਾਰ ਰੂਪ ਕਰਕੇ ਜੀਵ ਜੀਵਨ ਯਾਤਰਾ ਸੌਖੀ ਕਰ ਸਕਦਾ ਹੈ। ਦੁਨੀਆਂ ਵਿੱਚ ਤਿੰਨੇ ਤਰ੍ਹਾਂ ਦੇ ਹੀ ਲੋਕ ਹਨ - ਇਕ ਉਹ ਜਿਹੜੇ ਜੀਵਨ ਦੀ

ਦੌੜ ਦੌੜਨ ਲਈ ਸਵਾਰੀ ਦੀ ਹੀ ਪ੍ਰਵਾਹ ਕਰਦੇ ਰਹੇ। ਦੂਜੇ ਉਹ ਜਿਨ੍ਹਾਂ ਨੇ ਕੇਵਲ ਸਵਾਰ ਹੀ ਸੰਭਾਲੇ, ਤੀਜੇ ਉਹ ਜਿਨ੍ਹਾਂ ਨੇ ਸਵਾਰ ਤੇ ਸਵਾਰੀ ਦੋਨਾਂ ਦੀ ਸੰਭਾਲ ਕੀਤੀ। ਇਸੇ ਤਰ੍ਹਾਂ ਕੁਝ ਲੋਕ ਉਹ ਹਨ ਜਿਹੜੇ ਇਸ ਆਤਮਾ ਦੀ ਸਵਾਰੀ ਦੇਹੀ ਨੂੰ ਹੀ ਪਾਲਣ ਲੱਗ ਪਏ ਜਿਸ ਕਰਕੇ ਦੇਹੀ ਤਾਂ ਚੰਗੀ ਪਰ ਆਤਮਾ ਦੀ ਪ੍ਰਵਾਹ ਨਾ ਕੀਤੀ। ਦੌੜ ਵਿੱਚ ਪੱਛੜ ਗਏ। ਸਵਾਰ ਹੀ ਸੁੱਟ ਦਿੱਤਾ। ਦੂਜੇ ਜਿਹੜੇ ਕੇਵਲ ਆਤਮਾ ਦੀ ਖਾਤਰ ਜੰਗਲਾਂ ਵਿੱਚ ਚਲੇ ਗਏ ਕਾਂਇਆਂ ਰੋਲ ਦਿੱਤੀ। ਉਨ੍ਹਾਂ ਦਾ ਸਵਾਰ ਤਾਂ ਚੰਗਾ ਸੀ ਪਰ ਸਵਾਰੀ ਜਵਾਬ ਦੇ ਗਈ ਸੰਸਾਰ ਦੀ ਦੌੜ ਵਿੱਚ। ਤੀਜੇ ਉਹ ਸਨ ਜਿਨ੍ਹਾਂ ਨੇ ਸਰੀਰ ਵੀ ਸੰਭਾਲਿਆ ਤੇ ਆਤਮਾ ਵੀ ਸੰਭਾਲੀ ਤੇ ਇਨ੍ਹਾਂ ਵਿਕਾਰਾਂ ਨੂੰ ਸਾਕਾਰ ਕਰਨ ਕਰਕੇ ਜ਼ਿੰਦਗੀ ਦੀ ਗੱਡੀ ਮੰਜ਼ਿਲੇ ਮਕਸੂਦ 'ਤੇ ਪਹੁੰਚ ਗਈ।

ਮਨ ਬਾਰੇ

ਮਨੁੱਖ ਦੀ ਜ਼ਿੰਦਗੀ ਵਿੱਚ ਤਿੰਨ ਚੀਜ਼ਾਂ ਅਸੀ ਦੇਖਦੇ ਹਾਂ। ਇਕ ਦੇਹੀ, ਦੂਜਾ ਮਨ ਅਤੇ ਤੀਜੀ ਆਤਮਾ ਹੈ। ਤਨ ਅਤੇ ਆਤਮਾ ਦਾ ਸੰਬੰਧੀ ਮਨ ਹੈ। ਆਤਮਾ ਪ੍ਰਮੇਸ਼ਵਰ ਦੀ ਅੰਸ਼ ਹੈ ਜਿਹੜੀ ਮੁੜ ਮਿਲਾਪ ਲਈ ਤੜਪ ਰੱਖਦੀ ਹੈ। ਆਤਮਾ ਦੇ ਮਿਲਾਪ ਲਈ ਪ੍ਰਮੇਸ਼ਵਰ ਨੇ ਕਿਰਪਾ ਕਰਕੇ ਇਹ ਦੇਹ ਰੂਪੀ ਦਾਤ ਬਖਸ਼ੀ ਹੈ ਜਿਸ ਨਾਲ ਇਹ ਬੰਦਗੀ ਕਰਕੇ ਆਪਣੇ ਨਿਜ ਘਰ ਜਾ ਸਕਦੀ ਹੈ। ਮਨ ਦੋਨਾਂ ਦਾ ਸੰਬੰਧੀ ਹੋਣ ਕਰਕੇ ਕਾਰਜ ਰਾਸ ਨਹੀਂ ਆਉਂਦਾ। ਤਨ ਤਾਂ ਬਹੁਤੀ ਵਾਰੀ ਧਰਮ ਕਮਾਉਂਦਾ ਹੈ ਭਾਵ ਵਾਹਿਗੁਰੂ ਜੀ ਦਾ ਸਿਮਰਨ ਕਰਨਾ ਪਰ ਮੁਸ਼ਕਿਲ ਇਹ ਬਣੀ ਕਿ ਤਨ ਦੇ ਕੀਤੇ ਕੰਮ ਸਿਰਫ ਇਕ ਕਿਰਿਆ ਬਣ ਕੇ ਰਹਿ ਗਏ ਕਿਉਂਕਿ ਤਨ ਅਤੇ ਆਤਮਾ ਦਾ ਸੰਬੰਧੀ ਮਨ ਹਾਜ਼ਰ ਨਹੀਂ। ਇਸੇ ਲਈ ਸਤਿਗੁਰੂ ਜੀ ਨੇ ਜਾਂ ਬਾਕੀ ਧਰਮਾਂ ਨੇ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਸਤਤਿ ਮਨ ਕਰਕੇ ਕਰੀ ਹੋਈ ਹੀ ਪ੍ਰਵਾਨ ਹੋਣੀ ਹੈ। *"ਪ੍ਰਭ ਕੀ ਉਸਤਤਿ ...."*

ਗੁਰੂ ਨਾਨਕ ਪਾਤਿਸ਼ਾਹ ਜੀ ਦੇ ਤਾਂ ਜੀਵਨ ਦੀਆਂ ਗਾਥਾਵਾਂ ਵੀ ਪੜ੍ਹਦੇ ਹਾਂ ਕਿ ਨਿਮਾਜ਼ ਅਦਾ ਕਰਨ ਵਾਲਿਆਂ ਨੂੰ ਇਹ ਉਪਦੇਸ਼ ਦਿੱਤਾ ਸੀ ਕਿ ਭਾਈ ਤੇਰਾ ਮਨ ਕਾਬਲ ਵਿੱਚ ਘੋੜੇ ਖਰੀਦ ਰਿਹਾ ਸੀ ਪਰ ਕਾਜ਼ੀ ਸਾਹਿਬ ਤੁਸੀਂ ਵੀ ਘਰ ਵਿੱਚ ਨਵੀਂ ਵਛੇਰੀ ਮਗਰ ਹੀ ਭਟਕਦੇ ਰਹੇ। ਇਹ ਬਚਨ ਸੁਣ ਕੇ ਨਵਾਬ ਦੌਲਤ ਖਾਂ ਤੇ ਕਾਜ਼ੀ ਦੋਵੇਂ ਜਣੇ ਗੁਰੂ ਚਰਣਾਂ ਦੇ ਉਪਾਸ਼ਕ ਬਣ ਗਏ ਸਨ। ਮਨ ਆਤਮਾ ਤਕ ਗੁਰੂ ਜੀ ਦਾ ਕੋਈ ਪਵਿੱਤਰ ਬਚਨ ਪਹੁੰਚਣ ਹੀ ਨਹੀਂ ਦਿੰਦਾ। ਦਿਨ ਰਾਤ ਭਟਕਣਾ ਵਿੱਚ ਹੀ ਲੱਗਾ ਰਹਿੰਦਾ ਹੈ। ਜੇ ਮਨ ਇਕ ਪਲ ਵੀ ਟਿਕ ਕੇ ਪ੍ਰਮੇਸ਼ਵਰ ਦੀ ਬੰਦਗੀ ਵਿੱਚ ਜੁੜ ਜਾਵੇ ਤਾਂ ਕਲਗੀਧਰ ਪਿਤਾ ਜੀ ਦੇ ਅਮੋਲਕ ਬਚਨ ਇਹ ਹਨ ਕਿ

ਏਕ ਚਿਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥

ਆਓ ਵੀਚਾਰਨ ਦਾ ਉਪਰਾਲਾ ਕਰੀਏ ਕਿ ਫਿਰ ਮਨ ਟਿਕਦਾ ਕਿਉਂ ਨਹੀਂ ?

ਸਭ ਤੋਂ ਪਹਿਲਾਂ ਮਨ ਦੀ ਹੀ ਵੀਚਾਰ ਕਰੀਏ ਕਿ ਮਨ ਕੀ ਚੀਜ਼ ਹੈ ? ਸਤਿਗੁਰੂ ਜੀ ਕਈ ਥਾਵਾਂ 'ਤੇ ਜ਼ਿਕਰ ਕਰਦੇ ਹਨ ਕਿ ਮਨ ਪੰਜ ਤੱਤਾਂ ਦਾ ਮਿਲਾਪ ਹੈ। ਬਾਬਾ ਕਬੀਰ ਸਾਹਿਬ ਜੀ ਦੇ ਬਚਨ ਹਨ -

ਇਹੁ ਮਨੁ ਸਕਤੀ ਇਹੁ ਮਨੁ ਸੀਉ ॥

ਇਹੁ ਮਨੁ ਪੰਚ ਤਤ ਕੋ ਜੀਉ ॥

ਜਾਂ ਫਿਰ ਗੁਰੂ ਨਾਨਕ ਸਾਹਿਬ ਜੀ ਦੇ ਵੀ ਬਚਨ ਹਨ ਕਿ

ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥
ਇਹੁ ਮਨੁ ਪੰਚ ਤਤੁ ਤੇ ਜਨਮਾ ॥

ਮਨ ਪੰਜ ਤੱਤਾਂ ਤੋਂ ਜਨਮਿਆਂ ਹੋਇਆ ਹੈ। ਇਸ ਮਨ ਦੀਆਂ ਦੋ ਪ੍ਰਮੁੱਖ ਅਵੱਸਥਾਵਾਂ ਹਨ। ਪਹਿਲੀ ਅਵੱਸਥਾ ਦਾ ਜ਼ਿਕਰ ਸਤਿਗੁਰੂ ਜੀ ਕਰਦੇ ਹਨ ਕਿ ਮਨ ਇਕ ਖੋਤੇ ਦੀ ਤਰ੍ਹਾਂ ਹੈ ਜਿਸਦਾ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ । ਕਦੇ ਵੀ ਧੋਖਾ ਦੇ ਸਕਦਾ ਹੈ। ਖੋਤੇ ਵਾਂਗ ਛੜੀਆਂ ਮਾਰਦਾ ਰਹਿੰਦਾ ਹੈ। ਅਮੋਲਕ ਬਚਨ ਹਨ

ਮਨ ਖੁਟਹਰ ਤੇਰਾ ਨਹੀ ਬਿਸਾਸੁ ॥ ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥

ਮਨ ਦੀ ਦੂਸਰੀ ਅਵੱਸਥਾ ਹੈ ਕਿ ਇਹੋ ਹੀ ਮਨ ਅਸਲ ਵਿੱਚ ਪ੍ਰਮੇਸ਼ਵਰ ਦਾ ਰੂਪ ਹੈ ਪਰ ਆਪੇ ਦੀ ਪਹਿਚਾਣ ਭੁੱਲ ਜਾਣ ਕਰਕੇ ਇਸ ਤਰ੍ਹਾਂ ਮਲੀਨ ਹੋ ਕੇ ਵਿਚਰਦਾ ਹੈ ਅਸਲ ਵਿੱਚ ਮਨ ਪ੍ਰਮੇਸ਼ਵਰ ਦਾ ਰੂਪ ਹੈ। ਪਾਤਿਸ਼ਾਹ ਜੀ ਬਚਨ ਕਰਦੇ ਹਨ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਜਿਵੇਂ ਤਨ ਦਾ ਕੋਈ ਤੱਤ ਘੱਟ ਜਾਵੇ ਤਾਂ ਤਨ ਰੋਗੀ ਹੋ ਜਾਂਦਾ ਹੈ ਜਦੋਂ ਮਨ ਦੇ ਇਨ੍ਹਾਂ ਪੰਜਾਂ ਤੱਤਾਂ ਵਿੱਚੋਂ ਕੋਈ ਤੱਤ ਦੀ ਕਮੀ ਆ ਜਾਵੇ ਤਾਂ ਮਨ ਵੀ ਆਪਣੇ ਆਪ ਨੂੰ ਰੋਗੀ ਸਮਝਦਾ ਹੈ। ਇਸ ਲਈ ਮਨ ਇਨ੍ਹਾਂ ਪੰਜ ਤੱਤਾਂ ਵਿੱਚ ਕਮੀ ਨਹੀਂ ਆਉਣ ਦਿੰਦਾ। ਕਦੇ ਵੀ ਵੇਖਣਾ ਮਨ ਸ਼ਬਦ ਤੋਂ ਕਦੇ ਵੀ ਨਹੀਂ ਵਿਛੜਦਾ। ਮਨ ਦਾ ਪਹਿਲਾ ਤੱਤ ਹੀ ਸ਼ਬਦ ਹੈ। ਤਨ ਤਾਂ ਕੇਵਲ ਮਨ ਦੇ ਬਣੇ ਸ਼ਬਦਾਂ ਨੂੰ ਹੀ ਪ੍ਰਗਟ ਕਰਦਾ ਹੈ। ਬਹੁਤੀ ਵਾਰੀ ਮਨ ਥੋੜ੍ਹੇ ਜਿਹੇ ਸਮੇਂ ਲਈ ਇਕੱਲਾ ਵੀ ਸ਼ਬਦ ਬੋਲਦਾ ਰਹਿੰਦਾ ਹੈ ਜਿਵੇਂ ਗੱਡੀ 'ਤੇ ਜਾਂਦਿਆਂ, ਇਕੱਲੇ ਬੈਠਿਆਂ ਦੋ ਪਾਤਰ ਘੜ ਲੈਂਦਾ ਹੈ ਤਾਂ ਆਪ ਹੀ ਸੁਆਲ ਜੁਆਬ ਕਰਦਾ ਰਹਿੰਦਾ ਹੈ। ਕਦੇ ਰਸਾਲਾ, ਅਖਬਾਰ, ਕਿਤਾਬ, ਰੇਡਿਓ, ਟੀ ਵੀ ਭਾਵ ਕੁਝ ਵੀ ਹੋਵੇ, ਪਰ ਸ਼ਬਦ ਜ਼ਰੂਰ ਚਾਹੀਦਾ ਹੈ ਜੇ ਕਰ ਕੁਝ ਵੀ ਨਾ ਹੋ ਸਕੇ, ਸੌਂ ਜਾਵੇ ਤਾਂ ਸੁਪਨੇ ਚਿਤਰ ਕੇ ਸ਼ਬਦ ਦੀ ਹੋਂਦ ਬਣਾਈ ਰੱਖਦਾ ਹੈ। ਜਦੋਂ ਕਦੇ ਕਿਸੇ ਅਪਰਾਧੀ ਨੂੰ ਸਜ਼ਾ ਦੇਣੀ ਹੋਵੇ ਤਾਂ ਉਸਨੂੰ ਸ਼ਬਦ ਤੋਂ ਹੀ ਤੋੜਦੇ ਹਨ, ਇਕਾਂਤ ਵਿੱਚ ਬਿਠਾ ਦਿੰਦੇ ਹਨ, ਕਿਉਂਕਿ ਲੰਮਾਂ ਸਮਾਂ ਸ਼ਬਦ ਤੋਂ ਤੋੜਨਾ ਹੀ ਸਭ ਤੋਂ ਵੱਡੀ ਸਜ਼ਾ ਹੈ। ਸੋ ਮਨ ਸ਼ਬਦ ਨਾਲ ਜੁੜਿਆ ਰਹਿੰਦਾ ਹੈ। ਇਹ ਗੱਲ ਵੱਖਰੀ ਹੈ ਕਿ ਇਸ ਕੋਲ ਸ਼ਬਦ ਨਾ ਹੋਣ ਕਰਕੇ ਇਹ ਮਨ ਪੂਰਤੀ ਕਰਨ ਵਾਸਤੇ ਮਾੜੇ ਤੋਂ ਮਾੜੇ ਕਰਮ ਵੀ ਕਰਦਾ

ਰਹਿੰਦਾ ਹੈ ਜਿਸ ਕਰਕੇ ਇਸ ਦੀ ਪਹਿਲੀ ਅਵੱਸਥਾ ਖੋਤੇ ਵਾਂਗ ਬਿਆਨ ਕੀਤੀ ਹੈ।

ਮਨ ਦਾ ਦੂਸਰਾ ਤੱਤ ਸਪਰਸ਼ ਹੈ। ਤਨ ਦਾ ਸਪਰਸ਼ ਕੋਈ ਅਸਰ ਨਹੀਂ ਰੱਖਦਾ। ਉਦਾਹਰਣ ਵਜੋਂ ਕੋਈ ਇਕ ਬੰਦਾ ਬੱਸ ਵਿੱਚ ਚੜ੍ਹਿਆ, ਸੀਟ ਦੀ ਭਾਲ ਵਿੱਚ ਲੱਗਿਆ, ਫਿਰ ਸਾਮਾਨ ਠੀਕ ਕੀਤਾ, ਟਿੱਕਟ ਕਟਾ ਕੇ ਜਦੋਂ ਆਰਾਮ ਨਾਲ ਬੈਠਿਆ ਤਾਂ ਪਤਾ ਲੱਗਾ ਕਿ ਮੇਰਾ ਸਪਰਸ਼ ਕਿਸੇ ਅਜਿਹੇ ਵਿਅਕਤੀ ਨਾਲ ਹੋ ਰਿਹਾ ਹੈ ਤਦ ਉਸੇ ਪਲ ਹੀ ਕਰੋਧ ਆਦਿਕ ਵਿਕਾਰ ਦੀ ਭਾਵਨਾ ਧਾਰਨ ਕਰ ਲਵੇਗਾ। ਜਦ ਕਿ ਤਨ ਤਾਂ ਪਹਿਲਾਂ ਹੀ ਸਪਰਸ਼ ਕਰਦਾ ਸੀ ਪਰ ਪਹਿਲਾਂ ਮਨ ਆਪਣੇ ਰੁਝੇਵੇਂ ਵਿੱਚ ਰੁਝਿਆ ਹੋਇਆ ਸੀ। ਹੁਣ ਜਿੰਨਾ ਚਿਰ ਸਫਰ ਕਰਦਾ ਰਿਹਾ ਬਸ ਇਕ ਹੀ ਵਿਰੋਧਤਾ ਸੀ। ਇਹ ਇਸ ਖੋਤੇ ਮਨ ਦੀ ਅਵੱਸਥਾ ਦਾ ਦੂਜਾ ਤੱਤ ਸਪਰਸ਼ ਕਰਦਾ ਹੈ।

ਤਨ ਤੇ ਆਤਮਾ ਕਿਸੇ ਰੂਪ ਦੀ ਮੁਥਾਜ਼ ਨਹੀਂ ਕੇਵਲ ਮਨ ਹੀ ਹੈ ਜਿਹੜਾ ਦਿਨ ਰਾਤ ਰੂਪ ਤੱਕਣ ਲਈ ਤਤਪਰ ਰਹਿੰਦਾ ਹੈ। ਹਰ ਚੀਜ਼ ਨਵੀਂ ਤੋਂ ਨਵੀਂ ਵੇਖਣਾ ਚਾਹੁੰਦਾ ਹੈ। ਇਕੋ ਜਿਹੇ ਰੂਪ ਤੱਕ ਤੱਕ ਕੇ ਤੰਗ ਆ ਜਾਂਦਾ ਹੈ, ਇਸੇ ਲਈ ਬਹੁਤੇ ਲੋਕੀ ਥੋੜ੍ਹੇ ਜਿਹੇ ਸਮੇਂ ਤੋਂ ਬਾਅਦ ਕਿਧਰੇ ਨਾ ਕਿਧਰੇ ਘੁੰਮਣ ਜਾਂਦੇ ਹਨ। ਜਿਹੜੀ ਚੀਜ਼ ਇਕ ਵਾਰੀ ਤੱਕ ਲਈ, ਇਸ ਵਾਸਤੇ ਉਹ ਪੁਰਾਣੀ ਹੈ ਤੇ ਪੁਰਾਣੀ ਚੀਜ਼ ਤੱਕਣਾ ਪਸੰਦ ਨਹੀਂ ਕਰਦਾ। ਇਸ ਲਈ ਹਰਿ ਕਾ ਰੂਪ ਤੱਕਣ ਵਾਲੇ ਇਨ੍ਹਾਂ ਨੇਤਰਾਂ ਨਾਲ ਦਿਨ ਰਾਤ ਵਿਕਾਰ ਕਮਾਉਂਦਾ ਰਹਿੰਦਾ ਹੈ। ਜਿਹੜੀ ਚੀਜ਼ ਸੁੰਦਰ ਨਹੀਂ ਲੱਗਦੀ, ਉਸਨੂੰ ਇਕ ਵਾਰੀ ਨਜ਼ਰ ਮਾਰ ਕੇ ਹੱਟ ਜਾਂਦਾ ਹੈ ਪਰ ਜਿਹੜਾ ਰੂਪ ਚੰਗਾ ਲੱਗ ਜਾਏ ਤਾਂ ਉਸਦਾ ਮੁਰੀਦ ਬਣ ਕੇ ਵਿਚਰਦਾ ਰਹਿੰਦਾ ਹੈਂ। ਜ਼ਬਾਨੋਂ ਭਾਵੇਂ ਕੋਈ ਰਿਸ਼ਤਾ ਬਣਾ ਕੇ ਰੱਖੇ ਪਰ ਨੇਤਰਾਂ ਹੀ ਨੇਤਰਾਂ ਰਾਹੀਂ ਇਹ ਮਨ ਵਿਕਾਰਾਂ ਦਾ ਰਸ ਪੀਂਦਾ ਰਹਿੰਦਾ ਹੈ। ਅਸਲ ਮਨੁੱਖ ਦੇ ਨੇਤਰ ਨਹੀਂ ਦੇਖਦੇ, ਦੇਖਦਾ ਮਨ ਹੀ ਹੈ ਪਰ ਨੇਤਰਾਂ ਰਾਹੀਂ ਦੇਖਦਾ ਹੈ। ਜਿਹੋ ਜਿਹੀ ਦ੍ਰਿਸ਼ਟੀ ਵੈਸੀ ਹੀ ਸ੍ਰਿਸ਼ਟੀ ਨਜ਼ਰ ਆਉਂਦੀ ਹੈ। ਇਸੇ ਲਈ ਸਤਿਗੁਰੂ ਜੀ ਵੀ ਬਚਨ ਕਰਦੇ ਹਨ ਕਿ ਹੇ ਬੰਦੇ, ਤਨ ਨੂੰ ਧੋਣ ਦੀ ਜਾਂ ਤੀਰਥਾਂ 'ਤੇ ਪਵਿੱਤਰ ਕਰਨ ਦੀ ਇਤਨੀ ਲੋੜ ਨਹੀਂ, ਅਸਲ ਵਿੱਚ ਤੇਰਾ ਮਨ ਪਾਪੀ ਹੈ। ਸੋ ਮਨ ਨੂੰ ਧੋ, ਜਿੰਨਾ ਚਿਰ ਮਨ ਮੈਲਾ ਹੈ, ਦੇਖਣਾ, ਸੁਣਨਾ, ਬੋਲਣਾ, ਸੋਚਣਾ ਆਦਿਕ ਸਭ ਕੁਝ ਮਲੀਨ ਹੈ। "*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*" ਇਸ ਮਨ ਪਾਪੀ ਦਾ ਤੀਸਰਾ ਤੱਤ ਰੂਪ ਹੈ।

ਮਨ ਦੀ ਬਣਤਰ ਦਾ ਚੌਥਾ ਤੱਤ ਰਸ ਹੈ। ਇਸ ਲਈ ਹਰ ਵਕਤ ਰਸ ਭਾਲਦਾ ਰਹਿੰਦਾ ਹੈ। ਉਹੋ ਕੁਝ ਖਾਂਦਾ ਹੈ ਜਿਸ ਵਿੱਚ ਮਨ ਭਾਉਂਦਾ ਰਸ ਹੋਵੇ, ਬੇਰਸੀ ਕਿਤਾਬ ਨਹੀਂ ਪੜ੍ਹਦਾ, ਬੇਰਸੀ ਕਵਿਤਾ ਨਹੀਂ ਸੁਣਦਾ, ਜਿਸ ਬੰਦੇ ਕੋਲ ਬੈਠ ਕੇ ਰਸ ਨਾ ਮਿਲੇ, ਉਸਨੂੰ ਨਹੀਂ

ਮਿਲਦਾ, ਪਹਿਨਣ ਵਿੱਚ ਰਸ, ਰਹਿਣ ਵਿੱਚ ਰਸ, ਉਠਣ ਬੈਠਣ ਭਾਵ ਹਰ ਇਕ ਚੀਜ਼ ਵਿੱਚੋਂ ਰਸ ਲੈਂਦਾ ਰਹਿੰਦਾ ਹੈ। ਆਪਣੇ ਮੂਲ ਤੋਂ ਭੁੱਲਿਆ ਹੋਣ ਕਰਕੇ ਇਸ ਦੇ ਇਹ ਰਸ ਵਿਕਾਰ ਹੀ ਕਮਾਉਂਦੇ ਹਨ। ਮਨ ਉਦਾਸ ਹੋ ਜਾਂਦਾ ਹੈ ਜੇ ਕਰ ਰਸ ਨਾ ਮਿਲੇ। ਜਿਵੇਂ ਅਸੀ ਦੇਖਦੇ ਹਾਂ ਕੋਈ ਪਿਕਚਰ ਦੇਖੀ ਜਾਵੇ ਤਾਂ ਕਦੇ ਥੱਕਦਾ ਜਾਂ ਅੱਕਦਾ ਨਹੀਂ ਪਰ ਇਕ ਘੰਟਾ ਕੀਰਤਨ ਸੁਣਨਾ ਪੈ ਜਾਵੇ, ਬਹੁਤ ਔਖ ਮਹਿਸੂਸ ਕਰਦਾ ਹੈ। ਮਨ ਦੀ ਅਵੱਸਥਾ ਹੈ। "*ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥*" ਇਸ ਅਵੱਸਥਾ ਵਿੱਚ ਮਨ ਕਿਵੇਂ ਟਿਕੇ ? ਅੰਦਰ ਤਾਂ ਨਾਮ ਦਾ ਰਸ ਹੈ ਹੀ ਨਹੀਂ, ਸਾਰੇ ਵਿਕਾਰਾਂ ਦੇ ਹੀ ਰਸ ਹਨ।

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰਿ ਕੇ ਕੈ ਘਟਿ ਨਾਮ ਨਿਵਾਸੁ ॥੨॥

ਇਸ ਮਨ ਦੀ ਬਣਤਰ ਦਾ ਆਖਰੀ ਅਤੇ ਪੰਜਵਾਂ ਤੱਤ ਗੰਧ ਹੈ। ਇਸ ਸੁਗੰਧ ਦਾ ਮੁਤਲਾਸ਼ੀ ਹੋਣ ਕਰਕੇ ਹਰ ਵਕਤ ਵਿਕਾਰਾਂ ਦੀ ਪੂਰਤੀ ਲਈ ਤੱਤਪਰ ਰਹਿੰਦਾ ਹੈ ਭਾਵ ਜਦੋਂ ਮਾਨੋ ਗੁਰੂ ਸੰਗਤ ਵਿੱਚ ਹੀ ਆ ਗਿਆ। ਅੱਖਾਂ ਬੰਦ ਕਰਕੇ ਅੰਮ੍ਰਿਤ ਕੀਰਤਨ ਸੁਣ ਰਿਹਾ ਹੈ ਤਾਂ ਅਚਾਨਕ ਕੋਲੋਂ ਕੋਈ ਸੁਗੰਧ ਲਾ ਕੇ ਨਿਕਲ ਗਿਆ, ਉਸੇ ਹੀ ਵਕਤ ਉਪਰਾਮ ਹੋ ਜਾਏਗਾ। ਮਨ ਨੇਤਰਾਂ ਨੂੰ ਹੁਕਮ ਦਿੰਦਾ ਹੈ ਕਿ ਜਲਦੀ ਨਾਲ ਦੇਖੇ, ਕੌਣ ਹੈ ? ਕਿਉਂਕਿ ਮਨ ਜਾਣਦਾ ਹੈ ਕਿ ਸੁਗੰਧ ਦਾ ਸੰਬੰਧ ਜੁਆਨੀ ਪਹਿਰੇ ਨਾਲ ਹੈ। ਇਸ ਲਈ ਇਹ ਕੋਈ ਆਮ ਬੁੱਢਾ ਜਾਂ ਬੱਚਾ ਨਹੀਂ ਹੋ ਸਕਦਾ। ਇਸ ਲਈ ਸੁਗੰਧ ਨਾਲ ਮਨ ਫਿਰ ਬਾਹਰ ਭਟਕਣਾ ਦਾ ਕਾਰਨ ਬਣ, ਸਰੀਰ ਨੂੰ ਛੱਡ ਕੇ ਚਹੁ ਕੁੰਟਾਂ ਦਾ ਪੰਖੀ ਬਣ ਉੱਡ ਜਾਂਦਾ ਹੈ, ਕਿਉਂਕਿ

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

ਇਸੇ ਤਰ੍ਹਾਂ ਮਨ ਆਪਣੇ ਪੰਜ ਹੀ ਤੱਤ ਸੰਪੂਰਨ ਰੱਖਣ ਲਈ ਦਿਨ ਰਾਤ ਵਿਕਾਰਾਂ ਦੀ ਚੱਕੀ ਪੀਸਦਾ ਰਹਿੰਦਾ ਹੈ। ਇਨ੍ਹਾਂ ਵਿਕਾਰਾਂ ਵਾਸਤੇ ਬਾਹਰ ਹੀ ਭਟਕਦਾ ਰਹਿੰਦਾ ਹੈ। ਪਰ ਜੇ ਕਿਧਰੇ ਸਤਿਗੁਰੂ ਜੀ ਦੀ ਬਖਸ਼ਿਸ਼ ਦਾ ਪਾਤਰ ਬਣ ਜਾਵੇ ਭਾਵ ਸਤਿਗੁਰੂ ਜੀ ਦਇਆ ਕਰ ਦੇਣ ਤਾਂ ਇਸ ਮਨ ਨੂੰ ਸਮਝਾਉਂਦੇ ਹਨ, ਹੇ ਕਮਲਿਆ, ਤੂੰ ਉਸ ਫਕੀਰ ਦੀ ਤਰ੍ਹਾਂ ਹੈਂ ਜਿਹੜਾ ਜਿੰਦਗੀ ਭਰ ਲੋਕਾਂ ਕੋਲੋਂ ਭੀਖ ਮੰਗ ਮੰਗ ਕੇ ਖਾਂਦਾ ਰਿਹਾ, ਮਰਨ ਮਗਰੋਂ ਲੋਕਾਂ ਨੇ ਉਸਦੀ ਉਥੇ ਹੀ ਕਾਂਇਆਂ ਨੂੰ ਮਿੱਟੀ ਵਿੱਚ ਦਬਾ ਕੇ ਯਾਦਗਾਰ ਬਣਾਉਣੀ ਚਾਹੀ। ਜਿਸ ਕਰਕੇ ਜਦੋਂ ਧਰਤੀ ਪੁੱਟੀ ਤਾਂ ਦੋ ਫੁੱਟ 'ਤੇ ਹੀ ਕਿਸੇ ਦਾ ਦੱਬਿਆ ਖਜ਼ਾਨਾ ਮਿਲ ਗਿਆ। ਲੋਕੀ ਮੱਥੇ 'ਤੇ ਹੱਥ ਮਾਰਦੇ ਸਨ ਕਿ ਦਾਤਾ ਬਣ ਕੇ ਵੀ ਭਿਖਾਰੀ ਰਿਹਾ ਕਿਉਂਕਿ

ੴ

ਕਦੇ ਆਪਣਾ ਆਸਣ ਖੋਦ ਕੇ ਨਹੀਂ ਵੇਖਿਆ ਸੀ। ਇਸੇ ਤਰ੍ਹਾਂ ਹੋਛੇ ਰਸਾਂ ਵਿੱਚ ਖਚਤ ਹੋਇਆ ਮਨ ਜਦੋਂ ਸਾਹਿਬਾਂ ਦੀ ਬਖਸ਼ਿਸ਼ ਹਾਸਲ ਕਰ ਲੈਂਦਾ ਹੈ ਤਾਂ ਪਹਿਲਾ ਉਪਦੇਸ਼ ਹੀ ਸਤਿਗੁਰੂ ਜੀ ਇਹ ਦਿੰਦੇ ਹਨ ਕਿ ਭਾਈ, ਆਪਣੇ ਹੀ ਅੰਦਰ ਝਾਤ ਮਾਰ ਕਿਉਂਕਿ ਤੂੰ ਤਾਂ ਪ੍ਰਮੇਸ਼ਵਰ ਦਾ ਰੂਪ ਹੈਂ। ਬਚਨ ਪੜ੍ਹਦੇ ਹਾਂ—

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥

....

ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥
ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥

ਇਨ੍ਹਾਂ ਬਚਨਾਂ ਦੀ ਦਾਤ ਲੈ ਜਦੋਂ ਮਨ ਅੰਦਰ ਗਿਆ ਤੇ ਅੱਗੇ ਦੀ ਖੋਜ ਵਿੱਚ ਲੱਗ ਗਿਆ ਤਾਂ ਇਹ ਪੰਜ ਹੀ ਤੱਤ ਧਰਮ ਕਮਾਉਣ ਵਿੱਚ ਸਹਾਇਕ ਸਿੱਧ ਹੋਏ। ਪਹਿਚਾਨਣਾ ਉਸ ਨੂੰ ਪੈਂਦਾ ਹੈ ਜਿਹੜਾ ਪਹਿਲੇ ਕਦੇ ਮਿਲ ਚੁੱਕਿਆ ਹੋਵੇ। ਆਪਣਾ ਹੋਵੇ ਪਰ ਕਿਸੇ ਕਾਰਨ ਵਿਛੜ ਗਿਆ ਹੋਵੇ। ਮਨ ਵੀ ਜਦੋਂ ਆਤਮਾ ਵੱਲ ਮੁੱਖ ਕਰਕੇ ਤੱਕਣ ਲੱਗ ਪਿਆ ਤਾਂ ਆਤਮਾ ਹੀ ਪ੍ਰਮਾਤਮਾ ਦਾ ਰੂਪ ਨਜ਼ਰ ਆਈ ਤੇ ਆਪ ਆਤਮਾ ਦਾ ਸੰਬੰਧੀ। ਹੁਣ ਸ਼ਰਣ ਵਿੱਚ ਪੈ ਕੇ ਅਰਦਾਸਾਂ ਕਰਦਾ ਹੈ ਕਿ –

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥

ਦਰਸ਼ਨ ਦੀ ਪਿਆਸ ਬੁਝਾਉਣ ਲਈ ਸਤਿਗੁਰੂ ਜੀ ਨੇ ਇਸ ਵਿਕਾਰਾਂ ਵਿੱਚ ਉਲਝੇ ਮਨ ਨੂੰ ਹੁਣ ਧਰਮ ਕਮਾਉਣ ਲਈ ਕਿਹਾ ਤੇ ਇਨ੍ਹਾਂ ਪੰਜ ਹੀ ਤੱਤਾਂ ਨਾਲ ਧਰਮ ਦੀ ਯਾਤਰਾ ਮੁਕੰਮਲ ਕਰਨ ਲਈ ਸਭ ਤੋਂ ਪਹਿਲਾਂ ਇਸਨੂੰ ਸ਼ਬਦ ਰੂਪ ਬਖਸ਼ਿਆ। ਜਿਵੇਂ ਪਹਿਲਾਂ ਵੀਚਾਰ ਹੀ ਚੁੱਕੇ ਹਾਂ ਕਿ ਮਨ ਸ਼ਬਦ ਦਾ ਅਸਰ ਬਹੁਤ ਕਬੂਲਦਾ ਹੈ। ਇਸ ਲਈ ਮਨ ਨੂੰ ਸ਼ਬਦ ਹੀ ਦੇ ਦਿੱਤਾ ਪਰ ਇਹ ਸ਼ਬਦ ਪ੍ਰਮੇਸ਼ਵਰ ਦੀ 'ਧੁਰ ਕੀ ਬਾਣੀ' ਦਾ ਸੀ। ਸ਼ਬਦ ਵਿੱਚ ਇਕ ਖੂਬੀ ਹੈ ਕਿ ਜਿਥੋਂ ਪੈਦਾ ਹੁੰਦਾ ਹੈ ਜੀਵ ਨੂੰ ਉਥੇ ਹੀ ਲੈ ਜਾਂਦਾ ਹੈ। ਸਾਖੀ :- ਜਿਵੇਂ ਅਸੀਂ ਹਨੇਰੇ ਵਿੱਚ ਵੀ ਅਕਸਰ ਆਵਾਜ਼ ਸੁਣ ਕੇ ਉਥੇ ਪਹੁੰਚ ਜਾਂਦੇ ਹਾਂ। ਇਸੇ ਤਰ੍ਹਾਂ ਗੁਰੂ ਸ਼ਬਦ ਨਾਲ ਜੁੜ ਕੇ ਮਨ ਅੰਦਰ ਟਿਕਦਾ ਹੈ। ਹੁਣ ਸ਼ਬਦ ਬਾਹਰੋਂ ਵਿਕਾਰਾਂ ਦੇ ਨਹੀਂ ਬਲਕਿ 'ਧੁਰ ਕੀ ਬਾਣੀ' ਆਈ ਨਾਲ ਜੁੜ ਧੁਰ ਵੱਲ ਨੂੰ ਤੁਰ ਪਿਆ ਕਿਉਂਕਿ –

ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥

ਮਨ ਦਾ ਦੂਸਰਾ ਤੱਤ ਸਪਰਸ਼ ਹੈ। ਹੁਣ ਵਿਕਾਰਾਂ ਦੇ ਸਪਰਸ਼ ਦੀ ਥਾਂ ਅੰਦਰ ਟਿਕਣ ਕਰਕੇ ਕਦੇ-ਕਦੇ ਆਤਮਾ ਦੇ ਦਰਵਾਜ਼ੇ ਨਾਲ ਸਪਰਸ਼ ਕਰਦਾ ਹੈ ਜਦੋਂ ਗੁਰਬਾਣੀ ਸ਼ਬਦ

ਪੜ੍ਹਦਾ ਹੈ ਤਾਂ ਐਸੀਆਂ ਝੁਨਝੁਨੀਆਂ ਛਿੜਦੀਆਂ ਹਨ ਕਿ ਇਕ-ਇਕ ਰਸ ਤਕ ਨਸ਼ਿਆ ਜਾਂਦਾ ਹੈ। ਆਤਮਿਕ ਖੇੜੇ ਵਿੱਚ ਰਹਿਣ ਲੱਗ ਪੈਂਦਾ ਹੈ। ਆਤਮਾ ਦਾ ਸਪਰਸ਼ ਆਨੰਦ ਬਖਸ਼ਦਾ ਹੈ। ਹਰ ਵਕਤ ਅਰਜ਼ੋਈਆਂ ਕਰਦਾ ਹੈ ਕਿ --

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥

ਇਸ ਤਰ੍ਹਾਂ ਸ਼ਬਦ ਸਪਰਸ਼ ਤਕ ਲੈ ਗਿਆ ਪਰ ਥੋੜ੍ਹੇ ਜਿਹੇ ਸਮੇਂ ਮਗਰੋਂ ਸਪਰਸ਼ ਦਰਸ਼ਨਾਂ ਤਕ ਲੈ ਗਿਆ।

ਅੰਦਰ ਵੱਸਦੇ ਨਿੰਰਕਾਰ ਦੇ ਦੀਦਾਰ ਪਾ ਕੇ ਉਸ ਦੀ ਸੁੰਦਰਤਾ ਤੱਕ ਕੇ ਹੈਰਾਨੀ ਹੋਈ ਕਿ ਮੈਂ ਹੁਣ ਤਕ ਬਾਹਰ ਹੀ ਵਿਕਾਰਾਂ ਦੇ ਅਧੀਨ ਹੋ ਕੇ ਦੁਨੀਆਂ ਦਾ ਰੂਪ ਤੱਕ ਕੇ ਮੈਲੇ ਤੋਂ ਮੈਲਾ ਹੁੰਦਾ ਰਿਹਾ ਪਰ ਹੁਣ ਵਿਸੁ ਸੰਸਾਰ ਤੋਂ *"ਹਰਿ ਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ"* ਹੋ ਗਿਆ। ਜਦੋਂ ਵੀ ਸੁੰਦਰਤਾ ਮਨ ਮੋਹ ਲਵੇ ਤਾਂ ਫਿਰ ਜੀਵ ਉਥੇ ਹੀ ਟਿਕ ਦੀਦਾਰ ਕਰ ਕੇ ਰਸ ਲੈਂਦਾ ਰਹਿੰਦਾ ਹੈ।

ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥

...
ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥
ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥

ਇਸ ਪ੍ਰੀਤਮ ਦੇ ਦੀਦਾਰਾਂ ਦਾ ਰਸ ਬਣ ਗਿਆ ਅਤੇ ਬਾਹਰਲੇ ਸਾਰੇ ਰਸ ਇਸ ਨੇ ਛੱਡ ਦਿੱਤੇ। ਆਤਮਿਕ ਰਸ ਵਿੱਚ ਦਿਨ ਰਾਤ ਲੱਗਾ ਰਹਿੰਦਾ ਹੈ। ਦੁਨਿਆਵੀ ਹਰ ਕਿਸਮ ਦੇ ਰਸ ਖਤਮ ਹੋ ਗਏ। ਇਸੇ ਕਰਕੇ ਹੀ ਧਰਮੀ ਪੁਰਸ਼ ਦੀ ਪੋਸ਼ਾਕ, ਖੁਰਾਕ ਤੇ ਤਾਕ ਤਬਦੀਲ ਹੋ ਜਾਂਦੀ ਹੈ। ਅੰਮ੍ਰਿਤ ਬਚਨ ਵੀ ਹਨ –

ਰਾਗ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ੩੫॥
ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥

ਇਸ ਲਈ ਮਨ ਹੁਣ ਆਤਮਿਕ ਰਸ ਦਾ ਧਾਰਨੀ ਹੋ ਜਾਂਦਾ ਹੈ। ਸਭ ਤੋਂ ਵੱਡੀ ਗੱਲ ਇਥੇ ਆ ਕੇ ਹੀ ਵਿਕਾਰਾਂ ਦੇ ਨਾਲ-ਨਾਲ ਹਉਮੈ ਦਾ ਰਸ ਵੀ ਗੁਆਚ ਜਾਂਦਾ ਹੈ।

ਸਤਿਗੁਰੂ ਜੀ ਵਲੋਂ ਤੋਰਿਆ *"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ"* ਦੇ ਮਾਰਗ 'ਤੇ ਚਲਦਿਆਂ ਮਨ ਸ਼ਬਦ ਰਾਹੀ ਸੋਝੀ ਲੈ ਕੇ ਆਤਮਾ ਦੇ ਸਪਰਸ਼ ਤਕ ਪਹੁੰਚਿਆ। ਇਥੋਂ ਅੱਗੇ ਸਪਰਸ਼ ਦੇ ਮਗਰੋਂ ਦਰਸ਼ਨ ਕਰਕੇ ਨਿਹਾਲ ਹੋ ਗਿਆ। ਅਸਲ ਰੂਪ ਤੱਕ ਲਿਆ। ਫਿਰ

ਇਸ ਤੋਂ ਅੱਗੇ ਆਤਮਿਕ ਰਸ ਦਾ ਧਾਰਨੀ ਹੋ ਕੇ ਰਹਿੰਦਾ ਮਾਰਗ ਵੀ ਤਹਿ ਕਰ ਲਿਆ ਭਾਵ ਜਦੋਂ ਹਉਮੈ ਤਿਆਗ ਦਿੱਤੀ ਤਾਂ ਅੰਦਰ ਮਾਨੋ ਬਖਸ਼ਿਸ਼ਾਂ ਦੇ ਫੁੱਲ ਹੀ ਫੁੱਲ ਖਿੜ ਗਏ। ਇਸ ਪਾਵਨ ਸ਼ਿੰਗਾਰੀ ਬਗੀਚੀ ਵਿੱਚ ਮਨ ਸਹਜ ਅਵੱਸਥਾ ਵਿੱਚ ਟਿੱਕ ਕੇ ਦਿਨ ਰਾਤ ਆਨੰਦ ਮਾਣਦਾ ਰਹਿੰਦਾ ਹੈ। ਅਕਸਰ ਅਸੀਂ ਦੁਨਿਆਵੀ ਤੌਰ 'ਤੇ ਵੀ ਮਨ ਦੀ ਕਮਜ਼ੋਰੀ ਦੇਖਦੇ ਹੀ ਹਾਂ, ਕਿ ਜਦੋਂ ਕੋਈ ਮੌਜ ਮੇਲੇ ਵਾਲਾ ਸਾਥੀ ਮਿਲ ਜਾਏ ਤਾਂ ਹਰ ਕੋਈ ਕਰੀਬ-ਕਰੀਬ ਬਾਹਰ ਸੋਹਣੇ ਖਿੜੇ ਫੁੱਲਾਂ ਵਿੱਚ ਜਾ ਮਸਤੀ ਮਨਾਉਂਦਾ ਹੈ। ਸ਼ਿੰਗਾਰੀਆਂ ਬਗੀਚੀਆਂ ਵਿੱਚ ਰਹਿ ਕੇ ਵਿਕਾਰ ਕਮਾਉਂਦਾ ਸੀ। ਜਦੋਂ ਦਾ ਅੰਦਰ ਗਿਆ ਹੈ ਤਾਂ ਉਦੋਂ ਤੋਂ ਹੀ ਨਾਮ ਦੀ ਸੁਗੰਧੀ ਮਾਣਦਾ ਹੈ। ਫੁੱਲ ਅੰਦਰ ਪਹਿਲਾਂ ਵੀ ਸਨ ਪਰ ***"ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ"*** ਸਾਹਿਬ ਜੀ ਦੇ ਅੰਮ੍ਰਿਤ ਬਚਨ ਹਨ। ਪਹਿਲਾਂ ਇਸ ਮਨ ਨੂੰ ਕਦੇ ਆਪਣੇ ਹੀ ਅੰਦਰੋਂ ਸੁਗੰਧੀ ਨਹੀਂ ਸੀ ਆਈ, ਮ੍ਰਿਗ ਵਾਂਗੂ ਬਾਹਰ ਹੀ ਭਟਕਦਾ ਸੀ।

ਮਨ ਦੀ ਇਕ ਅਵੱਸਥਾ ਖੋਤੇ ਵਰਗੀ ਹੈ ਤੇ ਦੂਜੀ ਅਵੱਸਥਾ ਪ੍ਰਮੇਸ਼ਵਰ ਦਾ ਰੂਪ ਹੈ, ਵਰਗੀ ਬਿਆਨ ਕੀਤੀ ਹੈ। ਮਨ ਖੋਤੇ ਵਰਗਾ ਉਦੋਂ ਹੈ ਜਦੋਂ ***"ਹਰੀ ਅੰਗੂਰੀ ਗਦਹਾ ਚਰੈ"*** ਭਾਵ ਵਿਕਾਰਾਂ ਵਿੱਚ ਖਚਿਤ ਹੈ ਪਰ ਇਹੋ ਮਨ ਜਦੋਂ ਇਨ੍ਹਾਂ ਹੀ ਪੰਜ ਤੱਤਾਂ ਨਾਲ ਧਰਮ ਕਮਾਉਣ ਲੱਗ ਪੈਂਦਾ ਹੈ ਤਾਂ ਜੋਤਿ ਸਰੂਪ ਹੋ ਜਾਂਦਾ ਹੈ। ਅਲਾਹੀ ਬਚਨ ਹਨ -

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥
ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥
ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥

ਆਮ ਸੰਸਾਰੀ ਜੀਵ ਧਰਮ ਦੀ ਖਾਤਰ ਬਾਹਰ ਭਟਕਦਾ ਫਿਰਦਾ ਹੈ ਪਰ ਫਿਰ ਵੀ ਧਰਮੀ ਨਹੀਂ ਬਣਿਆ। ਗ੍ਰਿਹਸਤ ਦਾ ਤਿਆਗ ਕਰਦਾ ਹੈ, ਜੰਗਲਾਂ ਵਿੱਚ ਆਸਣ ਲਾਉਂਦਾ ਹੈ ਪਰ ਧਰਮ ਨੇੜੇ ਵੀ ਨਹੀਂ ਢੁੱਕਦਾ। ਅਸਲ ਵਿੱਚ ਧਰਮ ਤਨ ਨਾਲ ਨਹੀਂ, ਮਨ ਨਾਲ ਕਰਵਾਇਆ ਜਾਂਦਾ ਹੈ ਪਰ ਮਨ ਵਿਖੇ ਤਾਂ -

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥

ਬਾਬਾ ਕਬੀਰ ਸਾਹਿਬ ਜੀ, ਇਕ ਭੇਖੀ, ਜਿਹੜਾ ਕੇਸ ਕਟਾ ਕੇ ਧਰਮੀ ਹੋਣ ਦਾ ਦਾਵਾ ਕਰਦਾ ਹੈ, ਨੂੰ ਅਲਾਹੀ ਬਚਨ ਸਮਝਾਂਦੇ ਹਨ ਕਿ ਕੇਸ ਕੱਟਣ ਦੀ ਲੋੜ ਨਹੀਂ, ਅਸਲ ਵਿਚ ਤਾਂ ਮਨ ਹੈ ਕੁਕਰਮੀ -

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥

ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡਿ ਅਜਾਂਇ ॥੧੦੧॥

ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕੀਤੀ ਕਿ -

ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ ॥
ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥

ਵੱਡੇ-ਵੱਡੇ ਮੁਨੀਸ਼ਵਰ ਲੋਕ, ਸ਼ੇਖ ਸਨਕਾਦਿਕ ਨਾਰਦ ਵਰਗੇ ਵੀ ਇਸ ਕਾਂਇਆਂ ਨਗਰ ਵਿੱਚ ਵੱਸਦੇ ਮਨੁ ਰੂਪੀ ਬਾਲਕ ਨੂੰ ਮਿਲ ਨਾ ਸਕੇ। ਬਾਬਾ ਕਬੀਰ ਸਾਹਿਬ ਜੀ ਆਖਦੇ ਹਨ -

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥

ਇਸ ਮਨ ਦੇ ਦੀਦਾਰ ਕੋਈ ਗੁਰੂ ਸ਼ਰਣ ਵਿੱਚ ਪੈ ਕੇ ਹੀ ਕਰ ਸਕਦਾ ਹੈ ਤੇ ਗਿਆਨ ਗੁਰੂ ਤੋਂ ਬਿਨਾਂ ਹੋਰ ਕਿਸੇ ਕੋਲੋਂ ਪ੍ਰਾਪਤ ਨਹੀਂ ਹੁੰਦਾ।

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਜਿਥੇ ਸੰਸਾਰ ਮਨ ਮਾਰਨ ਦੇ ਕਾਰਣ ਵਿੱਚ ਲੱਗਾ ਹੋਇਆ ਸੀ ਉਥੇ ਸਤਿਗੁਰੂ ਜੀ ਨੇ ਇਕ ਵੱਖਰੀ ਅੱਖ ਨਾਲ ਦੇਖ ਕੇ ਇਸ ਮਨ ਦੀ ਪਹਿਚਾਣ ਬਖਸ਼ੀ ਤੇ ਸਭ ਤੋਂ ਵੱਧ ਉਪਦੇਸ਼ ਨਾਲ ਹੀ ਸਾਂਝਾ ਕੀਤਾ। ਜਦੋਂ ਵੀ ਬਾਣੀ ਪੜ੍ਹਦੇ ਹਾਂ ਤਾਂ ਥਾਂ-ਥਾਂ 'ਤੇ ਏ ਮਨ ਮੇਰਿਆ, ਮਨ ਪਿਆਰਿਆ, ਜੀਉ ਮਿਤ੍ਰਾ ਜਾਂ ਸੁਣਿ ਮਨ ਮਿਤ੍ਰ ਪਿਆਰਿਆ, ਆਦਿਕ ਅਨੇਕਾਂ ਬਚਨ ਮਿਲਦੇ ਹਨ। ਸੋ ਸਤਿਗੁਰੂ ਜੀ ਨੇ ਇਸ ਜਨਮਾਂ ਜਨਮਾਂ ਦੇ ਮੈਲੇ ਹੋਏ ਮਨ ਦੀ ਮਤਿ ਬਦਲਾ ਕੇ ਨਿਰੰਕਾਰ ਦਾ ਰੂਪ ਬਣਾ ਦਿੱਤਾ। ਵਿਕਾਰਾਂ ਦਾ ਅੱਡਾ ਬਣਿਆ ਮਨ ਬਦਲ ਇਬਾਦਤਗਾਹ ਬਣ ਗਿਆ, ਜਿਸ ਨਾਲ ਜੰਮਣ ਮਰਨ ਦਾ ਲੇਖ ਸਿਰੋਂ ਚੁੱਕਿਆ ਗਿਆ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥

ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਐਸੇ ਪੁਰਸ਼ ਵਿਰਲੇ ਹਨ ਪਰ ਸਾਹਿਬ ਬਖਸ਼ਿਸ਼ ਕਰਨ ਹਰ ਮਨੁੱਖ ਮਨ ਕਰਕੇ ਤਨ ਕਰਕੇ ਧਰਮੀ ਹੋ ਜਾਵੇ।

ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥

ਪੰਜਾਂ ਕਕਾਰਾਂ ਬਾਰੇ

ਦੁਨੀਆਂ ਅੰਦਰ ਸਭ ਤੋਂ ਪਹਿਲਾਂ ਮਨੁੱਖ ਨੇ ਕੁਝ ਇਸ਼ਾਰਿਆਂ ਦੀ ਭਾਸ਼ਾ ਬਣਾਈ ਹੋਵੇਗੀ। ਕੁਝ ਚਿੰਨ੍ਹ ਮਿਥ ਲਏ ਜਿਹੜੇ ਚੁੱਪ ਰਹਿ ਕੇ ਵੀ ਬਹੁਤ ਕੁਝ ਕਹਿ ਜਾਂਦੇ ਹਨ। ਪੁਰਾਣੀ ਸਾਂਝ ਅੱਜ ਤਕ ਵੀ ਸਾਡੀ ਜਿੰਦਗੀ ਦਾ ਅਹਿਮ ਅੰਗ ਬਣ ਕੇ ਚਲੀ ਆ ਰਹੀ ਹੈ। ਅੱਜ ਅਸੀਂ ਦੇਖਦੇ ਹਾਂ, ਹਰ ਕੰਪਨੀ ਦਾ ਇਕ ਵੱਖਰਾ ਪਹਿਚਾਣ ਚਿੰਨ੍ਹ ਹੁੰਦਾ ਹੈ। ਹਰ ਦੇਸ਼ ਦਾ ਕੋਈ ਆਪਣਾ ਵੱਖਰਾ ਨਿਸ਼ਾਨ ਹੈ, ਹਰ ਸਕੂਲ ਦੀ ਵਰਦੀ ਭਾਵ ਬਹੁਤ ਕੁਝ ਪਹਿਚਾਣ ਚਿੰਨ੍ਹ ਹਨ। ਕੋਈ ਬੰਦਾ ਆਪਣੀ ਗੱਡੀ 'ਤੇ ਸਫਰ ਕਰਦਾ ਹੈ ਤਾਂ ਕੋਲੋਂ ਇਕ ਹੋਰ ਤੇਜ਼ ਗੱਡੀ ਜਿਹੜੀ ਕੁਝ ਹਾਰਨ ਦੇ ਕੇ ਜਾਂ ਲਾਈਟਾਂ ਰਾਹੀਂ ਦੱਸ ਜਾਂਦੀ ਹੈ ਕਿ ਪਹਿਲਾਂ ਮੈਨੂੰ ਜਾਣ ਦਿਉ ਕਿਉਂਕਿ ਮੈਂ ਕਿਸੇ ਦੀ ਜਾਨ ਬਚਾਉਣੀ ਹੈ। ਐਂਬੂਲੈਂਸ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇ ਚਿੰਨ੍ਹ ਆਖਰ ਇਹੋ ਹੀ ਆਖਦੇ ਹਨ। ਵਰਦੀ ਤੋਂ ਅਸੀਂ ਸਮਝ ਲੈਂਦੇ ਹਾਂ ਕਿ ਇਹ ਪੁਲਿਸਮੈਨ ਹੈ, ਫ਼ੌਜੀ ਹੈ, ਪਹਿਰੇਦਾਰ ਹੈ, ਖਿਡਾਰੀ ਹੈ, ਸਕੂਲ ਦਾ ਵਿਦਿਆਰਥੀ ਹੈ। ਇਸ ਵਿਚਾਰ ਤੋਂ ਭਾਵ ਹੈ ਕਿ ਚਿੰਨ੍ਹ ਵੀ ਕੁਝ ਭਾਸ਼ਾ ਰੱਖਦੇ ਹਨ।

ਜਿਵੇਂ ਆਮ ਦੁਨੀਆਂ ਵਿੱਚ ਇਨ੍ਹਾਂ ਚਿੰਨ੍ਹਾਂ ਦੀ ਖਾਸ ਅਹਿਮੀਅਤ ਹੈ, ਇਸੇ ਤਰ੍ਹਾਂ ਧਾਰਮਿਕ ਦੁਨੀਆਂ ਵਿੱਚ ਵੀ ਕੁਝ ਦੱਸਣ 'ਤੇ ਜਾਣਨ ਦੀ ਗੱਲ ਨਹੀਂ, ਧਾਰਮਿਕ ਚਿੰਨ੍ਹ ਹੋਂਦ ਵਿੱਚ ਆਏ ਜਿਹੜੇ ਕੁਝ ਅੰਦਰੂਨੀ ਪੱਖ ਦੀ ਜ਼ੁਬਾਨ ਬਣ ਕੁਝ ਆਖਦੇ ਹਨ। ਇਹ ਇਕ ਵੱਖਰੀ ਗੱਲ ਹੈ ਕਿ ਕਿਸੇ ਦੁਕਾਨ ਦਾ ਬੋਰਡ ਪੜ੍ਹ ਬੰਦਾ ਸੌਦਾ ਖਰੀਦਣ ਜਾਂਦਾ ਹੈ ਤਾਂ ਜਿਹੜਾ ਬੋਰਡ ਦੱਸਦਾ ਹੈ, ਉਹ ਨਾ ਹੋਵੇ ਤਾਂ ਨਿਰਾਸ਼ ਮਨੁੱਖ ਇਹ ਜ਼ਰੂਰ ਕਹਿੰਦਾ ਹੈ ਕਿ ਭਾਈ ਜੋ ਕੁਝ ਬਾਹਰ ਦਿਸਦਾ ਹੈ, ਉਹ ਅੰਦਰ ਵੀ ਰੱਖ। ਧਾਰਮਿਕ ਚਿੰਨ੍ਹਾਂ ਤੋਂ ਸਾਫ ਜ਼ਾਹਿਰ ਹੈ ਕਿ ਇਹ ਜੋਗੀ ਹੈ, ਇਹ ਤਪੀਸਰ ਹੈ, ਇਹ ਜੈਨੀ ਹੈ, ਇਹ ਬੋਧੀ ਹੈ, ਇਹ ਈਸਾਈ ਹੈ, ਇਹ ਮੁਸਲਮਾਨ ਹੈ। ਇਸੇ ਤਰ੍ਹਾਂ ਕਕਾਰ ਆਪਣੀ ਭਾਸ਼ਾ ਬੋਲ ਕੇ ਦੱਸਦੇ ਹਨ ਕਿ ਇਹ ਸਿੱਖ ਹੈ।

ਸਭ ਤੋਂ ਵੱਧ ਗੁਰੂ ਸਾਹਿਬ ਜੀ ਨੇ ਹੀ ਇਨ੍ਹਾਂ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰ ਅੰਦਰ ਸੱਚ ਨਾ ਰੱਖਣ ਵਾਲੇ ਦੀ ਮੁਖਾਲਫਿਤ ਕੀਤੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਪੰਡਿਤ ਹਰਿਦਿਆਲ ਜੀ ਨੂੰ ਇਹੋ ਹੀ ਤਾਂ ਕਿਹਾ ਸੀ ਕਿ ਜਨੇਊ ਮਾੜਾ ਨਹੀਂ ਬਲਕਿ ਐਸਾ ਜਨੇਊ ਹੋਵੇ ਜਿਸ ਨਾਲ ਮਨੁੱਖ ਦਇਆ, ਸੰਤੋਖ, ਜਤ, ਸਤ ਦਾ ਧਾਰਨੀ ਹੋ ਜਾਵੇ ਤਾਂ "*ਹਈ ਤ ਪਾਂਡੇ ਘਤੁ*" ਕਿਉਂਕਿ ਮੈਂ ਉਸ ਜਨੇਊ ਉਪਰ ਵਿਸ਼ਵਾਸ ਰੱਖਦਾ ਹਾਂ ਜਿਹੜਾ "*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥*" ਜਨੇਊ ਪਾਉਣ ਦਾ ਅਰਥ ਸੀ - ਕਿਸੇ ਬੰਧਨ ਵਿੱਚ

ਬੰਧ ਧਾਰਮਿਕ ਜਿੰਦਗੀ ਗੁਜ਼ਾਰ ਰਹੇ ਮਨੁੱਖ ਦੀ ਤਸਵੀਰ। ਪਰ ਹੋਇਆ ਕੀ ? "*ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥*" ਆਖਰ ਕਹਿ ਦਿੱਤਾ, "*ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥*

ਜੇ ਕਰ ਗੱਲ ਮੁਸਲਮਾਨ ਦੀ ਆਈ ਤਾਂ ਸਾਫ ਕਹਿ ਦਿੱਤਾ ਕਿ ਬਾਹਰੀ ਚਿੰਨ੍ਹਾਂ ਦੇ ਨਾਲ-ਨਾਲ "*ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥*"

ਫਿਰ ਜੋਗੀਆਂ ਲਈ ਬਚਨ ਆਖੇ, ਭਾਈ ਜੋਗ ਤਾਂ ਪ੍ਰਾਪਤ ਨਹੀਂ ਕੀਤਾ ਪਰ ਬਾਹਰੋਂ ਸੁਆਹ ਮਲ ਲੈਣ ਦਾ ਕੀ ਲਾਭ। ਸੁੰਦਰ ਬਚਨ ਹੈ ਕਿ ਸੱਚਾ ਜੋਗੀ ਉਹੋ ਹੀ ਹੈ ਜਿਹੜਾ ਸੰਤੋਖ ਦੀਆਂ ਮੁੰਦਰਾਂ, ਹੱਥੀਂ ਕਿਰਤ ਕਰ ਇੱਜਤ ਦੀ ਥੈਲੀ, ਧਿਆਨ ਦੀ ਬਿਭੂਤੀ ਮੌਤ ਨੂੰ ਚੇਤੇ ਰੱਖਣ ਦਾ ਆਸਣ ਬਣਾ ਕੇ ਬੈਠਦਾ, ਫਿਰ ਵਿਕਾਰਾਂ ਤੋਂ ਕਾਂਇਆਂ ਨੂੰ ਕੁਆਰੀ ਰੱਖਦਾ ਅਤੇ ਵਿਕਾਰਾਂ ਨੂੰ ਰੋਕਣ ਲਈ ਜੁਗਤੀ ਪ੍ਰਤੀਤ ਦਾ ਡੰਡਾ ਪਕੜਦਾ ਹੈ, ਉਹ ਅਸਲ ਜੋਗੀ ਬਣ ਜਾਂਦਾ ਹੈ। ਜਿਸ ਕੋਲ ਮਨ ਨੂੰ ਜਿੱਤ, ਸਰਬ ਸੰਸਾਰ ਨੂੰ ਇਕ ਵੇਖਣ ਦੀ ਅੱਖ ਹੈ।

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥

ਸਿੱਖ ਦੀ ਜਿੰਦਗੀ ਲਈ ਵੀ ਸਤਿਗੁਰੂ ਜੀ ਨੇ ਕੁਝ ਅਮੋਲਕ ਸਿਧਾਂਤ ਬਣਾਏ ਹਨ ਤੇ ਉਨ੍ਹਾਂ ਸਿਧਾਂਤਾਂ ਦੀ ਬੋਲਦੀ ਤਸਵੀਰ ਹਨ - ਇਹ ਪੰਜ ਕਕਾਰ, ਜਿਹੜੇ ਅਸਲ ਵਿੱਚ ਹੈ ਤਾਂ ਆਤਮਾ ਲਈ ਹਨ ਪਰ ਆਤਮਾ ਪਹਿਨ ਨਹੀਂ ਸਕਦੀ ਜਿਸ ਕਰਕੇ ਇਹ ਪਹਿਨਾ ਸਰੀਰ 'ਤੇ ਦਿੱਤੇ ਹਨ। ਸਤਿਗੁਰੂ ਜੀ ਦੀ ਪਵਿੱਤਰ ਬਾਣੀ ਵਿਚੋਂ ਸਿੰਮਲ ਰੁੱਖ ਦੀ ਉਦਾਹਰਣ ਅਕਸਰ ਪੜ੍ਹਦੇ ਹਾਂ ਕਿ ਉਸ ਦਾ ਬਾਹਰ ਸਰੂਪ ਦੇਖ ਕੇ ਤੋਤੇ ਭੁੱਲ ਕਰ ਜਾਂਦੇ ਹਨ ਕਿਉਂਕਿ ਦਰਖਤ ਕੋਲ ਤਿੰਨ ਚੀਜ਼ਾਂ ਦਾ ਖਜ਼ਾਨਾ ਹੁੰਦਾ ਹੈ - ਫੁੱਲ, ਫਲ ਤੇ ਪੱਤੇ। ਪਰ ਤੋਤਿਆਂ ਦੀ ਭੁੱਖ ਮਿਟਾਉਣ ਲਈ ਤਿੰਨੇ ਹੀ ਬੇਕਾਰ ਸਾਬਤ ਹੋਏ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥

ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਕੋਈ ਚੀਜ ਖਰੀਦਣ ਤੋਂ ਪਹਿਲਾਂ ਸਿਰਫ ਬਾਹਰੀ ਪੱਖ ਹੀ ਵੇਖਦੇ ਹਾਂ। ਫਰੂਟ ਖਰੀਦਣਾ ਹੋਵੇ ਜਾਂ ਇਥੋਂ ਤਕ ਦੋ ਰੁਪਏ ਦੀ ਮੂੰਗਫਲੀ ਹੀ ਲੈਣੀ ਹੋਵੇ, ਜੇ ਵਿਚੋਂ ਫੋਕੀ ਹੈ ਤਾਂ ਅਸੀਂ ਦੁਕਾਨਦਾਰ ਨੂੰ ਉਲ੍ਹਾਮਾ ਦਿੰਦੇ ਹਾਂ ਤੇ ਚੀਜ਼

ਮੋੜ ਦਿੰਦੇ ਹਾਂ। ਹੁਣ ਸੋਚ ਕੇ ਵੇਖੀਏ ਜੋ ਕੁਝ ਸਾਡਾ ਬਾਹਰ ਦਿਸਦਾ ਹੈ, ਉਹ ਅੰਦਰ ਹੈ ਜਾਂ ਨਹੀਂ। ਜੇ ਨਹੀਂ ਤਾਂ ਸੱਚ ਜਾਣਨਾ ਲੋਕ ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਜ਼ਰੂਰ ਉਲ੍ਹਾਮਾ ਦੇਂਦੇ ਹੋਵਣਗੇ। ਆਉ ਕੋਸ਼ਿਸ਼ ਕਰੀਏ ਪਹਿਲਾਂ ਇਨ੍ਹਾਂ ਕਕਾਰਾਂ ਦੀ ਭਾਸ਼ਾ ਆਪਾਂ ਸਮਝੀਏ, ਫਿਰ ਸੰਸਾਰ ਨੂੰ ਸਮਝਾਈਏ। ਪੰਜ ਕਕਾਰ ਹਨ - ੧. ਕੇਸ, ੨. ਕੰਘਾ, ੩. ਕਿਰਪਾਨ, ੪. ਕੜਾ ਅਤੇ ੫. ਕਛਹਿਰਾ।

ਕੇਸ

ਇਸ ਕੂੜਿਆਰ ਦੀ ਪਾਲਿ ਵਿੱਚੋਂ ਨਿਕਲ ਕੇ ਸੱਚ ਪ੍ਰਮੇਸ਼ਵਰ ਦਾ ਰੂਪ ਹੋਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਹੁਕਮ ਦੀ ਕਾਰ ਕਮਾਉਣਾ ਦੱਸਿਆ ਹੈ। 'ਜਪੁਜੀ ਸਾਹਿਬ' ਜੀ ਦੀ ਪਹਿਲੀ ਹੀ ਪਉੜੀ ਦੇ ਬਚਨ ਰੋਜ਼ ਯਾਦ ਕਰਦੇ ਹਾਂ। ਗੁਰੂ ਨਾਨਕ ਸਾਹਿਬ ਜੀ ਨੇ ਹੀ ਆਖਿਆ ਸੀ ਕਿ ਹੇ ਭਾਈ ਲਾਲੋ, ਇਹ ਮੈਂ ਜਿਹੜੀ ਸੰਸਾਰ ਨੂੰ ਹੁਕਮ ਰੂਪ ਬਾਣੀ ਸੁਣਾਂਦਾ ਹਾਂ, ਇਹ ਕੋਈ ਮੇਰਾ ਹੁਕਮ ਨਹੀਂ ਬਲਕਿ ਇਹ ਤਾਂ ***"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥"*** ਸੋ ਹੁਕਮ ਦੇ ਮਾਰਗ 'ਤੇ ਚੱਲਣਾ ਹੀ ਕਾਰ ਕਮਾਈ ਹੈ, ਹੁਣ ਵਿਚਾਰਨ ਯੋਗ ਗੱਲ ਹੈ ਕਿ ਜਿਸ ਮਾਲਕ ਦਾ ਮੈਂ ਰੂਪ ਹਾਂ, ਪਹਿਲੀ ਤਾਂ ਗੱਲ ਉਹ ਆਪ ਖੁਦ ਕੇਸਾਂ ਵਾਲਾ ਹੈ ***"ਸੋਹਣੇ ਨਕ ਜਿਨ ਲੰਮੜੇ ਵਾਲਾ"*** ਜਾਂ ਫਿਰ ਭਗਤ ਕਬੀਰ ਸਾਹਿਬ ਜੀ ਨੇ ਵੀ ਪ੍ਰਮੇਸ਼ਵਰ ਦੇ ਸੋਹਣੇ ਕੇਸਾਂ ਵਾਲਾ ਹੋਣ ਕਰਕੇ ਨਿਰੰਕਾਰ ਜੀ ਨੂੰ ਕੇਸਾਂ ਵਾਲੇ ਨਾਮ ਭਾਵ ਕੇਸੋ ਨਾਮ ਨਾਲ ਵੀ ਪੁਕਾਰਿਆ ਹੈ ***"ਕੇਸੋ ਕੇਸੋ ਕੂਕੀਐ"*** ਕੇਸਾਂ ਦੀ ਹੀ ਨਿਸ਼ਾਨੀ ਹੈ। ਦੂਜੀ ਗੱਲ ਕੇਸ ਕਿਸੇ ਦੁਨਿਆਵੀ ਮਨੁੱਖ ਦਾ ਹੁਕਮ ਨਹੀਂ ਅਤੇ ਨਾ ਹੀ ਕਿਸੇ ਪੀਰ ਪੈਗੰਬਰ ਦਾ, ਇਹ ਤਾਂ ਸਗੋਂ ਪ੍ਰਮੇਸ਼ਵਰ ਦਾ ਹੀ ਹੁਕਮ ਹੈ। ਜਿਹੜੇ ਰੱਬ ਦੇ ਹੁਕਮ ਤੋਂ ਹੀ ਬਾਗੀ ਹੋ ਕੇ ਉਸ ਨਾਲ ਬਗਾਵਤ ਦੀ ਲੜਾਈ ਸਾਰੀ ਜਿੰਦਗੀ ਲੜਦੇ ਰਹਿੰਦੇ ਹਨ, ਉਹ ਪ੍ਰਮੇਸ਼ਵਰ ਵਿੱਚ ਕਿਵੇਂ ਅਭੇਦ ਹੋ ਸਕਦੇ ਹਨ। ***"ਹੁਕਮਿ ਰਜਾਈ ਚਲਣਾ"*** ਕੇਵਲ ਕਹਿਣ ਮਾਤਰ ਹੀ ਨਹੀਂ ਬਲਕਿ ਇਸ ਰਾਹ 'ਤੇ ਤੁਰਨਾ ਵੀ ਹੈ। ਕੇਸ ਰੱਖਣੇ, ਪ੍ਰਮੇਸ਼ਵਰ ਦੀ ਹੋਂਦ ਨੂੰ ਮੰਨ ਕੇ ***"ਠਾਕੁਰ ਕਾ ਸੇਵਕੁ ਆਗਿਆਕਾਰੀ ॥"*** ਹੋਣ ਦਾ ਪ੍ਰਤੱਖ ਸਬੂਤ ਹੈ। ਰੱਬੀ ਹੁਕਮ ਕੇਵਲ ਗੁਰੂ ਕੋਲੋਂ ਹੀ ਜਾਣਿਆ ਜਾ ਸਕਦਾ ਹੈ ***"ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥"***

ਇਸੇ ਲਈ ਗੁਰੂ ਜੀ ਨੇ ਕੇਸ ਦੀ ਸੇਵਾ ਸੰਭਾਲ ਦਾ ਹੁਕਮ ਦਿੱਤਾ ਹੈ। ਕਈ ਵਾਰੀ ਮਨ ਸ਼ੰਕਾ ਕਰਦਾ ਹੈ ਕਿ ਨਹੁੰ ਕਿਉਂ ਕੱਟਣੇ ਹਨ ਤਾਂ ਜਵਾਬ ਹੈ ਕਿ ਗੁਰ ਪ੍ਰਮੇਸ਼ਵਰ ਇਕੋ ਜਾਣ ਦਾ ਹਾਲੇ ਹੁਕਮ ਨਹੀਂ। ਭਾਵੇਂ ਕੇਸ ਤੇ ਨਹੁੰ ਰੱਬ ਨੇ ਹੀ ਦਿੱਤੇ ਹਨ ਪਰ ਕੇਸ ਨਾ ਕੱਟਣ

ਦਾ ਹੁਕਮ ਗੁਰੂ ਜੀ ਦਾ ਹੁਕਮ ਹੈ।

ਭਾਈ ਮਨੀ ਸਿੰਘ ਜੀ ਨੇ ਬੜਾ ਸੁੰਦਰ ਇਕ ਬਚਨ ਲਿਖਿਆ ਹੈ। ਗਿਆਨ ਰਤਨਾਵਲੀ ਵਿੱਚ ਅੰਕਿਤ ਹੈ ਕਿ ਇਕ ਦਿਨ ਭਾਈ ਮਰਦਾਨਾ ਜੀ ਨੇ ਵੀ ਬੇਨਤੀ ਕੀਤੀ ਕਿ ਸਾਰੀ ਦੁਨੀਆ ਨੂੰ ਉਪਦੇਸ਼ ਦਿੱਤਾ ਹੈ। ਮੈਨੂੰ ਸਮਝਾ ਕੇ ਹੀ ਨਾਲ ਟੋਰ ਲਿਆ ਪਰ ਇਸ ਤਰ੍ਹਾਂ ਦਾ ਕੋਈ ਉਪਦੇਸ ਨਹੀਂ ਦਿੱਤਾ ਜਿਸ ਤਰ੍ਹਾਂ ਬਾਕੀ ਲੋਕਾਂ ਨੂੰ ਦਿੰਦੇ ਹੋ ਤਾਂ ਸਤਿਗੁਰੂ ਜੀ ਨੇ ਹੱਸ ਕੇ ਕਿਹਾ, ਭਾਵੇਂ ਤੂੰ ਉਪਦੇਸ਼ ਕਮਾ ਰਿਹਾ ਹੈਂ ਪਰ ਫਿਰ ਵੀ ਤੂੰ ਮੰਗਿਆ। ਇਸ ਲਈ ਤਿੰਨ ਕੰਮ ਗੁਰੂ ਤੋਂ ਹੀ ਨਹੀਂ ਬਲਕਿ ਪ੍ਰਮੇਸ਼ਵਰ ਤੋਂ ਵੀ ਵਿਛੋੜ ਦਿੰਦੇ ਹਨ, ਉਹ ਕੰਮ ਨਾ ਕਰੀ - ਪਹਿਲਾਂ ਕਰਮ ਹੈ ਕੇਸਾਂ ਨੂੰ ਕੱਟਣਾ, ਦੂਜਾ ਕਰਮ ਹੈ ਕਿਸੇ ਨਸ਼ੇ ਦਾ ਸੇਵਨ ਕਰਨਾ, ਤੀਜਾ ਕਰਮ ਹੈ ਅੰਮ੍ਰਿਤ ਵੇਲਾ ਨਾ ਸੰਭਾਲਣਾ। ਭਾਈ ਮਰਦਾਨਾ ਜੀ ਨੇ ਸਾਰੀ ਜ਼ਿੰਦਗੀ ਇਹ ਫ਼ਰਜ਼ ਨਿਭਾਏ ਸਨ। ਗੁਰੂ ਸਾਹਿਬ ਜੀ ਨੇ ਕਈ ਪੱਖਾਂ ਤੋਂ ਸਾਡੀ ਸਾਂਝ ਬਣਾਈ ਹੈ ਕਿ ਕਿਧਰੇ ਸਾਨੂੰ ਕੇਸ ਬੇਲੋੜੇ ਨਾ ਲੱਗਣ ਲੱਗ ਪੈਣ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਰੂਪ 'ਤੇ ਮੋਹਰ ਹੀ ਕਹਿ ਦਿੱਤੇ ਹਨ। ਇਕ ਵਾਰੀ ਹਜ਼ਰਤ ਮੁਹੰਮਦ ਸਾਹਿਬ ਜੀ ਦਾ ਪਵਿੱਤਰ ਕੇਸ ਕਿਸੇ ਬਦਨੀਤ ਬੰਦੇ ਨੇ ਆਸੇ ਪਾਸੇ ਕਰ ਦਿੱਤਾ, ਜਦੋਂ ਦੀਦਾਰਾਂ ਲਈ ਅਕੀਦਤ ਕਰਨ ਮੁਸਲਮਾਨ ਗਏ ਤਾਂ ਇਹ ਇਕ ਕੇਸ ਨਾ ਮਿਲਿਆ। ਸਾਰੇ ਮੁਸਲਮਾਨਾਂ ਲਈ ਇਹ ਦਿਨ ਕਹਿਰ ਦਾ ਦਿਨ ਬਣ ਗਿਆ ਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਇਹ ਕਹਿਰ ਦਾ ਦਿਨ ਸਭ ਲਈ ਬਣਾ ਦੇਣਗੇ ਨਹੀਂ ਤਾਂ ਇਹ ਕੇਸ ਜਲਦੀ ਤੋਂ ਜਲਦੀ ਹਾਜ਼ਰ ਕੀਤਾ ਜਾਵੇ। ਸਾਰੀ ਸਰਕਾਰ ਹਿੱਲ ਗਈ। ਜਿੰਨੇ ਵੀ ਪ੍ਰਚਾਰ ਮੀਡੀਏ ਸਨ, ਸਾਰੇ ਵਰਤੇ, ਆਖਰ ਚੌਥੇ ਦਿਨ ਕੇਸ ਲੱਭ ਪਿਆ ਸੀ ਜਿਸ ਦਿਨ ਮੁਸਲਮਾਨ ਜਗਤ ਨੇ ਅਥਾਹ ਖੁਸ਼ੀ ਮਨਾਈ ਸੀ। ਸੋਚਣ ਦੀ ਲੋੜ ਹੈ ਕਿ ਹਜ਼ਰਤ ਮਹੁੰਮਦ ਸਾਹਿਬ ਜੀ ਨੇ ਮੁਸਲਮਾਨਾਂ ਨੂੰ ਆਪਣਾ ਰੂਪ ਨਹੀਂ ਕਿਹਾ, ਇਹ ਕੇਸ ਹਜ਼ਰਤ ਮੁਹੰਮਦ ਸਾਹਿਬ ਦਾ ਸਾਂਭ ਕੇ ਰੱਖਿਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹਰ ਸਿੱਖ ਨੂੰ ਕਿਹਾ ਕਿ ਤੇਰੇ ਸਰੀਰ 'ਤੇ ਕੇਸ ਮੇਰਾ ਰੂਪ ਹਨ ਪਰ ਇਸ ਦਾ ਅਰਥ ਅਸੀਂ ਹੱਥੀਂ ਗੁਵਾਉਂਦੇ ਹਾਂ। ਆਪਣੇ ਸਤਿਗੁਰੂ ਜੀ ਦੇ ਕੇਸ ਸਿੱਖੀ ਦੇ ਆਸ਼ਿਕਾਂ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਕੇਸਾਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਨੇ ਸੁਖਮਨੀ ਸਾਹਿਬ ਦੇ ਬਚਨ ਪੜ੍ਹੇ ਹੋਣਗੇ। "*ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥*" ਵੈਸੇ ਵੀ ਜਿਸ ਮਾਹੀ ਦਾ "*ਪ੍ਰੇਮ ਖੇਲਣ ਕਾ ਚਾਉ*" ਦਾ ਹੋਕਾ ਸੁਣ ਕੇ ਜਿਹੜੇ ਸੱਚੇ ਦਿਲੋਂ ਆ ਗਏ ਫਿਰ ਪ੍ਰੇਮ ਵਿੱਚ ਤਾਂ ਆਪਣੇ ਮਾਹੀ ਦੀ ਹਰ ਚੀਜ਼ ਅਤਿ ਦੀ ਸੁੰਦਰ ਦਿਸਦੀ ਹੈ। ਇਸੇ ਲਈ ਭਾਈ ਨੰਦ ਲਾਲ ਜੀ ਆਖਦੇ ਹਨ -

ਦੀਨ ਦੁਨੀਆਂ ਦਰ ਕਮੰਦਿ ਆਂ ਪਰੀ ਰੁਖਸਾਰਿ ਮਾਂ ॥

ਹਰ ਦੋ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾਂ ॥

ਮੈਂ ਸੁਣਿਆ ਹੈ ਇਕ ਨੌਜੁਆਨ ਆਪਣੇ ਪਿਤਾ ਨੂੰ ਕਹਿਣ ਲੱਗਾ ਕਿ ਮੈਂ ਹੋਸਟਲ ਵਿੱਚ ਰਹਿੰਦਾ ਹਾਂ। ਜਿੱਥੇ ਸਾਰੇ ਮੁੰਡੇ ਕੇਸ ਕਟਾਈ ਫਿਰਦੇ ਹਨ। ਮੈਂ ਕੇਵਲ ਇਕੱਲਾ ਹੀ ਸਿੱਖ ਹਾਂ ਜਿਸ ਕਰਕੇ ਮੈਂ ਵੀ ਕੇਸ ਕਟਾ ਦੇਣੇ ਹਨ ਤਾਂ ਪਿਤਾ ਨੇ ਬੜੀ ਖੁਸ਼ੀ ਨਾਲ ਕਿਹਾ ਕਿ ਬੇਟਾ ਕੇਸਾਂ ਦਾ ਦਾਤਾ ਮੈਂ ਨਹੀਂ ਜਾਂ ਕੇਸ ਮੇਰੇ ਹੁਕਮ ਨਾਲ ਨਹੀਂ ਰੱਖੇ, ਕਿ ਮੈਂ ਤੈਨੂੰ ਰੋਕਾਂ, ਤੈਨੂੰ ਆਪਣੇ ਬਾਰੇ ਆਪ ਫੈਸਲਾ ਕਰਨ ਦਾ ਹੱਕ ਹੈ ਪਰ ਇਕ ਵਾਰੀ ਮੇਰੀ ਗੱਲ ਮੰਨ ਕੇ ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕ ਕੇ ਫਿਰ ਅਜਾਇਬ ਘਰ ਵਿੱਚ ਆਪਣੇ ਵੱਡੇ ਵੀਰਾਂ, ਬਜ਼ੁਰਗਾਂ ਜਿਨ੍ਹਾਂ ਨੇ ਸਿੱਖੀ ਪਿੱਛੇ ਘਾਲਣਾ ਘਾਲੀਆਂ, ਉਨ੍ਹਾਂ ਤੋਂ ਪੁੱਛ ਲੈ। ਬੱਚਾ ਗਿਆ, ਦਰਸ਼ਨ ਕਰਕੇ ਹੈਰਾਨ ਰਹਿ ਗਿਆ। ਜਿਥੇ ਇਕ ਇਕ ਕੇਸ ਪਿੱਛੇ ਭਾਈ ਤਾਰੂ ਸਿੰਘ ਵਰਗਿਆਂ ਖੋਪਰੀਆਂ ਉਤਰਵਾ ਕੇ ਵੀ ਆਨੰਦ ਮਾਣਿਆ ਸੀ ਕਿਉਂਕਿ ਅਰਦਾਸ ਨਿਭ ਗਈ ਕਿ ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ। ਇਹ ਕੁਝ ਵੇਖ ਸਿੱਖ ਬੱਚੇ ਨੇ ਆਪਣੇ ਸਤਿਗੁਰੂ ਜੀ ਕੋਲੋਂ ਤੇ ਪਿਤਾ ਜੀ ਕੋਲੋਂ ਭੁੱਲ ਦੀ ਖਿਮਾਂ ਮੰਗੀ ਤੇ ਸਾਬਤ ਸੂਰਤ ਰਹਿਣ ਦਾ ਪ੍ਰਣ ਪੱਕਾ ਕੀਤਾ।

ਪਾਉਂਟਾ ਸਾਹਿਬ ਦੀ ਧਰਤੀ ਹਰ ਆਏ ਗਏ ਰਾਹੀ ਨੂੰ ਇਕ ਸਾਦਿਕ ਦੀ ਸ਼ਰਧਾ ਦੀ ਖੁਸ਼ਬੋ ਬਖਸ਼ ਕੇ ਨਿਹਾਲੋ ਨਿਹਾਲ ਕਰ ਦਿੰਦੀ ਹੈ ਜਿਥੇ ਇਹ ਘਟਨਾ ਵਰਤੀ ਸੀ ਕਿ ਭੰਗਾਣੀ ਦੇ ਯੁੱਧ ਦੇ ਮਗਰੋਂ ਇਕ ਦਿਨ ਸਤਿਗੁਰੂ ਜੀ ਰਾਤ ਸਮੇਂ ਕੇਸਾਂ ਵਿੱਚ ਕੰਘਾ ਕਰ ਰਹੇ ਸਨ ਤਾਂ ਉਨ੍ਹਾਂ ਦੇ ਪਾਵਨ ਮੁਕਾਮ 'ਤੇ ਪੀਰ ਬੁੱਧੂ ਸ਼ਾਹ ਆ ਗਿਆ ਤੇ ਬੇਨਤੀ ਕੀਤੀ, ਸਤਿਗੁਰੂ ਜੀ! ਜੰਗ ਦੀ ਸਮਾਪਤੀ ਹੋ ਗਈ ਹੈ, ਸੋ ਕਿਰਪਾ ਕਰਕੇ ਮੈਨੂੰ ਆਗਿਆ ਦੇ ਦਿਉ, ਸਵੇਰੇ ਦਰਬਾਰ ਵਿਚੋਂ ਦਰਸ਼ਨ ਕਰਕੇ ਚਲਾ ਜਾਵਾਂਗਾ ਤਾਂ ਸਾਹਿਬ ਨੇ ਇਕ ਹੱਥ ਨਾਲ ਕੇਸ ਪਿਛਾਂਹ ਕਰਕੇ ਦੂਜੇ ਹੱਥ ਵਿੱਚ ਕੰਘਾ ਪਕੜਿਆ ਸੀ, ਬੜੇ ਪਿਆਰ ਨਾਲ ਪੀਰ ਬੁੱਧੂ ਸ਼ਾਹ ਨੂੰ ਵਿਦਾਇਗੀ ਦਿੱਤੀ। ਪਰ ਦਰਵਾਜ਼ਿਉਂ ਬਾਹਰ ਨਿਕਲਣ ਲੱਗੇ ਪੀਰ ਬੁੱਧੂ ਸ਼ਾਹ ਨੂੰ ਫਿਰ ਆਵਾਜ਼ ਮਾਰੀ ਕਿ ਇਹ ਘਰ ਗੁਰੂ ਨਾਨਕ ਸਾਹਿਬ ਜੀ ਦਾ ਹੈ। ਕੁਝ ਨਾ ਕੁਝ ਜ਼ਰੂਰ ਮੰਗ ਕੇ ਲੈ ਜਾਵੇਂ। ਪੀਰ ਬੁੱਧੂ ਸ਼ਾਹ ਦੀਆਂ ਅੱਖਾਂ ਸੱਜਲ ਹੋ ਗਈਆਂ। ਆਪਣੇ ਚੋਲੇ ਦੇ ਪੱਲੇ ਨੂੰ ਅੱਡ ਕੇ ਕਹਿਣ ਲੱਗਾ, ਸਤਿਗੁਰੂ ਜੀ ਕਿਰਪਾ ਕਰੋ! ਆਪਣਾ ਕੰਘਾ ਕੇਸਾਂ ਸਮੇਤ ਬਖਸ਼ਿਸ਼ ਕਰ ਦਿਉ ਤਦ ਸਤਿਗੁਰੂ ਜੀ ਨੇ ਸੁਭਾਵਿਕ ਹੀ ਆਖਿਆ ਕਿ ਕੰਘਾ ਅਤੇ ਕੇਸ ਹੀ ਕਿਉਂ ? ਸਤਿਗੁਰੂ ਜੀ ਕਦੇ ਤੁਸੀਂ ਛੇਵੇਂ ਜਾਮੇਂ ਵਿੱਚ ਗੁਜਰਾਤ ਵਿਖੇ ਸ਼ਾਹ ਦੌਲਾ ਦੇ ਸੁਆਲਾਂ ਦਾ ਜਵਾਬ ਦਿੱਤਾ ਸੀ ਕਿ ਜਦੋਂ ਉਸਨੇ ਸ਼ੰਕਾ ਕਰਕੇ ਪੁੱਛਿਆ ਸੀ ਕਿ ਫਕੀਰ ਲਈ ਇਸਤ੍ਰੀ ਬੱਚੇ ਤੇ ਮਾਇਆ ਨਹੀਂ ਸੋਭਦੀ ਤਾਂ ਬਚਨ ਕੀਤੇ ਸਨ ਕਿ ਸਾਡੇ ਘਰ ਔਰਤ ਈਮਾਨ ਹੈ, ਪੁੱਤਰ ਨਿਸ਼ਾਨ ਹੈ, ਮਾਇਆ ਗੁਜ਼ਰਾਨ ਹੈ। ਜੇ ਪੁੱਤਰ ਦੀ ਨਿਸ਼ਾਨੀ ਹੀ ਹੈ ਜਿਹੜੀ ਜੀਵਤ ਰੱਖਦੀ

ਹੈ ਮਨੁੱਖ ਦੇ ਨਾਮ ਨੂੰ ਤਾਂ ਹੁਣ ਤੁਸੀਂ ਕਹਿੰਦੇ ਹੋ ਕਿ ਕੇਸ ਮੇਰੀ ਨਿਸ਼ਾਨੀ ਹਨ। ਫਿਰ ਇਹ ਕੇਸਾਂ ਸਮੇਤ ਕੰਘਾ ਮੇਰੀ ਝੋਲੀ ਵਿੱਚ ਪਾ ਦਿਉ। ਪੁੱਤਰ ਨਿਸ਼ਾਨੀ ਤਾਂ ਕਦੇ ਮਿਟ ਵੀ ਜਾਵੇਗੀ ਪਰ ਕੰਘਾ ਤੇ ਕੇਸਾਂ ਦੀ ਨਿਸ਼ਾਨੀ ਸਦਾ ਬੁੱਧੂ ਨੂੰ ਜੀਵਤ ਰੱਖੇਗੀ। ਸਾਹਿਬ ਨੇ ਬੜੇ ਹੀ ਆਦਰ ਮਾਣ ਨਾਲ ਆਪਣੇ ਕੇਸ ਤੇ ਕੰਘਾ ਦੇ ਦਿੱਤੇ। ਧੰਨ ਸਨ ਪੀਰ ਬੁਧੂ ਸ਼ਾਹ ਜੀ ਜਿਨ੍ਹਾਂ ਨੇ ਆਪਣੀ ਘਰ ਵਾਲੀ ਨੂੰ ਵੀ ਇਹੋ ਹੀ ਕਿਹਾ ਸੀ ਕਿ ਭਾਗਵਾਨੇ, ਧੰਨ ਗੁਰੂ ਗੋਬਿੰਦ ਸਿੰਘ ਪ੍ਰੇਮ ਦੀ ਮੰਡੀ ਲਾਈ ਬੈਠੇ ਸਨ ਜਿਥੋਂ ਮੈਂ ਆਪਣੇ ਪੁੱਤਰ ਵੇਚ ਕੇ ਇਹ ਕੇਸ ਲਿਆਇਆ ਹਾਂ। ਇਨ੍ਹਾਂ ਨੂੰ ਸਾਂਭ ਕੇ ਰੱਖੀਂ।

ਕਿਤਨੀ ਬਖਸ਼ਿਸ਼ ਕੀਤੀ ਸੀ ਇਹ ਕਹਿ ਕੇ ਕਿ ਤੇਰਾ ਘਰ ਆਨੰਦਪੁਰ ਸਾਹਿਬ ਵਿਖੇ, ਕੇਸਗੜ੍ਹ ਜਨਮ ਅਸਥਾਨ ਹੈ। ਅਸੀਂ ਦੁਨੀਆਂ ਵਿੱਚ ਜਿਥੇ ਮਰਜ਼ੀ ਵਿਚਰੀਏ ਪਰ ਘਰ ਕਦੇ ਨਹੀਂ ਭੁੱਲਦਾ। ਇਸ ਕਰਕੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਸੀ ਕਿ ਜੇਕਰ ਭੁੱਲ ਕੇ ਕੇਸ ਕਟਵਾ ਵੀ ਲਵੇਂ ਤਾਂ ਯਾਦ ਰੱਖੀਂ ਜਦੋਂ ਕੋਈ ਤੈਨੂੰ ਪੁੱਛੇਗਾ ਕਿ ਤੇਰਾ ਭਾਈ ਘਰ ਕਿਥੇ ? ਜਨਮ ਭੂਮੀ ਕਿਹੜੀ ਹੈ ਤਾਂ ਮੈਂ ਉਸਦਾ ਨਾਮ ਹੀ ਕੇਸਗੜ੍ਹ ਰੱਖ ਚੱਲਿਆਂ ਹਾਂ ਤਾਂ ਕਿ ਤੈਨੂੰ ਫਿਰ ਚੇਤਾ ਆ ਜਾਇਆ ਕਰੇਗਾ। ਯਾਦ ਰੱਖੀਂ ਕਕਾਰ ਤਾਂ ਪੰਜੇ ਜ਼ਰੂਰੀ ਹਨ ਪਰ ਕਿਸੇ ਅਵੇਸਲੇਪਣ ਕਰਕੇ ਅਗਰ ਕੰਘਾ, ਕੜਾ, ਕ੍ਰਿਪਾਨ ਜਾਂ ਕਛਹਿਰਾ ਕਿਸੇ ਪਲ ਗਲਤੀ ਨਾਲ ਲੱਥ ਵੀ ਜਾਂਦਾ ਹੈ, ਅਰਦਾਸ ਕਰ ਫਿਰ ਪਹਿਨੇ ਜਾ ਸਕਦੇ ਹਨ ਪਰ ਜੇ ਕਰ ਕੇਸ ਉਤਾਰ ਦਿੱਤੇ ਫਿਰ ਤੂੰ ਕਾਤਲ ਕਹਿਲਾਵੇਂਗਾ ਤੇ ਪਤਿਤ ਹੋ ਜਾਏਂਗਾ। ਚਾਰ ਕੁਰਹਿਤਾਂ ਵਿੱਚ ਇਸੇ ਲਈ ਕੇਸ ਕੱਟਣਾ ਵੀ ਇਕ ਕੁਰਹਿਤ ਹੈ।

ਸੋ ਕਲਗੀਧਰ ਦੇ ਪੁੱਤਰਾ ਸੰਭਾਲ ਆਪਣੇ ਆਪ ਨੂੰ ਤੇ ਕੇਸ ਗੁਰੂ ਜੀ ਦਾ ਹੁਕਮ ਮੰਨ ਕੇ ਪ੍ਰਮੇਸ਼ਵਰ ਵਲੋਂ ਬਖਸ਼ਿਆ ਤੋਹਫਾ ਜਾਣ ਕੇ ਸਤਿਕਾਰ ਕਰ ਤੇ ਸਾਬਤ ਸੂਰਤਿ ਦਾ ਧਾਰਨੀ ਬਣ ਜਿਸ ਨਾਲ ਕੇਸ ਰੱਖ ਕੇ ਆਤਮਾ ਬਲਵਾਨ ਹੋਵੇਗੀ। ਕੇਸ ਰੱਖਣੇ "*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ*" ਦਾ ਪ੍ਰਤੱਖ ਐਲਾਨ ਹੈ। ਕੇਸ ਰੱਖਣਾ ਆਤਮਾ ਨਾਲ ਸੰਬੰਧ ਹਨ ਕਿ ਇਹ ਸੇਵਕ ਪ੍ਰਮੇਸ਼ਵਰ ਨਾਲ ਲੜਦਾ ਨਹੀ ਬਲਕਿ ਹੁਕਮੀ ਮਾਰਗ 'ਤੇ ਚੱਲਦਾ ਹੈ।

ਕੰਘਾ

ਸੰਸਾਰ ਵਿੱਚ ਦੋ ਮਨੁੱਖਾਂ ਦੀ ਥਾਂ ਆਪਣੇ ਘਰ ਨਹੀਂ ਆਪਾਂ ਰੱਖਦੇ ਬਲਕਿ ਘਰੋਂ ਬਾਹਰ ਰੱਖਦੇ ਹਾਂ - ਇਕ ਤਾਂ ਜਿਹੜਾ ਸਿਆਣਾ ਨਹੀਂ ਭਾਵ ਉਲਝਿਆ ਹੋਇਆ, ਦੂਜਾ ਜਿਹੜਾ ਮੁਰਦਾ ਹੋ ਗਿਆ। ਆਮ ਕਰਕੇ ਮੁਰਦੇ ਦੀ ਥਾਂ ਸਮਸ਼ਾਨ ਭੂਮੀ ਅਤੇ ਉਲਝੇ ਮਨੁੱਖ ਦੀ ਥਾਂ ਬਾਹਰ ਜੰਗਲ ਹਨ। ਇਸੇ ਕਾਰਨ ਕਰਕੇ ਜਿਹੜੇ ਲੋਕ ਸੰਸਾਰ ਦੀ ਮਰਯਾਦਾ ਨਹੀਂ ਸਨ

ਪਾਲ ਸਕਦੇ ਫਿਰ ਉਹ ਜੰਗਲਾਂ ਵਿੱਚ ਹੀ ਜੀਵਨ ਬਸਰ ਕਰਦੇ ਸਨ ਜਿਵੇਂ ਜੋਗੀ, ਸਨਿਆਸੀ ਤੇ ਤਪੀਸਰ ਆਦਿ।

ਅਸੀਂ ਆਮ ਹੀ ਬਜ਼ਾਰਾਂ ਵਿੱਚ ਦੇਖਦੇ ਹਾਂ ਕਿ ਮਨੁੱਖੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਓਨੀਆਂ ਦੁਕਾਨਾਂ ਨਹੀਂ ਹੁੰਦੀਆਂ ਜਿੰਨੀਆਂ ਸ਼ਿੰਗਾਰ ਲਈ ਹਨ। ਸਿਰ ਤੋਂ ਪੈਰਾਂ ਤਕ ਹਰ ਚੀਜ਼ ਸ਼ਿੰਗਾਰੀ ਹੋਈ ਪਹਿਨਣੀ ਚਾਹੰਦੇ ਹਨ। ਇਥੋਂ ਤਕ ਘਰ ਵੀ ਮੋਟਰਾਂ ਗੱਡੀਆਂ, ਬਾਗ ਬਗੀਚੇ, ਸੜਕਾਂ, ਪਿੰਡ, ਸ਼ਹਿਰ ਭਾਵ ਸਭ ਕੁਝ ਸਵਾਰਿਆ ਹੀ ਪਸੰਦ ਕਰਦੇ ਹਾਂ। ਇਸੇ ਲਈ ਸਤਿਗੁਰੂ ਜੀ ਨੇ ਮਨੁੱਖ ਨੂੰ ਕੇਵਲ ਅੰਦਰੋਂ ਹੀ ਮਾਨਸ ਤੇ ਦੇਵਤਾ ਨਹੀਂ ਬਣਾਇਆ ਸਗੋਂ ਬਾਹਰੋਂ ਵੀ ਇਕ ਸਜਿਆ ਸਵਾਰਿਆ ਮਨੁੱਖ ਲੱਗੇ ਬਣਾਇਆ ਹੈ। ਜਿਸ ਨਾਲ ਕੋਈ ਖਲੋ ਕੇ ਗੱਲ ਕਰਨ ਲਈ ਤਾਂ ਤਿਆਰ ਹੋਵੇ। ਸਾਨੂੰ ਕੇਸ ਰੱਖਣ ਦੇ ਨਾਲ ਸਾਡਾ ਅੰਗ ਹੀ ਬਣਾ ਦਿੱਤਾ ਕੰਘਾ। ਜਿਹੜਾ ਦੋ ਗੱਲਾਂ ਦਾ ਸੂਚਕ ਹੈ ਕਿ ਸਿੱਖ ਜਿਥੇ ਬਾਹਰੋਂ ਸੱਜਿਆ ਸੰਵਾਰਿਆ ਹੋਇਆ ਹੈ ਉਥੇ ਆਪਣੇ ਵਿੱਚ ਇਕ ਕੇਸ ਵੀ ਮੁਰਦਾ ਨਹੀਂ ਰਹਿਣ ਦਿੰਦਾ ਭਾਵ ਜਿਸ ਗੁਰੂ ਨੇ ਉਪਦੇਸ਼ ਦਿੱਤਾ ਸੀ ਕਿ ਨਾ ਤਾਂ ਕੇਸ ਉਲਝੇ ਹੋਏ ਹੋਣ ਅਤੇ ਨਾ ਹੀ ਮੁਰਦਾ ਹੋਣ ਫਿਰ ਇਹ ਕਿਵੇਂ ਹੋ ਸਕਦਾ ਹੈ ਕਿ ਦੇਵ ਬ੍ਰਿਤੀ ਦੇ ਧਾਰਨੀ ਦੇ ਅੰਦਰ ਕੋਈ ਉਲਝਣ ਜਾਂ ਮੁਰਦਾ ਵੀਚਾਰ ਹੋਵਣ ਜਿਹੜੇ ਲੋਕ ਦੇਸ਼ਾਂ ਪਰਦੇਸਾਂ ਵਿੱਚ ਭਟਕਣ ਲੱਗ ਪਏ ਪਰ ਅੰਦਰ ਬਿਰਤੀ ਕੁਝ ਅਜਿਹੀ ਸੀ ਕਿ "***ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥***" ਆਪ ਤਾਂ ਗ੍ਰਹਿਸਤ ਛੱਡ ਕੇ ਚਲਾ ਗਿਆ, ਪਰ ਜਿਨ੍ਹਾਂ ਵਿਕਾਰਾਂ ਦੀ ਸਾਧਨਾ ਲਈ ਸਭ ਕੁਝ ਕੀਤਾ, ਉਹ ਅੱਜ ਵੀ ਵੈਸੇ ਦੇ ਵੈਸੇ ਹੀ ਮਲੀਨ ਵੀਚਾਰ ਹਿਰਦੇ ਅੰਦਰ ਬੈਠੇ ਹਨ।

ਗੁਰੂ ਨਾਨਕ ਸਾਹਿਬ ਜੀ ਨੇ ਸੱਜਣ ਠੱਗ ਨੂੰ ਕੈਂਹ ਦੇ ਬਰਤਨ ਦੀ ਅਤੇ ਉਨ੍ਹਾਂ ਕੋਠੇ ਮੰਡਪ ਮਾੜੀਆਂ ਦੀ ਹੀ ਉਦਾਹਰਣ ਦੇ ਕੇ ਸਮਝਾਇਆ ਸੀ ਜਿਹੜੇ ਬਾਹਰੋਂ ਸ਼ਿੰਗਾਰੇ ਪਰ ਅੰਦਰੋਂ ਕਾਲਖ ਦੇ ਭਰੇ ਹੋਏ ਹਨ। ਇਹ ਸੁਣ ਕੇ ਸੱਜਣ ਸੱਚਾ ਸੱਜਣ ਬਣ ਗਿਆ ਸੀ। ਗੁਰੂ ਅਮਰਦਾਸ ਜੀ ਨੇ ਵੀ ਜਨਮ ਰਤਨ ਖੱਟਣ ਤੇ ਜਨਮ ਜੂਏ ਹਾਰਨ ਦਾ ਜ਼ਿਕਰ ਕੀਤਾ ਹੈ ਕਿ ਜਿਹੜੇ ਲੋਕ "***ਜੀਅਹੁ ਮੈਲੇ ਬਾਹਰਹੁ ਨਿਰਮਲ***" ਹਨ, ਉਹ ਜਨਮ ਜੂਐ ਵਿੱਚ ਹਾਰ ਰਹੇ ਹਨ ਪਰ ਜਿਹੜੇ "***ਜੀਅਹੁ ਨਿਰਮਲ ਬਾਹਰਹੁ ਨਿਰਮਲ***" ਹੋ ਜਾਂਦੇ ਹਨ, ਉਨ੍ਹਾਂ ਨੇ ਜਨਮ ਰਤਨ ਖੱਟ ਲਿਆ ਹੈ। ਭਗਤ ਫਰੀਦ ਜੀ ਵੀ ਬਚਨ ਆਖਦੇ ਹਨ ਕਿ "***ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥***" ਜਿਹੜੇ ਕੇਵਲ ਬਾਹਰੋਂ ਹੀ ਸ਼ਿੰਗਾਰੇ ਹੋਏ ਹਨ, ਪਰ ਅੰਦਰੋਂ ਮੁਰਦਾ ਹਨ, ਉਹ ਵੀ ਪਰਵਾਨ ਨਹੀਂ ਹੁੰਦੇ। ਬਚਨ ਹਨ "***ਅਤਿ***

ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥ " ਸੋ ਜੀਉਂਦੇ ਹਨ ਜਿਹੜੇ "***ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ***" ਸਿਮਰਨ ਕਰਦੇ ਹਨ ਪਰ ਬਾਹਰੋਂ ਵੀ ਸ਼ਿੰਗਾਰੇ ਹੋਏ ਹਨ। ਭਾਈ ਨੰਦ ਲਾਲ ਜੀ ਨੇ ਤਨਖਾਹ ਨਾਮਾ ਵਿੱਚ ਕਿੰਨਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਸਤਿਗੁਰੂ ਜੀ ਵਲੋਂ ਬਖਸ਼ੀ ਰਹਿਤ ਦਾ ਜ਼ਿਕਰ ਕੀਤਾ ਹੈ ਕਿ "***ਕੰਘਾ ਦੋਨੋ ਵਕਤ ਕਰ ਪਾਗ ਚੁਨੇ ਕਰ ਬਾਂਧਈ ॥ ਦਾਤਨ ਨੀਤ ਕਰੈ ਨ ਦੂਖ ਪਾਵੈ ਲਾਲ ਜੀ ॥***"

ਪੁਰਾਤਨ ਪੀਰਾਂ ਫਕੀਰਾਂ ਜਾਂ ਦਰਵੇਸ਼ਾਂ ਨੇ ਭਾਵ ਉਹ ਕਿਸੇ ਵੀ ਧਰਮ ਦੇ ਧਾਰਨੀ ਜਾਂ ਮੋਢੀ ਹੋਏ ਹਨ, ਕਰੀਬ ਕਰੀਬ ਸਭ ਕੇਸਾਧਾਰੀ ਹਨ ਪਰ ਇਕ ਕਮੀ ਸੀ ਕਿ ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਜਾਂ ਵਾਰਿਸਾਂ ਨੂੰ ਕੇਸ ਰੱਖਣ ਦੀ ਹਦਾਇਤ ਨਹੀਂ ਕੀਤੀ। ਸਤਿਗੁਰੂ ਜੀ ਨੇ ਜਿੱਥੇ ਕੇਸ ਆਪ ਰੱਖੇ, ਰੱਖਣ ਦਾ ਹੁਕਮ ਵੀ ਦਿੱਤਾ। ਇਥੇ ਹੀ ਬਸ ਨਹੀਂ ਕਿਧਰੇ ਬਾਕੀ ਲੋਕਾਂ ਵਾਂਗ ਜਟਾਂ ਬਣਾ ਕੇ ਸੰਸਾਰ ਤੋਂ ਭੱਜ ਨਿਕਲਣ ਜਾਂ ਫਿਰ ਸਫਾਈ ਕਾਰਨ ਕਟਵਾਣੇ ਪੈਣ, ਇਸ ਗੱਲ ਤੋਂ ਸੁਚੇਤ ਕਰ ਕੰਘਾ ਬਖਸ਼ ਦਿੱਤਾ। ਇਕ ਗੱਲ ਵੀਚਾਰਨ ਯੋਗ ਹੈ ਕਿ ਜਿੰਨਾ ਚਿਰ ਧਰਮ ਸੋਚ ਵਿੱਚ ਸ਼ਾਮਲ ਨਹੀਂ ਹੁੰਦਾ ਓਨਾ ਚਿਰ ਸੱਚਾ ਧਰਮੀ ਨਹੀਂ ਬਣਦਾ। ਇਸ ਲਈ ਜਿਥੇ ਸਿਰ 'ਤੇ ਕੇਸਾਂ ਦਾ ਜੂੜਾ ਹੈ ਤਾਂ ਸਿਰ ਵਿੱਚ ਹੀ ਕੰਘਾ ਰੱਖ ਕੇ ਮਾਨੋ ਇਕ ਹੁਕਮ ਹੀ ਕਰ ਦਿੱਤਾ ਕਿ ਤੇਰੀ ਸੋਚ 'ਤੇ ਪਹਿਰਾ ਗੁਰੂ ਜੀ ਦਾ ਹੋਵੇ। ਸਿੱਖ ਦਾ ਘਰ ਬਾਰ ਲੁਟਿਆ ਜਾਵੇ ਤਾਂ ਸਿੱਖ ਬਰਬਾਦ ਨਹੀਂ ਹੁੰਦਾ, ਬੱਚੇ, ਘਰ ਵਾਲੀ, ਜ਼ਮੀਨ, ਜਾਇਦਾਦ, ਮਾਤਾ ਪਿਤਾ ਭਾਵ ਸਭ ਕੁਝ ਚਲਾ ਜਾਵੇ, ਸਿੱਖ ਬਰਬਾਦ ਨਹੀਂ ਹੁੰਦਾ ਪਰ ਜਦੋਂ ਕੇਸ ਕਤਲ ਕਰਵਾ ਲਵੇ ਤਾਂ ਸਿੱਖ ਬਰਬਾਦ ਹੋ ਜਾਂਦਾ ਹੈ ਕਿਉਂਕਿ ਇਸ ਦੀ ਤਾਂ ਅਰਦਾਸ ਹੈ ਕਿ ਜਿਨ੍ਹਾਂ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹੀ, ਤਿਨਾਂ ਦੀ ਕਮਾਈ ਦਾ ਹਰ ਰੋਜ਼ ਧਿਆਨ ਧਰ ਕੇ ਵਾਹਿਗੁਰੂ ਉਚਾਰਦਾ ਹੈ। ਸੋ ਕੇਸ ਰੱਖਣ ਦਾ ਪਰਪੱਕ ਹੁਕਮ ਹੈ ਕੰਘਾ। ਕੰਘੇ ਨੇ ਆਰੀ ਨਾਲ ਚਿਰਵਾ ਲਿਆ ਜਿਸ ਕਰਕੇ ਚੋਟੀ ਦਾ ਮਾਲਕ ਬਣ ਬੈਠਾ ਤੇ ਕੇਸਾਂ ਨਾਲ ਗਲਵੱਕੜੀਆਂ ਪਾਈ ਰੱਖਦਾ ਹੈ। ਕਕਾਰਾਂ 'ਤੇ ਸ਼ੰਕਾ ਕਰਨ ਦੀ ਬਜਾਏ ਜਿਸ ਦਿਨ ਆਪਾਂ ਵੀ ਹੁਕਮ ਦੀ ਆਰੀ ਨਾਲ ਆਪਾਂ ਚਿਰਵਾ ਲਵਾਂਗੇ ਤਾਂ ਹਉਮੈ ਦੀ ਥਾਂ ਹੁਕਮ ਮੰਨ ਕੇ ਇਕ ਦਿਨ "***ਰਹਿਣੀ ਰਹਹਿ ਸੋਈ ਸਿਖ ਮੇਰਾ, ਵਹ ਠਾਕੁਰ ਮੈਂ ਉਸ ਕਾ ਚੇਰਾ ॥***" ਬਣ ਚੋਟੀ ਦੇ ਮਾਲਕ ਹੋ ਜਾਵਾਂਗੇ।

ਇਸ ਲਈ ਸਿੱਖ ਨਾ ਤਾਂ ਮਾਇਆ ਅਤੇ ਵਿਕਾਰਾਂ ਵਿੱਚ ਉਲਝਿਆ ਹੋਇਆ ਤੇ ਨਾ ਹੀ ਨਾਮ ਤੋਂ ਟੁੱਟਾ ਮੁਰਦਾ ਹੈ। ਇਹ ਤਾਂ ਦੋਨਾਂ ਵਕਤ ਕੰਘਾ ਕਰਕੇ ਜਿਵੇਂ ਉਲਝੇ ਕੇਸ ਸੁਲਝਾ ਲੈਂਦਾ ਹੈ ਤੇ ਮੁਰਦੇ ਬਾਹਰ ਕੱਢ ਦਿੰਦਾ ਹੈ। ਸੋ ਕੰਘਾ ਆਤਮਾ ਤੇ ਮਨ ਨੂੰ ਵੀ ਪਵਿੱਤਰ

ਰੱਖਣ ਦਾ ਅਧਿਆਤਮਿਕ ਗੁਣ ਹੈ ਜਿਸ ਦਾ ਪਤਾ ਇਕ ਵੱਖਰੀ ਅੱਖ ਨਾਲ ਵੇਖਿਆਂ ਹੀ ਚਲੇਗਾ।

ਕੜਾ

ਕੜਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਅਨੇਕਾਂ ਹੀ ਪ੍ਰੇਮ ਖੁਸ਼ਬੋਆਂ ਅਤੇ ਬਖਸ਼ਿਸ਼ਾਂ ਦਾ ਭੰਡਾਰ ਹੈ। ਬਚਪਨ ਦੀ ਉਮਰ ਵਿਚ ਹੀ ਜ਼ਾਹਿਰ ਕਰ ਦਿੱਤਾ ਸੀ ਕਿ ਮੈਨੂੰ ਕੰਗਣਾਂ ਨਾਲ ਕੋਈ ਸਨੇਹ ਨਹੀਂ ਪਰ ਮੈਂ ਇਕ ਵੱਖਰਾ ਸ਼ਿੰਗਾਰ ਤਿਆਰ ਕਰਾਂਗਾ। ਇਕ ਦਿਨ ਗੰਗਾ ਦੇ ਕਿਨਾਰੇ ਖੇਡਦਿਆਂ ਕਿਸੇ ਪ੍ਰੇਮੀ ਵਲੋਂ ਭੇਟਾ ਕੀਤੇ ਵਾਰੀ ਵਾਰੀ ਦੋਵੇਂ ਕੰਗਣ ਗੰਗਾ ਵਿੱਚ ਸੁੱਟ ਦਿੱਤੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਭੁੱਖਿਆਂ ਨੂੰ ਲੰਗਰ ਛਕਾ ਕੇ, ਗਰੀਬਾਂ ਲਈ ਮੋਦੀਖਾਨਾ ਲੁਟਾ ਕੇ ਫਿਰ ਆਪ ਵੀ ਭਾਈ ਲਾਲੋ ਦੀਆਂ ਖਾ ਕੇ "*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ*"॥ ਦਾ ਹੋਕਾ ਲਾਇਆ ਸੀ। ਧਿਆਨ ਨਾਲ ਤੱਕੀਏ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਜੋਤਿ ਨੇ ਸੋਨੇ ਦੇ ਕੰਗਣ ਸੁੱਟ ਕੇ ਮਾਨੋ ਇਹੋ ਹੀ ਕਿਹਾ ਸੀ ਕਿ ਸੋਨੇ ਦਾ ਕੜਾ ਤਾਂ ਸਿਰਫ ਅਮੀਰ ਹੀ ਪਹਿਨ ਸਕਦਾ ਹੈ ਪਰ ਮੈਂ ਤਾਂ 'ਬੇਕਸਾਰਾਂ ਯਾਰ' ਬਣ ਆਇਆ ਹਾਂ। ਇਸ ਲਈ ਸਾਹਿਬ ਜੀ ਨੇ ਲੋਹੇ ਦੇ ਕੜੇ ਨਾਲ ਸਾਂਝ ਪਾਈ। ਸੋਨੇ ਦਾ ਕੜਾ ਤਾਂ ਕਈ ਵਾਰੀ ਆਪਣੀ ਜਾਨ ਦੀ ਰਾਖੀ ਦੀ ਥਾਂ ਜਾਨ ਦਾ ਖ਼ਤਰਾ ਬਣ ਜਾਂਦਾ ਹੈ। ਲੋਹੇ ਦਾ ਕੜਾ ਇਕ ਹਥਿਆਰ ਵੀ ਹੈ ਅਤੇ ਅਕਸਰ ਹਥਿਆਰ ਸੱਜੇ ਹੱਥ ਨਾਲ ਚਲਾਏ ਜਾਂਦੇ ਹਨ। ਤਲਵਾਰ ਆਦਿਕ ਦੇ ਵਾਰ ਤੋਂ ਬਚਾਉ ਦਾ ਸਾਧਨ ਵੀ ਹੈ।

"*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ*" ਦਾ ਪ੍ਰੈਕਟੀਕਲ ਸਬੂਤ ਹੈ। ਗੁਰੂ ਸਾਹਿਬ ਜੀ ਦੇ ਦਰਬਾਰ ਵਿੱਚ ਅਕਸਰ ਖਾਲਸੇ ਦੇ ਨਿਆਰੇਪਨ ਦੀ ਤਿਆਰੀ ਅਤੇ ਦੂਜੇ ਧਰਮਾਂ ਦੀ ਬਰਾਬਰੀ, ਪੜ੍ਹਾਈ ਲਈ ਕਈ ਐਸੇ ਕਾਰਨ ਬਣਦੇ ਰਹਿੰਦੇ ਸਨ ਜਿਵੇਂ ਕਈ ਵਿਦਵਾਨਾਂ ਦਾ ਗੁਰੂ ਘਰ ਆ ਕੇ ਦੂਜੇ ਧਰਮਾਂ ਦੀ ਕਥਾ ਕਰਨਾ, ਵੀਚਾਰ ਕਰਨਾ। ਗੁਰੂ ਅਰਜਨ ਸਾਹਿਬ ਜੀ ਵੇਲੇ ਇਕ ਪੰਡਿਤ ਪੁਰਾਣਾਂ ਦੀ ਕਥਾ ਕਰ ਰਿਹਾ ਸੀ ਤਾਂ ਪੁਸਤਕਾਂ ਮੁੱਕ ਗਈਆਂ। ਕਥਾ ਹੋਰ ਅੱਗੇ ਤੋਰਨ ਲਈ ਹੋਰ ਗ੍ਰੰਥ ਆਪਣਾ ਪੁੱਤਰ ਭੇਜ ਕੇ ਮੰਗਵਾਣੇ ਚਾਹੇ ਪਰ ਖੋਤਾ ਹਿਣਕ ਪਿਆ ਜਿਸ ਨਾਲ ਮਹੂਰਤ ਦੇਖ ਕੇ ਤੋਰੇ ਆਪਣੇ ਪੁੱਤਰ ਨੂੰ ਵਾਪਿਸ ਹੀ ਬੁਲਾ ਲਿਆ। ਜਿਸ ਤੋਂ ਸਪਸ਼ਟ ਹੈ ਕਿ ਜਿਹੜਾ ਮਹੂਰਤ ਖੋਤੇ ਦੇ ਹਿਣਕਣ ਨਾਲ ਹੀ ਖ਼ਤਮ ਹੋ ਸਕਦਾ ਹੈ, ਉਹ ਜੀਵ ਦੀ ਕੀ ਹਿਫਾਜ਼ਤ ਕਰੇਗਾ। ਇਸੇ ਤਰ੍ਹਾਂ ਛੇਵੇਂ ਪਾਤਿਸ਼ਾਹ ਜੀ ਵੇਲੇ ਵੀ ਮਰਨ ਤੋਂ ਮਗਰੋਂ ਰੱਬ ਘਰ ਜਾਣ ਲਈ ਰਸਤੇ ਦੀ ਕਥਾ ਕਰਦਿਆਂ ਇਕ ਪੰਡਿਤ ਜੀ ਨੇ ਕਿਹਾ ਸੀ ਕਿ ਇਕ ਸਾਲ ਵਿੱਚ ਰਸਤਾ ਤਹਿ ਹੋ ਜਾਂਦਾ ਹੈ ਪਰ ਸਿੱਖ ਨੇ ਕਿਹਾ ਸੀ

ਕਿ "ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ ਸਮੁੰਦ੍ਰ ਸਾਗਰੁ ਜਿਨਿ ਖਿਨ ਮਹਿ ਤਾਰਾ ॥" ਵਿਚਾਰ ਲਿਖਣ ਤੋਂ ਭਾਵ ਕਿ ਇਸੇ ਤਰ੍ਹਾਂ ਇਕ ਦਿਨ ਸਤਿਗੁਰੂ ਜੀ ਨੇ ਪ੍ਰਪੱਕਤਾ ਲਈ ਇਕ ਪੰਡਿਤ ਜੀ ਨੂੰ ਸੱਦਿਆ ਤੇ ਪੁੱਛਿਆ ਕਿ ਮੇਰਾ ਕਾਰਜ ਰਾਸ ਨਹੀਂ ਆਉਂਦਾ, ਹੱਥ ਵੇਖੋ। ਪੰਡਿਤ ਜੀ ਨੇ ਹੱਥ ਵੇਖ ਕੇ ਕਿਹਾ ਕਿ ਸ਼ਨੀ ਦੇਵਤਾ ਭਾਰੀ ਹੈ ਜਿਸਦੇ ਇਲਾਜ ਲਈ ਕੁਝ ਮਾਂਹ ਦੀ ਦਾਲ, ਸਰੋਂ ਦਾ ਤੇਲ ਅਤੇ ਲੋਹਾ ਆਦਿਕ ਦੀ ਭੇਟਾ ਕਰੋ। ਸਾਹਿਬ ਜੀ ਨੇ ਇਹ ਸਭ ਭੇਟਾ ਕਰ ਦਿੱਤਾ ਪਰ ਸਿੱਖਾਂ ਨੇ ਰਾਹ ਵਿਚੋਂ ਵਾਪਿਸ ਕਰਵਾ ਲਿਆ। ਮਾਂਹ ਦੀ ਦਾਲ ਦੇ ਵੜੇ ਤਲ ਕੇ ਲੰਗਰਾਂ ਵਿਚ ਵਰਤਾਏ, ਲੋਹੇ ਦੇ ਮੋਟੇ ਕੜੇ ਬਣਾ ਕੇ ਪਾ ਲਏ ਅਤੇ ਜਦੋਂ ਸਤਿਗੁਰੂ ਜੀ ਨੇ ਪੁੱਛਿਆ ਤਾਂ ਸਿੱਖਾਂ ਨੇ ਜਵਾਬ ਦਿੱਤਾ ਸੀ ਕਿ ਜਦੋਂ ਜਾਗਤਿ ਜੋਤ ਦੇ ਪੁਜਾਰੀ ਅਤੇ ਸਤਿਗੁਰੂ ਜੀ ਨੂੰ ਵੀ ਸ਼ਨੀ ਸਤਾਉਣ ਲੱਗ ਜਾਏ ਫਿਰ ਸਿੱਖਾਂ ਨੇ ਸ਼ਨੀ ਦੇਵਤੇ ਦਾ ਭਾਰ ਹਲਕਾ ਕੀਤਾ ਹੈ। ਸਤਿਗੁਰੂ ਜੀ ਨੇ ਘੁੱਟ ਗਲਵੱਕੜੀਆਂ ਪਾ ਕੇ ਅਕਾਲ ਪੁਰਖ ਦਾ ਸ਼ੁਕਰ ਕੀਤਾ ਕਿ ਨਿਆਰੇ ਖ਼ਾਲਸਾ ਦਾ ਪੰਧ ਸਪੱਸ਼ਟ ਹੋ ਗਿਆ।

ਭਾਈ ਵੀਰ ਸਿੰਘ ਜੀ ਨੇ ਬਿਸ਼ੰਬਰ ਦਾਸ ਦੇ ਪੁੱਤਰ ਭਾਈ ਗੋਪਾਲਾ ਜੀ ਦਾ ਬੜਾ ਸੁੰਦਰ ਜ਼ਿਕਰ ਕੀਤਾ ਹੈ। ਭਾਈ ਗੋਪਾਲਾ ਜੀ ਨੂੰ ਬਿਸ਼ੰਬਰ ਦਾਸ ਨੇ ਮਾੜੀ ਸੰਗਤ ਤੋਂ ਬਚਾਉਣ ਲਈ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲ ਭੇਜ ਦਿੱਤਾ ਤਾਂ ਕਿ ਕੁਝ ਸਮਾਂ ਸੇਵਾ ਕਰਕੇ ਸਿੱਖੀ ਸੰਭਾਲਣ ਦੀ ਜਾਚ ਸਿੱਖ ਲਵੇਗਾ। ਬਿਸ਼ੰਬਰ ਦਾਸ ਨੇ ਇਕ ਸੌ ਰੁਪਏ ਗੁਰੂ ਚਰਨਾਂ ਵਿੱਚ ਭੇਟਾ ਕਰਨ ਲਈ ਦਿੱਤੇ। ਭਾਈ ਗੋਪਾਲਾ ਜੀ ਪਹੁੰਚ ਕੇ ਕੁਝ ਦਿਨ ਸੇਵਾ ਕਰਦੇ ਰਹੇ ਪਰ ਸਤਿਗੁਰੂ ਜੀ ਦੀ ਉਮਰ ਵੇਖ ਕੇ ਸ਼ੰਕਾ ਕਰ ਭੇਟਾ ਨਾ ਅਰਪਨ ਕੀਤਾ। ਜਦੋਂ ਸਮਾਂ ਪੂਰਾ ਹੋਇਆ ਤਾਂ ਵਾਪਿਸ ਜਾਣ ਲਈ ਆਗਿਆ ਮੰਗੀ। ਸਤਿਗੁਰੂ ਜੀ ਨੇ ਕਿਹਾ ਕਿ ਭਾਈ ਬਿਸ਼ੰਬਰ ਦਾਸ ਨੇ ਮੇਰੇ ਲਈ ਕੁਝ ਵੀ ਨਹੀਂ ਭੇਜਿਆ ਤਾਂ ਸ਼ਰਮਿੰਦਾ ਹੋ ਕੇ ਸੌ ਰੁਪਏ ਭੇਟਾ ਕੀਤੇ ਅਤੇ ਖਿਮਾ ਮੰਗੀ। ਸਾਹਿਬ ਜੀ ਨੇ ਬਿਸ਼ੰਬਰ ਦਾਸ ਲਈ ਇਕ ਲੋਹੇ ਦਾ ਕੜਾ ਦਿੱਤਾ। ਭਾਈ ਗੋਪਾਲਾ ਜੀ ਨੇ ਚਮਕੌਰ ਸਾਹਿਬ ਜੀ ਦੇ ਲਾਗੇ ਪਿੰਡ ਭੋਜੇ ਮਾਜਰਾ ਵਿਖੇ ਕਿਸੇ ਸਿੱਖ ਕੋਲ ਰਾਤ ਕੱਟੀ। ਪਰਿਵਾਰ ਨੇ ਰਾਤੀਂ ਕਿਹਾ ਕਿ ਸਤਿਗੁਰੂ ਜੀ ਕੋਲੋਂ ਆਏ ਹੋ, ਕੁਝ ਬਚਨ ਸਾਨੂੰ ਵੀ ਸੁਣਾ ਦਿਉ। ਭਾਈ ਗੋਪਾਲਾ ਜੀ ਨੇ ਅਸ਼ਰਧਾ ਦੇ ਬਚਨ ਕਹੇ ਤੇ ਕੜਾ ਦਿਖਾ ਦਿੱਤਾ ਕਿ ੧੦੦ ਰੁਪਏ ਬਦਲੇ ਇਹ ਮਿਲਿਆ ਹੈ। ਪਰਿਵਾਰ ਦੇ ਮਨ ਨੂੰ ਸੱਟ ਲੱਗੀ। ਰਾਤੀਂ ਹੀ ਜਿਵੇਂ ਕਿਵੇਂ ਕਰਕੇ ਸੌ ਰੁਪਏ ਦਾ ਪ੍ਰਬੰਧ ਕੀਤਾ ਤੇ ੧੦੦ ਰੁਪਏ ਦੇ ਕੇ ਕੜਾ ਲੈ ਲਿਆ। ਜਦੋਂ ਭਾਈ ਗੋਪਾਲਾ ਪਿਤਾ ਜੀ ਕੋਲ ਗਿਆ ਤੇ ਸਾਰੀ ਵਾਰਤਾ ਦੱਸੀ। ਪਿਤਾ ਦੀਆਂ ਅੱਖਾਂ ਭਰ ਆਈਆਂ ਕਿ ਗੁਰੂ ਜੀ ਦੀਆਂ ਬਖਸ਼ਿਸ਼ਾਂ ਵੇਚ ਆਇਆ ਹੈਂ, ਬਰਬਾਦ ਹੋ ਜਾਏਂਗਾ। ਆਖਿਰ ਇਕ ਦਿਨ ਬਰਬਾਦੀ ਦਾ ਕਾਰਨ ਹੀ ਬਣ ਗਿਆ।

ਪਿਤਾ ਜੀ ਕੋਲੋਂ ਖਿਮਾਂ ਮੰਗੀ। ਸਾਹਿਬ ਜੀ ਦੇ ਦਰ ਅਰਜ਼ੋਈ ਕੀਤੀ ਤੇ ਕੜਾ ਹਾਸਿਲ ਕੀਤਾ ਸੀ। ਪਰ ਅੱਜ ਇਹ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਬਹੁਤੇ ਲੋਕ ਸਹੁਰਿਆਂ ਦੇ ਸਿੱਖ ਹਨ ਭਾਵ ਸਹੁਰਿਆਂ ਦਾ ਦਿੱਤਾ ਕੜਾ ਤਾਂ ਪਹਿਨੀ ਫਿਰਦੇ ਹਨ ਜਿਹੜਾ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤਾ ਸੀ, ਉਹ ਨਜ਼ਰ ਨਹੀਂ ਆਉਂਦਾ। ਮੈਂ ਸੁਣਿਆ ਇਕ ਬੰਦਾ ਗੰਦੀ ਨਾਲੀ ਵਿਚੋਂ ਕੁਝ ਭਾਲ ਰਿਹਾ ਸੀ ਤਾਂ ਇਕ ਨਿਹੰਗ ਸਿੰਘ ਦੇ ਪੁੱਛਣ 'ਤੇ ਬੰਦਾ ਕਹਿਣ ਲੱਗਾ ਕਿ ਕੜਾ ਗੁਆਚ ਗਿਆ ਹੈ, ਉਸੇ ਵੇਲੇ ਨਿਹੰਗ ਸਿੰਘ ਵੀ ਭਾਲਣ ਲੱਗ ਪਏ ਇਸ ਗੰਦੀ ਨਾਲ ਵਿਚੋਂ। ਪਰ ਗੱਲ ਕਰਦਿਆਂ ਪਤਾ ਲੱਗਾ ਕਿ ਕੜਾ ਸੋਨੇ ਦਾ ਸੀ ਤਾਂ ਨਿਹੰਗ ਸਿੰਘ ਜੀ ਨੇ ਵੱਟ ਕੇ ਚਪੇੜ ਮਾਰੀ ਤੇ ਕਹਿਣ ਲੱਗੇ, ਕਮਲਿਆ ਸੋਨੇ ਦਾ ਕੜਾ ਵੀ ਕੋਈ ਔਖਾ, ਜਿਥੋਂ ਮਰਜ਼ੀ ਹੈ ਖਰੀਦ ਲੈਣਾ। ਮੈਂ ਤਾਂ ਸਮਝਿਆ ਸੀ ਕਿ ਗੁਰੂ ਜੀ ਦਾ ਕੜਾ ਗਵਾ ਦਿੱਤਾ ਹੈ ਕਿਉਂਕਿ ਗੁਰੂ ਜੀ ਦਾ ਕੜਾ ਮਿਲਣਾ ਔਖਾ ਹੈ, ਸੋਨੇ ਦਾ ਨਹੀਂ।

ਅਪਰਾਧ ਅਤੇ ਪਾਪ ਦੋ ਵੱਖਰੇ-ਵੱਖਰੇ ਹਨ। ਜਿਹੜਾ ਅਪਰਾਧ ਕਰਦਾ ਹੈ, ਸੰਸਾਰ ਉਸ ਨੂੰ ਹੱਥ ਕੜੀ ਦਿੰਦਾ ਹੈ ਪਰ ਪਾਪ ਮਨ ਨਾਲ ਹੁੰਦੇ ਹਨ। ਜਿਵੇਂ ਕਿਸੇ ਦੀ ਕਿਤਾਬ ਚੰਗੀ ਲੱਗੀ ਚੋਰੀ ਕਰਨ ਦਾ ਮਨ ਬਣ ਗਿਆ, ਇਹ ਪਾਪ ਹੈ ਜਦੋਂ ਚੋਰੀ ਕਰ ਲਈ ਤਾਂ ਅਪਰਾਧ ਹੈ। ਦੁਨੀਆਂ ਵਿੱਚ ਅਪਰਾਧੀ ਘੱਟ ਹਨ ਪਰ ਪਾਪੀ ਬਹੁਤ ਹਨ ਕਿਉਂਕਿ ਮਾੜੀ ਨਜ਼ਰ ਨਾਲ ਦੇਖਣਾ, ਸੋਚਣਾ ਇਤਿਆਦਿਕ ਅਨੇਕਾਂ ਪਾਪ ਹਨ। ਇਸ ਲਈ ਸਤਿਗੁਰੂ ਜੀ ਨੇ ਹੱਥਕੜੀ ਨਹੀਂ ਹੱਥਕੜਾ ਦਿੱਤਾ ਤਾਂ ਕਿ ਸਿੱਖ ਪਾਪੀ ਨਹੀਂ ਬਲਕਿ ਹਿਰਦੇ ਤੋਂ ਪਵਿੱਤਰ ਹੋਵੇ। ਕੜਾ ਪਰਉਪਕਾਰ ਕਰਨ ਲਈ ਉਤਸਾਹਿਤ ਤੇ ਪਾਪ ਕਰਨ ਤੋਂ ਗੁਰੇਜ਼ ਕਰਨ ਲਈ ਇਕ ਅਮੋਲਕ ਬਖਸ਼ਿਸ਼ ਹੈ। ਜਿਹੜਾ ਮਨ ਦਾ ਪਾਪੀ ਨਹੀਂ, ਪਵਿੱਤਰ ਹੈ, ਉਹੋ ਹੀ ਲੋਕ ਪ੍ਰਲੋਕ ਸੁਹੇਲਾ ਕਰ ਸਕਦਾ ਹੈ।

ਕਿਰਪਾਨ

ਅਕਾਲ ਪੁਰਖ ਪ੍ਰਮੇਸ਼ਵਰ ਦੀ ਰਹਿਮਤ ਤੇ ਹੁਕਮ ਨਾਲ ਸਾਜੇ ਪੰਥ ਖ਼ਾਲਸੇ ਦਾ ਚੌਥਾ ਅੰਗ ਸਤਿਗੁਰੂ ਜੀ ਨੇ ਕਿਰਪਾਨ ਬਣਾਇਆ। ਪ੍ਰਮੇਸ਼ਵਰ ਦਾ ਦੀਦਾਰ ਪਾ ਕੇ ਸਤਿਗੁਰੂ ਜੀ ਨੇ ਪਵਿੱਤਰ ਬਾਣੀ ਵਿੱਚ ਵੀ ਅਨੇਕਾਂ ਥਾਵਾਂ 'ਤੇ ਉਸਨੂੰ ਕਿਰਪਾਨਧਾਰੀ ਹੀ ਵਰਨਣ ਕੀਤਾ ਹੈ ਜਿਵੇਂ ਕਈ ਵਾਰੀ ਪੜ੍ਹਦੇ ਹਾਂ "*ਖੜਗਕੇਤ ਮੈ ਸਰਣਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥*" ਗੁਰੂ ਅੰਗਦ ਸਾਹਿਬ ਜੀ ਨੂੰ ਵੀ ਜਦੋਂ ਗੁਰ ਗੱਦੀ ਦੀ ਪ੍ਰਾਪਤੀ ਹੋਈ ਤਾਂ ਸੱਤੇ ਤੇ ਬਲਵੰਡ ਜੀ ਦੀ ਵਾਰ ਵਿੱਚ ਜ਼ਿਕਰ ਹੈ ਕਿ ਗਿਆਨ ਰੂਪੀ ਕਿਰਪਾਨ ਬਖਸ਼ੀ। "*ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥*"

ਛੇਵੇਂ ਪਾਤਿਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵੀ ਦੋ ਕਿਰਪਾਨਾਂ ਪਹਿਨ ਕੇ ਮਹਾਨਤਾ ਹੋਰ ਦ੍ਰਿੜ੍ਹਾ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਤਿਆਗ ਮਲ ਤੋਂ ਤੇਗ ਬਹਾਦਰ ਨਾਂ ਬਦਲਾ ਦੇਣ ਵਾਲੀ ਵੀ ਤੇਗ ਹੀ ਸੀ। ਹਥਿਆਰ ਤਾਂ ਹੋਰ ਵੀ ਸਨ ਪਰ ਕੇਵਲ ਤੇ ਕੇਵਲ ਕਿਰਪਾਨ ਦਾ ਹੀ ਅਜਿਹਾ ਜ਼ਿਕਰ ਕਿਉਂ ਚੱਲਦਾ ਗਿਆ ? ਕੁਝ ਨਾ ਕੁਝ ਵੱਖਰਾ ਕਾਰਨ ਜ਼ਰੂਰ ਹੋਵੇਗਾ। ਦਸਮੇਸ਼ ਜੀ ਦੇ ਵਕਤ ਤਾਂ ਜੰਗਾਂ ਵਿੱਚ ਬੰਦੂਕਾਂ ਆਦਿ ਵੀ ਵਰਤੀਆਂ ਗਈਆਂ ਸਨ। ਪਰ ਫੇਰ ਵੀ ਬਖਸ਼ਿਸ਼ ਕਿਰਪਾਨ ਦੀ ਹੋਈ। ਅੱਜ ਵੀ ਕਈ ਅਸ਼ਰਧਕ ਲੋਕ ਅਜਿਹਾ ਕਹਿ ਦਿੰਦੇ ਹਨ ਕਿ ਜ਼ਮਾਨਾ ਬਦਲ ਗਿਆ ਹੈ, ਅੱਜ ਪਸਤੌਲ ਜਾਂ ਹੋਰ ਆਧੁਨਿਕ ਹਥਿਆਰਾਂ ਦਾ ਜ਼ਮਾਨਾ ਹੈ ਪਰ ਸਾਹਿਬ ਜੀ ਦੇ ਸਮੇਂ ਵੀ ਬੰਦੂਕ ਸੀ। ਬਕਾਇਦਾ ਡੱਲੇ ਦੇ ਸਿਪਾਹੀਆਂ 'ਤੇ ਪਰਖਣ ਲਈ ਕਹਿਣ ਦਾ ਇਕ ਇਤਿਹਾਸਕ ਹਵਾਲਾ ਵੀ ਮਿਲਦਾ ਹੈ। ਬਹਾਦਰ ਸ਼ਾਹ ਦੇ ਦਰਬਾਰ ਵਿੱਚ ਵੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਕੋਈ ਕਰਾਮਾਤ ਕਰਨ ਲਈ ਕਿਹਾ ਸੀ ਤਾਂ ਸਤਿਗੁਰੂ ਜੀ ਨੇ ਕਿਰਪਾਨ ਕੱਢ ਕੇ ਹੀ ਪ੍ਰਤੱਖ ਕੀਤਾ ਸੀ ਕਿ ਮੇਰੇ ਕੋਲ ਸਭ ਤੋਂ ਵੱਡੀ ਕਰਾਮਾਤ ਕਿਰਪਾਨ ਹੀ ਹੈ।

ਕਿਰਪਾਨ ਅਸਲ ਵਿੱਚ ਇਕ ਵੱਖਰਾ ਨਾਂ ਹੈ ਜਿਸ ਦੇ ਅਰਥ ਕਿਰਪਾ+ਆਨ ਹਨ ਭਾਵ ਇਹ ਕਿਰਪਾ ਦਾ ਘਰ ਹੈ। ਇਕ ਕੇਵਲ ਬਹਾਦਰ ਦੇ ਹੱਥ ਵਿੱਚ ਆਈ ਇਹੋ ਹੀ ਕਿਰਪਾਨ ਕਿਸੇ ਵੇਲੇ ਤਲਵਾਰ ਵੀ ਬਣ ਸਕਦੀ ਹੈ ਜਿਹੜੀ ਨਿਰਦੋਸ਼ ਨੂੰ ਕਤਲ ਕਰ ਦੇਵੇ ਪਰ ਕਿਰਪਾਨ ਹਮੇਸ਼ਾ ਉਸੇ ਨੂੰ ਹੀ ਕਹਿੰਦੇ ਹਨ ਜਿਹੜੀ ਕਿਸੇ ਧਰਮੀ ਦੇ ਹੱਥ ਹੋ ਕੇ ਸਿਰਫ ਜ਼ਾਲਮ ਤੇ ਪਾਪੀ ਦਾ ਖ਼ਾਤਮਾ ਕਰਦੀ ਹੈ। ਤਲਵਾਰ -ਤਲੈ ਪਏ 'ਤੇ ਵਾਰ ਕਰਨਾ ਜਾਣਦੀ ਹੈ ਪਰ ਕਿਰਪਾਨ ਕਿਸੇ ਦੀ ਹਿਫਾਜ਼ਤ ਕਰਨਾ। ਇਕ ਹੋਰ ਅਦੁੱਤੀ ਸਾਂਝ ਜੋੜ ਦਿੱਤੀ। ਜਦੋਂ ਵੀ ਕੋਈ ਪਦਾਰਥ ਗੁਰੂ ਚਰਨਾਂ ਵਿੱਚ ਪਰਵਾਨ ਕਰਵਾਉਣਾ ਹੋਵੇ ਤਾਂ ਕਿਰਪਾਨ ਭੇਟ ਕਰਨ ਦੀ ਮਰਿਆਦਾ ਬਣਾ ਦਿੱਤੀ ਜਿਹੜੀ ਅੱਜ ਤਕ ਕੜਾਹ ਪ੍ਰਸ਼ਾਦਿ ਦੀ ਦੇਗ ਜਾਂ ਲੰਗਰ ਦੀ ਪ੍ਰਵਾਨਗੀ ਵੇਲੇ ਵਰਤੀ ਜਾਂਦੀ ਹੈ। ਜੇ ਕਰ ਅੱਜ ਕੋਈ ਹੋਰ ਹਥਿਆਰ ਧਾਰਨ ਕਰ ਲਿਆ ਜਾਵੇ ਤਾਂ ਕੀ ਪ੍ਰਸ਼ਾਦਿ ਭੇਟ ਸਮੇਂ ਬੰਦੂਕ ਜਾਂ ਪਸਤੌਲ ਭੇਟ ਕਰ ਸਕਦੇ ਹਾਂ। ਖ਼ਾਲਸੇ ਦੀ ਸਾਜਨਾ ਸਮੇਂ ਵੀ ਹੋਰ ਹਥਿਆਰ ਹੋਣ ਦੇ ਬਾਵਜੂਦ ਵੀ ਸਤਿਗੁਰੂ ਜੀ ਨੇ ਕਿਰਪਾਨ ਕੱਢ ਕੇ ਹੀ ਪੰਜ ਪਿਆਰਿਆਂ ਦੀ ਚੋਣ ਕਿਉਂ ਕੀਤੀ ਸੀ ?

ਕਿਰਪਾਨ ਇਕ ਸ਼ਰਧਾ ਤੇ ਪ੍ਰੇਮ ਵਿੱਚ ਭਿੱਜੀ ਗੁਰੂ ਜੀ ਵਲੋਂ ਬਖਸ਼ੀ ਪ੍ਰੇਮ ਦੀ ਨਿਸ਼ਾਨੀ ਹੈ। ਆਸ਼ਿਕ ਉਹ ਨਹੀਂ ਹੁੰਦਾ ਜਿਹੜਾ ਲੇਖਾ ਕਰਨ ਲੱਗ ਜਾਏ ਕਿ ਇਸ ਦੀ ਥਾਂ ਔਹ ਕਿਉਂ ਨਹੀਂ ਦਿੱਤਾ ? ਰੋਜ਼ਾਨਾ ਸਬਕ ਪੜ੍ਹਦੇ ਹਾਂ। "**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥**" ਭਾਈ ਵੀਰ ਸਿੰਘ ਜੀ ਦੀ ਇਕ ਲਿਖੀ ਕਵਿਤਾ ਇਸ ਪ੍ਰੇਮ ਭਿੱਜੀ ਅਵੱਸਥਾ ਦਾ

ਜ਼ਿਕਰ ਕੁਝ ਇਸ ਤਰ੍ਹਾਂ ਕਰਦੀ ਹੈ।

ਕਿਉਂ ਹੋਇਆ ਤੇ ਕਿਵੂੰ ਹੋਇਆ ਖਪਿ ਖਪਿ ਮਰੇ ਸਿਆਣੇ।
ਉਸੇ ਰਾਹੇ ਪਵੇ ਕਿਉਂ ਜਿੰਦੇ ਜਿਸ ਰਾਹ ਪੂਰ ਮੁਹਾਣੇ।
ਭਟਕਣ ਛੱਡ ਲਟਕ ਲਾ ਇਕੋ ਖੀਵੀ ਹੋ ਰੰਗ ਮਾਣੀ।
ਹੋਸ਼ਾਂ ਨਾਲੋਂ ਮਸਤੀ ਚੰਗੀ ਜਿਹੜੀ ਰੱਖਦੀ ਸਦਾ ਟਿਕਾਣੇ।

ਦਸਮੇਸ਼ ਜੀ ਨੇ ਆਪ ਵੀ ਕਥਨ ਕੀਤਾ ਸੀ ਕਿ ਦੁਨੀਆਂ ਵਿੱਚ ਉਸਦਾ ਜੀਉਣਾ ਧੰਨ ਹੈ ਜਿਸ ਦੇ ਹਿਰਦੇ ਵਿੱਚ ਹਰ ਵਕਤ ਜੰਗ ਦੀ ਤਿਆਰੀ ਤੇ ਮੁੱਖ ਸਿਮਰਨ ਨਾਲ ਜੁੜਿਆ ਹੋਵੇ। ਸਤਿਗੁਰੂ ਜੀ ਵੇਲੇ ਦੋਵੇਂ ਗੱਲਾਂ ਸਪਸ਼ਟ ਹੋ ਗਈਆਂ ਸਨ। ਇਕ ਪਾਸੇ ਤਾਂ ਐਮਨਾਬਾਦ ਦੇ ਲੋਕ ਕਹਿੰਦੇ ਸਨ ਕਿ ਅਸੀ ਮੰਤਰਾਂ ਨਾਲ ਆਏ ਹੋਏ ਤੁਰਕਾਂ ਨੂੰ ਅੰਧਾ ਕਰ ਦੇਵਾਂਗੇ ਪਰ ਹੋਇਆ ਕੀ ? ਪਵਿੱਤਰ ਬਚਨ ਹਨ - "*ਕੋਈ ਮੁਗਲੁ ਨ ਹੋਆ ਅੰਧਾ*...... "ਦੂਜੇ ਪਾਸੇ ਲੋਕਾਂ ਦਾ ਕੀ ਹਾਲ ਕੀਤਾ ਜ਼ਾਲਮ ਲੋਕਾਂ ਨੇ ਗੁਰੂ ਨਾਨਕ ਸਾਹਿਬ ਜੀ ਕਥਨ ਕਰਦੇ ਹਨ -

ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁਨੀਅਨਿ੍ ਗਲ ਵਿਚਿ ਆਵੈ ਧੂੜਿ ॥

ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਸਿੱਖ ਨੂੰ ਨਾ ਤਾਂ ਜ਼ਾਲਿਮ ਬਣਨ ਦਿੱਤਾ ਅਤੇ ਨਾ ਹੀ ਮਜ਼ਲੂਮ। ਕਿਰਪਾਨ ਇਸੇ ਹੀ ਗੱਲ ਦਾ ਐਲਾਨ ਹੈ ਕਿ ਸਿੱਖ ਪੂਰਨ ਆਜ਼ਾਦ ਹੈ। ਇਹ ਨਾ ਕਿਸੇ 'ਤੇ ਜ਼ੁਲਮ ਕਰਦਾ ਹੈ ਅਤੇ ਨਾ ਹੀ ਕਿਸੇ ਦਾ ਜ਼ੁਲਮ ਸਹਾਰਦਾ ਹੈ। ਕਿਰਪਾਨ ਦਾ ਮੁਕੰਮਲ ਧਾਰਨੀ ਕਰਵਾਉਣ ਤੋਂ ਪਹਿਲਾਂ ਇਹੋ ਹੀ ਸਿੱਖਿਆ ਪੱਕੀ ਕਰਵਾਈ ਸੀ ਕਿ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਅੰਦਰ ਪੰਜ ਘੁੱਟਾਂ ਅੰਮ੍ਰਿਤ ਦੀਆਂ ਰੱਖ ਕੇ ਸੰਤ ਬਣਾ ਦਿੱਤਾ ਪਰ ਬਾਹਰੋਂ ਕਿਰਪਾਨ ਦਾ ਧਾਰਨੀ ਬਣਾ ਕੇ ਸਿਪਾਹੀ ਬਣਾ ਦਿੱਤਾ ਜਿਸ ਨਾਲ ਖ਼ਾਲਸਾ ਅੰਦਰੋਂ ਵੀ ਜੰਗ ਕਰਕੇ "*ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥*" ਵਿਕਾਰਾਂ ਤੋਂ ਆਜ਼ਾਦ ਹੈ। ਬਾਹਰਲੀ ਕਿਰਪਾਨ ਸੰਸਾਰਕ ਤੌਰ 'ਤੇ ਪੂਰਨ ਆਜ਼ਾਦੀ ਦੀ ਨਿਸ਼ਾਨੀ ਹੈ। ਕਿਰਪਾਨ ਸਤਿਗੁਰੂ ਜੀ ਵਲੋਂ ਮਿਲੀ ਹੋਈ ਪ੍ਰੇਮ ਨਿਸ਼ਾਨੀ ਹੈ। ਇਸੇ ਕਰਕੇ ਹੀ ਕੋਈ ਪਸਤੌਲ, ਬਰਛਾ, ਬੰਦੂਕ ਜਾਂ ਕੋਈ ਵੀ ਹਥਿਆਰ ਲੈ ਕੇ ਕਿਸੇ ਚੰਗੀ ਮੰਦੀ ਥਾਂ ਖਲੋ ਜਾਵੇ ਤਾਂ ਕੋਈ ਉਲ੍ਹਾਮਾ ਨਹੀਂ ਮਿਲਦਾ ਪਰ ਜੇ ਕਰ ਕੋਈ ਕਿਰਪਾਨ ਪਾ ਕੇ ਠੇਕੇ 'ਤੇ ਖੜਾ ਮਿਲ ਜਾਵੇ ਜਾਂ ਹੋਰ ਐਸੀਆਂ ਥਾਵਾਂ ਜਿਥੇ ਇਜ਼ੱਤਦਾਰ ਲੋਕ ਨਹੀਂ ਜਾਂਦੇ ਤਾਂ ਅਸੀਂ ਸੁਭਾਵਿਕ ਹੀ ਕਹਿ ਦਿੰਦੇ ਹਾਂ ਕਿ ਇਹ ਸੋਭਦਾ

ਨਹੀਂ। ਭਾਈ ਨੰਦ ਲਾਲ ਜੀ ਦਾ ਸਿਦਕ ਵੇਖੋ ਜਿਹੜੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਕੁੱਤਾ ਕਹਾਉਣ ਵਿੱਚ ਫਖ਼ਰ ਸਮਝਦੇ ਹਨ -

"*ਲਾਲ ਸਗਿ ਗੁਲਾਮਿ ਗੁਰੂ ਗੋਬਿੰਦ ਸਿੰਘ ॥ ਦਾਗ ਦਾਰਿ ਨਾਮ ਗੁਰੂ ਗੋਬਿੰਦ ਸਿੰਘ ॥*"

ਕਛਹਿਰਾ

ਸੰਸਾਰ ਅੰਦਰ ਲੜਾਈ ਦੇ ਪ੍ਰਮੁੱਖ ਤਿੰਨ ਹੀ ਕਾਰਨ ਆਲਮ ਲੋਕਾਂ ਨੇ ਮੰਨੇ ਹਨ। ਜ਼ਰ, ਜ਼ੋਰੂ, ਜ਼ਮੀਨ ਪਰ ਜਿਹੜੇ ਮਹਾਨ ਸੂਰਬੀਰ ਦੀ ਤਿਆਰੀ ਸਤਿਗੁਰੂ ਜੀ ਕਰਵਾ ਰਹੇ ਸਨ, ਇਹ ਇਨ੍ਹਾਂ ਤਿੰਨਾਂ ਕਾਰਨਾਂ ਤੋਂ ਵੱਖਰਾ "*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*" ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਸੰਸਾਰ ਦੀਆਂ ਇਨ੍ਹਾਂ ਪ੍ਰਮੁੱਖ ਕਮਜ਼ੋਰੀਆਂ ਨੂੰ ਚੰਗੀ ਤਰ੍ਹਾਂ ਦੇਖ ਵਾਚ ਲਿਆ ਸੀ ਕਿਉਂਕਿ ਕਿਧਰੇ ਤਾਂ ਸਰੂਪਨਕਾ ਦਾ ਨੱਕ ਵੱਢ ਦਿੱਤਾ ਜਾਂਦਾ ਹੈ ਤੇ ਕਿਧਰੇ ਸੀਤਾ ਜੀ ਨੂੰ ਚੁੱਕ ਲਿਆ ਜਾਂਦਾ ਹੈ। ਕਿਧਰੇ ਦਰੋਪਤੀ ਦਾ ਚੀਰਹਰਨ ਕਰਨ ਲਈ ਦਰਬਾਰ ਸਜਾਏ ਜਾਂਦੇ ਹਨ। ਇਥੇ ਹੀ ਬਸ ਨਹੀਂ ਇਥੇ ਤਾਂ ਵੱਡੇ-ਵੱਡੇ ਮੁਰਸ਼ਿਦ ਵੀ ਬਿਖਮ ਪੈਂਡੇ 'ਤੇ ਅਜੀਬ ਢੰਗ ਨਾਲ ਚਲਦੇ ਨਜ਼ਰ ਆਏ ਜਿਨ੍ਹਾਂ ਦਾ ਜ਼ਿਕਰ ਸਤਿਗੁਰੂ ਜੀ ਨੇ 'ਆਸਾ ਦੀ ਵਾਰ' ਵਿੱਚ ਕਰ ਦਿੱਤਾ। "*ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥*" ਆਦਿਕ ਗੱਲਾਂ ਸਾਹਮਣੇ ਸਪਸ਼ਟ ਸਨ। ਸੰਸਾਰ ਦੇ ਬਹੁਤੇ ਪੀਰ, ਪੈਗੰਬਰ, ਵਲੀ, ਯੋਧੇ ਅਤੇ ਸੂਰਬੀਰ ਆਦਿਕ ਇਸ ਭਿਆਨਕ ਬਿਮਾਰੀ ਤੋਂ ਬੱਚ ਨਾ ਸਕੇ ਤੇ ਵਿਕਾਰਾਂ ਦੇ ਜਾਲ ਵਿੱਚ ਫੱਸ ਕੇ ਜ਼ਿੰਦਗੀ ਦੇ ਮਨੋਰਥ ਤੋਂ ਹੀ ਉਖੜ ਗਏ।

ਸਭ ਤੋਂ ਪਹਿਲਾਂ ਮਾਨੋ ਕਛਹਿਰੇ ਦਾ ਮੁੱਢ ਸ਼ਿਵਨਾਭ ਰਾਜੇ ਕੋਲ ਜਦੋਂ ਗੁਰੂ ਨਾਨਕ ਪਾਤਿਸ਼ਾਹ ਜੀ ਗਏ ਤੇ ਰਾਜੇ ਨੇ ਪਰਖਣ ਵਾਸਤੇ ਨੌਂ ਜੁਆਨ ਲੜਕੀਆਂ ਨੂੰ ਭੜਕੀਲੇ ਲਿਬਾਸ ਵਿੱਚ ਭੇਜਿਆ। ਪਰ ਸਤਿਗੁਰੂ ਜੀ ਨੇ ਪਰਦਾ ਪਾ ਕੇ "*ਗਾਛਹੁ ਪੁਤ੍ਰੀ ਰਾਜ ਕੁਆਰਿ ॥*" ਕਹਿ ਕੇ ਬੰਨ੍ਹਿਆ ਸੀ। ਪਵਿੱਤਰ ਬਾਣੀ ਦਾ ਬਚਨ ਵੀ ਬਰਾਬਰ ਚੱਲਦਾ ਰਿਹਾ ਕਿ "*ਅਖੀ ਸੂਤਕੁ ਵੇਖਣਾ ਪਰ ਤ੍ਰਿਆ ਪਰ ਧਨ ਰੂਪੁ ॥*" ਗੁਰੂ ਅਰਜਨ ਸਾਹਿਬ ਜੀ ਦੇ ਵੀ ਅੰਮ੍ਰਿਤ ਬਚਨ ਹਨ ਕਿ "*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥*" ਸੰਸਾਰ ਦੇ ਨਿਯਮ ਗ੍ਰਹਿਸਤੀ ਧਰਮ ਤੋਂ ਜਿਹੜੇ ਭੱਜ ਗਏ ਉਨ੍ਹਾਂ ਨੇ ਲੰਗੋਟੇ ਪਹਿਣ ਲਏ ਅਤੇ ਜੰਗਲਾਂ ਵਿੱਚ ਡੇਰੇ ਲਾ ਲਏ, ਦੂਜੇ ਉਹ ਸਨ ਜਿਹੜੇ ਧੋਤੀਆਂ ਪਹਿਨ ਧੋਤੀ ਵਾਂਗੂੰ ਹੀ ਢਿੱਲੇ ਤੇ ਬੇਤਰਤੀਬੇ ਜੀਵਨ ਵਾਲੇ ਹੋ ਗਏ ਸਨ। ਸਿੱਖ ਦੀ ਜ਼ਿੰਦਗੀ ਕੁਝ ਵੱਖਰੀ ਕੀਤੀ ਸੀ। ਨਾ ਤਾਂ ਇਹ ਗ੍ਰਹਿਸਤ ਤੋਂ ਭੱਜਿਆ ਹੋਇਆ ਹੈ ਅਤੇ ਨਾ ਹੀ ਵਿਕਾਰਾਂ ਵਿੱਚ ਫੱਸਿਆ ਹੋਇਆ ਹੈ। ਕਦੇ ਵਕਤ ਸੀ ਪੰਜਾਬ ਦੇ ਲੋਕ ਇਨ੍ਹਾਂ ਕਛਹਿਰੇ ਵਾਲਿਆਂ ਦਾ ਜੀਵਨ ਦੇਖ ਕੇ ਹੀ ਇਹ ਕਿਹਾ ਕਰਦੇ ਸਨ

ਕਿ *'ਰੰਨ ਗਈ ਬਸਰੇ ਨੂੰ ਮੋੜੀਂ ਬਾਬਾ ਡਾਂਗ ਵਾਲਿਆ, ਮੋੜੀਂ ਬਾਬਾ ਕੱਛ ਵਾਲਿਆ।'* ਭਾਵ ਇਕ ਅਜਿਹਾ ਜੀਵਨ ਬਖਸ਼ਿਆ ਕਿ ਆਪ ਕਿਸੇ ਦੀ ਧੀ ਭੈਣ ਨੂੰ ਮੈਲੀ ਨਜ਼ਰ ਨਾਲ ਦੇਖਣਾ ਨਹੀਂ ਤੇ ਦੂਜੇ ਨੂੰ ਦੇਖਣ ਦੇਣਾ ਨਹੀਂ। ਅਕਸਰ ਹਿੰਦੋਸਤਾਨ ਦੀਆਂ ਬਹੂ ਬੇਟੀਆਂ ਦੀ ਪਤਿ ਇਸ ਖ਼ਾਲਸੇ ਨੇ ਬਚਾਈ ਸੀ। ਜ਼ਾਲਮ ਇਥੋਂ ਦੀਆਂ ਬੱਚੀਆਂ ਨੂੰ ਟੱਕੇ-ਟੱਕੇ ਵੀ ਵੇਚਦੇ ਰਹੇ ਪਰ ਖ਼ਾਲਸਾ ਹਮੇਸ਼ਾ ਛੁਡਾਉਂਦਾ ਹੀ ਰਿਹਾ ਸੀ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੇਲੇ ਇਕ ਬਹੁਤ ਸੋਹਣੇ ਵਾਰਤਾਲਾਪ ਨੂੰ ਇਤਿਹਾਸ ਨੇ ਅਪਣੇ ਕੋਲ ਸੰਭਾਲ ਕੇ ਮਾਣ ਸਮਝਿਆ ਹੋਇਆ ਹੈ ਕਿ ਇਕ ਵਾਰੀ ਸਤਿਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਦਰਦ ਦੀ ਕੋਈ ਪ੍ਰਿਭਾਸ਼ਾ ਨਹੀਂ, ਦਰਦ ਦੀ ਪਹਿਚਾਣ ਹਮੇਸ਼ਾ ਦਰਦਵੰਦ ਹੀ ਕਰ ਸਕਦਾ ਹੈ। ਸੋ ਸਾਡੇ ਕੋਲ ਇਕ ਤੁਰਕਣੀ ਆਈ ਹੈ ਤੇ ਸਾਡੀ ਸਲਾਹ ਹੈ ਕਿ ਜਿਵੇਂ ਜ਼ਾਲਮ ਲੋਕਾਂ ਨੇ ਹਿੰਦੋਸਤਾਨ ਦੀਆਂ ਬਹੂ ਬੇਟੀਆਂ ਦੀ ਪਤਿ ਲੁੱਟੀ ਹੈ ਹੁਣ ਇਥੋਂ ਵੀ ਪਤਿ ਲੁੱਟ ਕੇ ਹੀ ਭੇਜ ਦਰਦ ਦੀ ਪਹਿਚਾਣ ਕਰਵਾਈ ਜਾਵੇ। ਸਤਿਗੁਰੂ ਜੀ ਨੇ ਉਸੇ ਵੇਲੇ ਹੀ ਟੋਕ ਕੇ ਬਚਨ ਕਿਹਾ ਸੀ ਕਿ ਨਹੀਂ ਭਾਈ ਇਨ੍ਹਾਂ ਵਿਕਾਰਾਂ ਵਿੱਚ ਅਨੇਕਾਂ ਲੋਕੀ ਖਪ ਗਏ ਪਰ ਮੈਂ ਤੁਹਾਨੂੰ ਸਿਖਰਤਾ 'ਤੇ ਲਿਜਾਣਾ ਚਾਹੁੰਦਾ ਹਾਂ। ਬਚਨ ਹਨ :

ਪੁਨ ਬੂਝਨਿ ਸਿੰਘਨ ਗੁਣਖਾਨੀ ॥ ਸਗਲ ਤੁਰਕ ਭਗਵੈ ਹਿੰਦਵਾਨੀ ॥
ਸਿਖ ਬਦਲਾ ਲੈ ਭਲਾ ਜਣਾਵੈ ॥ ਗੁਰੂ ਸਾਸਤਰ ਕਿਉ ਵਰਜ ਹਟਾਵੈ ॥

ਪਰ ਸਤਿਗੁਰੂ ਜੀ ਨੇ ਜਵਾਬ ਦਿੱਤਾ ਸੀ :

ਸਣਿ ਸਤਿਗੁਰੂ ਬੋਲੇ ਤਿਸ ਬੇਰੇ ॥ ਹਮ ਲੇ ਜਾਨੋ ਪੰਥ ਉਚੇਰੇ ॥
ਨਹਿ ਅਧਗਤਿ ਬਿਖੈ ਪਹੁੰਚਾਵੈ ॥ ਗੁਰੂ ਸਾਸਤਰ ਇਉ ਵਰਜ ਹਟਾਵੈ ॥

ਅੱਜ ਸੰਸਾਰ ਦੇ ਚਿੰਤਕ ਲੋਕਾਂ ਲਈ ਏਡਜ਼ ਇਕ ਭਿਆਨਕ ਸੋਚ ਦਾ ਵਿਸ਼ਾ ਬਣ ਖਲੋਤਾ ਹੈ। ਇਥੋਂ ਤਕ ਇਸੇ ਸਦੀ ਦੇ ਇਸ ਆਖਰੀ ਦਹਾਕਿਆਂ ਵਿੱਚ ਹੀ ਆਪਣੇ ਆਪ ਨੂੰ ਭਗਵਾਨ ਕਹਿਵਾ ਕੇ ਵਿਕਾਰਾਂ ਨੂੰ ਮਨ ਦੀ ਮੌਜ ਮਸਤੀ ਦੱਸਣ ਵਾਲੇ ਦੀ ਗੱਲ ਇਕ ਦਹਾਕਾ ਵੀ ਸੱਚ ਨਹੀਂ ਹੋ ਸਕੀ ਕਿ ਮਨੁੱਖ ਨੇ ਸੁੱਖ ਲੈਣਾ ਹੈ ਤਾਂ ਮਨ ਭਾਉਂਦੇ ਵਿਕਾਰ ਭੋਗਣੇ ਚਾਹੀਦੇ ਹਨ। ਏਡਜ਼ ਨੇ ਆਪਣੇ ਵਲੋਂ ਤਬਾਹੀ ਦਾ ਐਲਾਨ ਕਰ ਦਿੱਤਾ ਹੈ ਜਿਸ ਕਰਕੇ ਥਾਂ-ਥਾਂ ਬੋਰਡ ਲਾਉਣੇ ਪਏ ਕਿ ਜੀਵਨ ਸੁਰੱਖਿਤ ਰੱਖੋ। ਸੰਸਾਰ ਦੇ ਬੁਧੀਮਾਨ ਲੋਕ ਕਲਗੀ ਵਾਲੇ ਪਾਤਿਸ਼ਾਹ ਵੱਲੋਂ ਬਖਸ਼ੇ ਕਛਹਿਰੇ ਦੀ ਦੂਰ ਅੰਦੇਸ਼ੀ ਦਾ ਖ਼ਿਆਲ ਕਰਕੇ ਰੋਮ-ਰੋਮ ਸ਼ੁਕਰਾਨੇ ਨਾਲ ਭਰ ਜਾਂਦੇ ਹਨ ਤੇ ਗੁਰੂ ਪਾਤਿਸ਼ਾਹ ਦੀ ਮਹਾਨ ਦੇਣ ਨੂੰ ਧੰਨ ਆਖਦੇ ਹਨ।

ਸੋ ਕਛਹਿਰਾ ਇਕ ਦੁਨਿਆਵੀ ਵਰਦੀ ਹੀ ਨਹੀਂ ਬਲਕਿ ਇਕ ਉੱਚੇ ਇਖਲਾਕ ਦਾ ਚਿੰਨ੍ਹ ਹੈ ਜਿਸ ਨਾਲ ਸਿੱਖ ਵਿਕਾਰੀ ਬਣ ਕੇ ਮਨੁੱਖਤਾ ਦਾ ਘਾਣ ਨਹੀਂ ਕਰਦਾ ਸਗੋਂ ਰਖਵਾਲਾ

ਬਣ ਸੱਚੇ ਸੁੱਚੇ ਸਿਪਾਹੀ ਤੇ ਸੰਤ ਹੋਣ ਦਾ ਸਬੂਤ ਹੈ। ਜਿਸ ਨਾਲ ਆਤਮਾ ਦੀ ਉਚਾਈ ਹੋਰ ਬੁਲੰਦੀ 'ਤੇ ਪਹੁੰਚਦੀ ਹੈ। ਜਤ ਸਤ ਦਾ ਪੱਕਾ ਧਾਰਨੀ ਹੋ ਕੇ ਸੰਸਾਰ ਤੋਂ ਨਿਰੰਕਾਰ ਵਿੱਚ ਅਭੇਦ ਹੋਣਾ ਹੀ ਜ਼ਿੰਦਗੀ ਦਾ ਪਰਮ ਮਨੋਰਥ ਹੈ।

ਇਸ ਲਈ ਪੰਜ ਕਕਾਰਾਂ ਦੀ ਸੋਹਣੀ ਵਰਦੀ ਵਿੱਚ ਬੰਨ੍ਹ ਕੇ ਸਿੱਖ ਨੂੰ ਅਦੁੱਤੀ ਸ਼ਿੰਗਾਰ ਨਾਲ ਸ਼ਿੰਗਾਰ ਦਿੱਤਾ ਸੀ। ਕੇਸ ਰੱਖਣੇ, ਆਤਮਿਕ ਤੌਰ 'ਤੇ ਪ੍ਰਮੇਸ਼ਵਰ ਉਪਰ ਭਰੋਸਾ ਤੇ ਹੁਕਮ ਰਜ਼ਾਈ ਚਲਣ ਦਾ ਐਲਾਨ ਹੈ। ਕੰਘਾ ਰੱਖਣਾ ਆਪਣੇ ਕਾਰਜ ਪ੍ਰਤੀ ਸੁਚੇਤ ਹੋ ਕੇ ਪ੍ਰਮੇਸ਼ਵਰ ਵਲੋਂ ਬਖਸ਼ੀ ਦਾਤ ਨੂੰ ਸੰਭਾਲਣ ਦਾ ਪ੍ਰਗਟਾਵਾ ਹੈ। ਜਿਸ ਦੇ ਸਰੀਰ ਵਿੱਚ ਕਿਧਰੇ ਵੀ ਕੋਈ ਕੇਸ ਉਲਝਿਆ ਜਾਂ ਮੁਰਦਾ ਨਹੀਂ ਰਹਿ ਸਕਦਾ। ਕੜਾ ਗੁਰੂ ਜੀ ਦਾ "*ਮੁਰਦਾ ਹੋਇ ਮੁਰੀਦ*" ਚੱਲਣਾ ਹੈ ਜਿਸ ਨਾਲ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾ ਇਕ ਪ੍ਰਮਾਤਮਾ ਦਾ ਪੁਜਾਰੀ ਹੈ। ਕਿਰਪਾਨ ਪਹਿਨਣ ਦਾ ਅਰਥ ਹੈ ਕਿ ਸਿੱਖ ਆਤਮਾ ਦੀ ਆਵਾਜ਼ ਨਾਲ ਤੁਰਦਾ ਹੈ। ਨਾ ਕਿਸੇ ਨੂੰ ਭੈਅ ਦਿੰਦਾ ਹੈ ਤੇ ਨਾ ਹੀ ਕਿਸੇ ਦਾ ਭੈਅ ਸਹਿੰਦਾ ਹੈ। ਅਸਲ ਜਿੰਦਗੀ ਇਹੋ ਹੀ ਹੈ। ਕਛਹਿਰਾ ਜਿਥੇ ਸੰਸਾਰਕ ਸਾਂਝ ਹੈ ਉਥੇ ਉੱਚੇ ਜੀਵਨ ਦਾ ਸੁੱਚਾ ਨਿਸ਼ਾਨ ਹੈ ਜਿਹੜਾ ਕਿਸੇ ਦੀ ਪਤਿ ਨਾ ਲੁੱਟਦਾ ਅਤੇ ਨਾ ਹੀ ਲੁੱਟਣ ਦਿੰਦਾ ਹੈ।

ਸੰਸਾਰ ਵਿੱਚ ਅਨੇਕਾਂ ਚੀਜ਼ਾਂ ਐਸੀਆਂ ਹਨ ਜਿਨ੍ਹਾਂ ਨੇ ਗੁਰੂ ਜੀ ਵਲੋਂ ਬਖਸ਼ੀਆਂ ਨਿਸ਼ਾਨੀਆਂ ਸਾਂਭ ਕੇ ਰੱਖੀਆਂ ਹਨ ਜਿਵੇਂ : ਅੱਜ ਵੀ ਰੀਠੇ ਮਿੱਠੇ ਹਨ ਜਿਹੜੇ ਸੰਸਾਰ ਵਿਚ ਆਪਣੇ ਪਿਆਰੇ ਮਾਹੀ ਦੀ ਮਿਠੜੀ ਛੋਹ ਨੂੰ ਸੰਭਾਲੇ ਬੈਠੇ ਹਨ। ਹੋਰ ਵੀ ਅਜਿਹੇ ਅਨੇਕਾਂ ਕੌਤਕ ਹਨ। ਸੋ ਅਸੀਂ ਵੀ ਗੁਰੂ ਜੀ ਵਲੋਂ ਬਖਸ਼ੀਆਂ ਨਿਸ਼ਾਨੀਆਂ ਉਪਰ ਕਿੰਤੂ ਪਰੰਤੂ ਕਰਨ ਦੀ ਥਾਂ ਇਨ੍ਹਾਂ ਨੂੰ ਸੰਭਾਲ ਕੇ ਪਹਿਨੀਏਂ ਤੇ ਇਨ੍ਹਾਂ ਦੀ ਭਾਸ਼ਾ ਸੰਸਾਰ ਵਿੱਚ ਪ੍ਰਗਟ ਕਰੀਏ। ਨਿਰੇ ਕਕਾਰ ਪਹਿਨ ਕੇ ਸੱਚਾ ਜੀਵਨ ਨਾ ਰੱਖਣਾ ਵੀ ਧੋਖਾ ਹੈ ਪਰ ਨਾ ਪਹਿਨਣਾ ਵੀ ਬਹੁਤ ਵੱਡਾ ਅਨਰਥ ਹੈ ਕਿਉਂਕਿ ਗੁਰੂ ਜੀ ਨੇ ਤਿੰਨ ਕੁਲਾਂ ਵਾਰੀਆਂ ਹਨ ਸਾਡੀ ਖਾਤਰ। ਪਿਤਾ ਗੁਰੂ ਤੇਗ ਬਹਾਦਰ ਜੀ, ਆਪ ਕੁਰਬਾਨ ਹੋਏ ਤੇ ਆਪਣੇ ਬੱਚੇ ਵੀ ਸ਼ਹੀਦ ਕਰਵਾ ਲਏ ਸਨ। ਇਸ ਲਈ ਅਸੀਂ ਵੀ ਅਕ੍ਰਿਤਘਣ ਨਾ ਹੋ ਕੇ ਸਤਿਗੁਰੂ ਜੀ ਦੇ ਪੂਰਨ ਰਹਿਤ ਦੇ ਧਾਰਨੀ ਹੋ ਕੇ ਵਿਚਰੀਏ। ਭਾਈ ਨੰਦ ਲਾਲ ਜੀ ਨੇ ਇਸ ਸ਼ਿੰਗਾਰ ਦਾ ਜ਼ਿਕਰ ਕੀਤਾ ਹੈ।

ਨਿਸ਼ਾਨੇ ਸਿਖੀ ਪੰਚ ਹਰਫ ਕਾਫ ॥ ਹਰਗਿਜ ਨਾ ਬਾਸਦੀਂ ਪੰਜ ਮੁਆਫ ॥
ਕੜਾ ਕਾਰ ਦੋ ਕੱਛ ਕੰਘਾ ਬਿਦਾਂ ॥ ਬਿਨਾ ਕੇਸ ਹੇਚ ਅਤਿ ਜੁਮਲਾ ਨਿਸਾਂ ॥

ਗੋਸਾਈਂ ਦਾ ਪਹਿਲਵਾਨੜਾ

(ਡਾ: ਗਿਆਨੀ ਭਜਨ ਸਿੰਘ)

ਇਹ ਇਕ ਇਤਿਹਾਸਿਕ ਨਾਵਲ ਹੈ ਜਿਸ ਵਿਚ ਸੱਚੀ ਕਹਾਣੀ ਬਿਆਨ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਸਿੰਘ ਸੂਰਮੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਵੀ ਨਵਾਬ ਵਜ਼ੀਰ ਖ਼ਾਂ ਨੂੰ ਮਾਰਨ ਲਈ ਉਸ ਦੇ ਮਹੱਲਾਂ ਤਕ ਪੁੱਜ ਜਾਂਦੇ ਹਨ। ਬੇਸ਼ਕ ਉਹ ਉਸ ਨੂੰ ਮਾਰਨ ਵਿਚ ਸਫਲ ਨਹੀ ਹੁੰਦੇ ਪਰ ਉਸਦੇ ਮਹੱਲਾਂ ਵਿਚ ਪੁੱਜ ਕੇ ਉਹ ਅਜਿਹੇ ਦਲੇਰਾਨਾ ਕਰਤਬ ਕਰਦੇ ਹਨ, ਜਿਨ੍ਹਾਂ ਨੂੰ ਸੁਣ ਕੇ ਹੀ ਰੋਂਗਟੇ ਖੜ੍ਹੇ ਹੋ ਜਾਂਦੇ ਹਨ। 90-00

ਗੁਰੂ ਦੀ ਕਲਾ

(ਸੰਤਰੇਨ ਗਿਆਨੀ ਸੁਖਬੀਰ ਸਿੰਘ)

ਸੰਤਰੇਨ ਜੀ ਨੇ ਆਪਣੀ ਪਹਿਲੀ ਪੁਸਤਕ ਕੁਦਰਤ ਦੀ ਕਲਾ (ਦੋ ਭਾਗ) ਵਿਚ ਇਹ ਦਰਸਾਇਆ ਸੀ ਕਿ ਇਹ ਵਿਗੁਣ ਕੁਦਰਤ ਦੀ ਕਲਾ ਹੀ ਹੈ। ਪਰ ਇਸ ਪੁਸਤਕ ਵਿਚ ਉਹ ਹੋਰ ਅੱਗੇ ਵਧ ਗਏ ਹਨ ਕਿ ਕੁਦਰਤ ਦੇ ਇਸ ਪਸਾਰੇ ਨੂੰ ਵੀ ਕੋਈ ਚਲਾ ਰਿਹਾ ਹੈ ਅਤੇ ਉਹ ਹੈ ਗੁਰੂ। ਗੁਰੂ ਦੀ ਕਲਾ ਬਾਰੇ ਅਨੇਕਾਂ ਪ੍ਰਮਾਣ ਦੇ ਕੇ ਇਹ ਸਿੱਧ ਕੀਤਾ ਗਿਆ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਗੁਰੂ ਦੀ ਕਲਾ ਅਨੁਸਾਰ ਹੀ ਹੋ ਰਿਹਾ ਹੈ। ਗੁਰੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਸਮਝਣ ਲਈ ਇਹ ਇਕ ਅਲੌਕਿਕ ਰਚਨਾ ਹੈ 85-00

ਦਸਾਂ ਪਾਤਸ਼ਾਹੀਆਂ ਦੇ ਜੀਵਨ

(ਹਰਨਾਮ ਦਾਸ ਸਹਿਰਾਈ)

ਹਰਨਾਮ ਦਾਸ ਸਹਿਰਾਈ ਨੇ ਦਸਾਂ ਪਾਤਸ਼ਾਹੀਆਂ ਦੇ ਜੀਵਨ ਵੱਖ ਵੱਖ ਪੁਸਤਕਾਂ ਵਿਚ ਰੌਚਿਕ ਅਤੇ ਨਾਵਲੀ ਢੰਗ ਨਾਲ ਲਿਖੇ ਹਨ ਜੋ ਅੱਜ ਤਕ ਨਹੀਂ ਸਨ ਛਪੇ।

ਪਾਤਸ਼ਾਹੀ ਦੂਜੀ	25-00	ਪਾਤਸ਼ਾਹੀ ਤੀਜੀ	20-00
ਪਾਤਸ਼ਾਹੀ ਚੌਥੀ	20-00	ਪਾਤਸ਼ਾਹੀ ਸਤਵੀਂ	30-00
ਪਾਤਸ਼ਹੀ ਅਠਵੀਂ	12-00	ਪਾਤਸ਼ਾਹੀ ਨੌਵੀਂ (ਦੋ ਭਾਗ)	65-00

ਵਚਿੱਤਰ ਜੀਵਨ ਦਸ ਪਾਤਸ਼ਾਹੀਆਂ

(ਸੋਢੀ ਤੇਜਾ ਸਿੰਘ)

ਭਾਈ ਸੰਤੋਖ ਸਿੰਘ ਜੀ ਦੀ ਅਮਰ ਰਚਨਾ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਦਸਾਂ ਗੁਰੂ ਸਹਿਬਾਨ ਦੀਆਂ ਜੀਵਨੀਆਂ ਦਾ ਵੇਰਵਾ ਬੜੇ ਵਿਸਥਾਰ ਵਿਚ ਦਿੱਤਾ ਗਿਆ ਹੈ। 130-00

ISBN : 81-7601-278-5



ਲੇਖਕ: ਗਿ: ਅਮਰੀਕ ਸਿੰਘ